ਜਸ਼ੋਧਾ ਤੋਂ ਢੈਂਤਰਨੀ

# ਪੰਜਾਬੀ ਲੋਕਧਾਰਾ

## ਵਿਸ਼ਵ ਕੋਸ਼

8

www.PunjabiLibrary.com

ਵਣਜਾਰਾ ਬੇਦੀ

## ਇਸੇ ਕਲਮ ਤੋਂ

**ਲੋਕਧਾਰਾ ਅਧਿਅਨ :**

ਮੱਧਕਾਲੀਨ ਪੰਜਾਬੀ ਕਥਾ : ਰੂਪ ਤੇ ਪਰੰਪਰਾ
ਲੋਕਧਾਰਾ ਅਤੇ ਸਾਹਿੱਤ
ਪੰਜਾਬ ਦੀ ਲੋਕਧਾਰਾ
ਗੁਰੂ ਅਰਜਨ ਬਾਣੀ ਵਿਚ ਲੋਕ-ਤੱਤ
ਗੁਰੂ ਨਾਨਕ ਤੇ ਲੋਕ-ਪ੍ਰਵਾਹ

**ਲੋਕ-ਸਾਹਿੱਤ :**

ਬਾਤਾਂ ਲੋਕ-ਪੰਜਾਬ ਦੀਆਂ
ਪੰਜਾਬ ਦਾ ਲੋਕ-ਸਾਹਿੱਤ
ਲੋਕ ਆਖਦੇ ਹਨ (ਅਖਾਣ ਅਧਿਅਨ)
ਸੁਹਜ ਪ੍ਰਬੋਧ (ਮੁਹਾਵਰਾ ਅਧਿਅਨ)
ਇਕ ਘੁਟ ਰਸ ਦਾ (ਲੋਕ-ਕਹਾਣੀਆਂ)
ਪੰਜਾਬ ਦੀਆਂ ਜਨੌਰ ਕਹਾਣੀਆਂ
ਪੰਜਾਬ ਦੀਆਂ ਲੋਕ-ਕਹਾਣੀਆਂ
ਬਾਤਾਂ ਮੁੱਢ ਕਦੀਮ ਦੀਆਂ (ਦੋ ਜਿਲਦਾਂ)
ਪੰਜਾਬੀ ਸਾਹਿੱਤ ਇਤਿਹਾਸ ਦੀਆਂ ਲੋਕ-ਰੂੜ੍ਹੀਆਂ
ਵਿਰਸੇ ਦੀ ਫੁੱਲਕਾਰੀ

**ਸ੍ਵ-ਜੀਵਨੀ :**

ਅੱਧੀ ਮਿੱਟੀ ਅੱਧਾ ਸੋਨਾ
ਮੇਰੇ ਰਾਹਾਂ ਦੇ ਰੰਗ
ਗਲੀਏ ਚਿੱਕੜ ਦੂਰਿ ਘਰੁ
ਮੇਰਾ ਨਾਨਕਾ ਪਿੰਡ
ਮੇਰਾ ਦਾਦਕਾ ਪਿੰਡ

ਪੰਜਾਬ : ਲੋਕ-ਸੰਸਕ੍ਰਿਤੀ ਔਰ ਸਾਹਿੱਤ੍ਯ (ਹਿੰਦੀ)

Folklore of Punjab
Folk Tales of India
A Critical Study of Panjabi Proverbs (Thesis)

**ਕਵਿਤਾ :**

ਖ਼ੁਸ਼ਬੂਆਂ
ਕੰਵਲ ਪਤੀਆਂ
ਪਾਣੀ ਅੰਦਰ ਲੀਕ

# ਪੰਜਾਬੀ ਲੋਕਧਾਰਾ ਵਿਸ਼ਵ ਕੋਸ਼

ਜਿਲਦ ਅਠਵੀਂ

('ਯਸ਼ੋਧਾ' ਤੋਂ 'ਵੈਤਰਣੀ' ਤਕ)

ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ
ਐਮ.ਏ., ਪੀਐਚ.ਡੀ.

ਨੈਸ਼ਨਲ ਬੁਕ ਸ਼ਾਪ
ਪਲੱਈਅਰ ਗਾਰਡਨ ਮਾਰਕੀਟ, ਚਾਂਦਨੀ ਚੌਕ, ਦਿੱਲੀ-110006

ISBN 81-7116-114-4 (Set)
81-7116-176-6

© ਸ੍ਰੀਮਤੀ ਕੁੰਦਨ ਕੌਰ ਬੇਦੀ ਸੁਪਤਨੀ ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ
ਜੇ-11/80, ਰਾਜੌਰੀ ਗਾਰਡਨ, ਨਵੀਂ ਦਿੱਲੀ-110027

*ਪ੍ਰਕਾਸ਼ਕ :*
**ਨੈਸ਼ਨਲ ਬੁਕ ਸ਼ਾਪ**
32-ਬੀ, ਪਲੱਈਅਰ ਗਾਰਡਨ ਮਾਰਕੀਟ, ਚਾਂਦਨੀ ਚੌਂਕ, ਦਿੱਲੀ-110006
ਫ਼ੋਨ : 23278392

*ਛਾਪਕ :*
**ਐੱਚ. ਐੱਸ. ਆਫ਼ਸੈੱਟ ਪ੍ਰਿੰਟਰਜ਼**
ਨਵੀਂ ਦਿੱਲੀ

ਸੰਸਕਰਣ : 2006

ਮੁੱਲ : 250 ਰੁਪਏ ਫ਼ੀ ਜਿਲਦ

---

**PANJABI LOKEDHARA VISHAV KOSH, VOL. 8**
By : Dr. Sohinder Singh Wanjara Bedi
(Panjabi Folklore Encyclopaedia, Vol. 8)

Published by :
**NATIONAL BOOK SHOP**
32-B, Pleasure Garden Market, Chandni Chowk, Delhi-110006
Phone : 23278392 e-mail : nbs_books@sify.com

# ਪੰਜਾਬੀ ਲੋਕਧਾਰਾ ਵਿਸ਼ਵ ਕੋਸ਼

## ਜਿਲਦ 8

### ਯ

**(ਯ-1) ਯਸ਼ੋਧਾ :**

ਕ੍ਰਿਸ਼ਨ ਦੀ ਪਾਲਕ ਮਾਂ, ਜੋ ਨੰਦ ਨਾਂ ਦੇ ਗੁਵਾਲੇ ਦੀ ਪਤਨੀ ਸੀ। ਜਦੋਂ ਵਸੂਦੇਵ ਦੇ ਘਰ ਕ੍ਰਿਸ਼ਨ ਨੇ ਜਨਮ ਲਿਆ ਤਾਂ ਕ੍ਰਿਸ਼ਨ ਦੀ ਜ਼ਿੰਦਗੀ ਬਚਾਣ ਲਈ, ਵਸੂਦੇਵ, ਉਸ ਨੂੰ ਨੰਦ ਗੋਪ ਦੇ ਘਰ ਛੱਡ ਆਏ, ਜਿਥੇ ਯਸ਼ੋਧਾ ਨੇ ਉਸੇ ਰਾਤ ਇਕ ਬੱਚੀ ਨੂੰ ਜਨਮ ਦਿਤਾ ਸੀ। ਵਸੂਦੇਵ ਨੇ ਕ੍ਰਿਸ਼ਨ ਨੂੰ ਯਸ਼ੋਧਾ ਦੀ ਕੁੜੀ ਨਾਲ ਬਦਲ ਕੇ ਆਪਣੀ ਪਤਨੀ ਦੇਵਕੀ ਦੀ ਗੋਦ ਵਿਚ ਲਿਟਾ ਦਿਤਾ, ਪਿਛੋਂ ਕੰਸ ਨੇ ਇਸੇ ਕੁੜੀ ਨੂੰ, ਪੱਥਰ ਤੇ ਪਟਕਾ ਕੇ ਮਾਰ ਦਿਤਾ, ਜੋ ਇਹੋ ਕੰਨਿਆਂ ਅਕਾਸ਼ ਵਿਚ ਚਮਕਦੀ ਬਿਜਲੀ ਦਾ ਰੂਪ ਧਾਰਨ ਕਰ ਗਈ (ਵੇਖੋ : ਯੋਗ ਮਾਯਾ)।

**(ਯ-2) ਯਹੂਦ :**

ਇਕ ਯਹੂਦੀ, ਹਜ਼ਰਤ ਯੂਸਫ਼ ਦਾ ਮਤ੍ਰੇਆ ਭਰਾ ਤੇ ਹਜ਼ਰਤ ਯਾਕੂਬ ਦਾ ਚੌਥਾ ਪੁੱਤਰ; ਇਸ ਨੇ ਹਜ਼ਰਤ ਮਹੰਮਦ ਸਾਹਿਬ ਦੀ ਅਲ੍ਹਾ ਨੂੰ ਮਿਲਣ ਦੀ ਆਕਾਸ਼ ਯਾਤ੍ਰਾ ਉਤੇ ਯਕੀਨ ਨਹੀਂ ਸੀ ਕੀਤਾ। ਜਦੋਂ ਹਜ਼ਰਤ ਮੁਹੰਮਦ ਸਾਹਿਬ ਨੇ ਦਸਿਆ ਕਿ ਰਾਤ ਦੀ ਘੜੀ ਵਿਚ, ਜੋ ਸਫ਼ਰ ਉਸ ਨੇ ਕੀਤਾ, ਇਹ ਅਠਾਰਾਂ ਸਾਲਾਂ ਦੇ ਬਰਾਬਰ ਸੀ ਤਾਂ ਯਹੂਦ ਨੇ ਅਗੋਂ ਨਬੀ ਤੇ ਕਿੰਤੂ ਕੀਤਾ। ਹਜ਼ਰਤ ਮੁਹੰਮਦ ਸਾਹਿਬ ਨੇ ਉਸ ਨੂੰ ਇਕ ਮੱਛੀ ਬਜ਼ਾਰੋਂ ਖ਼ਰੀਦ ਕੇ ਦਿਤੀ ਕਿ ਇਸ ਨੂੰ ਘਰ ਜਾ ਕੇ ਪਕਾ ਕੇ ਖਾਈਂ। ਯਹੂਦ ਮੱਛੀ ਸਵਾਣੀ ਨੂੰ ਦੇ ਕੇ ਤੇ ਆਪ ਘੜਾ ਲੈ ਕੇ ਪਾਣੀ ਭਰਨ ਗਿਆ। ਉਸ ਨੇ ਕਪੜੇ ਉਤਾਰ ਕੇ ਪਾਣੀ ਵਿਚ ਟੱਬੀ ਮਾਰੀ ਤੇ ਜਦੋਂ ਬਾਹਰ ਨਿਕਲਿਆ ਤਾਂ ਉਸ ਨੇ ਅਨੁਭਵ ਕੀਤਾ ਕਿ ਉਹ ਕਿਸੇ ਹੋਰ ਦੇਸ਼ ਪਹੁੰਚ ਗਿਆ ਹੈ ਅਤੇ ਨਾਲ ਹੀ ਮਰਦ ਤੋਂ ਤੀਵੀਂ ਬਣ ਗਿਆ ਹੈ। ਉਸ ਦੀ ਸ਼ਕਲ ਇਕ ਸੁੰਦਰ ਪਰੀ ਦੀ ਹੈ। ਉਸ ਪਰੀ ਨੂੰ ਵੇਖ ਕੇ ਇਕ ਘੋੜਸਵਾਰ ਉਸ ਤੋਂ ਹਾਲ ਚਾਲ ਪੁਛਣ ਲੱਗਾ, ਪਰ ਉਹ ਤੀਵੀਂ ਰੋਈ ਜਾਂਦੀ ਸੀ। ਉਹ ਘੋੜਸਵਾਰ ਉਸ ਤੀਵੀਂ ਦੇ ਹੁਸਨ ਤੇ ਮੋਹਿਤ ਹੋ ਗਿਆ ਤੇ ਉਸ ਨੂੰ ਆਪਣੇ ਨਾਲ ਲੈ ਗਿਆ। ਘਰ ਜਾ ਕੇ ਉਸ ਨੇ ਉਸ ਪਰੀ ਨਾਲ ਵਿਆਹ ਕਰ ਲਿਆ ਤੇ ਬਾਰਾਂ ਸਾਲ ਤਕ ਉਹ ਉਥੇ ਰਿਹਾ। ਉਸ ਦੇ ਘਰ ਸਤ ਬੱਚੇ ਜੰਮੇ।

ਇਕ ਵਾਰ ਉਹ ਤੀਵੀਂ ਫਿਰ ਉਸ ਨਦੀ ਉਤੇ ਨ੍ਹਾਵਣ ਆਈ ਤੇ ਪਾਣੀ ਵਿਚ ਉਸ ਟੁੱਬੀ ਲਗਾਈ। ਜਦੋਂ ਬਾਹਰ ਨਿਕਲੀ ਤਾਂ ਫਿਰ ਉਹ ਪਹਿਲੇ ਰੂਪ ਵਿਚ ਸੀ ਭਾਵ ਯਹੂਦ ਮੁੜ ਮਰਦ ਬਣ ਗਿਆ। ਪੱਤਣ ਉਤੇ ਹੀ ਉਸ ਦੇ ਕਪੜੇ ਪਏ ਸਨ, ਜਿਨ੍ਹਾਂ ਨੂੰ ਪਹਿਨ ਕੇ ਉਹ ਘੜਾ ਭਰ ਕੇ ਘਰ ਪਰਤ ਆਇਆ। ਘਰ ਗਿਆ ਤਾਂ ਉਸ ਦੀ ਪਤਨੀ ਅਜੇ ਮੱਛੀ ਨੂੰ ਧੋ ਰਹੀ ਸੀ ਤੇ ਕਹਿਣ ਲੱਗੀ, "ਤੂੰ ਬੜਾ ਛੇਤੀ ਪਰਤ ਆਇਆ ਹੈਂ।" ਪਰ ਅਗੋਂ ਯਹੂਦ ਕਹਿਣ ਲਗਾ, "ਬਾਰਾਂ ਸਾਲ ਮੈਂ ਜ਼ਨਾਨੀ ਬਣ ਕੇ ਸੱਤ ਪੁੱਤਰ ਜੰਮੇ ਹਨ ਤੇ ਤੂੰ ਕਹਿੰਦੀ ਹੈਂ ਛੇਤੀ ਆ ਗਿਆਂ।" ਯਹੂਦ ਨੂੰ ਝਟ ਸੋਝੀ ਹੋ ਗਈ ਕਿ ਹਜ਼ਰਤ ਮੁਹੰਮਦ ਸਾਹਿਬ ਅਠਾਰਾਂ ਸਾਲ ਆਕਾਸ਼ ਦੀ ਯਾਤ੍ਰਾ ਉਤੇ ਰਹੇ ਸਨ ਤੇ ਉਸ ਹਜ਼ਰਤ ਦੇ ਚਰਨ ਛੁਹ ਲਏ ਤੇ ਨਬੀ ਦਾ ਕਲਮਾ ਪੜ੍ਹ ਲਿਆ।

ਇਹ ਕਥਾ ਮਹਿਰਾਜਨਾਮਿਆਂ ਵਿਚ ਮਿਲਦੀ ਹੈ। ਕਾਦਰਯਾਰ ਨੇ ਵੀ ਇਕ ਮਹਿਰਾਜਨਾਮਾ ਲਿਖਿਆ ਹੈ।

**(ਯ-3) ਯਕੂਬ (ਯਾਕੂਬ) :**

ਇਕ ਪੈਗੰਬਰ, ਜਿਸ ਦੀ ਜੀਵਨ ਕਥਾ ਕੁਰਾਨ ਦੇ 12ਵੇਂ ਸੂਰੇ ਵਿਚ ਦਿਤੀ ਹੋਈ ਹੈ। ਯਕੂਬ ਇਸਹਾਕ ਦਾ ਪੁੱਤਰ ਅਤੇ ਇਬਰਾਹੀਮ ਦਾ ਪੋਤਰਾ ਸੀ। ਯੂਸਫ਼ ਇਸੇ ਦਾ ਪੁੱਤਰ ਸੀ, ਜਿਸ ਨਾਲ ਭਰਾਵਾਂ ਨੇ ਬੜਾ ਵੈਰ ਕਮਾਇਆ। ਭਰਾਵਾਂ ਨੇ ਯੂਸਫ਼ ਨੂੰ ਖੂਹ ਵਿਚ ਸੁਟ ਦਿਤਾ ਤੇ ਉਸ ਦੇ ਕਪੜੇ ਜੰਗਲੀ ਜਾਨਵਰ ਦੇ ਲਹੂ ਨਾਲ ਰੰਗ ਕੇ ਯਕੂਬ ਅਗੇ ਆ ਰਖੇ ਤੇ ਕਿਹਾ ਕਿ ਉਸਨੂੰ ਸ਼ੇਰ ਖਾ ਗਿਆ ਹੈ। ਯਕੂਬ ਯੂਸਫ਼ ਦੇ ਵਿਛੋੜੇ ਵਿਚ ਰੋ ਰੋ ਕੇ ਅੰਨ੍ਹਾ ਹੋ ਗਿਆ। ਯਕੂਬ ਕਾਫ਼ੀ ਲੰਮੀ ਉਮਰ ਭੋਗ ਕੇ ਮਰਿਆ। ਬਾਈਬਲ

ਵਿਚ ਉਸ ਦੀ ਉਮਰ 147 ਵਰ੍ਹੇ ਲਿਖੀ ਹੋਈ ਹੈ ।

ਇਸਰਾਈਲ ਯਕੂਬ ਦਾ ਹੀ ਇਕ ਨਾਉਂ ਸੀ ।

(ਯ-4) **ਯਖਸ਼ :**

ਦੈਵੀ ਜੀਵਾਂ ਦੀ ਇਕ ਜਾਤੀ, ਜੋ ਧਨ ਦੇ ਦੇਵਤੇ, ਕੁਬੇਰ ਦੀ, ਸੇਵਾ ਵਿਚ ਹਾਜ਼ਰ ਰਹਿੰਦੇ ਹਨ । ਇਹ ਜੀਵਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਹਾਨੀ ਨਹੀਂ ਪਹੁੰਚਾਂਦੇ । ਇਸ ਲਈ 'ਪੁਨਯ ਜਨ' ਨੇਕ ਮਨੁੱਖ ਕਰ ਕੇ ਪ੍ਰਸਿਧ ਹਨ । ਇਨ੍ਹਾਂ ਦੀ ਉਤਪਤੀ ਬਾਰੇ ਕਈ ਕਥਾਵਾਂ ਪ੍ਰਚਲਤ ਹਨ । ਵਿਸ਼ਨੂੰ ਪੁਰਾਣ ਅਨੁਸਾਰ ਇਕ ਵਾਰ ਬ੍ਰਹਮਾ ਨੂੰ ਸਖ਼ਤ ਭੁੱਖ ਲਗੀ, ਉਸ ਅੰਦਰ ਜੋ ਤਮੋ ਪ੍ਰਕਿਰਤੀ ਜਾਗੀ ਉਸ ਤੋਂ ਯਖਸ਼ ਪੈਦਾ ਹੋਏ । ਉਹ ਸਥਾਨ ਜਿਥੇ ਯਖਸ਼ਾਂ ਦਾ ਨਿਵਾਸ ਹੈ, 'ਯਖਸ਼ ਲੋਕ' ਅਖਵਾਉਂਦਾ ਹੈ ।

(ਯ-5) **ਯੰਤਰ :**

(1) ਤੰਤ੍ਰ ਵਿਦਿਆ ਅਨੁਸਾਰ ਉਹ ਰੇਖਾ ਚਿਤ੍ਰ, ਜੋ ਚੰਦਰੀਆਂ ਰੂਹਾਂ, ਭੂਤ ਪ੍ਰੇਤ ਨੂੰ ਦੂਰ ਰਖਣ ਲਈ ਟੂਣੇ-ਟੱਪੇ ਤੋਂ ਬਚਾਉ ਲਈ, ਘਰ ਦੇ ਮੁੱਖ ਦਵਾਰ ਦੇ ਨਾਲ, ਕੰਧ ਉਤੇ ਉਲੀਕੇ ਜਾਂਦੇ ਹਨ । ਇਹ ਰੇਖਾ ਚਿਤ੍ਰ ਕਈ ਸ਼ਕਲਾਂ, ਅਕਾਰਾਂ ਤੇ ਰੂਪਾਂ ਦੇ ਹੁੰਦੇ ਹਨ ਤੇ ਹਰ ਰੇਖਾ ਤੇ ਗੋਲਾਈ ਦਾ ਕੋਈ ਅਰਥ ਹੁੰਦਾ ਹੈ (ਵੇਖੋ : ਜੰਤ੍ਰ) ।

(2) ਜੋਤਿਸ਼ ਵਿਦਿਆ ਵਾਲੇ ਜਨਮ-ਕੁੰਡਲੀਆਂ ਬਨਾਉਣ ਲਗਿਆਂ ਜਨਮ ਸਮੇਂ ਦੇ ਗ੍ਰਹਿਆਂ ਦੇ ਕਈ ਖ਼ਾਨੇ ਬਣਾਉਂਦੇ ਹਨ ਅਤੇ ਉਨ੍ਹਾਂ ਦੀ ਚਾਲ ਤੋਂ ਪ੍ਰਾਣੀ ਦੇ ਭਵਿਖਤ ਬਾਰੇ ਗੱਲਾਂ ਦਸਦੇ ਹਨ, ਇਨ੍ਹਾਂ ਅਕਾਰਾਂ ਨੂੰ ਵੀ ਯੰਤ੍ਰ ਕਿਹਾ ਜਾਂਦਾ ਹੈ ।

(3) ਵਿਆਹ ਸ਼ਾਦੀ ਤੇ ਮੁੰਡਣ ਆਦਿ ਮੰਗਲ ਕਾਰਜਾਂ ਸਮੇਂ ਦੇਵਤੇ ਤੇ ਗ੍ਰਹਿਆਂ ਦੇ ਚਿਤ੍ਰ ਉਲੀਕੇ ਜਾਂਦੇ ਹਨ, ਇਨ੍ਹਾਂ ਨੂੰ ਵੀ ਯੰਤ੍ਰ ਹੀ ਆਖਿਆ ਜਾਂਦਾ ਹੈ ।

(ਯ-6) **ਯੰਤ੍ਰੀ :**

(1) ਸਿਆਣੇ ਜਾਂ ਚੇਲੇ, ਜੋ ਜੰਤਰ ਮੰਤਰ ਵਿਚ ਨਿਪੁੰਨ ਹੋਣ ।

(2) ਪੰਚਾਂਗ, ਜਿਸ ਵਿਚ ਸ਼ੁਭ ਤੇ ਅਸ਼ੁਭ ਗ੍ਰਹਿਆਂ ਤੇ ਨਛੱਤ੍ਰਾਂ ਦੇ ਯੋਗ ਅਤੇ ਤਿਥਾਂ ਵਾਰਾਂ ਦਾ ਹਿਸਾਬ ਦਰਜ ਹੁੰਦਾ ਹੈ । ਕਿਉਂ ਜੋ ਇਸ ਵਿਚ ਗ੍ਰਹਿਆਂ ਤੇ ਨਛੱਤ੍ਰਾਂ ਦੇ ਯੋਗਾਂ ਦੇ ਚਿਤ੍ਰ ਉਲੀਕੇ ਹੁੰਦੇ ਹਨ, ਇਸ ਲਈ ਇਸ ਦਾ ਨਾਉਂ ਯੰਤ੍ਰੀ (ਜੰਤ੍ਰੀ) ਹੀ ਪੈ ਗਿਆ ।

(ਯ-7) **ਯਦੂ :**

ਇਕ ਚੰਦ੍ਰਵੰਸੀ ਰਾਜਾ, ਜੋ ਦੇਵਯਾਨੀ ਦੀ ਕੁਖੋਂ ਰਾਜਾ ਯਯਾਤੀ ਦੇ ਘਰ ਜੰਮਿਆ । ਯਾਦਵ ਵੰਸ਼ ਦਾ ਮੁੱਢ ਯਦੂ ਤੋਂ ਬਝਿਆ । ਕ੍ਰਿਸ਼ਨ ਜੀ ਇਸੇ ਕੁੱਲ ਵਿਚੋਂ ਸਨ । ਸ਼ੁਕ੍ਰ ਨੇ ਯਦੂ ਦੇ ਪਿਤਾ ਨੂੰ ਦੇਵਯਾਨੀ ਨਾਲ ਬੇਵਫ਼ਾਈ ਕਰਨ ਕਰਕੇ, ਜਵਾਨੀ ਵਿਚ ਹੀ ਬੁੱਢੇ ਹੋ ਜਾਣ ਦਾ ਸਰਾਪ ਦੇ ਦਿਤਾ । ਪਿਛੋਂ ਦੇਵਯਾਨੀ ਦੇ ਜ਼ੋਰ ਦੇਣ 'ਤੇ ਇਸ ਸਰਾਪ ਨੂੰ ਬਦਲ ਦਿਤਾ ਕਿ ਯਯਾਤੀ ਦੇ ਪੁੱਤਰਾਂ ਵਿਚੋਂ ਜਿਹੜਾ ਚਾਹੇ ਇਹ ਸਰਾਪ ਆਪਣੇ ਉਤੇ ਲੈ ਸਕਦਾ ਹੈ । ਤਾਂ ਯਦੂ ਨੇ ਆਪਣੀ ਜਵਾਨੀ ਆਪਣੇ ਪਿਉ ਦੇ ਬੁਢੇਪੇ ਨਾਲ ਬਦਲ ਲੈਣ ਤੋਂ ਸਾਫ਼ ਇਨਕਾਰ ਕਰ ਦਿਤਾ, ਜਿਸ ਤੋਂ ਖਿਝ ਕੇ ਯਯਾਤੀ ਨੇ ਯਦੂ ਨੂੰ ਸਰਾਪ ਦੇ ਦਿਤਾ ।

(ਯ-8) **ਯਮ :**

ਮੌਤ ਦਾ ਦੇਵਤਾ; ਰਿਗ ਵੇਦ ਅਨੁਸਾਰ ਇਹ ਵਿਵਸਵਤ (ਸੂਰਜ) ਦਾ ਪੁੱਤਰ ਹੈ । ਇਸ ਦੀ ਇਕ ਜੁੜਵਾ ਭੈਣ ਯਮੀ/ਯਮਨਾ ਹੈ । ਕਈ ਮਿਥਕ ਕਥਾਵਾਂ ਅਨੁਸਾਰ ਯਮ ਤੇ ਯਮੀ ਸੰਸਾਰ ਦਾ ਪਹਿਲਾ ਦੰਪਤੀ ਜੋੜਾ ਹੈ, ਜਿਨ੍ਹਾਂ ਤੋਂ ਅਗੋਂ ਮਨੁੱਖ ਜਾਤੀ ਦੀ ਉਤਪਤੀ ਹੋਈ । ਰਿਗ ਵੇਦ (X,135,1) ਵਿਚ ਯਮ ਨੂੰ 'ਜਾਤੀਆਂ ਦਾ ਪਿਤਾ' ਤੇ 'ਸਵਾਮੀ' ਕਿਹਾ ਗਿਆ ਹੈ ।

ਰਿਗ ਵੇਦ ਦੀ ਇਕ ਰਿਚ (X,10,3) ਅਨੁਸਾਰ ਯਮ ਸੰਸਾਰ ਦਾ ਪਹਿਲਾ ਮਨੁੱਖ ਸੀ, ਜਿਸ ਦੀ ਮ੍ਰਿਤੂ ਹੋਈ ਅਤੇ ਜੋ ਸਵਰਗ ਲੋਕ ਵਿਚ ਗਿਆ । ਅਥਰਵਵੇਦ ਵਿਚ ਇਸੇ ਗੱਲ ਦੀ ਪ੍ਰੋੜ੍ਹਤਾ ਮਿਲਦੀ ਹੈ ।

ਯਮ ਦਾ ਸਰੂਪ ਬੜਾ ਡਰਾਉਣਾ ਦਸਿਆ ਗਿਆ ਹੈ । ਉਹ ਬੈਲ ਦੀ ਸਵਾਰੀ ਕਰਦਾ ਹੈ । ਯਮ ਕੋਲ ਚਾਰ ਅੱਖਾਂ ਤੇ ਫੁਲੀਆਂ ਹੋਈਆਂ ਨਾਸਾਂ ਵਾਲੇ ਦੋ ਕੁੱਤੇ ਹਨ, ਜੋ ਉਸ ਦੇ ਨਿਵਾਸ ਨੂੰ ਜਾਂਦੇ ਰਾਹ ਦੀ ਰਖਿਆ ਕਰਦੇ ਹਨ । ਰਿਗ ਵੇਦ (X,14,11) ਅਨੁਸਾਰ ਇਹ ਕੁੱਤੇ ਸੰਸਾਰ ਵਿਚ, ਯਮ ਦਾ ਦੂਤ ਬਣ ਕੇ ਵਿਚਰਦੇ ਰਹਿੰਦੇ ਹਨ ਅਤੇ ਮਨੁੱਖਾਂ ਨੂੰ ਆਪਣੇ ਮਾਲਕ ਪਾਸ ਯਮ-ਲੋਕ ਭੇਜਦੇ ਰਹਿੰਦੇ ਹਨ ।

ਪੁਰਾਣਾਂ ਵਿਚ ਯਮ ਦਾ ਸੰਕਲਪ ਵੇਦਾਂ ਨਾਲੋਂ ਭਿੰਨ ਹੈ । ਵੇਦਾਂ ਅਨੁਸਾਰ ਯਮ ਪਹਿਲਾ ਪ੍ਰਾਣੀ ਹੈ, ਜੋ ਸੰਸਾਰ ਵਿਚ ਮਰਿਆ ਤੇ ਸਵਰਗ ਲੋਕ ਨੂੰ ਗਿਆ, ਜਿਥੋਂ ਦਾ ਉਹ ਰਾਜਾ ਬਣਿਆ । ਪਰ ਪੁਰਾਣਾਂ ਵਿਚ ਯਮ ਨਰਕਾਂ ਦਾ ਸਵਾਮੀ ਹੈ । ਪੁਰਾਣਾਂ ਅਨੁਸਾਰ ਯਮ ਪਾਤਾਲ ਵਿਚ ਯਮਪੁਰੀ ਵਿਚ ਰਹਿੰਦਾ ਹੈ ਜਿਥੇ ਇਹ ਕਾਲੀਚੀ ਨਾਂ ਦੇ ਮਹਿਲ ਵਿਚ 'ਵਿਚਾਰ ਭੂ' ਨਾਂ ਦੇ ਤਖ਼ਤ ਉਤੇ ਬੈਠਦਾ ਹੈ । ਜਦੋਂ ਕੋਈ ਪ੍ਰਾਣੀ ਸਰੀਰ ਤਿਆਗਦਾ ਹੈ ਤਾਂ ਯਮਦੂਤ ਉਸ ਦੀ ਰੂਹ ਨੂੰ, ਪਾਤਾਲ ਵਿਚ ਯਮ-ਲੋਕ ਲੈ ਜਾਂਦੇ ਹਨ । ਚਿਤ੍ਰ-ਗੁਪਤ ਯਮ ਦਾ ਲੇਖਾਕਾਰ ਹੈ । ਉਹ ਇਕ ਗ੍ਰੰਥ ਵਿਚੋਂ

ਜੀਵ ਦੇ ਕਰਮਾਂ ਦਾ ਲੇਖਾ ਪੜ੍ਹ ਕੇ ਸੁਣਾਉਂਦਾ ਹੈ। ਯਮ ਉਸ ਅਨੁਸਾਰ ਪ੍ਰਾਣੀ ਨੂੰ ਦੰਡ ਦਿੰਦਾ ਹੈ। ਪ੍ਰਾਣੀ ਦੀ ਰੂਹ ਜਾਂ ਤਾਂ ਉਪਰ ਪਿਤਰੀ ਲੋਕ ਨੂੰ ਚਲੀ ਜਾਂਦੀ ਹੈ ਜਾਂ ਫਿਰ ਉਸ ਨੂੰ 21 ਨਰਕਾਂ ਵਿਚੋਂ ਕਿਸੇ ਇਕ ਵਿਚ ਸੁਟ ਦਿਤਾ ਜਾਂਦਾ ਹੈ, ਜਿਥੇ ਯਮ ਉਸ ਨੂੰ ਤਸੀਹੇ ਦੇਂਦਾ ਹੈ ਜਾਂ ਫਿਰ ਪ੍ਰਿਥਵੀ ਉਤੇ ਕਿਸੇ ਜੂਨ ਵਿਚ ਮੁੜ ਜਨਮ ਲੈਂਦੀ ਹੈ।

ਯਮ ਦਾ ਰੰਗ ਹਰਾ ਹੈ ਤੇ ਇਹ ਲਾਲ ਰੰਗ ਦੇ ਕਪੜੇ ਪਾਉਂਦਾ ਹੈ। ਇਸ ਦੇ ਹੱਥ ਵਿਚ ਭਾਲਾ, ਗੁਰਜ ਤੇ ਕਮੰਦ ਹੁੰਦੀ ਹੈ ਅਤੇ ਝੋਟੇ ਦੀ ਸਵਾਰੀ ਕਰਦਾ ਹੈ।

ਪੁਰਾਣਾਂ ਵਿਚ ਯਮ ਬਾਰੇ ਕਈ ਮਿਥਕ ਕਥਾਵਾਂ ਮਿਲਦੀਆਂ ਹਨ। ਇਕ ਵਾਰ ਯਮ ਨੇ ਆਪਣੇ ਪਿਤਾ ਦੀ ਦਾਸੀ ਛਾਯਾ ਨੂੰ ਮਾਰਨ ਲਈ ਲੱਤ ਚੁਕੀ। ਦਾਸੀ ਨੇ ਸਰਾਪ ਦੇ ਦਿਤਾ, ਜਿਸ ਕਰ ਕੇ ਯਮ ਦੀ ਲੱਤ ਗਲ ਸੜ ਗਈ ਤੇ ਉਸ ਵਿਚ ਕੀੜੇ ਪੈ ਗਏ। ਯਮ ਦੇ ਪਿਤਾ ਨੇ ਪੁੱਤਰ ਦੀ ਦਸ਼ਾ ਉਤੇ ਤਰਸ ਖਾ ਕੇ ਉਸ ਨੂੰ ਇਕ ਕੁਕੜ ਦਿਤਾ ਜਿਸ ਨੇ ਲੱਤ ਵਿਚੋਂ ਕੀੜੇ ਚੁਣ ਕੇ ਖਾ ਲਏ ਅਤੇ ਜ਼ਖ਼ਮ ਭਰ ਗਏ। ਪਰ ਪੈਰ ਉਤੇ ਝੁਰੜੀਆਂ ਪਈਆਂ ਰਹੀਆਂ, ਜਿਸ ਕਰ ਕੇ ਯਮ ਨੂੰ ਸ਼ੀਰਣ ਪਾਦ 'ਝੁਰੜੇ ਪੈਰਾਂ ਵਾਲਾ' ਕਿਹਾ ਜਾਣ ਲੱਗਾ।

ਭਵਿਸ਼ ਪੁਰਾਣ ਅਨੁਸਾਰ ਯਮ ਵਿਜਯਾ ਨਾਲ ਪ੍ਰੇਮ ਕਰਦਾ ਸੀ, ਜੋ ਇਕ ਬ੍ਰਾਹਮਣ ਦੀ ਲੜਕੀ ਸੀ। ਯਮ ਉਸ ਨਾਲ ਵਿਆਹ ਕਰ ਕੇ, ਉਸ ਨੂੰ ਯਮਪੁਰੀ ਲੈ ਗਿਆ। ਯਮ ਨੇ ਵਿਜਯਾ ਨੂੰ ਆਦੇਸ਼ ਦਿਤਾ ਕਿ ਉਹ 'ਦੱਖਣੀ ਖੇਤਰ' ਵਲ ਕਦੇ ਨਾ ਜਾਵੇ। ਪਹਿਲੇ ਤਾਂ ਉਹ ਨਾ ਗਈ, ਪਰ ਮਗਰੋਂ ਉਸ ਨੂੰ ਸੰਦੇਹ ਹੋ ਗਿਆ ਕਿ ਯਮ ਨੇ ਉਥੇ ਉਸਦੀ ਸੌਂਕਣ ਛੁਪਾ ਕੇ ਰਖੀ ਹੋਈ ਹੈ। ਸੋ, ਵਿਜਯਾ ਇਕ ਦਿਨ ਦੱਖਣ ਦਿਸ਼ਾ ਵਲ ਗਈ। ਉਥੇ ਉਸ ਨੇ ਨਰਕਾਂ ਵਿਚ ਰੂਹਾਂ ਤੜਪਦੀਆਂ ਵੇਖੀਆਂ, ਜਿਨ੍ਹਾਂ ਵਿਚ ਉਸ ਦੀ ਮਾਂ ਵੀ ਸੀ। ਵਿਜਯਾ ਨੇ ਯਮ ਅਗੇ ਬੇਨਤੀ ਕੀਤੀ ਕਿ ਉਸਦੀ ਮਾਂ ਨੂੰ ਮੁਕਤ ਕਰ ਦਿਤਾ ਜਾਵੇ। ਯਮ ਨੇ ਕਿਹਾ ਕਿ ਇਹ ਤਾਂ ਹੀ ਹੋ ਸਕਦਾ ਹੈ ਜੇ ਕੋਈ ਉਸ ਦਾ ਸਬੰਧੀ ਬਲੀ ਦੇਵੇ। ਬਲੀ ਦਿਤੀ ਗਈ ਤਾਂ ਉਸ ਦੀ ਮਾਂ ਮੁਕਤ ਹੋਈ। ਯਮ ਦੀਆਂ ਦੋ ਹੋਰ ਪਤਨੀਆਂ ਵੀ ਹਨ ਜਿਨ੍ਹਾਂ ਦੇ ਨਾਂ ਹਨ—ਹੇਮ ਮਾਲਾ ਤੇ ਸੁਸ਼ੀਲਾ।

ਯਮ ਦੱਖਣ ਦਾ ਕੂੰਟਪਾਲ ਵੀ ਹੈ। ਹਿੰਦੂ ਇਸ ਦਿਸ਼ਾ ਨੂੰ ਅਸ਼ੁਭ ਮੰਨਦੇ ਹਨ, ਤੇ ਇਸ ਦਿਸ਼ਾ ਵਲ ਮੂੰਹ ਕਰ ਕੇ ਕੋਈ ਸ਼ੁਭ ਤੇ ਮੰਗਲਕਾਰੀ ਕਾਰਜ ਨਹੀਂ ਕਰਦੇ।

ਯਮ ਦੀਆਂ ਕਈ ਉਪਾਧੀਆਂ ਹਨ, ਜਿਹਾ ਕਿ ਕ੍ਰਿਤਾਂਤ (ਨਸ਼ਟ ਕਰਨ ਵਾਲਾ), ਸ਼ਮਨ (ਫ਼ੈਸਲਾ ਕਰਨ ਵਾਲਾ), ਢੂੰਡੀ, ਪਾਸ਼ੀ (ਕਮੰਦ ਵਾਲਾ), ਪ੍ਰੇਤ ਰਾਜ, ਸ਼ਰਾਧ ਦੇਵ (ਸਰਾਧਾਂ ਦਾ ਦੇਵਤਾ) ਅਤੇ ਧਰਮਰਾਜ (ਨਿਆਂ ਦਾ ਰਾਜਾ)।

ਅਵੇਸਤਾ ਵਿਚ 'ਯਿਮਾ' ਦੇਵਤੇ ਦਾ ਵਰਨਣ ਹੈ ਜਿਸ ਦੇ ਕਰਤੱਵ ਯਮ ਨਾਲ ਮਿਲਦੇ ਹਨ। ਅਵੇਸਤਾ ਅਨੁਸਾਰ 'ਯਿਮਾ' ਮੌਤ ਦਾ ਦੇਵਤਾ ਹੈ ਜਿਸ ਦੇ ਕੋਲ ਚਾਰ ਅੱਖਾਂ ਵਾਲੇ ਦੋ ਕੁੱਤੇ ਹਨ। ਸੋ, ਅਵੇਸਤਾ ਵਿਚਲਾ 'ਯਿਮਾ' ਅਸਲੋਂ ਵੇਦਾਂ ਵਾਲਾ ਯਮ ਹੀ ਹੈ।

## (ਯ-9) ਯਮ ਕਿੰਕਰ :

ਮੌਤ ਦੇ ਦੇਵਤੇ ਯਮ ਦੇ ਸੇਵਕ ਅਥਵਾ ਜਮਦੂਤ। ਪੁਰਾਣਾਂ ਅਨੁਸਾਰ ਜਦੋਂ ਕਿਸੇ ਸ਼ਖ਼ਸ ਦੀ ਮਾਤ ਲੋਕ ਵਿਚ ਅਵਧੀ ਪੂਰੀ ਹੋ ਜਾਂਦੀ ਹੈ ਤਾਂ ਉਸ ਪ੍ਰਾਣੀ ਦੀ ਜਿੰਦ ਨੂੰ ਕੱਢਣ ਲਈ, ਯਮ ਆਪਣੇ ਦੂਤਾਂ ਨੂੰ ਉਸ ਕੋਲ ਭੇਜਦਾ ਹੈ। ਯਮਦੂਤ ਪ੍ਰਾਣੀ ਦੀ ਜਿੰਦ ਕੱਢ ਕੇ ਯਮ ਦੇ ਦਰਬਾਰ ਵਿਚ ਹਾਜ਼ਰ ਕਰਦੇ ਹਨ ਜਿਥੇ ਉਸ ਦੇ ਚੰਗੇ ਮੰਦੇ ਕਰਮਾਂ ਅਨੁਸਾਰ, ਉਸ ਨੂੰ ਨਰਕ ਜਾਂ ਸਵਰਗ ਦੇ ਰੂਪ ਵਿਚ ਫਲ ਭੋਗਣਾ ਪੈਂਦਾ ਹੈ।

## (ਯ-10) ਯਮ ਦੂਜ :

ਕੱਤਕ ਸੁਦੀ ਦੋ ਦਾ ਤਿਉਹਾਰ, ਜਿਸ ਨੂੰ ਆਮ ਤੌਰ ਤੇ 'ਭਈਆ ਦੂਜ' ਕਿਹਾ ਜਾਂਦਾ ਹੈ। ਮਹਾਂਭਾਰਤ ਵਿਚ ਵਰਨਣ ਇਕ ਕਥਾ ਅਨੁਸਾਰ ਇਸ ਤਿੱਥ ਨੂੰ ਯਮ ਆਪਣੀ ਭੈਣ ਯਮੀ ਦੇ ਘਰ ਮਿਲਣ ਲਈ ਆਇਆ, ਯਮੀ ਨੇ ਉਸ ਦੇ ਮੱਥੇ ਉਤੇ ਟਿੱਕਾ ਲਗਾ ਕੇ ਉਸਨੂੰ ਭੋਜਨ ਖਵਾਇਆ। ਯਮ ਨੇ ਪ੍ਰਸੰਨ ਹੋ ਕੇ ਯਮੀ ਨੂੰ ਕੁਝ ਮੰਗਣ ਲਈ ਕਿਹਾ, ਤਾਂ ਯਮੀ ਨੇ ਯਮ ਨੂੰ ਬੇਨਤੀ ਕੀਤੀ ਕਿ ਉਹ ਹਰ ਸਾਲ ਕੱਤਕ ਸੁਦੀ ਦੋ ਨੂੰ ਜ਼ਰੂਰ, ਉਸ ਦੇ ਘਰ ਆ ਕੇ ਭੋਜਨ ਕੀਤਾ ਕਰੇ। ਉਦੋਂ ਤੋਂ ਇਹ ਪਰੰਪਰਾ ਬਣੀ। ਇਸ ਤਿੱਥ ਨੂੰ ਭੈਣਾਂ 'ਭਈਆ ਦੂਜ' ਮਨਾਉਂਦੀਆਂ ਹਨ ਤੇ ਭਰਾਵਾਂ ਨੂੰ ਘਰ ਸੱਦ ਕੇ ਟਿੱਕਾ ਲਗਾਂਦੀਆਂ ਤੇ ਭੋਜਨ ਖਵਾਂਦੀਆਂ ਹਨ। ਇਸ ਤਿੱਥ ਨੂੰ ਭੈਣ ਦੇ ਹਥੋਂ ਭੋਜਨ ਛਕਣ ਨਾਲ ਯਮ ਪ੍ਰਸੰਨ ਹੁੰਦਾ ਹੈ ਤੇ ਭਰਾ ਦੀਰਘ ਆਯੂ ਭੋਗ ਕੇ ਮਰਦਾ ਹੈ (ਵੇਖੋ : ਭਈਆ ਦੂਜ)।

ਇਸ ਤਿੱਥ ਨੂੰ ਜੇ ਭੈਣ ਭਰਾ ਜਮਨਾ ਦਰਿਆ ਵਿਚ ਇਕੱਠੇ ਇਸ਼ਨਾਨ ਕਰਨ ਤਾਂ ਭੈਣ ਦਾ ਸੁਹਾਗ ਚਿਰਜੀਵੀ ਹੁੰਦਾ ਤੇ ਭਰਾ ਲੰਮੀ ਆਯੂ ਭੋਗਦਾ ਹੈ। ਨਾਲ ਹੀ ਉਨ੍ਹਾਂ ਦੇ ਸਭ ਪਾਪ ਨਸ਼ਟ ਹੋ ਜਾਂਦੇ ਹਨ।

ਯਮ ਦੂਜ ਦੀ ਤਿੱਥ ਯਾਤ੍ਰਾ ਲਈ ਅਸ਼ੁਭ ਹੈ। ਇਸ ਦਿਨ ਯਾਤ੍ਰਾ ਕਰਨ ਵਾਲਾ ਸ਼ਖ਼ਸ ਯਮ ਦੀ ਕਰੋਪੀ ਦਾ ਸ਼ਿਕਾਰ ਹੋ ਜਾਂਦਾ ਹੈ। ਮਹਾਨ ਕੋਸ਼ ਅਨੁਸਾਰ ਇਹ ਦਿਨ ਵਿਦਿਆ ਪੜ੍ਹਨ ਤੇ ਪੜ੍ਹਾਉਣ ਲਈ ਵੀ ਅਸ਼ੁਭ ਹੁੰਦਾ ਹੈ।

(ਯ-11) **ਯਮਨਾ** :

ਇਕ ਦਰਿਆ ਜੋ ਹਿਮਾਲੀਆ ਪਰਬਤ ਵਿਚੋਂ ਕਲਿੰਦ ਦੇ ਮੁਕਾਮ ਤੋਂ ਨਿਕਲਦਾ ਹੈ ਅਤੇ ਦਿੱਲੀ ਤੇ ਆਗਰੇ ਵਿਚੋਂ ਵਗਦਾ ਹੋਇਆ ਪ੍ਰਯਾਗ ਇਲਾਹਾਬਾਦ ਵਿਚ, ਗੰਗਾ ਵਿਚ ਜਾ ਸਮਾਉਂਦਾ ਹੈ ।

ਪੁਰਾਣਾਂ ਅਨੁਸਾਰ ਯਮਨਾ ਦਰਿਆ ਯਮ ਦੀ ਭੈਣ ਯਮੀ ਦਾ ਹੀ ਤਰਲ ਰੂਪ ਹੈ । ਯਮੀ ਸੂਰਜ ਦੀ ਪਤਨੀ ਸੰਜਨਾ ਦੀ ਕੁਖੋਂ ਜੰਮੀ । ਯਮਨਾ ਬਾਰੇ ਕਈ ਕਥਾਵਾਂ ਪੁਰਾਣਾਂ ਵਿਚ ਮਿਲਦੀਆਂ ਹਨ । ਇਕ ਕਥਾ ਅਨੁਸਾਰ ਇਕ ਵਾਰ ਬਲਰਾਮ ਨੇ ਯਮਨਾ ਨੂੰ ਆਪਣੇ ਕੋਲ ਇਸ਼ਨਾਨ ਲਈ ਸਦਿਆ । ਪਰ ਯਮਨਾ ਨੇ ਕੋਈ ਪ੍ਰਵਾਹ ਨਾ ਕੀਤੀ । ਬਲਰਾਮ ਨੇ ਕਰੋਧ ਵਿਚ ਆ ਕੇ ਆਪਣਾ ਹੱਲ ਚੁਕਿਆ ਤੇ ਯਮਨਾ ਨੂੰ ਉਸ ਨਾਲ ਬੰਨ੍ਹ ਕੇ ਜਿਧਰ ਮੂੰਹ ਆਇਆ ਉਧਰ ਹੀ ਧੂੰਹਦਾ ਰਿਹਾ ਤੇ ਉਦੋਂ ਤਕ ਨਾ ਛੱਡਿਆ ਜਦੋਂ ਤਕ ਯਮਨਾ ਨੇ ਮਨੁੱਖੀ ਰੂਪ ਧਾਰ ਕੇ ਉਸ ਤੋਂ ਖਿਮਾ ਨਾ ਮੰਗੀ । ਵਿਲਸਨ ਦਾ ਵਿਚਾਰ ਹੈ ਕਿ ਇਹ ਮਿਥਕ ਕਥਾ ਸ਼ਾਇਦ ਸਿੰਜਾਈ ਲਈ ਜਮਨਾ ਵਿਚੋਂ ਕਢੀ ਗਈ ਨਹਿਰ ਵਲ ਸੰਕੇਤ ਕਰਦੀ ਹੈ ।

ਯਮਨਾ ਨੂੰ ਕਈ ਕਥਾਵਾਂ ਵਿਚ ਕ੍ਰਿਸ਼ਨ ਦੀ ਇਸਤ੍ਰੀ ਵੀ ਮੰਨਿਆ ਗਿਆ ਹੈ । ਕਲਿੰਦ ਦੇ ਮੁਕਾਮ ਵਿਚੋਂ ਨਿਕਲਣ ਕਰ ਕੇ, ਯਮਨਾ ਨੂੰ ਕਲਿੰਦੀ ਵੀ ਕਹਿੰਦੇ ਹਨ । ਇਕ ਧਾਰਨਾ ਅਨੁਸਾਰ ਯਮਨਾ ਨੇ ਵਿਆਹ ਨਹੀਂ ਸੀ ਕੀਤਾ । ਇਸੇ ਕਰਕੇ ਯਮਨਾ ਗੰਗਾ ਤੇ ਸਰਸਵਤੀ ਦੇ ਮੁਕਾਬਲੇ ਵਿਚ ਘਟ ਪਵਿਤ੍ਰ ਸਮਝੀ ਜਾਂਦੀ ਹੈ ।

ਯਮਨਾ ਹਿੰਦੂਆਂ ਦੀਆਂ ਪਵਿਤ੍ਰ ਨਦੀਆਂ ਵਿਚੋਂ ਇਕ ਹੈ । ਹਿੰਦੂ ਇਸ ਨਦੀ ਦੀ ਪੂਜਾ ਵੀ ਕਰਦੇ ਹਨ । ਯਮਨੀ ਦੂਜ ਨੂੰ, ਯਮਨਾ ਦੀ ਪੂਜਾ ਦਾ ਖ਼ਾਸ ਮਹਾਤਮ ਹੈ । ਇਕ ਕਥਾ ਅਨੁਸਾਰ ਯਮਨਾ ਨੇ ਆਪਣੇ ਭਰਾ ਯਮ ਤੋਂ ਵਰ ਲਿਆ ਸੀ ਕਿ ਜਿਹੜੇ ਭੈਣ ਭਰਾ ਕੱਤਕ ਸੁਦੀ ਦੋ ਅਥਵਾ ਭਈਆ ਦੂਜ ਨੂੰ, ਯਮਨਾ ਨਦੀ ਵਿਚ ਰਲ ਕੇ ਇਸ਼ਨਾਨ ਕਰਨਗੇ, ਉਨ੍ਹਾਂ ਦੇ ਸਭ ਪਾਪ ਧੁਲ ਜਾਣਗੇ ਤੇ ਉਹ ਸਵਰਗ ਦੇ ਭਾਗੀ ਹੋਣਗੇ । ਭੈਣ ਸੁਹਾਗਵਤੀ ਹੋਵੇਗੀ ਤੇ ਭਰਾ ਦੀਰਘ ਆਯੂ ਭੋਗੇਗਾ । ਇਸ ਲਈ ਕੱਤਕ ਦੂਜ ਨੂੰ ਯਮਨਾ ਦੇ ਇਸ਼ਨਾਨ ਦਾ ਬੜਾ ਮਹਾਤਮ ਮੰਨਿਆ ਜਾਂਦਾ ਹੈ ।

(ਯ-12) **ਯਮ ਪੂਜਾ** :

ਹਿੰਦੂਆਂ ਵਿਚ ਯਮ ਨੂੰ ਦੇਵਤੇ ਦੇ ਰੂਪ ਵਿਚ ਪੂਜਿਆ ਜਾਂਦਾ ਹੈ । ਕਈ ਹਿੰਦੂ ਯਮ ਨੂੰ ਪ੍ਰਸੰਨ ਕਰਨ ਲਈ, ਯਮ ਦੀ ਸੋਨੇ ਦੀ ਮੂਰਤੀ ਬਣਾ ਕੇ ਪੂਜਦੇ ਤੇ ਮਗਰੋਂ ਕਿਸੇ ਬ੍ਰਾਹਮਣ ਨੂੰ ਭੇਟ ਕਰ ਦੇਂਦੇ ਹਨ । ਇਸ ਤਰ੍ਹਾਂ ਕਰਨ ਨਾਲ ਯਮ, ਉਸ ਪ੍ਰਾਣੀ ਨੂੰ ਮਰਨ ਵੇਲੇ ਬਹੁਤੇ ਕਸ਼ਟ ਨਹੀਂ ਦੇਂਦਾ ।

(ਯ-13) **ਯਮ ਲੋਕ** :

ਉਹ ਨਗਰੀ ਜਿਥੇ ਯਮ ਆਪਣੇ ਦੂਤਾਂ ਨਾਲ ਰਹਿੰਦਾ ਹੈ, ਪੁਰਾਣਾਂ ਅਨੁਸਾਰ ਇਹ ਨਗਰੀ ਪਾਤਾਲ ਵਿਚ ਹੈ । ਮਰਨ ਪਿਛੋਂ ਪ੍ਰਾਣੀ ਪਹਿਲਾਂ ਇਸੇ ਲੋਕ ਵਿਚ ਜਾਂਦਾ ਹੈ, ਜਿਥੇ ਚਿਤ੍ਰਗੁਪਤ, ਇਕ ਵੱਡੀ ਵਹੀ ਵਿਚੋਂ, ਉਸ ਦੇ ਚੰਗੇ ਮੰਦੇ ਕਰਮਾਂ ਦਾ ਲੇਖਾ ਪੜ੍ਹ ਕੇ ਸੁਣਾਉਂਦਾ ਹੈ । ਉਸ ਅਨੁਸਾਰ ਯਮ ਪ੍ਰਾਣੀ ਨੂੰ ਦੰਡ ਜਾਂ ਫਲ ਲੇਖੇ ਭੋਗਣ ਲਈ ਦੇਂਦਾ ਹੈ । ਯਮ ਲੋਕ ਵਿਚ, ਯਮ ਜਿਸ ਮਹਿਲ ਵਿਚ ਰਹਿੰਦਾ ਹੈ, ਉਸ ਨੂੰ 'ਕਾਲੀਚੀ' ਕਹਿੰਦੇ ਹਨ ।

(ਯ-14) **ਯਮ ਲੋਕ ਤੋਂ ਪੁਨਰ ਵਾਪਸੀ** :

ਪੁਰਾਣਾਂ ਅਨੁਸਾਰ ਜੀਵਾਤਮਾ ਜਦੋਂ ਪ੍ਰਾਣੀ ਦੇ ਸਰੀਰ ਵਿਚੋਂ ਕਢ ਕੇ ਜਮਦੂਤ ਉਸ ਨੂੰ ਧਰਮਰਾਜ ਦੇ ਦਰਬਾਰ ਵਿਚ ਲੈ ਜਾਂਦੇ ਹਨ, ਜਿਥੇ ਚਿਤਰਗੁਪਤ ਉਨ੍ਹਾਂ ਦੇ ਚੰਗੇ ਮੰਦੇ ਕਰਮਾਂ ਦਾ ਲੇਖਾ ਜੋਖਾ ਪੇਸ਼ ਕਰਦਾ ਹੈ । ਸਭ ਤੋਂ ਪਹਿਲਾਂ ਇਹ ਪੜਤਾਲ ਕੀਤੀ ਜਾਂਦੀ ਹੈ ਕਿ ਠੀਕ ਉਸੇ ਪ੍ਰਾਣੀ ਦੀ ਜੀਵਾਤਮਾ ਆਈ ਹੈ ਜਿਸ ਦੀ ਮ੍ਰਿਤੂ ਹੋਣੀ ਸੀ । ਕਈ ਵਾਰ ਇਸ ਵਿਚ ਗ਼ਲਤੀ ਵੀ ਹੋ ਜਾਂਦੀ ਮੰਨੀ ਜਾਂਦੀ ਹੈ । ਅਜਿਹੀਆਂ ਕਈ ਕਥਾਵਾਂ ਲੋਕਾਂ ਵਿਚ ਪ੍ਰਚਲਤ ਹਨ ਤੇ ਕਈ ਅਜਿਹੀਆਂ ਵੀ ਹਨ ਜੋ ਲੋਕਾਂ ਦੇ ਸਾਹਮਣੇ ਵਾਪਰੀਆਂ ਹਨ । ਜਦੋਂ ਕਿ ਗ਼ਲਤੀ ਨਾਲ ਜਮਦੂਤ ਉਸੇ ਨਾਂ ਦੇ ਕਿਸੇ ਹੋਰ ਪ੍ਰਾਣੀ ਦੀ ਜੀਵਾਤਮਾ ਨੂੰ ਪਰਲੋਕ ਲੈ ਗਏ ਤੇ ਉਥੇ ਗਲਤੀ ਦਾ ਪਤਾ ਲੱਗਣ ਤੇ ਉਸੇ ਵੇਲੇ ਉਸ ਜੀਵਾਤਮਾ ਨੂੰ ਵਾਪਸ ਭੇਜਿਆ ਗਿਆ ਤੇ ਉਹਦੀ ਮ੍ਰਿਤਕ ਜੀਓ ਉਠਿਆ ਜਦੋਂ ਕਿ ਉਸੇ ਨਾਂ ਦੇ ਇਕ ਹੋਰ ਪ੍ਰਾਣੀ ਦੀ ਉਸੇ ਪਿੰਡ ਵਿਚ ਮ੍ਰਿਤੂ ਹੋ ਗਈ । ਅਜਿਹੇ ਪ੍ਰਾਣੀ ਪਰਲੋਕ ਦੀ ਨਗਰੀ ਦੀ ਕਥਾ ਵੇਰਵੇ ਨਾਲ ਸੁਣਾਉਂਦੇ ਹਨ ।

(ਯ-15) **ਯਮੀ** :

ਯਮ ਦੀ ਜੁੜਵਾਂ ਭੈਣ, ਯਮੀ ਵਿਵਸਵਤ (ਸੂਰਜ) ਦੀ ਧੀ ਸੀ । ਪੁਰਾਣਾਂ ਅਨੁਸਾਰ ਇਹੋ ਯਮੀ ਪਿਛੋਂ ਜਮਨਾ ਨਦੀ ਦਾ ਰੂਪ ਧਾਰ ਕੇ ਵੱਗਣ ਲਗੀ ।

ਪੁਰਾਣਾਂ ਅਨੁਸਾਰ ਯਮੀ ਸੰਸਾਰ ਦੀ ਪਹਿਲੀ ਇਸਤ੍ਰੀ ਹੈ ਜਿਸ ਦੀ ਕੁਖੋਂ ਸ੍ਰਿਸ਼ਟੀ ਦਾ ਪਹਿਲਾ ਬੱਚਾ ਜੰਮਿਆ । ਸੰਸਾਰ ਦਾ ਪਹਿਲਾ ਦੰਪਤੀ ਜੋੜਾ ਯਮ ਤੇ ਯਮੀ ਹੀ ਮੰਨੇ ਜਾਂਦੇ ਹਨ ।

(ਯ-16) **ਯਵਨ** :

ਯੂਨਾਨ ਦੇਸ਼ ਦਾ ਰਹਿਣ ਵਾਲਾ; ਪਹਿਲਾਂ ਇਹ ਸ਼ਬਦ ਯੂਨਾਨੀਆਂ ਲਈ ਵਰਤਿਆ ਜਾਂਦਾ ਸੀ। ਮਗਰੋਂ ਇਹ ਪੱਛਮ ਵਿਚ ਰਹਿਣ ਵਾਲੇ ਸਭ ਲੋਕਾਂ ਲਈ ਵਰਤਿਆ ਜਾਣ ਲੱਗਾ। 'ਹਿੰਦੀ ਸ਼ਬਦ ਸਾਗਰ' ਅਨੁਸਾਰ ਯੂਨਾਨ ਦੇਸ਼ ਵਿਚ 'ਆਯੋਨਿਯਾ' ਨਾਉਂ ਦਾ ਇਕ ਪ੍ਰਾਂਤ ਹੈ, ਇਸ ਦਾ ਸੰਪਰਕ ਭਾਰਤ ਅਥਵਾ ਹੋਰ ਪੂਰਬੀ ਦੇਸ਼ਾਂ ਨਾਲ ਸਭ ਤੋਂ ਪਹਿਲਾਂ ਹੋਇਆ ਤੇ ਇਥੋਂ ਦੇ ਵਸਨੀਕਾਂ ਨੂੰ ਭਾਰਤੀ ਯਵਨ ਕਹਿਣ ਲਗੇ। ਇਹੋ ਸ਼ਬਦ ਪਛਮੀ ਦੇਸ਼ਾਂ ਦੇ ਸਭ ਵਸਨੀਕਾਂ ਲਈ ਵਰਤਿਆ ਜਾਣ ਲੱਗਾ।

ਪਾਣਿਨੀ ਨੇ ਆਪਣੇ ਗ੍ਰੰਥ ਵਿਚ ਯੂਨਾਨ ਵਾਸੀਆਂ ਲਈ ਯਵਨ ਸ਼ਬਦ ਦਾ ਪ੍ਰਯੋਗ ਕੀਤਾ ਹੈ।

ਜਦੋਂ ਪੰਜਾਬ ਉਤੇ ਤੁਰਕਾਂ ਤੇ ਮੁਸਲਮਾਨਾਂ ਦੇ ਹੱਲੇ ਸ਼ੁਰੂ ਹੋਏ ਤਾਂ ਮੁੱਢ ਵਿਚ ਤੁਰਕਾਂ ਤੇ ਮੁਸਲਮਾਨਾਂ ਲਈ ਵੀ ਯਵਨ ਸ਼ਬਦ ਵਰਤ ਲਿਆ ਜਾਂਦਾ ਸੀ।

(ਯ-17) **ਯਾਸੀਨ** :

ਕੁਰਾਨ ਦੀ ਇਕ ਸੂਰਤ ਜਿਸ ਦਾ ਪ੍ਰਥਮ ਸ਼ਬਦ ਯਾਸੀਨ ਹੋਣ ਕਰ ਕੇ ਇਹੋ ਸੰਗਿਆ ਪ੍ਰਚਲਤ ਹੋਈ। ਯਾਸੀਨ ਦੇ ਅਰਥ ਹਨ—'ਐ ਸੱਯਦ' ਇਸ ਸੂਰਤ ਨੂੰ ਮੁਸਲਮਾਨ ਭੂਤ ਪ੍ਰੇਤ ਤੋਂ ਰਖਿਆ ਲਈ ਪੜ੍ਹਦੇ ਹਨ। ਮੁਸਲਮਾਨ ਪੀਰ ਫ਼ਕੀਰ ਭੂਤ-ਪ੍ਰੇਤ ਦਾ ਸਾਇਆ ਤਥਾ ਪ੍ਰਛਾਵਾਂ ਦੂਰ ਕਰਨ ਲਈ 'ਯਾਸੀਨ' ਦੀ ਸੂਰਤ ਪੜ੍ਹ ਕੇ ਰੋਗੀ ਨੂੰ ਫੂਕਾਂ ਮਾਰਦੇ ਹਨ। ਪ੍ਰਾਣੀ ਦੇ ਮਰਨ ਸਮੇਂ ਇਹ ਸੂਰਤ ਉਸ ਬੰਦੇ ਨੂੰ ਸੁਣਾਉਂਦੇ ਹਨ।

(ਯ-18) **ਯਾਕੂਬ ਖ਼ਾਨ ਵੜਾਇਚ** :

ਦਮੋਦਰ ਦੀ ਹੀਰ ਦਾ ਇਕ ਪਾਤਰ। ਦਮੋਦਰ ਅਨੁਸਾਰ ਮੌਜ਼ਮ ਨੇ ਧੀਦੋ ਦਾ ਰਿਸ਼ਤਾ ਛੋਟੀ ਉਮਰ ਵਿਚ ਹੀ **ਯਾਕੂਬ** ਖ਼ਾਨ ਵੜਾਇਚ ਦੀ ਧੀ ਨਾਲ ਕਰ ਦਿਤਾ ਸੀ। ਉਦੋਂ ਧੀਦੋ ਨੌਂ ਵਰ੍ਹਿਆਂ ਦਾ ਸੀ। ਜਦੋਂ ਧੀਦੋ ਦੱਸਾਂ ਵਰ੍ਹਿਆਂ ਦਾ ਹੋਇਆ ਤਾਂ ਮੌਜ਼ਮ ਨੇ ਧੀਦੋ ਦਾ ਵਿਆਹ ਸੁਧਾ ਦਿਤਾ, ਪਰ ਵਿਆਹ ਤੋਂ ਕੁਝ ਦਿਨ ਪਹਿਲਾਂ ਹੀ ਮੌਜ਼ਮ ਦੀ ਮੌਤ ਹੋ ਗਈ ਤੇ ਇਹ ਵਿਆਹ ਰੁਕ ਗਿਆ।

(ਯ-19) **ਯਾਦਵ** :

ਇਕ ਚੰਦ੍ਰਵਸ਼ੀ ਕੁਲ ਜਿਸ ਦਾ ਮੋਢੀ ਯਦੂ ਸੀ। ਯਯਾਤੀ ਦੇ ਦੋ ਪੁਤਰ ਸਨ—ਇਕ ਯਦੂ ਦੂਜਾ ਪੁਰੂ; ਯਦੂ ਨੇ ਯਦੂ ਵੰਸ਼ ਤੇ ਪੁਰੂ ਨੇ ਪੁਰੂ ਵੰਸ਼ ਦਾ ਮੁੱਢ ਬੰਨ੍ਹਿਆ। **ਯਾਦਵ** ਕੁਲ ਵਿਚ ਕ੍ਰਿਸ਼ਨ ਤੇ ਬਲਰਾਮ ਦੋ ਪ੍ਰਤਾਪੀ ਵਿਅਕਤੀ ਹੋਏ ਹਨ। ਵਿਸ਼ਨੂੰ ਪੁਰਾਣ ਵਿਚ ਯਾਦਵ ਕੁਲ ਦਾ ਵਰਨਣ ਬੜੇ ਵਿਸਥਾਰ ਨਾਲ ਦਿਤਾ ਮਿਲਦਾ ਹੈ ਅਤੇ ਚੰਦ੍ਰ ਤੋਂ ਲੈ ਕੇ ਕ੍ਰਿਸ਼ਨ ਤੇ ਬਲਰਾਮ ਦੀ ਵੰਸ਼ ਪਰੰਪਰਾ ਦਿਤੀ ਹੋਈ ਹੈ।

ਦੁਰਬਾਸਾ ਰਿਸ਼ੀ ਨੇ ਯਾਦਵਾਂ ਨੂੰ ਨਸ਼ਟ ਹੋਣ ਦਾ ਸਰਾਪ ਦਿਤਾ। ਇਕ ਮਿੱਥ ਅਨੁਸਾਰ ਇਕ ਵਾਰ ਯਾਦਵ ਕੁਲ ਦੇ ਕੁਝ ਯੁਵਕ ਨਦੀ ਦੇ ਕੰਢੇ ਖੇਡ ਰਹੇ ਸਨ ਕਿ ਦੁਰਬਾਸਾ ਰਿਸ਼ੀ ਉਧਰੋਂ ਦੀ ਲੰਘੇ। ਯੁਵਕਾਂ ਨੂੰ ਸ਼ਰਾਰਤ ਸੁਝੀ ਤੇ ਉਨ੍ਹਾਂ ਨੇ ਇਕ ਯੁਵਕ ਨੂੰ ਜ਼ਨਾਨੇ ਕਪੜੇ ਪਹਿਨਾ ਦਿਤੇ ਤੇ ਚੋਲੀ ਹੇਠ ਕਲਸ ਰਖ ਕੇ ਉਸਨੂੰ ਗਰਭਵਤੀ ਦੇ ਰੂਪ ਵਿਚ ਦੁਰਬਾਸਾ ਕੋਲ ਲੈ ਆਏ ਤੇ ਕਹਿਣ ਲਗੇ ਕਿ ਇਸ ਦੀ ਕੁਖੋਂ ਕੀ ਪੈਦਾ ਹੋਏਗਾ? ਰਿਸ਼ੀ ਪਹੁੰਚੇ ਹੋਏ ਸਨ, ਸ਼ਰਾਰਤ ਸਮਝ ਗਏ ਤੇ ਕਰੋਧ ਵਿਚ ਆ ਕੇ ਕਹਿਣ ਲਗੇ, "ਇਸ ਦੀ ਕੁਖੋਂ ਜੋ ਪੈਦਾ ਹੋਵੇਗਾ, ਉਹ ਯਾਦਵਾਂ ਦੀ ਸਾਰੀ ਕੁਲ ਦਾ ਵਿਨਾਸ਼ ਕਰ ਦੇਵੇਗਾ।" ਯਾਦਵ ਜਾਣਦੇ ਸਨ ਕਿ ਦੁਰਬਾਸਾ ਦਾ ਸਰਾਪ ਵਿਅਰਥ ਨਹੀਂ ਜਾਂਦਾ। ਸੋ, ਉਨ੍ਹਾਂ ਨੇ ਕਲਸ ਨੂੰ ਦਰਿਆ ਦੇ ਕੰਢੇ ਰਗੜ ਰਗੜ ਕੇ ਖ਼ਤਮ ਕਰ ਦਿਤਾ। ਅਖ਼ੀਰਲਾ ਟੁਕੜਾ ਉਨ੍ਹਾਂ ਤੋਂ ਰਗੜਿਆ ਨਾ ਗਿਆ ਤੇ ਉਨ੍ਹਾਂ ਨੇ ਉਹ ਦਰਿਆ ਵਿਚ ਸੁਟ ਦਿਤਾ, ਜਿਸ ਨੂੰ ਇਕ ਮੱਛੀ ਨਿਗਲ ਗਈ। ਜਿਥੇ ਕਲਸ ਰਗੜਿਆ ਗਿਆ ਸੀ, ਉਥੇ ਕੁਝ ਸਮੇਂ ਬਾਅਦ ਜ਼ਹਿਰੀਲਾ ਘਾਹ ਉਗ ਆਇਆ। ਇਕ ਵਾਰ ਯਾਦਵ ਕੁਲ ਦਾ ਆਪੋ ਵਿਚ ਕਿਸੇ ਗੱਲੋਂ ਝਗੜਾ ਹੋ ਗਿਆ ਤੇ ਉਨ੍ਹਾਂ ਨੇ ਇਹੋ ਘਾਹ ਇਕ ਦੂਜੇ ਉਤੇ ਸੁਟਿਆ। ਫਲਸਰੂਪ ਯਾਦਵ ਕੁਲ ਨਸ਼ਟ ਹੋ ਗਿਆ। ਇਨ੍ਹਾਂ ਦੀ ਕੁਲ ਵਿਚੋਂ ਕੇਵਲ ਕ੍ਰਿਸ਼ਨ ਹੀ ਬਚੇ। ਇਕ ਸ਼ਿਕਾਰੀ ਦੇ ਹੱਥ ਉਹ ਮੱਛੀ ਆ ਗਈ, ਜਿਸ ਨੇ ਕਲਸ ਦੀ ਟੁਕੜੀ ਨਿਗਲੀ ਸੀ। ਉਸਨੇ ਟੁਕੜਾ ਕੱਢ ਕੇ ਆਪਣੇ ਤੀਰ ਨਾਲ ਮੜ੍ਹ ਦਿਤਾ। ਇਕ ਵਾਰ ਕ੍ਰਿਸ਼ਨ ਜੰਗਲ ਵਿਚ ਪੈਰ ਉੱਚਾ ਕਰ ਕੇ ਲੇਟੇ ਪਏ ਸਨ, ਉਨ੍ਹਾਂ ਦੇ ਪੈਰ ਵਿਚ ਪਦਮ ਸੀ, ਸ਼ਿਕਾਰੀ ਨੇ ਦੂਰੋਂ ਹਿਰਨ ਦੀ ਅੱਖ ਸਮਝ ਕੇ ਤੀਰ ਮਾਰਿਆ ਤੇ ਕ੍ਰਿਸ਼ਨ ਵੀ ਪਰਲੋਕ ਸਿਧਾਰ ਗਏ।

(ਯ-20) **ਯੁਗ** :

ਪ੍ਰਾਚੀਨ ਰਿਸ਼ੀਆਂ ਨੇ ਸੰਸਾਰ ਦੀ ਹੋਂਦ ਨੂੰ ਚਾਰ ਯੁਗਾਂ ਵਿਚ ਵੰਡਿਆ। ਰਿਗਵੇਦ ਦੀਆਂ ਰਿਚਾਂ ਵਿਚ ਯੁਗਾਂ ਦਾ ਕੋਈ ਵਰਨਣ ਨਹੀਂ। ਪਰ ਮਹਾਂਭਾਰਤ ਵਿਚ ਚਹੁੰ ਜੁਗਾਂ ਦੇ ਸੁਭਾਵ ਤੇ ਕਰਮ ਦਾ ਪੂਰੀ ਤਰ੍ਹਾਂ ਵਰਨਣ ਮਿਲਦਾ ਹੈ। ਚਾਰ ਯੁਗਾਂ ਦੇ ਨਾ ਇਹ ਹਨ—ਕ੍ਰਿਤ ਯੁਗ ਜਿਸ ਨੂੰ ਸਤਿਯੁਗ ਵੀ ਕਹਿੰਦੇ ਹਨ, ਤ੍ਰੇਤਾ ਯੁਗ, ਦੁਵਾਪਰ ਯੁਗ, ਕਲਿਯੁਗ।

ਹਰ ਯੁਗ ਦੇ ਖ਼ਾਤਮੇ ਉਤੇ ਨੈਤਿਕਤਾ ਤੇ ਸੁਹਜ ਦੀਆਂ ਕਦਰਾਂ ਕੀਮਤਾਂ ਘਟਦੀਆਂ ਜਾਂਦੀਆਂ ਹਨ। ਹਰ ਯੁਗ ਦੀ ਮਿਆਦ ਪਹਿਲੇ ਯੁਗ ਨਾਲੋਂ ਇਕ ਚੌਥਾਈ ਘਟਦੀ ਗਈ ਹੈ। ਇਸ ਦੇ ਨਾਲ ਹੀ ਮਨੁਖ ਦੀ ਉਮਰ, ਕਦ ਬੁਤ ਤੇ ਰਸਿਕਤਾ ਵਿਚ ਵੀ ਇਕ ਚੌਥਾਈ ਖੀਣਤਾ ਆ ਜਾਂਦੀ ਗਈ।

ਯੁਗ ਸਮੇਂ ਦੀ ਇਕ ਵਿਸ਼ੇਸ਼ ਇਕਾਈ ਹੈ। ਪੁਰਾਣਾਂ ਅਨੁਸਾਰ ਕਲਪ ਬ੍ਰਹਮਾ ਦੇ ਇਕ ਦਿਨ ਦੇ ਬਰਾਬਰ ਹੈ। ਉਸ ਦੇ ਇਕ ਹਜ਼ਾਰ ਮਹਾਯੁਗ ਹਨ, ਹਰ ਮਹਾ ਯੁਗ ਚਾਰ ਯੁਗਾਂ ਵਿਚ ਵੰਡਿਆ ਹੋਇਆ ਹੈ। ਕ੍ਰਿਤ (ਸਤਿ), ਤਰੇਤਾ, ਦੁਆਪਰ ਤੇ ਕਲਿਯੁਗ।

ਕ੍ਰਿਤ ਯੁਗ ਵਿਚ ਧਰਮ ਦੀਆਂ ਚਾਰ ਲੱਤਾਂ ਸਨ (ਭਾਵ ਜੀਵਨ ਪੂਰੀ ਤਰ੍ਹਾਂ ਸੰਤੁਲਤ ਸੀ) ਭਾਵ ਇਹੋ ਚਹੁੰਆਂ ਪੱਖਾਂ ਤੋਂ ਸੰਪੂਰਨ ਸੀ ਅਤੇ ਲੋਕਾਂ ਵਿਚ ਸਤਿ, ਦਇਆ, ਭਗਤੀ ਤੇ ਦਾਨ ਦੇ ਚਾਰੇ ਦੈਵੀ ਗੁਣ ਵਿਦਮਾਨ ਸਨ। ਇਸ ਯੁਗ ਵਿਚ ਸਮਾਜਿਕ, ਆਰਥਕ ਤੇ ਅਧਿਆਤਮਿਕ ਜੀਵਨ ਵਿਚ ਪੂਰਾ ਸੰਤੁਲਨ ਸੀ। ਲੋਕਾਂ ਵਿਚ ਕੀਨਾ ਸਾੜਾ ਨਹੀਂ ਸੀ। ਅਸਮਾਨਤਾ ਦਾ ਨਾਂ ਨਿਸ਼ਾਨ ਨਹੀਂ ਸੀ।

ਇਹ ਯੁਗ 1728,000 ਸਾਲ ਰਿਹਾ ਤੇ ਇਸ ਸਮੇਂ ਦਾ ਦੇਵਤਾ ਚਿੱਟੇ ਰੰਗ ਦਾ ਸੀ। ਉਦੋਂ ਕੇਵਲ ਇਕੋ ਵੇਦ ਸੀ।

ਤ੍ਰੇਤੇ ਯੁਗ ਵਿਚ ਧਰਮ ਦੀਆਂ ਤਿੰਨ ਲੱਤਾਂ ਰਹਿ ਗਈਆਂ ਭਾਵ ਦੈਵੀ ਗੁਣਾਂ ਵਿਚੋਂ ਇਕ ਗੁਣ ਘਟ ਗਿਆ। ਲੋਕਾਂ ਦਾ ਜੀਵਨ ਸੰਤੁਲਤ ਨਾ ਰਿਹਾ। ਲੋਭ ਲਾਲਚ ਤੇ ਕਾਮਾਦਿਕ ਆਦਿ ਵਲ ਝੁਕਾ ਹੋ ਗਿਆ, ਪਰ ਲੋਕ ਧਾਰਮਿਕ ਰਹੁ-ਰੀਤਾਂ ਨੂੰ ਪੂਰੀ ਸ਼ਰਧਾ ਨਾਲ ਨਿਬਾਹੁੰਦੇ ਤੇ ਆਪਣੇ ਕਰਤੱਵ ਨੂੰ ਪੂਰੀ ਤਰ੍ਹਾਂ ਪਾਲਦੇ ਸਨ। ਇਸ ਯੁਗ ਦੀ ਉਮਰ 1296,000 ਸਾਲ ਸੀ ਤੇ ਇਸ ਕਾਲ ਦੇ ਦੇਵਤੇ ਦਾ ਰੰਗ ਲਾਲ ਸੀ। ਇਸੇ ਯੁਗ ਵਿਚ ਰਾਮ ਚੰਦਰ ਪੈਦਾ ਹੋਏ।

ਦੁਆਪਰ ਯੁਗ ਵਿਚ ਦੈਵੀ ਗੁਣ ਹੋਰ ਘਟ ਗਏ ਤੇ ਧਰਮ ਦੀਆਂ ਕੇਵਲ ਦੋ ਲੱਤਾਂ ਰਹਿ ਗਈਆਂ। ਕਾਮਾਦਿਕ ਰੁਚੀਆਂ ਵਧਣ ਲਗੀਆਂ। ਮਨੁਖ ਵਿਚ ਦਇਆ, ਸੰਤੋਖ ਭਗਤੀ ਭਾਵਨਾ ਦੇ ਗੁਣ ਸਤਿਯੁਗ ਨਾਲੋਂ ਅੱਧੇ ਰਹਿ ਗਏ। ਇਸ ਕਾਲ ਵਿਚ ਚਾਰ ਵੇਦ ਹੋ ਗਏ ਤੇ ਦੇਵਤੇ ਦਾ ਰੰਗ ਪੀਲਾ ਹੋ ਗਿਆ। ਤ੍ਰੇਤਾ ਤੇ ਦੁਆਪਰ ਵਿਚ ਬ੍ਰਾਹਮਣਾਂ ਦਾ ਬੜਾ ਜ਼ੋਰ ਸੀ। ਦੁਆਪਰ ਦੀ ਉਮਰ 864,000 ਸਾਲ ਮੰਨੀ ਗਈ। ਇਸ ਯੁਗ ਵਿਚ ਕ੍ਰਿਸ਼ਨ ਨੇ ਅਵਤਾਰ ਧਾਰਨ ਕੀਤਾ ਤੇ ਮਹਾਂਭਾਰਤ ਦਾ ਯੁਧ ਹੋਇਆ।

ਕਲਜੁਗ ਅਜੋਕਾ ਯੁਗ ਹੈ। ਇਸ ਯੁਗ ਵਿਚ ਧਰਮ ਦਾ ਪਤਨ ਹੋ ਗਿਆ। ਧਰਮ ਦੀ ਇਕੋ ਲੱਤ ਰਹਿ ਗਈ। ਦੈਵੀ ਗੁਣ ਇਕ ਚੁਥਾਈ ਰਹਿ ਗਏ। ਕਾਮਾਦਿਕ ਰੁਚੀਆਂ ਵਧ ਗਈਆਂ। ਕਲਜੁਗ ਵਿਚ 'ਰੰਨਾਂ ਹੋਈਆਂ ਬੋਧੀਆਂ ਪੁਰਸ਼ ਹੋਏ ਸਯਾਦ' ਅਤੇ ਰਾਜੇ ਸ਼ੀਹ ਤੇ ਮੁਕਦਮ ਕੁਤੇ ਬਣ ਗਏ। ਕਲਜੁਗ ਦੀ ਉਮਰ 432,000 ਸਾਲ ਹੈ। ਇਸ ਦੇ ਦੇਵਤਾ ਦਾ ਰੰਗ ਕਾਲਾ ਹੈ।

ਬ੍ਰਹਿਮੰਡ ਨਿਰਨੇ ਅਨੁਸਾਰ, ਅਸੀਂ ਅਜ ਕਲ੍ਹ ਮੌਜੂਦਾ ਮਹਾਯੁਗ ਦੇ ਕਲਿਜੁਗ ਦੇ ਛੇਵੇਂ ਸਹੰਸਰ ਕਾਲ ਵਿਚ ਵਿਚਰ ਰਹੇ ਹਾਂ। ਇਹ ਵਰਤਮਾਨ ਕਲਪ ਸਾਡੇ ਬ੍ਰਹਮਾ ਦੇ ਜੀਵਨ ਦੇ 51ਵੇਂ ਸਾਲ ਦਾ ਪਹਿਲਾ ਦਿਨ ਹੈ।

(ਯ-21) **ਯੁਗਾਦਿ** :

ਵਿਸਾਖ ਮਹੀਨੇ ਦੇ ਚਾਨਣ ਪੱਖ ਦੀ ਤ੍ਰਿਤੀਆ। ਇਸ ਤਿੱਥ ਨੂੰ 'ਅਖਸ਼ਯ ਤ੍ਰਿਤੀਆ' ਵੀ ਕਿਹਾ ਜਾਂਦਾ ਹੈ। ਪੁਰਾਣਾਂ ਅਨੁਸਾਰ ਇਸ ਦਿਨ ਸਤਿਜੁਗ ਦਾ ਆਰੰਭ ਹੋਇਆ ਸੀ। ਜੇ ਇਹ ਤਿੱਥੀ ਕ੍ਰਿਤਿਕਾ ਤੇ ਰੋਹਿਣੀ ਨਛਤ੍ਰ ਵਿਚ ਹੋਵੇ ਤਾਂ ਇਸ ਦਾ ਮਹਾਤਮ ਹੋਰ ਵਧ ਜਾਂਦਾ ਹੈ। ਭਵਿਸ਼ ਪੁਰਾਣ ਅਨੁਸਾਰ ਇਸ ਤਿੱਥ ਨੂੰ ਰਖਿਆ ਵਰਤ ਤੇ ਕੀਤਾ ਪੁੰਨ ਦਾਨ ਤੇ ਇਸ਼ਨਾਨ, ਕਦੇ ਨਾਸ਼ ਨਹੀਂ ਹੁੰਦਾ ਤੇ ਅਖੈ ਹੈ। ਹਿੰਦੂ ਇਸ ਤਿੱਥ ਨੂੰ, ਪਿਤਰਾਂ ਨੂੰ, ਤਰਪਣ ਤੇ ਪਿੰਡ ਦਾਨ ਕਰਦੇ ਹਨ।

ਭਵਿਸ਼ ਪੁਰਾਣ ਵਿਚ ਇਸ ਤਿੱਥ ਦੇ ਮਹਾਤਮ ਬਾਰੇ ਇਕ ਕਥਾ ਇਉਂ ਦਰਜ ਹੈ :

ਪ੍ਰਾਚੀਨ ਕਾਲ ਵਿਚ ਇਕ ਗ਼ਰੀਬ ਵੈਸ਼ ਸੀ, ਜੋ ਰੱਬ ਤੋਂ ਡਰਨ ਵਾਲਾ ਤੇ ਨਾਮ ਬਾਨੀ ਵਿਚ ਸ਼ਰਧਾ ਰਖਣ ਵਾਲਾ ਸੀ। ਉਸਦਾ ਪਰਿਵਾਰ ਵੱਡਾ ਤੇ ਆਮਦਨੀ ਘਟ ਸੀ, ਸੋ ਉਹ ਦੁਖੀ ਰਹਿੰਦਾ। ਇਕ ਵਾਰ ਉਸਨੇ ਇਸ ਤਿੱਥ ਦੀ ਮਹਿਮਾ ਬਾਰੇ ਸੁਣਿਆ ਤੇ ਇਸ ਤਿੱਥ ਨੂੰ ਵਿਧੀ ਪੂਰਵਕ ਵਰਤ ਰਖਿਆ ਤੇ ਪੁੰਨ ਦਾਨ ਦਿਤਾ। ਉਸ ਗ਼ਰੀਬ ਵੈਸ਼ ਨੇ, ਵਰਤ ਦੇ ਫਲ ਵਜੋਂ, ਅਗਲਾ ਜਨਮ ਕੁਸ਼ਾਵਤੀ ਨਗਰੀ ਵਿਚ ਇਕ ਧਨੀ ਖੱਤਰੀ ਦੇ ਘਰ ਜਨਮ ਮੰਗਿਆ।

ਪਰਸਰਾਮ, ਜਿਸ ਨੇ ਖਤ੍ਰੀਆਂ ਦਾ ਸਰਵਨਾਸ ਕੀਤਾ ਸੀ, ਦੀ ਜਨਮ ਤਿੱਥ ਵੀ ਵਿਸਾਖ ਮਹੀਨੇ ਦੇ ਚਾਨਣ ਪੱਖ ਦੀ ਤ੍ਰਿਤੀਆ ਹੈ (ਵੇਖੋ : ਅਖਸ਼ੈ ਤ੍ਰਿਤੀਆ)।

(ਯ-22) **ਯੂਸਫ** :

ਯੂਸਫ ਜ਼ੁਲੇਖਾ ਕਿੱਸੇ ਦਾ ਨਾਇਕ; ਇਸ ਕਿੱਸੇ ਨੂੰ ਪੰਜਾਬੀ ਵਿਚ ਕਈ ਕਿੱਸਾਕਾਰਾਂ ਨੇ ਰਚਿਆ। ਇਸ ਕਿੱਸੇ ਦੀ ਕਥਾ ਇਬਰਾਨੀ ਮੁੱਢ ਦੀ ਹੈ। ਬਾਈਬਲ

ਅਨੁਸਾਰ ਯੂਸਫ (ਜੋਸਫ) ਯਾਕੂਬ (ਜਾਕਬ) ਦਾ ਪੁੱਤਰ ਅਤੇ ਇਬਰਾਹੀਮ ਦਾ ਪੜਪੋਤਰਾ ਸੀ। ਯਾਕੂਬ ਯੂਸਫ ਨਾਲ ਬੜਾ ਪਿਆਰ ਕਰਦਾ ਸੀ ਤੇ ਇਸ ਗੱਲ ਤੋਂ ਚਿੜ ਕੇ ਯੂਸਫ ਦੇ ਬਾਕੀ ਭਰਾ ਉਸ ਨਾਲ ਕੀਨਾ ਰਖਦੇ ਸਨ। ਯਾਕੂਬ ਨੇ ਇਕ ਸੁਪਨਾ ਵੇਖਿਆ, ਜਿਸ ਵਿਚ ਯੂਸਫ ਬੜੇ ਉਚੇ ਅਹੁਦੇ ਤੇ ਬਿਰਾਜਮਾਨ ਸੀ। ਯੂਸਫ ਨੇ ਇਹ ਸੁਪਨਾ ਆਪਣੇ ਪੁੱਤਰਾਂ ਨੂੰ ਸੁਣਾਇਆ। ਉਨ੍ਹਾਂ ਵਿਚ ਕੀਨਾ ਸਾੜਾ ਹੋਰ ਵਧਿਆ ਅਤੇ ਉਹ ਯੂਸਫ ਨੂੰ ਇਕ ਖੂਹ ਵਿਚ ਸੁਟ ਆਏ। ਫਿਰ ਉਨ੍ਹਾਂ ਨੇ ਯੂਸਫ ਦੇ ਕਪੜੇ ਪਾੜ ਕੇ ਅਤੇ ਲਹੂ ਵਿਚ ਭਿਗੋ ਕੇ ਯਾਕੂਬ ਅਗੇ ਰਖਦਿਆਂ ਕਿਹਾ, "ਉਸਨੂੰ ਕੋਈ ਜੰਗਲੀ ਜਾਨਵਰ ਖਾ ਗਿਆ ਹੈ।"

ਮਗਰੋਂ ਵਪਾਰੀਆਂ ਦਾ ਕੋਈ ਟੋਲਾ, ਯੂਸਫ ਨੂੰ ਖੂਹ ਵਿਚੋਂ ਕਢ ਕੇ ਮਿਸਰ ਲੈ ਗਿਆ ਜਿਥੇ ਉਸਨੂੰ ਪੋਟੀਫਰ ਅਗੇ ਵੇਚ ਦਿਤਾ, ਜੋ ਫਰੋਹ ਦੇ ਰਾਜ ਦਰਬਾਰ ਦਾ ਵੱਡਾ ਅਧਿਕਾਰੀ ਸੀ। ਯੂਸਫ ਨੂੰ ਘਰ ਦੀ ਜ਼ਿੰਮੇਵਾਰੀ ਸੌਂਪੀ ਗਈ ਪਰ ਉਥੇ ਪੋਟੀਫਰ ਦੀ ਪਤਨੀ ਯੂਸਫ ਉਤੇ ਮੋਹਿਤ ਹੋ ਗਈ ਤੇ ਉਸ ਨੇ ਉਸ ਨਾਲ ਆਪਣੀਆਂ ਵਾਸ਼ਨਾਵਾਂ ਦੀ ਪੂਰਤੀ ਚਾਹੀ। ਯੂਸਫ ਦੇ ਇਨਕਾਰ ਕਰਨ ਉਤੇ ਪੋਟੀਫਰ ਨੇ ਉਲਟਾ ਯੂਸਫ ਤੇ ਦੋਸ਼ ਥਪ ਦਿਤਾ ਕਿ ਯੂਸਫ ਨੇ ਇਸ ਦਾ ਧਰਮ ਲੁਟਣਾ ਚਾਹਿਆ ਹੈ। ਯੂਸਫ ਨੂੰ ਬੰਦੀ ਬਣਾ ਲਿਆ ਗਿਆ। ਯੂਸਫ ਵਿਚ ਸੁਫਨਿਆਂ ਦੀ ਵਿਆਖਿਆ ਕਰਨ ਅਥਵਾ ਫਲ ਦੱਸਣ ਦੀ ਯੋਗਤਾ ਸੀ, ਇਸ ਨੇ ਸੁਪਨੇ ਨੂੰ ਵਾਚ ਕੇ ਕਈ ਭਵਿਸ਼ ਬਾਣੀਆਂ ਕੀਤੀਆਂ, ਜੋ ਸੱਚੀਆਂ ਨਿਕਲੀਆਂ।

ਇਕ ਵਾਰ ਮਿਸਰ ਦੇ ਬਾਦਸ਼ਾਹ ਨੂੰ ਇਕ ਅਲੌਕਿਕ ਸੁਪਨਾ ਆਇਆ ਜਿਸ ਵਿਚ ਉਸ ਨੇ ਸੱਤ ਮੋਟੇ ਅਤੇ ਸੱਤ ਦੁਬਲੇ-ਪਤਲੇ ਵੇਖੇ। ਯੂਸਫ ਤੋਂ ਇਸ ਸੁਪਨੇ ਦੀ ਵਿਆਖਿਆ ਕਰਵਾਈ ਗਈ, ਯੂਸਫ ਜਿਸ ਨੇ ਦਸਿਆ ਕਿ ਪਹਿਲੇ ਸੱਤ ਸਾਲ ਭਾਰੀ ਫਸਲ ਹੋਵੇਗੀ ਅਤੇ ਫਿਰ ਸੱਤ ਸਾਲ ਭਿਆਨਕ ਕਾਲ ਪਏਗਾ। ਇਹ ਭਵਿਸ਼ਬਾਣੀ ਬਾਦਸ਼ਾਹ ਨੂੰ ਠੀਕ ਲਗੀ ਅਤੇ ਉਸ ਨੇ ਪ੍ਰਸੰਨ ਹੋ ਕੇ ਯੂਸਫ ਨੂੰ ਰਿਹਾਅ ਕਰ ਦਿਤਾ ਅਤੇ ਆਪਣਾ ਅਹਿਲਕਾਰ ਥਾਪਿਆ।

ਯੂਸਫ ਦੀ ਭਵਿਸ਼ਬਾਣੀ ਸੱਚੀ ਨਿਕਲੀ। ਪਹਿਲੇ ਸੱਤ ਸਾਲ ਭਾਰੀ ਫਸਲ ਹੋਈ। ਯੂਸਫ ਨੇ ਇਨ੍ਹਾਂ ਸਾਲਾ ਵਿਚ ਇਤਨਾ ਅੰਨ ਭੰਡਾਰ ਇਕੱਠਾ ਕਰ ਲਿਆ ਕਿ ਅਗਲੇ ਕਾਲ ਦੇ ਸੱਤ ਸਾਲਾਂ ਦਾ ਅਸਰ ਉਸ 'ਤੇ ਬਹੁਤਾ ਨਾ ਪਿਆ। ਉਸ ਨੇ ਲੋੜਵੰਦਾਂ ਦੀ ਬੜੀ ਸਹਾਇਤਾ ਕੀਤੀ ਅਤੇ ਉਸ ਦੀ ਕੀਰਤੀ ਤੇ ਜਸ ਸਭ ਪਾਸੇ ਫੈਲ ਗਿਆ। ਕਾਲ ਦੇ ਦਿਨੀਂ ਯੂਸਫ ਦੇ ਭਰਾ ਭਾਈ ਮਿਸਰ ਅੰਨ ਖ਼ਰੀਦਣ ਲਈ ਆਏ। ਯੂਸਫ ਨੇ ਉਨ੍ਹਾਂ ਨੂੰ ਪਛਾਣ ਲਿਆ ਅਤੇ ਪਿਉ ਤੇ ਭਰਾਵਾਂ ਨੂੰ ਮਿਸਰ ਵਿਚ ਆਪਣੇ ਕੋਲ ਸੱਦ ਲਿਆ।

ਬਾਈਬਲ ਵਿਚ ਇਹ ਕਥਾ 39ਵੇਂ ਕਾਂਡ ਦੇ ਅੰਤ ਵਿਚ ਦਰਜ ਹੈ।

ਇਹੋ ਕਥਾ ਕੁਰਾਨ ਦੇ 12ਵੇਂ ਸੂਰੇ ਵਿਚ ਦਰਜ ਹੈ। ਕੁਰਾਨ ਤੇ ਬਾਈਬਲ ਦੀ ਕਥਾ ਕਾਫੀ ਮਿਲਦੀ ਜੁਲਦੀ ਹੈ। ਕੁਰਾਨ ਨੇ ਇਸ ਕਥਾ ਦਾ ਪ੍ਰਚਾਰ ਪੂਰਬੀ ਦੇਸ਼ਾਂ ਵਿਚ ਕੀਤਾ ਅਤੇ ਇਹ ਕਥਾ ਸਮਾਂ ਪਾ ਕੇ ਪੂਰਬ ਦੀ ਇਕ ਮਹਾਨ ਕਥਾ ਬਣ ਗਈ ਹੈ। ਕੁਰਾਨ ਵਿਚ ਇਸ ਕਥਾ ਨੂੰ 'ਅਹਸਨੁਲ-ਕਸਿਸ' ਅਥਵਾ ਸਭ ਤੋਂ ਵਧੀਆ ਕਿੱਸਾ ਕਿਹਾ ਗਿਆ ਹੈ।

ਕੁਰਾਨ ਅਨੁਸਾਰ ਮਿਸਰ ਦੇ ਪਾਤਸ਼ਾਹ ਦਾ ਨਾਂ ਕਿਤਫੀਰ ਤੇ ਉਸ ਦੀ ਪਤਨੀ ਦਾ ਨਾਂ ਜ਼ੁਲੇਖਾ ਸੀ। ਇਨ੍ਹਾਂ ਦੇ ਘਰ ਔਲਾਦ ਨਹੀਂ ਸੀ ਹੁੰਦੀ। ਇਨ੍ਹਾਂ ਨੇ ਯੂਸਫ ਨੂੰ ਆਪਣਾ ਮੁਤਬੰਨਾ ਬਣਾ ਲਿਆ, ਪਰ ਯੂਸਫ ਦੀ ਸੁੰਦਰਤਾ ਵੇਖ ਕੇ ਜ਼ੁਲੇਖਾ ਦੇ ਅੰਦਰ ਕਾਮ ਅਗਨੀ ਭੜਕ ਉਠੀ। ਜ਼ੁਲੇਖਾ ਨੇ ਇਕ ਦਿਨ ਕਾਮ ਚੇਸ਼ਟਾ ਵਿਚ ਯੂਸਫ ਨੂੰ ਫੜਨ ਦੀ ਕੋਸ਼ਿਸ਼ ਕੀਤੀ। ਪਰ ਯੂਸਫ ਕਮੀਜ਼ ਛੁਡਾ ਕੇ ਨਸ ਗਿਆ, ਜਿਸ ਕਰ ਕੇ ਉਸਦੀ ਕਮੀਜ਼ ਦਾ ਪਿਛਲਾ ਹਿੱਸਾ ਫਟ ਗਿਆ। ਜ਼ੁਲੇਖਾ ਨੇ ਉਲਟਾ ਯੂਸਫ ਉਤੇ ਦੋਸ਼ ਥਪਿਆ, ਪਰ ਮਗਰੋਂ ਕੁਝ ਸਿਆਣਿਆਂ ਨੇ ਇਹ ਸਿਧ ਕਰ ਦਿਤਾ ਕਿ ਯੂਸਫ ਦੀ ਕਮੀਜ਼ ਪਿਛੋਂ ਫਟੀ ਹੈ ਅਥਵਾ ਯੂਸਫ ਉਦੋਂ ਨਸ ਰਿਹਾ ਸੀ ਜਦੋਂ ਕਿ ਜ਼ੁਲੇਖਾ ਨੇ ਫੜਨ ਦੀ ਕੋਸ਼ਿਸ਼ ਕੀਤੀ।

ਜ਼ੁਲੇਖਾ ਨੇ ਸ਼ਹਿਰ ਦੀਆਂ ਸਭ ਸੁੰਦਰੀਆਂ ਨੂੰ ਇਕ ਭੋਜ ਉਤੇ ਸੱਦ ਕੇ ਉਨ੍ਹਾਂ ਦੇ ਹੱਥਾਂ ਵਿਚ ਛੁਰੀਆਂ ਦਿਤੀਆਂ। ਸਾਹਮਣੇ ਉਸ ਨੇ ਯੂਸਫ ਨੂੰ ਖੜਾ ਕਰ ਦਿਤਾ। ਸਭ ਮੁਟਿਆਰਾਂ ਯੂਸਫ ਨੂੰ ਵਖਦੀਆਂ ਰਹੀਆਂ ਤੇ ਛੁਰੀਆਂ ਨਾਲ ਉਨ੍ਹਾਂ ਨੇ ਮਾਸ ਕੱਟਣ ਦੀ ਥਾਂ ਆਪਣੇ ਹੱਥ ਕਟ ਲਏ।

ਯੂਸਫ ਨੂੰ ਬੰਦੀ ਬਣਾ ਲਿਆ ਗਿਆ। ਅਗੋਂ ਉਹਾ ਬਾਈਬਲ ਵਾਲੀ ਕਥਾ ਚਲਦੀ ਹੈ।

### (ਯ-23) ਯੂਨਸ :

ਇਕ ਪੈਗੰਬਰ, ਹਜ਼ਰਤ ਮੱਤੀਹ ਦਾ ਪੁੱਤਰ; ਰਵਾਇਤ ਹੈ ਕਿ ਯੂਨਸ ਨੂੰ ਇਕ ਵੱਡੀ ਮੱਛੀ ਨਿਗਲ ਗਈ, ਜਿਸ ਦੇ ਪੇਟ ਵਿਚ ਉਹ ਤਿੰਨ ਦਿਨ ਰਿਹਾ ਤੇ ਮਗਰੋਂ ਕਿਸੇ ਜੁਗਤ ਨਾਲ ਬਚ ਕੇ ਨਿਕਲ ਆਇਆ।

"ਯੂਨਸ ਪੇਟ ਮੱਛੀ ਦੇ ਅੰਦਰ
ਅਮਨ ਅਮਾਨ ਬਚਾਇਉਸ"

[ ਸੈਫਲ ਮਲੂਕ ]

**(ਯ-24) ਯੋਗ ਨਿਦ੍ਰਾ :**

ਪੁਰਾਣਾਂ ਅਨੁਸਾਰ ਯੁਗਾਂ ਦੇ ਅੰਤ ਉਤੇ ਜਦੋਂ ਪਰਲੋ ਆਉਂਦੀ ਹੈ ਤਾਂ ਸੰਸਾਰ ਦਾ ਅੰਤ ਹੋ ਜਾਣ ਕਰਕੇ, ਵਿਸ਼ਨੂੰ ਸੁਪਨ ਅਵਸਥਾ ਵਿਚ ਲੀਨ ਹੋ ਜਾਂਦੇ ਹਨ। ਵਿਸ਼ਨੂੰ ਦੀ ਇਸ ਅਵਸਥਾ ਨੂੰ ਯੋਗ ਨਿਦ੍ਰਾ ਕਹਿੰਦੇ ਹਨ। ਇਸੇ ਅਵਸਥਾ ਦਾ ਨਾਉਂ ਚੰਡ ਵੀ ਹੈ।

**(ਯ-25) ਯੋਗਨੀ :**

ਪੁਰਾਣਾਂ ਅਨੁਸਾਰ ਦੁਰਗਾ ਵਲੋਂ ਉਤਪੰਨ ਕੀਤੀਆਂ ਗਈਆਂ ਦੈਂਤਣੀਆਂ, ਜੋ ਉਸ ਦੀ ਤੇ ਕਾਲੀ ਦੀ ਸੇਵਾ ਕਰਦੀਆਂ ਹਨ। ਇਨ੍ਹਾਂ ਦੀ ਗਿਣਤੀ ਪੁਰਾਣਾਂ ਵਿਚ ਇਕਸਾਰ ਨਹੀਂ ਦਿਤੀ ਹੋਈ। ਕੁਝ ਪੁਰਾਣਾਂ ਵਿਚ ਇਨ੍ਹਾਂ ਦੀ ਗਿਣਤੀ ਅੱਠ ਦਿਤੀ ਹੋਈ ਹੈ, ਕਾਲਿਕਾ ਪੁਰਾਣ ਵਿਚ ਚੌਂਸਠ। ਕੁਝ ਪੁਰਾਣਾਂ ਵਿਚ ਇਨ੍ਹਾਂ ਦੀ ਗਿਣਤੀ ਅਠਸਠ ਦਿਤੀ ਹੈ। ਤੰਤਰ ਸ਼ਾਸਤਰ ਵਿਚ ਅੱਠ ਯੋਗਨੀਆਂ ਮੰਨੀਆਂ ਗਈਆਂ ਹਨ (ਵੇਖੋ : ਜੋਗਨੀ)।

ਦੈਂਤਨੀਆਂ ਦੁਰਗਾ ਦੀ ਸੇਵਾ ਵਿਚ ਰਹਿੰਦੀਆਂ ਹਨ ਤੇ ਉਸ ਦੇ ਹਰ ਹੁਕਮ ਦੀ ਪਾਲਣਾ ਕਰਦੀਆਂ ਹਨ। ਯੁਧ ਸਮੇਂ ਜਦੋਂ ਦੁਰਗਾ ਲੜਦੀ ਹੈ ਤੇ ਵੈਰੀਆਂ ਦੇ ਆਹੂ ਲਾਹੁੰਦੀ ਹੈ ਤਾਂ ਯੋਗਨੀਆਂ ਵੈਰੀਆਂ ਦਾ ਲਹੂ ਪੀ ਦੀਆਂ ਹਨ।

ਪੁਰਾਣਾਂ ਵਿਚ ਦਿਤੀਆਂ ਅੱਠ ਯੋਗਨੀਆਂ ਦੇ ਨਾਂ ਹਨ :

ਮਾਰਜਨੀ, ਕਰਪਰਾ ਤਿਲਕਾ, ਅਲਯਗੰਧਿਨੀ, ਕੌਮੁਦਿਕਾ, ਭੇਰੁੰਡਾ, ਮਾਤਾਲੀ, ਨਾਯਕੀ, ਜਯਾ।

ਤੰਤ੍ਰ ਸ਼ਾਸਤਰ ਦੀਆਂ ਅੱਠ ਯੋਗਨੀਆਂ ਦੇ ਨਾਂ ਵਖਰੇ ਹਨ :

ਸੰਕਟਾ, ਮੰਗਲਾ, ਪਿੰਗਲਾ, ਧਨਯਾ, ਭ੍ਰਾਮਰੀ, ਭਦ੍ਰਿਕਾ, ਉਲਕਾ ਅਤੇ ਸਿੱਧਾ।

ਕਾਲਿਕਾ ਪੁਰਾਣ (ਅਧਿਆਇ 52-53) ਵਿਚ ਦਰਜ ਚੌਂਸਠ ਜੋਗਨੀਆਂ ਦੇ ਨਾਂ ਇਹ ਹਨ :

ਬ੍ਰਹਮਾਣੀ, ਚੰਡਿਕਾ, ਰੌਦ੍ਰੀ, ਇੰਦ੍ਰਾਣੀ, ਕੌਮਾਰੀ, ਵੈਸ਼ਨਵੀ, ਦੁਰਗਾ, ਨਾਰਸਿੰਹੀ, ਕਾਲਕਾ, ਚਾਮੁੰਡਾ, ਸ਼ਿਵਦਤੀ, ਵਾਰਾਹੀ, ਕੌਸ਼ਿਕੀ, ਮਹੇਸ਼ਵਰੀ, ਸ਼ਾਂਕਰੀ, ਜਯੰਤੀ, ਸਰਵਮੰਗਲਾ, ਕਾਲੀ, ਕਪਾਲਿਨੀ, ਮੇਘਾ, ਸ਼ਿਵਾ, ਸਾਕੰਭਰੀ, ਭੀਮਾ, ਸ਼ਾਂਤਾ, ਭ੍ਰਾਮਰੀ, ਰੁਦ੍ਰਾਣੀ, ਅੰਬਿਕਾ, ਖਛਮਾ, ਧਾਤ੍ਰੀ, ਸਵਾਹਾ, ਸਵਧਾ, ਅਪਰਨਾ, ਮਹੋਦਰੀ, ਘੋਰ ਰੂਪਾ, ਮਹਾਂਕਾਲੀ, ਭਦ੍ਰਕਾਲੀ, ਭਯੰਕਰੀ, ਖਛੇਸੰਕਰੀ, ਉਗ੍ਰਚੰਡਾ, ਚੰਡੋਗਾ, ਚੰਡਨਾਯਿਕਾ, ਚੰਡਾ, ਚੰਡਵਤੀ, ਚੰਡੀ, ਮਹਾਮੋਹੀ, ਪ੍ਰਿਯੰਕਰੀ, ਬਲਵਿਕਾਰਿਣੀ, ਬਲਪ੍ਰਮਥਿਨੀ, ਮਨੋਂਨਮਥਿਨੀ, ਸਰਵ ਭੂਤਿਦਾਯਨੀ, ਉਮਾ, ਤਾਰਾ ਮਾਤ੍ਰਿਕਾ, ਮਹਾਨਿਦ੍ਰਾ, ਵਿਜਯਾ, ਜਯਾ, ਸ਼ੈਲਪੁਤ੍ਰੀ, ਚੰਡਘੰਟਾ, ਸ੍ਰਕੰਦ, ਮਾਤਾ, ਕਾਲਰਾਤ੍ਰੀ, ਚੰਡਿਕਾ, ਕੁਖਛਮਾਂਡੀ, ਕਾਤਜਾਯਨੀ, ਮਹਾਗੌਰੀ।

ਇਨ੍ਹਾਂ ਵਿਚ ਬਹੁਤ ਸਾਰੇ ਨਾਉਂ ਦੇਵੀ-ਦੁਰਗਾ ਦੀਆਂ ਹੀ ਉਪਾਧੀਆਂ ਹਨ ਅਤੇ ਕਈ ਨਾਂ ਦੂਜੀਆਂ ਦੇਵੀਆਂ ਨਾਲ ਵੀ ਮਿਲਦੇ ਹਨ। ਕਈ ਹੋਰ ਪੁਰਾਣਾਂ ਵਿਚ, ਜੋਗਨੀਆਂ ਦੀ ਗਿਣਤੀ ਭਾਵੇਂ ਚੌਂਸਠ ਹੀ ਹੈ, ਪਰ ਨਾਉਂ ਵਖੋ ਵਖਰੇ ਹਨ। ਕਈ ਪੁਰਾਣਾਂ ਵਿਚ ਅਠਾਹਠ ਯੋਗਨੀਆਂ ਵੀ ਮੰਨੀਆਂ ਗਈਆਂ ਹਨ।

**(ਯ-26) ਯੋਗਨੀ ਇਕਾਦਸ਼ੀ :**

ਹਾੜ ਦੇ ਮਹੀਨੇ ਦੀ ਹਨੇਰੇ ਪੱਖ ਦੀ ਇਕਾਦਸ਼ੀ। ਸ਼ਾਸਤਰਾਂ ਅਨੁਸਾਰ ਇਸ ਇਕਾਦਸ਼ੀ ਨੂੰ ਵਰਤ ਰਖਣ ਨਾਲ ਅਸਾਧ ਰੋਗ ਦੂਰ ਹੋ ਜਾਂਦੇ ਹਨ।

ਇਸ ਇਕਾਦਸ਼ੀ ਦੇ ਮਹਾਤਮ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ :

ਹੇਮ ਮਾਲੀ ਕੁਬੇਰ ਦੇਵਤੇ ਦੀ ਪੂਜਾ ਵਾਸਤੇ, ਹਰ ਰੋਜ਼ ਫੁੱਲਾਂ ਦੀ ਮਾਲਾ ਲਿਆਇਆ ਕਰਦਾ ਸੀ। ਇਕ ਦਿਨ ਉਹ ਆਪਣੀ ਪਤਨੀ ਵਿਸ਼ਾਲਾਖੀ, ਜੋ ਬੜੀ ਸੁੰਦਰ ਤੇ ਸੁਨੱਖੀ ਸੀ, ਦੇ ਪ੍ਰੇਮ ਵਿਚ ਇਤਨਾ ਖੁਭ ਗਿਆ ਕਿ ਫੁੱਲਾਂ ਦੀ ਮਾਲਾ ਚਾੜ੍ਹਨ ਦਾ ਸਮਾਂ ਲੰਘ ਗਿਆ। ਕੁਬੇਰ ਦੇਵਤੇ ਨੇ ਕਰੋਧ ਵਿਚ ਆ ਕੇ ਇਸ ਭੁਲ ਕਾਰਨ ਹੇਮ ਮਾਲੀ ਨੂੰ ਸਰਾਪ ਦੇ ਦਿਤਾ ਤੇ ਉਹ ਕੋਹੜੀ ਹੋ ਗਿਆ। ਹੇਮ ਮਾਲੀ ਨੂੰ ਕੁਬੇਰ ਦੇ ਦਰਬਾਰ ਵਿਚੋਂ ਕਢ ਦਿਤਾ ਗਿਆ ਅਤੇ ਉਹ ਦਰ ਦਰ ਦੀਆਂ ਠੋਕਰਾਂ ਖਾਣ ਲੱਗਾ। ਭਟਕਦਾ ਹੋਇਆ ਉਹ ਮਾਰਕੰਡੇ ਰਿਸ਼ੀ ਦੇ ਆਸ਼ਰਮ ਜਾ ਪੁਜਾ। ਰਿਸ਼ੀ ਨੇ ਉਸ ਦੀ ਸਾਰੀ ਬਿਰਥਾ ਸੁਣ ਕੇ 'ਯੋਗਨੀ ਏਕਾਦਸ਼ੀ' ਉਤੇ ਵਰਤ ਰਖਣ ਲਈ ਕਿਹਾ। ਹੇਮ ਮਾਲੀ ਨੇ ਵਿਧੀ ਪੂਰਵਕ ਵਰਤ ਰਖਿਆ ਤੇ ਉਸ ਦਾ ਕੋਹੜ ਦੂਰ ਹੋ ਗਿਆ। ਉਸਨੂੰ ਕੁਬੇਰ ਦੇ ਦਰਬਾਰ ਵਿਚ ਪੁਰਾਣੇ ਅਧਿਕਾਰ ਮੁੜ ਪ੍ਰਾਪਤ ਹੋ ਗਏ।

**(ਯ-27) ਯੋਗ ਮਾਯਾ :**

ਭਾਗਵਤ ਪੁਰਾਣ ਅਨੁਸਾਰ 'ਯੋਗ ਮਾਯਾ' ਨੰਦ ਤੇ ਯਸ਼ੋਧਾ ਦੀ ਲੜਕੀ ਸੀ। ਜਦੋਂ ਕ੍ਰਿਸ਼ਨ ਦਾ ਜਨਮ ਹੋਇਆ ਤਾਂ ਉਦੋਂ ਕ੍ਰਿਸ਼ਨ ਦਾ ਪਿਤਾ ਪਹਿਰੇਦਾਰਾਂ ਦੀ ਅੱਖ ਬਚਾ ਕੇ ਕ੍ਰਿਸ਼ਨ ਨੂੰ ਗੋਕਲ ਵਿਚ ਨੰਦ ਤੇ ਯਸ਼ੋਧਾ ਕੋਲ ਛੱਡ ਆਇਆ ਅਤੇ ਵਾਪਸੀ ਤੇ ਉਨ੍ਹਾਂ ਦੀ ਆਪਣੀ ਲੜਕੀ ਨਾਲ ਲੈ ਆਇਆ। ਇਸੇ ਕੰਨਿਆਂ ਨੂੰ ਕੰਸ ਨੇ ਵਸੁਦੇਵ ਦੀ ਲੜਕੀ ਸਮਝ ਕੇ, ਪੱਥਰ ਤੇ ਪਟਕਾ ਕੇ ਮਾਰ ਦਿਤਾ ਸੀ। ਇਸ

ਕੰਨਿਆਂ ਦਾ ਨਾਂ ਯੋਗ ਮਾਯਾ ਸੀ ।

ਦੰਦ ਕਥਾ ਅਨੁਸਾਰ ਯੋਗ ਮਾਯਾ ਨੂੰ ਇਕ ਪੱਥਰ ਨਾਲ ਕੰਸ ਨੇ ਪਟਕਾ ਕੇ ਮਾਰਿਆ ਤੇ ਉਸ ਦੇ ਸਰੀਰ ਦੇ ਤਿੰਨ ਹਿੱਸੇ ਹੋ ਗਏ । ਉਸ ਦੀਆਂ ਲੱਤਾਂ ਵਿੰਧੀਆ ਬਣ ਗਈਆਂ ਅਤੇ ਧੜ ਬਿਜਲੀ ਦਾ ਰੂਪ ਧਾਰ ਗਿਆ ਅਤੇ ਉਸ ਦਾ ਸਿਰ ਦਿੱਲੀ ਦੇ ਲਾਗੇ ਮਹਿਰੌਲੀ ਵਿਖੇ ਜਾ ਡਿਗਾ, ਜਿਥੇ ਹੁਣ ਉਸ ਦੇ ਨਾਂ ਦਾ ਮੰਦਰ ਬਣਿਆ ਹੋਇਆ ਹੈ, ਜਿਸ ਨੂੰ 'ਯੋਗ ਮਾਯਾ' ਮੰਦਰ ਕਹਿੰਦੇ ਹਨ । ਇਹ ਮੰਦਰ 150 ਕੁ ਸਾਲ ਪੁਰਾਣਾ ਜਾਪਦਾ ਹੈ, ਪਰ ਖ਼ਿਆਲ ਕੀਤਾ ਜਾਂਦਾ ਹੈ ਕਿ ਯੋਗ ਮਾਯਾ ਦੀ ਪੂਜਾ ਇਸ ਥਾਂ ਪ੍ਰਿਥਵੀ ਰਾਜ ਚੌਹਾਨ ਦੇ ਸਮੇਂ 1170 ਤੋਂ ਕੀਤੀ ਜਾ ਰਹੀ ਹੈ, ਜਦੋਂ ਉਸ ਦਿੱਲੀ ਨੂੰ ਫ਼ਤਹ ਕੀਤਾ । ਪ੍ਰਿਥਵੀ ਰਾਜ ਚੌਹਾਨ ਦੇ ਕਿਲੇ ਦੇ ਖੰਡਰ, ਇਸ ਮੰਦਰ ਤੋਂ ਥੋੜੀ ਜਿਹੀ ਵਿਥ ਉਤੇ ਹਨ । ਇਸ ਮੰਦਰ ਵਿਚ ਇਕ ਕਾਲੇ ਰੰਗ ਦਾ ਪੱਥਰ ਰਖਿਆ ਹੋਇਆ ਹੈ, ਜੋ ਯੋਗ ਮਾਯਾ ਦੇ ਸਿਰ ਦਾ ਪ੍ਰਤੀਕ ਹੈ । ਇਸ ਨੂੰ ਦੋ ਫ਼ੁਟ ਚੌੜੇ ਤੇ ਇਕ ਫ਼ੁਟ ਡੂੰਘੇ ਸੰਗਮਰਮਰ ਦੇ ਟੋਏ ਵਿਚ ਰਖਿਆ ਹੋਇਆ ਹੈ । ਮੰਦਰ ਵਿਚ ਦੀਵਾ ਸਦਾ ਬਲਦਾ ਰਹਿੰਦਾ ਹੈ ।

ਯੋਗ ਮਾਯਾ ਦੁਰਗਾ ਦਾ ਹੀ ਇਕ ਅਵਤਾਰ ਸੀ ।

### (ਯ-28) ਯੋਗਾਸਨ :

ਯੋਗ ਮਤ ਵਿਚ ਸਾਧਨਾ ਲਈ ਕਈ ਤਰ੍ਹਾਂ ਦੇ ਆਸਨ ਪ੍ਰਚਲਤ ਹਨ, ਜਿਨ੍ਹਾਂ ਦੁਆਰਾ ਯੋਗੀ ਆਪਣੇ ਸਰੀਰ ਨੂੰ ਸਾਧਦਾ ਤੇ ਉਸ ਉਤੇ ਪੂਰਾ ਕਾਬੂ ਪਾ ਲੈਂਦਾ ਹੈ । ਯੋਗ ਵਿਚ ਅਭਿਆਸੀ ਲਈ ਆਸਨ ਬੜੇ ਜ਼ਰੂਰੀ ਮੰਨੇ ਗਏ ਹਨ । ਯੋਗ ਸ਼ਾਸਤਰ ਅਨੁਸਾਰ 84 ਆਸਨ ਹਨ । ਇਹ ਆਸਨ ਮੂਲ ਵਿਚ ਪਸ਼ੂ ਪੰਛੀਆਂ ਦੇ ਬੈਠਣ ਦੀਆਂ ਵਿਧੀਆਂ ਤੇ ਪ੍ਰਕਿਰਤੀ ਦੇ ਆਕਾਰਾਂ ਤੋਂ ਲਏ ਗਏ ਹਨ ਜਿਹਾ ਕਿ ਸਿੰਘਾਸਨ ਸ਼ੇਰ ਨਾਲ ਸਬੰਧਿਤ ਹੈ ।

### (ਯ-29) ਯੋਜਨ :

ਫ਼ਾਸਲਾ ਨਾਪਣ ਦਾ ਇਕ ਪ੍ਰਮਾਣ ਜੋ ਪੁਰਾਣੇ ਜ਼ਮਾਨੇ ਵਿਚ ਵਰਤਿਆ ਜਾਂਦਾ ਸੀ । ਚੀਨੀ ਯਾਤ੍ਰੀ ਹਿਉਨ ਸਾਂਗ ਵੇਲੇ ਇਹ ਪ੍ਰਮਾਣ ਆਮ ਵਰਤਿਆ ਜਾਂਦਾ ਸੀ ਤੇ ਉਸ ਨੇ ਆਪਣੀਆਂ ਲਿਖਤਾਂ ਵਿਚ ਅਨੇਕ ਥਾਈਂ ਇਸ ਦਾ ਵਰਨਣ ਕੀਤਾ । ਹਿਉਨ ਸਾਂਗ ਅਨੁਸਾਰ ਯੋਜਨ 40 ਚੀਨੀ ਲੀ ਦੇ ਬਰਾਬਰ ਸੀ । ਕਨਿੰਘਮ 6 ਲੀ ਦਾ ਇਕ ਮੀਲ ਮੰਨਦਾ ਹੈ । ਹਿਉਨ ਸਾਂਗ ਅਨੁਸਾਰ ਯੋਜਨ ਅਠ ਕੋਹ ਜਾਂ ਪੰਜ ਸੌ ਧੁਨਸ਼ ਦੇ ਬਰਾਬਰ ਹੈ, ਇਸ ਹਿਸਾਬ ਨਾਲ ਯੋਜਨ 24000 ਫ਼ੁਟ ਜਾਂ ਸਾਢੇ ਚਾਰ ਮੀਲਾਂ ਤੋਂ ਰਤਾ ਕੁ ਜ਼ਿਆਦਾ ਬਣਦਾ ਹੈ ।

ਮਹਾਨ ਕੋਸ਼ ਅਨੁਸਾਰ ਯੋਜਨ ਦਾ ਮੂਲ ਜੋਤਣਾ ਹੈ । ਪੁਰਾਣੇ ਸਮੇਂ ਬੈਲਾਂ ਦੀ ਇਕ ਜੋਤ ਜਿਥੋਂ ਤੀਕ ਗੱਡਾ ਲੈ ਜਾਂਦੀ ਸੀ, ਉਤਨੀ ਲੰਬਾਈ ਯੋਜਨ ਆਖੀ ਜਾਂਦੀ ਸੀ ।

ਯੋਜਨ ਦਾ ਪ੍ਰਮਾਣ ਸਾਰੇ ਦੇਸ਼ ਵਿਚ ਇਕਸਾਰ ਤੇ ਸਿੱਕੇਬੰਦ ਨਹੀਂ ਸੀ । ਹਰੇਕ ਭੂਗੋਲਿਕ ਖੇਤਰ ਵਿਚ ਇਨ੍ਹਾਂ ਦਾ ਨਾਪ ਵਖੋ ਵਖਰਾ ਸੀ । ਹਿੰਦੂਆਂ ਦੇ ਕਈ ਗ੍ਰੰਥਾਂ ਵਿਚ ਯੋਜਨ ਚਾਰ ਕੋਹ ਜਾਂ ਇਕ ਹਜ਼ਾਰ ਜਾਂ ਦੋ ਹਜ਼ਾਰ ਧੁਨਸ਼ ਦੀ ਲੰਬਾਈ ਦਾ ਮੰਨਿਆ ਗਿਆ ਹੈ । ਲੀਲਾਵਤੀ ਅਨੁਸਾਰ ਬੱਤੀ ਹਜ਼ਾਰ ਹੱਥ ਦਾ ਇਕ ਯੋਜਨ ਹੈ ।

## ਰ

**(ਰ-1) ਰਸਾਇਣ :**
ਧਾਰਨਾ ਹੈ ਕਿ ਜੇ ਕਿਸੇ ਵਟੀ ਨੂੰ 12 ਸਾਲ ਇਕ ਖ਼ਾਸ ਕਰਮ ਪ੍ਰਣਾਲੀ ਵਿਚੋਂ ਲੰਘਾਇਆ ਜਾਵੇ ਤਾਂ ਉਹ ਸੋਨਾ ਪਾਰਸ ਬਣ ਜਾਂਦੀ ਹੈ। ਗਊ ਦੇ ਮੂਤਰ ਨੂੰ ਇਕ ਮਿੱਟੀ ਦੇ ਭਾਂਡੇ ਵਿਚ ਪਾ ਕੇ, ਪੰਜ ਵਰ੍ਹੇ ਤਕ, ਵਟੀ ਨੂੰ, ਉਸ ਵਿਚ ਪਾਈ ਰੱਖਣਾ ਲਾਜ਼ਮੀ ਹੈ। ਹਰ ਦੂਜੇ ਤੀਜੇ ਦਿਨ ਗਊ ਦੇ ਪੁਰਾਣੇ ਮੂਤਰ ਦੀ ਥਾਂ ਨਵਾਂ ਮੂਤਰ ਪਾਣਾ ਚਾਹੀਦਾ ਹੈ। ਫਿਰ ਤਿੰਨ ਵਰ੍ਹੇ ਲਈ, ਇਸ ਵਟੀ ਨੂੰ ਜੜੀਆਂ ਬੂਟੀਆਂ ਪਾ ਕੇ ਗਊ ਦੇ ਗੋਬਰ ਵਿਚ ਲਪੇਟ ਕੇ, ਧਰਤੀ ਵਿਚ ਦਬੋ, ਫਿਰ ਸਵਾ ਵਰ੍ਹੇ ਪਿੱਪਲ ਦੀਆਂ ਜੜ੍ਹਾਂ ਵਿਚ, ਤੇ ਸਵਾ ਵਰ੍ਹਾ ਚੌਰਾਹੇ ਵਿਚ ਦੱਬੀ ਰੱਖੋ; ਫਿਰ ਡੇਢ ਵਰ੍ਹਾ ਇਸ ਨੂੰ ਨਦੀ ਦੇ ਕਿਸੇ ਤੱਟ ਤੇ ਕੁਝ ਬੂਟੀਆਂ ਪਾ ਕੇ ਦੱਬ ਦਿਉ। ਜਦੋਂ ਇਹ ਵਟੀ ਕਢੋਗੇ ਤਾਂ ਇਹ ਪਾਰਸ ਬਣ ਚੁਕੀ ਹੋਵੇਗੀ। ਪਾਰਸ ਜਿਸ ਧਾਤ ਨੂੰ ਛੋਹਵੇ, ਉਹ ਸੋਨਾ ਬਣ ਜਾਂਦੀ ਹੈ।

**(ਰ-2) ਰੱਸੀ ਟੱਪਾ :**
ਕੁੜੀਆਂ ਦੀ ਇਕ ਖੇਡ, ਜਿਸ ਵਿਚ ਦੋ ਕੁੜੀਆਂ ਰੱਸੀ ਨੂੰ ਦੋਹਾਂ ਸਿਰਿਆਂ ਤੋਂ ਫੜ ਕੇ ਘੁਮਾਉਂਦੀਆਂ ਹਨ ਤੇ ਤੀਜੀ ਕੁੜੀ ਟੱਪਦੀ ਹੈ। ਕਈ ਵਾਰ ਦੋ ਕੁੜੀਆਂ ਇਕੱਠੀਆਂ ਟੱਪਦੀਆਂ ਹਨ।

**(ਰ-3) ਰਸੂਲ :**
ਨੱਬੀ, ਪੈਗੰਬਰ ਜੋ ਅੱਲ੍ਹਾ ਦਾ ਸੰਦੇਸ਼ਾ ਲੈ ਕੇ ਲੋਕਾਂ ਪਾਸ ਪਹੁੰਚਾਵੇ। ਮੁਸਲਮਾਨੀ ਅਕੀਦੇ ਅਨੁਸਾਰ, ਸਮੇਂ ਸਮੇਂ ਅੱਲ੍ਹਾ ਦਾ ਪੈਗ਼ਾਮ ਲੈ ਕੇ ਮਹਾਂਪੁਰਖ ਸੰਸਾਰ ਵਿਚ ਆਉਂਦੇ ਰਹੇ ਹਨ। ਉਨ੍ਹਾਂ ਅਨੁਸਾਰ ਹਜ਼ਰਤ ਮੁਹੰਮਦ ਆਖ਼ਰੀ ਰਸੂਲ ਸਨ।

**(ਰ-4) ਰਸੂਲੀਆ :**
ਜਿਸ ਮੁਸਲਮਾਨ ਬੱਚੇ ਦੀ ਜੰਮਣ ਵੇਲੇ, ਕੁਦਰਤ ਵਲੋਂ ਹੀ, ਸੁੰਨਤ ਹੋਈ ਹੋਵੇ, ਉਸਨੂੰ 'ਰਸੂਲੀਆ' ਕਿਹਾ ਜਾਂਦਾ ਹੈ। ਰਸੂਲੀਏ ਦੀ ਸੁੰਨਤ ਦੀ ਰਸਮ ਫਿਰ ਨਹੀਂ ਕੀਤੀ ਜਾਂਦੀ। ਮੁਸਲਮਾਨਾਂ ਦੀ ਧਾਰਨਾ ਹੈ ਕਿ ਜਦੋਂ ਹਜ਼ਰਤ ਮੁਹੰਮਦ ਜੰਮੇ ਸਨ, ਤਾਂ ਉਨ੍ਹਾਂ ਦੀ ਕੁਦਰਤ ਵਲੋਂ ਹੀ ਸੁੰਨਤ ਹੋਈ ਪਈ ਸੀ।

**(ਰ-5) ਰਹਿਤਨਾਮਾ :**
ਉਹ ਗ੍ਰੰਥ ਜਿਸ ਵਿਚ ਸਿੱਖ ਧਰਮ ਦੀ ਰਹਿਤਲ ਦੇ ਨੇਮ ਦਸੇ ਗਏ ਹੋਣ। ਇਸੇ ਗ੍ਰੰਥ ਵਿਚ ਉਨ੍ਹਾਂ ਕਿਰਿਆਵਾਂ ਦਾ ਵੀ ਵਰਨਣ ਮਿਲਦਾ ਹੈ ਜਿਹੜੀਆਂ ਸਿੱਖਾਂ ਲਈ ਵਰਜਨ ਹਨ। ਜੇ ਸਿੱਖ ਤੋਂ ਕਿਸੇ ਰਹਿਤ ਮਰਯਾਦਾ ਦੀ ਉਲੰਘਣਾ ਹੋ ਜਾਵੇ, ਤਾਂ ਉਹ ਸਿੱਖ 'ਤਨਖਾਹੀਆ' ਅਥਵਾ ਧਾਰਮਿਕ ਅਪਰਾਧੀ ਮੰਨਿਆ ਜਾਂਦਾ ਹੈ ਤੇ ਉਸ ਨੂੰ ਰਹਿਤਨਾਮੇ ਅਨੁਸਾਰ ਧਰਮ-ਦੰਡ ਦਿਤਾ ਜਾਂਦਾ ਹੈ, ਜਿਸ ਨੂੰ 'ਤਨਖਾਹ' ਕਿਹਾ ਜਾਂਦਾ ਹੈ।

ਪੰਜਾਬੀ ਵਿਚ ਕਈ ਰਹਿਤਨਾਮੇ ਮਿਲਦੇ ਹਨ, ਜਿਨ੍ਹਾਂ ਵਿਚ ਕੁਝ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ-ਸਿੱਖਾਂ ਦੀ ਕਿਰਤ ਹਨ। ਸਭ ਤੋਂ ਪੁਰਾਣਾ ਰਹਿਤਨਾਮਾ 'ਤਨਖਾਹਨਾਮਾ' ਹੈ ਜੋ ਭਾਈ ਨੰਦ ਲਾਲ ਦਾ ਰਚਿਆ ਮੰਨਿਆ ਗਿਆ ਹੈ। ਭਾਈ ਚੌਪਾ ਸਿੰਘ ਦਾ ਰਹਿਤਨਾਮਾ ਵੀ ਪੁਰਾਣੇ ਰਹਿਤਨਾਮਿਆਂ ਵਿਚੋਂ ਇਕ ਗਿਣਿਆ ਜਾਂਦਾ ਹੈ। ਕਿਉਂ ਜੋ ਭਾਈ ਚੌਪਾ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੇ ਖਿਡਾਵੇ ਸਨ। ਉਹ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਕਾਫ਼ੀ ਨੇੜੇ ਸਨ ਅਤੇ ਹਜ਼ੂਰੀ ਸਿੰਘਾਂ ਵਿਚ ਉਨ੍ਹਾਂ ਦਾ ਕਾਫ਼ੀ ਸਤਿਕਾਰ ਸੀ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਰਹਿਤਨਾਮੇ ਗੁਰੂ ਜੀ ਨੇ ਆਪਣੇ ਹਜ਼ੂਰੀ ਸਿੱਖਾਂ ਤੋਂ ਖ਼ੁਦ ਲਿਖਵਾਏ। ਕੇਸਰ ਸਿੰਘ ਛਿੱਬਰ ਦੇ 'ਬੰਸਾਵਲੀਨਾਮਾ' ਵਿਚ ਗੁਰੂ ਜੀ ਵਲੋਂ ਭਾਈ ਚੌਪਾ ਸਿੰਘ ਤੋਂ ਰਹਿਤਨਾਮਾ ਲਿਖਵਾਨ ਦਾ ਸੰਕੇਤ ਮਿਲਦਾ ਹੈ :

> ਤਿਸ ਰਹਿਤਨਾਮਾ ਲਿਖਿਆ, ਦਿਨ ਤ੍ਰੈ ਚਾਰ ਲਾਈ।
> ਜੋ ਸਿੱਖੀ ਦੀ ਰੀਤ ਆਹੀ ਸਭ ਲਿਖੀ।
> ਜਿਸ ਦੇ ਪੜ੍ਹਿਆ ਪ੍ਰਾਪਤ ਹੋਵੇ ਸਿੱਖੀ। (525)

ਮਹਾਨ ਕੋਸ਼ ਅਨੁਸਾਰ 'ਰਹਿਤਨਾਮਿਆਂ' ਦੇ ਉਹੀ ਵਾਕ ਮੰਨਣ ਯੋਗ ਹਨ, ਜੋ ਗੁਰਬਾਣੀ ਅਤੇ ਭਾਈ ਗੁਰਦਾਸ ਦੀ ਬਾਣੀ ਨਾਲ ਵਿਰੋਧ ਨਾ ਰਖਦੇ ਹੋਣ। ਭਾਈ ਕਾਹਨ ਸਿੰਘ ਸਿੱਖਾਂ ਦੇ ਧਾਰਮਿਕ ਗ੍ਰੰਥਾਂ ਵਿਚ ਜੀਵਨ ਵਿਧੀ ਤੇ ਰਹਿਣੀ ਬਹਿਣੀ ਬਾਰੇ ਮਿਲਦੀਆਂ ਉਕਤੀਆਂ ਨੂੰ ਵੀ, ਰਹਿਤਨਾਮਿਆਂ ਦੇ ਅੰਤਰਗਤ ਮੰਨਦੇ ਹਨ ਤੇ ਉਨ੍ਹਾਂ ਅਨੁਸਾਰ ਨੰਦ ਲਾਲ ਦੀ ਰਚਨਾ; ਸਰਬ ਲੋਹ ਪ੍ਰਕਾਸ਼, ਪ੍ਰੇਮ ਸੁਮਾਰਗ, ਗੁਰ ਸੋਭਾ, ਰਤਨਮਲ ਵਾਜਬੁਲ ਅਰਜ਼, ਮਹਿਮਾ ਪ੍ਰਕਾਸ਼, ਗੁਰ ਬਿਲਾਸ, ਗੁਰ ਪ੍ਰਤਾਪ ਸੂਰਜ, ਰਹਿਤਨਾਮੇ ਹੀ ਹਨ।

ਪੰਡਤ ਭਗਵਾਨ ਸਿੰਘ ਨੇ 'ਬਿਬੇਕ ਵਾਰਧਿ' ਗ੍ਰੰਥ ਵਿਚ 37 ਰਹਿਤਨਾਮੇ ਦਰਜ ਕੀਤੇ ਹਨ। ਇਹ ਪੁਸਤਕ 1876 ਈ: ਵਿਚ ਲਿਖੀ ਗਈ। ਭਾਈ ਕਾਹਨ ਸਿੰਘ ਇਸ ਗ੍ਰੰਥ ਨੂੰ ਮਹੱਤਾ ਨਹੀਂ ਦੇਂਦੇ, ਕਿਉਂ ਜੋ ਲੇਖਕ ਨੇ ਆਪਣੀ ਮਨਮਤ ਮਿਲਾ ਕੇ ਗੁਰਮਤਿ ਦੇ ਲੋਪ ਕਰਨ ਦਾ ਯਤਨ ਕੀਤਾ ਹੈ। ਪੰਡਤ ਭਗਵਾਨ ਸਿੰਘ ਨੇ ਇਕ ਰਹਿਤਨਾਮਾ ਖ਼ੁਦ ਵੀ ਰਚਿਆ ਜਿਸ ਦਾ ਨਾਉਂ 'ਰਹਿਤ ਦਰਪਣ' ਹੈ।

ਭਾਈ ਚੋਪਾ ਸਿੰਘ, ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਤੋਂ ਅੰਮ੍ਰਿਤ ਛਕਿਆ ਸੀ, ਦਾ ਰਹਿਤਨਾਮਾ ਸਭ ਤੋਂ ਵਧ ਪ੍ਰਮਾਣੀਕ ਮੰਨਿਆ ਜਾਂਦਾ ਹੈ। ਹੇਠਾਂ ਇਸ ਵਿਚੋਂ ਕੁਝ ਸਤਰਾਂ ਅਥਵਾ ਰਹਿਤਾਂ ਦਿਤੀਆਂ ਜਾਂਦੀਆਂ ਹਨ :

(867) ਗੁਰੂ ਕਾ ਸਿਖ ਸ਼ਰਾਬ ਕਬੀ ਨ ਪੀਵੇ, ਸਾਖ, 'ਜਿਤ ਪੀਤੇ ਮਤਿ ਦੂਰ ਹੋਇ ਬਰਲੁ ਪਵੈ ਵਿਚ ਆਦਿ।

(868) ਗੁਰੂ ਕਾ ਸਿੱਖ ਕੰਨਯਾ ਨਾ ਮਾਰੇ, ਕੁੜੀਮਾਰ ਨਾਲ ਨਾ ਵਰਤੇ।

(869) ਕੰਨਯਾ ਕਾ ਪੈਸਾ ਨਾ ਖਾਇ।

(870) ਨਾਤਾ ਗੁਰੂ ਕੇ ਸਿੱਖ ਨਾਲ ਕਰੇ।

(871) ਗੁਰੂ ਕਾ ਸਿੱਖ ਜੰਞੂ ਟਿੱਕੇ ਦੀ ਕਾਣ ਨਾ ਕਰੇ।

(872) ਗੁਰੂ ਕਾ ਸਿੱਖ ਗਰੀਬ ਦੀ ਰਸਨਾ ਕੋ ਗੁਰੂ ਕੀ ਗੋਲਕ ਜਾਣੇ।

(873) ਗੁਰੂ ਕਾ ਸਿੱਖ ਭੱਦਣ ਨਾ ਕਰਾਵੇ।

ਇਹ ਬਹੁਤੇ ਵਰਜਨ ਹਨ। ਰਹਿਤਨਾਮਿਆਂ ਵਿਚ, ਕੁਝ ਗੱਲਾਂ, ਜੋ ਸਿੱਖੀ ਜੀਵਨ ਵਿਧੀ ਲਈ ਜ਼ਰੂਰੀ ਹਨ, ਦਾ ਵੀ ਜ਼ਿਕਰ ਹੈ ਜਿਵੇਂ :

(874) ਪ੍ਰਾਣੀ ਕਾ ਸ਼ਰੀਰ ਅੰਤ ਹੋਵੇ ਤਾਂ ਕੀਰਤਨ ਕਰਾਵੇ, ਯਥਾ ਸ਼ਕਤਿ ਸਾਧ ਪ੍ਰਸ਼ਾਦ ਲੇ ਜਾਇ।

(875) ਧਰਮ ਕਿਰਤ ਦੇ ਨਫੇ ਵਿਚੋਂ ਗੁਰੂ ਅਰਥ ਦਸਵੰਧ ਦੇਵੇ।

(877) ਰਸੋਈਆ ਸਿੱਖ ਰਖੇ।

(886) ਗੁਰੂ ਕੀ ਫਤੇ ਮਿਲਣ ਵਖਤ ਬੁਲਾਵੇ।

(887) ਸਿੱਖ ਕੇ ਸੰਕਟ ਕੋ ਜਯੋਂ ਤਯੋਂ ਕਰਕੇ ਦੂਰ ਕਰੇ।

(890) ਗੁਰੂ ਗ੍ਰੰਥ ਸਾਹਿਬ ਦਾ ਭੋਗ ਸ਼ਲੋਕਾਂ ਪਰ ਪਾਵੇ।

(891) ਪਿੰਡ ਵਿਚ ਇਕ ਅਸਥਾਨ ਸਾਧ ਸੰਗਤ ਕਾ ਬਣਾਵਣਾ, ਜਹਾਂ ਸਾਧ ਸੰਗਤ ਇਕਤ੍ਰ ਹੋਵੇ ਅਤੇ ਆਯਾ ਗਯਾ ਬਿਸ੍ਰਾਮ ਕਰੇ।

(892) ਆਗਿਯਾ ਗੁਰੂ ਗ੍ਰੰਥ ਸਾਹਿਬ ਦੀ ਮੰਨਣੀ।

ਤਨਖਾਹੀਆਂ ਬਾਰੇ ਵੀ ਰਹਿਤਨਾਮਿਆਂ ਵਿਚ ਵਰਨਣ ਹੈ :

(900) ਸਿੱਖ ਕਲਫ ਨਾ ਲਗਾਵੇ, ਜੋ ਲਗਾਵੇ ਸੋ ਤਨਖਾਹੀਆ।

(901) ਜੋ ਸਿੱਖ ਚਿਟੇ ਕੇਸ ਚੁਗੇ, ਸੋ ਤਨਖਾਹੀਆ।

(902) ਸਿੱਖ ਕੋ ਦੇਖ ਕੇ ਪਹਿਲੇ ਫਤੇ ਬੁਲਾਏ, ਜੋ ਫਤੇ ਨਾ ਮੰਨੇ ਸੋ ਤਨਖਾਹੀਆ।

(903) ਅਨਅੰਮ੍ਰਿਤੀਏ ਸੇ ਜੋ ਬਰਤੇ ਸੋ ਤਨਖਾਹੀਆ।

(907) ਬਚਨ ਕਰਕੇ ਜੋ ਮੁਕਰੇ, ਸੋ ਤਨਖਾਹੀਆ।

(908) ਦਗਾ ਕਰੇ ਸੋ ਤਨਖਾਹੀਆ।

(ਰ-6) **ਰਹਿਲਾ :**

ਗੁਰਦਾਸਪੁਰ ਜ਼ਿਲੇ ਦਾ ਇਕ ਪਿੰਡ ਰਹਿਲਾ ਹੈ ਜਿਸਦਾ ਨਾਂ ਹੁਣ ਬਦਲ ਕੇ ਹਰਗੋਬਿੰਦਪੁਰ ਰਖਿਆ ਗਿਆ ਹੈ। ਸਵੇਰੇ ਜਾਗ ਕੇ ਰਹਿਲਾ ਦਾ ਪਹਿਲਾ ਉਚਾਰਨ ਕਰਨਾ ਅਸ਼ੁਭ ਹੈ। ਇਸ ਪਿੰਡ ਨੂੰ ਗੁਰੂਆਂ ਦਾ ਸਰਾਪ ਸੀ।

ਜੋ ਕਹੇ ਰਹਿਲਾ, ਉਸਦਾ ਟੱਬਰ ਨਾ ਕਬੀਲਾ।

(ਰ-7) **ਰਕਤਬੀਜ :**

ਇਕ ਅਸੁਰ ਜੋ ਸੁੰਭ ਦੈਂਤ ਦਾ ਸੈਨਾਪਤੀ ਸੀ। ਪੁਰਾਣਾਂ ਅਨੁਸਾਰ ਰਕਤਬੀਜ ਦੇ ਲਹੂ ਦੀਆਂ ਜਿੰਨੀਆਂ ਵੀ ਬੂੰਦਾਂ ਲੜਦਿਆਂ ਹੋਇਆਂ ਧਰਤੀ ਉਤੇ ਡਿਗਦੀਆਂ ਉਤਨੇ ਹੀ ਹੋਰ ਦੈਂਤ ਉਸ ਦੀ ਸਹਾਇਤਾ ਲਈ ਉਤਪੰਨ ਹੋ ਜਾਂਦੇ। ਇਸ ਨੂੰ ਮਾਰਨ ਲਈ ਦੁਰਗਾ ਨੇ ਕਾਲੀ ਦੇਵੀ ਦਾ ਰੂਪ ਧਾਰਨ ਕੀਤਾ ਤੇ ਦੈਂਤ ਦੇ ਲਹੂ ਦੀਆਂ ਬੂੰਦਾਂ ਧਰਤੀ ਉਤੇ ਡਿਗਣ ਤੋਂ ਪਹਿਲਾਂ ਹੀ ਚੂਸ ਲੈਂਦੀ ਰਹੀ। ਇਸ ਦੈਂਤ ਦਾ ਵੇਰਵੇ ਭਰਿਆ ਵਰਨਣ 'ਮਾਰਕੰਡੇਯ ਪੁਰਾਣ' ਵਿਚ ਮਿਲਦਾ ਹੈ।

(ਰ-8) **ਰਕਆਤ :**

ਨਮਾਜ਼ ਪੜ੍ਹਨ ਵੇਲੇ, ਮੁਸਲਮਾਨ ਖੜੇ ਹੋ ਕੇ ਝੁਕਦੇ ਤੇ ਸਿਜਦਾ ਕਰਦੇ ਹਨ, ਇਸ ਕਿਰਿਆ ਸਮੇਂ ਜੋ ਨਮਾਜ਼ ਦਾ ਹਿੱਸਾ ਪੜ੍ਹਿਆ ਜਾਂਦਾ ਹੈ, ਉਸ ਨੂੰ ਰਕਆਤ ਕਿਹਾ ਜਾਂਦਾ ਹੈ।

ਸਭ ਨਮਾਜ਼ਾਂ ਵਿਚ ਇਕ ਸਾਰ ਰਕਾਅਤਾਂ ਨਹੀਂ ਹੁੰਦੀਆਂ। ਸੂਰਜ ਚੜ੍ਹਨ ਤੋਂ ਪਹਿਲਾਂ ਜੋ ਨਮਾਜ਼ ਪੜ੍ਹੀ ਜਾਂਦੀ ਹੈ, ਉਸ ਵਿਚ ਦੋ ਰਕਾਅਤਾਂ ਹਨ। ਦੁਪਹਿਰ ਤੇ ਦੁਪਹਿਰਾਂ ਢੱਲਣ ਵੇਲੇ ਦੀ ਨਮਾਜ਼ ਦੀਆਂ ਚਾਰ ਚਾਰ ਰਕਾਅਤਾਂ ਹਨ, ਸੂਰਜ ਡੁਬਣ ਤੋਂ ਮਗਰੋਂ ਦੀ ਨਮਾਜ਼ ਦੀਆਂ ਤਿੰਨ ਰਕਾਅਤਾਂ ਅਤੇ ਰਾਤ ਦੇ ਪਹਿਲੇ ਪਹਿਰ ਦੀ ਨਮਾਜ਼ ਦੀਆਂ ਚਾਰ ਰਕਾਅਤਾਂ।

ਹਰ ਰਕਾਅਤ ਵੇਲੇ ਸਤ ਕਿਰਿਆਵਾਂ ਕੀਤੀਆਂ ਜਾਂਦੀਆਂ ਤੇ ਨਾਲੋ ਨਾਲ ਯੋਗ ਕਲਮਾ ਪੜ੍ਹਿਆ ਜਾਂਦਾ ਹੈ।

(ਰ-9) **ਰੱਖ** :

ਭੂਤ ਪ੍ਰੇਤ ਤੇ ਬਦ-ਨਜ਼ਰ ਆਦਿ ਤੋਂ ਰਖਿਆ ਕਰਨ ਵਾਲਾ ਕੋਈ ਜੰਤਰ ਮੰਤਰ। ਇਸ ਦਾ ਅਸਰ ਸਰੀਰ ਤੇ ਧਾਰਨ ਕਰਨ ਨਾਲ ਹੁੰਦਾ ਹੈ (ਵੇਖੋ : ਜਾਦੂ ਟੂਣਾ)।

(ਰ-10) **ਰੱਖੜੀ** :

ਰੱਖੜੀ ਦਾ ਤਿਉਹਾਰ ਸਾਵਣ ਮਹੀਨੇ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ। ਇਹ ਭੈਣ ਤੇ ਵੀਰ ਦੇ ਪਿਆਰ ਦਾ ਪ੍ਰਤੀਕ ਬਣ ਗਿਆ ਹੈ। ਪੂਰਨਮਾ ਵਰਗਾ ਸੱਚਾ ਸੁੱਚਾ ਪਿਆਰ, ਬਹੁਰੰਗਾ। ਰੱਖੜੀ ਦੇ ਧਾਗਿਆਂ ਵਿਚ ਪਵਿਤਰ ਤੇ ਸਵਾਰਥ ਰਹਿਤ ਪਿਆਰ ਦੀਆਂ ਭਾਵਨਾਵਾਂ ਲੁਕੀਆਂ ਪਈਆਂ ਹਨ। ਇਸ ਦਿਨ ਭੈਣਾਂ ਭਰਾਵਾਂ ਦੀ ਵੀਣੀ ਉਤੇ ਰੱਖੜੀ ਬੰਨ੍ਹਦੀਆਂ ਹਨ ਜੋ ਰੰਗ-ਬਰੰਗੇ ਰੇਸ਼ਮੀ ਧਾਗਿਆਂ ਜਾਂ ਮੌਲੀ ਦੀ ਬਣੀ ਹੁੰਦੀ ਹੈ। ਰੱਖੜੀ ਬੰਨ੍ਹਣ ਪਿਛੋਂ ਭਰਾ ਦੇ ਮੂੰਹ ਵਿਚ ਕੋਈ ਮਠਿਆਈ ਜਾਂ ਮਿਠੀ ਚੀਜ਼ ਪਾਂਦੀਆਂ ਹਨ ਤੇ ਭਰਾ ਆਪਣੀ ਵਿਤ ਅਨੁਸਾਰ ਕੁਝ ਨਕਦ ਤੇ ਕੁਝ ਸਾਮਿਗਰੀ ਭੇਟਾ ਦੇਂਦੇ ਹਨ। ਕਈ ਗ਼ਰੀਬ ਬ੍ਰਾਹਮਣ ਤੇ ਪ੍ਰੋਹਿਤ ਧਨੀ ਲੋਕਾਂ ਦੇ ਬਾਹਵਾਂ ਉਤੇ ਰੱਖੜੀ ਬੰਨ੍ਹ ਕੇ ਦੱਖਣਾ ਵਜੋਂ ਕੁਝ ਭੇਟਾ ਵਸੂਲ ਕਰਦੇ ਹਨ।

ਰੱਖੜੀ ਦਾ ਰਵਾਜ ਬੜਾ ਪੁਰਾਣਾ ਜਾਪਦਾ ਹੈ। ਪੰਜਾਬ ਸਦਾ ਰਣਤਤੇ ਦਾ ਮੈਦਾਨ ਬਣਿਆ ਰਿਹਾ ਤੇ ਪੁਰਾਣੇ ਸਮਿਆਂ ਵਿਚ ਜਦੋਂ ਭਰਾ ਲੜਾਈ ਨੂੰ ਜਾਂਦੇ ਸਨ, ਤਾਂ ਉਹ ਆਪਣੀਆਂ ਭੈਣਾਂ ਤੋਂ ਰੱਖਾਂ ਜਾਂ ਧਾਗੇ ਬੰਨ੍ਹਾ ਕੇ ਲੜਾਈ ਵਿਚ ਜਾਂਦੇ। ਇਹ ਧਾਗੇ ਉਨ੍ਹਾਂ ਨੂੰ ਜਰਵਾਣਿਆਂ ਤੋਂ ਆਪਣੀਆਂ ਮਾਵਾਂ ਭੈਣਾਂ ਦੀ ਇਜ਼ਤ-ਆਬਰੂ ਬਚਾਣ ਲਈ ਰਣਤਤੇ ਵਿਚ ਜੂਝ ਮਰਨ ਲਈ ਉਤਸਾਹ ਦੇਂਦੇ। ਇਹੋ ਰੱਖਾਂ/ਧਾਗੇ ਸਮੇਂ ਨਾਲ ਰੱਖੜੀ ਦਾ ਰੂਪ ਧਾਰਨ ਕਰ ਗਏ। ਤੇ ਇਹ ਰਸਮ ਇਕ ਤਿਉਹਾਰ ਵਿਚ ਬਦਲ ਗਈ।

ਭੈਣ ਵੀਰ ਨੂੰ ਸੁੱਚੇ ਮੂੰਹ ਰੱਖੜੀ ਬੰਨ੍ਹਦੀ ਹੈ। ਉਹ ਕੁਝ ਮਠਿਆਈ ਭਰਾ ਦੇ ਮੂੰਹ ਲਗਾਂਦੀ ਹੈ ਤੇ ਭਰਾ ਰਾਖੀ ਬੰਨ੍ਹਣ ਉਪਰੰਤ ਭੈਣ ਨੂੰ ਕੁਝ ਦਖਸ਼ਣਾ ਦੇਂਦਾ ਹੈ। ਪਰ ਰਾਖੀ ਬੰਨ੍ਹਣ ਦੀ ਸ਼ਾਸਤ੍ਰੀ ਵਿਧੀ ਇਸ ਪ੍ਰਕਾਰ ਹੈ- ਸਾਵਣ ਦੀ ਪੂਰਨਮਾਸ਼ੀ ਨੂੰ ਸਵੇਰੇ ਇਸ਼ਨਾਨ ਕਰ ਕੇ ਦੇਵਤਾ, ਪਿੱਤਰ ਤੇ ਸਪਤ ਰਿਸ਼ੀਆਂ ਦਾ ਤਰਪਣ ਕੀਤਾ ਜਾਵੇ। ਫਿਰ ਊਨੀ ਜਾਂ ਸੂਤੀ ਕਪੜਾ ਲੈ ਕੇ, ਉਸ ਵਿਚ ਚਾਵਲ ਬੰਨ੍ਹ ਕੇ, ਪੋਟਲੀ ਜਿਹੀ ਬਣਾ ਕੇ, ਉਸ ਨੂੰ ਹਲਦੀ ਜਾਂ ਕੇਸਰ ਵਿਚ ਰੰਗ ਕੇ ਇਕ ਭਾਂਡੇ ਵਿਚ ਰੱਖ ਦਿਤਾ ਜਾਵੇ। ਘਰ ਨੂੰ ਗਊ ਦੇ ਗੋਹੇ ਨਾਲ ਲੇਪ ਦੇ ਕੇ ਉਪਰ ਚੌਕ ਪੂਰਿਆ ਜਾਵੇ, ਤੇ ਉਸ ਉਪਰ ਕਲਸ਼ ਦੀ ਸਥਾਪਨਾ ਕੀਤੀ ਜਾਵੇ। ਇਸ ਕਲਸ਼ ਨੂੰ ਅੰਨ ਨਾਲ ਭਰਿਆ ਰਖਣਾ ਚਾਹੀਦਾ ਹੈ ਤੇ ਕਲਸ਼ ਦੇ ਉਪਰ ਪੀਲੇ ਕਪੜੇ ਵਿਚ ਬੱਝੀਆਂ ਇਕ ਜਾਂ ਵਧੀਕ ਚਾਵਲ ਦੀਆਂ ਪੋਟਲੀਆਂ ਹੋਣੀਆਂ ਚਾਹੀਦੀਆਂ ਹਨ। ਜਜਮਾਨ ਪੂਰਬ ਵਲ ਮੂੰਹ ਕਰ ਕੇ ਕਲਸ਼ ਕੋਲ ਬੈਠੇ ਤੇ ਉਸ ਦੀ ਪੂਜਾ ਕਰੇ। ਪੂਜਾ ਕਰਨ ਵੇਲੇ ਚਾਵਲ ਦੀ ਪੋਟਲੀ ਵਿਚ, ਕੁਝ ਚਾਵਲ ਪੀਲੇ ਕਪੜੇ ਨੂੰ ਜਜਮਾਨ ਦੇ ਸੱਜੇ ਹੱਥ 'ਤੇ ਬੰਨ੍ਹਿਆ ਜਾਵੇ ਤੇ ਇਸ ਪਿਛੋਂ ਉਥੇ ਬੈਠੇ ਹੋਰ ਲੋਕਾਂ ਦੇ ਹੱਥਾਂ ਉਤੇ ਵੀ ਬੰਨ੍ਹਣ ਸਮੇਂ ਮੰਤ੍ਰਾਂ ਦਾ ਉਚਾਰਨ ਕੀਤਾ ਜਾਵੇ। ਇਸ ਵਿਧੀ ਨਾਲ ਬੰਨ੍ਹੀ ਰਾਖੀ ਦੀ ਮਹੱਤਾ ਸ਼ਾਸਤਰਾਂ ਵਿਚ ਲਿਖੀ ਮਿਲਦੀ ਹੈ। ਅਜਿਹੀ ਰਾਖੀ ਸਭ ਰੋਗਾਂ ਤੋਂ ਸਾਲ ਭਰ ਮੁਕਤ ਕਰ ਦਿੰਦੀ ਹੈ।

ਕਈ ਲੋਕ ਰੱਖੜੀ ਵਾਲੇ ਦਿਨ ਘਰ ਨੂੰ ਸਜਾਂਦੇ ਹਨ। ਦੀਵਾਰ ਉਤੇ ਕਈ ਚਿਤਰ ਦੇਵੀ ਦਿਉਤੇ ਦੇ ਉਲੀਕਦੇ ਹਨ। ਘਰ ਵਿਚ ਸੇਵੀਆਂ ਜਾਂ ਖੀਰ ਰਿੰਨ੍ਹੀ ਜਾਂਦੀ ਹੈ।

ਰੱਖੜੀ ਬੰਨ੍ਹਣ ਸਬੰਧੀ ਇਕ ਕਥਾ ਪੁਰਾਣਾਂ ਵਿਚ ਮਿਲਦੀ ਹੈ, ਜੋ ਕ੍ਰਿਸ਼ਨ ਮਹਾਰਾਜ, ਪਾਂਡਵ ਦੇ ਪੁੱਤਰ ਯੁਧਿਸ਼ਟਰ ਨੂੰ ਸੁਣਾਉਂਦੇ ਹਨ। ਪੂਰਵ ਕਾਲ ਵਿਚ ਜਦੋਂ ਦੇਵਤਿਆਂ ਤੇ ਅਸੁਰਾਂ ਵਿਚ ਭਿਆਨਕ ਯੁੱਧ ਹੋ ਰਿਹਾ ਸੀ, ਦੇਵਤਿਆਂ ਦਾ ਸਾਹਸ ਮੁਕਦਾ ਜਾ ਰਿਹਾ ਸੀ ਤੇ ਅਸੁਰ ਜਿੱਤੀ ਜਾ ਰਹੇ ਸਨ ਤਾਂ ਇਕ ਅਜਿਹਾ ਸਮਾਂ ਆਇਆ ਜਦੋਂ ਇੰਦਰ ਅਮਰਾਵਤੀ ਤੋਂ ਨਸਣ ਲਈ ਤਿਆਰ ਹੋ ਗਿਆ ਤਾਂ ਇੰਦਰਾਣੀ ਨੇ ਕਿਹਾ ਕਿ ਮੈਂ ਇਕ ਅਜਿਹਾ ਉਪਾਅ ਜਾਣਦੀ ਹਾਂ ਜਿਸ ਦੇ ਕਰਨ ਨਾਲ ਤੁਹਾਡੀ ਜਿੱਤ ਅਵੱਸ਼ ਹੋਵੇਗੀ। ਅਗਲੇ ਦਿਨ ਸਾਵਣ ਦੀ ਪੂਰਨਮਾਸ਼ੀ ਸੀ, ਉਸ ਨੇ ਰਾਖੀ ਤਿਆਰ ਕਰ ਕੇ ਇੰਦਰ ਦੇ ਸੱਜੇ ਹੱਥ ਉਤੇ ਬੰਨ੍ਹ ਦਿਤੀ ਤੇ ਇਸ ਨਾਲ ਦੇਵਤਿਆਂ ਵਿਚ ਨਵਾਂ ਉਤਸਾਹ ਤੇ ਸਾਹਸ ਜਾਗ ਉਠਿਆ ਤੇ ਦੇਵਤਿਆਂ ਦੀ ਜਿੱਤ ਹੋ ਗਈ।

ਜੈਨੀ ਇਸ ਦਿਨ ਜੈਨੀ ਸਾਧੂਆਂ ਤੇ ਮੁਨੀਆਂ ਦੀ ਪੂਜਾ ਵੀ ਕਰਦੇ ਹਨ, ਖ਼ਾਸ ਕਰ ਕੇ ਵਿਸ਼ਨੂੰ ਕੁਮਾਰ ਮੁਨੀ ਦੀ। ਉਨ੍ਹਾਂ ਦੀ ਕਥਾ ਪੜ੍ਹੀ ਜਾਂਦੀ ਹੈ ਤੇ ਫਿਰ ਰੱਖੜੀ ਬੰਨ੍ਹੀ ਜਾਂਦੀ ਹੈ।

**(ਰ-11) ਰੰਗ :**

ਰੰਗਾਂ ਨਾਲ ਕਈ ਤਰ੍ਹਾਂ ਦੇ ਭਰਮ ਵਹਿਮ ਤੇ ਮਨੌਤਾਂ ਜੁੜੀਆਂ ਹੋਈਆਂ ਹਨ। ਅਥਰਵ ਵੇਦ ਅਨੁਸਾਰ ਪ੍ਰਾਚੀਨ ਕਾਲ ਵਿਚ ਹਿੰਦੂਆਂ ਦਾ ਵਿਸ਼ਵਾਸ ਸੀ ਕਿ ਨੀਲੇ ਤੇ ਲਾਲ ਰੰਗ ਦਾ ਜਿਥੇ ਮੇਲ ਹੋਵੇ ਉਥੇ ਟੂਣੇ ਟੱਪੇ ਦਾ ਅਸਰ ਛੇਤੀ ਹੁੰਦਾ ਹੈ। ਜਾਦੂ ਤੇ ਬਦ-ਨਜ਼ਰ ਤੋਂ ਰਖਿਆ ਲਈ ਰੰਗਾਂ ਦੀ ਖ਼ਾਸ ਮਹੱਤਾ ਹੈ। ਕਾਲਾ ਰੰਗ ਬਦ-ਨਜ਼ਰ ਤੋਂ ਰਖਿਆ ਕਰਦਾ ਹੈ। ਬੱਚੇ ਨੂੰ ਨਜ਼ਰ ਤੋਂ ਬਚਾਣ ਲਈ ਉਸ ਦੇ ਮੱਥੇ 'ਤੇ ਕਾਲੇ ਰੰਗ ਨਾਲ ਨਿਸ਼ਾਨ ਲਗਾ ਦਿਤਾ ਜਾਂਦਾ ਹੈ। ਨਵੇਂ ਮਕਾਨ ਨੂੰ ਨਜ਼ਰ ਤੋਂ ਬਚਾਣ ਲਈ ਉਸ ਦੇ ਬਾਹਰ ਕਾਲੀ ਕੂੰਨੀ ਉਤੇ ਡਰਾਉਣਾ ਨਕਸ਼ਾ ਚਿਤਰ ਕੇ ਲਟਕਾ ਦਿਤਾ ਜਾਂਦਾ ਹੈ।

ਲਾਲ ਤੇ ਪੀਲਾ ਰੰਗ ਉਪਜਾਇਕਤਾ ਦਾ ਬੋਧਿਕ ਹੈ। ਵਿਆਹ ਸ਼ਾਦੀ ਸਮੇਂ ਇਨ੍ਹਾਂ ਰੰਗਾਂ ਦੀ ਵਧੇਰੇ ਵਰਤੋਂ ਕੀਤੀ ਜਾਂਦੀ ਹੈ। ਵਿਆਹ ਸਮੇਂ ਲਾੜ੍ਹਾ ਕੇਸਰੀ ਰੰਗ ਦੀ ਪੱਗੜੀ ਬੰਨ੍ਹਦਾ ਹੈ ਅਤੇ ਦੁਲ੍ਹਨ ਲਾਲ ਰੰਗ ਦਾ ਦੁਪੱਟਾ ਲੈਂਦੀ ਹੈ ਜੋ ਮੁਹੱਬਤ, ਸਾਹਸ, ਦ੍ਰਿੜਤਾ ਦਾ ਪ੍ਰਤੀਕ ਹੈ।

ਕੁਝ ਰੰਗ ਧਰਮਾਂ ਨਾਲ ਵੀ ਜੁੜ ਗਏ ਹਨ। ਹਜ਼ਰਤ ਮੁਹੰਮਦ ਦੀ ਵੰਸ਼ ਦੇ ਲੋਕ ਹਰਾ ਰੰਗ ਵਧੇਰੇ ਪਹਿਨਦੇ ਹਨ। ਇਸ ਦੇ ਉਲਟ ਉਹ ਲਾਲ ਰੰਗ ਦੇ ਵਸਤਰ ਕਦੇ ਨਹੀਂ ਪਹਿਨਦੇ। ਮੁਸਲਮਾਨ ਨੀਲਾ ਰੰਗ ਵਧੇਰੇ ਪਸੰਦ ਕਰਦੇ ਹਨ। ਇਹ ਆਕਾਸ਼ ਦਾ ਰੰਗ ਹੈ। ਹਿੰਦੂਆਂ ਤੇ ਬੋਧੀਆਂ ਦਾ ਵਿਸ਼ੇਸ਼ ਰੰਗ ਲਾਲ ਤੇ ਭਗਵਾ ਹੈ। ਸਿੱਖਾਂ ਵਿਚ ਨੀਲੇ ਰੰਗ ਨੂੰ ਧਾਰਮਿਕ ਮਹੱਤਾ ਪ੍ਰਾਪਤ ਹੈ।

**(ਰ-12) ਰੰਗਪੁਰ :**

ਹੀਰ ਦੇ ਸਹੁਰਿਆਂ ਦਾ ਪਿੰਡ, ਜੋ ਮੁਜ਼ਫਰਗੜ੍ਹ ਜ਼ਿਲੇ ਦੇ ਉਤਰ ਪੂਰਬ ਵਲ ਹੈ ਤੇ ਇਸ ਦੀ ਸੀਮਾ ਝੰਗ ਜ਼ਿਲੇ ਦੇ ਨਾਲ ਲਗਦੀ ਹੈ। ਇਸ ਪਿੰਡ ਨੂੰ ਰੰਗਪੁਰ ਖੇੜਿਆਂ ਵੀ ਕਿਹਾ ਜਾਂਦਾ ਹੈ। ਹੀਰ ਰੰਗਪੁਰ ਦੇ ਇਕ ਖੇੜੇ ਜੱਟ ਸੈਦੇ ਨਾਲ ਵਿਆਹੀ ਗਈ ਸੀ। ਰਾਂਝਾ ਜੋਗੀ ਬਣ ਕੇ ਇਥੇ ਆਇਆ ਤੇ ਹੀਰ ਨੂੰ ਕਢ ਕੇ ਲੈ ਗਿਆ ਸੀ।

**(ਰ-13) ਰੰਘੜ, ਰੰਗੜ :**

ਉਹ ਰਾਜਪੂਤ, ਜਿਨ੍ਹਾਂ ਨੇ ਹਿੰਦੂ ਧਰਮ ਤਿਆਗ ਕੇ, ਇਸਲਾਮ ਮਤ ਧਾਰਨ ਕਰ ਲਿਆ ਹੋਵੇ। ਗਲਾਸਰੀ (3,322) ਅਨੁਸਾਰ ਇਹ ਘ੍ਰਿਣਾ-ਬੋਧਿਕ ਸ਼ਬਦ ਹੈ ਅਤੇ ਹਿੰਦੂਆਂ ਵਲੋਂ ਮੁਸਲਮਾਨ ਰਾਜਪੂਤਾਂ ਲਈ ਵਰਤਿਆ ਜਾਂਦਾ ਰਿਹਾ ਹੈ। ਜੇ ਕੋਈ ਹਿੰਦੂ ਚੋਹਾਨ ਰਾਜਪੂਤ ਮੁਸਲਮਾਨ ਹੋ ਜਾਵੇ ਤਾਂ ਉਹ ਚੋਹਾਨ ਰਾਜਪੂਤ ਹੀ ਰਹੇਗਾ, ਪਰ ਉਸ ਦੇ ਹਿੰਦੂ ਸਮਜਾਤੀ, ਉਸ ਨੂੰ ਰੰਘੜ ਕਹਿਣਗੇ। ਜੌਨ ਬੀਮ ਦਾ ਮੱਤ ਹੈ ਕਿ ਰੰਘੜ ਸ਼ਬਦ ਸੰਸਕ੍ਰਿਤ ਦੇ ਧਾਤੂ 'ਰਣ' ਤੋਂ ਬਣਿਆ ਅਤੇ ਯੋਧੇ ਦਾ ਬੋਧਿਕ ਹੈ। ਟਾਡ 'ਏਸ਼ਿਆਟਿਕ ਜਰਨਲ' (ਫਰਵਰੀ 1838, ਪੰਨਾ 107) ਵਿਚ ਲਿਖਦਾ ਹੈ ਕਿ ਰੰਗੜੀ ਜਾਂ ਰੰਗੜਾ ਇਕ ਉਪਾਧੀ ਹੈ ਜੋ ਰਾਜਪੂਤ ਮੁਖੀਆਂ ਲਈ ਵਰਤੀ ਜਾਂਦੀ ਹੈ, ਇਸ ਨਾਂ ਦਾ ਮੂਲ ਰਿੰਗਾ ਹੈ ਜਿਸ ਦੇ ਅਰਥ ਰਣ ਦਾ ਮੈਦਾਨ ਹੈ। ਰੋਹਤਕ ਦੇ ਜ਼ਿਲੇ ਵਿਚ ਰੰਘੜ ਸ਼ਬਦ ਹਿੰਦੂ ਤੇ ਮੁਸਲਮਾਨ ਰਾਜਪੂਤਾਂ, ਦੋਹਾਂ ਲਈ ਵਰਤ ਲਿਆ ਜਾਂਦਾ ਹੈ ਜਿਸ ਤੋਂ ਜਾਪਦਾ ਹੈ ਕਿ ਇਹ ਮੁੱਢ ਵਿਚ ਇਕ ਉਪਾਧੀ ਹੀ ਸੀ, ਜੋ ਮਗਰੋਂ ਘ੍ਰਿਣਾ ਦੇ ਅਰਥਾਂ ਵਿਚ ਕੇਵਲ ਮੁਸਲਮਾਨ ਰਾਜਪੂਤਾਂ ਲਈ ਹੀ ਵਰਤੀ ਜਾਣ ਲੱਗੀ।

ਪੰਜਾਬ ਦੇ ਅਖਾਣਾਂ ਵਿਚ ਰੰਘੜਾਂ ਨੂੰ ਬੜਾ ਨਿੰਦਿਆ ਗਿਆ ਅਤੇ ਇਨ੍ਹਾਂ ਨੂੰ ਲੋਭੀ, ਕਪਟੀ ਤੇ ਅਕ੍ਰਿਤਘਣ ਦਸਿਆ ਗਿਆ ਹੈ :

ਰੰਘੜ ਮਿਤ ਨਾ ਕੀਜੀਏ, ਐ ਕੰਤ ਨਿਦਾਨ
ਭੁੱਖਾ ਰੰਘੜ ਧਨ ਹੜੇ ਰੱਜਾ ਹੜੇ ਪਰਾਣ।

ਦੱਖਣ ਪੂਰਬੀ ਪੰਜਾਬ ਵਿਚ ਰੰਘੜ ਪਸ਼ੂਆਂ ਦੀ ਚੋਰੀ ਵਿਚ ਬੜੇ ਮਾਹਿਰ ਹਨ ਅਤੇ ਪਸ਼ੂਆਂ ਨੂੰ ਚੁਰਾ ਕੇ ਅਗੇ ਤੋਂ ਅਗੇ ਤੋਰਦੇ ਜਾਂਦੇ ਹਨ। ਜੇ ਕੋਈ ਪਸ਼ੂ ਫੜਿਆ ਵੀ ਜਾਵੇ ਤਾਂ ਵੀ ਇਹ ਮਾਲਕ ਤੋਂ ਕੁਝ ਰਕਮ ਜਿਸ ਨੂੰ 'ਭੁੰਗਾ' ਕਹਿੰਦੇ ਹਨ, ਉਹ ਲਏ ਇਨਾਂ ਪਸ਼ੂ ਹਵਾਲੇ ਨਹੀਂ ਕਰਦੇ। ਭੁੰਗਾ ਉਹ ਆਪੋ ਵਿਚ ਵੰਡ ਲੈਂਦੇ ਹਨ। ਇਹ ਭੇਟ ਗੁਗਾ ਪੀਰ ਨੂੰ ਪਹੁੰਚੀ ਮੰਨਦੇ ਹਨ, ਪਰ ਬਹੁਤੇ ਰੰਘੜ ਦੇਵੀ ਸ਼ਕਤੀ ਨੂੰ ਪੂਜਦੇ ਹਨ।

**(ਰ-14) ਰਘੂ :**

ਇਕ ਸੂਰਜਵੰਸ਼ੀ ਰਾਜਾ ਜੋ ਸੁਦਖਿਣਾ ਦੇ ਉਦਰ ਤੋਂ ਦਲੀਪ ਦਾ ਪੁੱਤਰ ਸੀ। ਇਹ ਅੱਜ ਦਾ ਪਿਤਾ ਅਤੇ ਰਾਮਚੰਦਰ ਦਾ ਪੜਦਾਦਾ ਸੀ। ਰਘੂ ਤੋਂ ਹੀ ਇਸ ਦੀ ਵੰਸ਼ ਦਾ ਨਾਂ ਰਘੂ ਵੰਸ਼ ਪ੍ਰਸਿਧ ਹੋਇਆ ਅਤੇ ਰਾਮ ਦਾ ਰਘੂਪਤੀ ਜਾਂ ਰਾਘਵ ਨਾਂ।

**(ਰ-15) ਰੱਜਬ :**

(ੳ) ਇਸਲਾਮ ਮਤ ਅਨੁਸਾਰ ਬਹਿਸ਼ਤ ਦੀ ਇਕ ਨਦੀ, ਜਿਸ ਦਾ ਪਾਣੀ ਬੜਾ ਠੰਢਾ, ਨਿਰਮਲ ਤੇ ਮਿੱਠਾ ਹੈ। ਇਸ ਨਦੀ ਦਾ ਪਾਣੀ ਮਰਨ ਉਪ੍ਰੰਤ ਕੇਵਲ ਉਨ੍ਹਾਂ ਮੁਸਲਮਾਨਾਂ ਨੂੰ ਨਸੀਬ ਹੋਵੇਗਾ, ਜੋ ਰੱਜਬ ਦੇ ਮਹੀਨੇ ਰੋਜ਼ੇ ਰਖਣਗੇ। ਇਸੇ ਲਈ ਰੱਜਬ ਦੇ ਮਹੀਨੇ ਦੀ 13ਵੀਂ, 14ਵੀਂ ਅਤੇ 15ਵੀਂ ਤਿੱਥ ਨੂੰ ਰੋਜ਼ੇ ਦਾ ਬੜਾ ਮਹੱਤਵ ਮੰਨਦੇ ਹਨ।

(ਅ) ਹਿਜਰੀ ਜਾਂ ਮੁਸਲਮਾਨੀ ਵਰ੍ਹੇ ਦਾ ਸਤਵਾਂ ਮਹੀਨਾ। ਇਸ ਮਹੀਨੇ ਮੁਸਲਮਾਨ ਜ਼ਕਾਤ ਦੇਂਦੇ ਹਨ। ਮੁਸਲਮਾਨੀ ਸ਼ਰ੍ਹਾ ਅਨੁਸਾਰ ਹਰ ਸਰਦੇ ਪੁਜਦੇ ਮੁਸਲਮਾਨ ਨੂੰ ਆਪਣੀ ਜਾਇਦਾਦ, ਧਨ, ਗਹਿਣੇ, ਪਸ਼ੂ, ਜ਼ਮੀਨ ਤੇ ਨਕਦੀ ਦਾ ਅਨੁਮਾਨ ਲਗਾ ਕੇ ਕੁਲ ਪੂੰਜੀ ਦਾ ਢਾਈ ਫੀ ਸਦੀ ਗ਼ਰੀਬਾਂ, ਰੋਗੀਆਂ, ਵਿਧਵਾਵਾਂ ਤੇ ਯਤੀਮਾਂ ਵਿਚ ਦਾਨ ਕਰਨਾ ਚਾਹੀਦਾ ਹੈ। ਇਹ ਜ਼ਕਾਤ ਰੱਜਬ ਦੇ ਮਹੀਨੇ ਹੀ ਦਿਤੀ ਜਾਂਦੀ ਹੈ। ਲੋਕਾਂ ਦਾ ਨਿਸਚਾ ਹੈ ਕਿ ਜ਼ਕਾਤ ਦੇਣ ਨਾਲ, ਉਨ੍ਹਾਂ ਦੀ ਸਭ ਪੂੰਜੀ ਤੇ ਜਾਇਦਾਦ ਪਾਕ ਹੋ ਜਾਂਦੀ ਹੈ ਤੇ ਉਸ ਵਿਚ ਬਰਕਤ ਵਧ ਜਾਂਦੀ ਹੈ। ਵਿਸ਼ਵਾਸ ਹੈ ਕਿ ਦਿਆਨਤਦਾਰੀ ਨਾਲ ਜ਼ਕਾਤ ਦੇਣ ਵਾਲਿਆਂ ਦੇ ਕੰਮ ਕਾਰ ਵਿਚ ਵਾਧਾ ਹੁੰਦਾ ਹੈ।

(ਰ-16) **ਰੰਡਾ** :

ਰੰਡੇ ਬਾਰੇ ਪੰਜਾਬੀ ਵਿਚ ਕਈ ਟੱਪੇ ਤੇ ਗੀਤ ਮਿਲਦੇ ਹਨ। ਕੁਝ ਟੱਪਿਆਂ ਵਿਚ ਤਾਂ ਮੁਟਿਆਰਾਂ ਦੀ ਰੰਡੇ ਨਾਲ ਵਿਆਹੇ ਜਾਣ ਦੀ ਲਾਲਸਾ ਪ੍ਰਗਟ ਕੀਤੀ ਗਈ ਹੈ; ਕਿਉਂਜੋ ਲੋਕਾਂ ਦਾ ਵਿਚਾਰ ਹੈ ਕਿ ਰੰਡਾ ਆਪਣੀ ਪਤਨੀ ਨੂੰ ਦੂਜਿਆਂ ਨਾਲੋਂ ਵਧੇਰੇ ਪਿਆਰ ਕਰਦਾ ਹੈ :

ਜੇ ਮੈਂ ਹੋਵਾਂ ਰੰਡੇ ਦੀ ਤ੍ਰੀਮਤ
ਰੰਡਾ ਪਾਏ ਮੇਰੀ ਬਹੁਤੀ ਕੀਮਤ
ਵੇ ਰੰਡੇ ਨੂੰ ਰੰਨ ਪਿਆਰੀ ਆ।

ਇਕ ਹੋਰ ਲੋਕ ਗੀਤ ਹੈ :

ਫਿਰ ਫਿਰ ਡੰਡਿਆ
ਕੋਈ ਹੋਵੇ ਰੰਡਿਆ
ਰੰਡੇ ਦੇ ਘਰ ਜਾਵਾਂ
ਆਪੇ ਕੱਢਾਂ ਆਪੇ ਖਾਵਾਂ।

ਪੰਜਾਬੀ ਵਿਚ ਰੰਡੇ ਬਾਰੇ ਇਸੇ ਭਾਵ ਦਾ ਇਕ ਅਖਾਣ ਵੀ ਪ੍ਰਚਲਤ ਹੈ :

ਰੰਡੇ ਨੂੰ ਰੰਨ ਪਿਆਰੀ
ਜਿਉਂ ਫੁੱਲਾਂ ਦੀ ਖਾਰੀ।

(ਰ-17) **ਰੱਤ ਜਾਗਾ** :

ਕਿਸੇ ਕੀਰਤਨ ਮੰਡਲੀ ਦਾ, ਸਾਰੀ ਰਾਤ ਜਾਗ ਕੇ ਕੀਰਤਨ ਕਰਨਾ ਅਤੇ ਸ਼ਰਧਾਲੂਆਂ ਦਾ ਸਾਰੀ ਰਾਤ ਜਾਗ ਕੇ ਕੀਰਤਨ ਸਰਵਣ ਕਰਨਾ ਅਥਵਾ ਸਾਧ ਸੰਗਤ ਦੀ ਸੇਵਾ ਕਰਨੀ। ਦੇਵੀ ਦੇ ਉਪਾਸ਼ਕਾਂ ਵਿਚ ਰੱਤ ਜਾਗੇ ਦਾ ਰਵਾਜ ਆਮ ਹੈ। ਜਦੋਂ ਕਿਸੇ ਦੇਵੀ ਦੇ ਉਪਾਸ਼ਕ ਦੀ ਕੋਈ ਮੰਨਤ ਪੂਰੀ ਹੋ ਜਾਂਦੀ ਹੈ, ਤਾਂ ਰੱਤ ਜਾਗਾ ਕਰਦੇ ਤੇ ਸਾਰੀ ਰਾਤ ਦੇਵੀ ਦੀਆਂ ਭੇਟਾਂ ਗਾਉਂਦੇ ਹਨ। ਕਾਂਗੜੇ ਵਿਚ ਜਿਥੇ ਦੇਵੀ ਦੇ ਉਪਾਸ਼ਕ ਕਾਫ਼ੀ ਗਿਣਤੀ ਵਿਚ ਹਨ, ਰੱਤ ਜਾਗੇ ਦਾ ਰਵਾਜ ਆਮ ਹੈ। ਲਾਟਾਂ ਵਾਲੀ ਦੇਵੀ ਦੀਆਂ ਭੇਟਾਂ ਗਾਉਣ ਤੋਂ ਬਿਨਾਂ ਰਾਜਾ ਗੋਪੀ ਚੰਦ, ਪੂਰਨ ਭਗਤ ਤੇ ਭਰਥਰੀ ਹਰੀ ਦੀ ਕਥਾ ਵੀ ਕੀਤੀ ਜਾਂਦੀ ਹੈ, ਜਿਸ ਦਾ ਬੜਾ ਮਹਾਤਮ ਹੈ।

ਸਨਾਤਨੀ ਹਿੰਦੂਆਂ ਦਾ ਮਤ ਹੈ ਕਿ ਦਿਵਾਲੀ ਵਾਲੀ ਰਾਤ ਨੂੰ ਰੱਤ ਜਾਗੇ ਦਾ ਬੜਾ ਮਹੱਤਵ ਹੈ। ਕਿਉਂ ਜੋ ਉਸ ਰਾਤ ਦੇਵੀ ਸਭ ਲੋਕਾਂ ਦੇ ਘਰਾਂ ਵਿਚ ਘੁੰਮਦੀ ਹੈ। ਪਤਾ ਨਹੀਂ ਕਦੋਂ ਕਿਸ ਦੇ ਘਰ ਆ ਜਾਵੇ। ਜੇ ਘਰ ਵਾਲੇ ਅਗੋਂ ਸੁਤੇ ਪਏ ਹੋਣ ਤਾਂ ਦੇਵੀ ਦੀ ਅਨਾਦਰੀ ਹੁੰਦੀ ਹੈ। ਇਸ ਲਈ ਕਈ ਸਨਾਤਨੀ ਹਿੰਦੂ ਦਿਵਾਲੀ ਦੀ ਰਾਤ ਜਾਗ ਕੇ ਦੇਵੀ ਦੀ ਪੂਜਾ ਕਰਦੇ ਹਨ।

ਸਿੱਖਾਂ ਵਿਚ ਵੀ ਰੱਤ ਜਾਗੇ ਦਾ ਰਵਾਜ ਹੈ। ਅਖੰਡ ਪਾਠ ਸਮੇਂ ਦੋ ਰਾਤਾਂ ਤੇ ਦੋ ਦਿਨ ਲਗਾਤਾਰ ਪਾਠ ਜਾਰੀ ਰਹਿੰਦਾ ਹੈ।

(ਰ-18) **ਰਤਨ** :

ਸਮੁੰਦਰ ਮੱਥਣ ਸਮੇਂ ਖੀਰ ਸਾਗਰ ਵਿਚੋਂ ਨਿਕਲੇ ਚੌਦਾਂ ਰਤਨ; ਪੁਰਾਣਾਂ ਅਨੁਸਾਰ ਸਮੁੰਦਰ ਮੱਥਣ ਦਾ ਮੁਖ ਮੰਤਵ ਅੰਮ੍ਰਿਤ ਦੀ ਪ੍ਰਾਪਤੀ ਸੀ ਤਾਂ ਜੋ ਦੇਵਤੇ ਅੰਮ੍ਰਿਤ ਪੀ ਕੇ ਅਮਰ ਤੇ ਅਜਰ ਹੋ ਜਾਣ। ਕੂਰਮਾ ਪੁਰਾਣ ਅਨੁਸਾਰ ਸਭ ਤੋਂ ਪਹਿਲਾਂ ਸਾਗਰ ਵਿਚੋਂ ਲਛਮੀ ਨਿਕਲੀ ਤੇ ਫਿਰ ਬਾਕੀ ਰਤਨ। ਰਾਮਾਇਣ ਅਨੁਸਾਰ ਚੰਦਰਮਾ ਪਹਿਲਾ ਰਤਨ ਸੀ ਤੇ ਪਿਛੋਂ ਲਕਸ਼ਮੀ ਨਿਕਲੀ ਤੇ ਇਸ ਪਿਛੋਂ ਕਰਮਵਾਰ ਵਾਰੁਣੀ, ਉਚੈਸ਼ਰਵਾ ਘੋੜਾ, ਕੌਸਤੁਭ ਮਣੀ, ਪਾਰਜਾਤ ਬ੍ਰਿਛ, ਕਾਲਕੂੰਠ ਤੇ ਧਨਵੰਤਰੀ ਨਿਕਲੇ। ਧਨਵੰਤਰੀ ਦੇ ਕਰਮੰਡਲ ਵਿਚ ਅੰਮ੍ਰਿਤ ਭਰਿਆ ਪਿਆ ਸੀ।

ਵਿਸ਼ਨੂੰ ਪੁਰਾਣ ਅਨੁਸਾਰ ਸੁਰਭੀ, ਇੱਛਾ ਦੀ ਪੂਰਤੀ ਕਰਨ ਵਾਲੀ ਕਾਮਧੇਨੂ, ਸਭ ਤੋਂ ਪਹਿਲਾਂ ਪ੍ਰਗਟ ਹੋਈ। ਵਾਰੁਣੀ ਅਪਛਰਾ ਮੱਦ ਭਰੀਆਂ ਅੱਖਾਂ ਨਾਲ ਪਿਛੋਂ ਆਈ, ਫਿਰ ਨੰਦਨ ਤਰੂ (ਕਲਪ ਬ੍ਰਿਛ)। ਇਸ ਪਿਛੋਂ ਅਪੱਛਰਾ, ਫਿਰ ਚੰਦਰਮਾ ਆਪਣੀਆਂ ਸੀਤਲ ਕਿਰਨਾਂ ਸਮੇਤ ਪ੍ਰਗਟ ਹੋਇਆ, ਫਿਰ ਧਨਵੰਤਰੀ। ਧਨਵੰਤਰੀ ਪਿਛੋਂ ਲਕਸ਼ਮੀ ਆਪਣੇ ਹੱਥ ਵਿਚ ਕੰਵਲ ਫੁੱਲ ਲਈ, ਪੂਰੀ ਤਰ੍ਹਾਂ ਖਿੜੇ ਕੰਵਲ ਉਤੇ ਬਰਾਜਮਾਨ ਪ੍ਰਗਟ ਹੋਈ।

ਵੈਦਿਕ ਕਾਲ ਵਿਚ ਰਤਨ ਸ਼ਬਦ ਦਾ ਭਾਵ ਖ਼ਜ਼ਾਨੇ ਦਾ ਸੀ ਨਾ ਕਿ ਹੀਰੇ ਮੋਤੀ ਦਾ। ਪੁਰਾਣਾਂ ਵਿਚ ਜੋ ਰਤਨ ਸ਼ਬਦ ਵਰਤਿਆ ਗਿਆ ਹੈ, ਉਹ ਉਸ ਕੀਮਤੀ ਖ਼ਜ਼ਾਨੇ ਦਾ ਸੂਚਕ ਹੈ, ਜੋ ਸਮੁੰਦਰ ਮੱਥਣ ਸਮੇਂ ਸਾਗਰ ਵਿਚੋਂ ਨਿਕਲਿਆ।

ਸੱਤ ਰਤਨਾਂ ਦਾ ਸੰਕਲਪ ਬੋਧੀਆਂ ਵਿਚ ਬੜੀ ਮਹੱਤਤਾ ਰਖਦਾ ਹੈ । ਭਗਵਤ ਪੁਰਾਣ ਅਨੁਸਾਰ ਸਮੁੰਦਰ ਵਿਚੋਂ ਸੱਤ ਰਤਨ ਨਿਕਲੇ, ਜੋ ਇਸ ਪ੍ਰਕਾਰ ਹਨ :

ਉਚੈਸ਼ਰਵ, ਐਰਾਵਤ, ਕੌਸ਼ਤੁਭ, ਪਾਰਜਾਤ, ਲਖਸ਼ਮੀ ਤੇ ਧਨਵੰਤਰੀ ਅਤੇ ਚੰਦਰਮਾ ।

(ਰ-19) **ਰਤਨ ਚੌਕ** :

ਇਕ ਗਹਿਣਾ ਜੋ ਹੱਥ ਤੇ ਪਹਿਨਿਆ ਜਾਂਦਾ ਹੈ । ਇਸ ਵਿਚ ਪੰਜ ਉਂਗਲੀਆਂ ਜੰਜ਼ੀਰ ਦੁਆਰਾ ਜੁੜੀਆਂ ਹੁੰਦੀਆਂ ਹਨ ।

(ਰ-20) **ਰਤੀ** :

ਪੁਰਾਣਾਂ ਅਨੁਸਾਰ ਸੁੰਦਰਤਾ ਦੀ ਦੇਵੀ, ਜੋ ਕਾਮਦੇਵ ਦੀ ਪਤਨੀ ਅਤੇ ਦੱਖਸ਼ ਦੀ ਪੁਤਰੀ ਹੈ ।

(ਰ-21) **ਰੱਥ ਸਪਤਮੀ** :

ਇਕ ਪੁਰਬ ਜੋ ਮਾਘ ਮਹੀਨੇ ਦੇ ਚਾਨਣ ਪੱਖ ਦੀ ਸਪਤਮੀ ਨੂੰ ਮਨਾਇਆ ਜਾਂਦਾ ਹੈ । ਇਸੇ ਦਿਨ 'ਅਚਲਾ ਸਪਤਮੀ' ਦਾ ਪੁਰਬ ਵੀ ਪੈਂਦਾ ਹੈ । ਹਿੰਦੂ ਇਸ ਤਿੱਥ ਨੂੰ ਸੂਰਜ ਦੇ ਰੱਥ ਦੀ ਮੂਰਤੀ ਬਣਾ ਕੇ, ਵਿਚ ਸੂਰਜ ਦੇਵ ਨੂੰ ਬਿਠਾਂਦੇ ਤੇ ਪੂਜਦੇ ਹਨ । ਇਸ ਦਿਨ ਵਰਤ ਵੀ ਰਖਿਆ ਜਾਂਦਾ ਹੈ ਪਰ ਅਚਲਾ ਸਪਤਮੀ ਤੇ ਰੱਥ ਸਪਤਮੀ ਦੇ ਵਰਤ ਦੀ ਵਿਧੀ ਵਿਚ ਕੋਈ ਖ਼ਾਸ ਫ਼ਰਕ ਨਹੀਂ । ਅਚਲਾ ਸਪਤਮੀ ਦੇ ਵਰਤ ਵਿਚ ਕੇਵਲ ਸੂਰਜ ਦੀ ਪੂਜਾ ਕੀਤੀ ਜਾਂਦੀ ਹੈ । ਪਰ ਰੱਥ ਸਪਤਮੀ ਵਿਚ ਸੂਰਜ ਦੀ ਪੂਜਾ ਉਸ ਦੇ ਰੱਥ ਸਮੇਤ ਕੀਤੀ ਜਾਂਦੀ ਹੈ । ਇਹ ਦੋਵੇਂ ਪੁਰਬ ਇਕੋ ਦਿਨ ਪੈਣ ਕਰਕੇ ਆਪੋ ਵਿਚ ਸਮਿਲਤ ਹੋ ਗਏ ਹਨ ।

(ਰ-22) **ਰਬਾਬ** :

ਤੰਦਾਂ ਵਾਲਾ ਇਕ ਸਾਜ਼, ਜੋ ਦੋਤਾਰੇ ਦੀ ਸ਼ਕਲ ਦਾ ਹੁੰਦਾ ਹੈ । ਰਬਾਬੀ ਕੀਰਤਨ ਵੇਲੇ ਇਸ ਸਾਜ਼ ਨੂੰ ਵਜਾਇਆ ਕਰਦੇ ਹਨ । ਗੁਰੂ ਨਾਨਕ ਦੇਵ ਜੀ ਨੂੰ ਇਹ ਸਾਜ਼ ਬਹੁਤ ਪਿਆਰਾ ਲਗਦਾ ਸੀ ਅਤੇ ਇਸ ਦੀ ਧੁਨੀ ਨੂੰ ਰਸੀਲਾ ਬਨਾਉਣ ਲਈ, ਉਨ੍ਹਾਂ ਨੇ ਇਸ ਵਿਚ ਕੁਝ ਤਬਦੀਲੀਆਂ ਵੀ ਕੀਤੀਆਂ । ਭਾਈ ਮਰਦਾਨਾ ਕੀਰਤਨ ਵੇਲੇ ਹਮੇਸ਼ਾਂ ਇਹੋ ਸਾਜ਼ ਵਜਾਉਂਦਾ ਸੀ ।

(ਰ-23) **ਰਬਾਬੀ** :

ਰਬਾਬ ਵਜਾ ਕੇ ਕੀਰਤਨ ਕਰਨ ਵਾਲੇ ਰਾਗੀ । ਸਭ ਤੋਂ ਪਹਿਲਾਂ ਭਾਈ ਮਰਦਾਨੇ ਨੇ ਰਬਾਬ ਵਜਾ ਕੇ ਗੁਰਬਾਣੀ ਦਾ ਕੀਰਤਨ ਕੀਤਾ ਅਤੇ ਗੁਰੂ ਘਰ ਦਾ ਪਹਿਲਾ ਰਬਾਬੀ ਪ੍ਰਸਿਧ ਹੋਇਆ । ਮਗਰੋਂ ਮਰਦਾਨੇ ਦੀ ਵੰਸ਼ ਅਥਵਾ ਸੰਪਰਦਾਇ ਦੇ ਮਿਰਾਸੀ ਵੀ ਰਬਾਬੀ ਅਖਵਾਨ ਲਗੇ । ਗੁਰਦਵਾਰਾ ਸੁਧਾਰ ਲਹਿਰ ਤੋਂ ਪਹਿਲਾਂ ਬਹੁਤੇ ਰਬਾਬੀ ਮੁਸਲਮਾਨ ਮਿਰਾਸੀ ਹੀ ਸਨ, ਪਰ ਇਸ ਲਹਿਰ ਸਮੇਂ ਕਈ ਰਬਾਬੀਆਂ ਨੇ ਸਿੱਖ ਧਰਮ ਗ੍ਰਹਿਣ ਕਰ ਲਿਆ । ਰਬਾਬੀ ਦੀ ਰੋਜ਼ੀ ਦਾ ਆਧਾਰ ਗੁਰਬਾਣੀ ਦਾ ਸ਼ਬਦ ਕੀਰਤਨ ਹੈ । ਇਸ ਲਈ ਇਹ ਹੌਲੇ ਹੌਲੇ ਸਿੱਖ ਮਤ ਧਾਰਨ ਕਰਦੇ ਗਏ ।

(ਰ-24) **ਰਬੀ-ਉਲ-ਅਵਲ** :

ਇਸਲਾਮੀ ਸਾਲ ਦਾ ਤੀਜਾ ਮਹੀਨਾ, ਜਿਸ ਨੂੰ ਮੁਸਲਮਾਨ ਬੜਾ ਪਵਿਤ੍ਰ ਮੰਨਦੇ ਹਨ, ਕਿਉਂ ਜੋ ਇਸ ਮਹੀਨੇ ਦੀ ਬਾਹਰਵੀਂ ਤਿੱਥ ਨੂੰ ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਹੋਇਆ ਸੀ । ਇਸ ਤਿੱਥ ਨੂੰ 'ਈਦ ਮੀਲਾਦ' ਕਿਹਾ ਜਾਂਦਾ ਹੈ ਅਤੇ ਇਸ ਦਿਨ ਮੁਸਲਮਾਨ ਨਮਾਜ਼ ਪੜ੍ਹਦੇ, ਘਰ ਵਿਚ ਮਿੱਠੇ ਪਕਵਾਨ ਬਣਾਉਂਦੇ ਤੇ ਗ਼ਰੀਬਾਂ ਤੇ ਫ਼ਕੀਰਾਂ ਨੂੰ ਦਾਨ ਦੇਂਦੇ ਹਨ ।

(ਰ-25) **ਰੰਭਾ** :

(ੳ) ਇਕ ਅਪੱਛਰਾ ਜੋ ਪੁਰਾਣਾਂ ਅਨੁਸਾਰ ਸਮੁੰਦਰ ਮੱਥਣ ਵੇਲੇ ਖੀਰ ਸਾਗਰ ਵਿਚੋਂ ਨਿਕਲੀ ਸੀ । ਰੰਭਾ ਇੰਦਰ ਲੋਕ ਵਿਚ ਰਹਿੰਦੀਆਂ ਅਪੱਛਰਾਂ ਵਿਚੋਂ ਸਭ ਤੋਂ ਵਧ ਸੁੰਦਰ ਮੰਨੀ ਗਈ ਹੈ । ਇੰਦਰ ਨੇ ਇਸ ਨੂੰ ਵਿਸ਼ਵਾਮਿਤ੍ਰ ਦਾ ਤਪ ਭੰਗ ਕਰਨ ਲਈ ਭੇਜਿਆ, ਪਰ ਰਿਸ਼ੀ ਦੇ ਸਰਾਪ ਕਾਰਨ ਇਕ ਹਜ਼ਾਰ ਵਰ੍ਹੇ ਪੱਥਰ ਬਣੀ ਰਹੀ ।

ਰਾਮਾਇਣ ਅਨੁਸਾਰ ਰੰਭਾ ਕੁਬੇਰ ਦੇ ਪੁੱਤਰ ਨਲ ਕੁਬੇਰ ਦੀ ਪਤਨੀ ਸੀ । ਜਦੋਂ ਰਾਵਣ ਕੈਲਾਸ਼ ਪਰਬਤ 'ਤੇ ਗਿਆ ਤਾਂ ਰੰਭਾ ਨੂੰ ਵੇਖ ਕੇ ਉਸ ਉਤੇ ਮੋਹਿਤ ਹੋ ਗਿਆ ਤੇ ਉਸ ਨੂੰ ਆਪਣੇ ਕੋਲ ਰਖਣਾ ਚਾਹਿਆ, ਰੰਭਾ ਨੇ ਰਾਵਣ ਨੂੰ ਦਸਿਆ ਕਿ ਉਹ ਉਸ ਦੇ ਭਰਾ ਕੁਬੇਰ ਦੀ ਨੂੰਹ ਹੈ, ਇਸ ਉਤੇ ਵੀ ਰਾਵਣ ਆਪਣੇ ਇਰਾਦੇ ਤੋਂ ਨਾ ਟਲਿਆ ਤਾਂ ਰੰਭਾ ਨੇ ਉਸ ਨੂੰ ਸਰਾਪ ਦਿਤਾ ਕਿ ਅਗੋਂ ਜੇ ਕਿਸੇ ਇਸਤ੍ਰੀ 'ਤੇ ਤੂੰ ਜਬਰ ਕਰੇਂਗਾ ਤਾਂ ਉਸਦੇ ਪਤੀ ਦੇ ਹਥੋਂ ਮਾਰਿਆ ਜਾਵੇਂਗਾ।

(ਅ) ਚਰਿਤ੍ਰੋਪਾਖਿਆਨ (108) ਅਨੁਸਾਰ ਰੰਭਾ ਅਪੱਛਰਾ ਨੂੰ ਵੇਖ ਕੇ ਕਪਿਲ ਮੁਨੀ ਦਾ ਵੀਰਜ ਡਿਗਿਆ ਜਿਸ ਤੋਂ ਸੱਸੀ ਪੈਦਾ ਹੋਈ । ਇਕ ਹੋਰ ਚਰਿਤ੍ਰ ਅਨੁਸਾਰ ਹੀਰ ਰੰਭਾ ਦੀ ਅਵਤਾਰ ਸੀ, ਇੰਦਰ ਰਾਂਝੇ ਦਾ ।

(ਰ-26) **ਰੰਭਾ ਇਕਾਦਸ਼ੀ** :

ਕੱਤਕ ਦੇ ਮਹੀਨੇ ਦੀ ਹਨੇਰੇ ਪੱਖ ਦੀ ਇਕਾਦਸ਼ੀ।

ਇਸ ਨੂੰ ਰਮਾ ਇਕਾਦਸ਼ੀ ਵੀ ਕਹਿੰਦੇ ਹਨ। ਇਸ ਤਿੱਥ ਨੂੰ ਵਰਤ ਰਖਣ ਨਾਲ ਸਭ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਪਤੀਬ੍ਰਤ ਇਸਤ੍ਰੀ ਜੇ ਇਹ ਵਰਤ ਵਿਧੀ ਪੂਰਵਕ ਰਖੇ ਤਾਂ ਇਸ ਜਨਮ ਵਾਲਾ ਪਤੀ ਹੀ ਉਸ ਨੂੰ ਅਗਲੇ ਜਨਮ ਪ੍ਰਾਪਤ ਹੋ ਜਾਂਦਾ ਹੈ।

ਇਸ ਦੇ ਵਰਤ ਦੇ ਮਹਾਤਮ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ—ਪੂਰਵ ਕਾਲ ਵਿਚ ਮੁਚੁਕੁੰਦ ਨਾਂ ਦੇ ਇਕ ਧਰਮੀ ਰਾਜੇ ਦੀ ਕੰਨਿਆਂ ਚੰਦਰਭਾਗਾ ਦਾ ਵਿਆਹ ਸ਼ੋਭਨ ਨਾਂ ਦੇ ਇਕ ਯੁਵਕ ਨਾਲ ਹੋਇਆ। ਰਾਜਾ ਮੁਚੁਕੁੰਦ ਬੜਾ ਵੈਸ਼ਨੋ ਭਗਤ ਸੀ ਤੇ ਹਰ ਇਕਾਦਸ਼ੀ ਤੇ ਵਿਧਾ ਪੂਰਵਕ ਵਰਤ ਰਖਿਆ ਕਰਦਾ ਸੀ। ਉਸ ਨੇ ਆਪਣੇ ਜਵਾਈ ਸ਼ੋਭਨ ਨੂੰ ਵੀ ਵਰਤ ਰਖਣ ਲਈ ਪ੍ਰੇਰਿਆ। ਦੇਵਨੇਤ ਸ਼ੋਭਨ ਦੀ ਮ੍ਰਿਤੂ ਇਕਾਦਸ਼ੀ ਦੇ ਵਰਤ ਦੇ ਦੌਰਾਨ ਹੋ ਗਈ। ਰਾਜੇ ਨੇ ਉਸ ਦਾ ਕਿਰਿਆ ਕਰਮ ਕੀਤਾ।

ਸ਼ੋਭਨ ਦੀ ਮ੍ਰਿਤੂ ਇਕਾਦਸ਼ੀ ਦੇ ਵਰਤ ਵਿਚ ਹੋਈ ਸੀ, ਇਸ ਲਈ ਉਸ ਨੂੰ ਉਸ ਸਰੀਰ ਵਿਚ ਦੇਵਪੁਰ ਨਾਂ ਦੇ ਇਲਾਕੇ ਦਾ ਰਾਜ ਪ੍ਰਾਪਤ ਹੋਇਆ। ਰਾਜਾ ਮੁਚੁਕੁੰਦ ਦਾ ਇਕ ਬ੍ਰਾਹਮਣ ਘੁੰਮਦਾ ਫਿਰਦਾ ਦੇਵਪੁਰ ਪਹੁੰਚਿਆ ਤਾਂ ਉਥੇ ਸ਼ੋਭਨ ਨੂੰ ਜੀਵਤ ਦੇਖ ਕੇ ਅਸਚਰਜ ਰਹਿ ਗਿਆ। ਉਸ ਨੇ ਰਾਜੇ ਮੁਚੁਕੁੰਦ ਨੂੰ ਸਾਰੀ ਗੱਲ ਆ ਦੱਸੀ, ਰਾਜੇ ਮੁਚੁਕੁੰਦ ਨੇ ਆਪਣੀ ਲੜਕੀ ਚੰਦਰਭਾਗਾ ਨੂੰ ਸ਼ੋਭਨ ਕੋਲ ਭੇਜ ਦਿਤਾ, ਜਿਥੇ ਉਹ ਸੁਖ ਸ਼ਾਂਤੀ ਨਾਲ ਵਸਣ ਲੱਗੀ।

(ਰ-27) **ਰਮਜ਼ਾਨ** :

(ੳ) ਇਸਲਾਮੀ ਸਾਲ ਦਾ ਨਾਂਵਾਂ ਮਹੀਨਾ; ਮੁਸਲਮਾਨ ਰਮਜ਼ਾਨ ਦੇ ਸਾਰੇ ਮਹੀਨੇ ਰੋਜ਼ੇ ਰਖਦੇ ਹਨ। ਇਸਲਾਮੀ ਧਾਰਨਾ ਅਨੁਸਾਰ ਰਮਜ਼ਾਨ ਦਾ ਮਹੀਨਾ ਬੜਾ ਪਵਿਤ੍ਰ ਤੇ ਮਹੱਤਾ ਵਾਲਾ ਹੈ, ਕਿਉਂ ਜੋ ਇਸੇ ਮਹੀਨੇ ਦੀ 27 ਤਾਰੀਖ਼ ਨੂੰ ਹਜ਼ਰਤ ਮੁਹੰਮਦ ਨੇ ਅਰਸ਼ੋਂ ਪਹਿਲੀ ਵਾਰ ਕੁਰਾਨ ਉਤਾਰਿਆ ਸੀ। ਪਰ ਪੂਰਬ ਇਸਲਾਮੀ ਕਾਲ ਵਿਚ ਵੀ, ਅਰਬ ਦੇ ਲੋਕ, ਇਸ ਮਹੀਨੇ ਨੂੰ ਪਾਵਨ ਮੰਨਦੇ ਸਨ ਤੇ ਇਸੇ ਅਰਬੀ ਪਰੰਪਰਾ ਨੂੰ ਮੁਸਲਮਾਨਾਂ ਨੇ ਅਪਣਾ ਲਿਆ। ਮੁਸਲਮਾਨਾਂ ਦੀ ਸਭ ਤੋਂ ਪਵਿੱਤਰ ਰਾਤ 'ਲੈਲਾਤੁਲਕਦਰ' ਇਸੇ ਮਹੀਨੇ ਪੈਂਦੀ ਹੈ। ਇਸ ਰਾਤ ਨੂੰ ਕੀਤੀ ਇਬਾਦਤ ਇਕ ਹਜ਼ਾਰ ਮਹੀਨੇ ਦੇ ਤੁਲ ਸਮਝੀ ਜਾਂਦੀ ਹੈ।

ਮੁਸਲਮਾਨੀ ਰਵਾਇਤਾਂ ਅਨੁਸਾਰ, ਰਮਜ਼ਾਨ ਦੇ ਮਹੀਨੇ, ਜੰਨਤ ਦੇ ਦਰਵਾਜ਼ੇ ਖੁਲ੍ਹੇ ਰਹਿੰਦੇ ਹਨ ਅਤੇ ਦੋਜ਼ਖ਼ ਦੇ ਦਰਵਾਜ਼ੇ ਬੰਦ। ਇਸ ਮਹੀਨੇ ਸ਼ੈਤਾਨੀ ਤਾਕਤਾਂ ਨੂੰ ਜ਼ੰਜੀਰਾਂ ਵਿਚ ਜਕੜ ਕੇ ਰਖਿਆ ਜਾਂਦਾ ਹੈ। ਇਸ ਲਈ ਰਮਜ਼ਾਨ ਦੇ ਮਹੀਨੇ ਜਿਹੜੇ ਮੁਸਲਮਾਨ ਅੱਲ੍ਹਾ ਤੇ ਵਿਸ਼ਵਾਸ਼ ਰਖਦੇ ਹੋਏ ਦਿਲੋਂ ਰੋਜ਼ੇ ਰਖਦੇ ਹਨ ਤੇ ਇਨ੍ਹਾਂ ਨੂੰ ਪੂਰੀ ਤਰ੍ਹਾਂ ਨਿਭਾਂਦੇ ਹਨ, ਉਨ੍ਹਾਂ ਦੇ ਸਾਰੇ ਪਾਪ ਧੁਲ ਜਾਂਦੇ ਹਨ। ਰਮਜ਼ਾਨ ਦੇ ਮਹੀਨੇ ਦਾ ਰੋਜ਼ਾ ਹੋਰ ਕਿਸੇ ਮਹੀਨੇ ਦੇ ਰੋਜ਼ੇ ਨਾਲੋਂ 30 ਗੁਣਾ ਵਧ ਸੁਆਬ ਰਖਦਾ ਹੈ।

ਰਮਜ਼ਾਨ ਦਾ ਮਹੀਨਾ ਅੰਗਰੇਜ਼ੀ ਮਹੀਨਿਆਂ ਦੇ ਅਨੁਸਾਰ ਇਕ ਸਾਰ ਨਹੀਂ ਪੈਂਦਾ, 1975 ਈ: ਵਿਚ ਰਮਜ਼ਾਨ ਦਾ ਮਹੀਨਾ ਅਕਤੂਬਰ ਵਿਚ ਪਿਆ ਸੀ।

ਰੋਜ਼ਾ ਰਖਣ ਵਾਲਾ ਸਵੇਰੇ, ਸੂਰਜ ਚੜ੍ਹਨ ਤੋਂ ਪਹਿਲਾਂ ਸਿਹਰੀ ਖਾਂਦਾ ਹੈ, 'ਜਦੋਂ ਤਕ ਚਿੱਟਾ ਧਾਗਾ ਕਾਲੇ ਧਾਗੇ ਤੋਂ ਨਿਖੇੜਿਆ ਨਹੀਂ ਜਾ ਸਕਦਾ, ਉਸ ਸਮੇਂ ਤਕ ਖਾਣ ਤੇ ਪੀਣ ਦੀ ਆਗਿਆ ਹੈ ਤੇ ਫਿਰ ਰਾਤ ਪੈਣ ਤਕ ਪੂਰਾ ਰੋਜ਼ਾ ਰਖਦਾ ਹੈ' (ਕੁਰਾਨ 2:183)। ਰੋਜ਼ੇ ਦੇ ਦੌਰਾਨ ਵਿਚ ਰੋਜ਼ਾ ਰਖਣ ਵਾਲੇ ਪ੍ਰਹੇਜ਼ਗਾਰ ਨੂੰ ਮਨ, ਬਚਨ, ਕਰਮ ਕਰਕੇ ਪਵਿਤ੍ਰ ਰਖਣਾ ਚਾਹੀਦਾ ਹੈ। ਪੰਜ ਚੀਜ਼ਾਂ ਦੀ ਖ਼ਾਸ ਤੌਰ 'ਤੇ ਮਨਾਹੀ ਹੈ—ਝੂਠ ਬੋਲਣਾ, ਚੁਗਲੀ ਕਰਨਾ, ਨਿੰਦਿਆ ਕਰਨਾ, ਝੂਠੀ ਕਸਮ ਚੁਕਣੀ ਤੇ ਕਾਮਾਦਿਕ ਭਾਵਨਾ ਨਾਲ ਵੇਖਣਾ। ਰੋਜ਼ੇ ਦੇ ਦਿਨਾਂ ਵਿਚ ਚੰਗੀ ਸੰਗਤ ਵਿਚ ਬੈਠਣਾ ਤੇ ਕੁਰਾਨ ਦਾ ਪਾਠ ਪੜ੍ਹਨ ਉਤੇ ਜ਼ੋਰ ਦਿਤਾ ਜਾਂਦਾ ਹੈ। ਕਈ ਮੁਸਲਮਾਨ ਰਮਜ਼ਾਨ ਦੇ ਮਹੀਨੇ ਹਰ ਰੋਜ਼ ਕੁਰਾਨ ਦਾ 30ਵਾਂ ਹਿੱਸਾ ਪੜ੍ਹਦੇ ਹਨ ਤਾਂ ਜੋ ਈਦ ਤਕ ਕੁਰਾਨ ਦਾ ਸਾਰਾ ਪਾਠ ਮੁਕੰਮਲ ਹੋ ਜਾਵੇ।

ਸ਼ਾਮ ਨੂੰ ਸੂਰਜ ਡੁਬਣ ਵੇਲੇ ਮੁਲਾਂ ਮਸਜਦ ਵਿਚੋਂ ਅਜ਼ਾਨ ਦੇਂਦਾ ਹੈ ਤਾਂ ਮੁਸਲਮਾਨ ਰੋਜ਼ੇ ਖੋਲ੍ਹਦੇ ਹਨ। ਇਹ ਰੋਜ਼ੇ ਉਦੋਂ ਤਕ ਰਖੇ ਜਾਂਦੇ ਹਨ, ਜਦੋਂ ਤਕ ਨਵਾਂ ਚੰਨ ਨਜ਼ਰ ਨਾ ਆ ਜਾਵੇ। ਨਵਾਂ ਚੰਨ ਦਿਸਣ 'ਤੇ ਅਗਲੇ ਦਿਨ ਈਦ ਮਨਾਈ ਜਾਂਦੀ ਹੈ।

(ਅ) ਮੁਸਲਮਾਨਾਂ ਵਿਚ ਰਮਜ਼ਾਨ ਦਾ ਮਹੀਨਾ ਬੜਾ ਪਵਿਤ੍ਰ ਮੰਨਿਆ ਜਾਂਦਾ ਹੈ। ਇਹ ਮੁਸਲਮਾਨੀ ਵਰ੍ਹੇ ਦਾ ਨਾਂਵਾਂ ਮਹੀਨਾ ਹੈ। ਇਸ ਸ ਰੇ ਮਹੀਨੇ ਦੀਨਦਾਰ ਮੁਸਲਮਾਨ ਰੋਜ਼ੇ ਰਖਦੇ, ਨਿਮਾਜ਼ ਤੇ ਕੁਰਾਨ ਪੜ੍ਹਦੇ ਅਤੇ ਕਾਮਾਦਿਕ ਰੁਚੀਆਂ ਨੂੰ ਦਬਾ ਕੇ ਰਖਦੇ ਹਨ ਤੇ ਕਈ ਤਰ੍ਹਾਂ ਦੇ ਪਰਹੇਜ਼ ਰਖਦੇ ਹਨ।

ਮਿਸ਼ਕਾਤ ਅਨੁਸਾਰ ਰਮਜ਼ਾਨ ਦੇ ਮਹੀਨੇ, ਸ਼ੈਤਾਨ ਨੂੰ ਬੰਦੀ ਬਣਾ ਲਿਆ ਜਾਂਦਾ ਹੈ। ਦੋਜ਼ਖ਼ ਦੇ ਸਭ ਦਰਵਾਜ਼ੇ ਬੰਦ ਕਰ ਕੇ ਬਹਿਸ਼ਤ ਦੇ ਖੋਲ੍ਹ ਦਿਤੇ ਜਾਂਦੇ ਹਨ। ਸੋ, ਇਸ ਮਹੀਨੇ ਰੋਜ਼ਾ ਰਖਣ ਵਾਲੇ ਦੇ ਸਭ ਪਾਪ ਬਖ਼ਸ਼ੇ ਜਾਂਦੇ ਹਨ।

ਜਿਹੜੇ ਲੋਕ ਬੀਮਾਰੀ ਜਾਂ ਸਫ਼ਰ ਕਾਰਨ ਇਸ ਮਹੀਨੇ ਜਿਤਨੇ ਦਿਨ ਰੋਜ਼ਾ ਨਾ ਰਖ ਸਕਦੇ ਹੋਣ, ਉਤਨੇ ਦਿਨ ਕਿਸੇ ਹੋਰ ਮਹੀਨੇ ਰੋਜ਼ਾ ਰੱਖਣ ਦਾ ਆਦੇਸ਼ ਹੈ।

ਰਮਜ਼ਾਨ ਦੇ ਮਹੀਨੇ, ਨਮਾਜ਼ ਪਿਛੋਂ, ਵੀਹ ਰਕਾਅਤਾਂ ਪੜ੍ਹਨੀਆਂ ਜ਼ਰੂਰੀ ਹਨ, ਜਿਨ੍ਹਾਂ ਨੂੰ ਤਰਾਵੀਹ ਕਹਿੰਦੇ ਹਨ।

ਰਮਜ਼ਾਨ ਦੇ ਮਹੀਨੇ ਦੀ ਸਭ ਤੋਂ ਪਵਿਤ੍ਰ ਰਾਤ ਲੈਲਤੁਲਕਦਰ ਹੈ। ਇਸ ਰਾਤ ਨੂੰ ਕੁਰਾਨ 'ਲੌਹ ਮਹਿਫੂਜ਼' ਤੋਂ ਹੇਠਲੇ ਅਕਾਸ਼ ਪੁਰ ਉਤਰਿਆ ਸੀ, ਮੁਸਲਮਾਨ ਇਸ ਰਾਤ ਨੂੰ ਸਾਰੀ ਰਾਤ ਜਾਗ ਕੇ ਕੁਰਾਨ ਪੜ੍ਹਦੇ ਹਨ। ਇਹ ਰਾਤ ਰਮਜ਼ਾਨ ਦੀ ਸਤਾਈਵੀਂ ਰਾਤ ਮੰਨੀ ਜਾਂਦੀ ਹੈ। ਪਰ ਕਈਆਂ ਅਨੁਸਾਰ ਇਹ ਨਿਸਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਇਹ ਰਾਤ ਕਿਹੜੀ ਤਿੱਥ ਦੀ ਹੈ, ਉਂਜ ਇਹ ਰਾਤ ਰਮਜ਼ਾਨ ਦੇ ਮਹੀਨੇ ਵਿਚ ਹੀ ਪੈਂਦੀ ਮੰਨੀ ਜਾਂਦੀ ਹੈ।

ਰਮਜ਼ਾਨ ਦੇ ਦਿਨਾਂ ਵਿਚ ਮੁਸਲਮਾਨ, ਸੂਰਜ ਚੜ੍ਹਨ ਤੋਂ ਪਹਿਲਾਂ ਹਲਕਾ ਜਿਹਾ ਨਾਸ਼ਤਾ ਕਰ ਲੈਂਦੇ ਹਨ ਤੇ ਫਿਰ ਸਾਰਾ ਦਿਨ ਸੂਰਜ ਡੁਬਣ ਤਕ ਕੁਝ ਨਹੀਂ ਖਾਂਦੇ। ਇਥੋਂ ਤਕ ਕਿ ਪਾਣੀ ਪੀਣਾ ਤੇ ਤੰਬਾਕੂ ਪੀਣਾ ਵੀ ਵਿਵਰਜਤ ਹੈ। ਸੂਰਜ ਡੁਬਣ ਵੇਲੇ ਰੋਜ਼ਾ ਖਜੂਰ ਨੂੰ ਮੂੰਹ ਲਗਾ ਕੇ ਜਾਂ ਸ਼ਰਬਤ ਅਥਵਾ ਦੁੱਧ ਦਾ ਕਟੋਰਾ ਪੀ ਕੇ ਖੋਲਿਆ ਜਾਂਦਾ ਹੈ। ਇਨ੍ਹੀਂ ਦਿਨੀਂ ਧਨੀ ਲੋਕ ਮਸਜਦ ਵਿਚ ਮਿੱਠੇ ਸ਼ਰਬਤ ਦੇ ਘੜੇ, ਖਜੂਰਾਂ ਤੇ ਹੋਰ ਫਲ ਭੇਜ ਦੇਂਦੇ ਹਨ ਤਾਂ ਜੋ ਉਥੇ ਹਾਜ਼ਰ ਲੋਕ ਇਨ੍ਹਾਂ ਨਾਲ ਰੋਜ਼ਾ ਖੋਲ੍ਹ ਸਕਣ। ਇਹ ਬੜਾ ਸੁਆਬ ਦਾ ਕੰਮ ਹੁੰਦਾ ਹੈ। ਰਮਜ਼ਾਨ ਦੇ ਮਹੀਨੇ ਦੇ ਖ਼ਤਮ ਹੋਣ ਉਤੇ ਨਵੇਂ ਚੰਨ ਵਾਲੇ ਦਿਨ ਈਦ ਮਨਾਈ ਜਾਂਦੀ ਹੈ।

ਈਦ ਵਾਲੇ ਦਿਨ ਮੁਸਲਮਾਨ, ਮਿੱਠੀਆਂ ਸੇਂਵੀਆਂ ਪਕਾ ਕੇ ਖਾਂਦੇ ਹਨ। ਹਰ ਕੋਈ ਨਵੇਂ ਕਪੜੇ ਪਹਿਨਦਾ ਤੇ ਸਜ ਧਜ ਕੇ ਵਿਚਰਦਾ ਹੈ। ਕੁੜੀਆਂ ਪੀਂਘਾਂ ਝੂਟਦੀਆਂ ਹਨ ਤੇ ਰਲ ਕੇ ਗੀਤ ਗਾਂਦੀਆਂ ਹਨ।

(ਰ-28) **ਰਮਲ** :

ਜੋਤਿਸ਼ ਜਗਾਣ ਦੀ ਇਕ ਵਿਧੀ; ਇਹ ਵਿਦਿਆ ਅਰਬ ਦੇਸ਼ ਵਿਚੋਂ ਆਈ, ਜਿਥੇ ਰੇਤੇ ਉਪਰ ਲਕੀਰਾਂ ਖਿਚ ਕੇ ਪੁਛਾਂ ਦੇ ਉੱਤਰ, ਕਰਮ ਫਲ ਜਾਂ ਭਵਿਸ਼ ਬਾਰੇ ਦਸਿਆ ਜਾਂਦਾ ਸੀ। ਰੇਤੇ (ਰਮਲ) ਨਾਲ ਸਬੰਧ ਹੋਣ ਕਰ ਕੇ ਇਸ ਵਿਦਿਆ ਦਾ ਨਾਉਂ ਰਮਲ ਪਿਆ। ਪੰਜਾਬ ਵਿਚ ਡਾਲਣਾ ਸੁਟ ਕੇ ਗ੍ਰਹਿ ਆਦਿ ਦੇ ਵਿਚਾਰਨ ਨੂੰ ਰਮਲ ਕਿਹਾ ਜਾਂਦਾ ਹੈ।

ਰਮਲ ਦੀ ਵਿਦਿਆ ਜਾਣਨ ਵਾਲੇ, ਅਥਵਾ ਰਮਲ ਦੁਆਰਾ ਪ੍ਰਸ਼ਨਾਂ ਦੇ ਉਤਰ ਦੇਣ ਵਾਲੇ ਨੂੰ ਰਮਲੀ ਕਹਿੰਦੇ ਹਨ।

(ਰ-29) **ਰਲੀ ਪੂਜਾ** :

ਰਲੀ ਦਾ ਤਿਉਹਾਰ ਕਾਂਗੜੇ ਵਿਚ ਮਨਾਇਆ ਜਾਂਦਾ ਹੈ। ਇਹ ਤੀਵੀਆਂ ਦਾ ਤਿਉਹਾਰ ਹੈ। ਜਵਾਨ ਕੁੜੀਆਂ ਰਲੀ ਦੀ ਪੂਜਾ ਦੁਆਰਾ ਚੰਗੇ ਵਰ ਲਈ ਪ੍ਰਾਰਥਨਾ ਕਰਦੀਆਂ ਹਨ। ਫੱਗਣ ਦੇ ਅਖ਼ੀਰਲੇ ਦਿਨ, ਕੁੜੀਆਂ ਇਕ ਕੌਡੀ ਨੂੰ ਘਰ ਵਿਚ ਕਿਸੇ ਥਾਂ ਦੱਬ ਦੇਂਦੀਆਂ ਹਨ, ਇਸ ਥਾਂ ਨੂੰ ਪਵਿਤਰ ਸਮਝ ਕੇ, ਇਸ ਦੀ ਪੂਜਾ ਕੀਤੀ ਜਾਂਦੀ ਹੈ। ਪੰਦਰਾਂ ਦਿਨ ਕੁੜੀਆਂ ਸਵੇਰੇ ਸ਼ਾਮ ਇਥੇ ਇਕੱਠੀਆਂ ਹੋ ਕੇ ਪੂਜਾ ਕਰਦੀਆਂ ਰਹਿੰਦੀਆਂ ਹਨ। ਪਹਿਲੀ ਵਿਸਾਖ ਨੂੰ ਰਲੀ ਦਾ ਵਿਆਹ ਸ਼ੰਕਰ ਨਾਲ ਕੀਤਾ ਜਾਂਦਾ ਹੈ। ਅੱਧੀਆਂ ਕੁੜੀਆਂ ਸ਼ੰਕਰ ਵਲ ਹੋ ਜਾਂਦੀਆਂ ਹਨ ਤੇ ਅੱਧੀਆਂ ਰਲੀ ਵਲ। ਦੁਹਾਂ ਦੀਆਂ ਮੂਰਤੀਆਂ ਨੂੰ ਵਟਣਾ ਮਲ ਕੇ ਨਵਾਇਆ ਜਾਂਦਾ ਹੈ। ਸ਼ੰਕਰ ਨੂੰ ਲਾੜ੍ਹੇ ਵਾਂਙ ਸਜਾਇਆ ਜਾਂਦਾ ਹੈ। ਇਕ ਬ੍ਰਾਹਮਣ ਹਵਨ ਕਰਦਾ ਹੈ ਤੇ ਕੁੜੀਆਂ ਸ਼ੰਕਰ ਤੇ ਰਲੀ ਦੀਆਂ ਮੂਰਤੀਆਂ ਦੇ ਸਿਰਾਂ ਵਿਚ ਸਰ੍ਹੋਂ ਦਾ ਤੇਲ ਪਾ ਕੇ ਤੇ ਪਾਲਕੀ ਵਿਚ ਬਿਠਾ ਕੇ ਦਰਿਆ ਵਿਚ ਰੋੜ੍ਹ ਦੇਂਦੀਆਂ ਹਨ।

ਇਸ ਤਿਉਹਾਰ ਵਾਲੇ ਦਿਨ ਹਰ ਕੁੜੀ ਨੇ ਹੱਥ ਵਿਚ ਇਕ ਗੁੱਡੀ ਚੁਕੀ ਹੁੰਦੀ ਹੈ, ਜਿਸ ਨੂੰ ਉਹ ਰਲੀ ਕਹਿੰਦੀਆਂ ਹਨ। ਦਰਿਆ ਵਿਚ ਰੋੜ੍ਹਨ ਜਾਂਦੀਆਂ ਕੁੜੀਆਂ ਦੀ ਇਕ ਭੀੜ ਲੱਗੀ ਹੁੰਦੀ ਹੈ। ਰਲੀ ਨੂੰ ਸੁੰਦਰ ਬਸਤਰ ਤੇ ਗਹਿਣੇ ਪਵਾਏ ਹੁੰਦੇ ਹਨ। ਰਲੀ ਨੂੰ ਰੁੜ੍ਹਾ ਕੇ ਕੁੜੀਆਂ ਮੰਦਰ ਜਾਂਦੀਆਂ ਹਨ ਤੇ ਫਿਰ ਘਰ ਮੁੜਦੀਆਂ ਹਨ।

ਇਸ ਰਵਾਜ ਪਿਛੇ ਇਕ ਘਟਨਾ ਦਸੀ ਜਾਂਦੀ ਹੈ। ਇਕ ਬ੍ਰਾਹਮਣ ਨੇ ਆਪਣੀ ਮੁਟਿਆਰ ਲੜਕੀ ਰਲੀ ਨੂੰ ਇਕ ਛੋਟੇ ਜਿਹੇ ਬੱਚੇ, ਜਿਸ ਦਾ ਨਾਂ ਸ਼ੰਕਰ ਸੀ, ਦੇ ਨਾਲ ਵਿਆਹ ਦਿਤਾ। ਲਾਵਾਂ ਪਿਛੋਂ ਜਦੋਂ ਰਲੀ ਆਪਣੇ ਬਾਲ ਪਤੀ ਤੇ ਆਪਣੇ ਭਰਾ ਬਸਤੂ ਨਾਲ ਸੌਹਰੇ ਜਾ ਰਹੀ ਸੀ ਤਾਂ ਰਾਹ ਵਿਚ ਉਸ ਨੇ ਆਪਣੀ ਡੋਲੀ ਇਕ ਦਰਿਆ ਦੇ ਕੰਢੇ ਰੁਕਵਾ ਲਈ। ਉਸ ਨੇ ਆਪਣੇ ਭਰਾ ਬਸਤੂ ਨੂੰ ਕਿਹਾ, "ਮੈਂ ਇਕ ਛੋਟੇ ਬੱਚੇ ਨਾਲ ਜ਼ਿੰਦਗੀ ਕਿਵੇਂ ਗੁਜ਼ਾਰਾਂਗੀ। ਮੈਂ ਤਾਂ ਮਰਨਾ ਚਾਹੁੰਦੀ ਹਾਂ, ਪਰ ਮੇਰੀ ਯਾਦ ਵਿਚ ਕੁੜੀਆਂ ਮੂਰਤੀਆਂ ਬਨਾਉਣ—ਇਕ ਮੇਰੀ, ਇਕ ਸ਼ੰਕਰ ਦੀ ਤੇ ਇਕ ਬਸਤੂ ਦੀ। ਕੁੜੀਆਂ ਇਨ੍ਹਾਂ ਮੂਰਤੀਆਂ ਨੂੰ ਚੇਤਰ ਵਿਚ ਪੂਜਿਆ ਕਰਨ। ਇਨ੍ਹਾਂ ਵਿਚ ਦੋ ਮੂਰਤੀਆਂ ਦਾ ਤਾਂ ਪਹਿਲੀ ਵਿਸਾਖ ਨੂੰ ਵਿਆਹ ਕੀਤਾ ਜਾਏ, ਜਿਵੇਂ ਮੇਰਾ ਹੋਇਆ ਹੈ। ਉਸ ਤੋਂ ਪਿਛੋਂ ਤੀਜੇ ਦਿਨ ਡੋਲੀ ਵਿਚ ਪਾ ਕੇ ਇਨ੍ਹਾਂ ਮੂਰਤੀਆਂ ਨੂੰ ਦਰਿਆ ਵਿਚ ਰੋਹੜ ਦਿਤਾ ਜਾਵੇ।" ਤੇ ਫਿਰ ਰਲੀ ਨੇ ਦਰਿਆ ਵਿਚ ਛਾਲ ਮਾਰਦਿਆਂ ਕਿਹਾ ਕਿ ਜਿਹੜੀ ਕੁੜੀ ਇੰਜ ਕਰੇਗੀ, ਉਸ ਦਾ ਅਨਜੋੜ

ਵਿਆਹ ਨਹੀਂ ਹੋਵੇਗਾ । ਉਦੋਂ ਤੋਂ ਹੀ ਰਲੀ, ਸ਼ੰਕਰ ਤੇ ਬਸਤੂ ਦੀ ਪੂਜਾ ਕਾਂਗੜੇ ਵਿਚ ਚਲੀ ਆ ਰਹੀ ਹੈ ।

(ਰ-30) **ਰਵਾਲਸਰ :**

ਮੰਡੀ (ਹਿਮਾਚਲ) ਤੋਂ ਦਸ ਮੀਲ ਪੱਛਮ ਵਲ ਇਕ ਝੀਲ, ਜੋ ਪ੍ਰਸਿਧ ਤੀਰਥ ਅਸਥਾਨ ਹੈ । ਪਾਣੀ ਵਿਚ ਤਰਦੇ ਟਾਪੂਆਂ ਬਾਰੇ ਅਨੇਕਾਂ ਦੰਦ-ਕਥਾਵਾਂ ਲੋਕਾਂ ਵਿਚ ਪ੍ਰਚਲਤ ਹਨ । ਬੋਧੀ ਮਿਥਿਹਾਸ ਅਨੁਸਾਰ ਇਸ ਝੀਲ ਦੇ ਕੰਢੇ ਇਕ ਬੋਧੀ ਭਿਖਸ਼ੂ ਤੱਪ ਕਰਿਆ ਕਰਦਾ ਸੀ ਅਤੇ ਇਸ ਇਲਾਕੇ ਦੇ ਰਾਜੇ ਦੀ ਰਾਜਕੁਮਾਰੀ ਉਸ ਦਾ ਬੜਾ ਆਦਰ ਕਰਦੀ ਤੇ ਰੋਜ਼ ਉਸ ਦੇ ਦਰਸ਼ਨਾਂ ਲਈ ਜਾਇਆ ਕਰਦੀ । ਬ੍ਰਾਹਮਣ ਬੋਧੀ ਭਿਖਸ਼ੂਆਂ ਦੇ ਸਖ਼ਤ ਵਿਰੋਧੀ ਸਨ, ਉਨ੍ਹਾਂ ਨੂੰ ਇਹ ਗੱਲ ਚੰਗੀ ਨਾ ਲਗੀ । ਉਨ੍ਹਾਂ ਨੇ ਰਾਜੇ ਨੂੰ ਭੜਕਾਇਆ ਕਿ ਭਿਖਸ਼ੂ ਤੇ ਰਾਜਕੁਮਾਰੀ ਦੇ ਅਯੋਗ ਸਬੰਧ ਹਨ । ਜਿਸ ਤੋਂ ਰਾਜੇ ਨੇ ਕਰੋਧ ਵਿਚ ਆ ਕੇ ਦੁਹਾਂ ਨੂੰ ਮਰਵਾ ਦਿਤਾ । ਕੁਝ ਕੁ ਦਿਨਾਂ ਪਿਛੋਂ ਇਸ ਝੀਲ ਉਤੇ ਤਰਦੇ ਟਾਪੂ ਉਭਰ ਆਏ । ਲੋਕਾਂ ਦੇ ਵਿਸ਼ਵਾਸ ਅਨੁਸਾਰ ਇਹ ਟਾਪੂ ਭਿਖਸ਼ੂ ਤੇ ਰਾਜਕੁਮਾਰੀ ਦੀ ਆਤਮਾ ਨੂੰ ਰੂਪਮਾਨ ਕਰਦੇ ਹਨ ।

(ਰ-31) **ਰਾਇ ਕਮਾਲ ਦੀ ਤੇ ਮੋਜਦੀ :**

ਰਾਇ ਕਮਾਲ ਦੀ, ਆਪਣੇ ਭਰਾ ਰਾਇ ਸਾਰੰਗ ਦੀ ਜਾਗੀਰ 'ਤੇ, ਕਬਜ਼ਾ ਕਰਨਾ ਚਾਹੁੰਦਾ ਸੀ । ਜਦੋਂ ਸ਼ਾਹੀ ਖ਼ਜ਼ਾਨੇ ਵਿਚ ਮਾਲੀਆ ਜਮਾਂ ਕਰਵਾਣ ਦਾ ਸਮਾਂ ਆਇਆ ਤਾਂ ਕਮਾਲ ਦੀ ਨੇ ਰਾਇ ਸਾਰੰਗ ਉਤੇ ਬਗ਼ਾਵਤ ਦੀ ਝੂਠੀ ਤੁਹਮਤ ਲਗਾ ਕੇ, ਬਾਦਸ਼ਾਹ ਦੇ ਅਜਿਹੇ ਕੰਨ ਭਰੇ ਕਿ ਬਾਦਸ਼ਾਹ ਨੇ ਸਾਰੰਗ ਨੂੰ ਬੰਦੀ ਬਣਾ ਲਿਆ । ਸਾਰੰਗ ਦੀ ਸਾਰੀ ਜਾਇਦਾਦ ਤੇ ਜਗੀਰ ਉਤੇ ਰਾਇ ਕਮਾਲ ਨੇ ਕਬਜ਼ਾ ਕਰ ਲਿਆ । ਬਾਅਦ ਵਿਚ ਜਦੋਂ ਬਾਦਸ਼ਾਹ ਨੂੰ ਪਤਾ ਲੱਗਾ ਕਿ ਰਾਇ ਸਾਰੰਗ ਨਿਰਦੋਸ਼ ਹੈ ਤੇ ਰਾਇ ਕਮਾਲ ਨੇ ਅਦਾਵਤਾ ਕਾਰਨ ਰਾਇ ਸਾਰੰਗ ਉਤੇ ਝੂਠੀ ਤੁਹਮਤ ਲਕਾਈ ਹੈ ਤਾਂ ਬਾਦਸ਼ਾਹ ਨੇ ਰਾਇ ਸਾਰੰਗ ਨੂੰ ਮੁਕਤ ਕਰ ਦਿਤਾ ਅਤੇ ਆਦਰ ਨਾਲ ਆਪਣੀ ਜਗੀਰ ਵਿਚ ਭੇਜ ਦਿਤਾ ।

ਕਮਾਲ ਦੀ ਜਾਗੀਰ ਵਾਪਿਸ ਨਹੀਂ ਸੀ ਕਰਨਾ ਚਾਹੁੰਦਾ, ਸੋ, ਉਸ ਨੇ ਰਾਇ ਸਾਰੰਗ ਦੀ ਰਿਹਾਈ ਵਿਚ ਇਕ ਵੱਡਾ ਜਸ਼ਨ ਕੀਤਾ ਤੇ ਛਲ ਨਾਲ ਸ਼ਰਾਬ ਵਿਚ ਜ਼ਹਿਰ ਮਿਲਾ ਕੇ ਸਾਰੰਗ ਨੂੰ ਮਰਵਾ ਦਿਤਾ । ਸਾਰੰਗ ਦੀ ਪਤਨੀ ਆਪਣੇ ਨਾਬਾਲਗ ਪੁੱਤਰ ਮੋਜਦੀ (ਮੁਅੱਜਦੀਨ) ਨੂੰ ਲੈ ਕੇ ਪੇਕੇ ਆ ਗਈ ਅਤੇ ਉਸ ਨੂੰ ਸ਼ਸਤਰ ਵਿਦਿਆ ਵਿਚ ਪਰਬੀਨ ਕੀਤਾ । ਮੋਜਦੀ ਜਦੋਂ ਜਵਾਨ ਹੋਇਆ ਤਾਂ ਮਾਪਿਆਂ ਦੀ ਫ਼ੌਜ ਨਾਲ ਉਸ ਨੇ ਤ੍ਰਾਇ ਕਮਾਲ ਦੀ 'ਤੇ ਹੱਲਾ ਬੋਲ ਕੇ ਕਮਾਲ ਦੀ ਨੂੰ ਮਾਰ ਦਿਤਾ ਅਤੇ ਆਪਣੇ ਦਾਦੇ ਦੀ ਸਾਰੀ ਜਗੀਰ ਸੰਭਾਲ ਲਈ ।

ਢਾਡੀਆਂ ਨੇ ਇਸ ਯੁਧ ਬਾਰੇ ਇਕ ਵਾਰ ਰਚੀ, ਜਿਸ ਦੀ ਇਕ ਪਉੜੀ ਇਉਂ ਹੈ :

ਰਾਣਾ ਰਾਇ ਕਮਾਲ ਦੀ ਰਣ ਭਾਰਾ ਬਾਹੀ
ਮੋਜਦੀ ਤਲਵੰਡੀਓ ਚੜ੍ਹਿਆ ਸਾਬਾਹੀ
ਢਾਲੀ ਅੰਬਰ ਛਾਇਆ ਫੂਲੇ ਅੱਕ ਕਾਹੀ
ਜੁਟੇ ਆਹਮੋ ਸਾਹਮਣੇ ਨੇਜੇ ਝੁਲਕਾਹੀ
ਮੋਜੇ ਘਰ ਵਧਾਈਆਂ ਘਰ ਚਾਚੇ ਧਾਹੀ ।

ਇਸ ਵਾਰ ਦੀ ਧੁਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗਉੜੀ ਦੀ ਵਾਰ ਮਹਲਾ ੫ ਉਤੇ ਦਰਜ ਹੈ ।

(ਰ-32) **ਰਾਈ ਵਾਰਨਾ :**

ਜੇ ਕਿਸੇ ਬੱਚੇ ਨੂੰ ਚੰਦਰੀ ਨਜ਼ਰ ਲਗ ਜਾਵੇ ਤਾਂ ਲੋਕ-ਨਿਸਚੇ ਅਨੁਸਾਰ ਬੱਚੇ ਤੋਂ ਰਾਈ ਵਿਚ ਲੂਣ ਮਿਲਾ ਕੇ, ਸੱਤ ਵਾਰੀ ਵਾਰਨ ਨਾਲ, ਸਭ ਬਲਾਵਾਂ ਰਦ ਹੁੰਦੀਆਂ ਅਤੇ ਨਜ਼ਰ ਉਤਰ ਜਾਂਦੀ ਹੈ ।

(ਰ-33) **ਰਾਏ ਜੱਜਾ ਕੀ ਵਾਰ :**

ਜੱਜਾ ਤੇ ਦੇਵ ਸਿਧ ਦੋ ਭਟੀ ਰਾਜੇ ਸਨ ਅਤੇ ਡੇਰਾ ਸਿਧ ਜੱਜਾ ਦੀ ਭੈਣ ਦਾ ਲੜਕਾ ਸੀ । 300 ਹਿਜਰੀ ਵਿਚ ਜੱਜਾ ਵਰਤਮਾਨ ਖ਼ਾਨਪੁਰ ਤੇ ਅਹਿਮਦਪੁਰ ਪੂਰਬ ਦੀਆਂ ਤਹਿਸੀਲਾਂ ਵਾਲੇ ਇਲਾਕੇ ਉਤੇ ਰਾਜ ਕਰਦਾ ਸੀ। ਸੰਮਤ 900 (843 ਈ: ਵਿਚ ਜੱਜਾ ਨੇ ਇਕ ਨਗਰ ਜੱਜ ਦੀ ਨੀਂਹ ਰਖੀ, ਜੋ ਹੁਣ ਤਕ ਇਕ ਪ੍ਰਸਿਧ ਕਸਬਾ ਚਲਿਆ ਆ ਰਿਹਾ ਹੈ । ਡੇਰਾ ਸਿਧ ਨੇ ਜੋ 'ਦੇਵਾ ਰਾਵਲ' ਵੀ ਅਖਵਾਂਦਾ ਸੀ, ਨੇ ਚੋਲਿਸਤਾਨ ਵਿਚ 'ਹਕੜਾ' ਵਿਖੇ ਇਕ ਕਿਲ੍ਹਾ, ਜੱਜਾ ਭਾਟੀਆ ਦੀ ਮਰਜ਼ੀ ਪੁਛ ਕੇ ਬਣਵਾਇਆ । 909 ਸੰਮਤ ਵਿਚ ਇਸ ਦਾ ਨਾਂ ਆਪਣੇ ਨਾਂ ਉਤੇ ਰਖਿਆ । ਪਰ ਜੱਜੇ ਨੇ, ਕੀਨੇ ਵਿਚ ਆ ਕੇ ਆਪਣੇ ਭਣੇਏ ਨੂੰ ਇਹ ਕਿਲ੍ਹਾ ਬਨਾਉਣ ਦੀ ਮਨਾਹੀ ਕਰ ਦਿਤੀ । ਦੇਵ ਰਾਵਲ ਦੀ ਮਾਂ, ਜੋ ਜੱਜਾ ਦੀ ਭੈਣ ਸੀ, ਨੇ ਵਿਚ ਪੈ ਕੇ ਮਾਮਲਾ ਨਜਿਠਿਆ ਤੇ ਜੱਜੇ ਨੂੰ ਲਿਖਿਆ—

ਰਾਏ ਜੱਜਾ ਸੀ ਵੰਤੀ ਭੈਣ ਪੁਛਾਵੇ
ਕਿਆ ਭੁਟਾ ਕਿਆ ਭਾਟੀਆ ਕੋਣ ਉਸਾਰਨ ਦੇ ।

ਜੱਜਾ ਨੇ ਆਗਿਆ ਦੇ ਦਿਤੀ ਤੇ ਦੇਵ ਰਾਵਲ ਨੇ ਕਿਲ੍ਹਾ ਉਸਾਰ ਲਿਆ । ਕਿਲ੍ਹੇ ਵਿਚ 40 ਬੁਰਜ ਸਨ । ਸੰਮਤ 909 ਤੋਂ 1790 ਤਕ ਇਹ ਕਿਲ੍ਹਾ ਦੇਵ ਰਾਵਲ ਤੇ ਉਸਦੀ ਵੰਸ਼ ਦੇ ਕਬਜ਼ੇ ਹੇਠ ਰਿਹਾ, ਜਿਸ ਤੋਂ ਪਿਛੋਂ ਨਵਾਬ ਸਾਦਿਕ ਮੁਹੰਮਦ ਖ਼ਾਨ ਪਹਿਲੇ ਨੇ ਕਿਲ੍ਹਾ ਖੋਹ ਲਿਆ ।

**(ਰ-34) ਰਾਸ਼ੀ ਮੰਡਲ ਜਾਂ ਚੱਕਰ :**

ਅਕਾਸ਼ ਮੰਡਲ ਨੂੰ 12 ਰਾਸ਼ੀਆਂ ਵਿਚ ਵੰਡਿਆ ਗਿਆ ਹੈ ਅਤੇ ਸੂਰਜ ਹਰ ਸਮੇਂ ਕਿਸੇ ਇਕ ਰਾਸ਼ੀ ਵਿਚ ਹੁੰਦਾ ਹੈ। ਜਦੋਂ ਉਹ ਇਕ ਰਾਸ਼ੀ ਵਿਚੋਂ ਦੂਜੀ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ, ਉਦੋਂ ਸੰਗਰਾਂਦ (ਸੰਕਰਾਂਤੀ) ਪੈਂਦੀ ਹੈ, ਜੋ ਬੜਾ ਪਾਵਨ ਦਿਵਸ ਮੰਨਿਆ ਜਾਂਦਾ ਹੈ।

ਰਾਸ਼ੀਆਂ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ, ਜੋ 'ਗੋਲਾ' ਅਖਵਾਉਂਦੇ ਹਨ। ਇਹ ਦੋ ਭਾਗ ਹਨ : ਉੱਤਰ ਤੇ ਦੱਖਣ। ਉੱਤਰੀ ਭਾਗ ਵਿਚ ਮੇਸ਼ ਤੋਂ ਲੈ ਕੇ ਕੰਨਿਆਂ ਤਕ ਛੇ ਰਾਸ਼ੀਆਂ ਆਉਂਦੀਆਂ ਹਨ ਤੇ ਦੱਖਣੀ ਭਾਗ ਵਿਚ ਤੁਲਾ ਤੋਂ ਮੀਨ ਤਕ ਦੀਆਂ ਰਾਸ਼ੀਆਂ। ਹਰੇਕ ਰਾਸ਼ੀ ਵਿਚ ਜਦੋਂ ਸੂਰਜ ਵਿਚਰ ਰਿਹਾ ਹੁੰਦਾ ਹੈ, ਤਾਂ ਇਸ ਦਾ ਪ੍ਰਭਾਵ ਸ਼ਕਤੀ ਵਿਭਿੰਨ ਹੁੰਦੀ ਚਲੀ ਜਾਂਦੀ ਹੈ।

ਰਾਸ਼ੀਆਂ ਦੇ ਉਦੇ ਨੂੰ ਲਗਨ ਕਹਿੰਦੇ ਹਨ ਅਤੇ ਇਨ੍ਹਾਂ ਦੇ ਅਸਰ ਨੂੰ ਉਦਯਾ। ਅਜਿਹੀਆਂ ਰਾਸ਼ੀਆਂ ਦੇ ਚੱਕਰ ਨੂੰ 'ਲਗਨ ਕੁੰਡਲੀ' ਕਹਿੰਦੇ ਹਨ।

ਰਾਸ਼ੀ ਮੰਡਲ ਦਾ ਮੁੱਢ ਕਿਸ ਦੇਸ਼ ਤੋਂ ਬਝਿਆ ? ਇਸ ਬਾਰੇ ਨਿਰਨੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਇਸ ਮੰਡਲ ਨੂੰ ਖੋਜਣ ਦੇ ਕਈ ਦਾਅਵੇਦਾਰ ਹਨ, ਜਿਨ੍ਹਾਂ ਵਿਚੋਂ ਭਾਰਤ ਤੋਂ ਬਿਨਾਂ ਮਿਸਰ, ਚੀਨ, ਯੂਨਾਨ, ਅਰਬ ਤੇ ਫ਼ਾਰਸ ਆਦਿ ਹਨ। ਭਾਰਤ ਵਿਚ ਬਾਕੀ ਦੇਸ਼ਾਂ ਨਾਲੋਂ ਪਹਿਲਾਂ ਰਾਸ਼ੀਆਂ ਦਾ ਵਰਨਣ ਮਿਲਦਾ ਹੈ। ਰਿਗ ਵੇਦ, ਜੋ ਸੰਸਾਰ ਦਾ ਸਭ ਤੋਂ ਪੁਰਾਤਨ ਗ੍ਰੰਥ ਹੈ, ਵਿਚ ਸਾਲ ਦੇ 360 ਦਿਵਸ ਹਨ ਤੇ ਇਸ ਨੂੰ 12 ਮਹੀਨਿਆਂ ਵਿਚ ਵੰਡਿਆ ਗਿਆ ਹੈ, ਜੋ ਸੂਰਜੀ ਵਰ੍ਹੇ ਤੋਂ 6 ਦਿਨ ਘਟ ਹੈ। ਇਸ ਸਾਲ ਨੂੰ ਸੂਰਜੀ ਸਾਲ ਨਾਲ ਮੇਲਣ ਲਈ ਇਸ ਵਿਚ ਇਕ ਨਵਾਂ ਮਹੀਨਾ ਸ਼ਾਮਲ ਕਰ ਲਿਆ ਗਿਆ, ਜਿਸ ਦਾ ਜ਼ਿਕਰ 'ਬ੍ਰਾਹਮਣ' ਗ੍ਰੰਥ ਵਿਚ ਆਉਂਦਾ ਹੈ। ਬ੍ਰਾਹਮਣ ਵਿਚ, ਜੋ ਵੇਦਾਂ ਦਾ ਹੀ ਅੰਗ ਹਨ, ਵਿਚ ਨਖਸ਼ਤਰਾਂ ਦਾ ਜ਼ਿਕਰ ਆਉਂਦਾ ਹੈ, ਜੋ 27 ਮੰਨੇ ਗਏ ਹਨ। ਤ੍ਰੈਤੀਯਾ ਸੰਹਿਤਾ ਵਿਚ ਗਿਣਤੀ 27 ਹੈ ਜਦ ਕਿ ਅਥਰਵ ਵੇਦ ਵਿਚ 28। ਇਨ੍ਹਾਂ 28 ਨਖਸ਼ਤਰਾਂ ਵਿਚੋਂ ਹੀ 12 ਨਖਸ਼ਤਰਾਂ ਦੇ ਨਾਂ 'ਤੇ ਮਹੀਨਿਆਂ ਦੇ ਨਾਂ ਰਖੇ ਗਏ ਹਨ।

ਹਰ ਰਾਸ਼ੀ ਦਾ ਕੋਈ ਨਾ ਕੋਈ ਪ੍ਰਧਾਨ ਦੇਵਤਾ ਮੰਨਿਆ ਗਿਆ ਹੈ। ਇਹ ਪ੍ਰਧਾਨ ਦੇਵਤੇ ਗ੍ਰਹਿ ਹੀ ਹਨ ਜਿਵੇਂ ਸੋਮ, ਮੰਗਲ, ਬੁਧ, ਗੁਰੂ ਜਾਂ ਬ੍ਰਿਹਸਪਤੀ, ਸ਼ੁਕਰ, ਸ਼ਨੀ ਤੇ ਆਦਿਤੀ।

ਹਰ ਰਾਸ਼ੀ ਦਾ ਕੋਈ ਨਾ ਕੋਈ ਰੂਪ ਅਥਵਾ ਚਿੰਨ੍ਹ ਮਿਥਿਆ ਗਿਆ ਹੈ। ਇਹ ਚਿੰਨ੍ਹ ਮੇਸ਼, ਵਰਿਸ਼ਭ, ਮਿਥੁਨ, ਕ੍ਰੱਤਕ, ਸ਼ੀਂਹ, ਕੰਨਿਆਂ, ਤੁਲਾ, ਵਰਿਸ਼ਚਿਕ, ਧੇਨੂ, ਮੱਕਰ, ਕੁੰਭ ਤੇ ਮੀਨ ਕਿਸੇ ਇਕ ਜਾਂ ਦੂਜੇ ਦੇਵ ਨਾਲ ਸਬੰਧਿਤ ਹਨ। ਭਾਰਤ ਵਿਚ ਕਈ ਉਤਸਵ ਵੀ ਹਨ, ਜੋ ਵਰਿਸ਼ਭ, ਕੱਤਕ, ਮਕਰ, ਮੀਨ, ਮੇਸ਼, ਵਰਿਸ਼ਚਿਕ ਨਾਲ ਸਬੰਧਿਤ ਹਨ।

ਰਾਸ਼ੀ ਚਿੰਨ੍ਹਾਂ ਨੂੰ ਸਿਕਿਆਂ ਉਤੇ ਵੀ ਵਰਤਿਆ ਜਾਂਦਾ ਰਿਹਾ ਹੈ। ਜਹਾਂਗੀਰ ਦੇ ਸਮੇਂ 1618 ਤੋਂ ਪਿਛੋਂ ਜਿਸ ਮਹੀਨੇ ਸਿਕੇ ਜਾਰੀ ਕੀਤੇ ਜਾਂਦੇ, ਉਸ ਮਹੀਨੇ ਜਿਸ ਰਾਸ਼ੀ ਵਿਚ ਸੂਰਜ ਹੁੰਦਾ, ਉਸ ਦਾ ਰਾਸ਼ੀ ਚਿੰਨ੍ਹ ਸਿਕੇ ਦੇ ਇਕ ਪਾਸੇ ਉਕਰਿਆ ਜਾਂਦਾ।

**(ਰ-35) ਰਾਹੂ ਕੇਤੂ :**

ਪੁਰਾਣਾਂ ਅਨੁਸਾਰ ਰਾਹੂ ਇਕ ਦਾਨਵ ਸੀ ਜੋ ਸਿਹਿੰਕਾ ਦੇ ਉਦਰ ਤੋਂ, ਵਿਪ੍ਰਚਿਤੀ ਦਾ ਪੁੱਤਰ ਸੀ। ਇਸ ਦੀਆਂ ਚਾਰ ਬਾਹਵਾਂ ਹਨ ਅਤੇ ਹੇਠਲਾ ਧੜ ਮੱਛੀ ਦੀ ਪੂਛ ਵਰਗਾ ਹੈ। ਵਿਸ਼ਨੂੰ ਪੁਰਾਣ ਅਨੁਸਾਰ ਅਠ ਕਾਲੇ ਰੰਗ ਦੇ ਘੋੜੇ ਰਾਹੂ ਦੇ ਰੱਥ ਨੂੰ ਖਿਚਦੇ ਹਨ। ਜਦੋਂ ਵਿਸ਼ਨੂੰ ਮੋਹਿਨੀ ਦਾ ਰੂਪ ਧਾਰ ਕੇ, ਦੇਵਤਿਆਂ ਵਿਚ ਅੰਮ੍ਰਿਤ ਵੰਡ ਰਿਹਾ ਸੀ ਤਾਂ ਰਾਹੂ ਭੇਸ ਬਦਲ ਕੇ ਦੇਵਤਿਆਂ ਵਿਚ ਰਲ ਗਿਆ ਤੇ ਅੰਮ੍ਰਿਤ ਪੀ ਲਿਆ। ਸੂਰਜ ਤੇ ਚੰਦਰਮਾ ਨੇ ਇਸ ਦੇ ਪਰਛਾਵੇਂ ਤੋਂ ਪਛਾਣ ਲਿਆ ਤੇ ਵਿਸ਼ਨੂੰ ਨੂੰ ਦਸਿਆ, ਜਿਸ ਨੇ ਰਾਹੂ ਦਾ ਸਿਰ ਤੇ ਦੋ ਬਾਹਵਾਂ ਵੱਢ ਦਿਤੀਆਂ। ਪਰ ਰਾਹੂ ਅੰਮ੍ਰਿਤ ਪੀ ਕੇ ਅਮਰ ਹੋ ਚੁਕਾ ਸੀ, ਇਸ ਲਈ ਇਸ ਦੇ ਸਰੀਰ ਦੇ ਦੋਵੇਂ ਧੜ ਅਮਰ ਹੋ ਗਏ ਤੇ ਇਨ੍ਹਾਂ ਨੂੰ ਤਾਰਾ ਮੰਡਲ ਵਿਚ ਸਥਾਪਿਤ ਕਰ ਦਿਤਾ ਗਿਆ। ਉਪਰਲਾ ਧੜ ਜੋ ਦਾਨਵ ਦੀ ਸ਼ਕਲ ਦਾ ਹੈ ਰਾਹੂ ਪ੍ਰਸਿਧ ਹੋਇਆ ਅਤੇ ਹੇਠਲਾ ਧੜ, ਜੋ ਮੱਛੀ ਦੀ ਪੂਛ ਦੇ ਅਕਾਰ ਦਾ ਹੈ ਕੇਤੂ। ਰਾਹੂ ਅਤੇ ਕੇਤੂ ਚੰਨ ਅਤੇ ਸੂਰਜ ਤੋਂ ਬਦਲਾ ਲੈਣ ਲਈ, ਉਨ੍ਹਾਂ ਨੂੰ ਕਦੇ ਕਦੇ ਗ੍ਰਸਦੇ ਹਨ, ਜਿਸ ਤੋਂ 'ਗ੍ਰਹਿਣ' ਲਗਦਾ ਹੈ (ਵੇਖੋ : ਗ੍ਰਹਿਣ)।

ਰਾਹੂ ਨੂੰ ਉਲਕਾਪਾਤ ਦਾ ਰਾਜਾ ਅਤੇ ਦੱਖਣ-ਪੱਛਮੀ ਭਾਗ ਦਾ ਰਖਿਅਕ ਵੀ ਸਮਝਿਆ ਜਾਂਦਾ ਹੈ।

ਰਾਹੂ ਰੋਗ ਤੇ ਸੰਕਟ ਲਿਆਉਂਦਾ ਮੰਨਿਆ ਗਿਆ ਹੈ ਤੇ ਸਭ ਵਸਤੂਆਂ ਨੂੰ ਅਪਵਿਤ੍ਰ ਕਰ ਦੇਂਦਾ ਹੈ। ਇਸੇ ਲਈ ਗ੍ਰਹਿਣ ਤੋਂ ਮਗਰੋਂ ਹਿੰਦੂ ਇਸ਼ਨਾਨ ਕਰਦੇ ਹਨ।

**(ਰ-36) ਰਾਹੋਂ :**

ਨਵਾਂ ਸ਼ਹਿਰ ਤਹਿਸੀਲ ਵਿਖੇ ਇਕ ਕਸਬਾ, ਜੋ ਨਵਾਂ ਸ਼ਹਿਰ ਤੋਂ ਪੰਜ ਮੀਲ ਦੀ ਵਿਥ ਉਤੇ ਸਥਿਤ ਹੈ। ਇਹ ਨਗਰ ਦੋ ਹਜ਼ਾਰ ਸਾਲ ਪਹਿਲਾਂ ਰਾਜਾ ਰਾਘਬ ਨੇ ਵਸਾਇਆ ਸੀ ਤੇ ਇਸ ਦਾ ਨਾਂ ਰਾਘਬਪੁਰ ਰਖਿਆ ਗਿਆ।

ਅਜੇ ਵੀ ਪੰਡਤਾਂ ਵਿਚ ਇਸ ਨਗਰ ਦਾ ਇਹੋ ਨਾਂ ਪ੍ਰਚਲਤ ਹੈ।

ਜਦੋਂ ਇਹ ਇਲਾਕਾ ਘੋੜੇਵਾਹਾ ਰਾਜਪੂਤਾਂ ਦੇ ਕਬਜ਼ੇ ਵਿਚ ਆਇਆ ਤਾਂ ਸ਼ਹਾਬ-ਉਦ-ਦੀਨ ਗ਼ੌਰੀ ਦੇ ਸਮੇਂ, ਇਨ੍ਹਾਂ ਦੇ ਇਕ ਮੁਖੀ ਰਾਣਾ ਰਾਜਪਾਲ ਨੇ ਇਸ ਦਾ ਨਾਉਂ ਆਪਣੀ ਇਕ ਰਾਣੀ 'ਰਾਹੋ' ਦੇ ਨਾਂ ਉਤੇ ਰਾਹੋਂ ਰਖ ਦਿਤਾ।

ਇਸ ਸ਼ਹਿਰ ਦਾ ਨਾਂ ਸਵੇਰੇ ਰੋਟੀ ਖਾਣ ਤੋਂ ਪਹਿਲਾਂ ਲੈਣਾ ਅਸ਼ੁਭ ਮੰਨਿਆ ਜਾਂਦਾ ਹੈ ਤੇ ਜੇ ਸੁੱਚੇ ਮੂੰਹ ਲੈਣ ਦੀ ਮਜਬੂਰੀ ਹੋਵੇ ਤਾਂ 'ਜ਼ਨਾਨਾ' ਸ਼ਹਿਰ ਕਹਿ ਕੇ ਸੰਕੇਤ ਕੀਤਾ ਜਾਂਦਾ ਹੈ।

ਇਥੇ ਸੂਰਜ ਕੁੰਡ ਤੇ ਪੰਜ ਤੀਰਥ ਦੇ ਦੋ ਪੁਰਾਣੇ ਸਰੋਵਰ ਹਨ। ਸੂਰਜ ਕੁੰਡ ਨਾਲ ਇਕ ਪੁਰਾਣਾ ਹਿੰਦੂ ਮੰਦਰ ਵੀ ਹੈ। ਇਸੇ ਸਰੋਵਰ ਦੇ ਕੰਢੇ ਚੇਤ ਦੀ ਚੌਦਸ ਨੂੰ ਹਿੰਦੂ ਮੇਲਾ ਲਗਦਾ ਹੈ (ਜਲੰਧਰ ਗਜ਼ਟੀਅਰ, ਪੰਨਾ 303)।

**(ਰ-37) ਰਾਕਾ :**

ਉਹ ਪੂਰਨਮਾਸ਼ੀ ਜਿਸ ਵਿਚ ਸੂਰਜ ਦੇ ਛਿਪਦੇ ਸਾਰ ਜਾਂ ਸੂਰਜ ਛਿਪਣ ਦੇ ਝਟ ਮਗਰੋਂ ਚੰਦਰਮਾ ਚੜ੍ਹੇ। ਇਹ ਪੂਰਨਮਾਸ਼ੀ ਏਕਮ ਤਿਥੀ ਨਾਲ ਮਿਲੀ ਹੁੰਦੀ ਹੈ।

**(ਰ-38) ਰਾਖਸ਼ :**

ਇਕ ਦੁਸ਼ਟ ਜਾਤੀ ਜੋ ਦੇਵਤਿਆਂ ਤੇ ਮਨੁਖਾਂ ਦੀ ਵੈਰੀ ਮੰਨੀ ਗਈ ਹੈ। ਪੁਰਾਣਾਂ ਵਿਚ ਰਾਖਸ਼ਾਂ ਦੀ ਉਤਪਤੀ ਬਾਰੇ ਕਈ ਤਰ੍ਹਾਂ ਦੀਆਂ ਕਥਾਵਾਂ ਮਿਲਦੀਆਂ ਹਨ। ਵਿਸ਼ਨੂੰ ਪੁਰਾਣ ਅਨੁਸਾਰ ਰਾਖਸ਼ ਕਸ਼ਯਪ ਤੇ ਦੱਕਸ਼ ਦੀ ਔਲਾਦ ਸਨ। ਇਸੇ ਪੁਰਾਣ ਵਿਚ ਇਕ ਹੋਰ ਥਾਂ ਲਿਖਿਆ ਹੈ (ਅੰਸ਼ ੧ ਅ: ੫) ਕਿ ਜਦੋਂ ਬ੍ਰਹਮਾ ਨੂੰ ਖਾਣ ਲਈ ਯੱਖ ਦੌੜੇ, ਉਸੇ ਵੇਲੇ ਜਿਨ੍ਹਾਂ ਲੋਕਾਂ ਨੇ ਬ੍ਰਹਮਾ ਦੀ ਰਖਿਆ ਕੀਤੀ, ਉਨ੍ਹਾਂ ਦੀ ਸੰਗਿਆ ਰਾਖਸ਼ ਹੋਈ (ਮਹਾਨ ਕੋਸ਼, 769)। ਇਕ ਹੋਰ ਲਿਖਤ ਅਨੁਸਾਰ ਰਾਖਸ਼ ਪੁਲਸਤਯ ਰਿਸ਼ੀ ਤੋਂ ਪੈਦਾ ਹੋਏ। ਪੁਰਾਣਾਂ ਅਨੁਸਾਰ ਰਾਖਸ਼ਾਂ ਦੇ ਬ੍ਰਹਮਾ ਦੇ ਪੈਰਾਂ ਤੋਂ ਪੈਦਾ ਹੋਣ ਦਾ ਸੰਕੇਤ ਵੀ ਮਿਲਦਾ ਹੈ। ਰਾਮਾਇਣ ਅਨੁਸਾਰ ਜਦੋਂ ਬ੍ਰਹਮਾ ਨੇ ਪਾਣੀ ਪੈਦਾ ਕੀਤਾ ਤਾਂ ਉਦੋਂ ਉਨ੍ਹਾਂ ਨੇ ਪਾਣੀ ਦੀ ਰਖਿਆ ਕਰਨ ਲਈ ਰਾਖਸ਼ਾਂ ਦੀ ਵੀ ਉਤਪਤੀ ਕੀਤੀ।

ਰਾਖਸ਼ਾਂ ਦੇ ਪੈਰ ਪਿਛਾਂਹ ਵਲ ਹੁੰਦੇ ਹਨ, ਜਿਨ੍ਹਾਂ ਤੋਂ ਇਹ ਝਟ ਪਛਾਣੇ ਜਾਂਦੇ ਹਨ। ਇਹ ਮਨੁਖ ਦਾ ਮਾਸ ਖਾਂਦੇ ਤੇ ਜੰਗਲਾਂ ਵਿਚ ਬ੍ਰਿਛਾਂ ਉਤੇ ਰਹਿੰਦੇ ਹਨ। ਰਾਖਸ਼ਾਂ ਵਿਚ ਰੂਪ-ਪਰੀਵਰਤਨ ਦੀ ਸ਼ਕਤੀ ਹੁੰਦੀ ਹੈ ਅਤੇ ਇਹ ਜਾਨਵਰਾਂ—ਉੱਲੂ, ਗਿਧ, ਕੁੱਤਾ ਆਦਿ ਦਾ ਰੂਪ ਧਾਰ ਕੇ ਵੀ ਵਿਚਰਦੇ ਹਨ ਅਤੇ ਮਨੁਖ ਜਾਂ ਸੁੰਦਰ ਮੁਟਿਆਰ ਦਾ ਰੂਪ ਧਾਰ ਕੇ ਵੀ।

ਰਾਖਸ਼ਾਂ ਦਾ ਕੋਈ ਇਕ ਰੂਪ ਨਹੀਂ ਹੁੰਦਾ। ਰਾਮਾਇਣ ਅਨੁਸਾਰ ਜਦੋਂ ਹਨੂਮਾਨ, ਬਿੱਲੀ ਦਾ ਰੂਪ ਧਾਰ ਕੇ ਲੰਕਾ ਸ਼ਹਿਰ ਨੂੰ ਵੇਖਣ ਲਈ ਗਿਆ ਤਾਂ ਉਸ ਕਈ ਤਰ੍ਹਾਂ ਦੇ ਰਾਖਸ਼ ਵੇਖੇ। ਕੁਝ ਦੀਆਂ ਬਾਹਾਂ ਲੰਮੀਆਂ ਅਤੇ ਸ਼ਕਲਾਂ ਬੜੀਆਂ ਡਰਾਉਣੀਆਂ ਸਨ। ਕਈ ਬਹੁਤ ਮੋਟੇ ਤੇ ਕਈ ਬਹੁਤ ਪਤਲੇ ਸਨ। ਕਈ ਬਹੁਤ ਛੋਟੇ ਅਤੇ ਕਈ ਅਸਚਰਜਤਾ ਦੀ ਹੱਦ ਤਕ ਲੰਮੇ ਸਨ। ਕਈਆਂ ਦੀ ਕੇਵਲ ਇਕੋ ਅੱਖ ਸੀ ਅਤੇ ਕਈਆਂ ਦਾ ਕੇਵਲ ਇਕੋ ਕੰਨ ਸੀ। ਕੁਝ ਦੇ ਢਿੱਡ ਬਹੁਤ ਹੀ ਵਡੇ, ਲਟਕਦੀਆਂ ਛਾਤੀਆਂ, ਲੰਮੇ ਵਿਕਰਾਲ ਦੰਦ ਅਤੇ ਬੇਢਬੇ ਪੱਟ ਸਨ, ਜਦੋਂ ਕਿ ਕੁਝ ਹੋਰ ਰਾਖਸ਼ ਬਹੁਤ ਹੀ ਸੁਹਣੇ ਸਨ ਅਤੇ ਉਨ੍ਹਾਂ ਨੇ ਬਹੁਤ ਸੁੰਦਰ ਕਪੜੇ ਪਹਿਨੇ ਹੋਏ ਸਨ। ਕਈ ਰਾਖਸ਼ ਦੋ ਲੱਤਾਂ ਵਾਲੇ, ਕਈ ਤਿੰਨ ਲੱਤਾਂ ਵਾਲੇ ਅਤੇ ਕਈ ਚਾਰ ਲੱਤਾਂ ਵਾਲੇ ਸਨ। ਕਈਆਂ ਦੇ ਸਿਰ ਸੱਪਾਂ ਦੇ ਸਨ, ਕਈਆਂ ਦੇ ਖੋਤਿਆਂ ਦੇ। ਕਈ ਰਾਖਸ਼ ਘੋੜਿਆਂ ਦੇ ਸਿਰਾਂ ਵਾਲੇ ਸਨ ਅਤੇ ਕਈ ਹਾਥੀਆਂ ਦੇ ਸਿਰਾਂ ਵਾਲੇ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਰਾਖਸ਼ ਕਈ ਸ਼ਕਲਾਂ ਤੇ ਕਿਸਮਾਂ ਦੇ ਹੁੰਦੇ ਹਨ ਅਤੇ ਇਨ੍ਹਾਂ ਦਾ ਕੋਈ ਇਕਸਾਰ ਰੂਪ-ਰੰਗ ਨਹੀਂ।

ਰਾਜਾ ਰਸਾਲੂ ਨਾਲ ਸਬੰਧਿਤ ਕਥਾਵਾਂ ਵਿਚ ਰਾਖਸ਼ਾਂ ਦਾ ਵਰਨਣ ਆਉਂਦਾ ਹੈ। ਰਾਜਾ ਰਸਾਲੂ ਨੇ ਮਾਣਕਿਆਲੇ ਵਿਚ ਜਿਨ੍ਹਾਂ ਸੱਤ ਰਾਖਸ਼ਾਂ ਨੂੰ ਮਾਰਿਆ ਸੀ, ਉਹ ਆਦਮਖ਼ੋਰ ਸਨ ਅਤੇ ਉਨ੍ਹਾਂ ਵਿਚ ਅਥਾਹ ਸ਼ਕਤੀ ਸੀ। ਕੁਦਰਤੀ ਸ਼ਕਤੀਆਂ ਅੱਗ, ਪਾਣੀ, ਹਵਾ, ਝੱਖੜ ਉਤੇ ਵੀ ਉਨ੍ਹਾਂ ਦਾ ਕਾਬੂ ਸੀ।

ਪੰਜਾਬ ਵਿਚ ਰਾਖਸ਼ਾਂ ਬਾਰੇ ਕਈ ਦੰਦ-ਕਥਾਵਾਂ ਮਿਲਦੀਆਂ ਹਨ। ਇਹ ਮਨੁਖਾਂ ਨੂੰ ਕੱਚਿਆਂ ਖਾ ਜਾਂਦੇ ਸਨ। ਕਈ ਰਾਜਿਆਂ ਨੇ ਰਾਖਸ਼ਾਂ ਨਾਲ ਸਮਝੌਤੇ ਕੀਤੇ ਹੋਏ ਸਨ ਤੇ ਉਹ ਰਾਜੇ ਇਨ੍ਹਾਂ ਨੂੰ ਇਕ ਮਨੁਖ ਰੋਜ਼ ਖਾਣ ਲਈ ਘਲਦੇ ਸਨ। ਦਿਪਾਲਪੁਰ ਵਿਚ ਅਜਿਹੇ ਇਕ ਰਾਖਸ਼ 'ਮੜ੍ਹਾ' ਨੂੰ ਪ੍ਰਸਿਧ ਲੋਕ-ਨਾਇਕ ਰਾਜਾ ਜਗਦਿਉ ਨੇ ਮਾਰਿਆ ਸੀ। ਗੁਰੂ ਨਾਨਕ ਦੇਵ ਜੀ ਦੀਆਂ ਸਾਖੀਆਂ ਵਿਚ ਇਕ ਰਾਖਸ਼ ਕੌਡੇ ਦਾ ਜ਼ਿਕਰ ਆਉਂਦਾ ਹੈ, ਜੋ ਜੰਗਲ ਵਿਚ ਭੁਲੇ ਭਟਕੇ ਰਾਹੀਆਂ ਨੂੰ ਤੇਲ ਵਿਚ ਤਲ ਕੇ ਖਾ ਜਾਇਆ ਕਰਦਾ ਸੀ। ਮਰਦਾਨੇ ਨੂੰ ਵੀ, ਉਹ ਤੇਲ ਦੇ ਕੜਾਹੇ ਵਿਚ ਤਲ ਕੇ, ਖਾਣ ਲੱਗਾ ਸੀ ਕਿ ਗੁਰੂ ਨਾਨਕ ਦੇਵ ਜੀ ਪਹੁੰਚ ਗਏ ਤੇ ਨਜ਼ਰ ਪੈਂਦਿਆਂ ਸਾਰ ਹੀ ਤੜਪਦਾ ਕੜਾਹਾ ਠੰਢਾ ਹੋ ਗਿਆ।

ਪੰਜਾਬ ਵਿਚ ਰਾਖਸ਼ਾਂ ਬਾਰੇ ਕਈ ਤਰ੍ਹਾਂ ਦੇ ਭਰਮ ਵਹਿਮ ਪ੍ਰਚਲਤ ਹਨ। ਜੇ ਰਾਤ ਵੇਲੇ ਦੀਵਾ ਜਾਂ ਬੱਤੀ ਬੁਝ ਜਾਵੇ ਤਾਂ ਇਹ ਰਾਖਸ਼ ਦਾ ਹੀ ਕੋਈ ਕਾਰਾ ਮੰਨਿਆ ਜਾਂਦਾ ਹੈ। ਅਜਿਹੇ ਵੇਲੇ ਜੇ ਕੋਈ ਰੋਟੀ ਖਾ ਰਿਹਾ ਹੋਵੇ ਤਾਂ ਉਹ ਆਪਣੇ ਦੁਹਾਂ ਹੱਥਾਂ ਨਾਲ ਰੋਟੀ ਢਕ ਲੈਂਦਾ ਹੈ, ਤਾਂ ਜੋ ਕਿਧਰੇ ਕੋਈ ਰਾਖਸ਼ ਰੋਟੀ ਜੂਠੀ ਨਾ ਕਰ ਜਾਵੇ, ਰਾਖਸ਼ ਦੀ ਜੂਠੀ ਰੋਟੀ ਖਾਣ ਵਾਲਾ ਨਰਕਾਂ ਦਾ ਭਾਗੀ ਬਣਦਾ ਹੈ। ਰਾਖਸ਼ ਅੰਨ ਦੁਆਰਾ ਮਨੁੱਖ ਦੇ ਪੇਟ ਵਿਚ ਸੂਖਮ ਰੂਪ ਵਿਚ ਦਾਖ਼ਲ ਹੋ ਜਾਂਦਾ ਹੈ।

ਰਾਖਸ਼ਾਂ ਵਿਚ ਫੈਲ ਕੇ, ਸਰੀਰ ਨੂੰ ਵੱਡਾ ਕਰ ਲੈਣ ਦੀ ਸ਼ਕਤੀ ਵੀ ਮੰਨੀ ਜਾਂਦੀ ਹੈ। ਪੰਜਾਬ ਦੇ ਪਹਾੜੀ ਇਲਾਕੇ ਖ਼ਾਸ ਤੌਰ ਤੇ ਸ਼ਿਮਲੇ ਦੇ ਕਨੇਤ ਮ੍ਰਿਤਕ ਸਰੀਰ ਵਿਚ ਦੋ ਕਿੱਲਾਂ ਗੱਡ ਦੇਂਦੇ ਹਨ, ਇਕ ਸਿਰ ਵਿਚ ਤੇ ਦੂਜੀ ਪੈਰ ਉਤੇ ਤਾਂ ਜੋ ਕੋਈ ਰਾਖਸ਼ ਮ੍ਰਿਤਕ ਦੇਹ ਵਿਚ ਦਾਖ਼ਲ ਨਾ ਹੋ ਸਕੇ। ਜੇ ਰਾਖਸ਼ ਮ੍ਰਿਤਕ ਸਰੀਰ ਵਿਚ ਦਾਖ਼ਲ ਹੋ ਜਾਵੇ ਤਾਂ ਉਹ ਮ੍ਰਿਤਕ ਦੇ ਸਰੀਰ ਨੂੰ ਫੈਲ ਕੇ ਵੱਡਾ ਕਰ ਦੇਂਦਾ ਹੈ ਤੇ ਡਰ ਹੁੰਦਾ ਹੈ ਕਿ ਉਹ ਸਾਕ ਸਬੰਧੀਆਂ ਨੂੰ ਨਿਗਲ ਨਾ ਜਾਵੇ।

ਰਾਖਸ਼ ਹਿੰਦੂਆਂ ਦੇ ਯੱਗਾਂ ਵਿਚ ਵਿਘਨ ਪਾਉਂਦੇ ਤੇ ਪੂਜਾ ਪਾਠ ਨੂੰ ਭੰਗ ਕਰ ਦੇਂਦੇ ਹਨ।

ਰਾਖਸ਼ ਜ਼ਾਤ ਦੀ ਇਸਤ੍ਰੀ ਨੂੰ ਰਾਖਸ਼ਣੀ ਕਹਿੰਦੇ ਹਨ, ਇਹ ਜਾਦੂ ਟੂਣਿਆਂ ਨਾਲ ਵੀ ਮਨੁੱਖ ਨੂੰ ਨੁਕਸਾਨ ਪਹੁੰਚਾਂਦੀਆਂ ਹਨ।

(ਰ-39) **ਰਾਜਸੂਯ :**

ਇਕ ਵੱਡਾ ਯੱਗ, ਜੋ ਚਕ੍ਰਵਰਤੀ ਰਾਜੇ ਕਰਦੇ ਸਨ। ਜਦੋਂ ਕੋਈ ਸਮਰਾਟ ਰਾਜਸੂਯ ਯੱਗ ਕਰਦਾ ਤਾਂ ਉਸ ਦੀ ਅਧੀਨਗੀ ਮੰਨਣ ਵਾਲੇ ਸਾਰੇ ਰਾਜੇ ਯੱਗ ਵਿਚ ਹਾਜ਼ਰ ਰਹਿੰਦੇ ਸਨ। ਜੌਨ ਡੌਸਨ ਅਨੁਸਾਰ 'ਭਾਵੇਂ ਇਹ ਯੱਗ ਧਾਰਮਕ ਕਿਸਮ ਦਾ ਯੱਗ ਸੀ, ਪਰ ਇਸ ਦੀ ਪੂਰਤੀ ਵਿਚ ਰਾਜਨੀਤਕ ਭਾਵਨਾ ਵੀ ਲੁਕੀ ਹੋਈ ਹੁੰਦੀ ਸੀ। ਜਿਹੜਾ ਰਾਜਾ ਇਹ ਯੱਗ ਕਰਦਾ ਸੀ, ਉਸ ਨੂੰ ਸਾਰੇ ਰਾਜੇ ਆਪਣਾ ਸਮਰਾਟ ਸਵੀਕਾਰ ਕਰਦੇ ਸਨ।' ਇਹ ਯੱਗ ਕਈ ਵਰ੍ਹਿਆਂ ਵਿਚ ਪੂਰਾ ਹੁੰਦਾ ਅਤੇ ਇਸਦੇ ਅੰਤਰਗਤ ਕਈ ਪ੍ਰਕਾਰ ਦੇ ਯੱਗ ਕੀਤੇ ਜਾਂਦੇ ਹਨ। ਇਸ ਯੱਗ ਦਾ ਆਰੰਭ ਸ਼ਤਪਥ ਬ੍ਰਾਹਮਣ, ਅਨੁਸਾਰ ਸੋਮਯੱਗਯ ਤਾਂ ਹੁੰਦਾ ਹੈ ਅਤੇ ਸਮਾਪਤੀ ਸਮੇਂ ਸੌਤ੍ਰਾਮਣੀ ਯੱਗਯ ਕੀਤਾ ਜਾਂਦਾ।

(ਰ-40) **ਰਾਜ ਕਰੇਗਾ ਖ਼ਾਲਸਾ :**

ਇਹ ਦੋਹਿਰਾ, ਗੁਰਦਵਾਰਿਆਂ ਵਿਚ ਅਰਦਾਸ ਤੋਂ ਮਗਰੋਂ ਪੜ੍ਹਦੇ ਹਨ। ਅਰਦਾਸ ਮਗਰੋਂ ਮੱਥਾ ਟੇਕ ਕੇ ਸਿੱਖ ਮੁੜ ਹੱਥ ਜੋੜ ਕੇ ਸ਼ਰਧਾ ਨਾਲ ਖੜੇ ਹੋ ਜਾਂਦੇ ਹਨ ਤੇ 'ਆਗਿਆ ਭਈ ਅਕਾਲ ਕੀ' ਵਾਲਾ ਦੋਹਿਰਾ ਉਚਾਰ ਕੇ ਫਿਰ ਇਸ ਦੋਹਿਰੇ ਨੂੰ ਪੜ੍ਹਨ ਦੀ ਪਰੰਪਰਾ ਹੈ। ਪੂਰਾ ਦੋਹਿਰਾ ਇਸ ਤਰ੍ਹਾਂ ਹੈ :

ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ
ਖਵਾਰ ਹੋਇ ਸਭ ਮਿਲੇਂਗੇ ਬਚੇ ਸਰਨ ਜੋ ਹੋਇ।

ਇਹ ਦੋਹਿਰਾ ਗੁਰੂ ਗੋਬਿੰਦ ਸਿੰਘ ਜੀ ਜਾਂ ਉਨ੍ਹਾਂ ਦੇ 52 ਦਰਬਾਰੀ ਕਵੀਆਂ ਵਿਚੋਂ ਕਿਸੇ ਇਕ ਦੀ ਰਚਨਾ ਹੈ। ਜਾਂ ਕਿਸੇ ਹੋਰ ਗੁਰਸਿਖ ਦੀ, ਇਸ ਬਾਰੇ ਨਿਰਨਾ ਕਰਨਾ ਹੁਣ ਕਠਨ ਹੈ। ਬਾਬਾ ਦਲੀਪ ਸਿੰਘ ਸਾਧੜਾ, ਪ੍ਰਸਿਧ ਬੱਬਰ ਅਕਾਲੀ ਲੀਡਰ ਨੇ, 1948 ਵਿਚ ਇਕ ਸੌ ਸਾਖੀ ਦੇ ਦਰਸ਼ਨ ਕੀਤੇ (ਮਾਨਸਰੋਵਰ ਵੀਕਲੀ 14-21 ਨਵੰਬਰ, 1972) ਜਿਸ ਵਿਚ ਇਹ ਪੂਰਾ ਦੋਹਿਰਾ ਇਉਂ ਅੰਕਿਤ ਸੀ :

ਦਿਲੀ ਤਖਤ ਪੈ ਬਹਿਗੀ, ਆਪ ਗੁਰੂ ਕੀ ਫੌਜ
ਛਤ੍ਰ ਫਿਰੇਗਾ ਸੀਸ ਪਰ, ਬੜੀ ਕਰੇਗੀ ਮੌਜ
ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ
ਖਵਾਰ ਹੋਇ ਸਭ ਮਿਲੇਂਗੇ ਬਚੇ ਸਰਨ ਜੋ ਹੋਇ।

ਕਈ ਸਿੱਖ ਬਜ਼ੁਰਗ ਤਾਂ ਇਸ ਦੋਹਿਰੇ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕਿਰਤ ਮੰਨਦੇ ਹਨ। ਕਿਹਾ ਜਾਂਦਾ ਹੈ ਕਿ ਇਹ ਪੂਰਾ ਸ਼ਲੋਕ ਸਿੱਖ ਰਾਜ ਦੇ ਅੰਤ ਤਕ ਅਰਦਾਸ ਮਗਰੋਂ ਪੜ੍ਹਿਆ ਜਾਂਦਾ ਰਿਹਾ, ਪਰ ਜਦੋਂ ਪੰਜਾਬ 'ਤੇ ਅੰਗਰੇਜ਼ਾਂ ਦਾ ਕਬਜ਼ਾ ਹੋਇਆ ਤਾਂ ਸਿੱਖਾਂ ਵਿਚ ਇਸ ਦੇ ਪੜ੍ਹਨ ਬਾਰੇ ਵਾਦ-ਵਿਵਾਦ ਹੋਣ ਲੱਗਾ। ਕਈ ਅੰਗਰੇਜ਼-ਪ੍ਰਸਤ ਸਿੱਖ ਚਾਹੁੰਦੇ ਸਨ ਕਿ ਇਹ ਸਾਰਾ ਸ਼ਲੋਕ ਹੀ ਨਾ ਪੜ੍ਹਿਆ ਜਾਵੇ ਪਰ ਕੁਝ ਦੀ ਇੱਛਾ ਸੀ ਕਿ ਪਹਿਲਾ ਅੱਧ ਤਿਆਗ ਦਿਤਾ ਜਾਵੇ, ਅਖ਼ੀਰ ਪਹਿਲਾ ਅੱਧ ਨਾ ਪੜ੍ਹੇ ਜਾਣ ਦਾ ਫ਼ੈਸਲਾ ਹੋਇਆ ਤੇ ਉਦੋਂ ਤੋਂ ਬਾਕੀ ਅੱਧ 'ਰਾਜ ਕਰੇਗਾ ਖ਼ਾਲਸਾ' ਪੜ੍ਹਿਆ ਜਾਣ ਲੱਗਾ। ਦੇਸ਼ ਦੇ ਅਜ਼ਾਦ ਹੋਣ ਪਿਛੋਂ ਇਹ ਦੋਹਿਰਾ ਪ੍ਰਚਲਤ ਰਿਹਾ।

ਇਹ ਦੋਹਿਰਾ ਸਿੱਖਾਂ ਵਿਚ ਚੜ੍ਹਦੀ ਕਲਾ ਦਾ ਪ੍ਰਤੀਕ ਹੈ ਅਤੇ ਸਿੱਖਾਂ ਵਿਚ ਜਮਾਤੀ ਤੌਰ ਉਤੇ ਮਾਨਸਿਕ ਉਤਸਾਹ ਭਰਦਾ ਤੇ ਸਵੈ-ਵਿਸ਼ਵਾਸ਼ ਜਗਾਂਦਾ ਹੈ।

(ਰ-41) **ਰਾਜ ਜੋਗ :**

ਜੋਤਿਸ਼ ਅਨੁਸਾਰ ਗ੍ਰਹਿਆਂ ਦਾ ਇਕ ਸ਼ੁਭ ਯੋਗ। ਇਸ ਯੋਗ ਸਮੇਂ ਜੰਮਿਆ ਬਾਲ ਵੱਡਾ ਹੋ ਕੇ ਰਾਜਾ ਬਣਦਾ ਹੈ ਅਤੇ ਜੰਮੀ ਕੁੜੀ ਰਾਣੀ। ਪ੍ਰਸਿਧ ਰਾਜ ਜੋਗ ਇਹ ਹਨ :

(ੳ) ਕੰਨਿਆਂ ਦਾ ਬੁੱਧ ਲਗਨ ਵਿਚ, ਦਸਵੇਂ ਘਰ

ਸ਼ੁਕ੍ਰ, ਸਤਵੇਂ ਬ੍ਰਿਹਸਪਤੀ ਅਤੇ ਚੰਦ੍ਰਮਾ, ਪੰਜਵੇਂ ਘਰ ਮੰਗਲ ਅਤੇ ਸ਼ਨੀ।

(ਅ) ਕਰਕ ਲਗਨ ਵਿਚ ਬ੍ਰਿਹਸਪਤੀ, ਗਿਆਰਵੇਂ ਘਰ ਬ੍ਰਿਖ ਦਾ ਚੰਦ੍ਰਮਾ, ਸ਼ੁਕ੍ਰ ਅਤੇ ਬੁੱਧ, ਦਸਵੇਂ ਘਰ ਵਿਚ ਮੇਖ ਦਾ ਸੂਰਜ।

(ੲ) ਮਕਰ ਲਗਨ ਵਿਚ ਸ਼ਨੀ, ਮੇਖ ਦਾ ਮੰਗਲ, ਕਰਕ ਦਾ ਚੰਦ੍ਰਮਾ, ਸਿੰਘ ਦਾ ਸੂਰਜ, ਮਿਥੁਨ ਦਾ ਬੁੱਧ, ਤੁਲਾ ਦਾ ਸ਼ੁਕ੍ਰ।

(ਰ-42) **ਰਾਜ ਬੀਬੀ :**

ਇਕ ਪ੍ਰੀਤ ਕਥਾ ਦੀ ਨਾਇਕਾ। ਇਸ ਦਾ ਕਿੱਸਾ ਸਭ ਤੋਂ ਪਹਿਲਾਂ ਅਹਿਮਦਯਾਰ ਨੇ ਲਿਖਿਆ। ਬਾਵਾ ਬੁੱਧ ਸਿੰਘ ਦਾ ਖ਼ਿਆਲ ਹੈ ਕਿ ਇਸ ਕਿੱਸੇ ਦਾ ਪਲਾਟ ਅਹਿਮਦਯਾਰ ਦੀ ਕਲਪਨਾ ਦੀ ਘਾੜਤ ਹੈ ਅਤੇ ਉਨ੍ਹਾਂ ਨੇ ਪ੍ਰਸਿਧ ਪ੍ਰੀਤ ਕਥਾਵਾਂ ਦੀਆਂ ਕੁਝ ਕਥਾ-ਰੂੜ੍ਹੀਆਂ ਲੈ ਕੇ ਇਸ ਕਿੱਸੇ ਦੀ ਰਚਨਾ ਕੀਤੀ। ਬਾਵਾ ਬੁੱਧ ਸਿੰਘ ਲਿਖਦੇ ਹਨ : 'ਪਲਾਟ ਬਨਾਉਣ ਵਿਚ ਕਵੀ ਨੇ ਵਾੜਿਆ ਹੈ ਕੁਝ ਸੋਹਣੀ ਦਾ ਨੈ ਵਿਚ ਡੁਬਣਾ, ਤੇ ਮਹੀਵਾਲ ਤੇ ਸੋਹਣੀ ਦੀਆਂ ਲੋਥਾਂ ਦਾ ਇਕੱਠਾ ਰੁੜ੍ਹਨ ਦੇ ਖ਼ਿਆਲ ਨੂੰ, ਕੁਝ ਰਾਝੇ ਦੀ ਵੰਝਲੀ ਦੀ ਸੁਰ ਦੇ ਖ਼ਿਆਲ ਨੂੰ ਤੇ ਫੇਰ ਹੀਰ ਰਾਂਝੇ ਦੇ ਹੱਜ ਜਾਣ ਨੂੰ।' ਭਾਵੇਂ ਇਸ ਪ੍ਰੀਤ ਕਥਾ ਦੀਆਂ ਕੁਝ ਕਥਾ ਰੂੜ੍ਹੀਆਂ ਦੂਜੀਆਂ ਪ੍ਰੀਤ ਕਥਾਵਾਂ ਨਾਲ ਮੇਲ ਖਾਂਦੀਆਂ ਹਨ, ਪਰ ਇਹ ਕਥਾ ਹੋਰ ਪ੍ਰੀਤ ਕਥਾਵਾਂ ਵਾਂਗ ਲੋਕ ਕਲਪਨਾ ਵਿਚੋਂ ਉਪਜੀ ਤੇ ਲੋਕ ਸਿਮਰਤੀ ਵਿਚ ਪਲਦੀ ਰਹੀ ਹੈ। ਸਾਡੇ ਕਿੱਸੇ-ਕਾਰਾਂ ਨੇ ਕਿੱਸਿਆਂ ਲਈ ਕਥਾਵਾਂ ਲੋਕ ਮੂੰਹਾਂ ਤੋ ਚੁਣੀਆਂ ਹਨ। ਖ਼ੁਦ ਨਹੀਂ ਘੜੀਆਂ। ਇਸ ਕਥਾ ਬਾਰੇ ਵੀ ਇਹੋ ਗਲ ਸੱਚ ਹੈ।

ਰਾਜ ਬੀਬੀ ਇਕ ਸਰਦੇ ਪੁਜਦੇ ਜੱਟ ਮੀਆਂ ਗੌਹਰ ਦੀ ਲੜਕੀ ਸੀ, ਜੋ ਦਰਿਆ ਦੇ ਨੇੜੇ ਵਸਦੇ ਇਕ ਪਿੰਡ ਘਰਜਾਖ ਦਾ ਰਹਿਣ ਵਾਲਾ ਸੀ। ਮੀਆਂ ਗੌਹਰ ਦੀ ਮਾੜੀ ਦਰਿਆ ਦੇ ਕੰਢੇ ਸੀ। ਇਕ ਗਭਰੂ ਨਾਮਦਾਰ ਬੜੀ ਰਸੀਲੀ ਸਤਾਰ ਵਜਾਉਂਦਾ ਤੇ ਉਸ ਦੀਆ ਸੁਰਾਂ ਦੀ ਕੀਲੀ ਰਾਜ ਬੀਬੀ ਘੰਟਿਆਂ ਬੱਧੀ ਮਾੜੀ ਦੇ ਝਰੋਖੇ ਵਿਚ ਬੈਠੀ ਵੇਖਦੀ ਰਹਿੰਦੀ। ਇਕ ਦਿਨ ਅਚਨਚੇਤ ਦੁਹਾਂ ਦਾ ਮੇਲ ਪਤਣ ਤੇ ਹੋ ਗਿਆ ਤੇ ਰਾਜ ਬੀਬੀ ਦੀ ਸੰਗੀਤ-ਮੋਹ ਇਸ਼ਕ ਵਿਚ ਬਦਲ ਗਈ। ਨਾਮਦਾਰ, ਇਕ ਘਾੜੂ ਅਲਿਆਸ ਦਾ ਪੁਤਰ ਸੀ।

ਦੋਹਾਂ ਪ੍ਰੇਮੀਆਂ ਵਿਚ ਜਦੋਂ ਪ੍ਰੇਮ ਵਧ ਗਿਆ, ਤਾਂ ਰਾਜ ਬੀਬੀ ਇਕ ਦਿਨ ਘੋੜਿਆਂ ਦੀਆਂ ਪਛਾੜੀਆਂ ਦੀ ਰੱਸੀ ਬੰਨ੍ਹ ਕੇ ਝਰੋਖੇ ਵਿਚੋਂ ਨਾਮਦਾਰ ਨੂੰ ਮਿਲਣ ਲਈ ਹੇਠਾਂ ਦਰਿਆ ਵਿਚ ਲਟਕ ਪਈ। ਨਾਮਦਾਰ ਉਸ ਨੂੰ ਉਧਾਲ ਕੇ ਮੜਿਆਲ ਲੈ ਗਿਆ। ਉਥੇ ਨਾਮਦਾਰ ਨੇ ਰਾਜ ਬੀਬੀ ਨੂੰ ਸੱਯਦਾਂ ਦੀ ਮਾਈ ਗੌਹਰਾ ਬੇਗਮ ਦੇ ਘਰ ਠਹਿਰਾਇਆ। ਘਰਜਾਖੋਂ ਵਾਹਰ ਰਾਜ ਬੀਬੀ ਦਾ ਪਿੱਛਾ ਕਰਦੀ, ਗੌਹਰਾ ਬੇਗਮ ਦੇ ਘਰ ਜਾ ਪਹੁੰਚੀ। ਗੌਹਰਾ ਬੇਗਮ ਨੇ ਵਾਹਰ ਦੇ ਸਰਦਾਰ ਨਾਮੀ ਨੂੰ, ਜੋ ਰਾਜ ਬੀਬੀ ਦਾ ਚਾਚਾ ਸੀ, ਰਾਜ ਬੀਬੀ ਨੂੰ ਇਸ ਸ਼ਰਤ ਉਤੇ ਹਵਾਲੇ ਕੀਤਾ ਕਿ ਉਹ ਉਨ੍ਹਾਂ ਦੋਹਾਂ ਦਾ ਨਿਕਾਹ ਕਰ ਦੇਵੇਗਾ। ਨਾਮੀ ਨੇ ਭਾਵੇਂ ਕੁਰਾਨ ਦੀ ਕਸਮ ਚੁਕੀ, ਪਰ ਰਾਹ ਵਿਚ ਦਰਿਆ ਪਾਰ ਕਰਦਿਆਂ ਉਸ ਨਾਮਦਾਰ ਦਾ ਸਿਰ ਵੱਢ ਦਿਤਾ ਤੇ ਲਾਸ਼ ਦਰਿਆ ਵਿਚ ਸੁਟ ਦਿਤੀ। ਲਾਸ਼ ਉਦੋਂ ਤਕ ਨਾ ਰੁੜ੍ਹੀ, ਜਦੋਂ ਤਕ ਰਾਜ ਬੀਬੀ ਨੇ ਦਰਿਆ ਵਿਚ ਛਾਲ ਨਾ ਮਾਰੀ। ਜਦੋਂ ਰਾਜ ਬੀਬੀ ਦੇ ਮਾਪਿਆਂ ਨੂੰ ਪਤਾ ਲੱਗਾ ਤਾਂ ਉਹ ਬੜੇ ਦੁਖੀ ਹੋਏ। ਅਹਿਮਦਯਾਰ ਅਨੁਸਾਰ ਰਾਜ ਬੀਬੀ ਤੇ ਨਾਮਦਾਰ ਮੱਕੇ ਜਾ ਕੇ ਇਕ ਦੂਜੇ ਨਾਲ ਮਿਲ ਗਏ।

(ਰ-43) **ਰਾਜਾ :**

ਲੋਕ-ਕਹਾਣੀਆਂ ਵਿਚ ਰਾਜੇ ਤੇ ਰਾਣੀਆਂ ਦਾ ਜ਼ਿਕਰ ਆਉਂਦਾ ਹੈ। ਬਹੁਤੀਆਂ ਲੋਕ-ਕਹਾਣੀਆਂ 'ਇਕ ਸੀ ਰਾਜਾ' ਤੋਂ ਸ਼ੁਰੂ ਹੁੰਦੀਆਂ ਹਨ। ਪੰਜਾਬਣਾਂ ਰਾਜੇ ਦੀ ਬੇਟੀ ਅਖਵਾ ਕੇ ਮਾਣ ਮਹਿਸੂਸ ਕਰਦੀਆਂ ਹਨ। ਉਨ੍ਹਾਂ ਦੀਆਂ ਅਨੇਕ ਕਥਾਵਾਂ ਰਾਜਿਆਂ ਦੀਆਂ ਹੀ ਹਨ। ਉਹ ਵੀਰ ਨੂੰ ਰਾਜਾ ਸੰਬੋਧਨ ਕਰਦੀਆਂ ਹਨ।

ਕਿਸੇ ਸਮੇਂ ਰਾਜੇ ਦੀ ਇਹ ਉਪਾਧੀ ਪੰਜਾਬ ਵਿਚ ਬੜਾ ਸਤਿਕਾਰ ਰਖਦੀ ਸੀ, ਪਰ ਹੁਣ ਇਹ ਸ਼ਬਦ ਆਪਣੀ ਸਾਰੀ ਸ਼ਾਨ ਗੰਵਾ ਬੈਠਾ ਹੈ। ਅੰਗਰੇਜ਼ਾਂ ਦੇ ਰਾਜ ਸਮੇਂ ਰਾਜਾ ਸ਼ਬਦ ਇਕ ਅਜਿਹੀ ਉਪਾਧੀ ਸੀ, ਜੋ ਕਈ ਦੇਸੀ ਅਫ਼ਸਰਾਂ ਨੂੰ ਦਿਤੀ ਜਾਂਦੀ।

ਰਾਜਿਆਂ ਦਾ ਸਭ ਤੋਂ ਪੁਰਾਣਾ ਵਰਨਣ ਵੇਦਾਂ ਵਿਚ ਹੈ। ਪਿਛੋਂ ਕਬੀਲਿਆਂ ਦੀ ਸੰਸਥਾ ਦੇ ਕਮਜ਼ੋਰ ਪੈਣ ਨਾਲ, ਰਾਜਿਆਂ ਦੀ ਸ਼ਕਤੀ ਵਧੀ ਤੇ ਇਹ ਕਿਲ੍ਹਿਆਂ ਵਿਚ ਰਹਿਣ ਲਗੇ।

ਮਨੂੰ ਦੇ ਸਮੇਂ ਰਾਜੇ ਨੂੰ ਵਾਢੀਆਂ ਵਿਚੋਂ ਹਿੱਸਾ ਮਿਲਦਾ ਤੇ ਉਹ ਆਪਣੇ ਪਟਵਾਰੀਆਂ ਰਾਹੀਂ ਉਗਰਾਹੀ ਕਰਦਾ।

ਰਾਜਾ, ਰਾਣਾ, ਰਾਵਲ ਇਕੋ ਅਰਥ ਦੇ ਬੋਧਿਕ ਹਨ। ਰਾਵਲ ਸ਼ਬਦ ਮੰਦਰ ਦੇ ਮੁਖੀ ਲਈ ਵੀ ਵਰਤਿਆ ਜਾਂਦਾ ਹੈ, ਜਿਸ ਤੋਂ ਪ੍ਰਗਟ ਹੁੰਦਾ ਹੈ ਕਿ ਕਿਸੇ ਸਮੇਂ ਰਾਜਾ ਤੇ ਪੁਜਾਰੀ ਇਕੋ ਸਨ।

ਮਹਾਂਭਾਰਤ ਅਨੁਸਾਰ ਰਾਜ ਤਿਲਕ ਸਮੇਂ 17 ਤੇ ਕਈਆਂ ਅਨੁਸਾਰ, 18 ਪ੍ਰਕਾਰ ਦੇ ਪਵਿਤ੍ਰ ਜਲ ਪਾਵਨ ਸਰੋਵਰਾਂ ਤੇ ਨਦੀਆਂ ਤੋਂ ਇਕਤ੍ਰ ਕੀਤੇ ਜਾਂਦੇ ਤੇ ਰਾਜਾ ਇਸ ਵਿਚ ਇਸ਼ਨਾਨ ਕਰਦਾ। ਉਸਨੂੰ ਇਕ ਤੀਰ ਕਮਾਨ ਦਿਤਾ ਜਾਂਦਾ। ਪ੍ਰੋਹਿਤ ਮੰਤਰਾਂ ਦਾ ਉਚਾਰਨ ਕਰਦਾ ਤੇ ਬਾਦਸ਼ਾਹ ਚਹੁੰ ਕੂੰਟਾਂ ਨੂੰ ਪ੍ਰਤੀਕਾਤਮਕ ਤੌਰ ਤੇ ਵਿਜੇ ਪ੍ਰਾਪਤ ਕਰਦਾ। ਉਹ ਇਕ ਚੌਕੀ ਉਤੇ ਬੈਠਦਾ, ਜੋ ਸ਼ੇਰ ਦੀ ਖਲੜੀ ਉਤੇ ਰਖੀ ਹੁੰਦੀ ਅਤੇ ਪਾਵਨ ਜਲ, ਸ਼ਹਿਦ ਤੇ ਮੱਖਣ ਵਿਚ ਰਲਾਕੇ, ਉਸਦੇ ਸਿਰ 'ਤੇ ਤਾਜ ਪਹਿਨਾਇਆ ਜਾਂਦਾ। ਉਸਦਾ ਤਖਤ ਕਣਕ ਦੀਆਂ ਬਲੀਆਂ ਤੇ ਕੁੱਸਾ ਘਾਹ ਨਾਲ ਸਜਿਆ ਹੁੰਦਾ। ਉਸ ਨੂੰ ਗਊ ਦੇ ਇਕ ਰੱਥ ਉਤੇ ਰਖਿਆ ਜਾਂਦਾ। ਇਕ ਗਊ ਨੂੰ, ਰਾਜਾ ਪ੍ਰਤੀਕ ਵਜੋਂ ਛੁਹੰਦਾ। ਉਸ ਨੂੰ ਪ੍ਰੋਹਿਤ ਪ੍ਰਨਾਮ ਕਰਦਾ ਤੇ ਇਕ ਛੁਰਾ ਦੇਂਦਾ। ਫਿਰ ਉਹ ਸੋਮ ਰਸ ਪੀਂਦਾ। ਇਸ ਸਾਰੀ ਰਸਮ ਨਾਲ ਅਸ਼ਵਮੇਧ ਦੀ ਰਸਮ ਵੀ ਜੋੜ ਲਈ ਜਾਂਦੀ।

ਰਾਜੇ ਨੂੰ ਤਖਤ ਉਤੇ ਬੈਠਣ ਸਮੇਂ ਰਾਜ ਤਿਲਕ ਲਗਾਣ ਦਾ ਰਵਾਜ ਰਿਹਾ ਹੈ, ਕਿਸੇ ਸਮੇਂ ਲਹੂ ਦੇ ਟਿੱਕੇ ਦਾ ਰਵਾਜ ਵੀ ਸੀ ਜੋ ਮਨੁੱਖੀ ਬਲੀ ਦਾ ਪ੍ਰਤੀਕ ਵਜੋਂ ਸੀ।

ਵੇਦਾਂ ਅਨੁਸਾਰ ਰਾਜਾ ਮੂੜੇ ਦੀ ਸ਼ਕਲ ਦੇ ਤਖਤ ਉਤੇ ਬੈਠਦਾ ਤੇ ਰਾਜ ਤਿਲਕ ਲਗਾਇਆ ਜਾਂਦਾ।

ਕਿਸੇ ਸਮੇਂ ਰਾਜੇ ਚੁਣੇ ਵੀ ਜਾਂਦੇ ਸਨ। ਇਸ ਰੀਤ ਦਾ ਲੋਕ-ਕਹਾਣੀਆਂ ਵਿਚ ਜ਼ਿਕਰ ਆਉਂਦਾ ਹੈ। ਕਈ ਵਾਰ ਸੱਪ ਦੀ ਛਾਂ ਹੇਠ ਪਏ ਬੱਚੇ ਨੂੰ ਰਾਜਾ ਮੰਨ ਲਿਆ ਜਾਂਦਾ। ਕਈ ਵਾਰ ਹਾਥੀ ਜਿਸ ਸ਼ਖਸ ਨੂੰ ਪ੍ਰਨਾਮ ਕਰਦਾ, ਉਹ ਰਾਜਾ ਚੁਣਿਆ ਜਾਂਦਾ।

ਪੁਰਾਣੇ ਹਿੰਦੂਆਂ ਵਿਚ ਰਵਾਜ ਸੀ ਕਿ ਜਿਹੜਾ ਰਾਜਾ ਦੋ ਵਾਰ ਦੁਸ਼ਮਨ ਤੋਂ ਹਾਰ ਜਾਂਦਾ, ਉਹ ਆਪਣੇ ਉਤਰਾਧਿਕਾਰੀ ਨੂੰ ਰਾਜ ਸੌਂਪ ਕੇ, ਆਪ ਸ਼ਾਹੀ ਕਪੜਿਆਂ ਵਿਚ ਸੜ ਮਰਦਾ। ਲਾਹੌਰ ਦੇ ਰਾਜੇ ਜੈਪਾਲ ਨੂੰ ਅਜਿਹਾ ਹੀ ਕਰਨਾ ਪਿਆ। ਜਦੋਂ ਉਹ ਦੂਜੀ ਵਾਰ ਮੁਹੰਮਦ ਗ਼ਜ਼ਨੀ ਅਗੇ ਨਾ ਠਹਿਰ ਸਕਿਆ।

ਕਈ ਵਾਰ ਨਗਰੀ ਦੇ ਬਾਹਰ ਦਾ ਜਿਹੜਾ ਬੰਦਾ ਸਭ ਤੋਂ ਪਹਿਲਾਂ ਦਰਵਾਜ਼ਾ ਖਟਖਟਾਂਦਾ ਜਾਂ ਜੰਦਰੇ ਨੂੰ ਹੱਥ ਲਗਾਣ ਨਾਲ ਜੰਦਰਾ ਖੁਲ੍ਹ ਜਾਂਦਾ, ਉਹਾ ਨਗਰ ਦਾ ਰਾਜਾ ਬਣਦਾ।

**(ਰ-44) ਰਾਜਾ ਜਗਦਿਉ :**

ਇਕ ਲੋਕ-ਨਾਇਕ ਜੋ ਸੂਰਬੀਰ ਤੇ ਦਾਨੀ ਸੁਭਾਵ ਦਾ ਸੀ। ਇਸ ਦੇ ਸਮੇਂ ਤੇ ਸਥਾਨ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਇਸ ਦੇ ਜੀਵਨ ਤੇ ਮਿਥਕ ਕਥਾਵਾਂ ਤੇ ਲੋਕਧਾਰਾਈ ਰੰਗ ਇਤਨਾ ਗੂੜ੍ਹਾ ਚਾੜ੍ਹ ਦਿਤਾ ਗਿਆ ਹੈ ਕਿ ਮੂਲ ਇਤਿਹਾਸਕ ਨਖ ਸ਼ਿੱਖ ਅਲੋਪ ਹੋ ਗਏ ਹਨ। ਰਾਜਾ ਜਗਦਿਉ ਬਾਰੇ ਕਈ ਦੰਦ-ਕਥਾਵਾਂ ਪ੍ਰਚਲਤ ਹਨ। ਸਰ ਰਿਚਰਡ ਟੈਂਪਲ ਨੇ ਇਕ ਦੰਦ-ਕਥਾ (ਲੈਜਿੰਡਜ਼ ਆਫ਼ ਦੀ ਪੰਜਾਬ, ਜਿਲਦ 2, ਪੰਨਾ 182-203) 'ਤੇ ਦਿਤੀ ਹੈ, ਜੋ ਉਨ੍ਹਾਂ ਮਿੰਟਗੁਮਰੀ ਜ਼ਿਲੇ ਦੇ ਇਕ ਭੱਟ ਤੋਂ ਸੁਣੀ। ਇਸ ਕਥਾ ਅਨੁਸਾਰ ਰਾਜਾ ਜਗਦਿਉ ਦਾ ਜਨਮ ਬਾਦਸ਼ਾਹ ਸਲੀਮ ਸ਼ਾਹ ਸੂਰ (1545-1554 ਈ:) ਦੇ ਸਮੇਂ ਹੋਇਆ, ਪਰ ਕਥਾ ਵਿਚ ਹੀ ਉਸ ਦੀ ਦਲੇਰੀ ਤੇ ਸਾਹਸ ਦੀ ਜੋ ਘਟਨਾ ਦਿਤੀ ਗਈ ਹੈ, ਉਸ ਨੂੰ ਰਾਜੇ ਜੈ ਸਿੰਘ ਸਵਾਈ ਦੇ ਨਾਲ ਸਬੰਧਿਤ ਕੀਤਾ ਗਿਆ ਹੈ। ਰਾਜਾ ਜੈ ਸਿੰਘ ਨੇ ਜੈਪੁਰ ਦੀ ਨੀਂਹ ਰਖੀ ਤੇ ਇਸ ਦੀ ਮ੍ਰਿਤੂ 1743 ਵਿਚ ਹੋਈ। ਇਸ ਤਰ੍ਹਾਂ ਇਸ਼ ਕਥਾ ਵਿਚ ਜੋ ਇਤਿਹਾਸਕ ਹਵਾਲੇ ਮਿਲਦੇ ਹਨ, ਉਹ ਰਲਗਡ ਹੋ ਗਏ ਹਨ।

ਰਾਜਾ ਜਗਦਿਉ ਰਾਜਪੂਤਾਂ ਦੇ ਪੰਵਾਰ ਕਬੀਲੇ ਵਿਚੋਂ ਸੀ। ਇਸ ਦੇ ਪਿਤਾ ਦਾ ਨਾਂ ਉਦਾਦੀਤ ਸੀ ਅਤੇ ਇਹ ਧਾਰਾ ਨਗਰੀ ਦਾ ਰਹਿਣ ਵਾਲਾ ਸੀ। ਸਰ ਰਿਚਰਡ ਟੈਂਪਲ ਦਾ ਵਿਚਾਰ ਹੈ ਕਿ ਪੁਰਾਤਨ ਪਰਮਾਰਾਂ ਦੀ ਧਾਰਾ ਨਗਰੀ, ਵਿੰਧਿਆ ਪਹਾੜਾਂ ਵਿਚ ਸਥਿਤ ਹੈ। ਜਾਪਦਾ ਹੈ ਕਿ ਰਾਜਾ ਜਗਦਿਉ ਰਾਜਪੂਤਾਂ ਦੇ ਚੜ੍ਹਤ ਕਾਲ ਸਮੇਂ ਹੋਇਆ।

ਰਾਜਾ ਜਗਦਿਉ ਦਾ ਸਭ ਤੋਂ ਵੱਡਾ ਕਾਰਨਾਮਾ 'ਮੜ੍ਹਾ' ਰਾਖਸ਼ ਨੂੰ ਮਾਰਨਾ ਹੈ, ਜੋ ਦਿਪਾਲਪੁਰ ਵਿਚ ਰਹਿੰਦਾ ਸੀ। ਦਿਪਾਲਪੁਰ ਮਿੰਟਗੁਮਰੀ ਜ਼ਿਲੇ ਵਿਚ ਇਕ ਛੋਟਾ ਜਿਹਾ ਕਸਬਾ ਜੋ ਕਿਸੇ ਸਮੇਂ ਇਹ ਬੜਾ ਨਗਰ ਸੀ ਅਤੇ ਇਥੇਂ ਦੀਆਂ ਪੁਰਾਣੀਆਂ ਥੇਹਾਂ ਇਸ ਦੀ ਗਵਾਹੀ ਭਰਦੀਆਂ ਹਨ। ਉਦੋਂ ਦਿਪਾਲਪੁਰ ਉਤੇ ਰਾਜੇ ਕੰਖਰ ਦਾ ਰਾਜ ਸੀ। ਮੜ੍ਹਾ ਰਾਖਸ਼ ਇਸ ਨਗਰੀ ਉਤੇ ਧਾਵਾ ਬੋਲ ਕੇ ਚਾਰ-ਪੰਜ ਬੰਦੇ ਰੋਜ਼ ਖਾ ਜਾਂਦਾ। ਅਖੀਰ ਰਾਜੇ ਕੰਖਰ ਨੇ ਰਾਖਸ਼ ਨਾਲ ਸਮਝੌਤਾ ਕਰ ਲਿਆ ਅਤੇ ਨਗਰ ਤੋਂ ਬਾਹਰ ਇਕ ਮੀਲ ਮੁਰੱਬੇ ਵਿਚ ਉਸ ਦੇ ਰਹਿਣ ਲਈ ਇਕ ਮਾੜੀ ਬਣਵਾਈ ਜਿਸ ਦੀਆਂ ਥੇਹਾਂ ਹੁਣ ਤਕ ਮੌਜੂਦ ਹਨ। ਰਾਜਾ ਕੰਖਰ ਰਾਏ ਮੜ੍ਹੇ ਨੂੰ ਹਰ ਰੋਜ਼ ਕੁਝ ਮਾਸ ਤੇ 12 ਰੋਟੀਆਂ ਆਪਣੇ ਭੋਜਨ ਵਿਚੋਂ ਅਤੇ ਇਕ ਮਨੁਖ ਸ਼ਹਿਰ ਵਿਚੋਂ ਵਾਰੀ ਵਾਰੀ ਭੇਜਦਾ। ਰਾਜਾ ਜਗਦਿਉ ਇਥੇ ਇਕ ਰਾਤ, ਕਿਸੇ ਵਿਧਵਾ ਬ੍ਰਾਹਮਣੀ ਦੇ ਘਰ ਠਹਿਰਿਆ। ਉਸ ਰਾਤ ਰਾਖਸ਼ ਦਾ ਭੋਜਨ ਬਣਨ ਦੀ ਵਾਰੀ ਵਿਧਵਾ ਦੇ ਇਕਲੌਤੇ ਪੁੱਤਰ ਦੀ ਸੀ। ਜਦੋਂ ਰਾਜੇ ਦੇ ਦੂਤ ਵਿਧਵਾ ਦੇ ਪੁੱਤਰ ਨੂੰ ਲੈਣ ਆਏ, ਤਾਂ ਵਿਧਵਾ ਦਾ ਵਿਰਲਾਪ ਸੁਣ ਕੇ ਰਾਜਾ ਜਗਦਿਉ ਉਸ ਦੀ ਥਾਂ ਖ਼ੁਦ ਜਾਣ ਲਈ ਤਿਆਰ ਹੋ ਗਿਆ ਅਤੇ ਉਸ ਨੇ

ਰਾਖਸ਼ ਨਾਲ ਯੁੱਧ ਕਰ ਕੇ ਉਸ ਨੂੰ ਮਾਰ ਦਿਤਾ। ਰਾਜਾ ਕੰਖਰ ਨੇ ਖ਼ੁਸ ਹੋ ਕੇ ਰਾਜਾ ਜਗਦਿਉ ਨੂੰ ਆਪਣੀ ਕੰਨਿਆਂ ਫੂਲਾਂ ਦਈ ਦਾ ਡੋਲਾ ਦਿਤਾ।

ਰਾਜਾ ਜਗਦਿਉ ਫੂਲਾਂ ਦਈ ਨੂੰ ਨਾਲ ਲੈ ਕੇ ਰਾਜਾ ਜੈ ਸਿੰਘ ਦੀ ਨਗਰੀ ਵਿਚ ਪਹੁੰਚਦਾ ਹੈ, ਜਿਥੇ ਰਾਤ ਵੇਲੇ ਕਿਸੇ ਨੂੰ ਦੀਵਾ ਬਾਲਣ ਦੀ ਆਗਿਆ ਨਹੀਂ। ਰਾਜਾ ਜਗਦਿਉ ਇਸ ਹੁਕਮ ਦੀ ਉਲੰਘਣਾ ਕਰਦਾ ਹੈ। ਪਰ ਰਾਜਾ ਜੈ ਸਿੰਘ ਚੁਪ ਕਰ ਰਹਿੰਦਾ ਹੈ। ਅਗਲੀ ਰਾਤ ਰਾਜਾ ਜਗਦਿਉ ਰਾਜਾ ਜੈ ਸਿੰਘ ਦੇ ਬਣਾਏ ਚੰਨ ਵਰਗਾ ਹੀ ਚੰਨ ਬਣਾ ਕੇ ਉਸ ਨੂੰ ਅਕਾਸ਼ ਵਿਚ ਸਥਾਪਿਤ ਕਰ ਦੇਂਦਾ ਹੈ। ਰਾਜਾ ਜੈ ਸਿੰਘ ਨੇ ਅਗਲੇ ਦਿਨ ਰਾਜਾ ਜਗਦਿਉ ਨੂੰ, ਆਪਣੇ ਦਰਬਾਰ ਵਿਚ ਸਦਿਆ। ਦੇਵਨੇਤ ਇਸ ਦਿਨ ਸਲੋਨਾ ਤਿਉਹਾਰ ਮਨਾਇਆ ਜਾ ਰਿਹਾ ਸੀ, ਜੋ ਸਾਵਣ ਦੇ ਮਹੀਨੇ ਰਾਖੀ ਤੋਂ ਇਕ ਦਿਨ ਪਹਿਲਾਂ ਪੈਂਦਾ ਹੈ। ਇਸ ਦਿਨ ਦਰਬਾਰੀ ਭੱਟ ਦੀ ਪਤਨੀ ਰਾਜ ਦਰਬਾਰ ਵਿਚ ਸੁਗਾਤਾਂ ਲੈਣ ਆਈ ਅਤੇ ਉਸ ਨੇ ਪਹਿਲਾਂ ਸੱਜੇ ਹੱਥ ਨਾਲ ਰਾਜਾ ਜਗਦਿਉ ਨੂੰ ਟਿੱਕਾ ਲਗਾਇਆ ਅਤੇ ਫਿਰ ਖੱਬੇ ਨਾਲ ਰਾਜਾ ਜੈ ਸਿੰਘ ਨੂੰ। ਰਾਜਾ ਜੈ ਸਿੰਘ ਦੇ ਪੁਛਣ ਤੇ ਭਟਣੀ ਨੇ ਦਸਿਆ ਕਿ ਰਾਜਾ ਜਗਦਿਉ ਬੜਾ ਪ੍ਰਾਕ੍ਰਮੀ ਤੇ ਦਾਨੀ ਰਾਜਾ ਹੈ, ਜਿਸ ਕਰ ਕੇ ਉਸ ਨੂੰ ਪਹਿਲਾਂ ਸੱਜੇ ਹੱਥ ਨਾਲ ਟਿੱਕਾ ਲਗਾਇਆ ਗਿਆ। ਰਾਜਾ ਜੈ ਸਿੰਘ ਨੇ ਭਟਣੀ ਨੂੰ ਵੰਗਾਰਦਿਆਂ ਕਿਹਾ ਕਿ ਰਾਜਾ ਜਗਦਿਉ ਜਿਤਨਾ ਦਾਨ ਤੈਨੂੰ ਦੇਵੇਗਾ, ਮੈਂ ਉਸ ਤੋਂ ਦਸ ਗੁਣਾ ਵਧ ਦੇਵਾਂਗਾ। ਭਟਣੀ ਨੇ ਰਾਜੇ ਜਗਦਿਉ ਤੋਂ ਉਸ ਦਾ ਸੀਸ ਮੰਗਿਆ, ਜਿਸ ਉਤੇ ਹੀਰੇ ਮੋਤੀਆਂ ਜੜਿਆ ਮੁਕਟ ਪਹਿਨਿਆ ਹੋਇਆ ਸੀ। ਰਾਜੇ ਜਗਦਿਉ ਨੇ ਆਪਣੇ ਹੱਥਾਂ ਨਾਲ ਸੀਸ ਕਟ ਕੇ ਦੇ ਦਿਤਾ। ਪਰ ਰਾਜਾ ਜੈ ਸਿੰਘ ਦਸ ਸੀਸ ਕਿਥੋਂ ਲਿਆਂਦਾ। ਕੋਈ ਵੀ, ਉਸ ਦੀ ਕੁਲ ਵਿਚੋਂ, ਆਪਣਾ ਸੀਸ ਦੇਣ ਲਈ ਤਿਆਰ ਨਹੀਂ ਸੀ। ਭਟਣੀ ਨੇ ਜਗਦਿਉ ਦੇ ਧੜ ਨਾਲ ਸੀਸ ਜੋੜ ਕੇ ਅਰਦਾਸ ਕੀਤੀ ਤੇ ਰਾਜਾ ਜਗਦਿਉ ਫਿਰ ਸੁਰਜੀਤ ਹੋ ਗਿਆ।

ਰਾਜਾ ਜਗਦਿਉ ਦੀ 'ਮੜ੍ਹਾ' ਰਾਖਸ਼ ਨੂੰ ਮਾਰਨ ਵਾਲੀ ਕਥਾ ਰਾਜਾ ਰਸਾਲੂ ਦੇ ਮਾਣਕਿਆਲੇ ਵਿਚ ਰਾਖਸ਼ ਮਾਰਨ ਦੀ ਕਥਾ ਨਾਲ ਮੇਲ ਖਾਂਦੀ ਹੈ। ਦੋਹਾ ਵਿਚ ਕੇਵਲ ਨਾਵਾਂ ਥਾਵਾਂ ਦਾ ਹੀ ਫ਼ਰਕ ਹੈ। ਇੰਜ ਜਾਪਦਾ ਹੈ ਕਿ ਲੋਕ-ਸਿਮਰਤੀ ਨੇ ਰਾਜੇ ਰਸਾਲੂ ਵਾਲੀ ਦੰਦ-ਕਥਾ ਰਾਜੇ ਜਗਦਿਉ ਨਾਲ ਜੋੜ ਦਿਤੀ ਹੈ।

(ਰ-45) **ਰਾਜਾ ਤੇ ਨੌਕਰ :**

ਬੱਚਿਆਂ ਦੀ ਇਕ ਖੇਡ, ਜਿਸ ਵਿਚ ਕ੍ਰਾਂਤੀਕਾਰੀ ਨੌਕਰ ਰਾਜਿਆਂ ਵਿਰੁਧ ਬਗ਼ਾਵਤ ਕਰਦੇ ਹਨ। ਬੱਚੇ ਦੋ ਧਿਰਾਂ ਬਣਾ ਲੈਂਦੇ ਹਨ—ਇਕ ਰਾਜਿਆਂ ਦੀ, ਦੂਜੀ ਨੌਕਰਾਂ ਦੀ। ਦੋਵੇਂ ਧਿਰਾਂ ਪਾਲ ਬਣਾ ਕੇ ਇਕ ਦੂਜੀ ਤੋਂ ਕੁਝ ਵਿੱਥ ਉਤੇ ਬੈਠ ਜਾਂਦੀਆਂ ਹਨ। ਦੋਵੇਂ ਧਿਰਾਂ ਹੱਥਾਂ ਨਾਲ ਕੁਝ ਖਾਣ ਦਾ ਸਵਾਂਗ ਭਰਦੀਆਂ ਹਨ। ਰਾਜਿਆਂ ਦੀ ਧਿਰ ਵਿਚੋਂ ਇਕ ਬੱਚਾ ਬੋਲਦਾ ਹੈ: ਰਾਜੇ ਰਾਜੇ ਕੀ ਖਾਂਦੇ ? ਬਾਕੀ ਬੱਚੇ ਕਹਿੰਦੇ ਹਨ : ਲੱਡੂ, ਪੇੜੇ ਤੇ ਮਲਾਈਆਂ, ਜੋ ਧੁਰੋਂ ਲਿਖੀਆਂ ਆਈਆਂ।

ਫਿਰ ਨੌਕਰਾਂ ਦੀ ਧਿਰ ਵਿਚੋਂ ਇਕ ਬੱਚਾ **ਬੋਲਦਾ ਹੈ :** ਨੌਕਰ ਨੌਕਰ ਕੀ ਖਾਉਂਦੇ ? ਇਸ ਤੋਂ ਪਹਿਲਾਂ ਕਿ ਨੌਕਰਾਂ ਦੀ ਧਿਰ ਕੁਝ ਬੋਲੇ, ਰਾਜਿਆਂ ਦੀ ਧਿਰ ਉੱਚੀ ਸਾਰੀ ਬੋਲਦੀ ਹੈ :

ਨੌਕਰ ਤਾਂ ਚਟਦੇ ਜੂਠੀਆਂ ਕੜਾਹੀਆਂ
ਜੋ ਧੁਰੋਂ ਲਿਖੀਆਂ ਆਈਆਂ।

ਇਹ ਸੁਣ ਕੇ ਨੌਕਰ ਬਗ਼ਾਵਤ ਕਰ ਦੇਂਦੇ ਹਨ। ਰਾਜੇ ਨਸ ਜਾਂਦੇ ਹਨ ਅਤੇ ਨੌਕਰ ਉਨ੍ਹਾਂ ਨੂੰ ਫੜ ਕੇ ਆਪਣੀ ਥਾਂ ਬਿਠਾਂਦੇ ਹਨ ਤੇ ਉਨ੍ਹਾਂ ਦੀ ਥਾਂ ਖ਼ੁਦ ਮਲ ਲੈਂਦੇ ਹਨ। ਇਸ ਤਰ੍ਹਾਂ ਖੇਡ ਫਿਰ ਸ਼ੁਰੂ ਹੋ ਜਾਂਦੀ ਹੈ।

(ਰ-46) **ਰਾਜਾ ਨੀਲ ਪੁੰਵਰ :**

ਰਾਜਾ ਨੀਲ ਪੁੰਵਰ ਭੱਟੀ ਰਾਜਪੂਤਾਂ ਦਾ ਵਡਿਕਾ ਸੀ। ਜੋਤਸ਼ੀਆਂ ਨੇ ਇਸ ਨੂੰ ਦਸਿਆ ਕਿ ਉਸ ਦਾ ਰਾਜ-ਭਾਗ ਪੁੱਤਰਾਂ ਤੋਂ ਦੋਹਤਰਿਆਂ ਦੇ ਹੱਥ ਵਿਚ ਚਲਾ ਜਾਵੇਗਾ। ਸੋ ਨੀਲ ਪੁੰਵਰ ਨੇ ਦੋਹਤਰਿਆਂ ਤੋਂ ਆਪਣੇ ਰਾਜ ਦੀ ਰਖਿਆ ਲਈ, ਆਪਣੀਆਂ ਸਭ ਧੀਆਂ ਮਰਵਾ ਦਿਤੀਆਂ। ਨੀਲ ਪੁੰਵਰ ਦੀ ਇਕ ਰਾਣੀ ਬਿਸ਼ਨ ਦੇਵੀ ਗਰਭਵਤੀ ਸੀ। ਉਸ ਨੇ ਇਕ ਕੰਨਿਆਂ ਨੂੰ ਜਨਮ ਦਿਤਾ। ਕੰਨਿਆਂ ਨੂੰ ਰਾਜੇ ਦੀ ਕਰੋਪੀ ਤੋਂ ਬਚਾਣ ਲਈ ਉਸ ਨੇ ਸੰਦੂਕ ਵਿਚ ਬੰਦ ਕਰ ਕੇ, ਜਮਨਾ ਵਿਚ ਰੋਹੜ ਦਿਤਾ ਇਹ ਸੰਦੂਕ ਮੂਲ ਚੰਦ ਭੱਟ ਦੇ ਹੱਥ ਲੱਗਾ ਤੇ ਉਸ ਨੇ ਸੰਦੂਕ ਵਿਚੋਂ ਕੰਨਿਆਂ ਕੱਢ ਕੇ ਉਸ ਦੀ ਪਾਲਣਾ ਪੋਸਣਾ ਕੀਤੀ ਅਤੇ ਬੱਚੀ ਦਾ ਨਾਂ ਕਰਮਵਤੀ ਰਖਿਆ। ਕਰਮਵਤੀ ਜਦੋਂ ਜਵਾਨ ਹੋਈ ਤਾਂ ਮੂਲ ਚੰਦ ਨੇ ਉਸ ਦਾ ਵਿਆਹ ਚੰਦਰਬੰਸੀ ਕੁਲ ਦੇ ਇਕ ਯੁਵਕ ਜਾਦਮ ਨਾਲ ਕਰ ਦਿਤਾ। ਜੋ ਮੂਲ ਚੰਦ ਨੂੰ ਮਰਿਆ ਹੋਇਆ ਦਰਖ਼ਤ ਨਾਲ ਲਟਕਿਆ ਮਿਲਿਆ ਸੀ ਤੇ ਜਿਸ ਨੂੰ ਮੂਲ ਚੰਦ ਨੇ ਹੀ ਮੁੜ ਸੁਰਜੀਤ ਕੀਤਾ ਸੀ।

ਜੋਤਸ਼ੀਆਂ ਨੇ ਨੀਲ ਪੁੰਵਰ ਨੂੰ, ਪਹਿਲਾਂ ਹੀ ਦੱਸ ਦਿਤਾ ਸੀ ਕਿ ਉਸ ਨੂੰ ਜਾਦਮ ਕਤਲ ਕਰੇਗਾ। ਰਾਜੇ ਨੀਲ ਪੁੰਵਰ ਦੇ ਦੂਤਾਂ ਜਾਦਮ ਨੂੰ ਧੋਖੇ ਨਾਲ ਮਾਰ ਕੇ ਜੰਗਲ

ਵਿਚ, ਇਕ ਦਰਖ਼ਤ ਉਤੇ ਲਟਕਾ ਗਏ ਸਨ, ਪਰ ਮੂਲ ਚੰਦ ਨੇ ਇਸ ਨੂੰ ਸੁਰਜੀਤ ਕਰ ਦਿਤਾ।

ਕੁਝ ਵਰ੍ਹਿਆਂ ਮਗਰੋਂ ਜਾਦਮ ਦੇ ਘਰ ਕਰਮਵਤੀ ਤੋਂ ਲੜਕਾ ਜੰਮਿਆ ਤਾਂ ਰਾਜਾ ਨੀਲ ਪੁੰਵਰ ਨੇ ਮੂਲ ਚੰਦ ਦੇ ਮੰਦਰ ਵਲ ਆਪਣੀ ਸੈਨਾ ਭੇਜੀ ਤਾਂ ਜੋ ਉਹ ਕਰਮਵਤੀ ਤੇ ਉਸ ਦੇ ਬੱਚੇ ਭਟੀ ਨੂੰ ਮਾਰ ਦੇਵੇ। ਮੂਲ ਚੰਦ ਨੇ ਕਰਾਮਾਤ ਵਿਖਾਈ। ਮੰਦਰ ਵਿਚ ਮਿੱਟੀ ਦੇ ਘੋੜੇ ਤੇ ਸਿਪਾਹੀ ਜੋ ਭਾਰੀ ਗਿਣਤੀ ਵਿਚ ਮੌਜੂਦ ਸਨ ਸਭ ਸੁਰਜੀਤ ਹੋ ਕੇ ਲੜਨ ਲਗੇ। ਉਨ੍ਹਾਂ ਨੇ ਨੀਲ ਪੁੰਵਰ ਦੀ ਸੈਨਾ ਨੂੰ ਨਸਾ ਦਿਤਾ। ਇਸ ਮੁਠਭੇੜ ਵਿਚ ਕਰਮਵਤੀ ਦੇ ਸਾਰੇ ਭਰਾ (ਨੀਲ ਪੁੰਵਰ ਦੇ ਪੁੱਤਰ) ਮਾਰੇ ਗਏ। ਕਰਮਵਤੀ ਦੇ ਪੁੱਤਰ, ਭਟੀ ਨੇ, ਇਸੇ ਸੈਨਾ ਨਾਲ ਆਪਣੇ ਨਾਨੇ ਨੀਲ ਪੁੰਵਰ ਨਾਲ ਯੁੱਧ ਕੀਤਾ ਤੇ ਉਸ ਨੂੰ ਮਾਰ ਕੇ ਉਸ ਤੋਂ ਰਾਜ-ਭਾਗ ਖੋਹ ਲਿਆ (ਫ਼ਿਰੋਜ਼ਪੁਰ ਗਜ਼ਟੀਅਰ; ਪੰਨਾ 89)।

**(ਰ-47) ਰਾਜਾ ਭੁੱਟਾ ਦੀ ਵਾਰ :**

ਰਾਜਾ ਭੁੱਟਾ ਰਾਜ ਕਰਨ ਦੇ ਉਤਰਅਧਿਕਾਰੀਆਂ ਵਿਚੋਂ, ਪੰਜਵਾਂ ਸੀ ਅਤੇ ਇਹ ਉਚ ਵਿਚ ਵਸਦਾ ਸੀ। ਮਹਿਮੂਦ ਗਜ਼ਨੀ ਨੇ ਜਦੋਂ ਉਚ ਦੇ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਨਾਉਣਾ ਸ਼ੁਰੂ ਕੀਤਾ ਤਾਂ ਰਾਜੇ ਭੁੱਟੇ ਨੇ ਮੁਸਲਮਾਨ ਬਣਨ ਤੋਂ ਸਾਫ਼ ਨਾਂਹ ਕਰ ਦਿਤੀ। ਰਾਜਾ ਭੁੱਟਾ ਦੀ ਇਕ ਰਾਣੀ ਬਸੰਤੀ ਸੀ, ਜਿਸ ਦੇ ਰੂਪ ਦੀ ਧੁੰਮ ਸਾਰੇ ਪਾਸੇ ਖਿੰਡੀ ਪਈ ਸੀ। ਮਹਿਮੂਦ ਗ਼ਜ਼ਨੀ ਇਸ ਨੂੰ ਪ੍ਰਾਪਤ ਕਰਨਾ ਚਾਹੁੰਦਾ ਸੀ, ਪਰ ਰਾਜਾ ਭੁੱਟਾ ਨੇ ਬਸੰਤੀ ਨੂੰ ਦੇਣੋਂ ਇਨਕਾਰ ਕਰ ਦਿਤਾ ਤੇ ਉੱਚ ਵਿਚੋਂ ਨਸ ਕੇ ਸਰਸਾ ਆ ਪਹੁੰਚਿਆ ਤੇ ਉਥੋਂ ਉਸ ਦੀ ਔਲਾਦ ਪੰਜਾਬ ਵਿਚ ਆ ਵਸੀ। ਇਸ ਸਬੰਧ ਵਿਚ ਇਕ ਵਾਰ ਭੱਟਾਂ ਵਿਚ ਪ੍ਰਸਿਧ ਹੈ, ਜਿਸ ਦੀਆਂ ਕੁਝ ਤੁਕਾਂ ਹੇਠਾਂ ਦਿਤੀਆਂ ਜਾਂਦੀਆਂ ਹਨ :

ਉੱਚ ਨਾ ਦਿਤੀ ਭੁਟੀਆਂ ਨਾਹੀਂ ਬਸੰਤੀ ਨਾਰ
ਦਾਨਾ ਪਾਨੀ ਚੁਕ ਗਿਆ, ਚੱਬਣ ਮੋਤੀ ਹਾਰ।

**(ਰ-48) ਰਾਜਾ ਭੋਜ :**

ਰਾਜਾ ਭੋਜ ਉਨ੍ਹਾਂ ਰਾਜਿਆਂ ਵਿਚੋਂ ਇਕ ਹੈ, ਜਿਨ੍ਹਾਂ ਨਾਲ ਅਨੇਕਾਂ ਦੰਦ-ਕਥਾਵਾਂ ਜੁੜੀਆਂ ਹੋਈਆਂ ਹਨ। ਰਾਜਾ ਭੋਜ ਇਤਿਹਾਸਕ ਵਿਅਕਤੀ ਹੈ, ਜੋ ਗਿਆਰਵੀਂ ਸਦੀ ਵਿਚ ਹੋਇਆ ਮੰਨਿਆ ਜਾਂਦਾ ਹੈ। ਇਸ ਦੇ ਜਨਮ-ਮਰਨ ਦੀਆਂ ਠੀਕ ਤਿੱਥਾਂ ਨਹੀਂ ਮਿਲਦੀਆਂ। ਅਲਬਰੂਨੀ ਦੀ ਯਾਤ੍ਰਾ ਸਮੇਂ ਰਾਜਾ ਭੋਜ ਦਾ ਰਾਜ ਧਾਰਾ ਨਗਰੀ ਵਿਚ ਕਾਇਮ ਸੀ।

ਰਾਜਾ ਭੋਜ ਪਰਮਾਰ ਵੰਸ਼ ਵਿਚ ਪੈਦਾ ਹੋਇਆ। ਪੂਰਨ ਭਗਤ ਵੀ ਜ਼ਾਤ ਦਾ ਪਰਮਾਰ ਸੀ। ਰਾਜਾ ਭੋਜ ਮਾਲਵੇ ਦੇ ਪਰਮਾਰਾਂ ਦੀਆਂ ਸ਼ਾਖ਼ਾਂ ਵਿਚੋਂ ਨੌਵਾਂ ਰਾਜਾ ਸੀ ਅਤੇ ਸਿੰਧੂਰਾਜ (ਸਿੰਧੁਲ) ਦਾ ਪੁੱਤਰ ਸੀ। ਸਿੰਧੂਰਾਜ ਦੇ ਛੋਟੇ ਭਰਾ ਮੁੰਝ ਨੇ, ਭੋਜ ਨੂੰ ਛੋਟੀ ਉਮਰ ਵਿਚ ਗੋਦ ਲੈ ਲਿਆ। ਮੁੰਝ ਦੇ ਕਾਲਵਸ ਹੋਣ ਮਗਰੋਂ ਭੋਜ ਨੇ ਹੀ ਗੱਦੀ ਉਤੇ ਬੈਠਣਾ ਸੀ, ਪਰ ਭੋਜ ਦੇ ਬਾਲਕ ਹੋਣ ਕਾਰਨ ਸਿੰਧੂਰਾਜ ਗੱਦੀ ਤੇ ਬੈਠਾ ਤੇ 1010 ਈਸਵੀ ਤੋਂ ਕੁਝ ਪਹਿਲਾਂ ਗੁਜਰਾਤ ਦੇ ਰਾਜੇ ਸੋਲੰਕੀ ਚਾਮੁੰਡ ਰਾਜ ਨਾਲ ਲੜਾਈ ਵਿਚ ਮਾਰਿਆ ਗਿਆ ਸੀ (ਰਾਜਾ ਭੋਜ ਸ੍ਰੀਯਤ ਵਿਸ਼ਵੇਸ਼ਵਰ ਨਾਥ ਰੇਓ, ਪੰਨਾ 22-23)। ਸਿੰਧੂਰਾਜ ਦੇ ਕਾਲਵਸ ਹੋਣ ਮਗਰੋਂ ਭੋਜ ਮਾਲਵੇ ਦੀ ਗੱਦੀ ਉਪਰ ਬੈਠਾ, ਉਦੋਂ ਇਸ ਦੀ ਉਮਰ 20 ਕੁ ਸਾਲ ਸੀ।

ਰਾਜਾ ਭੋਜ ਬੜਾ ਪ੍ਰਤਾਪੀ ਤੇ ਪ੍ਰਾਕ੍ਰਮੀ ਰਾਜਾ ਸੀ। ਉਹ ਖ਼ੁਦ ਬੜਾ ਵੱਡਾ ਵਿਦਵਾਨ ਸੀ ਅਤੇ ਵਿਦਵਾਨਾਂ ਦੀ ਬੜੀ ਕਦਰ ਕਰਦਾ ਸੀ। ਰਾਜਾ ਭੋਜ ਨੇ ਚੇਦੀਸ਼ਵਰ, ਭੀਮ ਤੋਰਾਲ, ਕਰਣਾਟ ਤੇਲਾਟ ਦੇ ਰਾਜਿਆਂ ਨੂੰ, ਗੁਰਜਰ ਦੇ ਰਾਜਿਆਂ ਨੂੰ ਅਤੇ ਤੁਰਕਾਂ (ਮੁਸਲਮਾਨਾਂ) ਨੂੰ ਜਿਤਿਆ ਸੀ (ਉਹੀ, ਪੰਨਾ 67)। ਦੀ ਪਰਮਾਰ ਆਫ਼ ਧਾਰਾ ਐਂਡ ਮਾਲਵਾ ਅਨੁਸਾਰ ਰਾਜਾ ਭੋਜ ਮਹਿਮੂਦ ਗ਼ਜ਼ਨਵੀ ਦੇ ਵਿਰੁਧ ਲਾਹੌਰ ਦੇ ਰਾਜਾ ਜੈਪਾਲ ਦੀ ਮਦਦ ਵਿਚ ਲੜਿਆ ਸੀ।

ਰਾਜਾ ਭੋਜ ਦਾ ਦੂਜਾ ਨਾਉਂ ਤ੍ਰਿਭੁਵਨ ਨਾਰਾਇਣ ਸੀ। ਇਸ ਨੇ ਆਪਣੀ ਰਾਜਧਾਨੀ ਉਜੈਨ ਤੋਂ ਧਾਰਾ ਵਿਚ ਸਥਾਪਿਤ ਕੀਤੀ ਸੀ। ਸੰਸਕ੍ਰਿਤ ਦੇ ਗ੍ਰੰਥਾਂ ਵਿਚ ਧਾਰਾ ਦਾ ਨਾਉਂ ਅਵੰਤੀ ਜਾਂ ਅਵਿੰਤਕਾ ਵੀ ਲਿਖਿਆ ਮਿਲਦਾ ਹੈ।

ਅਕਬਰ ਦੇ ਸਮਕਾਲੀ ਮੁਹੰਮਦ ਕਾਸਿਮ ਫ਼ਰਿਸ਼ਤਾ ਨੇ ਤਵਾਰੀਖ਼ੇ ਫ਼ਰਿਸ਼ਤਾ (ਭਾਗ ਪਹਿਲਾ, ਪੰਨਾ 14) ਵਿਚ ਰਾਜਾ ਭੋਜ ਬਾਰੇ ਲਿਖਿਆ ਹੈ, ''ਰਾਜਾ ਭੋਜ ਕੌਮ ਦਾ ਪੰਵਾਰ ਸੀ। ਇਨਸਾਫ਼ ਤੇ ਸਖਾਵਤ ਵਿਚ ਵਿਕਰਮਾਦਿਤਯ ਦੇ ਪਾਏ ਪੂਰਨਿਆਂ ਤੇ ਚਲਦਾ ਸੀ। ਉਹ ਰਾਤ ਨੂੰ ਭੇਸ ਬਦਲ ਕੇ ਸ਼ਹਿਰ ਵਿਚ ਗਸ਼ਤ ਲਗਾਂਦਾ ਤੇ ਗ਼ਰੀਬਾਂ ਤੇ ਫ਼ਕੀਰਾਂ ਦੀ ਖ਼ਬਰ ਲੈਂਦਾ ਸੀ। ਉਸ ਦਾ ਸਾਰਾ ਸਮਾਂ ਆਪਣੀ ਪਰਜਾ ਦੀ ਹਾਲਤ ਦੀ ਤਰੱਕੀ ਤੇ ਬਹਿਬੂਦੀ ਵਿਚ ਹੀ ਗੁਜ਼ਰਦਾ ਸੀ। ਉਹ ਸਾਲ ਵਿਚ ਦੋ ਜਲਸੇ ਕੀਤਾ ਕਰਦਾ ਸੀ। ਉਨ੍ਹਾਂ ਵਿਚ ਸਾਰੇ ਹਿੰਦੁਸਤਾਨ ਦੇ ਦੂਰ ਦੂਰ ਦੇ ਕਾਮਿਲ ਲੋਕ ਇਕਠੇ ਹੁੰਦੇ ਸਨ। ਇਹ ਜਲਸੇ 40 ਦਿਨ ਤਕ ਰਹਿੰਦੇ ਸਨ ਤੇ ਉਨ੍ਹੀਂ ਦਿਨੀਂ ਸਿਵਾਏ ਨਾਚ ਗਾਣਾ ਤੇ ਸ਼ਾਇਰੀ ਆਦਿ ਦੇ ਹੋਰ ਕੋਈ ਕੰਮ ਨਹੀਂ ਸੀ ਕੀਤਾ ਜਾਂਦਾ। ਜਦੋਂ ਤਕ ਇਹ ਜਲਸੇ ਰਹਿੰਦੇ ਸਨ, ਤਦ ਤਕ ਤਵਾਇਫ਼ਾਂ ਨੂੰ ਖਾਣਾ, ਸ਼ਰਾਬ ਤੇ ਪਾਨ ਆਦਿ ਸਰਕਾਰ ਵਲੋਂ ਦਿਤੇ ਜਾਂਦੇ। ਵਿਦਾਇਗੀ ਸਮੇਂ ਹਰੇਕ ਨੂੰ ਸਿਰੋਪਾ (ਖਿਲਅਤ)

ਤੇ 10, 10 ਅਸ਼ਰਫੀਆਂ ਮਿਲਦੀਆਂ ਸਨ।''

ਅਬੁਲ ਫ਼ਜ਼ਲ ਦੀ ਲਿਖੀ 'ਆਈਨੇ ਅਕਬਰੀ' ਵਿਚ ਵੀ ਰਾਜੇ ਭੋਜ ਬਾਰੇ ਕੁਝ ਦਿਲਚਸਪ ਗੱਲਾਂ ਲਿਖੀਆਂ ਮਿਲਦੀਆਂ ਹਨ। ਇਕ ਥਾਂ ਲਿਖਿਆ ਹੈ ਕਿ ਜਦੋਂ ਰਾਜਾ ਭੋਜ ਪੈਦਾ ਹੋਇਆ ਤੇ ਨਜੂਮੀਆਂ ਕੋਲੋਂ ਕੁਝ ਭੁਲ ਹੋ ਜਾਣ ਕਾਰਨ, ਉਸ ਦੇ ਗ੍ਰਹਿਆਂ ਦਾ ਯੋਗ ਬਹੁਤ ਬੁਰਾ ਤੇ ਬਦਸ਼ਗਨਾ ਦਸਿਆ, ਜਿਸ ਨਾਲ ਅੰਗਾਂ ਸਾਕਾਂ ਦੇ ਸਿਰਾਂ ਉਤੇ ਭਾਰੀ ਸੰਕਟ ਦਾ ਖਟਕਾ ਸੀ, ਸੋ ਭੋਜ ਨੂੰ ਜੰਗਲ ਵਿਚ ਛੱਡ ਆਏ। ਬਾਅਦ ਵਿਚ ਜਦੋਂ ਇਸ ਗ਼ਲਤੀ ਦਾ ਪਤਾ ਲੱਗਾ ਤਾਂ ਭੋਜ ਨੂੰ ਵਾਪਸ ਲਿਆਂਦਾ ਗਿਆ।

ਰਾਜਾ ਭੋਜ ਬੜਾ ਦਾਨੀ ਤੇ ਧਰਮੀ ਸੀ। ਉਸ ਨੇ ਕੇਦਾਰੇਸ਼ਵਰ, ਰਾਮੇਸ਼ਵਰ, ਸੋਮਨਾਥ, ਸੁੰਡੀਰ, ਕਾਲ, ਅਨਾਲ ਤੇ ਰੁਦ੍ਰ ਦੇ ਮੰਦਰ ਬਣਵਾਏ ਸਨ। ਇਸ ਤੋਂ ਬਿਨਾਂ ਇਕ ਪਾਠਸ਼ਾਲਾ ਜਿਸ ਨੂੰ ਭੋਜਸ਼ਾਲਾ ਕਿਹਾ ਜਾਂਦਾ ਸੀ, ਬਣਵਾਈ। ਇਸ ਦੇ ਨੇੜੇ ਇਕ ਖੂਹ ਵੀ ਬਣਵਾਇਆ, ਜਿਸ ਨੂੰ 'ਸਰਸਵਤੀ ਕੂਪ' ਜਾਂ 'ਅਕਲ ਖੂਈ' ਵੀ ਕਹਿੰਦੇ ਹਨ। ਲੋਕ ਧਾਰਨਾ ਹੈ ਕਿ ਇਸ ਖੂਹ ਦਾ ਪਾਣੀ ਪੀਣ ਵਾਲੇ ਉਪਰ, ਸਰਸਵਤੀ ਦੇਵੀ ਦੀ ਬਖ਼ਸ਼ਿਸ਼ ਹੁੰਦੀ ਹੈ। ਇਹ ਵੀ ਖ਼ਿਆਲ ਕੀਤਾ ਜਾਂਦਾ ਹੈ ਕਿ ਧਾਰਾ ਦੀ ਪ੍ਰਸਿਧ ਲਾਟ ਮਸਜਿਦ ਰਾਜਾ ਭੋਜ ਦਾ ਬਣਵਾਇਆ ਇਕ ਮੱਠ ਸੀ। ਇਸ ਮੱਠ ਨੂੰ ਦਿਲਾਵਰ ਖ਼ਾਂ ਗੌਰੀ ਨੇ 1405 ਈ: ਵਿਚ ਮਸਜਿਦ ਵਿਚ ਤਬਦੀਲ ਕਰ ਦਿਤਾ। ਭੋਪਾਲ (ਭੋਜਪੁਰ) ਦੀ ਵੱਡੀ ਝੀਲ, ਜੋ 250 ਵਰਗ ਮੀਲ ਵਿਚ ਸੀ, ਰਾਜੇ ਭੋਜ ਦੀ ਬਣਵਾਈ ਦੱਸੀ ਜਾਂਦੀ ਹੈ।

ਭੋਜ ਸ਼ੈਵ ਮਤ ਦਾ ਅਨੁਯਾਈ ਸੀ, ਇਸ ਨੇ ਚਿਤੌੜ ਦੇ ਕਿਲੇ ਵਿਚ ਸ਼ਿਵ ਦਾ ਇਕ ਮੰਦਰ ਬਣਵਾਇਆ ਤੇ ਸ਼ਿਵ ਦੀ ਮੂਰਤੀ ਸਥਾਪਿਤ ਕੀਤੀ ਜਿਸ ਦਾ ਨਾਉਂ ਆਪਣੇ ਨਾਂ ਉਤੇ 'ਭੋਜ ਸਵਾਮੀ ਦੇਵ' ਰਖਿਆ। ਇਸ ਮੂਰਤੀ ਨੂੰ 'ਤ੍ਰਿਭੁਵਣ ਨਾਰਾਇਣ ਦੇਵ' ਵੀ ਕਹਿੰਦੇ ਹਨ, ਕਿਉਂ ਜੋ ਭੋਜ ਦਾ ਉਪਨਾਮ ਤ੍ਰਿਭੁਵਣ ਨਾਰਾਇਣ ਵੀ ਸੀ।

ਰਾਜਾ ਭੋਜ ਬਾਰੇ ਭੋਜਪ੍ਰਬੰਧ ਵਿਚ ਇਕ ਬੜੀ ਵਚਿਤਰ ਤੇ ਅਨੂਠੀ ਕਥਾ ਦਿਤੀ ਹੈ। ਰਾਜਾ ਸਿੰਧੁਲਾ ਦੇ ਘਰ ਬੁੱਢੇ ਵਾਰੇ ਭੋਜ ਜੰਮਿਆ। ਸਿੰਧੁਲਾ ਪਿਛੋਂ ਉਸ ਦਾ ਛੋਟਾ ਭਰਾ ਮਨੋਜ ਗੱਦੀ ਉਤੇ ਬੈਠਾ। ਇਕ ਵਾਰ ਇਕ ਬ੍ਰਾਹਮਣ ਜੋ ਜੋਤਿਸ਼ ਵਿਦਿਆ ਵਿਚ ਨਿਪੁੰਨ ਸੀ, ਮਨੋਜ ਦੇ ਦਰਬਾਰ ਵਿਚ ਆਇਆ ਤੇ ਮਨੋਜ ਨੇ ਉਸਨੂੰ ਭੋਜ ਦੇ ਭਵਿਸ਼ ਬਾਰੇ ਕੁਝ ਦੱਸਣ ਲਈ ਕਿਹਾ। ਜੋਤਸ਼ੀ ਨੇ ਆਪਣੀ ਵਿਦਿਆ ਰਾਹੀਂ ਦਸਿਆ ਕਿ ਭੋਜ 55 ਸਾਲ ਸਤ ਮਹੀਨੇ ਤੇ ਤਿੰਨ ਦਿਨ ਸਾਰੇ ਉਤਰੀ ਭਾਰਤ ਤੇ ਦੱਖਣ ਉਤੇ ਰਾਜ ਭੋਗੇਗਾ। ਇਹ ਗੱਲ ਸੁਣ ਕੇ ਮਨੋਜ ਨੇ ਆਪਣੇ ਅੰਗ-ਰਖਿਅਕ ਵਤਸ ਰਾਜਾ ਨੂੰ ਬੁਲਾਇਆ ਤੇ ਉਸ ਨੂੰ ਭੋਜ ਨੂੰ ਮਾਰ ਦੇਣ ਦਾ ਹੁਕਮ ਦਿਤਾ। ਪਹਿਲਾਂ ਤਾਂ ਉਹ ਨਾ ਮੰਨਿਆ, ਪਰ ਫਿਰ ਰਾਜੇ ਦੇ ਮਜਬੂਰ ਕਰਨ ਤੇ ਉਹ ਭੋਜ ਨੂੰ 'ਮਹਾ ਮਾਇਆ' ਦੇ ਮੰਦਰ ਵਿਚ ਮਾਰਨ ਲਈ ਲੈ ਗਿਆ, ਪਰ ਉਸ ਦਾ ਭੋਜ ਨੂੰ ਮਾਰਨ ਤੇ ਦਿਲ ਨਾ ਕੀਤਾ। ਸੋ, ਉਸ ਨੇ ਭੋਜ ਨੂੰ ਘਣੇ ਜੰਗਲ ਵਿਚ ਛੱਡ ਦਿਤਾ ਤੇ ਉਸ ਦੀਆਂ ਕੁਝ ਨਿਸ਼ਾਨੀਆਂ ਲੈ ਕੇ ਵਾਪਸ ਆ ਗਿਆ ਤੇ ਰਾਜੇ ਮਨੋਜ ਨੂੰ ਕਿਹਾ ਕਿ ਉਹ ਭੋਜ ਨੂੰ ਕਤਲ ਕਰ ਆਇਆ ਹੈ। ਵਤਸਰਾਜ ਨੇ ਸ਼ਹਿਜ਼ਾਦੇ ਭੋਜ ਵਲੋਂ ਇਕ ਪੱਤੇ ਉਤੇ ਲਿਖੀ ਚਿੱਠੀ ਵੀ ਮਨੋਜ ਨੂੰ ਦਿਤੀ, ਜਿਸ ਨੂੰ ਪੜ੍ਹ ਕੇ ਮਨੋਜ ਦਾ ਮਨ ਦ੍ਰਵ ਗਿਆ ਤੇ ਉਹ ਆਪਣੀ ਕਰਨੀ ਤੇ ਬੜਾ ਪਛਤਾਇਆ। ਉਹ ਇਸ ਪਾਪ ਦਾ ਪਸ਼ਚਾਤਾਪ ਕਰਨਾ ਚਾਹੁੰਦਾ ਸੀ। ਅਖ਼ੀਰ ਉਸ ਰਾਤ ਨੂੰ ਅੱਗ ਵਿਚ ਸੜ ਮਰਨ ਦਾ ਪੱਕਾ ਇਰਾਦਾ ਕਰ ਲਿਆ। ਜਦੋਂ ਇਸ ਗੱਲ ਦਾ ਵਤਸਰਾਜ ਨੂੰ ਪਤਾ ਲੱਗਾ ਤਾਂ ਉਸ ਇਕ ਨਾਟਕ ਰਾਹੀਂ ਸਾਰੀ ਖੇਡ ਸੰਵਾਰਨੀ ਚਾਹੀ। ਉਸ ਇਕ ਸੰਨਿਆਸੀ ਨੂੰ ਮਨੋਜ ਦੇ ਦਰਬਾਰ ਵਿਚ ਭੇਜਿਆ ਤੇ ਕਿਹਾ ਕਿ ਇਸ ਸੰਨਿਆਸੀ ਵਿਚ ਅਥਾਹ ਸ਼ਕਤੀ ਹੈ। ਮਨੋਜ ਦੇ ਬਿਨੈ ਕਰਨ ਉਤੇ ਸੰਨਿਆਸੀ ਨੇ ਭੋਜ ਨੂੰ ਮੁੜ ਜ਼ਿੰਦਾ ਕਰ ਦੇਣ ਦਾ ਅਡੰਬਰ ਰਚਿਆ। ਭੋਜ ਨੂੰ, ਚੋਰੀ ਛੁਪੀ, ਜੰਗਲ ਵਿਚੋਂ ਦਰਿਆ ਦੇ ਕੰਢੇ ਲਿਆਇਆ ਗਿਆ ਤੇ ਐਲਾਨ ਕੀਤਾ ਗਿਆ ਕਿ ਉਸ ਨੂੰ ਸੰਨਿਆਸੀ ਨੇ ਜ਼ਿੰਦਾ ਕਰ ਦਿਤਾ ਹੈ। ਮਨੋਜ ਨੇ ਸਾਰਾ ਰਾਜ ਭਾਗ ਭੋਜ ਦੇ ਹਵਾਲੇ ਕਰ ਦਿਤਾ ਤੇ ਮਨੋਜ ਖ਼ੁਦ ਤਪਸਿਆ ਲਈ ਜੰਗਲ ਵਿਚ ਚਲਾ ਗਿਆ।

ਰਾਜੇ ਭੋਜ ਨਾਲ ਸਬੰਧਿਤ ਦੰਦ-ਕਥਾਵਾਂ :

ਰਾਜਾ ਭੋਜ ਨਾਲ ਸਬੰਧਿਤ ਅਨੇਕਾਂ ਦੰਦ-ਕਥਾਵਾਂ ਪੰਜਾਬ ਵਿਚ ਮਿਲਦੀਆਂ ਹਨ, ਜਿਨ੍ਹਾਂ ਵਿਚੋਂ ਕੁਝ ਕੁ ਦਾ ਵਰਨਣ ਕਰਨਾ, ਇਥੇ ਜ਼ਰੂਰੀ ਹੈ :

(1) ਅਲਬਰੂਨੀ ਨੇ ਆਪਣੀ ਯਾਤ੍ਰਾ ਵਿਚ ਰਾਜਾ ਭੋਜ ਬਾਰੇ ਇਕ ਰੋਚਕ ਦੰਦ-ਕਥਾ ਦਿਤੀ ਹੈ :

ਮਾਲਵੇ ਦੀ ਰਾਜਧਾਨੀ ਧਾਰ ਵਿਚ, ਜਿਥੇ ਇਸ ਸਮੇਂ ਭੋਜਦੇਵ ਰਾਜ ਕਰਦਾ ਹੈ, ਰਾਜ ਮਹਲ ਦੇ ਦਵਾਰ ਤੇ, ਸ਼ੁਧ ਚਾਂਦੀ ਦਾ ਇਕ ਲੰਮਾ ਟੁਕੜਾ ਪਿਆ ਹੈ। ਉਸ ਟੁਕੜੇ ਵਿਚ ਮਨੁਖ ਦੀ ਛਾਇਆ ਵਿਖਾਈ ਦੇਂਦੀ ਹੈ। ਲੋਕ ਇਸ ਦੀ ਉਤਪਤੀ ਬਾਰੇ ਕਥਾ ਇਸ ਪ੍ਰਕਾਰ ਦਸਦੇ ਹਨ :

ਪ੍ਰਾਚੀਨ ਕਾਲ ਵਿਚ ਕਿਸੇ ਸਮੇਂ ਇਕ ਸ਼ਖ਼ਸ ਕੋਈ ਵਿਸ਼ੇਸ਼ ਕਿਸਮ ਦਾ ਰਸਾਇਣਕ ਪਦਾਰਥ ਲੈ ਕੇ, ਰਾਜੇ ਕੋਲ ਪੁਜਿਆ। ਇਸ ਰਸਾਇਣਕ ਪਦਾਰਥ ਦਾ ਇਹ ਗੁਣ ਸੀ ਕਿ ਉਸ ਦੀ ਵਰਤੋਂ ਨਾਲ ਮਨੁਖ ਅਮਰ, ਵਿਜਈ, ਅਜੇ ਤੇ ਮਨ-ਇਛਤ ਕੰਮ ਕਰਨ ਦੇ ਸਮਰੱਥ ਹੋ ਜਾਂਦਾ ਸੀ।

ਉਸ ਸ਼ਖ਼ਸ ਨੇ ਰਾਜੇ ਨੂੰ ਉਸ ਦਾ ਸਾਰਾ ਹਾਲ ਦਸ ਕੇ ਕਿਹਾ ਕਿ ਤੁਸੀਂ ਅਮੁਕੇ ਵੇਲੇ ਇਕੱਲੇ ਆ ਕੇ ਉਸ ਦਾ ਗੁਣ ਅਜ਼ਮਾ ਸਕਦੇ ਹੋ। ਇਸ ਤੇ ਰਾਜਾ ਨੇ ਉਸ ਦੀ ਗੱਲ ਮੰਨ ਲਈ ਤੇ ਨਾਲ ਹੀ ਉਸ ਸ਼ਖ਼ਸ ਨੂੰ, ਜੋ ਸਾਮਿਗ੍ਰੀ ਚਾਹੀਦੀ ਸੀ, ਆਪਣੇ ਕਰਮਚਾਰੀਆਂ ਨੂੰ ਇਕਤ੍ਰ ਕਰ ਦੇਣ ਦਾ ਆਦੇਸ਼ ਦਿੱਤਾ।

ਇਸ ਮਗਰੋਂ, ਉਹ ਪੁਰਸ਼ ਕਈ ਦਿਨਾਂ ਤਕ ਇਕ ਵੱਡੀ ਕੜਾਹੀ ਵਿਚ ਤੇਲ ਗਰਮ ਕਰਦਾ ਰਿਹਾ। ਜਦੋਂ ਤੇਲ ਗਾੜ੍ਹਾ ਹੋ ਗਿਆ ਤਾਂ ਰਾਜੇ ਨੂੰ ਕਹਿਣ ਲੱਗਾ ਕਿ ਹੁਣ ਤੁਸੀਂ ਇਸ ਵਿਚ ਛਾਲ ਮਾਰ ਦਿਉ ਤਾਂ ਜੋ ਮੈਂ ਬਾਕੀ ਦੀਆਂ ਕਿਰਿਆਵਾਂ ਵੀ ਕਰ ਲਵਾਂ। ਪਰ ਰਾਜੇ ਨੂੰ ਉਸ ਦੇ ਕਹਿਣ ਤੇ ਜਲਦੇ ਹੋਏ ਤੇਲ ਵਿਚ ਕੁਦਣ ਦੀ ਹਿੰਮਤ ਨਾ ਪਈ। ਇਹ ਵੇਖ ਕੇ, ਉਸ ਨੇ ਕਿਹਾ ਕਿ ਜੇ ਤੁਸੀਂ ਕੁਦਣ ਤੋਂ ਡਰਦੇ ਹੋ ਤਾਂ ਮੈਨੂੰ ਆਗਿਆ ਦਿਉ, ਤਾਂ ਜੋ ਮੈਂ ਹੀ ਇਹ ਸਿੱਧੀ ਪ੍ਰਾਪਤ ਕਰ ਲਵਾਂ। ਰਾਜੇ ਇਹ ਗੱਲ ਮੰਨ ਲਈ। ਇਸ ਤੇ ਉਸ ਪੁਰਸ਼ ਨੇ ਦਵਾਈਆਂ ਦੀਆਂ ਕਈ ਪੁੜੀਆਂ ਕਢ ਕੇ ਰਾਜਾ ਨੂੰ ਦਿਤੀਆਂ ਤੇ ਸਮਝਾ ਦਿਤਾ ਕਿ ਇਸ ਇਸ ਤਰ੍ਹਾਂ ਦੇ ਚਿੰਨ੍ਹ ਵਿਖਾਈ ਦੇਣ ਤਾਂ ਉਹ ਇਹ ਪੁੜੀ ਤੇਲ ਵਿਚ ਸੁਟਦੇ ਜਾਣ। ਇਸ ਤਰ੍ਹਾਂ ਰਾਜੇ ਨੂੰ ਸਮਝਾ ਬੁਝਾ ਕੇ ਉਹ ਸ਼ਖ਼ਸ ਉਸ ਕੜਾਹੀ ਵਿਚ ਕੁਦ ਪਿਆ ਤੇ ਪਲ ਛਿਣ ਵਿਚ ਹੀ ਰਲ ਕੇ ਇਕ ਗਾੜ੍ਹਾ ਤਰਲ ਪਦਾਰਥ ਬਣ ਗਿਆ। ਰਾਜਾ ਵੀ ਉਸ ਦੀਆਂ ਦਸੀਆਂ ਵਿਧੀਆਂ ਅਨੁਸਾਰ ਇਕ ਇਕ ਪੁੜੀ ਉਸ ਕੜਾਹੇ ਵਿਚ ਸੁਟਦਾ ਗਿਆ। ਪਰੰਤੂ ਜਦੋਂ ਉਹ ਇਕ ਪੁੜੀ ਨੂੰ ਛੱਡ ਕੇ ਬਾਕੀ ਸਭ ਪੁੜੀਆਂ ਤੇਲ ਵਿਚ ਪਾ ਚੁਕਾ ਤਾਂ ਉਸ ਦੇ ਮਨ ਵਿਚ ਵਿਚਾਰ ਉਠਿਆ ਕਿ ਜੇ ਸਚਮੁਚ ਹੀ ਇਹ ਸ਼ਖ਼ਸ ਅਮਰ, ਵਿਜਈ ਤੇ ਅਜੈ ਹੋ ਕੇ ਜ਼ਿੰਦਾ ਹੋ ਗਿਆ ਤਾਂ ਮੇਰੀ ਤੇ ਮੇਰੇ ਰਾਜ ਦੀ ਕੀ ਦਸ਼ਾ ਹੋਵੇਗੀ। ਇਹ ਖ਼ਿਆਲ ਕਰਦਿਆਂ ਹੀ ਉਸ ਨੇ ਉਹ ਅਖੀਰਲੀ ਪੁੜੀ ਤੇਲ ਵਿਚ ਨਾ ਸੁਟੀ। ਇਸ ਨਾਲ ਉਹ ਕੜਾਹੀ ਠੰਡੀ ਹੋ ਗਈ ਤੇ ਉਹ ਘੁਲਿਆ ਹੋਇਆ ਸ਼ਖ਼ਸ ਚਾਂਦੀ ਦੇ ਉਪਰ ਲਿਖੇ ਟੁਕੜੇ ਦੇ ਰੂਪ ਵਿਚ ਜੰਮ ਗਿਆ।

(2) ਇਕ ਵਾਰ ਰਾਜਾ ਭੋਜ਼ ਮਹਿਲਾਂ ਵਿਚ ਗਿਆ। ਉਸ ਦੀ ਰਾਣੀ ਇਕਾਂਤ ਵਿਚ ਕਿਸੇ ਸਖੀ ਨਾਲ ਗੱਲਬਾਤ ਕਰ ਰਹੀ ਸੀ। ਰਾਜਾ ਭੋਜ ਸੋਚਾਂ ਵਿਚ ਡੁਬਿਆ, ਉਨ੍ਹਾਂ ਕੋਲ ਜਾ ਖਲੋਤਾ। ਰਾਣੀ ਦੀ ਸਖੀ ਪਿਛੇ ਹਟ ਗਈ ਤੇ ਰਾਣੀ ਦੇ ਮੂੰਹੋਂ 'ਮੂਰਖ' ਸ਼ਬਦ ਸਹਿਜੇ ਹੀ ਨਿਕਲ ਗਿਆ। ਭਾਵੇਂ ਇਹ ਸ਼ਬਦ ਰਾਣੀ ਨੇ ਮੂੰਹ ਵਿਚ ਹੀ ਗੁਣਗੁਣਾਇਆ ਸੀ, ਪਰ ਰਾਜੇ ਸੁਣ ਲਿਆ ਤੇ ਉਸ ਵੇਲੇ ਵਾਪਸ ਆ ਕੇ ਦਰਬਾਰ ਵਿਚ ਜਾ ਬੈਠਾ। ਰਾਜੇ ਦੇ ਮਨ ਵਿਚ ਕਈ ਤਰ੍ਹਾਂ ਦੇ ਤੂਫ਼ਾਨ ਉਠ ਰਹੇ ਸਨ, ਪਰ ਉਹ ਰਾਣੀ ਦੇ ਮੂਰਖ ਕਹਿਣ ਦਾ ਭਾਵ ਸਮਝਣ ਤੋਂ ਅਸਮਰਥ ਸੀ। ਦਰਬਾਰ ਵਿਚ ਕਈ ਪੰਡਤ ਤੇ ਵਿਦਵਾਨ ਆਉਣ ਲਗੇ। ਰਾਜੇ ਨੇ ਮੂਰਖ ਸ਼ਬਦ ਦੇ ਕਹਿਣ ਦਾ ਠੀਕ ਭਾਵ ਜਾਨਣ ਲਈ ਹਰੇਕ ਲਈ ਮੂਰਖ ਦਾ ਸ਼ਬਦ ਵਰਤਣਾ ਸ਼ੁਰੂ ਕਰ ਦਿਤਾ। ਇਸ ਗੱਲ ਤੇ ਪੰਡਤ ਤੇ ਵਿਦਵਾਨ ਬੜੇ ਹੈਰਾਨ ਹੋਏ। ਕੋਈ ਵੀ ਅਸਲ ਗੱਲ ਨਾ ਸਮਝ ਸਕਿਆ। ਜਦੋਂ ਕਾਲੀਦਾਸ ਦੇ ਪਧਾਰਨ ਉਤੇ ਰਾਜੇ ਇਹ ਸ਼ਬਦ ਉਚਾਰਿਆ ਤਾਂ ਕਾਲੀਦਾਸ ਨੇ ਇਕ ਕਵਿਤਾ ਦਾ ਬੰਦ ਉਚਾਰਿਆ, ਜਿਸ ਦੇ ਅਰਥ ਸਨ :

ਨਾ ਤਾਂ ਮੈਂ ਰਾਹ ਉਤੇ ਖਾਂਦਾ ਹੋਇਆ ਚਲਦਾ ਹਾਂ,
ਨਾ ਹੱਸਦਾ ਹੋਇਆ ਬੋਲਦਾ ਹਾਂ,
ਨਾ ਗਈ ਗਵਾਚੀ ਗੱਲ ਦੇ ਖਹਿੜੇ ਪਿਆ ਰਹਿੰਦਾ ਹਾਂ,
ਨਾ ਕੀਤੇ ਕੰਮ ਉਤੇ ਘੁਮੰਡ ਕਰਦਾ ਹਾਂ,
ਤੇ ਨਾ ਹੀ ਦੋ ਗੱਲ ਬਾਤ ਕਰ ਰਹੇ
ਜਣਿਆਂ ਵਿਚ ਜਾ ਕੇ ਖਲੋਂਦਾ ਹਾਂ,
ਫਿਰ ਮੈਂ ਕਿਵੇਂ ਮੂਰਖ ਹੋਇਆ ?

ਇਹ ਗੱਲ ਸੁਣਦੇ ਸਾਰ ਰਾਜਾ ਭੋਜ ਸਮਝ ਗਿਆ ਕਿ ਰਾਣੀ ਜਦੋਂ ਸਖੀ ਨਾਲ ਇਕਾਂਤ ਵਿਚ ਗੱਲ ਕਰਦੀ ਸੀ, ਤਾਂ ਮੈਂ ਉਨ੍ਹਾਂ ਵਿਚ ਜਾ ਖਲੋਤਾ ਸਾਂ, ਜਿਸ ਕਰਕੇ ਰਾਣੀ ਨੇ ਮੈਨੂੰ ਮੂਰਖ ਕਿਹਾ।

(3) ਇਕ ਵਾਰ ਰਾਜਾ ਭੋਜ ਕਾਲੀਦਾਸ ਨਾਲ ਕਿਸੇ ਗੱਲ ਤੋਂ ਨਾਰਾਜ਼ ਹੋ ਗਏ ਤੇ ਕਾਲੀਦਾਸ ਉਨ੍ਹਾਂ ਦਾ ਨਗਰ ਛੱਡ ਕੇ ਕਿਧਰੇ ਹੋਰ ਥਾਂ ਜਾ ਵਸਿਆ। ਪਰ ਛੇਤੀ ਹੀ ਰਾਜੇ ਨੂੰ ਕਾਲੀਦਾਸ ਦਾ ਅਭਾਵ ਖਟਕਣ ਲੱਗਾ। ਉਸ ਕਾਲੀਦਾਸ ਨੂੰ ਢੂੰਡ ਲੱਭਣ ਦਾ ਇਕ ਤਰੀਕਾ ਕਢ ਲਿਆ ਤੇ ਉਸ ਨੇ ਸਭ ਪਾਸੇ ਸੂਚਨਾ ਦੇ ਦਿਤੀ ਕਿ ਜਿਹੜਾ ਕੋਈ ਨਵਾਂ ਸ਼ਲੋਕ ਰਚ ਕੇ ਦਰਬਾਰ ਵਿਚ ਲਿਆਵੇਗਾ, ਉਸ ਨੂੰ ਇਕ ਲਖ ਰੁਪਿਆ ਇਨਾਮ ਦਿਤਾ ਜਾਵੇਗਾ। ਕਈ ਲੋਕ ਨਵੇਂ ਸ਼ਲੋਕ ਰਚ ਕੇ ਲਿਆਏ, ਪਰ ਰਾਜੇ ਭੋਜ ਦੇ ਦਰਬਾਰ ਵਿਚ ਤਿੰਨ ਅਜਿਹੇ ਪੰਡਤ ਸਨ, ਜਿਨ੍ਹਾਂ ਵਿਚੋਂ ਇਕ ਨੂੰ ਇਕ ਵਾਰ, ਦੂਜੇ ਨੂੰ ਦੋ ਵਾਰ ਤੇ ਤੀਜੇ ਨੂੰ ਤਿੰਨ ਵਾਰ ਸ਼ਲੋਕ ਸੁਣ ਕੇ ਯਾਦ ਹੋ ਜਾਂਦੇ। ਇਸ ਲਈ ਜਦੋਂ ਕੋਈ ਕਵੀ ਨਵਾਂ ਸ਼ਲੋਕ ਸੁਣਾਉਂਦਾ, ਉਹ ਤਿੰਨੇ ਪੰਡਤ ਵਾਰੋ ਵਾਰੀ ਉਸ ਸ਼ਲੋਕ ਨੂੰ ਸੁਣਾ ਕੇ ਪੁਰਾਣਾ ਸਿੱਧ ਕਰ ਦੇਂਦੇ। ਸ਼ਲੋਕ ਸੁਣਾਉਣ ਵਾਲਾ ਕਵੀ ਅਗੋਂ ਸ਼ਰਮਿੰਦਾ ਪੈਂਦਾ।

ਇਸ ਗੱਲ ਦੀ ਖ਼ਬਰ ਜਦੋਂ ਕਾਲੀਦਾਸ ਕੋਲ ਪਹੁੰਚੀ ਤਾਂ ਉਹ ਰਾਜਾ ਦੀ ਚਾਲ ਤਾੜ ਗਿਆ ਤੇ ਉਸ ਨੇ ਇਕ ਗ਼ਰੀਬ ਬ੍ਰਾਹਮਣ ਨੂੰ ਇਕ ਸ਼ਲੋਕ ਦੇ ਕੇ ਰਾਜੇ ਭੋਜ ਦੇ

ਦਰਬਾਰ ਵਿਚ ਭੇਜਿਆ, ਜਿਸ ਦੇ ਅਰਥ ਸਨ :

"ਹੇ ਰਾਜਾ ਸਾਰਾ ਸੰਸਾਰ ਜਾਣਦਾ ਹੈ ਕਿ ਤੇਰੇ ਪਿਤਾ ਜੀ ਬੜੇ ਧਾਰਮਿਕ ਤੇ ਸਤਿਆਵਾਦੀ ਸਨ। ਉਨ੍ਹਾਂ ਨੇ ਮੇਰੇ ਤੋਂ 99 ਕਰੋੜ ਰੁਪਏ ਕਰਜ਼ ਲਏ ਸਨ। ਇਸ ਗੱਲ ਦੀ ਪ੍ਰੋੜਤਾ ਤੇਰੇ ਦਰਬਾਰ ਦੇ ਪੰਡਤ ਵੀ ਕਰਨਗੇ। ਪਰੰਤੂ ਜੇ ਉਹ ਨਹੀਂ ਪ੍ਰੋੜਤਾ ਕਰਦੇ ਤਾਂ ਇਸ ਸ਼ਲੋਕ ਨੂੰ ਮੇਰਾ ਬਣਾਇਆ ਹੋਇਆ ਸਮਝਦੇ ਹਨ, ਤਾਂ ਮੈਨੂੰ ਇਕ ਲੱਖ ਇਨਾਮ ਦੁਆ ਦੇਓ।"

ਇਹ ਸੁਣ ਦਰਬਾਰੀ ਪੰਡਤ ਰਾਜੇ ਦੇ ਮੂੰਹ ਵਲ ਵੇਖਣ ਲਗੇ। ਜੇ ਇਹ ਸ਼ਲੋਕ ਪੁਰਾਣਾ ਦੱਸ ਕੇ ਦੁਹਰਾਂਦੇ ਹਨ ਤਾਂ ਰਾਜੇ ਨੂੰ 99 ਕਰੋੜ ਰੁਪਏ ਭਰਨੇ ਪੈਂਦੇ ਹਨ ਜੇ ਨਹੀਂ ਦੁਹਰਾਂਦੇ ਤਾਂ ਨਵਾਂ ਸ਼ਲੋਕ ਹੋਣ ਕਰਕੇ ਇਕ ਲੱਖ ਰੁਪਏ ਰਾਜਾ ਨੂੰ ਦੇਣੇ ਪੈਂਦੇ ਹਨ। ਸੋ ਉਹ ਪੰਡਤ ਚੁਪ ਬੈਠੇ ਰਹੇ। ਰਾਜਾ ਭੋਜ ਸ਼ਲੋਕ ਦੀ ਸਿਆਣਪ ਭਰੀ ਰਚਨਾ ਤੋਂ ਤਾੜ ਗਿਆ ਕਿ ਇਹ ਕਾਲੀਦਾਸ ਦੀ ਕ੍ਰਿਤ ਹੈ। ਸੋ ਉਸਨੇ ਬ੍ਰਾਹਮਣ ਨੂੰ ਇਕ ਲੱਖ ਰੁਪਏ ਦੇ ਕੇ ਉਸ ਤੋਂ ਸ਼ਲੋਕ ਰਚਣ ਵਾਲੇ ਦਾ ਨਾਂ ਪਤਾ ਪੁਛਿਆ ਤੇ ਕਾਲੀਦਾਸ ਨੂੰ ਵਾਪਸ ਆਪਣੀ ਨਗਰੀ ਲੈ ਆਇਆ।

(4) ਰਾਜਾ ਭੋਜ ਤੇ ਮਾਘ ਪੰਡਤ : ਇਕ ਵਾਰ ਉਜੈਨ ਨਗਰੀ ਦਾ ਰਾਜਾ ਭੋਜ, ਆਪਣੇ ਵਜ਼ੀਰ ਮਾਘ ਪੰਡਤ ਨੂੰ ਨਾਲ ਲੈ ਕੇ, ਸੈਰ ਲਈ ਨਿਕਲਿਆ। ਜੰਗਲ ਵਿਚ ਘੁੰਮਦਿਆਂ ਉਨ੍ਹਾਂ ਨੂੰ ਰਾਹ ਭੁਲ ਗਿਆ। ਦੂਰ ਉਨ੍ਹਾਂ ਇਕ ਬੁੱਢੀ ਦੀ ਝੁਗੀ ਵੇਖੀ। ਦੋਵੇਂ ਆਪਣਾ ਆਪ ਛੁਪਾ ਕੇ ਉਸ ਬੁੱਢੀ ਤੋਂ ਰਾਹ ਪੁਛਣ ਲਗੇ। ਰਾਜੇ ਨੇ ਪੁਛਿਆ 'ਇਹ ਰਾਹ ਕਿਥੇ ਜਾਂਦਾ ਏ', ਬੁੱਢੀ ਬੜੀ ਚਤੁਰ ਸੀ ਤੇ ਰਾਜਾ ਭੋਜ ਨੂੰ ਪਛਾਣ ਗਈ, ਪਰ ਇਹ ਜਾਣ ਕੇ ਕਿ ਰਾਜਾ ਆਪਣੇ ਆਪ ਨੂੰ ਛੁਪਾ ਰਿਹਾ ਹੈ, ਪੁੱਠੇ ਸਿਧੇ ਪਰ ਬੜੇ ਭਾਵ ਪੂਰਣ ਉਤਰ ਦੇਣ ਲੱਗੀ ਤੇ ਕਿਹਾ, 'ਇਹ ਰਾਹ ਤਾਂ ਇਥੇ ਹੀ ਰਹਿੰਦਾ ਹੈ। ਇਸ ਉਤੇ ਤੁਰਨ-ਫਿਰਨ ਵਾਲੇ ਆਉਂਦੇ ਜਾਂਦੇ ਹਨ।' ਬੁੱਢੀ ਨੇ ਰਾਜੇ ਤੋਂ ਪੁਛਿਆ, 'ਤੁਸੀਂ ਕੌਣ ਹੋ?' ਰਾਜੇ ਭੋਜ ਦੇ ਉਤਰ ਦੇਣ ਤੇ ਕਿ ਉਹ ਪਾਂਧੀ ਹਨ। ਬੁੱਢੀ ਕਹਿਣ ਲੱਗੀ, 'ਪਾਂਧੀ ਤਾਂ ਦੋ ਤਰ੍ਹਾਂ ਦੇ ਹੁੰਦੇ ਹਨ, ਇਕ ਸੂਰਜ ਤੇ ਦੂਜਾ ਚੰਨ, ਤੁਸੀਂ ਕੌਣ ਹੋ?' ਰਾਜਾ ਭੋਜ ਨੇ ਕਿਹਾ, 'ਅਸੀਂ ਉਜਲੇ ਹਾਂ।' ਬੁੱਢੀ ਕਹਿਣ ਲਗੀ 'ਉਜਲੇ ਤਾਂ ਦੋ ਹੁੰਦੇ ਹਨ, ਇਕ ਪਾਣੀ ਦੂਜਾ ਸਾਬਣ। ਤੁਸੀਂ ਕੌਣ ਹੋ?'

ਰਾਜੇ ਭੋਜ ਨੇ ਕਿਹਾ 'ਅਸੀਂ ਭਾਰੀ ਭਰਕਮ ਹਾਂ', ਬੁੱਢੀ ਨੇ ਅਗੋਂ ਕਿਹਾ, 'ਭਾਰੀ ਭਰਕਮ ਤਾਂ ਦੋ ਹੁੰਦੇ ਹਨ ਪਹਾੜ ਤੇ ਪਾਪੀ, ਤੁਸੀਂ ਕੌਣ ਹੋ?'

ਰਾਜੇ ਭੋਜ ਨੇ ਉਤਰ ਦਿਤਾ, 'ਅਸੀਂ ਗ਼ਰੀਬ ਹਾਂ' ਬੁੱਢੀ ਨੇ ਕਿਹਾ, "ਗ਼ਰੀਬ, ਤਾਂ ਦੋ ਹੁੰਦੇ ਹਨ, ਇਕ ਬਕਰੀ ਦੂਜਾ ਬੈਲ, ਤੁਸੀਂ ਕੌਣ ਹੋ?"

ਰਾਜਾ ਭੋਜ ਨੇ ਵੇਖਿਆ ਕਿ ਝੂਠ ਬੋਲਣ ਨਾਲ ਗੱਲ ਬਣਦੀ ਨਹੀਂ, ਸੋ ਕਹਿਣ ਲਗਾ, 'ਮੈਂ ਰਾਜਾ ਭੋਜ ਹਾਂ।' ਪਰ ਬੁੱਢੀ ਨੇ ਆਪਣੀ ਟਿਚਕਰਬਾਜ਼ੀ ਅਜੇ ਵੀ ਨਾ ਛੱਡੀ ਤੇ ਕਹਿਣ ਲਗੀ, 'ਰਾਜਾ ਤਾਂ ਦੋ ਹੁੰਦੇ ਹਨ ਇਕ ਇੰਦਰ ਤੇ ਦੂਜਾ ਜਮਰਾਜ, ਤੁਸੀਂ ਕੌਣ ਹੋ?'

ਰਾਜਾ ਸ਼ਰਮਿੰਦਾ ਜਿਹਾ ਹੋ ਕੇ ਬੁੱਢੀ ਦੇ ਪੈਰੀਂ ਡਿਗ ਪਿਆ ਤੇ ਕਹਿਣ ਲਗਾ, 'ਅਸੀਂ ਅਣਜਾਣ ਹਾਂ ਰਾਹ ਭੁਲ ਗਏ ਹਾਂ, ਸਾਨੂੰ ਰਾਹੇ ਪਾ ਦਿਉ।' ਬੁੱਢੀ ਮੁਸਕਰਾ ਕੇ ਕਹਿਣ ਲਗੀ, ਤੁਸੀਂ ਰਾਜਾ ਹੋ ਕੇ ਪਰਜਾ ਅਗੇ ਝੂਠ ਬੋਲਿਆ ਹੈ ਇਸੇ ਲਈ ਮੈਨੂੰ ਵੀ ਇਤਨੀਆਂ ਗੱਲਾਂ ਕਰਨੀਆਂ ਪਈਆਂ ਹਨ, ਉਹ ਸਾਹਮਣੇ ਜਿਹੜਾ ਕੱਚਾ ਪਹਿਆ ਜਾਂਦਾ ਹੈ ਇਹ ਤੁਹਾਨੂੰ ਜੰਗਲ ਵਿਚੋਂ ਕਢ ਕੇ ਸ਼ਹਿਰ ਵਲ ਲੈ ਜਾਵੇਗਾ।'

ਰਾਜਾ ਭੋਜ ਤੇ ਮਾਘ ਪੰਡਤ ਬਹੁਤ ਸ਼ਰਮਿੰਦੇ ਹੋਏ।

ਰਾਜੇ ਭੋਜ ਬਾਰੇ ਉਪ੍ਰੋਕਤ ਦੰਦ-ਕਥਾਵਾਂ ਸਾਰੇ ਉਤਰੀ ਭਾਰਤ ਵਿਚ ਪ੍ਰਸਿਧ ਹਨ।

(ਰ-49) **ਰਾਜਾ ਮੰਗੇ ਬਕਰੀ** :

ਛੋਟੇ ਬੱਚਿਆਂ ਦੀ ਇਕ ਲੁਕਣਮੀਟੀ ਵਰਗੀ ਖੇਡ; ਇਕ ਬੱਚਾ, ਜਿਸ ਸਿਰ ਮੀਟੀ ਹੁੰਦੀ ਹੈ, ਆਜੜੀ ਬਣਦਾ ਹੈ ਅਤੇ ਬਾਕੀ ਸਭ ਬੱਚੇ ਬਕਰੀਆਂ। ਆਜੜੀ ਸਭ ਤੋਂ ਅਗੇ ਖੜਾ ਹੋ ਜਾਂਦਾ ਹੈ। ਬਾਕੀ ਬੱਚੇ ਉਸ ਦੇ ਮਗਰ ਇਕ ਦੂਜੇ ਦੀਆਂ ਪਿੱਠਾਂ ਪਕੜ ਕੇ ਖਲੋ ਜਾਂਦੇ ਹਨ। ਇਕ ਹੋਰ ਬੱਚਾ ਜੋ ਰਾਜੇ ਦਾ ਨੌਕਰ ਬਣਦਾ ਹੈ ਆਜੜੀ ਬੱਚੇ ਕੋਲ ਆ ਕੇ ਕਹਿੰਦਾ ਹੈ ਕਿ ਰਾਜੇ ਨੇ ਇਕ ਬਕਰੀ ਮੰਗੀ ਹੈ :

ਆਜੜੀ : ਰਾਜਾ ਮੰਗੇ ਬਕਰੀ
ਮੈਂ ਬਕਰੀ ਲਿਜਾਣੀ ਏ
ਬਾਕੀ ਬੱਚੇ ਇਕਸੁਰ ਹੋ ਕੇ ਕਹਿੰਦੇ ਹਨ :
ਇਕੋ ਮੇਰੀ ਬਕਰੀ
ਮੈਂ ਕਿੱਲੇ ਤੇ ਬਿਠਾਣੀ ਐ।

ਇਹ ਕਹਿੰਦਿਆਂ ਸਾਰ ਸਭ ਬੱਚੇ ਇਧਰ ਉਧਰ ਨਸ ਪੈਂਦੇ ਹਨ ਤੇ ਆਜੜੀ ਕਿਸੇ ਇਕ ਬੱਚੇ ਨੂੰ ਛੂਹਣ ਲਈ, ਉਨ੍ਹਾਂ ਪਿਛੇ ਦੌੜਦਾ ਹੈ। ਕਈ ਵਾਰ ਇਕ ਦਾਈ ਮਿੱਥ ਲਈ ਜਾਂਦੀ ਹੈ। ਜੋ ਬੱਚਾ ਦਾਈ ਨੂੰ ਪਹਿਲਾਂ ਹੱਥ ਲਾ ਲਏ, ਉਸ ਨੂੰ ਨਹੀਂ ਛੁਹਿਆ ਜਾਂਦਾ। ਜਿਹੜਾ ਬੱਚਾ ਫੜਿਆ ਜਾਵੇ, ਉਸ ਸਿਰ ਮੀਟੀ ਆ ਜਾਂਦੀ ਹੈ ਤੇ ਉਹ ਆਜੜੀ ਬਣਦਾ ਹੈ ਅਤੇ ਖੇਡ ਪਹਿਲਾਂ ਵਾਂਗ ਫਿਰ ਸ਼ੁਰੂ ਹੋ ਜਾਂਦੀ ਹੈ।

**(ਰ-50) ਰਾਂਝਾ :**

(ੳ) ਹੀਰ ਦਾ ਪ੍ਰੇਮੀ ਧੀਦੋ, ਜੋ ਜ਼ਾਤ ਦਾ ਰਾਂਝਾ ਸੀ (ਵੇਖੋ : ਹੀਰ ਰਾਂਝਾ)।

(ਅ) ਜੱਟਾਂ ਦਾ ਇਕ ਕਬੀਲਾ। ਗਲਾਸਰੀ (3,323) ਅਨੁਸਾਰ ਇਹ ਇਕ ਰਾਜਪੂਤੀ ਕਬੀਲਾ ਹੈ, ਜੋ ਵਧੇਰੇ ਕਰਕੇ ਜਿਹਲਮ ਤੇ ਝਨਾਂ ਦੇ ਵਿਚਕਾਰ ਸ਼ਾਹਪੁਰ ਤੇ ਗੁਜਰਾਤ ਦੀਆਂ ਉਤਾੜਾਂ ਵਿਚ ਮਿਲਦਾ ਹੈ। ਕੁਝ ਰਾਂਝੇ ਦੋਹਾਂ ਦਰਿਆਵਾਂ ਨੂੰ ਪਾਰ ਕਰ ਕੇ ਜਿਹਲਮ ਤੇ ਗੁਜਰਾਂਵਾਲਾ ਜ਼ਿਲਿਆਂ ਵਿਚ ਜਾ ਵਸੇ ਹਨ। ਸ਼ਾਹਪੁਰ ਨੂੰ ਛੱਡ ਕੇ ਬਾਕੀ ਇਲਾਕੇ ਦੇ ਰਾਂਝਿਆਂ ਨੇ ਆਪਣੇ ਆਪ ਨੂੰ ਜਨ-ਸੰਖਿਆ ਸਮੇਂ ਜੱਟ ਹੀ ਲਿਖਵਾਇਆ। ਪਰੰਤੂ ਇਹ ਮੁੱਢ ਦੇ ਭਟੀ ਰਾਜਪੂਤ ਹਨ ਅਤੇ ਇਨ੍ਹਾਂ ਵਿਚ ਹਿੰਦੂਆਂ ਵਾਲੀਆਂ ਕਈ ਰਸਮਾਂ ਰੀਤਾਂ ਅਜੇ ਵੀ ਪ੍ਰਚਲਤ ਹਨ। ਗੁਜਰਾਤ ਦੇ ਰਾਂਝੇ ਦਾਅਵਾ ਕਰਦੇ ਹਨ ਕਿ ਉਹ ਮੁੱਢ ਦੇ ਕੁਰੈਸ਼ੀ ਹਨ ਅਤੇ ਹਜ਼ਰਤ ਮੁਹੰਮਦ ਦੇ ਚਾਚੇ ਅਬੂ ਜਾਹਲ ਦੀ ਵੰਸ਼ ਵਿਚੋਂ ਹਨ, ਪਰ ਉਨ੍ਹਾਂ ਦੇ ਰੀਤ-ਰਵਾਜ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਉਹ ਹਿੰਦੂ ਮੁੱਢ ਦੇ ਹਨ।

ਗੁਜਰਾਤ ਗਜ਼ਟੀਅਰ (ਪੰਨਾ 66) ਅਨੁਸਾਰ ਪੈਗੰਬਰ ਦੇ ਚਾਚੇ ਅਬੂ ਜਾਹਲ ਦੇ ਪੁੱਤਰ ਅਕਰਾਨੀਆਂ ਨੇ ਇਸਲਾਮ ਕਬੂਲ ਕੀਤਾ। ਉਸ ਦਾ ਪੁੱਤਰ ਜੋਗੀ ਗ਼ਜ਼ਨੀ ਆਇਆ, ਜਿਥੇ ਉਸ ਦੀ ਮੌਤ ਹੋ ਗਈ। ਉਸ ਦਾ ਪੁੱਤਰ ਦੂਰਨਾ ਆਪਣੇ ਗਿਆਰਾਂ ਲੜਕਿਆਂ ਸਮੇਤ, ਜਿਨ੍ਹਾਂ ਵਿਚੋਂ ਇਕ ਦਾ ਨਾਂ ਰਾਂਝਾ ਸੀ, ਝੰਗ ਤੇ ਸ਼ਾਹਪੁਰ ਦੀ ਖਰਾਣਾ ਬਾਰ ਵਿਚ ਜਾ ਵਸਿਆ। ਮਗਰੋਂ ਰਾਂਝਾ ਝਨਾਂ ਵਲ ਨਿਕਲ ਗਿਆ।

**(ਰ-51) ਰਾਂਝੂ ਫੂਲਮੋ :**

ਚੰਬੇ ਦੇ ਇਲਾਕੇ ਦਾ ਇਕ ਪ੍ਰਸਿਧ ਪ੍ਰੇਮੀ ਜੋੜਾ। ਇਨ੍ਹਾਂ ਦੀ ਪ੍ਰੀਤ-ਕਥਾ ਬੜੀ ਹਿਰਦੇ ਵੇਦਕ ਤੇ ਦਰਦ ਭਰੀ ਹੈ ਅਤੇ ਹਿਮਾਚਲ ਪ੍ਰਦੇਸ਼ ਵਿਚ ਮੰਡੀ ਸਿਰਮੌਰ ਤੇ ਬਿਲਾਸਪੁਰ ਵਿਚ ਬੜੀ ਪ੍ਰਸਿਧ ਹੈ। ਰਾਂਝੂ ਇਕ ਵੱਡੇ ਜਗੀਰਦਾਰ ਠਾਕਰ ਉਦੇ ਸਿੰਘ ਦਾ ਪੁੱਤਰ ਸੀ ਅਤੇ ਫੂਲਮੋ ਚੰਬੇ ਦੇ ਗਡੇਰਨ ਇਲਾਕੇ ਦੀ ਇਕ ਮੁਟਿਆਰ ਸੀ। ਡਾ: ਮਹਿੰਦਰ ਸਿੰਘ ਰੰਧਾਵਾ ਨੇ ਰਾਂਝੂ ਨੂੰ ਪਿੰਡ ਦੇ ਲੰਬੜਦਾਰ ਲਛਮਣ ਦਾ ਪੁੱਤਰ ਦਸਿਆ ਹੈ। ਰਾਂਝੂ ਤੇ ਫੂਲਮੋ ਦੀ ਪਹਿਲੀ ਮੁਲਾਕਾਤ ਇਕ ਬਾਉਲੀ ਉਤੇ ਹੋਈ, ਜਿਥੇ ਫੂਲਮੋ ਪਾਣੀ ਭਰਨ ਗਈ ਸੀ ਤੇ ਰਾਂਝੂ ਉਥੇ ਬੈਠਾ ਬੰਸਰੀ ਵਜਾ ਰਿਹਾ ਸੀ। ਫੂਲਮੋ ਜਦੋਂ ਭੇਡਾਂ ਚਾਰਦੀ ਤਾਂ ਰਾਂਝੂ ਆਪਣੀ ਬੰਸਰੀ ਦੀ ਮਿੱਠੀ ਧੁਨੀ ਨਾਲ ਉਸ ਦੇ ਮਨ ਦੀਆਂ ਸੁਰਾਂ ਨੂੰ ਛੇੜੀ ਰੁਖਦਾ ਅਤੇ ਬੰਸਰੀ ਦੀ ਸੁਰਾਂ ਵਿਚ ਮੁਗਧ ਫੂਲਮੋ ਗੀਤ ਛੁਹੀ ਰਖਦੀ। ਜਦੋਂ ਇਨ੍ਹਾਂ ਦੇ ਪ੍ਰੇਮ ਦੀ ਚਰਚਾ ਫੈਲੀ ਤਾਂ ਰਾਂਝੂ ਦੇ ਪਿਉ ਨੇ, ਪੁੱਤਰ ਨੂੰ ਸਮਝਾਇਆ ਕਿ ਫੂਲਮੋ ਗ਼ਰੀਬ ਗਡੇਰਨ ਹੈ ਤੇ ਉਸ ਨਾਲ ਵਿਆਹ ਕਰਨਾ ਖ਼ਾਨਦਾਨ ਦੀ ਇੱਜ਼ਤ ਨੂੰ ਮਿੱਟੀ ਵਿਚ ਮਿਲਾਣਾ ਹੈ। ਰਾਂਝੂ ਨੂੰ ਡਰਾ ਧਮਕਾ ਕੇ ਪਿਉ ਨੇ, ਉਸ ਨੂੰ ਕਿਸੇ ਦੂਜੀ ਥਾਂ ਵਿਆਹ ਕਰਨ ਲਈ ਰਾਜ਼ੀ ਕਰ ਲਿਆ। ਫੂਲਮੋ ਨੇ ਰਾਂਝੂ ਨੂੰ ਕਿਹਾ ਕਿ ਉਹ ਉਸ ਨੂੰ ਉਧਾਲ ਕੇ ਸ਼ਹਿਰ ਲੈ ਚਲੇ ਤੇ ਉਥੇ ਕਿਧਰੇ ਨੌਕਰੀ ਕਰ ਲਏ, ਪਰ ਰਾਂਝੂ ਇਸ ਗੱਲ ਲਈ ਰਜ਼ਾਮੰਦ ਨਾ ਹੋਇਆ।

ਜਦੋਂ ਰਾਂਝੂ ਨੂੰ ਵਿਆਹ ਵਾਲੇ ਦਿਨ ਵਟਣਾ ਮਲਿਆ ਜਾ ਰਿਹਾ ਸੀ, ਤਾਂ ਫੂਲਮੋ ਵੀ ਉਥੇ ਪਹੁੰਚੀ ਤੇ ਆਪਣੇ ਅਰਮਾਨਾਂ ਦੀ ਸੰਘੀ ਘੁਟਦੀ ਵੇਖ, ਵਾਪਸ ਮੁੜ ਆਈ। ਘਰ ਆ ਕੇ ਫੂਲਮੋ ਨੇ ਸੁੰਦਰ ਪੋਸ਼ਾਕ ਪਹਿਨੀ ਤੇ ਫਿਰ ਜ਼ਹਿਰ ਦਾ ਘੁਟ ਪੀ ਕੇ ਸੌਂ ਗਈ।

ਅਗਲੇ ਦਿਨ ਜਦੋਂ ਰਾਂਝੂ ਦੀ ਜੰਞ ਢੋਲ-ਢਮਕਿਆਂ ਨਾਲ ਚੜ੍ਹੀ ਤਾਂ ਲੋਕਾਂ ਵੇਖਿਆ ਕਿ ਅਗੋਂ ਫੂਲਮੋ ਦੀ ਅਰਥੀ ਲੰਘਦੀ ਜਾ ਰਹੀ ਸੀ। ਰਾਂਝੂ ਝਟ ਪਾਲਕੀ ਤੋਂ ਉਤਰ ਫੂਲਮੋ ਦੀ ਅਰਥੀ ਨਾਲ ਹੋ ਤੁਰਿਆ। ਉਸ ਦੀ ਚਿਤਾ ਨੂੰ ਆਪਣੀ ਹੱਥੀਂ ਲੰਬੂ ਲਗਾਇਆ। ਕੁਝ ਚਿਰ ਉਹ ਲਾਟਾਂ ਨੂੰ ਮਚਦਾ ਵੇਖਦਾ ਰਿਹਾ ਤੇ ਫਿਰ ਚਿਤਾ ਵਿਚ ਕੁਦ ਕੇ ਭਸਮ ਹੋ ਗਿਆ।

ਰਾਂਝੂ ਤੇ ਫੂਲਮੋ ਸਬੰਧੀ ਕਈ ਗੀਤ ਤੇ ਕਾਵਿ-ਕਥਾਵਾਂ ਪ੍ਰਚਲਤ ਹਨ। ਨਮੂਨੇ ਵਜੋਂ ਇਕ ਗੀਤ :

ਬਾੜ੍ਹਾ ਏ ਸਰਾਵਾੜਏ ਤੂੰ ਕ੍ਰਿਜੋ ਝਾਂਕਦੀ
ਝਾਕਾਂ ਕਿਜੋ ਮਾਰਦੀ
ਦੋ ਹਥ ਬਟਣੇ ਦੇ ਲਾਯਾ ਫੂਲਮੂੰ,
ਗਲਾਂ ਹੋਈ ਬੀਤੀਆਂ।
ਬਟਣਾ ਤਾਂ ਲਾਗੀ ਤੇਰੀ ਤਾਈ ਚਾਚੀਆਂ
ਤੇਰੀ ਸੱਗੀ ਭਾਬੀਆਂ
ਜਿਨਾ ਰੇ ਮਨਾ ਤੇਰਾ ਚਾਉ ਰਾਂਝੂ,
ਗਲਾਂ ਹੋਈ ਬੀਤੀਆਂ।
ਨਹਾਏ ਧੋਏ ਫੂਲਮੂੰ ਕਪੜੇ ਪਹਿਨੇ,
ਭਾਈ ਕਪੜੇ ਪਹਿਨੇ
ਜ਼ਹਿਰਾਂ ਦੀ ਖਾਦੀ ਆਂ ਸ਼ੀਸ਼ੀਆਂ,
ਗਲਾਂ ਹੋਈ ਬੀਤੀਆਂ।
ਬਾਏਂ ਹਾਥੇ ਰਾਂਝੂ ਚਿਤਾ ਜੋ ਚਿਣੀ
ਲੋਕੋ ਚਿਤਾ ਜੋ ਚਿਣੀ
ਦਾਏਂ ਹਥੋਂ ਲਾਯਾ ਲਾਂਬੂ ਭਾਈਓ
ਗੁਲਾਂ ਹੋਈ ਬੀਤੀਆਂ।

(ਰ-52) **ਰਾਠਾਚਾਰੀ :**

(ੳ) ਵਿਆਹ ਦੀ ਇਕ ਲਾਗ, ਜੋ ਵਰ ਪੱਖ ਵਲੋਂ ਦਿਤੀ ਜਾਂਦੀ ਹੈ। ਜਦੋਂ ਬਰਾਤ ਕੰਨਿਆਂ ਦੇ ਪਿੰਡ ਪਹੁੰਚਦੀ ਹੈ ਤਾਂ ਦੁਲ੍ਹੇ ਦਾ ਪਿਉ ਦੂਜੇ ਪਿੰਡਾਂ ਦੀਆਂ ਕੰਨਿਆਵਾਂ ਜੋ ਦੁਲ੍ਹੇ ਦੇ ਪਿੰਡ ਵਿਚ ਵਿਆਹੀਆਂ ਹੁੰਦੀਆਂ ਹਨ, ਉਨ੍ਹਾਂ ਨੂੰ ਮਾਣ ਦੇਣਾ ਹੁੰਦਾ ਹੈ। ਇਹ ਰੀਤ ਇਕ ਤਰ੍ਹਾਂ ਨਾਲ ਪਿੰਡ ਦੀਆਂ ਨੂੰਹਾਂ ਦਾ ਮਾਣ ਹੈ। ਉਨ੍ਹਾਂ ਦੇ ਪਿੰਡ ਦੇ ਮਿਰਾਸੀਆਂ ਨੂੰ ਲਾਗ ਦਿਤੀ ਜਾਂਦੀ ਹੈ।

(ਅ) ਵਿਆਹ ਦੇ ਸਮੇਂ ਕਈ ਕਬੀਲਿਆਂ ਦੇ ਮਿਰਾਸੀ, ਜਿਨ੍ਹਾਂ ਦਾ ਲਾੜ੍ਹੇ ਦੀ ਗੋਤ ਨਾਲ ਸਬੰਧ ਹੁੰਦਾ ਹੈ, ਭਾਰੀ ਗਿਣਤੀ ਵਿਚ ਇਕੱਠੇ ਹੋ ਕੇ ਲਾੜ੍ਹੇ ਦੇ ਪਿਉ ਤੋਂ ਲਾਗ ਵਸੂਲ ਕਰਦੇ ਹਨ। ਜੱਟ ਇਸ ਨੂੰ ਰਾਠਾਚਾਰੀ ਕਹਿੰਦੇ ਹਨ ਤੇ ਰਾਜਪੂਤ ਦਰਬਾਰ। ਮਿਰਾਸੀ ਨੂੰ, ਕੰਨਿਆਂ ਦਾ ਪਿਉ, ਭੋਜ ਵੀ ਖਵਾਂਦਾ ਹੈ ਤੇ ਕਈ ਵਾਰ ਕੁਝ ਨਕਦ ਪੈਸੇ ਦਖਸ਼ਣਾ ਵਜੋਂ ਵੀ ਦੇਂਦਾ ਹੈ, ਜਿਸ ਨੂੰ 'ਆਟਾਚਾਰੀ' ਕਹਿੰਦੇ ਹਨ।

(ਰ-53) **ਰਾਣਾ ਕੈਲਾਸਦੇਉ ਮਾਲਦੇਉ :**

ਰਾਣਾ ਕੈਲਾਸਦੇਉ ਮਾਲਦੇਉ ਦੋਵੇਂ ਰਾਜਪੂਤ ਭਰਾ ਸਨ ਜੋ ਜਹਾਂਗੀਰ ਦੇ ਸਮੇਂ ਹੋਏ। ਇਹ ਦੋਵੇਂ ਜੰਮੂ ਕਸ਼ਮੀਰ ਵਿਚ ਰਾਜ ਕਰਦੇ ਸਨ ਅਤੇ ਮੁਗਲ ਬਾਦਸ਼ਾਹ ਦੇ ਟੱਕੇ ਭਰਦੇ ਸਨ। ਜਹਾਂਗੀਰ ਨੂੰ ਇਨ੍ਹਾਂ ਤੋਂ ਹਮੇਸ਼ਾ ਡਰ ਬਣਿਆ ਰਹਿੰਦਾ ਕਿ ਕਿਧਰੇ ਇਹ ਬਾਗੀ ਨਾ ਹੋ ਜਾਣ। ਇਨ੍ਹਾਂ ਦੀ ਸੈਨਿਕ ਸ਼ਕਤੀ ਦਿਨ ਬਦਿਨ ਵਧਦੀ ਵੇਖ ਕੇ, ਜਹਾਂਗੀਰ ਨੇ ਇਨ੍ਹਾਂ ਦੁਹਾਂ ਭਰਾਵਾਂ ਨੂੰ ਕਮਜ਼ੋਰ ਕਰਨ ਲਈ, ਇਨ੍ਹਾਂ ਵਿਚ ਫੁਟ ਪਵਾ ਦਿਤੀ। ਦੁਸ਼ਟਾਂ ਦੂਤੀਆਂ ਦੁਆਰਾ ਚੁਗਲੀਆਂ ਲਾ ਕੇ ਅਖ਼ੀਰ ਅਜਿਹੀ ਅਵਸਥਾ ਪੈਦਾ ਕਰ ਦਿਤੀ ਕਿ ਇਹ ਦੋਵੇਂ ਭਰਾ ਆਪੋ ਆਪਣੀਆਂ ਫ਼ੌਜਾਂ ਲੈ ਕੇ ਮੈਦਾਨ ਵਿਚ, ਇਕ ਦੂਜੇ ਨਾਲ ਲੜਨ ਲਈ ਨਿਤਰ ਆਏ। ਕਈ ਦਿਨ ਲੜਾਈ ਹੁੰਦੀ ਰਹੀ, ਅਨੇਕਾਂ ਸਿਪਾਹੀ ਸ਼ਹੀਦ ਹੋਏ। ਅਖ਼ੀਰ ਇਨ੍ਹਾਂ ਦੋਹਾਂ ਭਰਾਵਾਂ ਦੇ ਇਕ ਸਬੰਧੀ ਨੇ ਵਿਚ ਪੈ ਕੇ ਦੁਹਾਂ ਵਿਚ ਸੁਲਹ ਕਰਵਾਈ ਤੇ ਦਸਿਆ ਕਿ ਦੁਸ਼ਟਾਂ ਦੂਤੀਆਂ ਨੇ ਤੁਹਾਨੂੰ ਕਮਜ਼ੋਰ ਕਰਨ ਲਈ ਆਪੋ ਵਿਚ ਲੜਾਇਆ ਹੈ। ਦੋਹਾਂ ਭਰਾਵਾਂ ਨੇ ਇਕ ਦੂਜੇ ਤੋਂ ਮਾਫ਼ੀ ਮੰਗ ਕੇ ਅਗੇ ਤੋਂ ਪਹਿਲਾਂ ਵਾਂਗ ਮਿਲ ਜੁਲ ਕੇ ਰਹਿਣ ਦਾ ਫ਼ੈਸਲਾ ਕੀਤਾ।

ਢਾਡੀਆਂ ਨੇ ਇਨ੍ਹਾਂ ਦੁਹਾਂ ਸੂਰਮਿਆਂ ਦੀ ਉਸਤਤ ਵਿਚ ਵਾਰ ਰਚੀ ਜਿਸ ਦੀ ਇਕ ਪਉੜੀ ਇਉਂ ਹੈ :

ਧਰਤ ਘੋੜਾ ਪਰਬਤ ਪਲਾਣ ਸਿਰ ਟੱਟਰ ਅੰਬਰ
ਨੌ ਸੈ ਨਦੀ ਨੜਿਨਵੇ ਰਾਣਾ ਜਲ ਕੰਬਰ
ਢੁਕਾ ਰਾਇ ਅੰਮੀਰ ਦੇਵ ਕਰ ਮੇਘ ਅਡੰਬਰ
ਆਣਤ ਖੰਡਾ ਰਾਣਿਆ ਕੈਲਾਸ਼ੈ ਅੰਦਰ
ਬਿਜੁਲ ਜਿਉ ਚਮਕਾਨੀਆਂ ਤੇਗਾਂ ਵਿਚ ਅੰਬਰ
ਮਾਲ ਦੇਵ ਕੈਲਾਸ ਨੂੰ ਬਧਾ ਕਰ ਸੰਬਰ
ਫਿਰ ਅੱਧਾ ਸਨਮਾਨ ਦੇ ਛਡਿਆ ਗੜ੍ਹ ਅੰਦਰ
ਮਾਲ ਦੇਉ ਜਸ ਖਟਿਆ ਵਾਂਙ ਸ਼ਾਹ ਸਕੰਦਰ।

ਵਾਰ ਮਲਾਰ ਕੀ ਮਹਲਾ ੧ ਉਤੇ ਇਸ ਵਾਰ ਦੀ ਧੁਨੀ ਚਾੜ੍ਹੀ ਗਈ ਹੈ। ਇਹ ਵਾਰ ਮੁਕੰਮਲ ਨਹੀਂ ਮਿਲਦੀ।

(ਰ-54) **ਰਾਣੀ ਚੰਦ ਕਿਰਨ ਤੇ ਰਾਜਾ ਚਤਰ ਮੁਕਟ :**

ਇਹ ਦੰਦ-ਕਥਾ ਵਿਕਰਮਾਦਿਤਯ ਕਥਾ-ਚੱਕਰ ਨਾਲ ਸਬੰਧ ਰਖਦੀ ਹੈ। ਰਾਜਾ ਚਤਰ ਮੁਕਟ ਉਜੈਨ ਦਾ ਰਾਜਾ ਸੀ ਤੇ ਵਿਕਰਮਾਦਿਤਯ ਦਾ ਦੁਹਤਰਾ ਤੇ ਚਤੁਰੰਗ ਦਈ ਦਾ ਪੁੱਤਰ ਸੀ। ਰਾਣੀ ਚੰਦ ਰਾਜਾ ਚੰਦਰਭਾਨ ਦੀ ਲੜਕੀ ਸੀ, ਜਿਹੜਾ ਕਿ ਰਾਜਾ ਗੋਪੀ ਚੰਦ ਦਾ ਭਤੀਜਾ ਹੈ। ਇਹ ਕਥਾ ਸੂਰਜੀ ਮਿਥਕ ਕਥਾਵਾਂ ਨਾਲ ਸਬੰਧਿਤ ਹੈ।

ਇਹ ਕਥਾ ਕਈ ਰੂਪਾਂ ਵਿਚ, ਪੰਜਾਬ ਵਿਚ ਪ੍ਰਚਲਤ ਹੈ। ਇਸ ਦਾ ਇਕ ਕਾਵਿ-ਕਥਾ ਰੂਪ, ਸਰ ਰਿਚਰਡ ਟੈਂਪਲ ਨੇ ਲੀਜੰਡ ਆਫ਼ ਦੀ ਪੰਜਾਬ (ਸਫ਼ਾ 77-( 8) ਵਿਚ ਦਿਤਾ ਹੈ। ਇਸ ਨਾਲ ਮਿਲਦੀ ਜੁਲਦੀ ਇਕ ਕਥਾ ਪੰਜਾਬ ਦੀਆਂ ਲੋਕ ਕਹਾਣੀਆਂ (ਵਣਜਾਰਾ ਬੇਦੀ) ਵਿਚ ਮਿਲਦੀ ਹੈ।

ਰਾਣੀ ਚੰਦ ਕਿਰਨ ਜਦੋਂ ਮੁਟਿਆਰ ਹੋ ਗਈ ਤਾਂ ਬ੍ਰਾਹਮਣ ਪੰਜ ਮੋਹਰਾਂ ਤੇ ਨਾਰੀਅਲ ਦਾ ਗੋਲਾ ਲੈ ਕੇ, ਉਸ ਲਈ ਚਾਰੇ ਕੂੰਟ ਵਰ ਢੂੰਡਣ ਗਏ, ਪਰ ਕੋਈ ਮਤਲਬ ਦਾ ਵਰ ਨਾ ਮਿਲਿਆ। ਰਾਜੇ ਚੰਦਰਭਾਨ ਨੇ ਮੁਟਿਆਰ ਚੰਦ ਕਿਰਨ ਲਈ ਇਕ ਵੱਖਰਾ ਧੌਲਰ ਕਿਸੇ ਟਾਪੂ ਵਿਚ ਬਣਵਾ ਲਿਆ। ਧੌਲਰ ਵਿਚ ਸੁਖ ਦੇ ਸਾਰੇ ਸਮਾਨ ਰਖ ਦਿਤੇ। ਇਕ ਹੰਸ ਨੂੰ ਪਿਆਸ ਲੱਗੀ ਤੇ ਉਸ ਰਾਣੀ ਦੇ ਧੌਲਰ ਵਿਚ ਆ ਕੇ ਰਾਣੀ ਤੋਂ ਪਾਣੀ ਮੰਗਿਆ। ਹੰਸ ਰਾਣੀ ਦੀ ਸੁੰਦਰਤਾ ਦੀ ਝਾਲ ਨਾ ਝਲ ਸਕਿਆ ਤੇ ਮੂਧਾ ਜ਼ਿਮੀਂ ਤੇ ਜਾ ਡਿੱਗਾ। ਰਾਣੀ ਨੇ ਉਸ ਨੂੰ ਪਿਆਰ ਕੀਤਾ ਤੇ ਚੁਗਣ ਲਈ ਹੀਰੇ ਮੋਤੀ ਦਿਤੇ। ਹੰਸ ਨੇ ਰਾਣੀ ਦੀ ਵੇਦਨਾ ਪੁਛੀ ਤੇ ਬਚਨ ਦਿਤਾ ਕਿ ਉਹ ਉਸ ਲਈ ਕ੍ਰਿਸ਼ਨ ਵਰਗਾ ਸੁੰਦਰ ਵਰ ਢੂੰਡ ਕੇ ਲਿਆਵੇਗਾ।

ਕੁਝ ਦਿਨ ਪਿਛੋਂ, ਹੰਸ ਕਿਸੇ ਨਗਰੀ ਪਹੁੰਚਿਆ। ਕਿਸੇ ਸ਼ਿਕਾਰੀ ਨੇ ਧੋਖੇ ਨਾਲ ਉਸ ਨੂੰ ਜਾਲ ਵਿਚ ਫਾਹ ਲਿਆ। ਹੰਸ ਨੇ ਬਚਾਉ ਲਈ ਦਾਦ ਫ਼ਰਿਆਦ ਕੀਤੀ। ਇਕ ਮਾਲਣ ਨੇ, ਹੰਸ ਦੀ ਪੁਕਾਰ ਸੁਣ ਕੇ, ਉਜੈਨ ਨਗਰੀ ਦੇ ਰਾਜੇ ਅਗੇ ਜਾ ਫ਼ਰਿਆਦ ਕੀਤੀ। ਰਾਜੇ ਨੇ ਸ਼ਿਕਾਰੀ ਨੂੰ ਲ਼ਖ ਮੁਹਰਾਂ ਦੇ ਕੇ, ਹੰਸ ਨੂੰ ਛੁਡਵਾਣਾ ਚਾਹਿਆ। ਪਰ

ਫਿਰ ਵੀ ਜਦੋਂ ਸ਼ਿਕਾਰੀ ਨਾ ਮੰਨਿਆ ਤਾਂ ਰਾਜੇ ਨੇ ਸ਼ਿਕਾਰੀ ਦੇ ਹੱਥ ਕਟਵਾ ਦਿਤੇ ਅਤੇ ਹੰਸ ਨੂੰ ਮੁਕਤ ਕਰ ਦਿਤਾ ।

ਰਾਜਾ ਚਤਰ ਮੁਕਟ ਦੀਆਂ 1600 ਰਾਣੀਆਂ ਸਨ । ਹੰਸ ਨੇ ਰਾਜੇ ਅਗੇ ਰਾਣੀ ਚੰਦ ਕਿਰਨ ਦੀ ਬੜੀ ਪ੍ਰਸੰਸਾ ਕੀਤੀ ਤੇ ਉਸ'ਦਾ ਮਨ ਅਜਿਹਾ ਮੋਹਿਆ ਕਿ ਉਹ ਰਾਣੀ ਚੰਦ ਕਿਰਨ ਲਈ ਤੜਪਣ ਲਗਾ । ਹੰਸ ਰਾਜੇ ਨੂੰ ਆਪਣੇ ਖੰਭਾਂ ਉਤੇ ਬੈਠਾ ਕੇ ਕਈ ਸਮੁੰਦਰ ਤੇ ਧਰਤੀਆਂ ਉਤੋਂ ਲੰਘਦਾ ਰਾਣੀ ਦੇ ਦੇਸ ਜਾ ਪਹੁੰਚਿਆ ਤੇ ਰਾਤ ਨੂੰ ਸ਼ਹਿਜ਼ਾਦੀ ਦੇ ਸੌਣ ਕਮਰੇ ਵਿਚ ਰਾਜੇ ਨੂੰ ਪਹੁੰਚਾ ਦਿਤਾ । ਸ਼ਹਿਜ਼ਾਦੀ ਸੁੱਤੀ ਪਈ ਸੀ । ਹੰਸ ਨੇ ਰਾਜੇ ਤੇ ਸ਼ਹਿਜ਼ਾਦੀ ਦੀਆਂ ਮੁੰਦਰਾਂ ਬਦਲਾ ਦਿਤੀਆਂ ਤੇ ਉਥੋਂ ਰਾਜੇ ਨੂੰ ਲੈ ਕੇ ਉਡ ਗਿਆ । ਸਵੇਰੇ ਸ਼ਹਿਜ਼ਾਦੀ ਨੇ ਉਂਗਲੀ ਵਿਚ ਪਰਾਏ ਮਰਦ ਦੀ ਮੁੰਦਰੀ ਵੇਖੀ ਤੇ ਬੜੀ ਹੈਰਾਨ ਹੋਈ । ਅਗਲੇ ਦਿਨ ਹੰਸ ਵੀ ਮੁੜ ਆਇਆ ਤੇ ਰਾਣੀ ਨੇ ਰਾਜੇ ਨੂੰ ਮਿਲਣ ਦੀ ਇਛਾ ਪ੍ਰਗਟ ਕੀਤੀ । ਹੰਸ ਰਾਜੇ ਨੂੰ ਖੰਭਾਂ ਉਤੇ ਬਿਠਾ ਕੇ ਉਸ ਕੋਲ ਲੈ ਆਇਆ । ਸ਼ਹਿਜ਼ਾਦੀ ਰਾਜੇ ਨੂੰ ਮਿਲ ਕੇ ਬੜੀ ਖ਼ੁਸ਼ ਹੋਈ ।

ਸਵੇਰੇ ਜਦੋਂ ਮਾਲੀ ਸ਼ਹਿਜ਼ਾਦੀ ਨੂੰ ਤੋਲਣ ਲੱਗਾ ਤਾਂ ਸ਼ਹਿਜ਼ਾਦੀ ਜਿਸ ਦਾ ਭਾਰ ਅਗੇ ਰੋਜ਼ ਪੰਜ ਫੁੱਲਾਂ ਨਾਲੋਂ ਘਟ ਹੁੰਦਾ ਸੀ, ਹੁਣ ਜ਼ਿਆਦਾ ਹੋ ਗਿਆ । ਮਾਲੀ ਨੇ ਰਾਜਾ ਚੰਦਰਭਾਨ ਨੂੰ ਦਸਿਆ ਕਿ ਸ਼ਹਿਜ਼ਾਦੀ ਦਾ ਜੋਬਨ ਲੁਟਿਆ ਗਿਆ ਹੈ । ਰਾਜੇ ਨੇ ਚੋਰ ਨੂੰ ਪਕੜਨ ਲਈ ਜਾਲ ਵਿਛਾਇਆ ਤੇ ਰਾਤ ਵੇਲੇ ਰਾਜੇ ਦੇ ਕਪੜਿਆਂ ਉਤੇ ਰੰਗ ਸੁਟਵਾ ਦਿਤਾ ਤੇ ਅਗਲੇ ਦਿਨ ਕਪੜਿਆਂ ਉਤੇ ਪਏ ਰੰਗ ਕਾਰਨ ਰਾਜਾ ਪਕੜਿਆ ਗਿਆ । ਰਾਜੇ ਚੰਦਰਭਾਨ ਨੇ ਰਾਜੇ ਚਤਰ ਮੁਕਟ ਨੂੰ ਫਾਂਸੀ ਚਾੜ੍ਹਨ ਦਾ ਹੁਕਮ ਦਿਤਾ । ਪਰ ਐਨ ਮੌਕੇ 'ਤੇ ਸ਼ਹਿਜ਼ਾਦੀ ਨੂੰ ਪਤਾ ਲਗ ਗਿਆ ਤੇ ਉਸਨੇ ਰਾਜੇ ਚਤਰ ਮੁਕਟ ਨੂੰ ਬਚਾ ਲਿਆ । ਜਦੋਂ ਰਾਜੇ ਚੰਦਰਭਾਨ ਨੂੰ ਪਤਾ ਲੱਗਾ ਕਿ ਚੋਰ ਚਤਰ ਮੁਕਟ, ਉਜੈਨ ਦਾ ਰਾਜਾ ਹੈ, ਤਾਂ ਉਸ ਨੇ ਉਸੇ ਵੇਲੇ ਆਪਣੀ ਲੜਕੀ ਦੀ ਸ਼ਾਦੀ ਰਾਜੇ ਨਾਲ ਕਰ ਦਿਤੀ । ਫਿਰ ਹੰਸ ਤੇ ਰਾਜਾ ਰਾਣੀ ਉਜੈਨ ਨਗਰੀ ਵਲ ਚਲੇ ਗਏ ।

**(ਰ-55) ਰਾਣੀ ਚੰਬਿਆਲੀ :**

ਰਾਣੀ ਚੰਬਿਆਲੀ ਦਾ ਅਸਲੀ ਨਾਂ ਕਿਸੇ ਨੂੰ ਪਤਾ ਨਹੀਂ । ਚੰਬੇ ਨੂੰ ਜ਼ਿੰਦਗੀ, ਰਾਣੀ ਚੰਬਿਆਲੀ ਨੇ ਹੀ ਦਿਤੀ ਮੰਨੀ ਜਾਂਦੀ ਹੈ । ਇਸ ਸਬੰਧ ਵਿਚ ਇਕ ਲੋਕ-ਗਾਥਾ ਪ੍ਰਚਲਤ ਹੈ । ਪ੍ਰਾਚੀਨ ਕਾਲ ਵਿਚ ਚੰਬੇ ਵਿਚ ਸਦਾ ਸੋਕਾ ਪਿਆ ਰਹਿੰਦਾ ਸੀ ਤੇ ਲੋਕ ਇਕ ਇਕ ਬੂੰਦ ਪਾਣੀ ਲਈ ਤਰਸਦੇ ਸਨ । ਇਕ ਵਾਰ ਬੜਾ ਭਾਰੀ ਸੋਕਾ ਪਿਆ, ਜਿਸ ਕਰ ਕੇ ਸਭ ਪਾਸੇ ਕੁਰਲਾਹਟ ਮੱਚ ਗਈ । ਚੰਬੇ ਦੀ ਰਾਣੀ ਬੜੀ ਚਿੰਤਾਤੁਰ ਹੋਈ । ਉਸ ਨੂੰ ਸੁਪਨੇ ਵਿਚ ਜਲ ਦੇਵੀ ਕੂਲਹ ਦੇ ਦਰਸ਼ਨ ਹੋਏ, ਜਿਸ ਨੇ ਉਸ ਤੋਂ ਪਰਿਵਾਰ ਦੇ ਕਿਸੇ ਜੀਵ ਦੀ ਬਲੀ ਮੰਗੀ ।

ਰਾਣੀ ਦਾ ਇਕੋ ਇਕ ਲੜਕਾ ਸੀ । ਰਾਣੀ ਉਸ ਦੀ ਬਲੀ ਕਿਵੇਂ ਦੇਂਦੀ । ਆਪਣੇ ਪਤੀ ਦੀ ਬਲੀ ਦੇਣ ਲਈ ਵੀ ਉਹ ਤਿਆਰ ਨਹੀਂ ਸੀ । ਸੋ, ਉਸ ਨੇ ਆਪਣੀ ਬਲੀ ਦੇਣ ਦਾ ਦ੍ਰਿੜ ਨਿਸਚਾ ਕੀਤਾ ।

ਜਦੋਂ ਉਹ ਸਮਾਧੀ ਵਿਚ ਬੈਠ ਗਈ, ਤਾਂ ਰਾਣੀ ਨੂੰ ਮਿੱਟੀ ਨਾਲ ਦਬਾ ਕੇ, ਉਸ ਦੇ ਸਿਰ ਉਤੇ ਪੱਥਰ ਦਾ ਵੱਡਾ ਸਾਰਾ ਚਕਲਾ ਰਖਿਆ ਗਿਆ । ਰਾਣੀ ਲੋਕਾਂ ਨੂੰ ਅਸ਼ੀਰਵਾਦ ਦੇਂਦੀ ਹੋਈ ਆਪਣੀ ਬਲੀ ਦੇ ਗਈ ।

ਝਟ ਕੁ ਪਿਛੋਂ ਉਸ ਬਲੀ ਵਾਲੀ ਥਾਂ ਤੋਂ ਪਾਣੀ ਫੁਟ ਨਿਕਲਿਆ ਤੇ ਸੁੱਕਾ ਸੜਿਆ ਚੰਬਾ ਹਰਾ ਭਰਾ ਹੋ ਗਿਆ । ਰਾਣੀ ਨੂੰ ਲੋਕੀਂ ਦੇਵੀ ਵਾਂਗ ਪੂਜਦੇ ਹਨ ਤੇ ਉਸ ਦੀ ਯਾਦ ਵਿਚ ਮੰਦਰ ਬਣਿਆ ਹੋਇਆ ਹੈ ।

ਇਸ ਲੋਕ ਗਾਥਾ ਸਬੰਧੀ ਕਈ ਲੋਕ ਗੀਤ ਪ੍ਰਚਲਤ ਹਨ :

ਸੁਤਿਆਂ ਸੇਜਾਂ ਜੋ ਰਾਣੀਆਂ, ਜੋ ਸੁਪਨਾਂ ਕੋ ਹੋਯਾ ਨਾ
ਕੂਲਹ ਸੁਪਨੇ ਆਈ,
ਜੇ ਭਾਈਓ ਕੂਲਹ ਸੁਪਨੇ ਆਈ ਨਾ
ਬੜੀਆਂ ਬਲੀਆਂ ਮੰਗਦੀ,
ਭਾਈਓ ਬੜੀਆਂ ਮੰਗਦੀ ਨਾ ।
ਮੈਂ ਹੀ ਮਰਨਾ ਆਇਆ ਬੋ ਭਾਈਓ
ਮੈਂ ਹੀ ਮਰਨਾ ਆਇਆ ਨਾ
ਚੇਤ ਮਹੀਨੇ ਬੋ ਭਾਈਓ, ਕਰਯੋ ਮੇਰਾ ਮੇਲਾ ਨਾ ।
ਧੋਰਿਆ ਚੱਕਾ ਬੋ ਰਾਣੀਆ ਦੇ ਸਿਰ ਪਰ ਧੋਰਿਆ ਨਾ ।
ਤੁਸੀਂ ਤਾਂ ਜੀਓ ਮੇਰੇ ਚੰਬੇ ਦੇ ਲੋਕੋ,
ਰਾਜੀ ਰਹਿਉ ਮੇਰੇ ਲੋਕੋ ਨਾ ।

ਚੰਬੇ ਵਿਚ ਰਾਣੀ ਚੰਬਿਆਲੀ ਦੀ ਯਾਦ ਵਿਚ, ਹਰ ਸਾਲ ਚੇਤਰ ਦੇ ਮਹੀਨੇ ਮੇਲਾ ਲਗਦਾ ਹੈ ।

**(ਰ-56) ਰਾਣੀ ਦਾ ਤਲਾਅ :**

ਕੰਢੀ ਦੇ ਇਲਾਕੇ ਵਿਚ, ਇਕ ਤਲਾਅ ਹੈ । ਜਿਸ ਬਾਰੇ ਲੋਕਾਂ ਦਾ ਨਿਸਚਾ ਹੈ ਕਿ ਪੁੰਨਿਆਂ ਤੇ ਮਸਿਆ ਦੀ ਰਾਤ ਨੂੰ, ਇਸ ਤਲਾਅ ਵਿਚ ਨੁਹਾਉਣ ਨਾਲ ਮਨ ਦੀਆਂ ਮੁਰਾਦਾਂ ਪੂਰੀਆਂ ਹੋ ਜਾਂਦੀਆਂ ਹਨ । ਇਸ ਤਲਾਅ ਉਤੇ ਕੋਈ ਕਪੜੇ ਨਹੀਂ ਧੋਂਦਾ । ਜੇ ਕੋਈ ਕਪੜੇ ਧੋਵੇ ਤਾਂ ਉਹ ਹਮੇਸ਼ਾਂ ਲਈ ਰੋਗੀ ਹੋ ਜਾਂਦਾ ਹੈ । ਕਿਹਾ ਜਾਂਦਾ ਹੈ ਕਿ ਇਸ ਤਲਾਅ ਦੇ ਕੰਢੇ ਜਿਹੜੀ ਕ਼ਸਮ ਖਾਧੀ ਜਾਏ; ਜੋ ਪ੍ਰਾਣੀ

ਉਸ ਨੂੰ ਪੂਰਾ ਨਾ ਕਰੇ ਉਹ ਪੱਥਰ ਹੋ ਜਾਂਦਾ ਹੈ।

ਇਸ ਤਲਾਅ ਬਾਰੇ ਇਕ ਦੰਦ-ਕਥਾ ਪ੍ਰਚਲਤ ਹੈ: ਪੁਰਾਣੇ ਜ਼ਮਾਨੇ ਵਿਚ ਇਕ ਰਾਜਕੁਮਾਰ, ਕੋਹ ਕਾਫ ਦੀ ਇਕ ਪਰੀ ਫੜ ਕੇ ਇਥੇ ਲੈ ਆਇਆ, ਪਰ ਉਸ ਪਰੀ ਦਾ ਇਥੇ ਧਰਤੀ ਤੇ ਜੀਅ ਨਾ ਲਗਾ। ਰਾਜਾ ਉਸ ਨੂੰ ਪਹਾੜਾਂ ਵਿਚ ਲੈ ਗਿਆ। ਉਥੇ ਉਸ ਦਾ ਦਿਲ ਕੁਝ ਭੁਲ ਗਿਆ। ਮਗਰੋਂ ਜਦੋਂ ਉਸ ਪਰੀ ਦਾ ਦਿਲ ਕਾਹਲਾ ਪੈਂਦਾ, ਉਹ ਪਹਾੜ ਵਿਚ ਜਾ ਕੇ ਉਦਰੇਵਾਂ ਉਤਾਰ ਆਉਂਦੀ। ਕੰਢੀ ਦੇ ਇਲਾਕੇ ਵਿਚ, ਪਾਣੀ ਪੀਣ ਲਈ ਨਹੀਂ ਸੀ ਮਿਲਦਾ। ਰਾਜਕੁਮਾਰ ਨੇ ਉਸ ਪਰੀ ਲਈ ਤਿੰਨਾਂ ਤਿੰਨਾਂ ਕੋਹਾਂ ਉਤੇ ਖੂਹ ਲੁਆ ਦਿਤੇ ਅਤੇ ਇਕ ਤਲਾਅ ਬਣਵਾ ਦਿਤਾ। ਇਹ ਤਲਾਅ ਰਾਣੀ ਦਾ ਤਲਾਅ ਦੇ ਨਾਂ ਨਾਲ ਪ੍ਰਸਿਧ ਹੋਇਆ।

(ਰ-57) **ਰਾਤ :**

ਪਹਿਲਾਂ ਰਾਤ ਨਹੀਂ ਸੀ ਪੈਂਦੀ। ਬ੍ਰਹਮਾ ਨੇ ਇਕ ਪੰਛੀ ਦੇ ਕਾਲੇ ਖੰਭ ਤੋੜ ਕੇ ਵਾਯੂਮੰਡਲ ਵਿਚ ਸੁਟੇ ਜੋ ਰਾਤ ਬਣ ਕੇ ਚਹੁੰ-ਕੂੰਟਾਂ ਵਿਚ ਫੈਲ ਗਈ। ਦਿਨ ਦੇਵਤਿਆਂ ਲਈ ਬਣਿਆ ਤੇ ਰਾਤ ਰਾਖਸ਼ਾਂ ਤੇ ਦੈਂਤਾਂ ਲਈ, ਇਸੇ ਲਈ ਦੈਂਤਾਂ ਤੇ ਰਾਖਸ਼ਾਂ ਦੀ ਸ਼ਕਤੀ ਦਿਨ ਵੇਲੇ ਮੰਦੀ ਪੈ ਜਾਂਦੀ ਹੈ। ਭੂਤ ਪ੍ਰੇਤ ਤੇ ਦੁਰਾਤਮਾ ਰਾਤ ਦੇ ਹਨੇਰੇ ਵਿਚ ਵਿਚਰਦੀਆਂ ਹਨ।

ਨਵੇਂ ਜੰਮੇ ਬਾਲ ਦੇ ਕਮਰੇ ਵਿਚ, 13 ਦਿਨਾਂ ਤਕ, ਰਾਤ ਵੇਲੇ ਹਨੇਰਾ ਨਹੀਂ ਹੋਣ ਦਿਤਾ ਜਾਂਦਾ ਅਤੇ ਕੋਠੇ ਵਿਚ ਦੀਵਾ ਬਾਲ ਕੇ ਰਖਿਆ ਜਾਂਦਾ ਹੈ। ਜੇ ਰਾਤ ਨੂੰ ਅਚਾਨਕ ਦੀਵਾ ਬੁਝ ਜਾਵੇ ਤਾਂ ਇਹ ਕਰੂਰ ਸ਼ਕਤੀਆਂ ਤੇ ਭੂਤ-ਪ੍ਰੇਤ ਆਦਿ ਦਾ ਕੰਮ ਸਮਝਿਆ ਜਾਂਦਾ ਹੈ। ਰਾਤ ਨੂੰ ਸਿਧੇ-ਪੁਠੇ ਹੱਥ ਮਾਰਨੇ ਅਸ਼ੁਭ ਹਨ, ਜਿਵੇਂ ਤਾਸ਼ ਖੇਡਣਾ।

ਟੂਣੇ-ਟੱਪੇ ਰਾਤ ਦੇ ਹਨੇਰੇ ਵਿਚ ਕੀਤੇ ਜਾਂਦੇ ਹਨ। ਹਨੇਰੇ ਵੇਲੇ ਭੂਤਾਂ ਪ੍ਰੇਤਾਂ ਦੀ ਸ਼ਕਤੀ ਇਨ੍ਹਾਂ ਦੀ ਸਫ਼ਲਤਾ ਵਿਚ ਸਹਾਇਕ ਹੁੰਦੀ ਹੈ।

(ਰ-58) **ਰਾਤ ਕੱਤਣੀ :**

ਤ੍ਰਿੰਞਣ ਦਾ ਇਕ ਇਕੱਠ, ਜੋ ਰਾਤ ਵੇਲੇ ਚਰਖਾ ਕੱਤਣ ਲਈ ਜੁੜਦਾ ਹੈ। ਪਹਿਲਿਆਂ ਵਿਚ ਸਰਦੀਆਂ ਦੇ ਦਿਨੀਂ, ਮਹੱਲੇ ਦੀਆਂ ਤੀਵੀਆਂ ਕਿਸੇ ਇਕ ਦੇ ਘਰ ਇਕੱਠੀਆਂ ਹੋ ਕੇ ਸਾਰੀ ਰਾਤ ਚਰਖਾ ਕਤਦੀਆਂ ਰਹਿੰਦੀਆਂ ਸਨ। ਕਮਰੇ ਨੂੰ ਨਿੱਘਾ ਰਖਣ ਲਈ, ਕਿਸੇ ਭਾਂਡੇ ਵਿਚ ਅੱਗ ਭਖਾ ਲਈ ਜਾਂਦੀ ਸੀ। ਖਾਣ ਲਈ ਮਕਈ ਜਾਂ ਛੋਲਿਆਂ ਦੇ ਦਾਣੇ ਪੱਛੀਆਂ ਵਿਚ ਭਰੇ ਹੁੰਦੇ ਸਨ। ਅਮੀਰ ਕੁੜੀਆਂ ਪਿੰਨੀਆਂ ਜਾਂ ਮਠਿਆਈ ਨਾਲ ਲੈ ਆਉਂਦੀਆਂ ਸਨ। ਸਾਰੀ ਰਾਤ ਗੀਤਾਂ ਦੀ ਮਧੁਰ ਲੈਅ ਵਿਚ, ਚਰਖੇ ਦੀ ਘੂਕਰ ਜਾਰੀ ਰਹਿੰਦੀ। ਵਿਚ ਵਿਚ ਨੀਂਦ ਦੀ ਖੁਮਾਰੀ ਉਤਾਰਨ ਲਈ ਗਿੱਧਾ ਵੀ ਪਾ ਲਿਆ ਜਾਂਦਾ। ਇਸ ਗਿੱਧੇ ਨੂੰ 'ਤ੍ਰਿੰਞਣੀ ਗਿੱਧਾ' ਵੀ ਕਹਿੰਦੇ ਸਨ।

ਸਰਦੀਆਂ ਦੇ ਅਜਿਹੇ ਤ੍ਰਿੰਞਣ ਬਾਰੇ ਵੀ ਇਕ ਅਖਾਣ ਹੈ:

ਤ੍ਰਿੰਞਣ ਨੂੰ ਕੀ ਡਰ ਪਾਲ਼ ਦਾ

ਜੇ ਰਾਤ ਕੱਤਣੀ ਸਮੇਂ ਕੋਈ ਕੁੜੀ ਊਂਘੇ ਤਾਂ ਉਸ ਉਤੇ ਇਉਂ ਲਾਹਨਤ ਪਾਈ ਜਾਂਦੀ।

ਚਰਖਾ ਵੀ ਹੱਸੇ ਉਸ 'ਤੇ,<br>
ਜੋ ਤ੍ਰਿੰਞਣ ਵਿਚ ਊਂਘੇ।

ਰਾਤ ਕੱਤਣੀ ਨੂੰ 'ਜਗਰਾਤਾ' ਵੀ ਕਿਹਾ ਜਾਂਦਾ ਹੈ। ਗਰਮੀਆਂ ਵਿਚ ਚਾਨਣੀਆਂ ਰਾਤਾਂ ਵਿਚ ਵੀ ਰਾਤ-ਕੱਤਣੀ ਜੁੜਦੀ ਹੈ।

(ਰ-59) **ਰਾਤ ਜਗਾਉਣਾ :**

ਰਾਤ ਵੇਲੇ ਮਸਾਣਾਂ ਵਿਚ ਜਾ ਕੇ ਭੂਤ ਪ੍ਰੇਤਾਂ ਨੂੰ ਮੰਤ੍ਰ ਟੂਣੇ ਨਾਲ, ਕਾਬੂ ਕਰਨਾ ਅਥਵਾ ਕਿਸੇ ਮਸਾਣ ਦੀ ਆਤਮਾ ਨੂੰ ਵਸ ਵਿਚ ਕਰਨ ਦੀ ਕਿਰਿਆ (ਵੇਖੋ: ਮਸਾਣ ਜਗਾਉਣਾ)।

(ਰ-60) **ਰਾਧਾ :**

ਕ੍ਰਿਸ਼ਨ ਦੀ ਇਕ ਪ੍ਰਸਿਧ ਗੋਪੀ, ਜੋ ਅਯਨ ਘੋਸ਼ ਨਾਂ ਦੇ ਗਵਾਲੇ ਦੀ ਪਤਨੀ ਸੀ। ਇਸ ਦਾ ਕ੍ਰਿਸ਼ਨ ਨਾਲ ਬਹੁਤ ਜ਼ਿਆਦਾ ਪ੍ਰੇਮ ਸੀ। ਕਈ ਕ੍ਰਿਸ਼ਨ ਭਗਤ ਰਾਧਾ ਨੂੰ ਲਖਸ਼ਮੀ ਦਾ ਅਵਤਾਰ ਮੰਨਦੇ ਹੋਏ ਇਸ ਨੂੰ ਪੂਜਦੇ ਹਨ।

ਭਗਤੀ ਲਹਿਰ ਸਮੇਂ ਕ੍ਰਿਸ਼ਨ ਭਗਤਾਂ ਨੇ ਰਾਧਾ ਨਾਲ ਰਹੱਸਵਾਦੀ ਭਾਵਨਾਵਾਂ ਜੋੜ ਦਿਤੀਆਂ। ਰਾਧਾ ਉਸ ਜਗਿਆਸੂ ਆਤਮਾ ਦਾ ਪ੍ਰਤੀਕ ਬਣ ਗਈ, ਜੋ ਪ੍ਰਭੂ ਰੂਪੀ ਕ੍ਰਿਸ਼ਨ ਲਈ ਤਾਂਘਦੀ ਤੇ ਇਕ ਜੋਤ ਹੋਣ ਲਈ ਵਿਆਕੁਲ ਹੁੰਦੀ ਹੈ ਅਤੇ ਰਾਧਾ ਕ੍ਰਿਸ਼ਨ ਪ੍ਰੇਮ ਨੂੰ ਦੈਵੀ ਪ੍ਰੇਮ ਦੇ ਰੂਪ ਵਿਚ ਪੇਸ਼ ਕੀਤਾ ਜਾਣ ਲਗਾ। ਜੈਦੇਵ ਨੇ 'ਗੀਤ ਗੋਵਿੰਦ' ਵਿਚ ਕ੍ਰਿਸ਼ਨ ਤੇ ਗੋਪੀਆਂ ਦੇ ਪ੍ਰੇਮ ਨੂੰ ਨਵੇਂ ਕਾਵਿਕ ਤੇ ਰਹੱਸਮਈ ਅਰਥ ਦਿਤੇ।

(ਰ-61) **ਰਾਧਾ ਅਸ਼ਟਮੀ :**

ਭਾਦਰੋਂ ਦੇ ਚਾਨਣ ਪੱਖ ਦੀ ਅਸ਼ਟਮੀ, ਜਦੋਂ ਰਾਧਾ ਦਾ ਜਨਮ ਹੋਇਆ। ਇਸ ਤਿੱਥ ਨੂੰ ਵੈਸ਼ਨੋ ਮਤ ਵਾਲੇ ਕ੍ਰਿਸ਼ਨ ਤੇ ਰਾਧਾ ਦੀ ਸਾਂਝੀ ਮੂਰਤੀ ਦੀ ਪੂਜਾ ਕਰਦੇ ਹਨ। ਕਈ ਤੀਵੀਆਂ ਇਸ ਦਿਨ ਵਰਤ ਰਖਦੀਆਂ ਹਨ।

(ਰ-62) **ਰਾਫਜ਼ੀ :**

ਸ਼ੀਆ ਮੁਸਲਮਾਨਾਂ ਦਾ ਇਕ ਫ਼ਿਰਕਾ, ਜਿਨ੍ਹਾਂ ਨੇ ਅਲੀ ਦੇ ਪੋਤਰੇ ਤੇ ਹੁਸੈਨ ਦੇ ਪੁੱਤਰ ਜ਼ੈਦ ਤੋਂ ਦੀਖਿਆ ਲਈ। ਇਹ ਤਿੰਨਾਂ ਖ਼ਲੀਫ਼ਿਆਂ—ਅਬੂ ਬਕਰ, ਉਮਰ ਤੇ ਉਸਮਾਨ ਵਿਚ ਵਿਸ਼ਵਾਸ ਨਹੀਂ ਰਖਦੇ। ਸੁੰਨੀ ਲੋਕ ਜੋ ਚੌਹਾਂ ਖ਼ਲੀਫ਼ਿਆਂ ਨੂੰ ਇਕ ਸਮਾਨ ਮੰਨਦੇ ਹਨ, ਰਾਫਜ਼ੀ ਮੁਸਲਮਾਨਾਂ ਨੂੰ ਕਾਫ਼ਰ ਕਹਿੰਦੇ ਹਨ।

(ਰ-63) **ਰਾਮਸੇਤੂ :**

ਰਾਮ ਚੰਦਰ ਦਾ ਸਮੁੰਦਰ ਤੇ ਨਿਕੇ ਵਡੇ ਪੱਥਰਾਂ ਨਾਲ ਬਣਾਇਆ ਪੁਲ। ਧਾਰਨਾ ਹੈ ਕਿ ਇਹ ਸਤਾਰਾਂ ਮੀਲ ਲੰਮੀ ਪਹਾੜੀ ਦੀ ਇਕ ਧਾਰਾ ਜਿਹੀ ਹੈ। ਰਾਮਾਇਣ ਅਨੁਸਾਰ ਰਾਮ ਦੇ ਲੰਕਾ ਉਤੇ ਧਾਵਾ ਬੋਲਣ ਸਮੇਂ, ਉਨ੍ਹਾਂ ਦੇ ਸੈਨਾਪਤੀ ਨਲ ਨੇ ਇਸ ਪੁਲ ਨੂੰ ਬਣਵਾਇਆ ਸੀ। ਇਸ ਨੂੰ 'ਆਦਮ ਦਾ ਪੁਲ' ਵੀ ਕਿਹਾ ਜਾਂਦਾ ਹੈ।

(ਰ-64) **ਰਾਮਕਾਰ :**

ਤੰਤ੍ਰ ਸ਼ਾਸਤ੍ਰ ਅਨੁਸਾਰ ਮੰਤ੍ਰ ਵਿਧੀ ਨਾਲ, ਰਖਿਆ ਲਈ ਖਿੱਚੀ ਲਕੀਰ ਨੂੰ ਕਾਰ ਕਹਿੰਦੇ ਹਨ। ਜੇ ਰਾਮ ਦਾ ਨਾਂ ਲੈ ਕੇ, ਇਹ ਕਾਰ ਵਿਧੀ ਪੂਰਵਕ ਖਿੱਚੀ ਜਾਵੇ, ਤਾਂ ਇਹ ਰਾਮਕਾਰ ਅਖਵਾਉਂਦੀ ਹੈ। ਰਾਮਾਇਣ ਅਨੁਸਾਰ ਜਦੋਂ ਸਵਰਨ ਮਿਰਗ ਦੇ ਪਿਛੇ ਗਏ, ਰਾਮ ਦੀ ਦਰਦ ਭਰੀ ਆਵਾਜ਼ ਸੁਣ ਕੇ ਲਛਮਣ ਉਨ੍ਹਾਂ ਦੇ ਮਗਰ ਜਾਣ ਲੱਗਾ, ਤਾਂ ਉਸ ਨੇ ਸੀਤਾ ਦੀ ਰਖਿਆ ਲਈ, ਕੁਟੀਆ ਦੇ ਬੂਹੇ ਤੇ ਰਾਮ ਦਾ ਨਾਂ ਲੈ ਇਕ ਕਾਰ ਖਿੱਚੀ ਸੀ। ਸੀਤਾ ਇਸ ਰਾਮਕਾਰ ਨੂੰ ਟੱਪ ਕੇ, ਜਦੋਂ ਸਾਧੂ ਦੇ ਭੇਸ ਵਿਚ ਆਏ, ਰਾਵਣ ਨੂੰ ਭਿਛਿਆ ਪਾਣ ਲੱਗੀ, ਤਾਂ ਰਾਵਣ ਸੀਤਾ ਨੂੰ ਚੁਕ ਕੇ ਲੈ ਗਿਆ ਸੀ।

(ਰ-65) **ਰਾਮਕੁੰਡ :**

ਬਨਬਾਸ ਦੇ ਦਿਨੀਂ ਜਲ-ਪਾਣੀ ਦੇ ਜਿਨ੍ਹਾਂ ਜਿਨ੍ਹਾਂ ਕੁੰਡਾਂ ਉਤੇ ਸ੍ਰੀ ਰਾਮ ਚੰਦਰ ਇਸ਼ਨਾਨ ਕਰਦੇ ਰਹੇ, ਉਨ੍ਹਾਂ ਸਭਨਾਂ ਕੁੰਡਾਂ ਨੂੰ ਰਾਮ ਕੁੰਡ ਕਿਹਾ ਜਾਂਦਾ ਹੈ। ਹਿੰਦੂ ਇਨ੍ਹਾਂ ਕੁੰਡਾਂ ਨੂੰ ਬੜਾ ਪਵਿਤ੍ਰ ਮੰਨਦੇ ਹਨ। ਰਾਮ ਭਗਤਾਂ ਦਾ ਵਿਸ਼ਵਾਸ ਹੈ ਕਿ ਰਾਮ ਕੁੰਡ 'ਤੇ ਇਸ਼ਨਾਨ ਕਰਨ ਨਾਲ ਸਭ ਪਾਪ ਧੁਲ ਜਾਂਦੇ ਹਨ। ਪੰਜਾਬ ਵਿਚ ਰਾਮ ਕੁੰਡ ਕਈ ਥਾਈਂ ਮਿਲਦੇ ਹਨ। ਮੀਆਂਵਾਲੀ ਜ਼ਿਲੇ (ਪਾਕਿਸਤਾਨ) ਵਿਚ ਈਸਾ ਖੇਲ ਤਹਿਸੀਲ ਵਿਚ, ਕੁੰਡ ਦੇ ਦੱਖਣ ਵਲ ਤਿੰਨ ਮੀਲ ਦੂਰ ਇਕ ਪੁਰਾਣਾ ਤੀਰਥ ਇਸੇ ਨਾਉਂ ਦਾ ਮਿਲਦਾ ਹੈ। ਇਥੇ ਤਿੰਨ ਨਿਕੇ ਨਿਕੇ ਚਸ਼ਮੇ ਜਾਂ ਕੁੰਡ ਹਨ ਜਿਨ੍ਹਾਂ ਵਿਚੋਂ ਵਡੇ ਨੂੰ ਰਾਮ ਕੁੰਡ ਕਿਹਾ ਜਾਂਦਾ ਹੈ। ਬਾਕੀ ਦੋ ਕੁੰਡ ਸੀਤਾ ਤੇ ਲਛਮਣ ਦੇ ਨਾਂ ਤੇ ਪ੍ਰਸਿਧ ਹਨ।

ਦੇਸ਼ ਵੰਡ ਤੋਂ ਪਹਿਲਾਂ, ਸ਼ਿਵਰਾਤਰੀ ਉਤੇ, ਹਰ ਸਾਲ ਇਕ ਮੇਲਾ ਲੱਗਦਾ ਸੀ। ਹਿੰਦੂ ਦੂਰੋਂ ਦੂਰੋਂ ਇਸ਼ਨਾਨ ਲਈ ਇਥੇ ਆਉਂਦੇ ਸਨ। ਇਨ੍ਹਾਂ ਵਿਚੋਂ ਕੁਝ ਚਸ਼ਮਿਆਂ ਦਾ ਪਾਣੀ ਖਾਰਾ ਹੈ।

ਪਾਕਿਸਤਾਨੀ ਪੰਜਾਬ ਵਿਚ ਸੈਦਪੁਰ ਵਿਚ ਰਾਮ ਕੁੰਡ ਮਿਲਦਾ ਹੈ। ਸੈਦਪੁਰ ਰਾਵਲਪਿੰਡੀ ਦੇ ਨੇੜੇ, ਮਾਰਗਲਾ ਪਹਾੜੀਆਂ ਦੇ ਪੈਰਾਂ ਵਿਚ, ਇਕ ਛੋਟਾ ਜਿਹਾ ਪਿੰਡ ਹੈ। ਇਥੇ ਨਾਲੋ ਨਾਲ ਚਾਰ ਚਸ਼ਮੇ ਹਨ, ਜਿਨ੍ਹਾਂ ਦਾ ਪਾਣੀ ਚਾਰ ਕੁੰਡਾਂ ਵਿਚ ਇਕੱਠਾ ਹੋ ਕੇ ਵਗਦਾ ਅਤੇ ਅਗੇ ਜਾ ਕੇ ਇਕ ਸਾਂਝੀ ਧਾਰਾ ਦਾ ਰੂਪ ਧਾਰ ਲੈਂਦਾ ਹੈ। ਇਨ੍ਹਾਂ ਚਾਰ ਕੁੰਡਾਂ ਦੇ ਨਾਂ ਰਾਮ ਕੁੰਡ, ਸੀਤਾ ਕੁੰਡ, ਲਛਮਣ ਕੁੰਡ ਤੇ ਹਨੂਮਾਨ ਕੁੰਡ ਹਨ। ਰਵਾਇਤ ਹੈ ਕਿ ਸ੍ਰੀ ਰਾਮ ਚੰਦਰ ਬਨਬਾਸ ਦੇ ਦਿਨੀਂ, ਸੀਤਾ ਤੇ ਲਛਮਣ ਨਾਲ ਇਥੇ ਕੁਝ ਚਿਰ ਰਹੇ ਸਨ ਤੇ ਉਨ੍ਹਾਂ ਇਨ੍ਹਾਂ ਕੁੰਡਾਂ ਵਿਚ ਇਸ਼ਨਾਨ ਕੀਤਾ ਸੀ। ਹਨੂਮਾਨ ਕੁੰਡ ਬਾਕੀ ਤਿੰਨਾਂ ਕੁੰਡਾਂ ਨਾਲੋਂ ਰਤਾ ਕੁ ਪਰੇਡੇ ਹੈ। ਇਹ ਬਾਅਦ ਵਿਚ ਬਣਿਆ ਜਾਪਦਾ ਹੈ। ਦੇਸ਼ ਵੰਡ ਤੋਂ ਪਹਿਲਾਂ ਇਥੇ ਹਰ ਸਾਲ ਵਿਸਾਖੀ ਦੇ ਮਹੀਨੇ ਬੜਾ ਭਾਰੀ ਮੇਲਾ ਲੱਗਦਾ ਸੀ।

(ਰ-66) **ਰਾਮਚੌਕ :**

ਚੌਪੜ ਨਾਲ ਮਿਲਦੀ ਇਕ ਖੇਡ, ਜੋ ਗੋਟੀਆਂ ਜਾਂ ਠੀਕਰਾਂ ਨਾਲ ਖੇਡੀ ਜਾਂਦੀ ਹੈ। ਕਿਸੇ ਲਕੜੀ ਦੇ ਫੱਟੇ/ਗੱਤੇ ਉਤੇ 9 ਲੰਮੇ ਦਾਅ ਤੇ 9 ਚੌੜੇ ਦਾਅ ਲਕੀਰਾਂ ਮਾਰ ਕੇ 81 ਖ਼ਾਨੇ ਬਣਾ ਲਏ ਜਾਂਦੇ ਹਨ। ਫਿਰ ਇਨ੍ਹਾਂ ਖ਼ਾਨਿਆਂ ਨੂੰ ਤਿਰਛੇ ਦਾਅ ਦੀਆਂ ਲਕੀਰਾਂ ਮਾਰ ਕੇ ਮੇਲ ਲਿਆ ਜਾਂਦਾ ਹੈ। ਇਸ ਨੂੰ ਦੋ ਖਿਡਾਰੀ ਆਹਮੋ ਸਾਹਮਣੇ ਬੈਠ ਕੇ ਖੇਡਦੇ ਹਨ। ਦੋਵੇਂ ਚਾਲੀ ਚਾਲੀ ਗੋਟਾਂ ਆਪੋ ਆਪਣੇ ਪਾਸ ਰਖ ਲੈਂਦੇ ਹਨ ਤੇ ਵਿਚਕਾਰਲਾ 81ਵਾਂ ਖ਼ਾਨਾ ਪਹਿਲੀ ਚਾਲ ਚੱਲਣ ਲਈ ਖਾਲੀ ਰਖ ਲਿਆ ਜਾਂਦਾ ਹੈ। ਹਰੇਕ ਗੋਟ ਦੀ ਚਾਲ ਇਕ ਘਰ ਹੁੰਦੀ ਹੈ ਅਤੇ ਇਹ ਅੱਠਾਂ ਦਿਸ਼ਾਵਾਂ ਵਲ ਕਿਸੇ ਪਾਸੇ ਵਿਚ ਚਲੀ ਜਾ ਸਕਦੀ ਹੈ। ਜੇ ਗੋਟ ਦੇ ਨਾਲ ਲਗਦੇ ਘਰਾਂ ਵਿਚ, ਦੂਜੇ ਖਿਡਾਰੀ ਦੀ ਗੋਟ ਹੋਵੇ ਅਤੇ ਉਸ ਤੋਂ ਅਗਲਾ ਖ਼ਾਨਾ ਖ਼ਾਲੀ ਹੋਵੇ ਤਾਂ ਗੋਟ ਦੂਜੇ ਖਿਡਾਰੀ ਦੀ ਗੋਟ ਨੂੰ ਮਾਰ ਕੇ ਅਗਲੇ ਖਾਲੀ ਘਰ ਜਾ ਟਿਕਦੀ ਹੈ। ਜੇ ਇਕ ਗੋਟ ਨੂੰ ਅਗੋਂ ਹੋਰ ਗੋਟਾਂ ਮਾਰਨ ਲਈ ਖ਼ਾਲੀ ਘਰ ਮਿਲਦੇ ਰਹਿਣ ਤਾਂ ਉਹ ਇਕੋ ਵਾਰ ਇਕ ਤੋਂ ਵਧੀਕ ਚਾਲਾਂ ਚਲ ਕੇ ਦੂਜੇ ਧਿਰ ਦੀਆਂ ਗੋਟਾਂ ਮਾਰਦੀ ਚਲੀ ਜਾਂਦੀ ਹੈ। ਜਿਸ ਧਿਰ ਦੀਆਂ ਸਾਰੀਆਂ ਗੋਟਾਂ

ਪਹਿਲਾਂ ਮਰ ਜਾਣ, ਉਸ ਧਿਰ ਦੀ ਹਾਰ ਹੋ ਜਾਂਦੀ ਹੈ। ਕਈ ਵਾਰ ਅਖ਼ੀਰ ਵਿਚ ਦੋਹਾਂ ਧਿਰਾਂ ਦੀਆਂ ਦੋ ਜਾਂ ਤਿੰਨ ਗੋਟਾਂ ਰਹਿ ਜਾਂਦੀਆਂ ਹਨ ਤੇ ਚਾਲ ਚੱਲਣ ਲਈ ਮੋਕਲਾ ਪਿੜ ਮਿਲ ਜਾਣ ਕਾਰਨ, ਉਹ ਮਾਰਨੀਆਂ ਅਸੰਭਵ ਹੋ ਜਾਂਦੀਆਂ ਹਨ, ਤਾਂ ਖੇਡ 'ਬਰਾਬਰ' ਦੀ ਸਮਝੀ ਜਾਂਦੀ ਹੈ।

(ਰ-67) **ਰਾਮਜ਼ਨੀ** :

ਮਾਂ-ਪਿਉ ਵਲੋਂ ਦੇਵ ਮੰਦਰ ਨੂੰ ਭੇਟ ਕੀਤੀ ਗਈ ਕੰਨਿਆਂ, ਦੇਵਦਾਸੀ। ਪਹਿਲਿਆਂ ਵਿਚ ਕਈ ਮਾਪੇ ਆਪਣੀ ਕੰਨਿਆਂ ਨੂੰ ਮੰਦਰ ਦੀ ਸੇਵਾ ਲਈ, ਮੰਦਰ ਨੂੰ ਚੜ੍ਹਾ ਦੇਂਦੇ ਸਨ।

(ਰ-68) **ਰਾਮਤੀਰਥ** :

ਮੁਲਤਾਨ ਵਿਚ ਰਾਮ ਚੰਦਰ ਨਾਲ ਸਬੰਧਿਤ ਇਕ ਤੀਰਥ, ਜਿਸ ਨੂੰ ਰਾਮ ਕੁੰਡ ਵੀ ਕਿਹਾ ਜਾਂਦਾ ਹੈ। ਇਥੇ ਇਕ ਨਿੱਕਾ ਜਿਹਾ ਸਰੋਵਰ ਹੈ। ਰਵਾਇਤ ਹੈ ਕਿ ਸ੍ਰੀ ਰਾਮ ਚੰਦਰ ਬਨਬਾਸ ਦੇ ਦਿਨੀਂ ਇਥੇ ਸਰੋਵਰ ਦੇ ਕੰਢੇ ਠਹਿਰੇ ਸਨ।

(ਰ-69) **ਰਾਮਦਾਸੀਏ** :

ਚੁਮਾਰਾਂ ਦਾ ਇਕ ਫ਼ਿਰਕਾ, ਜੋ ਭਗਤ ਰਾਮਦਾਸ ਦੀ ਵੰਸ਼ ਵਿਚੋਂ ਹੋਣ ਦਾ ਦਾਅਵਾ ਕਰਦੇ ਹਨ। ਸਿਖ ਚੂਹੜੇ ਬਹੁਤੇ ਰਾਮਦਾਸੀਏ ਹੀ ਅਖਵਾਉਂਦੇ ਹਨ।

ਰਾਮਦਾਸ ਚਨੂੰ ਦੀ ਔਲਾਦ ਸੀ। ਉਸ ਦੀ ਮਾਂ ਕਲਸੀਆ ਨਿਰਸੰਤਾਨ ਸੀ, ਪਰ ਇਕ ਦਿਨ ਇਕ ਫ਼ਕੀਰ ਉਸ ਦੇ ਦਰ ਉਤੇ ਆਏ ਤੇ ਕਲਸੀਆ ਨੇ ਉਸ ਨੂੰ ਆਟੇ ਦੀ ਲੱਪ ਖ਼ੈਰ ਪਾਈ। ਫ਼ਕੀਰ ਨੇ ਪੁੱਤਰ ਦੀ ਅਸੀਸ ਦਿਤੀ। ਜਦੋਂ ਭਿਛਿਆ ਲੈ ਕੇ ਉਹ ਫ਼ਕੀਰ ਆਪਣੀ ਕੁਟੀਆ ਮੁੜਿਆ ਤਾਂ ਉਸ ਦੇ ਗੁਰੂ ਨੇ ਦਸਿਆ ਕਿ ਕਲਸੀਆ ਦੇ ਭਾਗਾਂ ਵਿਚ ਤਾਂ ਕੋਈ ਬਾਲਕ ਨਹੀਂ। ਸੋ ਜੇ ਫ਼ਕੀਰ ਨੇ ਆਪਣੇ ਬਚਨ ਪਾਲਨੇ ਹਨ ਤਾਂ ਉਹ ਮਰ ਕੇ ਉਸ ਦੇ ਘਰ ਜਨਮ ਲਏ। ਫ਼ਕੀਰ ਨੇ ਸਵਾਸ ਤਿਆਗ ਦਿਤੇ ਤੇ ਰਾਮਦਾਸ ਦੇ ਰੂਪ ਵਿਚ ਪੁਨਰ ਜਨਮ ਲਿਆ। ਕਿਉਂ ਜੋ ਉਸ ਦੀ ਮਾਂ ਚੰਮਿਆਰੀ ਸੀ, ਸੋ ਬਾਲਕ ਨੇ ਉਦੋਂ ਤਕ ਦੁੱਧ ਪੀਣ ਤੋਂ ਇਨਕਾਰ ਕਰ ਦਿਤਾ, ਜਦੋਂ ਤਕ ਗੁਰੂ ਨੇ ਹੁਕਮ ਨਹੀਂ ਦਿਤਾ। ਇਕ ਵਾਰ ਜਦੋਂ ਰਾਮਾਨੰਦ ਲੰਘ ਰਿਹਾ ਸੀ, ਤਾਂ ਰਾਮਦਾਸ ਦੀ ਮਾਂ ਨੇ, ਉਸ ਨੂੰ ਰਾਹ ਵਿਚ ਲਿਟਾ ਦਿਤਾ। ਰਾਮਾਨੰਦ ਦੇ ਪੈਰ ਇਸ ਨੂੰ ਛੁਹ ਗਏ ਤੇ ਬਾਲਕ ਚੀਖ਼ ਪਿਆ। ਤਾਂ ਰਾਮਾਨੰਦ ਨੇ ਰਾਮ ਨਾਮ ਕਰਨ ਲਈ ਕਿਹਾ, ਇਸ ਤਰ੍ਹਾਂ ਇਸ ਨੂੰ ਗੁਰੂ-ਮੰਤ੍ਰ ਮਿਲ ਗਿਆ।

ਰਾਮਦਾਸ ਜਨੇਊ ਪਹਿਨਦਾ, ਸੰਖ ਵਜਾਉਂਦਾ ਤੇ ਮੂਰਤੀ ਪੂਜਦਾ ਸੀ। ਕਿਉਂ ਜੋ ਇਹ ਚੰਮਾਰ ਪਰੰਪਰਾ ਦੇ ਉਲਟ ਸੀ, ਬ੍ਰਾਹਮਣਾਂ ਨੇ ਇਸ ਉਤੇ ਉਜ਼ਰ ਕੀਤਾ। ਰਾਮਦਾਸ ਨੇ ਮੂਰਤੀ ਤਲਾਬ ਵਿਚ ਸੁਟ ਦਿਤੀ, ਪਰ ਜਦੋਂ ਜਨੇਊ ਉਤਾਰਨ ਲਈ ਕਿਹਾ ਤਾਂ ਰਾਮਦਾਸ ਨੇ ਚਾਰ ਜਨੇਊ—ਸੋਨਾ, ਚਾਂਦੀ, ਤਾਂਬੇ ਤੇ ਧਾਗੇ ਦੇ ਵਿਖਾਏ, ਜੋ ਚਾਰ ਯੁਗਾਂ ਦੇ ਸੂਚਕ ਸਨ। ਉਦੋਂ ਤੋਂ ਉਹ ਭਗਤ ਪ੍ਰਸਿੱਧ ਹੋਇਆ।

(ਰ-70) **ਰਾਮ ਨਾਮ ਸਤਿ** :

ਹਿੰਦੂਆਂ ਵਿਚ ਮੁਰਦੇ ਨੂੰ ਸ਼ਮਸ਼ਾਨ ਵਲ ਲਿਜਾਣ ਵੇਲੇ, ਨੜੋਏ ਨਾਲ ਜਾ ਰਹੇ ਲੋਕ ਉੱਚੀ ਉੱਚੀ ਇਹ ਵਾਕ ਉਚਾਰਦੇ ਜਾਂਦੇ ਹਨ, ਜਿਸ ਦਾ ਭਾਵ ਹੈ, ਪ੍ਰਭੂ ਦੇ ਨਾਂ ਤੋਂ ਬਿਨਾਂ ਸਭ ਕੁਝ ਅਸੱਤ ਹੈ। ਇਹ ਵਾਕ ਸੰਸਾਰ ਦੀ ਅਸਾਰਤਾ ਤੇ ਪ੍ਰਭੂ ਦੇ ਨਾਂ ਦੀ ਸਦੀਵਤਾ ਦਾ ਬੋਧਿਕ ਹੈ।

(ਰ-71) **ਰਾਮ ਨੌਮੀ** :

ਚੇਤਰ ਦੇ ਚਾਨਣ ਪੱਖ ਦੀ ਨੌਮੀ ਤਿੱਥ, ਜਦੋਂ ਅਜੁਧਿਆ ਵਿਚ ਰਾਮ ਚੰਦਰ ਦਾ ਜਨਮ ਹੋਇਆ ਸੀ। ਅਜੁਧਿਆ ਵਿਚ ਇਸ ਦਿਵਸ ਨੂੰ, ਬੜਾ ਭਾਰੀ ਪੁਰਬ ਮਨਾਇਆ ਜਾਂਦਾ ਹੈ। ਪੰਜਾਬ ਵਿਚ ਇਸ ਤਿੱਥ ਨੂੰ ਵੈਸ਼ਨੋ ਮਤ ਵਾਲੇ ਵਰਤ ਰਖਦੇ ਅਤੇ ਰਾਮ ਚੰਦਰ ਦੀ ਮੂਰਤੀ ਦੀ ਪੂਜਾ ਕਰਦੇ ਹਨ।

(ਰ-72) **ਰਾਮ ਰਾਏ ਪੰਥ** :

ਇਹ ਪੰਥ ਸਿੱਖਾਂ ਦੇ ਸਤਵੇਂ ਗੁਰੂ ਹਰਿਰਾਏ ਦੇ ਭੱਰਾ ਰਾਮਰਾਏ ਦੇ ਨਾਂ ਉਤੇ ਪ੍ਰਚਲਤ ਹੈ। ਸ੍ਰੀ ਰਾਮਰਾਏ ਦੀ ਸਮਾਧ ਡੇਹਰਾਦੂਨ ਵਿਖੇ ਹੈ ਤੇ ਇਸ ਪੰਥ ਦੇ ਅਨੁਯਾਈ ਯਾਤਰਾ ਲਈ ਡੇਹਰਾਦੂਨ ਜਾਂਦੇ ਹਨ। ਇਹ ਰੀਤ ਰਵਾਜਾਂ ਵਿਚੋਂ ਸਿੱਖਾਂ ਨਾਲੋਂ ਹਿੰਦੂਆਂ ਦੇ ਨੇੜੇ ਹਨ। ਝਟਕੇ ਦੀ ਥਾਂ ਹਲਾਲ ਖਾਂਦੇ ਹਨ ਤੇ ਤੰਬਾਕੂ ਤੋਂ ਵੀ ਪਰਹੇਜ਼ ਨਹੀਂ ਕਰਦੇ ਤੇ ਕੇਸ਼ ਵੀ ਨਹੀਂ ਰਖਦੇ। ਇਹ ਖੰਡੇ ਦੀ ਪਾਹੁਲ ਦੀ ਥਾਂ ਚਰਨ ਪਾਹੁਲ ਲੈਂਦੇ ਹਨ ਤੇ ਇਹ ਰਸਮ ਗੁਰੂ ਦੇ ਪੈਰਾਂ ਦੇ ਅੰਗੂਠੇ ਨੂੰ ਧੋ ਕੇ, ਉਸ ਦੇ ਧੋਣ ਨੂੰ ਪੀਣ ਨਾਲ ਕੀਤੀ ਜਾਂਦੀ ਹੈ। ਇਹ ਇਕ ਦੂਜੇ ਨੂੰ 'ਆਖੋ ਜੀ ਵਾਹਿਗੁਰੂ' ਕਰਕੇ ਮਿਲਦੇ ਹਨ।

(ਰ-73) **ਰਾਮ ਲੀਲਾ** :

ਭਗਤੀ ਲਹਿਰ ਦੀ ਚੜ੍ਹਦੀ ਕਲਾ ਨੇ, ਇਕ ਵਿਸ਼ੇਸ਼ ਤਰ੍ਹਾਂ ਦੇ ਲੋਕ-ਨਾਟ—'ਰਾਮ ਲੀਲਾ' ਨੂੰ ਜਨਮ ਦਿਤਾ। ਇਹ ਨਾਟ ਲੋਕਾਂ ਵਿਚ ਇਤਨਾ ਮਕਬੂਲ ਹੋਇਆ ਕਿ ਥੋੜ ਸਮੇਂ ਵਿਚ ਹੀ, ਉੱਤਰ ਪ੍ਰਦੇਸ਼ ਤੋਂ ਪੰਜਾਬ, ਰਾਜਸਥਾਨ

ਅਤੇ ਹੋਰ ਇਲਾਕਿਆਂ ਵਿਚ ਵੀ, ਉਸੇ ਭਾਵਨਾ ਤੇ ਲਗਨ ਨਾਲ ਖੇਡਿਆ ਜਾਣ ਲਗਾ। ਰਾਮਲੀਲਾ ਨੇ ਸਵਾਂਗ, ਨਕਲ, ਰਾਸ, ਸੰਗੀਤ-ਨਾਟ ਤੇ ਕੀਰਤਨ ਦੇ ਉਭਰਵੇਂ ਤੇ ਰਸੀਲੇ ਤੱਤ ਆਪਣੇ ਵਿਚ ਜਜ਼ਬ ਕਰ ਲਏ ਤੇ ਇਸ ਨਾਲ ਦਰਸ਼ਕਾਂ ਦੀ ਪੂਰੀ ਤ੍ਰਿਪਤੀ ਹੋਣ ਲਗੀ।

ਰਾਮ ਲੀਲਾ, ਹਰ ਸਾਲ ਨੇਮ ਨਾਲ ਖੇਡੀ ਜਾਂਦੀ ਹੈ। ਪੰਜਾਬ ਦੇ ਵੱਡੇ. ਸ਼ਹਿਰਾਂ ਤੇ ਕਸਬਿਆਂ ਵਿਚ, ਪਹਿਲੇ ਨੌਰਾਤੇ ਨੂੰ, ਇਹ ਖੇਡ ਆਰੰਭ ਹੁੰਦੀ ਹੈ। ਰਾਮਾਇਣ ਦੀ ਸਾਰੀ ਕਥਾ ਨੂੰ ਦੱਸਾਂ ਵਰਗਾਂ ਵਿਚ ਵੰਡ ਲਿਆ ਜਾਂਦਾ ਹੈ ਅਤੇ ਹਰ ਰਾਤ ਨੂੰ ਨਿਸਚਿਤ ਦ੍ਰਿਸ਼ ਤੇ ਵਰਗ ਧਾਰਮਕ ਭਾਵਨਾ ਤੇ ਜੋਸ਼ ਨਾਲ ਖੇਡੇ ਜਾਂਦੇ ਹਨ। ਰਾਮ ਲੀਲਾ ਵਿਚ ਤੀਵੀਆਂ ਦਾ ਅਭਿਨੈਅ ਵੀ ਮਰਦ ਪਾਤਰ ਹੀ ਕਰਦੇ ਹਨ। ਖੇਡਣ ਵਾਲਿਆਂ ਦੇ ਸ਼ਿੰਗਾਰ ਤੇ ਬਣਾਵਟ ਵਲ ਉਚੇਚਾ ਧਿਆਨ ਦਿਤਾ ਜਾਂਦਾ ਹੈ। ਹਰੇਕ ਪਾਤਰ ਨੇ ਆਪਣੇ ਖੇਡ ਵਿਚਲੇ ਚਰਿੱਤਰ ਦੇ ਅਨੁਕੂਲ ਪੁਸ਼ਾਕ ਧਾਰਨ ਕੀਤੀ ਹੁੰਦੀ ਹੈ। ਹਨੂਮਾਨ ਆਪਣੀ ਲੰਮੀ ਭਾਰੀ ਪੂਛ ਤੇ ਹੱਥ ਵਿਚਲੇ ਗੁਰਜ ਤੋਂ ਸਹਿਜੇ ਹੀ ਪਛਾਣਿਆ ਜਾਂਦਾ ਹੈ। ਦੈਂਤਾਂ ਨੇ ਡਰਾਵਣੇ ਮਖੌਟੇ ਪਹਿਨੇ ਹੁੰਦੇ ਹਨ। ਰਾਮ ਚੰਦਰ ਦੀ ਸੈਨਾ ਲਾਲ ਵਰਦੀ ਵਿਚ ਤੀਰਾਂ ਕਮਾਨਾਂ ਨਾਲ ਲੈਸ ਹੁੰਦੀ ਹੈ ਅਤੇ ਰਾਵਣ ਦੀ ਸੈਨਾ ਕਾਲੇ ਰੰਗ ਦੀ ਵਰਦੀ ਵਿਚ। ਦਰਸ਼ਕਾਂ ਲਈ ਸਭ ਕੁਝ ਜਾਣਿਆ ਪਛਾਣਿਆ ਹੁੰਦਾ ਹੈ।

ਰਾਮ ਲੀਲਾ ਬਾਕਾਇਦਾ ਰੰਗ-ਮੰਚ ਉਤੇ ਖੇਡੀ ਜਾਂਦੀ ਹੈ। ਰੰਗ-ਮੰਚ ਨੂੰ ਚਿੱਤਰਾਂ ਤੇ ਕਲਾ-ਕਿਰਤੀਆਂ ਨਾਲ ਚੰਗੀ ਤਰ੍ਹਾਂ ਸਜਾਇਆ ਤੇ ਸ਼ਿੰਗਾਰਿਆ ਹੁੰਦਾ ਹੈ ਅਤੇ ਝਾਕੀ ਬਦਲਣ ਲਈ ਪਰਦਿਆਂ ਦਾ ਵੀ ਪ੍ਰਬੰਧ ਹੰਦਾ ਹੈ। ਰਾਮ ਲੀਲਾ ਦੀ ਕਲਾ, ਆਮ ਕਲਾ ਨਾਲੋਂ ਵੱਖਰੀ ਹੈ। ਇਸ ਦੀ ਸਾਰੀ ਰੌਚਕਤਾ ਝਾਕੀ ਵਿਚ ਹੁੰਦੀ ਹੈ, ਜਿਸ ਨੂੰ ਬੜੀ ਭਰਪੂਰ ਤੇ ਮਨਮੋਹਣੀ ਬਣਾਇਆ ਜਾਂਦਾ ਹੈ। ਕਈ ਵਾਰ ਇਕੋ ਸਮੇਂ ਇਕ ਤੋਂ ਵਧੀਕ ਝਾਕੀਆਂ ਰੰਗ-ਮੰਚ ਉਤੇ ਇਕੱਠੀਆਂ ਹੀ ਵਿਖਾਈਆਂ ਜਾਂਦੀਆਂ ਹਨ। ਮੰਚ ਦੇ ਇਕ ਪਾਸੇ ਅਸ਼ੋਕ ਵਾਟਿਕਾ ਵਿਚ ਸੀਤਾ ਵਿਰਲਾਪ ਕਰਦੀ ਵਿਖਾਈ ਦੇਂਦੀ ਹੈ, ਦੂਜੇ ਪਾਸੇ ਰਾਮ ਤੇ ਰਾਵਣ ਸੈਨਾ ਸਮੇਤ ਯੁੱਧ ਲੜ ਰਹੇ ਹੁੰਦੇ ਹਨ। ਪਾਤਰਾਂ ਦੀ ਵਾਰਤਾਲਾਪ ਰਵਾਇਤੀ ਜਿਹੀ ਹੁੰਦੀ ਹੈ ਤੇ ਇਹ ਬਹੁਤੀ ਵਾਰ ਮੌਕੇ ਉਤੇ ਹੀ ਘੜ ਲਈ ਜਾਂਦੀ ਹੈ। ਕਹਾਣੀ ਦੀਆਂ ਖਿੰਡੀਆਂ ਤੰਦਾਂ ਨੂੰ ਕਥਾਕਾਰ 'ਰਾਮ ਚਰਿਤ੍ਰ ਮਾਨਸ' ਦੇ ਦੋਹੇ ਪੜ੍ਹ ਕੇ ਜੋੜਦਾ ਹੈ। ਰਾਮ ਲੀਲਾ ਦੀਆਂ ਪ੍ਰਮੁੱਖ ਝਾਕੀਆਂ ਹਨ—ਸੀਤਾ ਦਾ ਸਵੰਬਰ, ਰਾਮ ਦਾ ਬਨਵਾਸ, ਸਰੂਪ ਨਖਾ ਦਾ ਨੱਕ ਕਟਣਾ, ਸੀਤਾ ਹਰਨ, ਹਨੂਮਾਨ ਦਾ ਅਸ਼ੋਕ ਵਾਟਕਾ ਵਿਚ ਸੀਤਾ ਨੂੰ ਮਿਲਣਾ, ਰਾਮ ਤੇ ਰਾਵਣ ਦਾ ਯੁੱਧ, ਹਨੂਮਾਨ ਦਾ ਲੰਕਾ ਨੂੰ ਸਾੜਨਾ, ਲਛਮਣ ਦਾ ਯੁੱਧ ਵਿਚ ਮੂਰਛਤ ਹੋਣਾ, ਹਨੂਮਾਨ ਦਾ ਸੰਜੀਵਨੀ ਬੂਟੀ ਲਿਆਉਣ ਲਗਿਆਂ ਸਾਰਾ ਪਹਾੜ ਹੀ ਚੁਕ ਕੇ ਲਿਆਉਣਾ, ਰਾਵਣ ਦਾ ਨਾਸ ਤੇ ਰਾਮ ਦੀ ਵਿਜੈ। ਇਨ੍ਹਾਂ ਸਭ ਝਾਕੀਆਂ ਵਿਚ ਅਜਿਹਾ ਰਸ ਹੈ ਕਿ ਦਰਸ਼ਕ ਭਾਵੇਂ ਬਚਪਨ ਤੋਂ ਹੀ ਇਨ੍ਹਾਂ ਝਾਕੀਆਂ ਨੂੰ ਵੇਖਦੇ ਆਉਂਦੇ ਹਨ, ਪਰ ਉਹ ਹਰ ਸਾਲ ਨਵੀਂ ਉਤਸੁਕਤਾ ਨਾਲ ਵੇਖਦੇ ਤੇ ਆਨੰਦ ਮਾਣਦੇ ਹਨ।

ਦੁਸਹਿਰੇ ਵਾਲੇ ਦਿਨ, ਰਾਮ ਚੰਦਰ ਦੀ ਵਿਜੈ ਦੇ ਨਾਲ ਹੀ, ਰਾਮ ਲੀਲਾ ਦੀ ਖੇਡ ਸਮਾਪਤ ਹੁੰਦੀ ਹੈ। ਇਸ ਦਿਨ ਰਾਮ ਲੀਲਾ ਦੇ ਮੈਦਾਨ ਵਿਚ ਰਾਵਣ, ਕੁੰਭਕਰਨ ਤੇ ਮੇਘਨਾਦ ਦੇ ਤਿੰਨ ਉਚੇ ਲੰਮੇ ਪੁਤਲੇ ਖੜੇ ਕੀਤੇ ਜਾਂਦੇ ਹਨ ਤੇ ਰਾਮ ਲੀਲਾ ਦੀ ਅੰਤਮ ਝਾਕੀ ਪੇਸ਼ ਕੀਤੀ ਜਾਂਦੀ ਹੈ। ਰਾਮ ਤੇ ਰਾਵਣ ਦੀ ਸੈਨਾ ਵਿਚ ਘੋਰ ਯੁੱਧ ਹੁੰਦਾ ਹੈ ਤੇ ਅਖ਼ੀਰ ਰਾਮ ਦੀ ਵਿਜੈ ਹੁੰਦਿਆਂ ਸਾਰ ਇਨ੍ਹਾਂ ਤਿੰਨਾਂ ਪੁਤਲਿਆਂ ਨੂੰ ਜੋ ਕਾਗਜ਼ ਤੇ ਬਾਂਸ ਦੇ ਬਣਾਏ ਜਾਂਦੇ ਹਨ ਤੇ ਜਿਨ੍ਹਾਂ ਵਿਚ ਆਤਸ਼ਬਾਜ਼ੀ ਭਰੀ ਹੁੰਦੀ ਹੈ, ਅੱਗ ਦਾਗ਼ ਦਿਤੀ ਜਾਂਦੀ ਹੈ। ਅੱਗ ਦੀਆਂ ਲਪਟਾਂ ਅਕਾਸ਼ ਨੂੰ ਚੁੰਮਦੀਆਂ ਹਨ ਤੇ ਗੋਲਿਆਂ ਤੇ ਪਟਾਖਿਆਂ ਦੀ ਅਵਾਜ਼ ਫ਼ਜ਼ਾ ਨੂੰ ਚੀਰਦੀ ਹੈ। ਰਾਮ ਲੀਲਾ ਅਧਰਮ ਤੇ ਅਨਿਆਂ ਉਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਹੈ। ਰਾਮ ਲੀਲਾ ਦੇ ਦਿਨੀਂ ਰਾਮ ਤੇ ਸੀਤਾ ਦਾ ਅਭਿਨੈਅ ਕਰਨ ਵਾਲੇ ਪਾਤਰਾਂ ਨੂੰ ਪੂਰਾ ਸਨਮਾਨ ਦਿਤਾ ਜਾਂਦਾ ਹੈ। ਲੋਕੀ ਧਾਰਮਕ ਭਾਵਨਾ ਨਾਲ ਉਨ੍ਹਾਂ ਦੇ ਚਰਨ ਛੂਹੰਦੇ ਹਨ।

(ਰ-74) **ਰਾਵਣ** :

ਰਾਖਸ਼ਾਂ ਦਾ ਦੈਂਤ ਸਮਰਾਟ, ਜੋ ਲੰਕਾ ਦਾ ਰਾਜਾ ਤੇ ਪੁਲਸਤਯ ਦਾ ਪੋਤਰਾ ਸੀ। ਰਾਵਣ ਨੇ ਕਈ ਸਾਲ ਬ੍ਰਹਮਾ ਦੀ ਭਗਤੀ ਕਰ ਕੇ ਕੁਝ ਅਜਿਹੇ ਵਰ ਪ੍ਰਾਪਤ ਕਰ ਲਏ ਸਨ ਕਿ ਕੋਈ ਦੇਵਤਾ ਜਾਂ ਦੈਂਤ ਇਸ ਦੇ ਸਾਹਮਣੇ ਟਿਕ ਨਹੀਂ ਸੀ ਸਕਦਾ।

ਹਿੰਦੂ ਮਿਥਕ ਕਥਾਵਾਂ ਅਨੁਸਾਰ ਰਾਵਣ ਦੇ ਦਸ ਸਿਰ ਸਨ ਅਤੇ ਵੀਹ ਹੱਥ। ਰਾਵਣ ਅਥਾਹ ਸ਼ਕਤੀ ਦਾ ਸਵਾਮੀ ਸੀ। ਇਹ ਮਨ ਦੀ ਇੱਛਾ ਅਨੁਸਾਰ ਕੋਈ ਵੀ ਰੂਪ ਧਾਰਨ ਕਰਨ ਦੇ ਸਮਰੱਥ ਸੀ। ਇਹ ਪਹਾੜ ਵਾਂਙ ਉੱਚਾ ਲੰਮਾ, ਅਹਿੱਲ ਤੇ ਅਡੋਲ ਸੀ ਤੇ ਆਪਣੇ ਹੱਥਾਂ ਨਾਲ ਸੂਰਜ ਤੇ ਚੰਨ ਨੂੰ ਪਕੜ ਕੇ ਰੋਕ ਸਕਣ ਦੇ ਸਮਰੱਥ ਸੀ।

ਧਾਰਨਾ ਹੈ ਕਿ ਰਾਵਣ ਨੇ ਕਾਲ ਨੂੰ ਆਪਣੇ ਪਾਵੇ ਨਾਲ ਬੰਨ੍ਹਿਆ ਹੋਇਆ ਸੀ, ਇਸ ਲਈ ਕੋਈ ਵੀ ਦੇਵਤਾ ਇਸ ਨੂੰ ਮਾਰ ਨਹੀਂ ਸੀ ਸਕਦਾ।

ਪਰ ਰਾਵਣ ਨੂੰ ਕੋਈ ਮਨੁੱਖ ਹੀ ਨਾਸ਼ ਕਰ ਸਕਦਾ ਸੀ,

ਦੇਵਤੇ ਨਹੀਂ। ਇਸ ਲਈ ਵਿਸ਼ਨੂੰ ਨੇ ਰਾਮ ਚੰਦਰ ਦਾ ਅਵਤਾਰ ਧਾਰਨ ਕੀਤਾ।

ਰਾਵਣ ਰਾਮ ਚੰਦਰ ਦੀ ਪਤਨੀ ਸੀਤਾ ਨੂੰ ਉਧਾਲ ਕੇ ਲੰਕਾ ਲੈ ਗਿਆ। ਰਾਮ ਨੇ ਸੁਗਰੀਵ ਤੇ ਹਨੂਮਾਨ ਤੇ ਉਨ੍ਹਾਂ ਦੇ ਲਸ਼ਕਰਾਂ ਦੀ ਮਦਦ ਨਾਲ ਰਾਵਣ ਉਤੇ ਜਿੱਤ ਪ੍ਰਾਪਤ ਕੀਤੀ।

ਰਾਵਣ ਬਦੀ ਦਾ ਪ੍ਰਤੀਕ ਹੈ। ਇਸ ਲਈ ਰਾਮ ਦੀ ਰਾਵਣ ਉਤੇ ਜਿੱਤ ਨੇਕੀ ਦੀ ਬਦੀ ਉਪਰ ਜਿੱਤ ਦਾ ਪ੍ਰਤੀਕ ਹੈ।

## (ਰ-75) ਰਾਵੀ :

ਪੰਜਾਬ ਦਾ ਇਕ ਪ੍ਰਸਿਧ ਦਰਿਆ, ਜੋ ਕੁਲੂ ਦੇ ਪਹਾੜਾਂ ਵਿਚੋਂ ਨਿਕਲ ਕੇ ਚੰਬਾ, ਮਾਧੋਪੁਰ, ਡੇਹਰਾ ਬਾਬਾ ਨਾਨਕ, ਲਾਹੌਰ, ਸ਼ੇਖ਼ੂਪੁਰਾ, ਮਿੰਟਗੁਮਰੀ ਤੇ ਮੁਲਤਾਨ ਵਿਚੋਂ ਹੁੰਦਾ 450 ਮੀਲ ਦਾ ਸਫ਼ਰ ਕਰ ਕੇ ਅਹਿਮਦਪੁਰ ਦੇ ਨੇੜੇ ਝਨਾਂ ਤੇ ਜਿਹਲਮ ਦੇ ਪਾਣੀਆਂ ਵਿਚ ਜਾ ਰਲਦਾ ਹੈ। ਇਸ ਦੀ ਰਵਾਨੀ ਵਿਚ ਬਹੁਤਾ ਜ਼ੋਰ ਨਹੀਂ, ਜਿਸ ਕਰ ਕੇ ਇਸ ਨੂੰ ਧੀਰਜ ਵਾਲਾ ਦਰਿਆ ਵੀ ਕਿਹਾ ਜਾਂਦਾ ਹੈ।

ਵੈਦਿਕ ਕਾਲ ਵਿਚ ਇਹ ਦਰਿਆ ਪਰੁਸ਼ਨੀ ਦੇ ਨਾਉਂ ਨਾਲ ਪ੍ਰਸਿਧ ਸੀ, ਪਰ ਮਗਰੋਂ ਇਸ ਦਾ ਨਾਉਂ ਇਰਾਵਤੀ ਪੈ ਗਿਆ। ਸੰਸਕ੍ਰਿਤ ਗ੍ਰੰਥਾਂ ਵਿਚ ਇਸ ਦਾ ਇਹੋ ਨਾਉਂ ਮਿਲਦਾ ਹੈ। ਇਰਾਵਤੀ ਤੋਂ ਵਿਗੜ ਕੇ, ਇਸ ਦਾ ਨਾਉਂ 'ਰਵੀ' ਪੈ ਗਿਆ, ਜਿਸ ਦਾ ਅਰਥ ਹੈ—ਸੂਰਜ। ਸੂਰਜ ਦੇ ਉਪਾਸ਼ਕ ਇਸ ਦਰਿਆ ਨੂੰ ਪਾਵਨ ਮੰਨਣ ਲਗੇ ਅਤੇ ਮੁਲਤਾਨ ਦੇ ਇਲਾਕੇ ਦੇ ਸੂਰਜ ਭਗਤ ਇਸ ਦਰਿਆ ਵਿਚ ਇਸ਼ਨਾਨ ਕਰਨ ਦਾ ਬੜਾ ਮਹਾਤਮ ਮੰਨਦੇ ਸਨ। ਮੁਸਲਮਾਨਾਂ ਦੇ ਰਾਜ ਸਮੇਂ ਰਵੀ ਦਾ ਨਾਂ ਰਾਵੀ ਪੈ ਗਿਆ।

ਯੂਨਾਨੀ ਵਿਦਵਾਨਾਂ ਨੇ ਇਸ ਦਾ ਵਰਨਣ ਹਾਈਡਰਾਉਟੀਜ਼ ਜਾਂ ਅਦਰੀਸ ਨਾਉਂ ਨਾਲ ਕੀਤਾ ਹੈ।

## (ਰ-76) ਰਿਸ਼ੀ :

ਪੁਰਾਣਾਂ ਅਨੁਸਾਰ ਕੋਈ ਪਾਵਨ ਵਿਅਕਤੀ ਜਾਂ ਮੁਨੀ, ਜੋ ਰੱਬ ਤਕ ਪਹੁੰਚਿਆ ਹੋਵੇ। ਰਿਸ਼ੀ ਕਈ ਤਰ੍ਹਾਂ ਦੀਆਂ ਪਰਾਸਰੀਰਕ ਸ਼ਕਤੀਆਂ ਦੇ ਸਵਾਮੀ ਮੰਨੇ ਜਾਂਦੇ ਹਨ। ਕਈ ਰਿਸ਼ੀਆਂ ਦਾ ਸਥਾਨ ਦੇਵਤਿਆਂ ਤੋਂ ਵੀ ਉੱਚਾ ਗਿਣਿਆ ਗਿਆ ਹੈ।

ਰਿਸ਼ੀਆਂ ਦੀਆਂ ਤਿੰਨ ਸ਼੍ਰੇਣੀਆਂ ਹਨ—ਦੇਵ ਰਿਸ਼ੀ, ਬ੍ਰਹਮ ਰਿਸ਼ੀ ਤੇ ਰਾਜ ਰਿਸ਼ੀ।

ਪੁਰਾਣਾਂ ਅਨੁਸਾਰ ਮਿਥਿਹਾਸ ਵਿਚ ਸੱਤ ਸੱਚੇ ਸੁੱਚੇ ਸੰਤਾਂ ਦੇ ਸਮੂਹ ਨੂੰ ਵੀ ਰਿਸ਼ੀ ਕਹਿੰਦੇ ਹਨ, ਜੋ ਬ੍ਰਹਮਾ ਤੋਂ ਉਤਪੰਨ ਹੋਏ। ਜਿਨ੍ਹਾਂ ਨੇ ਵੇਦਾਂ ਦਾ ਸੰਕਲਨ ਕੀਤਾ ਅਤੇ ਜਿਨ੍ਹਾਂ ਤੋਂ ਬ੍ਰਾਹਮਣਾਂ ਦੀ ਵੰਸ਼ ਚੱਲੀ। ਇਨ੍ਹਾਂ ਸੱਤ ਨਾਵਾਂ ਦੀ ਸੂਚੀ ਇਕਸਾਰ ਨਹੀਂ। ਸਭ ਤੋਂ ਪੁਰਾਣੀ ਸੂਚੀ ਅਨੁਸਾਰ ਇਹ ਨਾਂ ਹਨ—ਅੱਤਰੀ, ਭਾਰਦਵਾਜ, ਗੌਤਮ, ਜਮਦਾਗਨੀ, ਕਸ਼ਯਪ, ਵਸ਼ਿਸ਼ਠ ਤੇ ਵਿਸ਼ਵਾਮਿਤਰ। ਇਕ ਆਮ ਵਰਤੀਂਦੀ ਸੂਚੀ ਅਨੁਸਾਰ ਇਹ ਨਾਂ ਹਨ—ਅਗਸਤਯ, ਅੰਗੀਰਸ, ਅੱਤਰੀ, ਭਿਰਗੂ, ਕਸ਼ਯਪ, ਵਸ਼ਿਸ਼ਠ ਤੇ ਵਿਸ਼ਵਾਮਿਤਰ। ਅਨੇਕਾਂ ਕਥਾਵਾਂ ਤੇ ਕਹਾਣੀਆਂ ਵਿਚ ਇਨ੍ਹਾਂ ਰਿਸ਼ੀਆਂ ਦਾ ਵਰਨਣ ਆਉਂਦਾ ਹੈ।

ਅਸਮਾਨ ਉਤੇ ਜੋ ਸੱਤ ਸਪਸ਼ਟ ਦਿਸਦੇ ਤਾਰੇ ਹਨ, ਉਨ੍ਹਾਂ ਨੂੰ ਇਨ੍ਹਾਂ ਰਿਸ਼ੀਆਂ ਦੇ ਨਾਂ ਉਤੇ ਹੀ 'ਸਪਤ ਰਿਸ਼ੀ' ਕਿਹਾ ਜਾਂਦਾ ਹੈ।

## (ਰ-77) ਰਿਸ਼ੀ ਪੰਚਮੀ :

ਭਾਦਰੋਂ ਦੇ ਮਹੀਨੇ ਦੀ ਚਾਨਣ ਪੱਖ ਦੀ ਪੰਚਮੀ; ਇਸ ਤਿੱਥ ਨੂੰ ਰਿਸ਼ੀਆਂ ਦੀ ਪੂਜਾ ਕੀਤੀ ਜਾਂਦੀ ਹੈ। ਕਈ ਸਨਾਤਨੀ ਇਸਤ੍ਰੀਆਂ ਇਸ ਦਿਨ ਵਰਤ ਵੀ ਰਖਦੀਆਂ ਹਨ। ਇਹ ਵਰਤ ਕੇਵਲ ਇਸਤ੍ਰੀਆਂ ਹੀ ਰਖਦੀਆਂ ਹਨ। ਜੇ ਕਿਸੇ ਮਜਬੂਰੀ-ਵਸ ਇਸਤ੍ਰੀ ਖ਼ੁਦ ਵਰਤ ਨਾ ਰਖ ਸਕੇ ਤਾਂ ਉਸ ਦੀ ਥਾਂ ਮਰਦ ਆਪ ਵਰਤ ਰਖ ਲੈਂਦਾ ਹੈ। ਪਰ ਉਸ ਦਾ ਮਹਾਤਮ ਉਸ ਦੀ ਇਸਤ੍ਰੀ ਨੂੰ ਹੀ ਮਿਲਦਾ ਹੈ। ਇਹ ਵਰਤ ਇਸਤ੍ਰੀਆਂ ਜਾਣੇ-ਅਣਜਾਣੇ ਵਿਚ ਕੀਤੇ ਪਾਪਾਂ ਦੀ ਪ੍ਰਾਸਚਿਤ ਵਜੋਂ ਰਖਦੀਆਂ ਹਨ। ਇਸ ਵਰਤ ਦੇ ਪੁੰਨ ਨਾਲ ਸਭ ਪਾਪਾਂ ਦਾ ਨਾਸ ਹੋ ਜਾਂਦਾ ਹੈ।

ਇਸ ਵਰਤ ਦੀ ਵਿਧੀ ਇਸ ਪ੍ਰਕਾਰ ਹੈ—ਸਰਘੀ ਵੇਲੇ ਜਾਗ ਕੇ ਪਹਿਲਾਂ ਕਿਸੇ ਨਦੀ/ਸਰੋਵਰ ਉਤੇ 108 ਵਾਰ (ਜਾਂ ਸੰਖੇਪ ਵਿਚ ਅੱਠ ਵਾਰ) ਦਾਤਨ ਕਰੇ। ਇਸ਼ਨਾਨ ਮਗਰੋਂ ਘਰ ਆ ਕੇ, ਇਕ ਵੇਦੀ ਬਣਾਏ, ਜਿਸ ਉਪਰ ਗੋਹੇ ਨਾਲ ਲੇਪ ਕਰ ਕੇ, ਮਿੱਟੀ ਜਾਂ ਤਾਂਬੇ ਦਾ ਘੜਾ ਰਖੇ। ਘੜੇ ਉਤੇ ਜੌਂ ਨਾਲ ਭਰਿਆ ਘੜਾ ਰਖ ਕੇ ਕਿਸੇ ਕਪੜੇ ਨਾਲ ਉਪਰੋਂ ਢੱਕ ਦੇਵੇ, ਫਿਰ ਵੇਦੀ ਅਗੇ ਅਸ਼ਟਦਲ ਕੰਵਲ ਬਣਾ ਕੇ ਅਰੁਧਨਤੀ ਸਮੇਤ ਸੱਤ ਰਿਸ਼ੀਆਂ ਦੀ ਪੂਜਾ ਕਰੇ। ਸੱਤ ਰਿਸ਼ੀਆਂ ਦੇ ਨਾਂ ਇਹ ਹਨ—ਗੌਤਮ, ਭਾਰਦਵਾਜ, ਵਿਸ਼ਵਾਮਿਤਰ, ਜਮਦਾਗਨੀ, ਵਸ਼ਿਸ਼ਠ, ਕਸ਼ਯਪ, ਅਤ੍ਰੀ। ਪੂਜਾ ਮਗਰੋਂ ਬ੍ਰਾਹਮਣਾਂ ਨੂੰ ਦਾਨ ਕਰੇ ਅਤੇ ਭੋਜਨ ਖਵਾਏ। ਖ਼ੁਦ ਕੇਵਲ ਫਲਾਹਾਰ ਕਰੇ। ਰਾਤ ਵੇਲੇ ਰਿਸ਼ੀ ਪੰਚਮੀ ਦੀ ਕਥਾ ਸੁਣੇ ਤੇ ਜਗਰਾਤਾ ਰਖੇ। ਅਗਲੇ ਦਿਨ ਸਵੇਰੇ ਉਠ ਕੇ ਅਗਨੀ ਦੇ ਸਾਹਮਣੇ ਆਪਣੀਆਂ ਕਮਜ਼ੋਰੀਆਂ ਤੇ ਪਾਪਾਂ ਦਾ ਪ੍ਰਾਸਚਿਤ ਕਰੇ।

ਇਸ ਵਰਤ ਦੀ ਮਹੱਤਾ ਬਾਰੇ ਕਈ ਕਥਾਵਾਂ ਪੁਰਾਣਾਂ ਵਿਚ ਮਿਲਦੀਆਂ ਹਨ।

**(ਰ-78) ਰਿਹਾਣ :**

ਖਤ੍ਰੀਆਂ ਦੀ ਇਕ ਗੋਤ, ਜੋ ਬੁੰਜਾਹੀਆਂ ਵਿਚੋਂ ਹਨ। ਇਨ੍ਹਾਂ ਦੀਆਂ ਕੁਝ ਰਸਮਾਂ ਰੀਤਾਂ ਵਿਲੱਖਣ ਹਨ। ਇਹ ਆਪਣੀਆਂ ਭਦਰਾਂ (ਮੁੰਡਣ) ਨੰਗਲ ਤਹਿਸੀਲ ਨਕੋਦਰ ਵਿਚ ਕਰਦੇ ਹਨ। ਮੁੰਡਣ ਤੋਂ ਪਹਿਲਾਂ ਜੰਡੀ ਵੱਢੀ ਜਾਂਦੀ ਹੈ। ਜੰਡੀ ਦੇ ਹੇਠਾਂ ਬਕਰੇ ਦੇ ਕੰਨ ਸਲੇ ਜਾਂਦੇ ਹਨ। ਤੇ ਫਿਰ ਬਕਰੇ ਨੂੰ ਘਰ ਲਿਆ ਕੇ ਪਰਵਾਰ ਦਾ ਸਭ ਤੋਂ ਬਿਰਧ ਵਿਅਕਤੀ, ਲੋਹੇ ਦੇ ਹਥਿਆਰ ਨਾਲ ਵੱਢਦਾ ਹੈ। ਇਸ ਬਕਰੇ ਦਾ ਮਾਸ ਪ੍ਰਸ਼ਾਦਿ ਵਜੋਂ ਬਰਾਦਰੀ ਵਿਚ ਵੰਡ ਦਿਤਾ ਜਾਂਦਾ ਹੈ, ਪਰ ਖਲੜੀ, ਹੱਡੀਆਂ ਤੇ ਹੋਰ ਗੰਦ ਵਿਹੜੇ ਵਿਚ ਦੱਬ ਦਿਤਾ ਜਾਂਦਾ ਹੈ।

ਰਿਹਾਣ ਜਨਮ ਅਸ਼ਟਮੀ ਵਾਲੇ ਦਿਨ ਜੰਡੀ ਦੀ ਪੂਜਾ ਵੀ ਕਰਦੇ ਹਨ। ਐਤਵਾਰ ਵਾਲੇ ਦਿਨ ਇਨ੍ਹਾਂ ਦੇ ਪੁਰੋਹਤਾਂ ਲਈ ਦੁੱਧ ਦਹੀਂ ਵਰਤਣਾ ਜਾਂ ਵੇਖਣਾ ਨਿਸ਼ੇਧ ਹੈ। ਇਸ ਬਾਰੇ ਇਕ ਦੰਦ-ਕਥਾ ਵੀ ਪ੍ਰਚਲਤ ਹੈ: ਮੁਸਲਮਾਨਾਂ ਦੇ ਇਕ ਧਾਵੇ ਸਮੇਂ ਰਿਹਾਣਾਂ ਦੀਆਂ ਸਭ ਤੀਵੀਆਂ ਨੇ ਪ੍ਰੋਹਿਤਣੀ ਸਮੇਤ ਸਤਿ ਨੂੰ ਬਚਾਣ ਲਈ ਖੂਹ ਵਿਚ ਛਾਲਾਂ ਮਾਰਨ ਦਾ ਨਿਸਚਾ ਕੀਤਾ, ਪਰ ਪ੍ਰੋਹਿਤਣੀ ਨੂੰ ਖੂਹ ਵਿਚ ਛਾਲ ਮਾਰਨ ਦੀ ਹਿੰਮਤ ਨਾ ਪਈ। ਇਸ ਲਈ ਰਿਹਾਣਾਂ ਦੀਆਂ ਤੀਵੀਆਂ ਨੇ ਉਸ ਨੂੰ ਚੰਡਾਲਣੀ ਆਖ ਕੇ, ਉਸ ਲਈ ਦੁੱਧ ਦਹੀਂ, ਜੋ ਸਭ ਤੋਂ ਉਤਮ ਪਦਾਰਥ ਮੰਨੇ ਜਾਂਦੇ ਹਨ, ਖਾਣੇ ਵਰਜ ਦਿਤੇ। ਉਦੋਂ ਤੋਂ ਰਿਹਾਣਾਂ ਦੇ ਪ੍ਰੋਹਿਤ ਐਤਵਾਰ ਨੂੰ ਦੁੱਧ ਦਹੀਂ ਨਹੀਂ ਵਰਤਦੇ।

ਰਿਹਾਣਾਂ ਵਿਚ ਤੜਾਗੀ ਦੀ ਰੀਤ ਦੀ ਪ੍ਰਥਾ ਹੈ, ਜਿਸ ਵਿਚ ਕਮਰ ਦੁਆਲੇ ਧਾਗਾ ਪਹਿਨਿਆ ਜਾਂਦਾ ਹੈ। ਲੁਧਿਆਣੇ ਤੇ ਜਲੰਧਰ ਦੇ ਰਿਹਾਣ ਇਸ ਰੀਤ ਨੂੰ, ਗ਼ਾਲਿਬ ਕਲਾਂ (ਤਹਿਸੀਲ ਜਗਰਾਉਂ) ਦੇ ਨੇੜੇ ਇਕ ਉੱਚੀ ਥੇਹ ਉਤੇ ਕਰਦੇ ਹਨ।

**(ਰ-79) ਰਿੱਛ :**

ਰਿੱਛ ਬਾਰੇ ਕਈ ਤਰ੍ਹਾਂ ਦੇ ਭਰਮ ਵਹਿਮ ਤੇ ਮਨੌਤਾਂ ਪ੍ਰਚਲਤ ਹਨ। ਇਕ ਵਿਸ਼ਵਾਸ਼ ਅਨੁਸਾਰ ਰਿੱਛ ਮ੍ਰਿਤਕ ਸਰੀਰ ਨੂੰ ਕਦੇ ਨਹੀਂ ਖਾਂਦਾ। ਇਕ ਨੀਤੀ-ਕਥਾ ਅਨੁਸਾਰ—ਦੋ ਦੋਸਤ ਜੰਗਲ ਵਿਚੋਂ ਲੰਘ ਰਹੇ ਸਨ ਕਿ ਸਾਹਮਣੇ ਤੋਂ ਉਨ੍ਹਾਂ ਇਕ ਰਿੱਛ ਆਉਂਦਾ ਵੇਖਿਆ। ਇਕ ਦੋਸਤ ਦੌੜ ਕੇ ਦਰਖ਼ਤ ਉਤੇ ਚੜ੍ਹ ਗਿਆ, ਦੂਜੇ ਨੂੰ ਦਰਖ਼ਤ ਤੇ ਚੜ੍ਹਨਾ ਨਹੀਂ ਸੀ ਆਉਂਦਾ ਪਰ ਉਸ ਨੂੰ ਪਤਾ ਸੀ ਕਿ ਰਿੱਛ ਮੁਰਦੇ ਸਰੀਰ ਨੂੰ ਨਹੀਂ ਖਾਂਦਾ, ਸੋ, ਉਹ ਦਰਖ਼ਤ ਹੇਠ ਹੀ ਸਾਹ ਰੋਕ ਕੇ ਲੰਮਾ ਪੈ ਗਿਆ। ਰਿੱਛ ਨੇ ਉਸ ਨੂੰ ਸੁੰਘਿਆ ਤੇ ਮੁਰਦਾ ਸਮਝ ਕੇ ਅਗੇ ਤੁਰ ਗਿਆ।

ਜੇ ਰਿੱਛ ਭੁੱਖ ਨਾਲ ਵਿਆਕੁਲ ਹੋ ਰਿਹਾ ਹੋਵੇ ਤੇ ਮਜਬੂਰ ਹੋ ਕੇ ਉਸ ਨੂੰ ਮੁਰਦਾ ਦੇਹ ਖਾਣੀ ਪੈ ਜਾਵੇ ਤਾਂ ਰਿੱਛ ਆਸ ਪਾਸ ਦੇ ਦਰਖ਼ਤਾਂ ਨਾਲੋਂ ਟਹਿਣੀਆਂ ਤੋੜ ਕੇ ਮੁਰਦੇ ਦੀ ਦੇਹ ਨਾਲ ਨਾਪਦਾ ਰਹਿੰਦਾ ਹੈ, ਜਦੋਂ ਤਕ ਕਿ ਮੁਰਦੇ ਦੇ ਆਕਾਰ ਜਿਤਨੀ ਲੰਮੀ ਟਹਿਣੀ ਨਹੀਂ ਮਿਲ ਜਾਂਦੀ। ਫਿਰ ਉਸ ਟਹਿਣੀ ਨਾਲ ਮ੍ਰਿਤਕ ਦੇ ਅੰਗ ਭੰਨਦਾ ਤੇ ਉਸ ਨੂੰ ਖਾ ਜਾਂਦਾ ਹੈ। ਜੇ ਬਰਾਬਰ ਦੇ ਆਕਾਰ ਦੀ ਟਹਿਣੀ ਨਾ ਮਿਲੇ ਤਾਂ ਮੁਰਦਾ ਦੇਹ ਨੂੰ ਛੱਡ ਕੇ ਚਲਾ ਜਾਂਦਾ ਹੈ।

ਨਿਸਚਾ ਹੈ ਕਿ ਜਿਸ ਕੋਲ ਰਿੱਛ ਦੇ ਵਾਲ ਹੋਣ ਉਸ ਤੇ ਟੂਣਾ ਟੱਪਾ ਨਹੀਂ ਚਲਦਾ। ਕਈ ਮਾਵਾਂ ਰਿੱਛ ਦੇ ਵਾਲ ਨੂੰ ਤਵੀਤ ਵਿਚ ਮੜ੍ਹ ਕੇ, ਬੱਚੇ ਦੇ ਗਲੇ ਵਿਚ ਲਟਕਾ ਦੇਂਦੀਆਂ ਹਨ। ਰਿੱਛ ਦੀ ਪਿੱਠ ਉਤੇ ਜੇ ਬੱਚੇ ਨੂੰ ਬਿਠਾਇਆ ਜਾਵੇ ਤਾਂ ਉਸ ਨੂੰ ਚੰਦਰੀ ਨਜ਼ਰ ਨਹੀਂ ਲਗਦੀ। ਨਿਸਚਾ ਹੈ ਕਿ ਰਿੱਛ ਦੀ ਪਿੱਠ ਤੇ ਬੈਠਣ ਨਾਲ ਕਾਲੀ ਖਾਂਸੀ ਦੂਰ ਹੋ ਜਾਂਦੀ ਹੈ।

ਰਿੱਛ ਵਿਚ ਇਸਤ੍ਰੀ ਨੂੰ ਭੋਗਣ ਦੀ ਚੇਸ਼ਟਾ ਬੜੀ ਪ੍ਰਬਲ ਹੁੰਦੀ ਹੈ। ਜੇ ਜੰਗਲ ਵਿਚ ਕਿਧਰੇ ਉਸ ਨੂੰ ਇਕੱਲੀ ਤੀਵੀਂ ਮਿਲ ਜਾਵੇ ਤਾਂ ਉਹ ਪਹਿਲਾਂ ਉਸ ਦੇ ਪੈਰਾਂ ਦੀਆਂ ਤਲੀਆਂ ਚਟ ਕੇ ਉਸ ਨੂੰ ਨਿਢਾਲ ਕਰ ਦੇਂਦਾ ਹੈ ਤੇ ਫਿਰ ਕਾਮ ਚੇਸ਼ਟਾ ਪੂਰੀ ਕਰਦਾ ਹੈ। ਕਾਂਗੜੇ ਦੇ ਇਲਾਕੇ ਵਿਚ ਅਜਿਹੀਆਂ ਕਈ ਦੰਦ-ਕਥਾਵਾਂ ਪ੍ਰਚਲਤ ਹਨ।

**(ਰ-80) ਰਿਣ ਮੋਚਨ :**

ਸਢੌਰੇ ਤੋਂ 10 ਮੀਲਾਂ ਦੀ ਵਿਥ ਉਤੇ ਦੱਖਣ ਪੂਰਬ ਵਲ ਇਕ ਸਰੋਵਰ, ਜੋ ਕਪਾਲ ਮੋਚਨ ਦੇ ਨੇੜੇ ਕਰ ਕੇ ਦੱਖਣ ਵਲ ਸਥਿਤ ਹੈ। ਹਿੰਦੂ ਇਸ ਤਾਲ ਨੂੰ ਬੜਾ ਪਵਿਤ੍ਰ ਤਾਲ ਮੰਨਦੇ ਹਨ। ਨਿਸਚਾ ਹੈ ਕਿ ਇਸ ਤਾਲ ਵਿਚ ਇਸ਼ਨਾਨ ਕਰਨ ਵਾਲੇ ਦੇ ਸਿਰ ਤੋਂ ਸਾਰਾ ਕਰਜ਼ਾ ਛੇਤੀ ਉਤਰ ਜਾਂਦਾ ਹੈ।

**(ਰ-81) ਰੀਠਾ :**

ਬੱਚੇ ਨੂੰ ਗਲ ਵਿਚ ਰੀਠਾ ਪਹਿਨਾਣ ਨਾਲ, ਨਜ਼ਰ ਨਹੀਂ ਲਗਦੀ। ਜੇ ਇਹ ਕੌਡੀ ਨਾਲ ਰਲਾ ਕੇ, ਪਹਿਨੀ ਜਾਵੇ, ਤਾਂ ਭੂਤ ਪ੍ਰੇਤ ਨੇੜੇ ਨਹੀਂ ਢੁੱਕਦੇ।

**(ਰ-82) ਰੀਠਾ ਸਾਹਿਬ :**

ਅਲਮੋੜੇ ਜ਼ਿਲੇ ਵਿਚ ਨਾਨਕ ਮਤਾ ਤੋਂ 45 ਮੀਲ ਦੂਰ ਇਕ ਰੀਠੇ ਦਾ ਬ੍ਰਿਛ, ਜਿਸ ਨੂੰ ਬੜੇ ਮਿਠੇ ਫਲ ਪੈਂਦੇ ਹਨ। ਸਾਖੀਆਂ ਅਨੁਸਾਰ ਮਰਦਾਨਾ ਜਦੋਂ ਜੰਗਲ ਵਿਚੋਂ ਲੰਘਦਿਆਂ

ਭੁੱਖ ਨਾਲ ਵਿਆਕੁਲ ਹੋ ਰਿਹਾ ਸੀ ਤਾਂ ਗੁਰੂ ਨਾਨਕ ਦੇਵ ਜੀ ਨੇ, ਇਸ ਬ੍ਰਿਛ ਨਾਲੋਂ ਫਲ ਤੋੜ ਕੇ ਖਾਣ ਲਈ ਦਿਤੇ ਸਨ। ਗੁਰੂ ਜੀ ਦੀ ਛੁਹ ਨਾਲ, ਇਸ ਦਾ ਕੌੜਾ ਫਲ ਛੁਹਾਰਿਆਂ ਵਾਂਗ ਮਿੱਠਾ ਹੋ ਗਿਆ। ਸਿੱਖਾਂ ਨੇ ਮਗਰੋਂ ਇਥੇ ਗੁਰਦਵਾਰਾ ਬਣਾ ਲਿਆ। ਇਸ ਰੀਠੇ ਦਾ ਮਿੱਠਾ ਫਲ ਸਿੱਖ, ਪ੍ਰਸ਼ਾਦਿ ਦੇ ਤੌਰ ਤੇ ਵਰਤਾਂਦੇ ਹਨ।

(ਰ-83) **ਰੀਤ** :

ਇਕ ਰੀਤ ਜੋ ਪਹਿਲੇ ਗਰਭ ਸਮੇਂ ਕੀਤੀ ਜਾਂਦੀ ਹੈ। ਕੁਝ ਖਤ੍ਰੀਆਂ ਵਿਚ 'ਛੋਟੀ' ਤੇ 'ਵੱਡੀ' ਦੋ ਤਰ੍ਹਾਂ ਦੀਆਂ ਰੀਤਾਂ ਕੀਤੀਆਂ ਜਾਂਦੀਆਂ ਹਨ। ਛੋਟੀ ਰੀਤ ਗਰਭ ਦੇ ਪੰਜਵੇਂ ਮਹੀਨੇ ਤੇ ਵੱਡੀ ਰੀਤ ਸਤਵੇਂ ਮਹੀਨੇ ਕੀਤੀ ਜਾਂਦੀ ਹੈ, ਪਰ ਕੁਝ ਖਤ੍ਰੀਆਂ ਵਿਚ ਸਤਵੇਂ ਮਹੀਨੇ ਦੋ ਦੀ ਥਾਂ ਕੇਵਲ ਇਕੋ ਰੀਤ ਦੀ ਪ੍ਰਥਾ ਹੈ। ਖ਼ਾਸ ਤੌਰ 'ਤੇ ਬੁੰਜਾਹੀ ਖੱਤਰੀਆਂ ਵਿਚ।

ਛੋਟੀ ਰੀਤ ਸਮੇਂ ਗਰਭਵਤੀ ਨੂੰ ਇਸ਼ਨਾਨ ਕਰਵਾ ਕੇ, ਮਾਂ ਪਿਉ ਵਲੋਂ ਦਿਤੇ ਕਪੜੇ ਪਹਿਨਾਏ ਜਾਂਦੇ ਹਨ। ਗਰਭਵਤੀ ਨੂੰ ਪੀੜ੍ਹੀ ਉਤੇ ਬਿਠਾ ਕੇ, ਉਸ ਦੀ ਗੋਦ ਵਿਚ ਕਣਕ ਦੇ ਦਾਣੇ ਅਤੇ ਘਿਉ ਵਿਚ ਤਲੀਆਂ ਟਿੱਕੀਆਂ ਪਾਈਆਂ ਜਾਂਦੀਆਂ ਹਨ। ਬਰਾਦਰੀ ਵਿਚ ਗੁੜ ਵੰਡਿਆ ਜਾਂਦਾ ਹੈ।

ਵੱਡੀ ਰੀਤ ਵੇਲੇ ਗਰਭਵਤੀ ਦੇ ਮਾਂ ਪਿਉ ਉਸ ਲਈ ਤ੍ਰੇਵਰ, ਨਰੇਲ, ਛੁਹਾਰੇ, ਮਠਿਆਈ ਤੇ ਕੁਝ ਨਕਦੀ ਭੇਜਦੇ ਹਨ, ਨਾਲ ਹੀ ਉਸਦੇ ਪਤੀ ਦੇ ਮਾਂ-ਪਿਉ ਦੇ ਕਪੜੇ ਵੀ ਭੇਜਦੇ ਹਨ। ਸਤਵੇਂ ਮਹੀਨੇ ਕੋਈ ਸ਼ੁਭ ਦਿਨ ਚੁਣ ਕੇ ਕੁੱਲ ਪ੍ਰੋਹਿਤ ਨੂੰ ਸਦਿਆ ਜਾਂਦਾ ਹੈ, ਜੋ ਆਟੇ ਦਾ ਚੌਕ ਪੂਰਦਾ ਹੈ। ਗਰਭਵਤੀ ਤੇ ਉਸ ਦਾ ਪਤੀ ਨਵੇਂ ਕਪੜੇ ਪਹਿਨ ਕੇ, ਚੌਕ ਤੇ ਨੌਂ ਗ੍ਰਹਿਆਂ ਨੂੰ ਪੂਜਦੇ ਹਨ। ਫਿਰ ਗਰਭਵਤੀ ਦੀ ਸੱਸ, ਗਰਭਵਤੀ ਦੀ ਝੋਲੀ ਵਿਚ, ਨਰੇਲ ਤੇ ਛੁਹਾਰੇ ਪਾਉਂਦੀ ਹੈ। ਬਰਾਦਰੀ ਵਿਚ ਗੁੜ ਜਾਂ ਟਿੱਕੀਆਂ ਵੰਡੀਆਂ ਜਾਂਦੀਆਂ ਹਨ।

(ਰ-84) **ਰੀਤਾਂ ਚੜ੍ਹਨਾ** :

ਇਕ ਰੀਤ; ਇਹ ਵੈਦਿਕ ਸੰਸਕਾਰ ਪੁੰਸਵਨ ਦਾ ਹੀ ਲੌਕਿਕ ਰੂਪ ਹੈ। ਇਸ ਰੀਤ ਨੂੰ ਗੋਦੀ ਭਰਨਾ, ਝੋਲੀ ਭਰਨਾ ਵੀ ਕਿਹਾ ਜਾਂਦਾ ਹੈ। ਇਹ ਸੰਸਕਾਰ ਗਰਭ ਅਵਸਥਾ ਦੇ ਧਤਵੇਂ ਮਹੀਨੇ ਕੀਤਾ ਜਾਂਦਾ ਹੈ। ਇਸ ਮੌਕੇ ਉਤੇ ਗਰਭਵਤੀ ਨੂੰ ਹਲਦੀ ਤੇ ਕੇਸਰ ਵਿਚ ਇਸ਼ਨਾਨ ਕਰਵਾ ਕੇ, ਫਿਰ ਸ਼ੁਭ ਮਹੂਰਤ ਵੇਖ ਕੇ ਕਿਸੇ ਚੌਕੀ ਉਤੇ ਬਿਠਾ ਦਿਤਾ ਜਾਂਦਾ ਹੈ। ਉਹ ਥਾਂ ਗੋਬਰ ਨਾਲ ਪੋਚ ਲਈ ਜਾਂਦੀ ਹੈ। ਫਿਰ ਪਰਿਵਾਰ ਦੀਆਂ ਕੁੱਲ ਦੀਆਂ ਵਡਿਕੀਆਂ ਉਸ ਦੀ ਗੋਦ ਵਿਚ ਪਾਪੜ ਪਕੌੜੇ ਪਾਉਂਦੀਆਂ ਹਨ ਇਹ ਪਾਪੜ ਤੇ ਪਕੌੜੇ ਪਿਛੋਂ ਆਸ ਪਾਸ ਦੇ ਘਰਾਂ ਵਿਚ ਵੰਡ ਦਿਤੇ ਜਾਂਦੇ ਹਨ।

ਲੋਕ ਗੀਤਾਂ ਵਿਚ ਵੱਖੋ ਵੱਖ ਤੀਵੀਆਂ ਜਾਂ ਰਿਸ਼ਤੇਦਾਰਾਂ ਦੇ ਨਾਂ ਜੋੜ ਕੇ, ਗੀਤਾਂ ਦੀਆਂ ਲੜੀਆਂ ਬਣਾ ਲਈਆਂ ਜਾਂਦੀਆਂ ਹਨ। ਇਸ ਤਰ੍ਹਾਂ ਰੀਤ ਜਾਂ ਕਰਮ ਕਾਂਡ ਨੂੰ ਇਕ ਸਥਾਨਿਕ ਰੂਪ ਦੇ ਦਿਤਾ ਜਾਂਦਾ ਹੈ।

ਬੱਚੇ ਦੇ ਜਨਮ ਸਮੇਂ ਪ੍ਰਸੂਤ ਕਮਰੇ ਵਿਚ ਤਿੱਤਰ-ਮੋਰ ਉਲੀਕਣ ਦੀ ਲੋਕ ਪ੍ਰਥਾ ਹੈ :

ਕਿਨੇ ਉਸਾਰੀਆਂ ਏਹ ਮਾੜੀਆਂ  
ਏਥੇ ਕੌਣ ਲਿਖੇ ਤਿੱਤਰ ਮੋਰ।  
ਵਧਾਵੇ ਤੋਂ ਬਲ ਜਾਨੀਆਂ।

(ਰ-85) **ਰੁਸੇਵਾਂ** :

ਵਿਆਹ ਨਾਲ ਸਬੰਧਿਤ ਇਕ ਰੀਤ। ਵਿਆਹ ਤੋਂ ਪੂਰਵ ਸੰਧਿਆ ਨੂੰ, ਵਰ ਆਪਣੇ ਕਿਸੇ ਮਿਤ੍ਰ ਜਾਂ ਸਾਕ ਸਬੰਧੀ ਦੇ ਘਰ, ਰੁਸ ਕੇ ਜਾ ਬੈਠਦਾ ਹੈ। ਜੇ ਕੋਈ ਸ਼ਖ਼ਸ ਕਿਸੇ ਮਿਤ੍ਰ ਜਾਂ ਸਬੰਧੀ ਦੇ ਘਰ ਜਾਣਾ ਪਸੰਦ ਨਾ ਕਰੇ ਤਾਂ ਉਹ ਗੁਰਦਵਾਰੇ ਜਾਂ ਮੰਦਰ ਵਿਚ ਜਾ ਬੈਠਦਾ ਹੈ। ਵਰ ਦੇ ਮਾਂ ਪਿਉ ਤੇ ਹੋਰ ਰਿਸ਼ਤੇਦਾਰ ਇਕਠੇ ਹੋ ਕੇ ਉਸ ਨੂੰ ਮਨਾਉਣ ਲਈ ਜਾਂਦੇ ਹਨ। ਵਰ ਇਸ ਗੱਲ ਉਤੇ ਜ਼ੋਰ ਦੇਂਦਾ ਹੈ ਕਿ ਉਹ ਗ੍ਰਿਹਸਤ ਦੇ ਗੇੜ ਵਿਚ ਨਹੀਂ ਪੈਣਾ ਚਾਹੁੰਦਾ ਤੇ ਬ੍ਰਹਮਚਾਰੀ ਰਹਿਣਾ ਚਾਹੁੰਦਾ ਹੈ। ਮਾਪੇ ਗ੍ਰਿਹਸਤ ਦੇ ਸੁਖ ਤੇ ਅਨੰਦ ਉਤੇ ਜ਼ੋਰ ਦੇਂਦੇ ਹਨ ਤੇ ਅਖੀਰ ਵਰ ਰਾਜ਼ੀ ਹੋ ਜਾਂਦਾ ਹੈ।

(ਰ-86) **ਰੁਕਮਣੀ** :

ਕ੍ਰਿਸ਼ਨ ਦੀ ਪਤਨੀ, ਜੋ ਵਿਦਰਭ ਦੇ ਰਾਜੇ ਭੀਸ਼ਮ ਦੀ ਪੁੱਤਰੀ ਸੀ। ਹਰੀ ਵੰਸ਼ ਅਨੁਸਾਰ, ਕ੍ਰਿਸ਼ਨ ਨੇ ਰੁਕਮਣੀ ਨਾਲ ਵਿਆਹ ਕਰਨ ਦੀ ਇੱਛਾ ਪ੍ਰਗਟ ਕੀਤੀ, ਪਰ ਰੁਕਮਣੀ ਦਾ ਭਰਾ ਰੁਕਮਿਣ ਕੰਸ ਦਾ ਮਿਤ੍ਰ ਸੀ, ਜਿਸ ਕਰ ਕੇ ਉਸ ਨੇ ਰੁਕਮਣੀ ਦਾ ਵਿਆਹ ਕ੍ਰਿਸ਼ਨ ਨਾਲ ਕਰਨ ਤੋਂ ਇਨਕਾਰ ਕਰ ਦਿਤਾ, ਰੁਕਮਣੀ ਦੀ ਸਗਾਈ ਰਾਜੇ ਸ਼ਿਸ਼ੂਪਾਲ ਨਾਲ ਕਰ ਦਿਤੀ। ਰੁਕਮਣੀ ਕ੍ਰਿਸ਼ਨ ਨਾਲ ਪ੍ਰੇਮ ਕਰਦੀ ਸੀ ਅਤੇ ਮਨ ਵਿਚ ਉਸ ਨੂੰ ਅਪਣਾ ਸੁਹਾਗ ਧਾਰ ਚੁਕੀ ਸੀ। ਵਿਆਹ ਵਾਲੇ ਦਿਨ ਜਦੋਂ ਰੁਕਮਣੀ ਦੇਵ ਮੰਦਰ ਵਿਚ ਪੂਜਾ ਕਰਨ ਲਈ ਗਈ ਤਾਂ ਕ੍ਰਿਸ਼ਨ ਰੁਕਮਣੀ ਨੂੰ ਆਪਣੇ ਰਥ ਵਿਚ ਬਿਠਾ ਕੇ ਦਵਾਰਕਾ ਲੈ ਆਇਆ। ਸ਼ਿਸ਼ੂਪਾਲ ਤੇ ਰੁਕਮਿਣ ਨੇ ਕ੍ਰਿਸ਼ਨ ਦਾ ਪਿੱਛਾ ਕੀਤਾ, ਪਰ ਉਹ ਕ੍ਰਿਸ਼ਨ ਦੇ ਤੀਰਾਂ ਦੀ ਤਾਬ ਨਾ ਸਹਾਰ ਸਕੇ।

ਕ੍ਰਿਸ਼ਨ ਨੇ ਦਵਾਰਕਾ ਪਹੁੰਚ ਕੇ, ਰੁਕਮਣੀ ਨਾਲ ਵਿਆਹ ਕਰ ਲਿਆ। ਰੁਕਮਣੀ ਦੇ ਉਦਰ ਤੋਂ ਦਸ ਲੜਕੇ ਤੇ ਇਕ ਲੜਕੀ ਜੰਮੀ। ਪ੍ਰਦੁਯਮਨ ਇਸੇ ਦਾ ਵੱਡਾ ਲੜਕਾ ਸੀ।

(ਰ-87) **ਰੁਖ਼ਸਤੀ :**

ਮੁਸਲਮਾਨਾਂ ਵਿਚ ਮੁਕਲਾਵੇ ਨਾਲ ਮਿਲਦੀ ਜੁਲਦੀ ਇਕ ਰੀਤ; ਨਿਕਾਹ ਤੋਂ ਬਾਅਦ ਜੇ ਕੁੜੀ ਛੋਟੀ ਹੋਵੇ, ਤਾਂ ਸਹੁਰੇ ਘਰ ਇਕ ਫੇਰਾ ਪਾ ਕੇ ਫਿਰ ਪੇਕੇ ਰਹਿਣ ਲੱਗ ਪੈਂਦੀ ਹੈ। ਜਦੋਂ ਕੁੜੀ ਜਵਾਨੀ ਵਿਚ ਪੈਰ ਧਰਦੀ ਹੈ, ਤਾਂ ਉਸ ਨੂੰ ਸਹੁਰੇ ਘਰ ਰਸਮੀ ਢੰਗ ਨਾਲ ਰੁਖ਼ਸਤ ਕੀਤਾ ਜਾਂਦਾ ਹੈ, ਇਸ ਰੀਤ ਨੂੰ ਰੁਖ਼ਸਤੀ ਕਹਿੰਦੇ ਹਨ।

(ਰ-88) **ਰੁਦ੍ਰ :**

ਵੈਦਿਕ ਕਥਾਵਾਂ ਅਨੁਸਾਰ ਝੱਖੜ ਤੇ ਤੂਫ਼ਾਨ ਦਾ ਇਕ ਦੇਵਤਾ, ਜਿਸ ਦਾ ਅਧਿਕਾਰ ਵਾਯੂ ਮੰਡਲ ਉਤੇ ਹੈ ਅਤੇ ਜੋ ਵਾਵਰੋਲੇ ਲਿਆਂਦਾ ਤੇ ਬੀਮਾਰੀਆਂ ਪੈਦਾ ਕਰਦਾ ਹੈ। ਰਿਗਵੇਦ ਵਿਚ ਰੁਦ੍ਰ ਇਕ ਅਜਿਹਾ ਵਿਨਾਸ਼ਕਾਰੀ ਦੇਵਤਾ ਹੈ, ਜਿਹੜਾ ਮਨੁਖਾਂ ਤੇ ਪਸ਼ੂਆਂ ਵਿਚ ਰੋਗ ਪੈਦਾ ਕਰਦਾ ਹੈ। ਪਰ ਵੇਦਾਂ ਵਿਚ ਕਈ ਥਾਈਂ ਇਸ ਨੂੰ ਪਰਉਪਕਾਰੀ ਦੇਵਤਾ ਮੰਨਿਆ ਗਿਆ ਹੈ, ਜੋ ਰੋਗਾਂ ਨੂੰ ਦੂਰ ਕਰਨ ਦੇ ਸਮਰੱਥ ਵੀ ਹੈ। ਬ੍ਰਾਹਮਣੀ ਕਾਲ ਵਿਚ ਇਹੋ ਰੁਦ੍ਰ ਸ਼ਿਵ ਦੇ ਰੂਪ ਵਿਚ ਵਿਗਸਤ ਹੋਇਆ।

ਵਿਸ਼ਨੂੰ ਪੁਰਾਣ ਅਨੁਸਾਰ ਬ੍ਰਹਮਾ ਦੇ ਮਨ ਵਿਚ ਪੁੱਤਰ ਲਈ ਇੱਛਾ ਜਾਗੀ, ਤਾਂ ਉਸ ਦੇ ਮੱਥੇ ਵਿਚੋਂ ਰੁਦ੍ਰ ਪੈਦਾ ਹੋਇਆ। ਜੰਮਦਿਆਂ ਸਾਰ ਹੀ ਇਹ ਬਾਲਕ ਰੋ ਕੇ ਆਪਣਾ ਨਾਂ ਪੁਛਣ ਲੱਗਾ। ਬ੍ਰਹਮਾ ਨੇ ਉਸ ਦਾ ਨਾਂ ਰੁਦ੍ਰ (ਰੋਣ ਵਾਲਾ) ਰਖਿਆ। ਪਰ ਰੁਦ੍ਰ ਸੱਤ ਵਾਰ ਹੋਰ ਰੋ ਕੇ ਆਪਣਾ ਨਾਂ ਪੁਛਦਾ ਰਿਹਾ, ਜਿਸ ਕਰਕੇ ਉਸ ਦੇ ਸੱਤ ਹੋਰ ਨਾਂ ਰਖੇ ਗਏ, ਜੋ ਇਹ ਹਨ—ਭਵ, ਸੁਰਵ, ਈਸ਼ਾਨ, ਪਸ਼ੂਪਤੀ, ਭੀਮ, ਉਗ੍ਰ ਤੇ ਮਹਾਦੇਵ। ਇਹੋ ਨਾਂ ਸ਼ਿਵ ਦੇ ਵੀ ਬੋਧਿਕ ਹਨ।

ਵਿਸ਼ਨੂੰ ਪੁਰਾਣ ਵਿਚ ਲਿਖਿਆ ਹੈ ਕਿ ਰੁਦ੍ਰ ਬ੍ਰਹਮਾ ਦੇ ਮੱਥੇ ਵਿਚੋਂ ਪ੍ਰਗਟ ਹੋਇਆ। ਉਸਨੇ ਆਪਣੇ ਆਪ ਨੂੰ ਨਰ ਤੇ ਮਾਦਾ ਦੋ ਰੂਪਾਂ ਵਿਚ ਵੰਡ ਕੇ ਗਿਆਰਾਂ ਵਿਅਕਤੀਆਂ ਨੂੰ ਪੈਦਾ ਕੀਤਾ, ਜੋ ਗਿਆਰਾਂ ਰੁਦ੍ਰਾਂ ਨਾਲ ਪ੍ਰਸਿੱਧ ਹੋਏ। ਇਨ੍ਹਾਂ ਗਿਆਰਾਂ ਰੁਦ੍ਰਾਂ ਦੇ ਨਾਂ ਭਿੰਨ ਭਿੰਨ ਪੁਰਾਣਾਂ ਵਿਚ, ਵੱਖ ਵੱਖ ਮਿਲਦੇ ਹਨ।

(ਰ-89) **ਰੁਦ੍ਰ ਲੋਕ :**

ਸ਼ਿਵ ਲੋਕ ਜੋ ਕੈਲਾਸ਼ ਪਰਬਤ 'ਚ ਮੰਨਿਆ ਜਾਂਦਾ ਹੈ।

(ਰ-90) **ਰੁਦ੍ਰਾਖ :**

ਇਕ ਬ੍ਰਿਛ, ਜਿਸ ਦਾ ਫਲ, ਰੁਦ੍ਰ ਦੀ ਅੱਖ ਵਰਗਾ ਹੋਣ ਕਰ ਕੇ, ਇਹ ਸੰਗਿਆ ਪ੍ਰਚਲਤ ਹੋਈ। ਜੋਗੀ ਤੇ ਸ਼ੈਵ ਮਤ ਵਾਲੇ ਜਾਪ ਸਮੇਂ, ਰੁਦ੍ਰਾਖ ਦੀ ਮਾਲਾ ਫੇਰਦੇ ਹਨ। ਰੁਦ੍ਰਾਖ ਦੇ ਮਣਕੇ ਦੇ ਕਈ ਪੱਖ ਹੁੰਦੇ ਹਨ। ਦੋ ਪੱਖਾਂ ਵਾਲਾ ਮਣਕਾ ਗ੍ਰਿਹਸਤੀ ਪਹਿਨਦੇ ਤੇ ਫੇਰਦੇ ਹਨ। ਗਿਆਰਾਂ ਪੱਖਾਂ ਵਾਲਾ ਮਣਕਾ ਬੜਾ ਪਵਿਤ੍ਰ ਮੰਨਿਆ ਜਾਂਦਾ ਹੈ। ਇਸ ਨੂੰ ਕੇਵਲ ਬ੍ਰਹਮਚਾਰੀ ਜੋਗੀ ਹੀ ਪਹਿਨਦੇ ਹਨ। ਪੰਜਾਬ ਨੋਟਜ਼ (11,93) ਅਨੁਸਾਰ, ਇਕ ਪੱਖ ਵਾਲਾ ਇਕ ਰੁਦ੍ਰਾਖ ਮਣਕਾ, ਜੋ ਆਪਣੀ ਕਿਸਮ ਦਾ ਇਕੋ ਇਕ ਮੰਨਿਆ ਜਾਂਦਾ ਸੀ, ਮਹਾਰਾਜਾ ਖੜਕ ਸਿੰਘ ਕੋਲ ਸੀ, ਜੋ ਮਗਰੋਂ ਕਿਧਰੇ ਗੁੰਮ ਗਿਆ।

(ਰ-91) **ਰੁਪਿਆਂ ਦੀ ਦੇਗ :**

ਲੋਕਾਂ ਦਾ ਨਿਸਚਾ ਹੈ ਕਿ ਮਾਇਆ ਇਕ ਥਾਂ ਨਹੀਂ ਠਹਿਰਦੀ। ਦੇਗ ਵਿਚ ਜੋ ਰੁਪਏ ਤੇ ਮੁਹਰਾਂ ਆਦਿ ਪਾ ਕੇ ਧਰਤੀ ਵਿਚ ਦੱਬੀ ਜਾਂਦੀ ਹੈ, ਇਹ ਦੇਗ ਕੁਝ ਚਿਰ ਬਾਅਦ ਤੁਰਨ ਲੱਗ ਪੈਂਦੀ ਹੈ ਤੇ ਧਰਤੀ ਹੇਠਾਂ ਹੀ ਤੁਰਦੀ ਤੁਰਦੀ ਕਿਥੇ ਦੀ ਕਿਥੇ ਪਹੁੰਚ ਜਾਂਦੀ ਹੈ। ਦੇਗ ਦੇ ਤੁਰਨ ਨਾਲ ਛਣਕਾਰ ਹੁੰਦੀ ਹੈ। ਇਹ ਵੀ ਵਿਚਾਰ ਹੈ ਕਿ ਸੱਪ ਦਾ ਮਾਇਆ ਨਾਲ ਬੜਾ ਮੋਹ ਹੈ। ਜਿਸ ਦੇਗ ਵਿਚ ਧਨ ਹੋਵੇ, ਉਸ ਉਤੇ ਸੱਪ ਆ ਕੇ ਬਹਿ ਜਾਂਦਾ ਹੈ। ਜਦੋਂ ਸੱਪ ਵਲ ਪਾ ਕੇ ਦੇਗ ਨੂੰ ਅਗੇ ਤੋਰਦਾ ਹੈ, ਤਾਂ ਛਣਕਾਰ ਪੈਦਾ ਹੁੰਦੀ ਹੈ।

ਪੁਰਾਣੇ ਜ਼ਮਾਨੇ ਵਿਚ, ਦੇਗਾਂ ਦੱਬਣ ਦਾ ਆਮ ਰਵਾਜ ਸੀ ਤੇ ਧਰਤੀ ਦੇ ਅੰਦਰੋਂ ਆਉਂਦੀ ਛਣਕਾਰ, ਭਾਵੇਂ ਭਰਮ ਹੀ ਹੋਵੇ, ਪਰ ਖ਼ਾਸ ਅਰਥ ਰਖਦੀ ਸੀ।

(ਰ-92) **ਰੁਪਿਆ ਫੜਾਉਣਾ :**

ਰਿਸ਼ਤਾ ਕਰਨ ਵੇਲੇ ਸ਼ਗਨ ਵਜੋਂ ਰੁਪਿਆ ਫੜਾਉਣਾ। ਪਖੋਕੇ ਰੰਧਾਵਿਆਂ ਤੇ ਹੋਰ ਜੱਟਾਂ ਵਿਚ ਰਵਾਜ ਹੈ ਕਿ ਜਦੋਂ ਦੋਵੇਂ ਧਿਰਾਂ, ਰਿਸ਼ਤਾ ਕਰਨ ਲਈ ਰਾਜ਼ੀ ਹੋ ਜਾਂਦੀਆਂ ਹਨ ਤਾਂ ਕੰਨਿਆਂ ਪੱਖ ਵਾਲੇ ਕਿਸੇ ਮਿਥੇ ਹੋਏ ਦਿਨ ਵਿਚੋਲੇ ਨਾਲ ਵਰ ਪੱਖ ਵਾਲਿਆਂ ਦੇ ਘਰ ਪਹੁੰਚਦੇ ਹਨ ਅਤੇ ਵਰ ਦੇ ਅੰਗਾਂ ਸਾਕਾਂ ਸਾਹਮਣੇ, ਉਸ ਨੂੰ ਰੁਪਿਆ ਫੜਾਂਦੇ ਹਨ, ਨਾਲ ਹੀ ਉਸ ਦੀ ਝੋਲੀ ਵਿਚ ਛੁਹਾਰੇ ਤੇ ਮਖਾਣੇ ਪਾਉਂਦੇ ਹਨ। ਇਸ ਰਸਮ ਨਾਲ ਰਿਸ਼ਤਾ ਪੱਕਾ ਹੋ ਜਾਂਦਾ ਹੈ। ਮਗਰੋਂ ਸ਼ਕਰ ਜਾਂ ਗੁੜ ਵੰਡਿਆ ਜਾਂਦਾ ਹੈ ਤੇ ਗੀਤ ਗਾਏ ਜਾਂਦੇ ਹਨ। ਇਸ ਰਸਮ ਸਮੇਂ ਵਰ ਦੇ ਅੰਗ-ਸਾਕ ਵੀ ਉਸ ਨੂੰ ਸ਼ਗਨ ਵਜੋਂ ਰੁਪਿਆ ਫੜਾਉਂਦੇ ਹਨ।

(ਰ-93) **ਰੂਪ ਚੌਦਸ :**

ਕੱਤਕ ਵਦੀ ਚੌਦਾਂ ਨੂੰ ਰੂਪ-ਚੌਦਸ ਕਿਹਾ ਜਾਂਦਾ ਹੈ। ਇਸੇ ਤਿੱਥ ਨੂੰ ਨਰਕ ਚੌਦਸ ਤੇ ਯਮ ਚੌਦਸ ਵੀ ਕਿਹਾ ਜਾਂਦਾ ਹੈ। ਪੁਰਾਣਾਂ ਅਨੁਸਾਰ ਇਸ ਦਿਨ ਪ੍ਰਾਤਾਕਾਲ ਤਾਰਿਆਂ ਦੀ ਛਾਵੇਂ, ਚੌਕੀ ਵਿਛਾ ਕੇ ਤੇ ਉਸ ਦੇ ਹੇਠਾਂ ਦੀਵਾ ਜਗਾ ਕੇ ਇਸ਼ਨਾਨ ਕਰਨ ਨਾਲ ਸਵਰਗ ਲੋਕ ਦੀ ਪ੍ਰਾਪਤੀ ਹੁੰਦੀ ਹੈ। ਇਸ ਇਸ਼ਨਾਨ ਨੂੰ 'ਤਾਰਾ ਇਸ਼ਨਾਨ' ਵੀ ਕਹਿੰਦੇ ਹਨ। ਪਹਿਲਿਆਂ ਵਿਚ ਇਸ ਤਿੱਥ ਨੂੰ ਤੀਵੀਆਂ ਤਾਰਿਆਂ ਦੀ ਛਾਵੇਂ ਵਟਣਾ ਆਦਿ ਮਲ ਕੇ ਇਸ਼ਨਾਨ ਕਰਦੀਆਂ ਤੇ ਰੂਪ ਨਿਖਾਰਦੀਆਂ ਸਨ। ਨਿਸਚਾ ਹੈ ਕਿ ਜਿਹੜੀ ਕੰਨਿਆਂ ਦਸ ਸਾਲ ਰੂਪ-ਚੌਦਸ ਨੂੰ ਵਟਣਾ ਮਲ ਕੇ ਵਿਧੀ ਪੂਰਵਕ ਇਸ਼ਨਾਨ ਕਰਦੀ ਹੈ, ਉਸ ਦੇ ਰੂਪ ਦੀ ਝਾਲ ਨਹੀਂ ਝੱਲੀ ਜਾਂਦੀ।

(ਰ-94) **ਰੇਰੂ ਦੀ ਯਾਦਗਾਰ :**

ਬਡਰੁਖਾਂ (ਜੀਂਦ ਦਾ ਇਕ ਪਿੰਡ) ਵਿਚ ਇਕ ਛੋਟੀ ਜਹੀ ਬੁਰਜੀ ਬਣੀ ਹੋਈ ਹੈ, ਜਿਸ ਉਤੇ ਪੰਜਾਬੀ ਵਿਚ 'ਰੇਰੂ ਦੀ ਯਾਦਗਾਰ' ਸ਼ਬਦ ਉਕਰੇ ਹੋਏ ਹਨ। ਇਥੇ ਕਦੇ ਰੇਰੂ ਦਾ ਇਕ ਦਰਖ਼ਤ ਹੁੰਦਾ ਸੀ ਜੋ ਪੰਜ ਸੌ ਸਾਲ ਪੁਰਾਣਾ ਸੀ। ਇਸ ਰੇਰੂ ਦੇ ਰੁੱਖ ਨੂੰ ਲੋਕ ਪੂਜਦੇ ਸਨ। ਇਸ ਦੀ ਲੱਕੜ ਕਦੇ ਕੋਈ ਨਹੀਂ ਸੀ ਬਾਲਦਾ। ਰਵਾਇਤ ਹੈ ਕਿ ਰੇਰੂ ਨਾਲ ਕਦੇ ਕੰਡਾ ਨਹੀਂ ਸੀ ਲਗਦਾ।

ਇਕ ਹੋਰ ਰਵਾਇਤ ਹੈ ਕਿ ਇਸ ਦਰਖ਼ਤ ਨੂੰ ਪਹਿਲਾਂ ਕੰਡੇ ਲਗਿਆ ਕਰਦੇ ਸਨ। ਜਦੋਂ ਪਿੰਡ ਦੀ ਵਸੋਂ ਵਧ ਗਈ ਤੇ ਇਸ ਬ੍ਰਿਛ ਦੇ ਕੰਡੇ ਲੰਘਦੇ ਲੋਕਾਂ ਤੇ ਪਸ਼ੂਆਂ ਨੂੰ ਪੱਛਣ ਲਗੇ ਤਾਂ ਪਿੰਡ ਦੇ ਲੋਕਾਂ ਇਸ ਨੂੰ ਵੱਢਣ ਦਾ ਫ਼ੈਸਲਾ ਕੀਤਾ। ਇਸ ਦਰਖ਼ਤ ਨਾਲ ਇਕ ਸਾਧੂ ਆਪਣਾ ਘੋੜਾ ਬੰਨ੍ਹਿਆ ਕਰਦਾ ਸੀ। ਸਾਧੂ ਨੇ ਦਰਖ਼ਤ ਨੂੰ ਵੱਢਣ ਦਾ ਕਾਰਨ ਪੁਛਿਆ। ਲੋਕਾਂ ਦੇ ਦੱਸਣ ਉਤੇ ਕਿ ਇਸ ਦੇ ਕੰਡੇ ਲੰਘਦੇ ਪਸ਼ੂਆਂ ਤੇ ਰਾਹੀਆਂ ਨੂੰ ਪੱਛਦੇ ਹਨ, ਸਾਧੂ ਨੇ ਕਿਹਾ, "ਇਸ ਰੁੱਖ ਨੂੰ ਨਾ ਵੱਢੋ, ਇਹ ਕਲ ਤਕ ਕੰਡੇ ਛੱਡ ਦੇਵੇਗਾ।"

ਅਗਲੇ ਦਿਨ ਲੋਕਾਂ ਵੇਖਿਆ ਕਿ ਰੇਰੂ ਨਾਲ ਇਕ ਵੀ ਕੰਡਾ ਨਹੀਂ ਸੀ। ਉਦੋਂ ਤੋਂ ਇਸ ਰੇਰੂ ਦੀ ਪੂਜਾ ਹੋਣ ਲੱਗੀ। ਸਾਧੂ ਫਿਰ ਕਦੇ ਨਜ਼ਰ ਨਹੀਂ ਆਇਆ।

(ਰ-95) **ਰੋਸ਼ਨੀ ਦਾ ਮੇਲਾ :**

ਰੋਸ਼ਨੀ ਦਾ ਮੇਲਾ, ਜਗਰਾਵਾਂ ਵਿਚ, ਪ੍ਰਸਿਧ ਸੂਫ਼ੀ ਫ਼ਕੀਰ ਅਬਦੁੱਲ ਕਾਦਰ ਜਿਲਾਨੀ ਦੀ ਕਬਰ ਉਤੇ, ਹਰ ਸਾਲ 14, 15 ਤੇ 16 ਫੱਗਣ ਨੂੰ ਲਗਦਾ ਹੈ। ਭਾਵੇਂ ਇਹ ਮੇਲਾ ਮੁਸਲਮਾਨੀ ਮੁੱਢ ਦਾ ਹੈ ਪਰ ਇਲਾਕੇ ਦੇ ਹਿੰਦੂ ਸਿੱਖ ਵੀ ਇਸ ਮੇਲੇ ਵਿਚ ਹੁਮ ਹੁਮਾ ਕੇ ਸ਼ਾਮਲ ਹੁੰਦੇ ਹਨ। ਦੇਸ਼ ਦੀ ਵੰਡ ਪਿਛੋਂ, ਮੁਸਲਮਾਨਾਂ ਦੇ ਪੰਜਾਬ ਵਿਚੋਂ ਹਿਜ਼ਰਤ ਕਰ ਜਾਣ ਮਗਰੋਂ ਵੀ, ਇਹ ਮੇਲਾ, ਪਹਿਲਾਂ ਵਾਂਗ ਹੀ ਉਸੇ ਜੋਸ਼ ਤੇ ਉਮੰਗ ਨਾਲ ਮੁਤਵਾਤਰ ਲਗ ਰਿਹਾ ਹੈ। ਇਸ ਮੇਲੇ ਦਾ ਨਾਉਂ 'ਰੋਸ਼ਨੀ' ਇਸ ਲਈ ਪਿਆ ਕਿ ਮੇਲੇ ਦੇ ਦਿਨੀਂ ਪੀਰ ਦੀ ਕਬਰ ਉਤੇ ਅਨੇਕਾਂ ਚਿਰਾਗ਼ ਬਾਲੇ ਜਾਂਦੇ ਹਨ, ਜਿਨ੍ਹਾਂ ਦੀ ਰੋਸ਼ਨੀ ਕਾਫ਼ੀ ਦੂਰੋਂ ਵਿਖਾਈ ਦੇਂਦੀ ਤੇ ਅਲੌਕਿਕ ਦ੍ਰਿਸ਼ ਪੇਸ਼ ਕਰਦੀ ਹੈ। ਇਸ ਮੇਲੇ ਦਾ ਆਪਣਾ ਜਲੌ ਹੈ।

ਲੋਕਾਂ ਦੀ ਪੀਰ ਵਿਚ ਬੜੀ ਸ਼ਰਧਾ ਹੈ। ਕਹਿੰਦੇ ਹਨ, ਜੋ ਵੀ ਸੁੱਖਣਾਂ ਪੀਰ ਦੀ ਖ਼ਾਨਗਾਹ ਉਤੇ ਸੁੱਖੀਆਂ ਜਾਂਦੀਆਂ ਹਨ, ਉਹ ਪੀਰ ਦੀ ਅਜ਼ਮਤ ਨਾਲ ਅਵੱਸ਼ ਪੂਰੀਆਂ ਹੁੰਦੀਆਂ ਹਨ। ਸ਼ਰਧਾਲੂ ਕਬਰ ਉਤੇ ਚਿਰਾਗ਼ ਜਲਾਂਦੇ, ਨਿਆਜ਼ਾਂ ਚਾੜ੍ਹਦੇ ਤੇ ਪੀਰ ਦੇ ਜਸ ਵਿਚ ਗੀਤ ਗਾਂਦੇ ਹਨ :

ਪੀਰਾਂ ਵਿਚ ਪੀਰ ਸੁਣੀਂਦਾ
ਵੱਡਾ ਪੀਰ ਇਲਾਹੀ
ਜਿਸ ਦੀ ਅਜ਼ਮਤ ਦੋਹੀਂ ਜਹਾਨੀਂ
ਸੂਰਜ ਵਾਂਗ ਰੁਸ਼ਨਾਈ।

ਇਹ ਮੇਲਾ ਸੁਭਾਵ ਵਿਚ ਲੌਕਿਕ ਹੈ। ਜੋ ਲੋਕ ਮੇਲੇ ਵਿਚ ਸ਼ਾਮਲ ਹੁੰਦੇ ਹਨ, ਉਨ੍ਹਾਂ ਵਿਚੋਂ ਕੋਈ ਵਿਰਲਾ ਹੀ ਪੀਰ ਅਬਦੁੱਲ ਕਾਦਰ ਜਿਲਾਨੀ ਬਾਰੇ ਜਾਣਦਾ ਹੈ। ਮੇਲੇ ਵਿਚ ਗਭਰੂਆਂ ਦੀਆਂ ਟੋਲੀਆਂ ਬੋਲੀਆਂ ਪਾਉਂਦੀਆਂ, ਬਕਰੇ ਬੁਲਾਉਂਦੀਆਂ ਤੇ ਨੱਚਦੀਆਂ ਟੱਪਦੀਆਂ ਵਿਖਾਈ ਦੇਂਦੀਆਂ ਹਨ। ਤੂੰਬੇ ਤੇ ਇਕਤਾਰੇ ਦੀਆਂ ਮਧੁਰ ਧੁਨੀਆਂ ਵਾਤਾਵਰਨ ਵਿਚ ਸੰਗੀਤ ਘੋਲੀ ਰਖਦੀਆਂ ਹਨ। ਇਸ ਮੇਲੇ ਦਾ ਮੁੱਢ ਭਾਵੇਂ ਧਾਰਮਿਕ ਪੀਰ ਪੂਜਾ ਤੋਂ ਅਰੰਭ ਹੋਇਆ, ਪਰ ਇਹ ਮੇਲਾ ਹੁਣ ਧਾਰਮਿਕ ਦੀ ਥਾਂ ਸੈਕੂਲਰ ਬਣ ਗਿਆ ਹੈ।

ਰੋਸ਼ਨੀ ਦੇ ਮੇਲੇ ਦਾ ਜ਼ਿਕਰ ਲੋਕ-ਗੀਤਾਂ ਵਿਚ ਵੀ ਆਉਂਦਾ ਹੈ। ਮੇਲੇ ਦਾ ਸਾਰਾ ਚਰਿਤ੍ਰ ਇਕ ਬੋਲੀ ਵਿਚ ਹੀ ਪੇਸ਼ ਕਰ ਦਿਤਾ ਗਿਆ ਹੈ :

ਆਰੀ, ਆਰੀ, ਆਰੀ
ਵਿਚ ਜਗਰਾਵਾਂ ਦੇ
ਬਈ ਲਗਦੀ ਰੋਸ਼ਨੀ ਭਾਰੀ।
ਦੂਰ ਦੂਰ ਤੋਂ ਗਭਰੂ ਆਉਂਦੇ,
ਘੋੜੇ ਊਠ ਸ਼ਿੰਗਾਰੀ,
ਲੰਮੇ ਚਾਦਰੇ ਕੁੰਢੀਆਂ ਮੁੱਛਾਂ,
ਮੋਢੇ ਡਾਂਗ ਉਲਾਰੀ।

ਹੱਸਦੇ ਹੱਸਦੇ ਇਹ ਲੜ ਪੈਂਦੇ
ਚਲਦੀ ਖ਼ੂਬ ਕਟਾਰੀ,
ਜ਼ੋਰ ਜਵਾਨੀ ਦੇ,
ਕਰਦੇ ਬੜੇ ਖਵਾਰੀ।

(ਰ-96) **ਰੋਹਿਣੀ** :

(1) ਦੱਖਸ਼ ਦੀ ਪੁਤ੍ਰੀ ਅਤੇ ਚੰਦਰਮਾ ਦੀ ਇਕ ਪਤਨੀ; ਪੁਰਾਣਾਂ ਅਨੁਸਾਰ ਚੰਦਰਮਾ ਦਾ ਰੋਹਿਣੀ ਨਾਲ ਬੜਾ ਪ੍ਰੇਮ ਸੀ ਅਤੇ ਉਹ ਇਸ ਦੇ ਪਿਆਰ ਵਿਚ ਇਤਨਾ ਲੀਨ ਰਹਿੰਦਾ ਕਿ ਆਪਣੀਆਂ ਬਾਕੀ ਇਸਤ੍ਰੀਆਂ, ਜੋ ਦੱਖਸ਼ ਦੀਆਂ ਧੀਆਂ ਤੇ ਰੋਹਿਣੀ ਦੀਆਂ ਭੈਣਾਂ ਸਨ, ਦੀ ਬਿਲਕੁਲ ਪਰਵਾਹ ਨਾ ਕਰਦਾ। ਜਿਸ ਕਰ ਕੇ ਦੱਖਸ਼ ਨੇ ਚੰਦਰਮਾ ਨੂੰ ਘੁਲ ਘੁਲ ਕੇ ਮਰਨ ਦਾ ਸਰਾਪ ਦਿਤਾ। ਜਦੋਂ ਚੰਦਰਮਾ ਘਟ ਕੇ ਇਕ ਲਕੀਰ ਬਣ ਗਿਆ, ਤਾਂ ਰੋਹਿਣੀ ਦੀਆਂ ਭੈਣਾਂ ਨੇ ਦੱਖਸ਼ ਨੂੰ ਆਪਣਾ ਸਰਾਪ ਵਾਪਸ ਲੈਣ ਲਈ ਕਿਹਾ। ਦੱਖਸ਼ ਨੇ ਸਰਾਪ ਵਾਪਸ ਤਾਂ ਨਾ ਲਿਆ, ਪਰ ਉਸ ਵਿਚ ਪਰਿਵਰਤਨ ਕਰ ਦਿਤਾ, ਪਹਿਲਾਂ ਪੰਦਰਾਂ ਦਿਨ ਚੰਦਰਮਾ ਘਟੇਗਾ ਤੇ ਫਿਰ ਪੰਦਰਾਂ ਦਿਨ ਵਧੇਗਾ। ਧਾਰਨਾ ਹੈ ਕਿ ਇਸੇ ਲਈ ਚੰਦਰਮਾ ਘਟਦਾ ਵਧਦਾ ਰਹਿੰਦਾ ਹੈ।

(2) ਨਛੱਤਰਾਂ ਵਿਚੋਂ ਚੌਥਾ ਨਛੱਤ੍ਰ।

(3) ਕਸ਼ਯਪ ਦੀ ਪੁਤ੍ਰੀ ਜੋ ਸੁਰਭੀ ਦੇ ਉਦਰ ਤੋਂ ਜੰਮੀ, ਇਹ ਸਿੰਗਾਂ ਵਾਲੇ ਪਸ਼ੂਆਂ ਦੀ ਮਾਂ ਹੈ।

(4) ਕ੍ਰਿਸ਼ਨ ਦੇ ਪਿਤਾ ਵਾਸੁਦੇਵ ਦੀ ਇਸਤ੍ਰੀ, ਜਿਸ ਦੇ ਉਦਰ ਤੋਂ ਬਲਰਾਮ ਜੰਮਿਆ। ਰੋਹਿਣੀ ਦਵਾਰਕਾ ਵਿਚ ਆਪਣੇ ਪਤੀ ਨਾਲ ਸਤੀ ਹੋਈ ਸੀ।

(5) ਕ੍ਰਿਸ਼ਨ ਦੀ ਇਕ ਰਾਣੀ।

(ਰ-97) **ਰੋਕਾ** :

ਰਿਸ਼ਤੇ ਨਾਤੇ ਨਾਲ ਸਬੰਧਿਤ ਇਕ ਰਸਮ, ਜੋ ਸਭ ਤੋਂ ਪਹਿਲਾਂ ਕੀਤੀ ਜਾਂਦੀ ਹੈ। ਜਦੋਂ ਵਰ ਤੇ ਕੰਨਿਆਂ ਦੇ ਰਿਸ਼ਤੇ ਦੀ ਗੱਲ ਦੋਹਾਂ ਪੱਖਾਂ ਨੂੰ ਪਰਵਾਨ ਹੋ ਜਾਂਦੀ ਹੈ ਤਾਂ 'ਰੋਕੇ' ਦੀ ਰੀਤ ਕੀਤੀ ਜਾਂਦੀ ਹੈ। ਇਸ ਨੂੰ ਧਨ-ਪੋਠੋਹਾਰ ਖੇਤਰ ਵਿਚ 'ਠਾਕਾ' ਕਿਹਾ ਜਾਂਦਾ ਹੈ। ਇਸ ਰੀਤ ਦਾ ਮੰਤਵ ਕੰਨਿਆਂ ਲਈ ਵਰ 'ਰੋਕ' ਅਥਵਾ 'ਠਾਕ' ਲੈਣਾ ਹੈ। ਇਹ ਰਸਮ ਬੜੀ ਸਾਧਾਰਨ ਜਿਹੀ ਹੁੰਦੀ ਹੈ। ਕੇਂਦਰੀ ਪੰਜਾਬ ਵਿਚ ਤਾਂ ਕੰਨਿਆਂ ਪੱਖ ਵਾਲੇ ਵਰ ਦੀ ਤਲੀ ਉਤੇ ਰੋਕ ਰੁਪਿਆ ਰਖ ਕੇ, ਗੁੜ ਦੀ ਰੋੜੀ ਨਾਲ ਹੀ ਕੰਮ ਸਾਰ ਲੈਂਦੇ ਹਨ। ਧਨੀ-ਪੋਠੋਹਾਰ ਦੇ ਖਤ੍ਰੀ-ਅਰੋੜੇ ਇਸ ਮੌਕੇ ਉਤੇ ਵਰ ਨੂੰ ਕੰਨਿਆਂ ਦੇ ਘਰ ਸੱਦ ਕੇ ਦੁੱਧ ਪਿਲਾਉਂਦੇ ਹਨ। ਵਰ ਦੇ ਨਾਲ ਉਸਦੇ ਕੁਝ ਅੰਗ-ਸਾਕ ਵੀ ਦੁੱਧ ਪੀਂਦੇ ਹਨ।

(ਰ-98) **ਰੋਗ** :

ਰੋਗਾਂ ਬਾਰੇ ਬੜੀ ਦਿਲਚਸਪ ਲੋਕਧਾਰਾ ਪ੍ਰਚਲਤ ਹੈ। ਲੋਕ-ਮਨ ਨੇ ਜੜ੍ਹ ਵਸਤੂਆਂ ਵਾਂਗ ਹੀ ਰੋਗਾਂ ਦਾ ਵੀ ਮਾਨਵੀਕਰਨ ਕਰ ਦਿਤਾ ਹੈ। ਸੀਤਲਾ ਤੇ ਉਸ ਦੀਆਂ ਭੈਣਾਂ ਹਰ ਤਰ੍ਹਾਂ ਦੇ ਰੋਗ, ਬੱਚਿਆਂ ਵਿਚ ਫੈਲਾਂਦੀਆਂ ਹਨ। ਇਸ ਲਈ ਰੋਗਾਂ ਦੇ ਦੌਰਾਨ, ਰੋਗਾਂ ਦੀਆਂ ਦੇਵੀਆਂ ਨੂੰ ਪ੍ਰਸੰਨ ਰਖਣਾ ਲਾਜ਼ਮੀ ਹੈ (ਵੇਖੋ : ਸੀਤਲਾ ਦੇਵੀ)। ਕਈ ਵਾਰ ਬੱਚੇ ਨੂੰ, ਖ਼ਾਸ ਤੌਰ ਤੇ ਸੀਤਲਾ ਨਿਕਲਣ 'ਤੇ, ਦਵਾ ਦਾਰੂ ਵੀ ਨਹੀਂ ਕੀਤਾ ਜਾਂਦਾ, ਕਿਉਂ ਜੋ ਇਸ ਤਰ੍ਹਾਂ ਕਰਨ ਨਾਲ ਦੇਵੀ ਨਾਰਾਜ਼ ਹੋ ਜਾਂਦੀ ਹੈ। ਇਸ ਕਰਕੇ ਦੇਵੀਆਂ ਨੂੰ ਪਤਿਆਣ ਨਾਲ ਵੀ ਰੋਗ ਦਾ ਨਿਵਾਰਨ ਹੋ ਜਾਂਦਾ ਮੰਨਦੇ ਹਨ।

ਤੀਜੇ ਦਾ ਬੁਖ਼ਾਰ ਇਕ ਪੰਛੀ ਤੋਂ ਹੁੰਦਾ ਹੈ, ਜਿਹੜਾ ਬਾਲ ਦੇ ਸਰੀਰ ਵਿਚ ਦਾਖ਼ਿਲ ਹੋ ਕੇ ਉਸ ਦਾ ਲਹੂ ਪੀਂਦਾ ਹੈ। ਇਸ ਰੋਗ ਦੇ ਨਿਵਾਰਨ ਲਈ, ਇਕ ਕਥਾ ਬਾਲ ਨੂੰ ਸੁਣਾਈ ਜਾਂਦੀ ਹੈ। ਗੁਰੂ ਅਮਰ ਦਾਸ ਜੀ ਨੇ ਇਸ ਰੋਗ ਨੂੰ ਪੰਛੀ ਦੇ ਰੂਪ ਵਿਚ ਪਕੜ ਕੇ ਪਿੰਜਰੇ ਵਿਚ ਬੰਦ ਕਰ ਦਿਤਾ ਸੀ ਤੇ ਉਦੋਂ ਛੱਡਿਆ, ਜਦੋਂ ਇਸ ਪੰਛੀ ਨੇ ਵਾਇਦਾ ਕੀਤਾ ਕਿ ਜਿਥੇ ਇਸ ਘਟਨਾ ਦੀ ਕਹਾਣੀ ਸੁਣਾਈ ਜਾਵੇਗੀ, ਉਥੇ ਇਹ ਰੋਗ ਨਹੀਂ ਰਹੇਗਾ।

ਅੱਧੇ ਸਿਰ ਦੇ ਦਰਦ ਲਈ 'ਅਧਸੀਸੀ' ਦੀ ਕਹਾਣੀ ਸੁਣਾਈ ਜਾਂਦੀ ਹੈ (ਵੇਖੋ : ਅਧਸੀਸੀ)।

ਬੱਚਿਆਂ ਦੇ ਸਾਹਮਣੇ ਰੋਗਾਂ ਦੇ ਨਾਉਂ ਨਹੀਂ ਲਏ ਜਾਂਦੇ। ਰੋਗ ਦੀ ਦੇਵੀ ਹਾਜ਼ਰ ਹੋ ਜਾਂਦੀ ਹੈ ਤੇ ਰੋਗ ਲਗਾ ਦੇਂਦੀ ਹੈ।

ਰੋਗਾਂ ਨੂੰ ਮੰਤਰਾਂ ਨਾਲ ਵੀ ਦੂਰ ਕੀਤਾ ਜਾਂਦਾ ਹੈ। ਸੱਪ ਜਾਂ ਅਠੂਏਂ ਦੇ ਕੱਟੇ ਦਾ ਇਲਾਜ ਮੰਤਰ ਮੰਨਿਆ ਜਾਂਦਾ ਹੈ।

ਆਪਣਾ ਰੋਗ ਦਰੱਖ਼ਤਾਂ ਨੂੰ ਸੌਂਪ ਦਿਤਾ ਜਾਂਦਾ ਹੈ। ਧਾਰਨਾ ਹੈ ਕਿ ਪਿੱਪਲ ਦੇ ਦੁਆਲੇ ਪ੍ਰਕਰਮਾ ਕਰਦੇ ਹੋਏ ਤੇ ਮੌਲੀ ਦਾ ਧਾਗਾ ਲਪੇਟਦੇ ਹੋਏ ਜੋ ਪ੍ਰਾਰਥਨਾ ਕੀਤੀ ਜਾਵੇ ਤਾਂ ਰੋਗ ਪਿੱਪਲ ਵਿਚ ਪ੍ਰਵਿਰਤ ਹੋ ਜਾਂਦਾ ਹੈ ਤੇ ਰੋਗੀ ਨਵਾਂ ਨਰੋਆ ਹੋ ਜਾਂਦਾ ਹੈ।

(ਰ-99) **ਰੋਜ਼ਾ** :

ਰੋਜ਼ਾ ਰਖਣਾ ਇਸਲਾਮ ਮਤ ਦਾ ਲਾਜ਼ਮੀ ਅੰਗ ਹੈ। ਮੁਸਲਮਾਨ ਆਤਮਿਕ ਤੇ ਮਾਨਸਿਕ ਸ਼ੁਧਤਾ ਲਈ ਰਮਜ਼ਾਨ ਦੇ ਸਾਰੇ ਮਹੀਨੇ, ਰੋਜ਼ ਰੋਜ਼ਾ ਰਖਦੇ ਹਨ। ਸੂਰਜ ਚੜ੍ਹਨ ਤੋਂ ਪਹਿਲਾਂ ਉਹ ਨਿਆਰੀ ਖਾ ਲੈਂਦੇ ਹਨ ਤੇ ਫਿਰ ਸੂਰਜ ਡੁਬਣ ਤਕ ਕੋਈ ਚੀਜ਼ ਮੂੰਹ ਨਹੀਂ ਲਗਾਂਦੇ। ਸੂਰਜ ਡੁਬਦੇ ਸਾਰ

ਉਨ੍ਹਾਂ ਲਈ ਰੋਜ਼ਾ ਖੋਲ੍ਹਣਾ ਜ਼ਰੂਰੀ ਹੈ, ਕਿਉਂਜੋ ਮੁਸਲਮਾਨਾਂ ਵਿਚ ਨਿਰੰਤਰ ਰੋਜ਼ਾ ਰਖਣਾ ਮਨ੍ਹਾ ਹੈ।

ਰੋਜ਼ੇ ਦੇ ਦਿਨਾਂ ਵਿਚ ਮੁਸਲਮਾਨ ਨੂੰ ਕਾਮਾਦਿਕ ਭਾਵਾਂ ਤੇ ਨਿੰਦਿਤ ਕਰਮਾਂ ਤੋਂ ਬਚਣ ਦਾ ਆਦੇਸ਼ ਹੈ। ਰੋਜ਼ੇ ਨੂੰ ਪੰਜ ਗੱਲਾਂ ਬੇਅਸਰ ਬਣਾ ਦੇਂਦੀਆਂ ਹਨ—ਝੂਠ ਬੋਲਣਾ, ਚੁਗ਼ਲੀ ਕਰਨੀ, ਨਿੰਦਿਆ ਕਰਨੀ, ਝੂਠੀ ਕਸਮ ਚੁਕਣੀ, ਕਾਮਾਦਿਕ ਭਾਵਾਂ ਨਾਲ ਵੇਖਣਾ। ਰੋਜ਼ਾ ਰੱਖਣ ਵਾਲਾ ਸਖ਼ਤ ਪਿਆਸ ਲਗਣ ਤੇ, ਥੋੜੀ ਦੇਰ ਲਈ ਮੂੰਹ ਵਿਚ ਪਾਣੀ ਰਖ ਕੇ, ਮੂੰਹ ਗਿੱਲਾ ਤਾਂ ਕਰ ਸਕਦਾ ਹੈ, ਪਰ ਘੁਟ ਨੂੰ ਅੰਦਰ ਨਹੀਂ ਲੰਘਾ ਸਕਦਾ ਤੇ ਕੋਈ ਚੀਜ਼ ਚਿਥ ਨਹੀਂ ਸਕਦਾ। ਰੋਜ਼ਾ ਰਖਣ ਵਾਲੇ ਲਈ ਜੇ ਸੰਭਵ ਹੋਵੇ ਤਾਂ ਇਤਕਾਫ ਕਰੇ ਭਾਵ ਕਿਸੇ ਮਸਜਦ ਵਿਚ ਜਾ ਕੇ ਕਿਨਾਰਾ ਕਰੇ, ਖ਼ਾਸ ਤੌਰ ਤੇ ਰਮਜ਼ਾਨ ਦੇ ਅਖ਼ੀਰਲੇ ਦਸ ਰੋਜ਼ਿਆਂ ਵਿਚ। ਦਿਨ ਵੇਲੇ ਕੁਰਾਨ ਦਾ ਪਾਠ ਕਰਨਾ ਲਾਜ਼ਮੀ ਦਸਿਆ ਹੈ।

ਰੋਜ਼ੇ ਲਈ ਕੁਝ (ਮੁਫਤਰਿਆਤ) ਮਨਾਹੀਆਂ ਵੀ ਹਨ—ਰੋਜ਼ੇ ਦੇ ਦਿਨ ਅੰਨ ਖਾਣਾ, ਪਾਣੀ ਪੀਣਾ, ਧੂੰਆਂ ਤੰਬਾਕੂ ਪੀਣਾ, ਇਥੋਂ ਤਕ ਕਿ ਆਪਣੀ ਥੁੱਕ ਵੀ ਅੰਦਰ ਲੰਘਾਣੀ ਮਨ੍ਹਾ ਹੈ। ਸਭ ਤੋਂ ਅਜੀਬ ਗੱਲ ਤਾਂ ਇਹ ਹੈ ਕਿ ਰੋਜ਼ੇ ਵਾਲੇ ਦਿਨ ਉਲਟੀ ਕਰਨ ਦੀ ਵੀ ਮਨਾਹੀ ਹੈ। ਭਾਵੇਂ ਹਕੀਮ ਦੇ ਕਹਿਣ ਤੇ ਹੀ ਕੀਤੀ ਜਾਵੇ, ਰੋਜ਼ਾ ਲੇਖੇ ਨਹੀਂ ਲਗਦਾ। ਰੋਜ਼ੇ ਦੇ ਦਿਨੀਂ ਲਿੰਗ ਵਾਸ਼ਨਾ ਅੰਦਰੋਂ ਨਹੀਂ ਉਠਣੀ ਚਾਹੀਦੀ। ਤੀਵੀਆਂ ਜੇ ਮਾਹਾਵਾਰੀ ਤੇ ਹੋਣ ਤਾਂ ਰੋਜ਼ਾ ਲੇਖੇ ਨਹੀਂ ਲਗਦਾ।

ਰੋਜ਼ਾ ਹਰ ਮੁਸਲਮਾਨ ਮਰਦ ਔਰਤ ਲਈ ਰਖਣਾ ਜ਼ਰੂਰੀ ਹੈ। ਛੋਟੇ ਬੱਚੇ, ਬਿਰਧ ਤੇ ਰੋਗੀ, ਗਰਭਵਤੀ ਇਸਤ੍ਰੀ, ਲੰਮੇ ਸਫ਼ਰ ਦੇ ਪਾਂਧੀ ਨੂੰ ਰੋਜ਼ੇ ਤੋਂ ਛੋਟ ਹੈ, ਪਰ ਸ਼ਰ੍ਹਾ ਅਨੁਸਾਰ ਇਸ ਤਰ੍ਹਾਂ ਗੰਵਾਏ ਦਿਨਾਂ ਦੇ ਰੋਜ਼ੇ ਰਾਜ਼ੀ ਹੋਣ ਜਾਂ ਸਫ਼ਰੋਂ ਮੁੜ ਆ ਕੇ ਪੂਰੇ ਕਰਨੇ ਜ਼ਰੂਰੀ ਹਨ।

ਰਮਜ਼ਾਨ ਦੇ ਮਹੀਨੇ ਤੋਂ ਬਿਨਾਂ ਵੀ ਰੋਜ਼ੇ ਰਖੇ ਜਾ ਸਕਦੇ ਹਨ। ਗਜ਼ਾਲੀ ਅਨੁਸਾਰ ਇਹ ਰੋਜ਼ੇ ਹਿਜਾ, ਮੁਹੱਰਮ, ਰੱਜਬ ਤੇ ਸ਼ਬਆਨ ਦੇ ਮਹੀਨਿਆਂ ਵਿਚ ਰਖਣੇ ਕਲਿਆਣਕਾਰੀ ਹਨ। ਇਨ੍ਹਾਂ ਚੌਹਾਂ ਮਹੀਨਿਆਂ ਦੀ ਪਹਿਲੀ, ਬਾਰ੍ਹਵੀਂ, ਤੇਰ੍ਹਵੀਂ, ਚੌਧਵੀਂ, ਪੰਦਰਵੀਂ ਤੇ ਅਖ਼ੀਰਲੀ ਤਿੱਥ ਰੋਜ਼ਿਆਂ ਲਈ ਵਧੇਰੇ ਸ਼ੁਭ ਹੈ। ਇਸੇ ਤਰ੍ਹਾਂ ਹਫ਼ਤੇ ਦਾ ਸੋਮਵਾਰ, ਜੁਮੇਂਰਾਤ ਤੇ ਜੁਮਾ ਰੋਜ਼ੇ ਲਈ ਸ਼ੁਭ ਹੈ। ਮਿਜ਼ਕਾਤ ਅਨੁਸਾਰ ਮੁਹੱਰਮ ਦੇ ਦਸਵੇਂ ਦਿਨ, ਰੋਜ਼ਾ ਰਖਣ ਨਾਲ ਆਉਣ ਵਾਲੇ ਵਰ੍ਹੇ ਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ। ਇਸੇ ਤਰ੍ਹਾਂ ਈਦੁਲ ਫ਼ਿਤਰ ਪਿਛੋਂ ਛੇ ਦਿਨ ਰੋਜ਼ੇ ਰਖਣ ਦਾ ਬੜਾ ਸੁਆਬ (ਪੁੰਨ) ਹੈ।

ਰੋਜ਼ਿਆਂ ਦੇ ਦਿਨਾਂ ਵਿਚ, ਸਵੇਰੇ, ਸੂਰਜ ਚੜ੍ਹਨ ਤੋਂ ਪਹਿਲਾਂ ਜੋ ਭੋਜਨ ਖਾਧਾ ਜਾਂਦਾ ਹੈ ਉਸ ਨੂੰ ਸੇਹਰੀ ਆਖਦੇ ਹਨ ਅਤੇ ਸੂਰਜ ਡੁਬਣ ਮਗਰੋਂ ਰੋਜ਼ਾ ਖੋਲ੍ਹਣ ਵੇਲੇ, ਜੋ ਵਸਤੂ ਮੂੰਹ ਲਗਾਈ ਜਾਂਦੀ ਹੈ, ਉਸ ਨੂੰ 'ਅਫ਼ਤਾਰ' ਕਹਿੰਦੇ ਹਨ। ਅਫ਼ਤਾਰ ਮਗਰੋਂ ਨਿਮਾਜ਼ ਪੜ੍ਹੀ ਜਾਂਦੀ ਹੈ।

(ਰ-100) **ਰੋਜ਼ਾਨਾਮਾ :**

ਇਕ ਕਾਵਿ-ਰੂਪ ਜਿਸ ਵਿਚ ਰੋਜ਼ਿਆਂ ਨੂੰ ਆਧਾਰ ਬਣਾ ਕੇ ਮਨੋਂ ਭਾਵਨਾ ਪ੍ਰਗਟ ਕੀਤੀਆਂ ਜਾਂਦੀਆਂ ਹਨ। ਇਸ ਰਚਨਾ ਵਿਚ ਇਕ ਇਕ ਰੋਜ਼ੇ ਨੂੰ ਲੈ ਕੇ ਰੋਜ਼ਾ ਰਖਣ ਵਾਲੇ ਦੀ ਸਰੀਰਕ, ਮਾਨਸਿਕ ਤੇ ਆਤਮਿਕ ਅਵਸਥਾ ਦਾ ਵਰਨਣ ਹੈ। ਅਨੇਕਾਂ ਮੁਸਲਮਾਨ ਕਵੀਆਂ ਨੇ 'ਰੋਜ਼ਾਨਾਮਾ' ਲਿਖੇ, ਪਰ ਕਾਦਰਯਾਰ ਦਾ ਰੋਜ਼ਾਨਾਮਾ ਵਧੇਰੇ ਪ੍ਰਸਿਧ ਹੈ। ਉਦਾਹਰਣ—

ਅਗੋਂ ਰੋਜ਼ਾ ਆਇਆ ਤੇਰ੍ਹਵਾਂ,
ਮੇਰੇ ਪਿਆ ਕਲੇਜੇ ਹੋਰਵਾਂ।
ਮੇਰੇ ਜੁੱਸੇ ਕੁਵੱਤ ਨਾ ਰਹੀ,
ਮੇਰੀ ਜਾਨ ਲਬਾਂ ਪਰ ਅੜੀ ਰਹੀ।
ਮੈਂ ਬਹੁਤ ਬੀਮਾਰ ਹਾਂ ਕਾਦਰਾ,
ਇਸ ਜ਼ਾਲਮ ਘੜੀ ਦੁਪਹਿਰ ਦੀ।

(ਰ-101) **ਰੋਜ਼ੇ ਹਸ਼ਰ :**

ਕਿਆਮਤ ਦਾ ਦਿਨ; ਇਸਲਾਮੀ ਵਿਸ਼ਵਾਸਾਂ ਅਨੁਸਾਰ ਇਸ ਦਿਨ ਇਸਰਾਈਲ ਦੇ ਰਣ-ਸਿੰਗੇ ਦੀ ਧੁਨੀ ਸੁਣ ਕੇ, ਦੁਨੀਆਂ ਵਿਚ ਪਰਲੋ ਆਏਗੀ ਅਤੇ ਮੁਰਦੇ ਕਬਰਾਂ ਵਿਚੋਂ ਉਠਣਗੇ। ਹਰ ਮਨੁੱਖ ਤੋਂ ਉਸ ਦੇ ਚੰਗੇ ਮੰਦੇ ਕਰਮਾਂ ਦਾ ਹਿਸਾਬ ਪੁਛਿਆ ਜਾਵੇਗਾ ਤੇ ਇਨ੍ਹਾਂ ਅਨੁਸਾਰ ਉਸ ਨੂੰ ਬਹਿਸ਼ਤ ਜਾਂ ਦੋਜ਼ਖ਼ ਨਸੀਬ ਹੋਵੇਗਾ।

(ਰ-102) **ਰੋਜ਼ੇ ਮੀਸਾਕ :**

ਮੀਸਾਕ ਅਥਵਾ ਅਹਿਦਨਾਮੇ (ਸੰਧੀਨਾਮੇ) ਦਾ ਦਿਨ। ਇਸ ਦਿਨ ਅੱਲਾ ਵਿਚ ਯਕੀਨ ਪ੍ਰਗਟ ਕੀਤਾ ਗਿਆ ਸੀ ਕਿ ਉਹ ਸਾਡਾ ਰੱਬ ਹੈ। ਮੁਸਲਮਾਨੀ ਅਕੀਦੇ ਅਨੁਸਾਰ ਜਦੋਂ ਸੰਸਾਰ ਦੀ ਰਚਨਾ ਕੀਤੀ ਗਈ ਤਾਂ ਉਸ ਦਿਨ ਰੱਬ ਨੇ ਰੂਹਾਂ ਤੋਂ ਪੁਛਿਆ : 'ਅਲਸਤੋ ਬਿਰੱਬਿ ਕੁਮ' ਭਾਵ 'ਕੀ ਮੈਂ ਤੁਹਾਡਾ ਰੱਬ ਨਹੀਂ ਹਾਂ ?' ਅਗੋਂ ਰੂਹਾਂ ਨੇ ਝਟ ਜਵਾਬ ਦਿਤਾ : 'ਕਾਲੂ ਬਲਾ' ਭਾਵ 'ਹਾਂ ਤੂੰ ਹੈਂ।'

ਹੀਰ, ਰਾਂਝੇ ਦੇ ਨਾਲ ਆਪਣਾ ਇਸ਼ਕ ਰੋਜ਼ੇ ਮੀਸਾਕ ਤੋਂ ਦਸਦੀ ਹੈ।

**(ਰ-103) ਰੋਟ :**

ਇਕ ਖ਼ਾਸ ਤਰ੍ਹਾਂ ਦੀ ਵੱਡੇ ਅਕਾਰ ਦੀ ਮੋਟੀ ਜਿਹੀ ਰੋਟੀ, ਜੋ ਪੀਰਾਂ ਫ਼ਕੀਰਾਂ ਦੀਆਂ ਖ਼ਾਨਗਾਹਾਂ ਉਤੇ ਭੇਟ ਕੀਤੀ ਜਾਂਦੀ ਹੈ। ਸਖੀ ਸਰਵਰ ਦੇ ਅਨੁਯਾਈ ਵੀ ਕਿਸੇ ਮੰਨਤ ਦੇ ਪੂਰੇ ਹੋਣ ਤੇ ਰੋਟ ਪਕਾ ਕੇ ਵੰਡਦੇ ਹਨ' ਪੋਠੋਹਾਰ ਵਿਚ ਇਸ ਰੋਟੀ ਨੂੰ 'ਮਨ' ਵੀ ਕਹਿੰਦੇ ਹਨ। ਕਿਉਂ ਜੋ ਪਹਿਲਿਆਂ ਵਿਚ ਰੋਟ ਇਕ ਮਣ ਆਟੇ ਵਿਚ ਇਤਨਾ ਹੀ ਗੁੜ ਰਲਾ ਕੇ ਪਕਾਇਆ ਜਾਂਦਾ ਸੀ। ਰੋਟ ਪਕਾਣ ਲਈ ਪਹਿਲਾਂ ਆਟੇ ਵਿਚ ਗੁੜ, ਛੁਹਾਰੇ, ਖੋਪੇ ਦੀਆਂ ਕਾਪਾਂ, ਸੌਂਫ ਆਦਿ ਮਲਾ ਲਿਆ ਜਾਂਦਾ ਹੈ। ਫਿਰ ਇਕ ਵੱਡੀ ਸਾਰੀ ਭੱਠੀ ਬਣਾਈ ਜਾਂਦੀ ਹੈ, ਜਿਸ ਦੇ ਹੇਠਾਂ ਗੋਹੇ ਬਾਲੇ ਜਾਂਦੇ ਹਨ। ਉਪਰ ਗੋਹੇ ਤੇ ਮਿੱਟੀ ਨੂੰ ਗੁੰਨ੍ਹ ਕੇ ਬਣਾਇਆ ਇਕ ਵੱਡਾ ਸਾਰਾ ਤਵਾ ਰਖਿਆ ਜਾਂਦਾ ਹੈ। ਜਦੋਂ ਤਵਾ ਲਾਲ ਹੋ ਜਾਂਦਾ ਹੈ ਤਾਂ ਉਸ ਉਤੇ ਗੁੰਨ੍ਹੇ ਆਟੇ ਦਾ ਦੋ ਕੁ ਉਂਗਲ ਮੋਟਾ ਥਰ ਜਮਾ ਦਿਤਾ ਜਾਂਦਾ ਹੈ ਜਦੋਂ ਇਹ ਪਕ ਕੇ ਲਾਲ ਹੋ ਜਾਂਦਾ ਹੈ ਤਾਂ ਇਸ ਨੂੰ ਪੀਰ ਨਮਿਤ ਭੇਟ ਕਰ ਕੇ ਵੰਡ ਦਿਤਾ ਜਾਂਦਾ ਹੈ। ਕਈ ਵਾਰੀ ਧਰਤੀ ਨੂੰ ਚੰਗੀ ਤਰ੍ਹਾਂ ਤਪਾ ਕੇ ਉਸੇ ਉਪਰ 'ਰੋਟ' ਪਕਾ ਲਿਆ ਜਾਂਦਾ ਹੈ।

**(ਰ-104) ਰੋਟੀ ਖਾਵਣ :**

ਬਹਾਵਲਪੁਰ ਦੇ ਮੁਸਲਮਾਨਾਂ ਵਿਚ ਵਿਆਹ ਨਾਲ ਸਬੰਧਿਤ ਇਕ ਰਸਮ। ਕੁੜਮਾਈ ਤੋਂ ਮਗਰੋਂ ਲੜਕਾ ਗਿਆਰਾਂ ਰੁਪਏ ਨਾਲ ਲੈ ਕੇ, ਆਪਣੇ ਸਹੁਰੇ ਘਰ ਜਾਂਦਾ ਹੈ। ਜਿਸ ਥਾਲੀ ਵਿਚ ਉਸ ਨੂੰ ਰੋਟੀ ਖਾਣ ਲਈ ਦਿਤੀ ਜਾਂਦੀ ਹੈ, ਉਸ ਵਿਚ ਉਹ ਗਿਆਰਾਂ ਰੁਪਏ ਰਖ ਦੇਂਦਾ ਹੈ, ਜੋ ਲੜਕੀ ਦੇ ਮਾਪੇ ਚੁਕ ਲੈਂਦੇ ਹਨ। ਲੜਕੀ ਦੇ ਮਾਪੇ ਲੜਕੇ ਨੂੰ ਇਕ ਲੁੰਗੀ ਦੇਂਦੇ ਹਨ। ਜੇ ਉਹ ਅਮੀਰ ਹੋਣ ਤਾਂ ਸੋਨੇ ਜਾਂ ਚਾਂਦੀ ਦੀ ਮੁੰਦਰੀ ਵੀ। ਲੜਕਾ ਉਸ ਰਾਤ ਉਨ੍ਹਾਂ ਦੇ ਘਰ ਹੀ ਠਹਿਰਦਾ ਹੈ। ਇਸ ਰਸਮ ਤੋਂ ਬਾਅਦ ਛੇ ਮਹੀਨੇ ਤਕ ਵਿਆਹ ਨਹੀਂ ਹੋ ਸਕਦਾ, ਪਰ ਚਾਰ ਸਾਲ ਤਕ ਹੋ ਜਾਣਾ ਲਾਜ਼ਮੀ ਹੈ (ਬਹਾਵਲਪੁਰ ਗਜ਼ਟੀਅਰ, 102)।

**(ਰ-105) ਰੋਟੀ ਬੇਟੀ ਦੀ ਸਾਂਝ :**

ਪੰਜਾਬ ਵਿਚ ਇਹ ਰਵਾਜ ਆਮ ਪ੍ਰਚਲਤ ਹੈ ਕਿ ਜਦੋਂ ਕੋਈ ਸ਼ਖ਼ਸ ਕਿਸ ਨਾਲ ਚੰਗੇ ਮਿਤ੍ਰਤਾ ਭਰੇ ਸਬੰਧ ਕਾਇਮ ਰਖਣਾ ਚਾਹੇ ਤਾਂ ਉਹ ਉਸ ਨਾਲ ਇਕੋ ਥਾਲੀ ਵਿਚ ਰਟੀ ਖਾ ਕੇ ਇਕ ਨਵੀਂ ਸਾਂਝ ਪੈਦਾ ਕਰ ਲੈਂਦਾ ਹੈ। ਇਹ ਵਿਚਾਰ ਬੜਾ ਪੁਰਾਣਾ ਹੈ ਤੇ ਟੂਣਾ ਚਿੰਤਨ 'ਤੇ ਆਧਾਰਤ ਹੈ। ਫਰੇਜ਼ਰ ਨੇ ਆਪਣੀ ਪੁਸਤਕ ਵਿਚ ਇਸ ਰੀਤ ਦੀ ਵਿਆਖਿਆ ਕਰਦਿਆਂ ਕਿਹਾ ਹੈ, "ਇਕੱਠੇ ਰੋਟੀ ਖਾ ਕੇ ਦੋ ਪ੍ਰਾਣੀ ਅਸਲੋਂ ਇਕ ਦੂਜੇ ਨਾਲ ਚੰਗਾ ਸਲੂਕ ਕਰਨ ਦਾ ਪ੍ਰਣ ਲੈਂਦੇ ਹਨ, ਇਕ ਸ਼ਖ਼ਸ ਦੂਜੇ ਨੂੰ ਭਰੋਸਾ ਦਵਾਂਦਾ ਹੈ ਕਿ ਇਕ ਦੂਜੇ ਵਿਰੁਧ ਕੋਈ ਧੋਖਾ ਫਰੇਬ ਜਾਂ ਚਲਾਕੀ ਨਹੀਂ ਕਰਨਗੇ, ਕਿਉਂ ਜੋ ਉਹ ਦੋਵੇਂ ਆਪਨਾ ਪੇਟ ਸਾਂਝੀ ਖ਼ੁਰਾਕ ਨਾਲ ਭਰ ਕੇ ਸਰੀਰਕ ਤੌਰ ਉਤੇ ਇਕ ਹੋ ਗਏ ਹੁੰਦੇ ਹਨ। ਜੇ ਉਹ ਆਪਣੇ ਮਿਤ੍ਰ ਨੂੰ, ਜਿਸ ਨਾਲ ਇਕੋ ਥਾਲੀ ਵਿਚ ਭੋਜਨ ਖਾਧਾ ਹੈ, ਕੋਈ ਨੁਕਸਾਨ ਪਹੁੰਚਾਵੇਗਾ ਤਾਂ ਉਹ ਸੱਟ ਉਸੇ ਜ਼ੋਰ ਨਾਲ ਉਸਦੇ ਆਪਣੇ ਸਿਰ ਉਤੇ ਵੀ ਵਜੇਗੀ, ਜਿਤਨੇ ਜ਼ੋਰ ਨਾਲ ਕਿ ਉਸ ਦੇ ਮਿਤ੍ਰ ਨੂੰ।

**(ਰ-106) ਰੋੜਾ ਜਲਾਲੀ :**

ਪੰਜਾਬ ਦੀ ਇਕ ਪ੍ਰਸਿਧ ਪ੍ਰੀਤ ਕਥਾ; ਰਵਾਇਤਾਂ ਅਨੁਸਾਰ ਰੋੜੇ ਦਾ ਪੂਰਾ ਨਾਂ ਅਲੀ ਗੌਹਰ ਸੀ ਅਤੇ ਉਹ ਬਲੱਖ ਦੇ ਇਕ ਰਈਸ ਸੁਲਤਾਨ ਜਲਾਲ ਆਦਲ ਦਾ ਪੁੱਤਰ ਸੀ। ਰੋੜਾ ਸੁਪਨੇ ਵਿਚ ਜਲਾਲੀ ਦਾ ਹੁਸਨ ਵੇਖ ਕੇ ਮੋਹਿਤ ਹੋ ਗਿਆ। ਸਰ ਰਿਚਰਡ ਟੈਂਪਲ ('ਲੈਜਿੰਡਜ਼ ਆਫ਼ ਦੀ ਪੰਜਾਬ' 2,163) ਅਨੁਸਾਰ ਰੋੜਾ ਮੁਲਤਾਨ ਦਾ ਰਹਿਣ ਵਾਲਾ ਸੀ ਅਤੇ ਅਬਦੁਲ ਕਾਦਰ ਜੀਲਾਨੀ ਦਾ ਮੁਰੀਦ ਸੀ। ਜੇ ਇਹ ਗੱਲ ਠੀਕ ਮੰਨ ਲਈ ਜਾਵੇ ਤਾਂ ਰੋੜਾ 15ਵੀਂ ਸਦੀ ਵਿਚ ਹੋਇਆ। ਸਰ ਰਿਚਰਡ ਟੈਂਪਲ ਰੋੜੇ ਦੀ ਮਜ਼ਾਰ ਦਾ ਵੀ ਜ਼ਿਕਰ ਕਰਦਾ ਹੈ, ਜੋ ਉਹ ਲਾਹੌਰ ਦੇ ਨੇੜੇ ਅੰਮ੍ਰਿਤਸਰ ਵਲ ਜਾਂਦੀ ਸੜਕ ਉਤੇ ਦਸਦਾ ਹੈ। ਰੋੜੇ ਬਾਰੇ ਪ੍ਰਚਲਤ, ਬਹੁਤ ਸਾਰੀਆਂ ਦੰਦ-ਕਥਾਵਾਂ ਇਹੋ ਦਸਦੀਆਂ ਹਨ ਕਿ ਉਹ ਮੱਕੇ ਤੋਂ ਭਾਰਤ ਆਇਆ, ਪਰ ਸਰ ਰਿਚਰਡ ਟੈਂਪਲ ਰੋੜੇ ਨੂੰ ਇਕ ਸ਼ੁਧ ਭਾਰਤੀ ਫ਼ਕੀਰ ਮੰਨਦਾ ਹੈ। ਜਾਪਦਾ ਹੈ ਕਿ ਰੋੜਾ ਕੋਈ ਸੂਫ਼ੀ ਫ਼ਕੀਰ ਸੀ, ਜੋ ਪੰਦਰਵੀਂ ਸਦੀ ਦੇ ਨੇੜੇ ਤੇੜੇ ਮੁਲਤਾਨ ਆ ਕੇ ਵਸਿਆ। ਮਗਰੋਂ ਇਸ ਦਾ ਇਸ਼ਕ ਜਲਾਲੀ ਨਾਲ ਹੋ ਗਿਆ ਅਤੇ ਇਹ ਸਿਰ ਮੂੰਹ ਮੁਨਾ ਕੇ ਘੋਨ ਮੋਨ ਫਿਰਨ ਲੱਗਾ। ਜਿਸ ਤੋਂ ਇਸ ਦਾ ਨਾਂ ਰੋੜੇ ਸ਼ਾਹ ਪੈ ਗਿਆ।

ਜਲਾਲੀ ਤਿਲਾਦਾਰ ਨਗਰ ਦੇ ਮੂਸਾ ਨਾਮ ਲੋਹਾਰ ਦੀ ਲੜਕੀ ਸੀ। ਇਸ ਦਾ ਨਗਰ ਮੁਲਤਾਨ ਤੋਂ 120 ਮੀਲ ਲਹਿੰਦੇ ਵਲ ਹੈ। ਅਲੀ ਗੌਹਰ ਫ਼ਕੀਰ ਦੇ ਭੇਸ ਵਿਚ ਤਿਲਾਦਾਰ ਪੁਜਾ। ਜਲਾਲੀ ਵੀ ਰੋੜੇ ਨਾਲ ਇਸ਼ਕ ਕਰਨ ਲੱਗੀ। ਜਦੋਂ ਇਸ ਇਸ਼ਕ ਦੀ ਖ਼ਬਰ ਜਲਾਲੀ ਦੇ ਪਿਉ ਨੂੰ ਲੱਗੀ ਤਾਂ ਉਸਨੇ ਜਲਾਲੀ ਦੀ ਮੰਗਣੀ ਕਿਧਰ ਹੋਰ ਕਰ ਦਿਤੀ। ਰੋੜਾ ਵਿਆਹ ਤੋਂ ਪਹਿਲਾਂ ਹੀ ਜਲਾਲੀ ਨੂੰ ਅੱਧੀ ਰਾਤ ਵੇਲੇ ਉਧਾਲ ਕੇ ਲੈ ਗਿਆ। ਲੋਹਾਰਾਂ ਨੇ ਇਨ੍ਹਾਂ ਦੇ ਮਗਰ ਵਾਹਰ ਭੇਜੀ ਤੇ ਉਹ ਫੜੇ ਗਏ। ਵਾਹਰ ਨੇ ਰੋੜੇ ਦੇ ਡਕਰੇ ਕਰ ਕੇ ਨਦੀ ਵਿਚ ਸੁਟ ਦਿਤੇ।

ਲੈਜਿੰਡਜ਼ ਆਫ਼ ਦੀ ਪੰਜਾਬ (2,163-176) ਵਿਚ ਰੋਡਾ ਜਲਾਲੀ ਦੀ, ਜੋ ਕਥਾ ਦਿਤੀ ਹੈ ਉਹ ਬੜੀ ਵਿਲੱਖਣ ਹੈ। ਰੋਡਾ, ਜਲਾਲੀ ਨੂੰ, ਸੁਪਨੇ ਵਿਚ ਵੇਖ ਕੇ, ਉਸ ਨਾਲ ਇਸ਼ਕ ਕਰਨ ਲਗ ਪੈਂਦਾ ਹੈ। ਇਕ ਦਿਨ ਰੋਡਾ ਦੁਲਦੁਲ ਤੇ ਸਵਾਰ ਹੋ ਕੇ ਜਲਾਲੀ ਦੇ ਪ੍ਰਤੱਖ ਦਰਸ਼ਨ ਕਰਨ ਲਈ ਉਸ ਦੇ ਬੂਹੇ ਉਤੇ ਜਾ ਪਹੁੰਚਦਾ ਹੈ। ਰੋਡਾ ਜਲਾਲੀ ਨੂੰ ਵੇਖਣ ਲਈ ਵਿਆਕੁਲ ਹੈ, ਪਰ ਜਲਾਲੀ ਉਸ ਦੇ ਸਾਹਮਣੇ ਨਹੀਂ ਹੋਣਾ ਚਾਹੁੰਦੀ ਤੇ ਉਹ ਰੋਡੇ ਨੂੰ ਘਰੋਂ ਕਢਵਾਂਦੀ ਹੈ, ਪਰ ਰੋਡਾ ਨਿਕਲਦਾ ਨਹੀਂ। ਜਲਾਲੀ ਜੱਲਾਦ ਦੁਆਰਾ ਰੋਡੇ ਦੇ ਡਕਰੇ ਕਰਵਾ ਕੇ ਦਰਿਆ ਵਿਚ ਸੁਟਵਾ ਦੇਂਦੀ ਹੈ ਪਰ ਖ਼ਵਾਜਾ ਖਿਜ਼ਰ ਰੋਡੇ ਦੇ ਸਿਰੜ ਤੇ ਪ੍ਰਸੰਨ ਹੋ ਕੇ, ਉਸ ਨੂੰ ਮੁੜ ਸੁਰਜੀਤ ਕਰ ਦੇਂਦਾ ਹੈ। ਰੋਡਾ ਫਿਰ ਜਲਾਲੀ ਦੇ ਬੂਹੇ ਅਗੇ ਜਾ ਕੇ ਦਰਸ਼ਨਾਂ ਦੀ ਖ਼ੈਰ ਮੰਗਦਾ ਹੈ। ਜਲਾਲੀ, ਰੋਡੇ ਨੂੰ ਜ਼ਿੰਦਾ ਵੇਖ ਕੇ ਹੈਰਾਨ ਹੁੰਦੀ ਹੈ ਅਤੇ ਰੋਡੇ ਦੇ ਹੱਥ ਪੈਰ ਬੰਨ੍ਹਵਾ ਕੇ ਉਸਨੂੰ ਬਲਦੀ ਭੱਠੀ ਵਿਚ ਸੁਟਵਾ ਦੇਂਦੀ ਹੈ ਪਰ ਰੋਡਾ ਫਿਰ ਵੀ ਮਰਦਾ ਨਹੀਂ। ਜਦੋਂ ਰੋਡਾ ਫਿਰ ਜਲਾਲੀ ਦੇ ਦਰਸ਼ਨਾਂ ਲਈ ਆਉਂਦਾ ਹੈ ਤਾਂ ਜਲਾਲੀ ਆਪਣੀ ਭੈਣ ਕਮਾਲੀ ਨੂੰ ਆਪਣੇ ਕਪੜੇ ਪਹਿਨਾ ਕੇ ਭੇਜ ਦੇਂਦੀ ਹੈ। ਰੋਡਾ ਝਟ ਪਛਾਣ ਜਾਂਦਾ ਹੈ ਕਿ ਇਹ ਜਲਾਲੀ ਨਹੀਂ ਤੇ ਉਹ ਕਮਾਲੀ ਨੂੰ ਬਦਸੂਰਤ ਹੋਣ ਦਾ ਸਰਾਪ ਦੇਂਦਾ ਹੈ। ਜਲਾਲੀ ਘਬਰਾ ਕੇ ਰੋਡੇ ਕੋਲ ਦੌੜੀ ਆਉਂਦੀ ਹੈ ਅਤੇ ਰੋਡੇ ਨੂੰ ਰਜ ਕੇ ਦੀਦਾਰ ਕਰਨ ਲਈ ਕਹਿੰਦੀ ਹੈ। ਜਲਾਲੀ ਅੰਦਰ ਵੀ ਰੋਡੇ ਦਾ ਸਿਰੜ ਵੇਖ ਇਸ਼ਕ ਜਾਗ ਪੈਂਦਾ ਹੈ। ਜਦੋਂ ਰੋਡਾ ਦਰਸ਼ਨ ਕਰਨ ਮਗਰੋਂ ਵਾਪਿਸ ਜਾਣ ਲਗਦਾ ਹੈ ਤਾਂ ਜਲਾਲੀ ਵੀ ਉਸ ਨਾਲ ਜਾਣ ਦੀ ਇਛਾ ਪ੍ਰਗਟ ਕਰਦੀ ਹੈ। ਰੋਡਾ ਜਲਾਲੀ ਨੂੰ ਨਾਲ ਲੈ ਕੇ ਮੱਕੇ ਚਲਾ ਜਾਂਦਾ ਹੈ।

ਰੋਡਾ ਜਲਾਲੀ ਦੀ ਪ੍ਰੀਤ ਕਥਾ ਨੂੰ ਉਹ ਪ੍ਰਸਿਧੀ ਨਹੀਂ ਮਿਲੀ ਜੋ ਹੀਰ ਰਾਂਝਾ, ਸੱਸੀ ਪੁੰਨੂੰ ਤੇ ਮਿਰਜ਼ਾ ਸਾਹਿਬਾਂ ਨੂੰ ਹਾਸਿਲ ਹੋਈ। ਇਸ ਦੇ ਕਥਾਨਕ ਵਿਚ ਕਿੱਸੇਕਾਰਾਂ ਨੂੰ ਬਲਵਾਨ ਤੇ ਵਿਲੱਖਣ ਕਥਾ-ਰੂੜ੍ਹੀਆਂ ਨਹੀਂ ਲੱਭੀਆਂ, ਜੋ ਬਾਕੀ ਕਿੱਸਿਆਂ ਦੀ ਜਾਨ ਹਨ। ਇਸ ਕਿੱਸੇ ਦੀਆਂ ਬਹੁਤੀਆਂ ਪ੍ਰਮੁਖ ਰੂੜ੍ਹੀਆਂ ਦੂਜੀਆਂ ਪ੍ਰੀਤ-ਕਥਾਵਾਂ ਵਿਚੋਂ ਹੀ ਲਈਆਂ ਗਈਆਂ ਜਾਪਦੀਆਂ ਹਨ, ਜਿਵੇਂ ਰੋਡੇ ਦਾ ਜਲਾਲੀ ਦੀ ਸੂਰਤ ਸੁਪਨੇ ਵਿਚ ਵੇਖ ਕੇ ਇਸ਼ਕ ਹੋ ਜਾਣਾ (ਸੱਸੀ ਪੁੰਨੂੰ), ਰੋਡੇ ਦਾ ਫਕੀਰ ਬਣ ਕੇ ਜਲਾਲੀ ਦੇ ਦਰਸ਼ਨਾਂ ਲਈ ਵਿਚਰਨਾ (ਹੀਰ ਰਾਂਝਾ) ਰੋਡੇ ਨੇ ਜਲਾਲੀ ਨੂੰ ਵਿਆਹ ਦੀ ਰਾਤ ਉਧਾਲ ਕੇ ਲੈ ਜਾਣਾ ਤੇ ਵਾਹਰ ਨੇ ਉਸ ਦੇ ਡਕਰੇ ਕਰ ਦੇਣੇ (ਮਿਰਜ਼ਾ ਸਾਹਿਬਾਂ)।

ਵੈਸੇ ਤੀਵੀਆਂ ਵਿਚ ਇਹ ਪ੍ਰੀਤ ਕਥਾ ਇਤਨੀ ਪ੍ਰਸਿਧ ਹੋਈ ਹੈ ਕਿ ਰੋਡਾ ਜਲਾਲੀ ਦੇ ਕਈ ਗੌਣ ਲੋਕਾਂ ਵਿਚ ਪ੍ਰਚਲਤ ਹਨ :

ਜਲਾਲੀ : ਕਿਡੀ ਦੂਰੋਂ ਚਲਿਆ,
ਵੇ ਵਾਰੀ ਰੋਡਿਆ ਫਕੀਰਾ
ਆਇਓਂ ਜਲਾਲੀ ਦੇ ਦੁਆਰ।
ਰੋਡਾ : ਬਲੱਖ ਬੁਖਾਰਿਉਂ ਚਲਿਆ,
ਨੀ ਜਲਾਲੀ ਲੁਹਾਰੀਏ ਨੀ,
ਆਇਆ ਚੜ੍ਹ ਪਹਾੜ।

(ਰ-107) **ਰੌਪਣਾ** ;

ਸਗਾਈ ਨਾਲ ਸਬੰਧਤ ਗੀਤ ਜਿਸ ਨੂੰ ਸਰਸੇ ਦੇ ਇਲਾਕੇ ਵਿਚ 'ਰੌਪਣਾ' ਕਹਿੰਦੇ ਹਨ। ਇਸ ਰਸਮ ਸਮੇਂ, ਕੰਨਿਆਂ ਦਾ ਪਿਉ, ਸੱਤ ਛੁਹਾਰੇ ਤੇ ਕੁਝ ਹੋਰ ਵਸਤਾਂ ਲੜਕੇ ਲਈ ਭੇਜਦਾ ਹੈ।

# ਲ

## (ਲ-1) ਲੱਸੀ :

ਦੱਧ ਦਹੀਂ ਤੇ ਉਸ ਨਾਲ ਬਣੇ ਪਦਾਰਥਾਂ ਦੀ ਬੜੀ ਮਹੱਤਾ ਹ । ਦੁਧ ਅੰਮ੍ਰਿਤ ਹੈ ਤੇ ਨਿਆਮਤ ਵੀ। ਪੰਜਾਬੀਆਂ ਦੀਆਂ ਕਈ ਰੀਤਾਂ ਲੱਸੀ ਨਾਲ ਸਬੰਧਿਤ ਹਨ। ਦੁੱਧ ਤੋਂ ਬਾਅਦ ਲੱਸੀ ਹੀ ਪੰਜਾਬੀਆਂ ਦੀ ਸਭ ਤੋਂ ਵਧ ਪਸੰਦ ਪੀਣ ਯੋਗ ਵਸਤੂ ਹੈ। ਲੱਸੀ ਦਾਨ ਦਾ ਬੜਾ ਮਹਾਤਮ ਹੈ। ਹਾੜੀ 'ਕਾਸ਼ਤੀ ਤੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਤੇ ਕੱਚੀ ਲੱਸੀ ਵੰਡਣ ਦੀ ਪ੍ਰਥਾ ਹੈ।

ਲਾਹੌਰ ਦੇ ਕੁਝ ਖਤ੍ਰੀਆਂ ਵਿਚ, ਕਦੇ ਇਹ ਰਵਾਜ ਸੀ ਕਿ ਜਦੋਂ ਵਰ ਪੱਖ ਵਲੋਂ, ਕੋਈ ਕੰਨਿਆਂ ਦੇ ਘਰ ਮਿਲਣ ਜਾਂਦਾ ਤਾਂ ਲੱਸੀ ਦੇ ਦੋ ਘੜੇ ਸ਼ਗਨ ਵਜੋਂ ਨਾਲ ਲੈ ਕੇ ਜਾਂਦਾ।

ਵਿਆਹ ਨਾਲ ਸਬੰਧਿਤ ਕਈ ਰੀਤਾਂ ਲੱਸੀ ਨਾਲ ਜੁੜੀਆਂ ਹੋਈਆਂ ਹਨ। ਜਿਵੇਂ 'ਲੱਸੀ-ਪੈਰ ਪਾਣਾ', 'ਲੱਸੀ ਪੈਰ ਖੇਡਣਾ', 'ਲੱਸੀ ਮੁੰਦਰੀ' ਆਦਿ।

(ੳ) ਲੱਸੀ-ਪੈਰ ਖੇਡਣਾ : ਵਿਆਹ ਨਾਲ ਸਬੰਧਿਤ ਇਕ ਰੀਤ ਜੋ ਬਹਾਵਲਪੁਰ ਤੇ ਕਈ ਹੋਰ ਇਲਾਕਿਆਂ ਵਿਚ ਪ੍ਰਚਲਤ ਹੈ। ਇਹ ਰੀਤ ਲਹਿੰਦੇ ਦੇ ਹਿੰਦੂਆਂ ਵਿਚ, ਵਿਆਹ ਸਮੇਂ 'ਕਵਾਰ' ਦੇ ਘਰ ਦੀ ਮੁਹਾਠ ਉਤੇ ਕੀਤੀ ਜਾਂਦੀ ਹੈ। ਲਕੜੀ ਦਾ ਵੱਡਾ ਸਾਰਾ ਬੱਠਲ, ਕੱਚੀ ਲੱਸੀ ਨਾਲ ਭਰ ਲਿਆ ਜਾਂਦਾ ਹੈ। ਇਸ ਬੱਠਲ ਵਿਚ ਵਰ ਤੇ ਕੰਨਿਆਂ ਆਪੋ ਆਪਣੇ ਸੱਜੇ ਪੈਰ ਪਾਉਂਦੇ ਹਨ। ਕੰਨਿਆਂ ਦੇ ਪੈਰ ਵਿਚ ਗੁੜ ਦੀ ਰੋੜੀ ਹੁੰਦੀ ਹੈ। ਵਰ ਆਪਣੇ ਪੈਰ ਨਾਲ ਕੰਨਿਆਂ ਦੇ ਪੈਰ ਵਿਚ ਗੁੜ ਦੀ ਰੋੜੀ ਖੋਹਣ ਦਾ ਯਤਨ ਕਰਦਾ ਹੈ। ਜਦੋਂ ਵਰ ਤੇ ਕੰਨਿਆਂ ਪੈਰਾਂ ਨਾਲ ਖੋਹ-ਖਿੰਜ ਕਰ ਰਹੇ ਹੁੰਦੇ ਹਨ ਤਾਂ ਕੰਨਿਆਂ ਦੀਆਂ ਭੈਣਾਂ ਤੇ ਸਹੇਲੀਆਂ, ਵਰ ਦਾ ਧਿਆਨ ਲਾਂਭੇ ਕਰਨ ਲਈ 'ਕਵਾਰ' ਦੀ ਪੁਰਾਣੀ ਘੱਘਰੀ ਵਰ ਦੇ ਮੂੰਹ ਉਤੇ ਸੁਟਦੀਆਂ ਹਨ ਤੇ ਉਸ ਨੂੰ ਗਲ ਵਿਚ ਪਹਿਨਾਣ ਦਾ ਯਤਨ ਕਰਦੀਆਂ ਹਨ।

ਜੇ ਵਰ, ਕੰਨਿਆਂ ਦੇ ਪੈਰਾਂ ਵਿਚੋਂ ਗੁੜ ਦੀ ਰੋੜੀ ਨਾ ਖੋਹ ਸਕੇ ਤਾਂ ਧਾਰਨਾ ਹੈ ਕਿ ਉਹ ਜੀਵਨ ਭਰ ਕੰਨਿਆਂ ਦੇ ਅਧੀਨ ਹੋ ਕੇ ਰਹਿੰਦਾ ਹੈ।

ਚੂਹੜਿਆਂ ਵਿੱਚੋਂ, ਲੱਸੀ-ਪੈਰ ਖੇਡਣ ਦਾ ਸ਼ਗਨ, ਵਿਆਹ ਤੋਂ ਪਿਛੋਂ ਕੀਤਾ ਜਾਂਦਾ ਹੈ। ਵਿਆਹ ਤੋਂ ਮਗਰੋਂ ਤੀਜੇ ਦਿਨ ਬਰਾਦਰੀ ਦੀਆਂ ਤੀਵੀਆਂ ਇਕੱਠੀਆਂ ਹੁੰਦੀਆਂ ਹਨ ਤੇ ਇਕ ਵੱਡੀ ਸਾਰੀ ਪਰਾਤ ਵਿਚ ਕੱਚੀ ਲੱਸੀ ਘੋਲਦੀਆਂ ਹਨ। ਇਕ ਹੋਰ ਭਾਂਡੇ ਵਿਚ ਉਹ ਆਟਾ, ਗੁੜ ਤੇ ਘਿਉ ਰਲਾ ਕੇ 'ਗੁਲਰਾ' ਬਣਾ ਲੈਂਦੀਆਂ ਹਨ। ਪਰਾਤ ਵਿਚ ਪਹਿਲਾਂ ਦੁਲ੍ਹਨ ਪੈਰ ਪਾਉਂਦੀ ਹੈ ਤੇ ਦੁਲ੍ਹਾ ਉਸ ਦੇ ਪੈਰਾਂ ਨੂੰ ਮਲ ਕੇ ਧੋਂਦਾ ਹੈ, ਫਿਰ ਦੁਲ੍ਹਾ ਪੈਰ ਪਾਉਂਦਾ ਹੈ ਤੇ ਦੁਲ੍ਹਨ ਧੋਂਦੀ ਹੈ। ਇਸ ਪਿਛੋਂ ਗਾਨਾ ਖੋਲ੍ਹਿਆ ਜਾਂਦਾ ਹੈ। ਦੋਵੇਂ ਇਕ ਦੂਜੇ ਦਾ ਗਾਨਾ ਖੋਲ੍ਹ ਕੇ ਪਰਾਤ ਵਿਚ ਸੁਟ ਦੇਂਦੇ ਹਨ। ਫਿਰ ਦੋਹਾਂ ਗਾਨਿਆਂ ਨੂੰ ਇਕੱਠਾ ਬੰਨ੍ਹ ਦਿਤਾ ਜਾਂਦਾ ਹੈ। ਨੈਣ ਦੋਹਾਂ ਦੇ ਬਝੇ ਗਾਨੇ ਨੂੰ ਸੱਤ ਵਾਰ ਕੱਚੀ ਲੱਸੀ ਵਿਚ ਸੁਟਦੀ ਹੈ ਤੇ ਦੁਲ੍ਹਾ ਅਤੇ ਦੁਲ੍ਹਨ ਦੋਵੇਂ ਗਾਨੇ ਨੂੰ ਫੜਨ ਦਾ ਯਤਨ ਕਰਦੇ ਹਨ ਤੇ ਇਕ ਦੂਜੇ ਤੋਂ ਖੋਹ ਖਿੰਜ ਕਰਦੇ ਹਨ ਜਿਹੜਾ ਵਧੇਰੇ ਵਾਰ ਗਾਨਾ ਫੜ ਲਏ, ਉਸ ਦਾ ਪਲੜਾ ਜੀਵਨ ਭਰ ਭਾਰੀ ਰਹਿੰਦਾ ਹੈ। ਇਸ ਰੀਤ ਮਗਰੋਂ 'ਗੁਲਰਾ' (ਆਟਾ, ਘਿਉ ਤੇ ਗੁੜ ਦੀ ਪੰਜੀਰੀ) ਵੰਡੀ ਜਾਂਦੀ ਹੈ ਤੇ ਗਾਉਣ ਗਾਏ ਜਾਂਦੇ ਹਨ।

(ਅ) ਲੱਸੀ-ਪੈਰ ਪਾਣਾ : ਜਦੋਂ ਵਰ ਤੇ ਕੰਨਿਆਂ ਲਾਵਾਂ ਫੇਰੇ ਲੈ ਰਹੇ ਹੁੰਦੇ ਹਨ, ਤਾਂ ਦੁਲ੍ਹੇ ਦੀ ਮਾਂ ਆਪਣੇ ਘਰ ਵਿਚ ਹੀ, ਬੈਠੀ ਬਰਾਦਰੀ ਦੀਆਂ ਹੋਰ ਤੀਵੀਆਂ ਨਾਲ ਰਲ ਕੇ, ਲੱਸੀ-ਪੈਰ ਪਾਣ ਦੀ ਰੀਤ ਕਰਦੀ ਹੈ। ਲਗਨਾਂ ਦੇ ਸਮੇਂ ਦੁਲ੍ਹੇ ਦੀ ਮਾਂ ਇਕ ਵੱਡੀ ਪਰਾਤ ਵਿਚ ਕੱਚੀ ਲੱਸੀ ਘੋਲ ਲੈਂਦੀ ਹੈ ਤੇ ਉਸ ਵਿਚ ਪੈਰ ਪਾ ਕੇ ਬੈਠ ਜਾਂਦੀ ਹੈ। ਬਰਾਦਰੀ ਦੀਆਂ ਤੀਵੀਆਂ ਉਸ ਦੇ ਵਿਆਹੇ ਜਾ ਰਹੇ ਪੁੱਤਰ ਤੇ ਨੂੰਹ ਨੂੰ ਅਸੀਸਾਂ ਦੇਂਦੀਆਂ ਹਨ। ਇਸ ਰੀਤ ਮਗਰੋਂ ਤੀਵੀਆਂ ਨੂੰ ਦੁੱਧ, ਚਾਵਲ ਜਾਂ ਖੀਰ ਖਾਣ ਲਈ ਦਿਤੀ ਜਾਂਦੀ ਹੈ। ਦੁਲ੍ਹੇ ਦੀ ਮਾਂ ਦੇ ਵਾਲਾਂ ਨਾਲ ਮੌਲੀ ਦੇ ਪੰਜ

ਧਾਗੇ ਬੰਨ੍ਹੇ ਜਾਂਦੇ ਹਨ।

ਡੇਹਰਾ ਬਾਬਾ ਨਾਨਕ ਦੇ ਬੇਦੀਆਂ ਵਿਚ ਅਨੰਦ ਕਾਰਜ ਸਮੇਂ ਦੂਲ੍ਹੇ ਦੀ ਮਾਂ ਕੱਚੀ-ਲੱਸੀ ਦੀ ਪਰਾਤ ਵਿਚ, ਪੈਰ ਰਖ ਕੇ, ਬੈਠ ਜਾਂਦੀ ਹੈ ਤੇ ਜੋੜੀ ਦੀ ਚਿਰੰਜੀਵਤਾ ਲਈ ਬੇਨਤੀਆਂ ਕਰਦੀ ਹੈ। ਜਦੋਂ ਲਾਵਾਂ ਮੁਕ ਜਾਂਦੀਆਂ ਹਨ, ਉਦੋਂ ਉਹ ਪੈਰ ਬਾਹਰ ਕਢਦੀ ਹੈ।

ਧਾਰਨਾ ਹੈ ਕਿ ਲੱਸੀ-ਪੈਰ ਪਾਉਣ ਨਾਲ, ਪੁੱਤਰ-ਨੂੰਹ ਦੁੱਧ-ਪਾਨੀ ਵਾਂਗ ਇਕ ਦੂਜੇ ਦੇ ਹੋ ਕੇ ਰਹਿੰਦੇ ਹਨ।

(ੲ) ਲੱਸੀ ਮੁੰਦਰੀ : ਵਿਆਹ ਨਾਲ ਸਬੰਧਿਤ ਇਕ ਸ਼ਗਨ, ਡੋਲੀ ਦੇ ਆਉਣ ਮਗਰੋਂ ਕੀਤਾ ਜਾਂਦਾ ਹੈ। ਦੂਲ੍ਹੇ ਤੇ ਦੁਲ੍ਹਨ ਨੂੰ ਦੋ ਲਾਲ ਰੰਗ ਦੀਆਂ ਪੀੜ੍ਹੀਆਂ ਉਤੇ ਬਿਠਾ ਕੇ, ਉਨ੍ਹਾਂ ਅਗੇ ਇਕ ਪਰਾਤ, ਜਿਸ ਵਿਚ ਕੱਚੀ ਲੱਸੀ ਹੁੰਦੀ ਹੈ ਰਖੀ ਜਾਂਦੀ ਹੈ। ਇਸ ਪਰਾਤ ਵਿਚ ਪਹਿਲਾਂ ਦੁਲ੍ਹਨ ਆਪਣੀ ਮੁੰਦਰੀ ਸੁਟਦੀ ਹੈ ਤੇ ਦੋਵੇਂ ਉਸ ਨੂੰ ਲੱਭਣ ਦਾ ਯਤਨ ਕਰਦੇ ਹਨ ਤੇ ਇਕ ਦੂਜੇ ਤੋਂ ਖੋਹ-ਖਿੰਜ ਕਰਦੇ ਹਨ। ਫਿਰ ਦੂਲ੍ਹਾ ਆਪਣੀ ਮੁੰਦਰੀ ਸੁਟਦਾ ਹੈ ਤੇ ਦੋਵੇਂ ਖੋਹ-ਖਿੰਜ ਕਰਦੇ ਹਨ। ਇਸ ਸਮੇਂ ਤੀਵੀਆਂ ਗੀਤ ਗਾਉਂਦੀਆਂ ਹਨ। ਲੱਸੀ-ਮੁੰਦਰੀ ਦੀ ਖੇਡ ਮਗਰੋਂ 'ਗਾਨਾ ਖੋਲ੍ਹਣ' ਦੀ ਰੀਤ ਕੀਤੀ ਜਾਂਦੀ ਹੈ।

### (ਲ-2) ਲਸੂੜਾ :

ਇਕ ਦਰਖ਼ਤ, ਜੋ ਅਸ਼ੁਭ ਮੰਨਿਆ ਜਾਂਦਾ ਹੈ ਅਤੇ ਘਰ ਦੇ ਨੇੜੇ ਨਹੀਂ ਬੀਜਿਆ ਜਾਂਦਾ। ਨਿਸਚਾ ਹੈ ਕਿ ਜਿਸ ਘਰ ਦੇ ਨੇੜੇ ਲਸੂੜੇ ਦਾ ਦਰਖ਼ਤ ਹੋਵੇ, ਉਥੇ ਕੋਈ ਨਾ ਕੋਈ ਬੀਮਾਰੀ ਜਾਂ ਸੰਕਟ ਲਸੂੜਿਆਂ ਵਾਂਗ ਚੰਬੜਿਆ ਰਹਿੰਦਾ ਹੈ।

### (ਲ-3) ਲਹਿੰਗਾ :

ਇਸਤ੍ਰੀਆਂ ਦਾ ਇਕ ਘੇਰੇਦਾਰ ਵਸਤਰ, ਜੋ ਲੱਕ ਤੋਂ ਹੇਠਾਂ ਪਹਿਨਿਆ ਜਾਂਦਾ ਹੈ। ਇਸ ਨੂੰ 'ਘਗਰਾ' ਵੀ ਕਿਹਾ ਜਾਂਦਾ ਹੈ। ਪੰਜਾਬ ਵਿਚ ਹੇਠਲੇ ਵਰਗ ਵਿਚ ਲਹਿੰਗੇ ਪਹਿਨਣ ਦਾ ਰਵਾਜ ਹੈ। ਲਹਿੰਗੇ ਨਾਲ ਕਈ ਤਰ੍ਹਾਂ ਦੀਆਂ ਸਭਿਆਚਾਰਕ ਪਛਾਣਾਂ ਜੁੜੀਆਂ ਹੋਈਆਂ ਹਨ।

### (ਲ-4) ਲਕੜੀ :

ਇਕ ਮਿਥਕ ਕਥਾ ਅਨੁਸਾਰ ਪਹਿਲਾਂ ਲਕੜੀ ਨੂੰ ਅੱਗ ਨਹੀਂ ਸੀ ਪਕੜਿਆ ਕਰਦੀ। ਇਕ ਵਾਰ, ਅਗਨ ਦੇਵਤਾ, ਜੰਗਲ ਵਿਚੋਂ ਲੰਘ ਰਹੇ ਸਨ। ਉਨ੍ਹਾਂ ਨੇ ਕਈ ਦਿਨਾਂ ਤੋਂ ਦੇਵ-ਭੋਜ ਨਹੀਂ ਸੀ ਖ਼ਾਧਾ। ਜੰਗਲ ਦੀ ਬਨਸਪਤੀ ਨੂੰ ਜਦੋਂ ਦੇਵਤੇ ਦੇ ਭੁੱਖੇ ਹੋਣ ਦਾ ਪਤਾ ਚਲਿਆ ਤਾਂ ਉਸ ਰਲ ਕੇ ਢੇਰ ਸਾਰੇ ਫਲ ਅਗਨੀ ਦੇਵਤੇ ਅਗੇ ਆ ਰਖੇ, ਜਿਨ੍ਹਾਂ ਨੂੰ ਖਾ ਕੇ ਅਗਨੀ ਦੇਵਤੇ ਦੀ ਤ੍ਰਿਪਤੀ ਹੋ ਗਈ। ਦੇਵਤੇ ਨੇ ਬਨਸਪਤੀ ਨੂੰ ਕੁਝ ਮੰਗਣ ਲਈ ਕਿਹਾ। ਬਨਸਪਤੀ ਨੇ ਵਰ ਮੰਗਿਆ : "ਤੁਸੀਂ ਮੇਰੇ ਵਿਚ ਨਿਵਾਸ ਕਰੋ।" ਅਗਨੀ ਦੇਵਤੇ ਨੇ ਕੋਈ ਹੋਰ ਵਰ ਮੰਗਣ ਲਈ ਕਿਹਾ, ਪਰ ਬਨਸਪਤੀ ਕਹਿਣ ਲੱਗੀ, "ਇਸ ਤੋਂ ਵੱਡਾ ਹੋਰ ਕਿਹੜਾ ਵਰ ਹੈ ਕਿ ਤੁਸੀਂ ਲਕੜੀ ਵਿਚ ਨਿਵਾਸ ਕਰੋਗੇ," ਦੇਵਤੇ ਨੇ ਵਰ ਦੇ ਦਿਤਾ। ਉਦੋਂ ਤੋਂ ਲਕੜੀ ਜਲਣ ਲਗ ਗਈ।

ਲਕੜੀ ਨੂੰ ਬੜਾ ਪਵਿਤਰ ਮੰਨਿਆ ਜਾਂਦਾ ਹੈ। ਲਕੜੀ ਦੇ ਉਪਰ ਬੈਠ ਕੇ ਜਾਂ ਲਕੜਾਂ ਦੀ ਟੇਕਣੀ ਦੇ ਸਹਾਰੇ, ਜਾਂ ਹੱਥ ਵਿਚ ਲਕੜੀ ਦੀ ਮਾਲਾ ਲੈ ਕੇ ਕੀਤੀ ਪੂਜਾ ਦਾ ਫਲ ਜ਼ਿਆਦਾ ਹੁੰਦਾ ਹੈ। ਦਰਖ਼ਤ ਵਿਚ ਦਿਉਤੇ ਦਾ ਨਿਵਾਸ ਹੋਣ ਕਰਕੇ, ਉਸ ਦੇ ਦੁਆਰ ਕੀਤੀ ਅਰਚਾ, ਪੂਜਾ, ਤੇ ਜਾਪ ਦਾ ਫਲ ਵੀ ਵਧਦਾ ਹੈ।

### (ਲ-5) ਲਕੜੀ ਦੇ ਪਿੰਜਰੇ :

ਮਾਰਵਾੜ ਦੇ ਕਈ ਲੋਕ, ਜੋ ਰਾਜਸਥਾਨ ਤੇ ਪੰਜਾਬ ਵਿਚ ਵਸਦੇ ਹਨ, ਆਪਣੇ ਬੂਹੇ ਅਗੇ ਇੱਕੜ ਦੁੱਕੜ ਬੂਟੇ ਦੀ ਲਕੜੀ ਦੇ ਪਿੰਜਰੇ ਗੇਰੂ ਨਾਲ ਰੰਗੇ ਹੋਏ, ਲਟਕਾਈ ਰਖਦੇ ਸਨ। ਇਸ ਬਾਰੇ ਇਕ ਕਥਾ ਪ੍ਰਚਲਤ ਹੈ :

"ਜਦੋਂ ਰਾਜਪੂਤ ਲੋਕ ਰਾਜਪੂਤਾਨੇ ਤੇ ਮਾਰਵਾੜ ਵਿਚ ਬੜੀ ਤਾਕਤ ਗ੍ਰਹਿਣ ਕਰ ਗਏ ਤਾਂ ਉਨ੍ਹਾਂ ਨੇ ਅਭਿਮਾਨ ਵਿਚ ਆ ਕੇ ਉਥੋਂ ਦੇ ਵਸਨੀਕਾਂ ਨੂੰ ਬੇ-ਇਜ਼ਤ ਕਰਨਾ ਸ਼ੁਰੂ ਕਰ ਦਿਤਾ। ਉਨ੍ਹਾਂ ਨੇ ਕਈ ਪ੍ਰਕਾਰ ਦੇ ਜ਼ੁਲਮ ਕੀਤੇ। ਮਾਰਵਾੜੀਆਂ ਦੇ ਬਚਾਉ ਦੇ ਸਾਰੇ ਹੀਲੇ ਅਕਾਰਥ ਗਏ, ਤੇ ਉਹ ਇਸ ਗੱਲ ਲਈ ਮਜਬੂਰ ਹੋ ਗਏ ਕਿ ਉਹ ਰਾਜਪੂਤਾਂ ਦੇ ਘਰਾਂ ਵਿਚ ਚਾਕਰੀ ਕਰ ਕੇ ਗੁਜ਼ਾਰਾ ਕਰਨ। ਅੰਤ ਇਕ ਅਜਿਹਾ ਸਮਾਂ ਆ ਗਿਆ ਕਿ ਮਾਰਵਾੜੀ ਲੋਕਾਂ ਦੇ ਸਾਹਮਣੇ ਆਪਣੀ ਜਨਮਭੂਮੀ ਨੂੰ ਤਿਆਗਣ ਤੋਂ ਇਲਾਵਾ ਹੋਰ ਕੋਈ ਚਾਰਾ ਨਾ ਰਿਹਾ। ਉਸ ਵੇਲੇ ਇਕ ਮਾਰਵਾੜੀ ਔਰਤ ਨੇ, ਜਿਸ ਦੇ ਸੱਤ ਪੁੱਤਰ ਰਾਜਪੂਤਾਂ ਨੇ ਦਾਸ ਬਣਾ ਕੇ, ਮੁਗ਼ਲ ਸਰਦਾਰਾਂ ਦੀ ਚਾਕਰੀ ਲਈ ਘੱਲ ਦਿਤੇ ਸਨ। ਉਸ ਨੇ ਇਕ ਵਿਉਂਤ ਕੱਢੀ, ਉਸ ਨੇ ਬੱਲ ਦੇ ਇਕ ਬੂਟੇ ਨੂੰ ਗੇਰੂ ਦੇ ਪਾਣੀ ਆਦਿ ਵਿਚ ਰਖ ਕੇ ਪੂਜਾ ਕੀਤੀ। ਫਲਸਰੂਪ ਰਾਜਪੂਤ ਸਰਦਾਰਾਂ ਦੀ ਬਹਾਦਰੀ ਇਸ ਅਸਚਰਜ ਬੂਟੇ ਦੇ ਵਲ-ਵਲੇਵਿਆਂ ਵਿਚ ਉਲਝ ਕੇ ਰਹਿ ਜਾਂਦੀ ਸੀ ਤੇ ਉਹ ਉਸ ਘਰ ਵਲ ਮੂੰਹ ਨਹੀਂ ਕਰਦੇ ਸਨ, ਜਿਸ ਮਕਾਨ ਦੇ ਬਾਹਰ ਇਸ ਇੱਕੜ ਦੁੱਕੜ ਬੂਟੇ ਦੀ ਲਕੜੀ ਦੇ ਪਿੰਜਰੇ, ਗੇਰੂ ਲਾਲ ਰੰਗੇ ਲਟਕੇ ਹੁੰਦੇ ਸਨ। ਰਾਜਪੂਤਾਨਾ ਛੱਡ ਕੇ

ਵੀ ਇਹ ਮਾਰਵਾੜੀਏ ਆਪਣੇ ਮਕਾਨਾਂ ਅਗੇ ਗੇਰੂ ਰੰਗੇ ਲਕੜੀ ਦੇ ਪਿੰਜਰੇ ਹੁਣ ਵੀ ਲਟਕਾ ਰਖਦੇ ਹਨ'' (ਪਿਉ-ਪੁੱਤਰ 106, 107)।

ਪੰਜਾਬ ਵਿਚ ਵਸੇ, ਬੀਕਾਨੇਰ ਦੇ ਨੌਹਰੀਏ ਵੀ ਕਈ ਵਾਰ ਆਪਣੀ ਗਲੀ ਵਿਚ, ਡਿਉਢੀ ਉਤੇ ਗੇਰੂ ਰੰਗ ਦੇ ਅਨੇਕ ਪਿੰਜਰੇ, ਦੋ ਸਿਰਿਆਂ ਵਾਲੀਆਂ ਪਾਲਾਂ ਲਟਕਾਈ ਰਖਦੇ ਸਨ। ਇਹ ਲੋਕ ਮਕਾਨਾਂ ਦੇ ਦਰਵਾਜ਼ਿਆਂ ਤੇ ਇਕ ਐਸੀ ਬੋਲੀ ਵਿਚ, ਜਿਸ ਨੂੰ ਇਹ ਆਪ ਵੀ ਨਹੀਂ ਸਮਝਦੇ, ਲੰਬੀਆਂ ਲੰਬੀਆਂ ਸੱਤਰਾਂ ਵਿਚ ਡਿਉਢੀ ਦੀਆਂ ਵਿੱਥਾਂ ਵਿਚ ਕੁਝ ਨਾ ਕੁਝ ਲਿਖ ਦੇਂਦੇ ਸਨ।

(ਲ-6) **ਲੱਖਣ** :

ਸਰੀਰ ਦੇ ਕੁਝ ਚਿੰਨ੍ਹ, ਜੋ ਸ਼ੁਭ ਤੇ ਭਾਗਸ਼ਾਲੀ ਮੰਨੇ ਜਾਂਦੇ ਹਨ। ਇਨ੍ਹਾਂ ਦੀ ਗਿਣਤੀ ਬਤ੍ਰੀ (32) ਹੈ। ਜਿਸ ਸ਼ਖ਼ਸ ਵਿਚ ਇਹ ਸਾਰੇ ਲੱਖਣ ਹੋਣ, ਉਸ ਨੂੰ ਬਤ੍ਰੀ ਸੁਲੱਖਣਾ ਕਿਹਾ ਜਾਂਦਾ ਹੈ।

(ਲ-7) **ਲੱਖਦਾਤਾ** :

(ੳ) ਗੁੱਗਾ ਪੀਰ ਦੀ ਇਕ ਉਪਾਧੀ; ਗੁੱਗੇ ਨੂੰ ਹਿੰਦੂ ਮੁਸਲਮਾਨ ਦੋਹਾਂ ਸੰਪਰਦਾਵਾਂ ਦੇ ਲੋਕ ਪੂਜਦੇ ਹਨ। ਮੁਸਲਮਾਨ ਇਸ ਨੂੰ 'ਜ਼ਾਹਿਰ ਪੀਰ' ਮੰਨਦੇ ਹਨ ਤੇ ਹਿੰਦੂ ਲੱਖਦਾਤਾ। ਕੁਲੂ ਵਿਚ ਪ੍ਰਚਲਤ ਦੰਦ-ਕਥਾਵਾਂ ਅਨੁਸਾਰ ਗੁੱਗੇ ਨੂੰ ਡੈਣ ਨੇ ਮਾਰ ਦਿਤਾ ਸੀ। ਪਰ ਤਾਂ ਵੀ ਗੁੱਗਾ ਸਮੇਂ ਸਮੇਂ ਪ੍ਰਗਟ ਹੁੰਦਾ ਹੈ, ਪਰ ਆਜੜੀ ਇਸ ਡਰੋਂ ਕਿ ਇਜੜ ਡਰ ਨਾ ਜਾਣ ਗੁੱਗੇ ਨੂੰ ਆਪਣੇ ਡੰਡੇ ਨਾਲ ਦਬਾਈ ਰਖਦੇ ਹਨ। ਜਿਸ ਕਰ ਕੇ ਗੁੱਗਾ ਧਰਤੀ ਵਿਚੋਂ ਕੇਵਲ ਅੱਧਾ ਬਾਹਰ ਉਭਰਦਾ ਹੈ। ਉਸ ਦਾ ਉਪਰਲਾ ਅੱਧਾ ਧੜ ਜੋ ਪ੍ਰਗਟ ਹੁੰਦਾ ਹੈ ਜ਼ਾਹਿਰ ਪੀਰ ਅਤੇ ਬਾਕੀ ਅੱਧਾ ਜੋ ਅੰਦਰ ਰਹਿੰਦਾ ਹੈ ਲੱਖਦਾਤਾ ਅਖਵਾਉਂਦਾ ਹੈ।

(ਅ) ਸਖੀ ਸਰਵਰ ਦੀ ਇਕ ਉਪਾਧੀ। ਚੰਬੇ ਵਿਚ ਸਖੀ ਸਰਵਰ ਦੇ ਪੈਰੋਕਾਰ ਲੱਖਦਾਤਾ ਦੀ ਉਪਾਧੀ ਵਧੇਰੇ ਵਰਤਦੇ ਹਨ (ਵੇਖੋ : ਸਖੀ ਸਰਵਰ)।

(ਲ-8) **ਲੱਖਾ ਲਹਿਰੀ** :

ਇਕ ਪੀਰ, ਜੋ ਮਨੁੱਖੀ ਜਾਮੇ ਵਿਚ ਹੀ ਅਮਰ ਮੰਨਿਆ ਜਾਣ ਕਰ ਕੇ 'ਜ਼ਿੰਦਾ ਪੀਰ' ਅਖਵਾਉਂਦਾ ਹੈ। ਇਹ ਪੀਰ ਸ਼ਾਹਬਾਜ਼ ਔਲੀਆ ਦਾ ਪੁੱਤਰ ਸੀ ਅਤੇ ਇਸ ਦੀ ਦਰਗਾਹ ਡੇਰਾ ਗ਼ਾਜ਼ੀ ਖ਼ਾਨ ਵਿਚ ਹੈ। ਨਿਸਚਾ ਹੈ ਕਿ ਇਹ ਪੀਰ ਜ਼ਿੰਦਾ ਰੂਪ ਵਿਚ ਵਿਚਰਦਾ ਹੈ, ਪਰ ਵਿਖਾਈ ਨਹੀਂ ਦੇਂਦਾ। ਇਕ ਦੰਦ-ਕਥਾ ਅਨੁਸਾਰ ਇਸ ਦੇ ਪਿਤਾ ਸ਼ਾਹਬਾਜ਼ ਔਲੀਆ ਨੇ ਇਕ ਮੁਟਿਆਰ ਵਲ ਨਜ਼ਰ ਭਰ ਕੇ ਤੱਕਿਆ ਤੇ ਉਸਨੂੰ ਗਰਭ ਠਹਿਰ ਗਿਆ। ਉਸ ਮੁਟਿਆਰ ਨੇ ਜਿਸ ਬੱਚੇ ਨੂੰ ਜਨਮ ਦਿਤਾ, ਉਹ ਲੱਖਾ ਲਹਿਰੀ ਅਖਵਾਇਆ।

ਦਰਾ ਸ਼ੋਰੀ ਦੇ ਨੇੜੇ ਸ਼ੋਰੀ ਦੀ ਪਹਾੜੀ ਵਿਚ ਕੁਝ ਗਰਮ ਪਾਣੀ ਦੇ ਚਸ਼ਮੇ ਹਨ ਜਿਨ੍ਹਾਂ ਵਿਚ ਕੋਹੜੀ ਤੇ ਖਾਜ ਰੋਗ ਦੇ ਰੋਗੀ ਅਰੋਗਤਾ ਲਈ ਇਸ਼ਨਾਨ ਕਰਨ ਆਉਂਦੇ ਹਨ। ਇਨ੍ਹਾਂ ਚਸ਼ਮਿਆਂ ਬਾਰੇ ਇਕ ਕਥਾ ਪ੍ਰਚਲਤ ਹੈ: ਇਕ ਵਾਰ ਲੱਖਾ ਲਹਿਰੀ ਨੂੰ ਭੇਟ ਕਰਨ ਲਈ ਇਕ ਤੀਵੀਂ ਦੇਗ ਵਿਚ ਚਾਵਲ ਰਿੰਨ੍ਹ ਰਹੀ ਸੀ, ਉਸ ਨੇ ਕੁਝ ਜ਼ਿਆਦਾ ਦੇਰ ਲਗਾ ਦਿਤੀ। ਲੱਖਾ ਲਹਿਰੀ ਨੇ ਕਰੋਧ ਵਿਚ ਆ ਕੇ ਦੇਗ ਨੂੰ ਲੱਤ ਕੱਢ ਮਾਰੀ ਤੇ ਇਸ ਨਾਲ ਅਜਿਹੀ ਹੇਠਲੀ ਉਤੇ ਹੋਈ ਕਿ ਉਹ ਤੀਵੀਂ ਧਰਤੀ ਵਿਚ ਦੱਬੀ ਗਈ ਤੇ ਦੇਗ ਗਰਮ ਚਸ਼ਮੇ ਦਾ ਰੂਪ ਧਾਰ ਕੇ ਵਗਣ ਲੱਗੀ।

(ਲ-9) **ਲਗਨ** :

(ੳ) ਸ਼ੁਭ ਤੇ ਸੁਲੱਖਣੀ ਘੜੀ; ਜੋਤਿਸ਼ ਵਿਦਿਆ ਅਨੁਸਾਰ ਤਾਰਿਆਂ, ਨਖਸ਼ਤਰਾਂ ਤੇ ਗ੍ਰਹਿਆਂ ਦੀ ਚਾਲ ਦਾ ਮਨੁੱਖੀ ਜੀਵਨ ਉਤੇ ਚੰਗਾ ਜਾਂ ਮੰਦਾ ਬਹੁ-ਪਖੀਂ ਅਸਰ ਪੈਂਦਾ ਰਹਿੰਦਾ ਹੈ। ਇਸ ਲਈ ਸ਼ੁਭ ਜਾਂ ਮੰਗਲ ਕੰਮ ਕਰਨ ਲਗਿਆਂ, ਗ੍ਰਹਿਆਂ ਦਾ ਯੋਗ ਵੇਖ ਲੈਣਾ ਚਾਹੀਦਾ ਹੈ। ਗ੍ਰਹਿਆਂ ਦੇ ਸ਼ੁਭ ਯੋਗ ਨੂੰ ਹੀ ਲਗਨ ਕਹਿੰਦੇ ਹਨ। ਜਦੋਂ ਸੂਰਜ ਕਿਸੇ ਨਵੀਂ ਰਾਸ਼ੀ ਵਿਚ ਉਦੇ ਹੋਵੇ, ਜਦੋਂ ਚੰਦਰਮਾ ਚਾਨਣ ਪੱਖ ਵਿਚ ਹੋਵੇ, ਅਥਵਾ ਇਕਾਦਸ਼ੀ ਜਾਂ ਪੂਰਨਮਾਸ਼ੀ ਹੋਵੇ ਤਾਂ ਇਹ ਸ਼ੁਭ ਲਗਨ ਹੈ। ਲਗਨ ਕੱਢਣ ਲਗਿਆਂ ਤਾਰਿਆਂ, ਨਖਸ਼ਤਰਾਂ, ਗ੍ਰਹਿਆਂ ਦੀ ਸਥਿਤੀ ਨੂੰ ਧਿਆਨ ਵਿਚ ਰਖਿਆ ਜਾਂਦਾ ਹੈ।

(ਅ) ਵਿਆਹ ਦੇ ਮੰਗਲ ਕਾਰਜ ਸਮੇਂ, ਹਿੰਦੂ, ਜੋਤਸ਼ੀਆਂ ਤੋਂ ਲਗਨ ਅਥਵਾ ਮਹੂਰਤ ਦਾ ਸ਼ੁਭ ਸਮਾਂ ਕਢਵਾਂਦੇ ਹਨ। ਲਗਨ ਉਸੇ ਘੜੀ ਕੀਤੇ ਜਾਂਦੇ ਹਨ, ਜਦੋਂ ਗ੍ਰਹਿਆਂ ਦਾ ਯੋਗ ਠੀਕ ਹੋਵੇ। ਇਸੇ ਲਈ ਵਿਆਹ ਦੀ ਰਸਮ ਵੀ 'ਲਗਨ' ਅਖਵਾਣ ਲੱਗੀ।

(ੲ) ਵਿਆਹ ਦੇ ਕੰਮ ਵਿਚ ਲਗਨ ਦਾ ਮਹੂਰਤ ਤੇ ਕੰਨਿਆਂ ਲਈ ਲਗਨ ਪਾਂਧਾ ਤਿਆਰ ਕਰਦਾ ਹੈ। ਲਗਨ ਵਾਲੇ ਕਾਗਜ਼ ਉਤੇ ਕੁਝ ਸੰਸਕ੍ਰਿਤ ਦੇ ਸ਼ਲੋਕ ਲਿਖੇ ਹੁੰਦੇ ਹਨ ਜਿਨ੍ਹਾਂ ਦੇ ਹੇਠਾਂ ਵਿਆਹ ਦੀ ਤਾਰੀਖ ਦਿਤੀ ਹੁੰਦੀ ਹੈ, ਇਸ ਕਾਗਜ਼ ਉਤੇ ਬਰਾਤ ਦੀ ਗਿਣਤੀ (ਜੋ ਪਹਿਲਾਂ ਤੋਂ ਹੀ ਦੋਹਾਂ ਧਿਰਾਂ ਵਿਚ ਤੈਅ ਹੋ ਚੁਕੀ ਹੁੰਦੀ ਹੈ) ਵੀ ਦਿਤੀ ਹੁੰਦੀ ਹੈ। ਬਰਾਤ ਕੰਨਿਆਂ ਦੇ ਪਿੰਡ ਕਿਸ ਵੇਲੇ ਤੇ ਕਿਸ ਸਵਾਰੀ ਦੁਆਰਾ ਪਹੁੰਚੇਗੀ, ਇਸ ਦਾ ਵੀ ਵਰਨਣ ਹੁੰਦਾ ਹੈ।

ਵਰ ਤੇ ਕੰਨਿਆਂ ਦੇ ਰਸਮੀ ਇਸ਼ਨਾਨ ਦਾ ਸਮਾਂ ਵੀ ਦਰਜ ਹੁੰਦਾ ਹੈ। ਲਗਨ ਨਾਲ ਸਬੰਧਿਤ ਜੋ ਰੀਤਾਂ ਰਸਮਾਂ ਦੋਹਾਂ ਘਰਾਂ ਵਿਚ ਕੀਤੀਆਂ ਜਾਂਦੀਆਂ ਹਨ ਉਨ੍ਹਾਂ ਨੂੰ ਵੀ ਲਗਨ ਕਿਹਾ ਜਾਂਦਾ ਹੈ।

ਕੰਨਿਆਂ ਦੇ ਘਰ ਕੁਝ ਇਸ ਤਰ੍ਹਾਂ ਦੀ ਰਸਮ ਕੀਤੀ ਜਾਂਦੀ ਹੈ: ਕੁੱਲ ਪ੍ਰੋਹਿਤ ਨੂੰ ਸੱਦਿਆ ਜਾਂਦਾ ਹੈ, ਜੋ ਧਰਤੀ ਉਤੇ ਆਟੇ ਦਾ ਚੌਕ ਪੂਰ ਕੇ ਕੰਨਿਆਂ ਨੂੰ, ਚੌਕ ਦੇ ਸਾਹਮਣੇ ਬਿਠਾ ਕੇ, ਆਪ ਦੂਜੇ ਪਾਸੇ ਕੰਨਿਆਂ ਦੇ ਸਾਹਮਣੇ ਬੈਠਦਾ ਹੈ। ਪ੍ਰੋਹਿਤ ਮੰਤ੍ਰਾਂ ਦਾ ਉਚਾਰਨ ਕਰਦਾ ਤੇ ਨੌਂ ਗ੍ਰਹਿਆਂ ਦੀ ਪੂਜਾ ਕਰਦਾ ਹੈ। ਲਗਨ ਨਾਲ ਕੁਝ ਸੁਗਾਤਾਂ ਭੇਜੀਆਂ ਜਾਂਦੀਆਂ ਹਨ ਜਿਵੇਂ ਨਾਰੀਅਲ, ਖੋਪਾ, ਵਰ ਦੀ ਮਾਂ ਦਾ ਤ੍ਰੇਵਰ ਆਦਿ। ਉਹ ਸਭ ਲਗਨ ਦੇ ਕਾਗਜ਼ ਨਾਲ ਹੀ ਕੰਨਿਆਂ ਦੀ ਝੋਲੀ ਵਿਚ ਪਾਈਆਂ ਜਾਂਦੀਆਂ ਹਨ। ਮੰਤ੍ਰਾਂ ਦੇ ਉਚਾਰਨ ਮਗਰੋਂ ਕੰਨਿਆਂ ਦੀ ਝੋਲੀ ਦੀਆਂ ਚੀਜ਼ਾਂ ਮਾਂ ਦੀ ਝੋਲੀ ਵਿਚ ਪਾਈਆਂ ਜਾਂਦੀਆਂ ਹਨ। ਜੇ ਮਾਂ ਵਿਧਵਾ ਹੋਵੇ ਜਾਂ ਗਰਭਵਤੀ ਤਾਂ ਚਾਚੀ ਜਾਂ ਕਿਸੇ ਹੋਰ ਤੀਵੀਂ ਦੀ ਝੋਲੀ ਵਿਚ ਪਾਂਦੀ ਹੈ। ਫਿਰ ਲਗਨ ਤੇ ਚੀਜ਼ਾਂ ਨਾਈ ਨੂੰ ਦੇ ਦਿਤੀਆਂ ਜਾਂਦੀਆਂ ਹਨ, ਜੋ ਵਰ ਦੇ ਘਰ ਲੈ ਜਾਂਦਾ ਹੈ। ਗੁੜ ਤੇ ਮਠਿਆਈ ਆਦਿ ਵੰਡੀ ਜਾਂਦੀ ਹੈ, ਤੇ ਤੀਵੀਆਂ ਗੀਤ ਗਾਉਂਦੀਆਂ ਹਨ।

ਵਰ ਦੇ ਘਰ ਜਦੋਂ ਨਾਈ ਲਗਨ ਦੇਂਦਾ ਹੈ ਤਾਂ ਵਰ ਦਾ ਪਿਉ, ਪਿੰਡ ਦੇ ਪੰਚਾਂ ਤੇ ਬਰਾਦਰੀ ਨੂੰ ਸੱਦਦਾ ਹੈ.। ਕੁੱਲ ਪ੍ਰੋਹਿਤ ਚੌਕ ਪੂਰ ਕੇ ਵਰ ਨੂੰ ਬਿਠਾਂਦਾ ਹੈ ਤੇ ਫਿਰ ਲਗਨ ਪੜ੍ਹਦਾ ਹੈ। ਸੁਗਾਤਾਂ ਵਰ ਦੀ ਝੋਲੀ ਵਿਚ ਪਾ ਦਿਤੀਆਂ ਜਾਂਦੀਆਂ ਹਨ, ਜੋ ਮਗਰੋਂ ਉਹ ਮਾਂ ਨੂੰ ਦੇ ਦੇਂਦਾ ਹੈ।

ਵਿਆਹ ਸ਼ਾਦੀ ਤੇ ਹੋਰ ਸ਼ੁਭ ਅਵਸਰਾਂ ਤੇ ਸਨਾਤਨੀ ਹਿੰਦੂ ਪੰਡਤਾਂ ਤੋਂ ਮਹੂਰਤ ਕਢਵਾ ਕੇ, ਲਗਨ ਦੀ ਸ਼ੁਭ ਘੜੀ ਜਾਣ ਲੈਂਦੇ ਹਨ ਤੇ ਉਸ ਸਮੇਂ ਹੀ ਉਹ ਕਾਰਜ ਕੀਤਾ ਜਾਂਦਾ ਹੈ। ਸੂਰਜ ਹਰੇਕ ਰਾਸ਼ੀ ਵਿਚ ਇਕ ਮਹੀਨਾ ਠਹਿਰਦਾ ਹੈ ਤੇ ਇਸ ਤਰ੍ਹਾਂ ਹਰ ਮਹੀਨੇ ਦੀ ਕੋਈ ਨਾ ਕੋਈ ਰਾਸ਼ੀ ਹੁੰਦੀ ਹੈ। ਚੇਤਰ ਵਿਚ ਸੂਰਜ ਮੀਨ ਰਾਸ਼ੀ ਵਿਚ, ਵਿਸਾਖ ਵਿਚ ਮੇਖ ਰਾਸ਼ੀ ਵਿਚ, ਜੇਠ ਵਿਚ ਬ੍ਰਿਖ ਰਾਸ਼ੀ ਵਿਚ, ਹਾੜ ਵਿਚ ਮਿਥਨ ਰਾਸ਼ੀ ਵਿਚ, ਸਾਵਣ ਵਿਚ ਕਰਕ ਰਾਸ਼ੀ ਵਿਚ, ਭਾਦਰੋਂ ਵਿਚ ਸਿੰਘ ਰਾਸ਼ੀ ਵਿਚ, ਅਸੂ ਵਿਚ ਕੰਨਿਆਂ ਰਾਸ਼ੀ ਵਿਚ, ਕੱਤਕ ਵਿਚ ਤੁਲਾ ਰਾਸ਼ੀ ਵਿਚ, ਮੱਘਰ ਵਿਚ ਬ੍ਰਿਸ਼ਚਕ ਰਾਸ਼ੀ ਵਿਚ ਤੇ ਪੋਹ ਵਿਚ ਸੂਰਜ ਧਨ ਰਾਸ਼ੀ ਵਿਚ, ਮਾਘ ਵਿਚ ਮਕਰ ਰਾਸ਼ੀ ਵਿਚ ਤੇ ਫੱਗਣ ਵਿਚ ਸੂਰਜ ਕੁੰਭ ਰਾਸ਼ੀ ਵਿਚ ਹੁੰਦਾ ਹੈ।

ਹਰ ਰੋਜ਼ ਜਿਸ ਰਾਸ਼ੀ ਵਿਚ ਸੂਰਜ ਚੜ੍ਹਦਾ ਹੈ, ਉਸ ਤੋਂ ਸਤਵੀਂ ਰਾਸ਼ੀ ਵਿਚ ਸੂਰਜ ਡੁਬ ਜਾਂਦਾ ਹੈ।

ਲਗਨ ਦੇਖਣ ਤੋਂ ਪਹਿਲਾਂ ਬੱਚੇ ਦੇ ਜਨਮ ਦਾ ਠੀਕ ਸਮਾਂ ਪਤਾ ਹੋਣਾ ਚਾਹੀਦਾ ਹੈ। ਵਿਸਾਖ ਦੇ ਮਹੀਨੇ ਜੇ ਬੱਚਾ ਜੰਮੇ ਤਾਂ ਉਦੋਂ ਸੂਰਜ ਮੇਖ ਰਾਸ਼ੀ ਵਿਚ ਹੁੰਦਾ ਹੈ। ਜਦੋਂ ਸੂਰਜ ਚੜ੍ਹੇਗਾ ਤਾਂ ਮੇਖ ਰਾਸ਼ੀ ਹੋਵੇਗੀ। ਮੇਖ ਰਾਸ਼ੀ ਵਿਚ ਸੂਰਜ 3 ਘੜੀਆਂ 34 ਪਲ ਰਹੇਗਾ। ਇਸ ਪਿਛੋਂ ਬ੍ਰਿਖ ਲਗਨ ਵਿਚ ਪੈ ਜਾਵੇਗਾ। ਇਸ ਤਰ੍ਹਾਂ ਬਾਰਾਂ ਲਗਨ ਦਿਨ ਰਾਤ ਵਿਚ ਪੂਰੇ ਹੋ ਜਾਂਦੇ ਹਨ। ਸੰਗਰਾਂਦ ਤੋਂ ਬਾਅਦ ਜਿਤਨੇ ਅੰਸ਼ ਬੀਤਦੇ ਜਾਣਗੇ, ਉਤਨੇ ਅੰਸ਼ ਰਾਸ਼ੀ ਦੇ ਘਟਦੇ ਜਾਣਗੇ। ਜਿਸ ਲਗਨ ਵਿਚ ਸੂਰਜ ਸੰਗਰਾਂਦ ਨੂੰ ਨਿਕਲੇਗਾ, ਉਸ ਤੋਂ ਅਗਲੇ ਦਿਨ ਉਸ ਰਾਸ਼ੀ ਦਾ ਇਕ ਅੰਸ਼ ਘਟਦਾ ਜਾਵੇਗਾ ਜਿਵੇਂ ਵਿਸਾਖ ਦੀ ਸੰਗਰਾਂਦ ਨੂੰ, ਮੇਖ ਲਗਨ ਉਤੇ ਸੂਰਜ ਨਿਕਲੇਗਾ, ਪਰ ਵਿਸਾਖ ਦੀ ਦੋ ਨੂੰ ਮੇਖ ਰਾਸ਼ੀ ਦਾ ਇਕ ਅੰਸ਼ ਬੀਤਣ ਉਤੇ, ਸੂਰਜ ਵਿਖਾਈ ਦੇਵੇਗਾ, ਇਸ ਤਰ੍ਹਾਂ ਦਿਨ ਪ੍ਰਤੀ ਦਿਨ ਇਕ ਅੰਸ਼ ਘਟਦਾ ਜਾਂਦਾ ਹੈ। ਪਹਿਲੇ ਲਗਨ ਦੇ ਖ਼ਤਮ ਹੁੰਦੇ ਹੀ, ਦੂਜਾ ਲਗਨ ਸ਼ੁਰੂ ਹੋ ਜਾਂਦਾ ਹੈ। ਹਰੇਕ ਰਾਸ਼ੀ ਹੇਠ ਦਿਤੀ ਸਾਰਨੀ ਅਨੁਸਾਰ ਕੁਝ ਘੜੀ ਪਲਾਂ ਦੀ ਹੁੰਦੀ ਹੈ:

| ਲਗਨ : | ਮੇਖ | ਬ੍ਰਿਖ | ਮਿਥਨ | ਕਰਕ |
|---|---|---|---|---|
| ਘੜੀ : | 3 | 4 | 5 | 5 |
| ਪਲ : | 34 | 7 | 1 | 45 |
| ਲਗਨ : | ਸਿੰਘ | ਕੰਨਿਆਂ | ਤੁਲਾ | ਬ੍ਰਿਸ਼ਚਕ |
| ਘੜੀ : | 5 | 5 | 5 | 5 |
| ਪਲ : | 51 | 42 | 42 | 51 |
| ਲਗਨ : | ਧਨੁ | ਮਕਰ | ਕੁੰਭ | ਮੀਨ |
| ਘੜੀ : | 5 | 5 | 4 | 3 |
| ਪਲ : | 45 | 1 | 7 | 34 |

ਭਾਰਤੀ ਜੋਤਸ਼ੀਆਂ ਅਨੁਸਾਰ ਇਕ ਦਿਨ ਰਾਤ ਦਾ ਬਾਹਰਵਾਂ ਹਿੱਸਾ ਲਗਨ ਅਖਵਾਂਦਾ ਹੈ। ਦਿਨ ਰਾਤ ਨੂੰ 12 ਭਾਗਾਂ ਵਿਚ ਵੰਡਿਆ ਗਿਆ ਹੈ, ਪਰ ਇਹ ਭਾਗ ਬਰਾਬਰ ਨਹੀਂ ਹੁੰਦੇ।

ਉਸ ਪਲ ਨੂੰ ਵੀ ਲਗਨ ਕਹਿੰਦੇ ਹਨ, ਜਦੋਂ ਸੂਰਜ ਨਵੀਂ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ।

ਵਿਆਹ ਦਾ ਸਾਹਾ ਨਿਕਲਣ ਮਗਰੋਂ, ਕੰਨਿਆਂ ਦਾ ਪਿਉ, ਸਾਹੇ ਦੀ ਚਿੱਠੀ ਵਰ ਪੱਖ ਵਾਲਿਆਂ ਨੂੰ ਭੇਜਦਾ ਹੈ। ਇਸ ਚਿੱਠੀ ਨਾਲ ਕੁਝ ਰੁਪਏ ਤੇ ਕਪੜਾ ਲੀੜਾ ਘਲਦਾ ਹੈ, ਉਸ ਨੂੰ ਵੀ ਲਗਨ ਕਿਹਾ ਜਾਂਦਾ ਹੈ।

(ਲ-10) **ਲੰਗਰ :**

ਸਾਂਝੀ ਰਸੋਈ ਜਿਥੇ ਹਰੇਕ ਨੂੰ ਬਿਨਾਂ ਭਿੰਨ-ਭਾਵ ਦੇ ਛੱਕਣ ਲਈ ਖਾਣਾ ਮਿਲੇ। ਸਿੱਖਾਂ ਵਿਚ ਲੰਗਰ ਦੀ ਪ੍ਰਥਾ ਬੜੀ ਮਹੱਤਾ ਰਖਦੀ ਹੈ। ਗੁਰੂ ਘਰ ਵਿਚ ਇਹ ਮਰਯਾਦਾ ਚਲੀ ਆ ਰਹੀ ਹੈ ਕਿ ਜਿਥੇ ਗੁਰਦਵਾਰਾ ਹੋਵੇ, ਉਥੇ ਨਾਲ ਲੰਗਰ ਵੀ ਵਰਤਿਆ ਕਰੇ। ਇਸ ਲਈ ਸਿੱਖਾਂ ਦੇ ਲਗਪਗ ਸਭ ਵੱਡੇ ਤੇ ਇਤਿਹਾਸਕ ਗੁਰਦਵਾਰਿਆਂ ਵਿਚ, ਲੰਗਰ ਦੀ ਮਰਯਾਦਾ ਨੂੰ ਪਾਲਿਆ ਜਾਂਦਾ ਹੈ। ਛੋਟੇ ਗੁਰਦਵਾਰਿਆਂ ਵਿਚ ਵੀ ਗ਼ਰੀਬ ਤੇ ਸ਼ਰਨਾਰਥੀ ਲਈ ਲੰਗਰ ਦਾ ਪ੍ਰਬੰਧ ਕਰ ਦਿਤਾ ਜਾਂਦਾ ਹੈ।

ਲੰਗਰ ਪੰਗਤ ਵਿਚ ਬੈਠ ਕੇ ਖਾਧਾ ਜਾਂਦਾ ਹੈ, ਇਸ ਲਈ ਇਥੇ ਨੀਚ ਊਚ ਤੇ ਧਰਮ ਦਾ ਭਿੰਨ ਭੇਦ ਨਹੀਂ ਹੁੰਦਾ। ਸਭ ਜਾਤੀਆਂ ਤੇ ਧਰਮਾਂ ਦੇ ਲੋਕ ਲੰਗਰ ਵਿਚੋਂ ਪ੍ਰਸ਼ਾਦਿ ਛੱਕ ਸਕਦੇ ਹਨ।

ਸਿੱਖਾਂ ਵਿਚ ਲੰਗਰ ਦਾ ਮੁੱਢ ਗੁਰੂ ਨਾਨਕ ਦੇਵ ਜੀ ਤੋਂ ਬਝਿਆ ਮੰਨਿਆ ਜਾਂਦਾ ਹੈ। ਜਦੋਂ ਉਨ੍ਹਾਂ ਨੇ ਖਰਾ ਸੌਦਾ ਕਰਨ ਵੇਲੇ ਵੀਹ ਰੁਪਏ, ਕਈ ਦਿਨਾਂ ਦੇ ਭੁਖੇ ਸਾਧਾਂ ਨੂੰ, ਖਵਾਏ ਸਨ। ਪਰ ਲੰਗਰ ਦੀ ਅਸਲ ਮਰਯਾਦਾ ਕਰਤਾਰਪੁਰ ਵਿਚ ਬੱਝੀ ਜਦੋਂ ਸੰਗਤਾਂ ਗੁਰੂ ਜੀ ਦੇ ਦਰਸ਼ਨ ਲਈ ਆਉਂਦੀਆਂ ਤੇ ਇਕੋ ਪੰਗਤ ਵਿਚ ਬੈਠ ਕੇ ਪ੍ਰਸ਼ਾਦਿ ਛਕਦੀਆਂ ਸਨ। ਲੰਗਰ ਦੀ ਇਸ ਮਰਯਾਦਾ ਨੂੰ, ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਵਿਚ ਚਾਲੂ ਰਖਿਆ। ਗੁਰੂ ਅਮਰਦਾਸ ਜੀ ਦੇ ਸਮੇਂ ਤਾਂ ਲੰਗਰ ਦੀ ਮਹੱਤਾ ਇਤਨੀ ਵਧ ਗਈ ਕਿ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਏ ਹਰ ਜਗਿਆਸੂ ਲਈ ਪਹਿਲਾਂ ਲੰਗਰ ਦਾ ਪ੍ਰਸ਼ਾਦਿ ਛਕਣਾ ਲਾਜ਼ਮੀ ਹੋ ਗਿਆ ਸੀ।

(ਲ-11) **ਲਛਮਣ :**

ਲਛਮਣ ਰਾਜੇ ਦਸਰਥ ਦਾ ਪੁੱਤਰ ਜੋ ਰਾਣੀ ਸੁਮਿਤ੍ਰਾ ਦੇ ਉਦਰ ਤੋਂ ਪੈਦਾ ਹੋਇਆ। ਪੁਰਾਣਾਂ ਅਨੁਸਾਰ ਲਛਮਣ ਵਿਸ਼ਨੂੰ ਦਾ ਅੰਸ਼ ਅਵਤਾਰ ਹੈ। ਕਿਉਂ ਜੋ ਇਸ ਵਿਚ ਵਿਸ਼ਨੂੰ ਦੀਆਂ ਅਨ-ਕਲਾਂ ਨੇ ਅਵਤਾਰ ਧਾਰਿਆ ਸੀ। ਪੁਰਾਣਾਂ ਵਿਚ ਲਛਮਣ ਨੂੰ ਸ਼ੇਸ਼ਨਾਗ ਦਾ ਅਵਤਾਰ ਵੀ ਮੰਨਿਆ ਗਿਆ ਹੈ।

ਲਛਮਣ ਦੀ ਪਤਨੀ ਦਾ ਨਾਂ ਉਰਮਿਲਾ ਸੀ, ਜੋ ਰਾਜੇ ਜਨਕ ਦੀ ਪੁੱਤਰੀ ਤੇ ਸੀਤਾ ਦੀ ਭੈਣ ਸੀ ਜਿਸ ਤੋਂ 'ਅੰਗਦ' ਤੇ 'ਚੰਦ੍ਰਕੇਤੂ' ਦੋ ਪੁੱਤਰ ਪੈਦਾ ਹੋਏ।

ਲਛਮਣ ਦਾ ਰਾਮ ਤੇ ਸੀਤਾ ਨਾਲ ਨਿੱਘਾ ਪਿਆਰ ਸੀ ਤੇ ਹਿੰਦੂ ਉਸ ਨੂੰ ਇਕ ਆਦਰਸ਼ਕ ਭਰਾ ਤੇ ਦੇਵਰ ਮੰਨਦੇ ਹਨ। ਬਨਬਾਸ ਦੇ ਦਿਨੀਂ ਇਸ ਨੇ ਰਾਮ ਤੇ ਸੀਤਾ ਨਾਲ ਹੀ ਜੰਗਲ ਵਿਚ ਵਾਸਾ ਕੀਤਾ। ਬਨਬਾਸ ਦੇ ਦਿਨਾਂ ਵਿਚ ਹੀ ਲਛਮਣ ਨੇ ਸਰੂਪਨਖਾ ਦਾ ਨੱਕ ਤੇ ਕੰਨ ਕਟ ਦਿਤੇ। ਸਰੂਪਨਖਾ ਰਾਵਣ ਦੀ ਭੈਣ ਸੀ ਤੇ ਉਹ ਰਾਮ ਚੰਦਰ ਉਤੇ ਮੋਹਤ ਹੋ ਗਈ ਸੀ ਅਤੇ ਉਨ੍ਹਾਂ ਨਾਲ ਵਿਆਹ ਰਚਾਣਾ ਚਾਹੁੰਦੀ ਸੀ। ਸਰੂਪਨਖਾ ਨੇ ਆਪਣੇ ਭਰਾ ਰਾਵਣ ਨੂੰ ਬਦਲਾ ਲੈਣ ਲਈ ਪ੍ਰੇਰਿਆ ਤੇ ਉਹ ਸੀਤਾ ਨੂੰ ਉਧਾਲ ਕੇ ਲੈ ਗਿਆ ਜਿਸ ਕਰ ਕੇ ਰਾਮ ਤੇ ਰਾਵਣ ਵਿਚ ਭਿਆਨਕ ਯੁੱਧ ਹੋਇਆ।

(ਲ-12) **ਲਛਮਣ ਜਤੀ :**

ਮਲੀ ਗੋਤ ਦੇ ਜੱਟਾਂ ਦਾ ਇਕ ਜਠੇਰਾ ਜਿਸ ਦੀ ਮਾੜੀ ਸਿਆਲਕੋਟ ਵਿਚ ਹੈ। ਇਹ ਬਦਿਆਨਾ ਦਾ ਰਹਿਣ ਵਾਲਾ ਸੀ, ਤੇ ਬੜਾ ਜਤੀ ਸਤੀ ਸੀ, ਜਿਸ ਤੋਂ ਇਸ ਦੇ ਨਾਂ ਨਾਲ ਜਤੀ ਸ਼ਬਦ ਵਰਤਿਆ ਜਾਣ ਲੱਗਾ।

(ਲ-13) **ਲਛਮੀ ਦੇਵੀ :**

ਪੁਰਾਣਾਂ ਅਨੁਸਾਰ ਧਨ ਦੌਲਤ ਦੀ ਦੇਵੀ; ਇਸ ਦੇ ਜਨਮ ਬਾਰੇ ਵੇਦਾਂ ਤੇ ਪੁਰਾਣਾਂ ਵਿਚ ਭਿੰਨ ਭਿੰਨ ਵਿਚਾਰ ਮਿਲਦੇ ਹਨ। ਤੈਤਿਰੀਯ ਸੰਹਿਤਾ ਅਨੁਸਾਰ ਲਛਮੀ ਤੇ ਸ੍ਰੀ, ਆਦਿਤਯ ਦੀਆਂ ਪਤਨੀਆਂ ਸਨ, ਸ਼ਤਪਥ ਬ੍ਰਾਹਮਣ ਵਿਚ ਸ੍ਰੀ ਨੂੰ ਪ੍ਰਜਾਪਤੀ ਤੋਂ ਉਤਪੰਨ ਹੋਇਆ ਦਸਿਆ ਜਾਂਦਾ ਹੈ।

ਰਾਮਾਇਣ ਅਨੁਸਾਰ ਸਮੁੰਦਰ ਮੱਥਣ ਸਮੇਂ ਸਾਗਰ ਵਿਚੋਂ ਜੋ 14 ਰਤਨ ਨਿਕਲੇ, ਉਨ੍ਹਾਂ ਵਿਚੋਂ ਇਕ ਲਛਮੀ ਵੀ ਸੀ। ਇਹ ਆਪਣੇ ਭਰ ਜੋਬਨ ਵਿਚ ਹੱਥਾਂ ਵਿਚ ਕੰਵਲ ਲੈ ਕੇ ਅਪਛਰਾ ਦੇ ਰੂਪ ਵਿਚ ਸਮੁੰਦਰ ਵਿਚੋਂ ਨਿਕਲੀ। ਪੁਰਾਣਾਂ ਅਨੁਸਾਰ, ਲਛਮੀ ਭਿਰਗੂ ਰਿਸ਼ੀ ਦੀ ਪੁੱਤਰੀ ਸੀ ਜੋ ਯਯਾਤੀ ਦੀ ਕੁਖੋਂ ਜੰਮੀ। ਇਹ ਪਹਿਲਾਂ ਇੰਦਰਪੁਰੀ ਵਿਚ ਰਹਿੰਦੀ ਸੀ, ਪਰ ਪਿਛੋਂ ਰਿਸ਼ੀ ਭਿਰਗੂ ਵਲੋਂ ਇੰਦਰ ਨੂੰ ਸਰਾਪ ਕਾਰਨ ਇੰਦਰ ਨੂੰ ਜਦੋਂ ਇੰਦਰਪੁਰੀ ਛੱਡਣੀ ਪਈ ਤਾਂ ਲਛਮੀ ਖੀਰ ਸਾਗਰ ਵਿਚ ਰਹਿਣ ਲਗੀ। ਸਾਗਰ ਮੱਥਣ ਵੇਲੇ ਉਸ ਨੂੰ ਸਮੁੰਦਰ ਵਿਚੋਂ ਕੱਢ ਕੇ ਮੁੜ ਦੇਵਤਿਆਂ ਨੂੰ ਦੇ ਦਿਤਾ ਗਿਆ।

ਇਕ ਹੋਰ ਪੁਰਾਣਿਕ ਕਥਾ ਅਨੁਸਾਰ ਲਛਮੀ ਦੇਵੀ ਸ੍ਰਿਸ਼ਟੀ ਦੀ ਰਚਨਾ ਸਮੇਂ ਕੰਵਲ ਉਤੇ ਤਰਦੀ ਹੋਈ ਪ੍ਰਗਟ ਹੋਈ ਸੀ।

ਵਿਸ਼ਨੂੰ ਪੁਰਾਣ ਅਨੁਸਾਰ ਲਛਮੀ ਵਿਸ਼ਨੂੰ ਦੀ ਪਤਨੀ ਹੈ। ਜਦੋਂ ਵਿਸ਼ਨੂੰ ਨੇ ਵਾਮਨ ਅਵਤਾਰ ਧਾਰਨ ਕੀਤਾ, ਲਛਮੀ ਕੰਵਲ ਫੁੱਲ ਵਿਚੋਂ ਪ੍ਰਗਟ ਹੋਈ ਤੇ ਪਦਮਾ ਅਖਵਾਈ। ਜਦੋਂ ਵਿਸ਼ਨੂੰ ਪਰਸਰਾਮ ਦੇ ਰੂਪ ਵਿਚ ਪ੍ਰਗਟ

ਹੋਏ, ਇਹੋ ਲਛਮੀ ਧਰਣੀ ਬਣੀ, ਜਦੋਂ ਰਾਮ ਚੰਦਰ ਬਣੇ, ਤਾਂ ਇਹ ਸੀਤਾ ਦੇ ਰੂਪ ਵਿਚ ਸੰਸਾਰ ਵਿਚ ਆਈ ਅਤੇ ਜਦੋਂ ਉਨ੍ਹਾਂ ਕ੍ਰਿਸ਼ਨ ਦੇ ਰੂਪ ਵਿਚ ਅਵਤਾਰ ਲਿਆ ਤਾਂ ਇਹ ਰੁਕਮਣੀ ਬਣੀ। ਜੁਗਾਂ ਜੁਗਾਂਤਰਾਂ ਤੋਂ ਲਛਮੀ ਵਿਸ਼ਨੂੰ ਦੇਵਤੇ ਦੇ ਸਾਥ ਰਹੀ।

ਮਾਰਕੰਡੇ ਪੁਰਾਣ ਅਨੁਸਾਰ ਲਛਮੀ, ਸਰਸਵਤੀ ਤੇ ਕਾਲੀ ਸਭ ਮਾਯਾ ਦਾ ਰੂਪ ਹਨ। ਮਾਯਾ ਸੰਸਾਰ ਦੀ ਆਦਿ ਮਾਤਾ ਸੀ ਤੇ ਉਸ ਨੇ ਸਤੋ, ਤਮੋ ਤੇ ਰਜੋ ਦੇ ਤਿੰਨ ਗੁਣਾਂ ਅਨੁਸਾਰ ਤਿੰਨ ਸਰੂਪਾਂ ਦਾ ਪ੍ਰਕਾਸ਼ ਕੀਤਾ, ਜੋ ਤਿੰਨ ਪ੍ਰਮੁਖ ਦੇਵਤਿਆਂ ਦੀਆਂ ਹੀ ਜੋਤਾਂ ਸਨ। ਬ੍ਰਹਮਾ ਤੋਂ ਲਛਮੀ, ਮਹੇਸ਼ ਤੋਂ ਸਰਸਵਤੀ ਤੇ ਵਿਸ਼ਨੂੰ ਤੋਂ ਕਾਲੀ। ਫਿਰ ਇਨ੍ਹਾਂ ਦੇ ਵਿਆਹ ਉਨਾਂ ਦੇਵਤਿਆਂ ਨਾਲ ਹੋਏ, ਜਿਨ੍ਹਾਂ ਦਾ ਇਹ ਪ੍ਰਕਾਸ਼ ਨਹੀਂ ਸਨ, ਜਿਵੇਂ ਬ੍ਰਹਮਾ ਤੇ ਸਰਸਵਤੀ ਨੇ ਸ੍ਰਿਸ਼ਟੀ ਦੇ ਮੂਲ ਅੰਡੇ ਨੂੰ ਸਰੂਪ ਦਿਤਾ, ਮਹੇਸ਼ ਤੇ ਕਾਲੀ ਨੇ ਇਸ ਨੂੰ ਦੋ ਭਾਗਾਂ ਵਿਚ ਵੰਡ ਕੇ ਧਰਤੀ ਤੇ ਅਸਮਾਨ ਰਚਿਆ ਅਤੇ ਵਿਸ਼ਨੂੰ ਤੇ ਲਛਮੀ ਨੇ ਇਸ ਦੀ ਪਾਲਨਾ ਤੇ ਰਖਿਆ ਕੀਤੀ। ਇਕ ਹੋਰ ਕਥਾ ਅਨੁਸਾਰ ਇਕ ਵਾਰ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਬੈਕੁੰਠ ਵਿਚ ਬੈਠੇ ਕਿਸੇ ਮਾਮਲੇ ਉਤੇ ਵਿਚਾਰ ਕਰ ਰਹੇ ਸਨ ਕਿ ਉਨ੍ਹਾਂ ਤਿੰਨਾਂ ਦੀ ਸਾਂਝੀ ਦੇਵੀ ਸ਼ਕਤੀ ਨਾਰੀ ਦੇ ਰੂਪ ਵਿਚ ਪ੍ਰਗਟ ਹੋਈ ਤੇ ਉਸ ਦਾ ਪ੍ਰਕਾਸ਼ ਸਾਰੇ ਪਾਸੇ ਫੈਲ ਗਿਆ। ਤ੍ਰਿੰਨਾਂ ਦੇਵਤਿਆਂ ਨੇ ਇਸ ਨੂੰ ਆਪਣੀ ਪਤਨੀ ਬਨਾਉਣਾ ਚਾਹਿਆ, ਸੋ ਦੇਵੀ ਨੇ ਆਪਣੇ ਆਪ ਨੂੰ ਤਿੰਨ ਭਾਗਾਂ ਵਿਚ ਉਦੋਂ ਕੀਤਾ—ਸਰਸਵਤੀ, ਲਛਮੀ ਤੇ ਦੁਰਗਾ।

ਲਛਮੀ ਬਹੁਤ ਹੀ ਸੁੰਦਰ ਤੇ ਤਿੱਖੇ ਨੈਣਾਂ ਵਾਲੀ ਦੇਵੀ ਹੈ। ਇਸ ਦੀਆਂ ਚਾਰ ਬਾਹਵਾਂ ਹਨ। ਕਈ ਮੂਰਤਾਂ ਵਿਚ ਇਸ ਦੀਆਂ ਚਾਰ ਬਾਹਵਾਂ ਵਿਖਾਈਆਂ ਜਾਂਦੀਆਂ ਹਨ, ਪਰ ਕਈਆਂ ਵਿਚ ਕੇਵਲ ਦੋ। ਤਸਵੀਰਾਂ ਵਿਚ ਲਛਮੀ ਨੂੰ ਕੰਵਲ ਫੁੱਲ ਵਿਚ ਖਲੋਤੀ ਵਿਖਾਇਆ ਜਾਂਦਾ ਹੈ। ਇਸ ਲਈ ਕੰਵਲ ਫੁੱਲ ਲਛਮੀ ਦਾ ਪ੍ਰਤੀਕ ਬਣ ਗਿਆ ਹੈ। ਕੁਝ ਤਸਵੀਰਾਂ ਵਿਚ ਲਛਮੀ ਨੂੰ ਸ਼ੇਸ਼ਨਾਗ ਉਤੇ ਬੈਠ ਕੇ ਵਿਸ਼ਨੂੰ ਦੇ ਚਰਨ ਛੁਹੰਦੇ ਵਿਖਾਇਆ ਗਿਆ ਹੈ। ਇਹ ਲਛਮੀ ਦੀ ਪਤੀ ਭਗਤੀ ਦਾ ਬੋਧਿਕ ਹੈ।

ਲਛਮੀ ਸੁੰਦਰਤਾ ਦੀ ਸਾਖਿਆਤ ਮੂਰਤੀ ਹੈ। ਜਦੋਂ ਸਾਗਰ ਮੱਥਣ ਵੇਲੇ ਲਛਮੀ ਸਮੁੰਦਰ ਵਿਚੋਂ ਨਿਕਲੀ ਤਾਂ ਇਸ ਦੀ ਸੁੰਦਰਤਾ ਦੇ ਪ੍ਰਕਾਸ਼ ਨਾਲ ਸਭ ਦੇਵਤੇ ਚਕਾਚੂੰਦ ਹੋ ਗਏ। ਸ਼ਿਵ ਨੇ ਲਛਮੀ ਨੂੰ ਆਪਣੀ ਪਤਨੀ ਬਨਾਉਣਾ ਚਾਹਿਆ, ਇੰਦਰ ਨੇ ਆਪਣੀ ਪਤਨੀ। ਪਰ ਵਿਸ਼ਨੂੰ ਨੇ ਲਛਮੀ ਉਤੇ ਆਪਣਾ ਹੱਕ ਜਤਾਇਆ ਅਤੇ ਲਛਮੀ ਵਿਸ਼ਨੂੰ ਨੂੰ ਪਤੀ ਦੇ ਰੂਪ ਵਿਚ ਗ੍ਰਹਿਣ ਕਰਨਾ ਚਾਹੁੰਦੀ ਸੀ। ਸ਼ਿਵ ਨੇ ਨਿਰਾਸ ਹੋ ਕੇ ਵਿਸ ਪੀਣੀ ਚਾਹੀ, ਪਰ ਪਾਰਬਤੀ ਨੇ ਉਨ੍ਹਾਂ ਦੇ ਹੱਥੋਂ ਪਿਆਲਾ ਖੋਹ ਲਿਆ।

ਲਛਮੀ ਭਾਵੇਂ ਪਤੀ ਦੀ ਬੜੀ ਭਗਤਣੀ ਹੈ, ਪਰ ਮਾਯਾ ਦੀ ਦੇਵੀ ਦੇ ਰੂਪ ਵਿਚ, ਇਸ ਨੂੰ ਬੜਾ ਚੰਚਲ ਤੇ ਤਰਲ ਮੰਨਿਆ ਜਾਂਦਾ ਹੈ, ਜੋ ਕਿਧਰੇ ਠਹਿਰਦੀ ਨਹੀਂ ਤੇ ਢਲਦੇ ਪਰਛਾਵੇਂ ਵਾਂਙ ਹੈ।

ਲਛਮੀ ਦਾ ਜਨਮ ਕੱਤਕ ਦੀ ਮਸਿਆ ਨੂੰ ਖੀਰ ਸਾਗਰ ਵਿਚ ਹੋਇਆ, ਇਸ ਲਈ ਇਸ ਦੀ ਪੂਜਾ ਕੱਤਕ ਦੀ ਮਸਿਆ (ਦੀਵਾਲੀ ਦੀ ਰਾਤ) ਨੂੰ ਕੀਤੀ ਜਾਂਦੀ ਹੈ।

(ਲ-14) **ਲੱਛੀ** :

ਮੁਟਿਆਰਾਂ ਲਈ ਪਿਆਰ ਭਿੱਜਾ ਇਕ ਨਾਉਂ, ਜੋ ਲੋਕ-ਗੀਤਾਂ ਵਿਚ ਆਮ ਆਉਂਦਾ ਹੈ। ਲੱਛੀ ਦੁਆਰਾ ਮਨ ਦੀ ਗੱਲ ਸਹਿਜੇ ਹੀ ਕਹਿ ਲਈ ਜਾਂਦੀ ਹੈ:

ਮੁੰਡੇ ਮਰ ਗਏ ਕਮਾਈਆਂ ਕਰਦੇ
ਲੱਛੀ ਤੇਰੇ ਬੰਦ ਨਾ ਬਣੇ।

(ਲ-15) **ਲਟ** :

ਲੁਧਿਆਣੇ ਦਾ ਇਕ ਜੱਟ ਕਬੀਲਾ। ਗਲਾਸਰੀ (ਪੰਨਾ 32, ਜਿਲਦ 3) ਅਨੁਸਾਰ ਇਸ ਕਬੀਲੇ ਦੇ ਲੋਕ ਵਿਆਹ ਸਮੇਂ ਜੰਡੀ ਕੱਟਣ ਦੀ ਰਸਮ ਨਹੀਂ ਕਰਦੇ, ਪਰ ਜਠੇਰਿਆਂ ਦੇ ਜਾ ਕੇ ਛੱਟੀਆਂ ਖੇਡਣ ਦੀ ਰੀਤ ਕਰਦੇ ਹਨ। ਇਨ੍ਹਾਂ ਵਿਚ ਕੰਗਣਾ ਖੇਡਣ ਦਾ ਵੀ ਰਵਾਜ ਹੈ।

(ਲ-16) **ਲਟੂ** :

ਕਿਸ਼ੋਰ ਬੱਚਿਆਂ ਦੇ ਖੇਡਣ ਦਾ ਲਕੜੀ ਦਾ ਇਕ ਖਿਡੌਣਾ; ਇਹ ਫੁੱਲ ਦੀ ਸ਼ਕਲ ਦਾ ਹੁੰਦਾ ਹੈ। ਇਸ ਦੇ ਪਿਛੇ ਪਾਸੇ ਡੋਰੀ ਵਲਣ ਲਈ ਧਾਰਾਂ ਬਣੀਆਂ ਹੁੰਦੀਆਂ ਹਨ ਤੇ ਹੇਠਾਂ ਪੈਂਦੇ ਵਿਚ ਮੇਖ ਦੀ ਕਿੱਲੀ ਗੱਡੀ ਹੁੰਦੀ ਹੈ। ਬੱਚੇ ਲਟੂ ਉਤੇ ਡੋਰੀ ਵਲ੍ਹੇਟ ਕੇ, ਹਵਾ ਵਿਚ ਲਹਿਰਾ ਕੇ ਜ਼ਮੀਨ ਉਤੇ ਇਸ ਤਰ੍ਹਾਂ ਸੁਟਦੇ ਹਨ ਕਿ ਡੋਰੀ ਹੱਥ ਵਿਚ ਰਹਿ ਜਾਂਦੀ ਹੈ ਅਤੇ ਲਟੂ ਜ਼ਮੀਨ ਉਤੇ ਘੁੰਮਰੀਆਂ ਲੈਣ ਲਗ ਪੈਂਦਾ ਹੈ। ਕਈ ਬੱਚੇ ਲਟੂ ਨੂੰ ਹੱਥ ਦੀ ਉਂਗਲੀ ਜਾਂ ਹਥੇਲੀ ਉਤੇ ਵੀ ਚਲਾ ਲੈਂਦੇ ਹਨ। ਲਟੂ ਬੁਰਦਾਂ ਲਾ ਕੇ ਵੀ ਚਲਾਏ ਜਾਂਦੇ ਹਨ, ਜਿਸ ਦਾ ਲਟੂ ਪਹਿਲਾਂ ਰੁਕ ਜਾਵੇ ਉਹ ਬਾਜ਼ੀ ਹਾਰ ਜਾਂਦਾ ਹੈ।

(ਲ-17) **ਲੱਠੜ, ਲਾਠੜ** :

ਜੱਟਾਂ ਦੀ ਇਕ ਗੋਤ; ਲੱਠੜਾਂ ਵਿਚ ਪ੍ਰਚਲਤ ਰਵਾਇਤਾਂ ਅਨੁਸਾਰ ਇਨ੍ਹਾਂ ਦਾ ਵਡਿਕਾ ਜੈਸਲਮੇਰ ਤੋਂ ਪੰਜਾਬ ਆ ਕੇ

ਵਸਿਆ ਸੀ ਤੇ ਇਥੇ ਇਕ ਜੱਟ ਵਿਧਵਾ ਨਾਲ ਉਸ ਨੇ ਵਿਆਹ ਕਰ ਲਿਆ। ਇਸ ਵਡਿਕੇ ਦੀ ਅੱਲ ਲੱਠੜ ਇਸ ਲਈ ਪਈ ਦੱਸੀ ਜਾਂਦੀ ਹੈ ਕਿ ਇਕ ਵਾਰੀ ਬਹੁਤ ਸਾਰੇ ਦੁਸ਼ਮਣਾਂ ਨੇ ਉਸ ਨੂੰ ਘੇਰ ਲਿਆ। ਲੱਠੜ ਨੇ ਉਨ੍ਹਾਂ ਦਾ ਮੁਕਾਬਲਾ ਬੜੇ ਹੌਸਲੇ ਤੇ ਬੀਰਤਾ ਨਾਲ ਕੀਤਾ, ਪਰ ਉਨ੍ਹਾਂ ਵਿਚੋਂ ਇਕ ਦੁਸ਼ਮਣ, ਜਿਸ ਨੂੰ ਇਸ ਨੇ ਜਕੜ ਲਿਆ ਸੀ, ਨੇ ਇਸ ਦੇ ਮੂੰਹ ਵਿਚ ਲੱਠ ਘੁਸੇੜ ਕੇ ਮਾਰ ਦਿਤਾ। ਇਸ ਦੀ ਗੋਤ ਉਦੋਂ ਤੋਂ ਲੱਠੜ ਨਾਂ ਨਾਲ ਪ੍ਰਸਿੱਧ ਹੋ ਗਈ। ਗਲਾਸਰੀ ਅਨੁਸਾਰ ਇਸ ਗੋਤ ਦੇ ਜੀਂਦ ਤਹਿਸੀਲ ਵਿਚ ਸੱਤ ਪਿੰਡ ਹਨ ਅਤੇ ਇਹ ਵਿਆਹ ਸ਼ਾਦੀ ਸਮੇਂ 'ਖੇੜਾ ਭੂਮੀਆ' ਪੂਜਦੇ ਹਨ।

(ਲ-18) **ਲੱਡੂ** :

ਇਕ ਮਠਿਆਈ, ਜੋ ਵੇਸਣ ਨੂੰ ਘਿਉ ਵਿਚ ਤਲ ਕੇ, ਬਣੀ ਬੂੰਦੀ ਨੂੰ ਮਿਠੇ ਸ਼ੀਰੇ ਵਿਚ ਮਿਲਾ ਕੇ, ਬਣਾਈ ਜਾਂਦੀ ਹੈ। ਇਸ ਦੀਆਂ ਨਿਕੀਆਂ ਨਿਕੀਆਂ ਪਿੰਨੀਆਂ ਨੂੰ ਲੱਡੂ ਕਹਿੰਦੇ ਹਨ। ਲੱਡੂ ਪੰਜਾਬੀਆਂ ਦੀ ਮਨ-ਪਸੰਦ ਮਠਿਆਈ ਹੈ। ਬੱਚੇ ਦੇ ਜਨਮ ਤੇ ਵਿਆਹ ਸ਼ਾਦੀ ਸਮੇਂ ਜੋ ਮਠਿਆਈ ਵੰਡੀ ਜਾਂਦੀ ਹੈ, ਉਸ ਵਿਚ ਲੱਡੂਆਂ ਨੂੰ ਪਹਿਲ ਦਿਤੀ ਜਾਂਦੀ ਹੈ। ਸਭ ਤੋਂ ਵਧੀਆ ਲੱਡੂ ਮੋਤੀਚੂਰ ਦੇ ਗਿਣੇ ਜਾਂਦੇ ਹਨ, ਜਿਸ ਦੀ ਬੂੰਦੀ ਮੋਤੀਆਂ ਵਾਂਙ ਬਰੀਕ ਹੁੰਦੀ ਹੈ।

ਪੰਜਾਬ ਵਿਚ ਲੋਹੜੀ ਦੇ ਤਿਉਹਾਰ ਉਤੇ ਭੁਜੀ ਕਣਕ, ਮਕੱਈ ਤੇ ਛੋਲਿਆਂ ਦੇ ਲੱਡੂ, ਗੁੜ ਦੇ ਸ਼ੀਰੇ ਵਿਚ ਬਣਾਏ ਜਾਂਦੇ ਹਨ। ਇਨ੍ਹਾਂ ਨੂੰ ਮਰੂੰਡੇ ਕਹਿੰਦੇ ਹਨ। ਕਈ ਤੀਵੀਆਂ ਲੋਹੜੀ ਦੀ ਅੱਗ ਦੀ ਪੂਜਾ ਕਰਨ ਸਮੇਂ, ਅਗਨੀ ਨੂੰ ਮਰੂੰਡੇ ਭੇਟ ਕਰਦੀਆਂ ਹਨ।

ਲੱਡੂ ਦੇਵਤਿਆਂ ਦੀ ਵੀ ਮਨ-ਭਾਂਵਦੀ ਮਠਿਆਈ ਹੈ। ਇਸ ਲਈ ਹਿੰਦੂ ਮੰਦਰ ਵਿਚ, ਦੇਵਤਿਆਂ ਨੂੰ ਲੱਡੂ ਅਥਵਾ ਉਸ ਦਾ ਭੋਰ ਬੂੰਦੀ ਦਾ ਚੜ੍ਹਾਵਾ ਚਾੜ੍ਹਦੇ ਹਨ। ਮੰਗਲਵਾਰ ਹਨੂਮਾਨ ਦਾ ਪ੍ਰਸ਼ਾਦਿ ਆਮ ਤੌਰ ਤ ਬੂੰਦੀ ਦਾ ਹੀ ਹੁੰਦਾ ਹੈ। ਲੋਕ-ਗੀਤਾਂ ਵਿਚ ਲੱਡੂ ਦਾ ਵਰਨਣ ਮਿਲਦਾ ਹੈ। ਲੱਡੂ ਪ੍ਰੇਮ-ਭੇਟ ਦਾ ਪ੍ਰਤੀਕ ਹੈ।

(ਲ-19) **ਲੱਤਾ ਓਢਣ** :

ਪੁਨਰ ਵਿਆਹ ਨਾਲ ਸਬੰਧਿਤ ਇਕ ਰੀਤ; ਇਸ ਰਸਮ ਸਮੇਂ, ਦੂਲ੍ਹਾ ਘਰ ਵਿਚ ਹੀ ਬਰਾਦਰੀ ਜਾਂ ਪੰਚਾਂ ਨੂੰ ਸੱਦ ਕੇ ਆਪਣੀ ਚਾਦਰ, ਜੋ ਚਾਰੇ ਕੋਨਿਆਂ ਤੋਂ ਪੀਲੇ ਰੰਗ ਵਿਚ ਰੰਗੀ ਹੁੰਦੀ ਹੈ, ਵਿਧਵਾ ਦੇ ਸਿਰ ਉਤੇ ਪਾ ਦੇਂਦਾ ਹੈ ਤੇ ਉਸ ਦੀ ਬਾਂਹ ਵਿਚ ਚੂੜੀਆਂ ਚੜ੍ਹਾ ਦੇਂਦਾ ਹੈ। ਕਈ ਹਿੰਦੂ ਇਸ ਮੌਕੇ ਤੇ ਰਸਮ ਨੂੰ ਧਾਰਮਿਕ ਰੰਗ ਦੇਣ ਲਈ ਪੰਡਤ ਵੀ ਸੱਦ ਲੈਂਦੇ ਹਨ, ਜੋ ਕੁਝ ਮੰਤਰ ਪੜ੍ਹਦਾ ਹੈ।

(ਲ-20) **ਲੱਦਾ, ਲੇਦਾ** :

ਇਕ ਰਸਮ ਜੋ ਕਿਸੇ ਬਜ਼ੁਰਗ ਦੇ ਕਾਲਵਸ ਹੋ ਜਾਣ 'ਤੇ ਕੀਤੀ ਜਾਂਦੀ ਹੈ। ਇਸ ਰਸਮ ਨੂੰ ਪੱਛਮੀ ਪੰਜਾਬ (ਪਾਕਿਸਤਾਨ) ਖ਼ਾਸ ਤੌਰ ਤੇ ਗੁਜਰਾਤ ਦੇ ਇਲਾਕੇ ਦੇ ਮੁਸਲਮਾਨ ਲੱਦਾ ਜਾਂ ਲੇਦਾ ਕਹਿੰਦੇ ਹਨ, ਜੋ 'ਲੱਦ' ਸ਼ਬਦ ਤੋਂ ਬਣਿਆ ਹੈ। ਲੱਦ ਜਾਣ ਤੋਂ ਭਾਵ ਹੈ ਸੰਸਾਰ ਤੋਂ ਚਲੇ ਜਾਣਾ।

ਲੱਦਾ ਦੀ ਰੀਤ ਕਿਰਿਆ ਕਰਮ ਵਾਲੇ ਦਿਨ ਕੀਤੀ ਜਾਂਦੀ ਹੈ। ਇਸ ਦਿਨ ਲੱਦ ਗਏ ਬਜ਼ੁਰਗ ਦੇ ਕੁੜਮ ਅਥਵਾ ਪੁੱਤਰ ਦੇ ਸਹੁਰੇ ਕੁਝ ਕਪੜੇ ਲਿਆਉਂਦੇ ਹਨ ਤੇ ਨਾਲ ਹੀ ਕੁਝ ਰਕਮ ਨਕਦ ਵੀ ਦੇਂਦੇ ਹਨ। ਕਈਆਂ ਵਿਚ ਇਸ ਮੌਕੇ ਉਤੇ ਜੋ ਖਾਣਾ ਦਿਤਾ ਜਾਂਦਾ ਹੈ, ਉਹ ਵੀ ਪੁੱਤਰਾਂ ਦੇ ਸਹੁਰਿਆਂ ਵਲੋਂ ਕੀਤਾ ਜਾਂਦਾ ਹੈ। ਹਿੰਦੂਆਂ ਸਿੱਖਾਂ ਵਿਚ ਵੀ ਇਸ ਰੋਟੀ ਦਾ ਰਵਾਜ ਹੈ। ਇਸ ਰੋਟੀ ਨੂੰ 'ਕੌੜੀ ਰੋਟੀ' ਕਹਿੰਦੇ ਹਨ। ਮੁਸਲਮਾਨਾਂ ਵਿਚ ਲੱਦਾ ਦੀ ਰਸਮ ਸਮੇਂ ਬਰਾਦਰੀ ਦੇ ਲੋਕਾਂ ਤੋਂ ਇਲਾਵਾ ਪਿੰਡ ਦੇ ਗਰੀਬਾਂ ਤੇ ਫ਼ਕੀਰਾਂ ਨੂੰ ਵੀ ਦਿਲ ਖੋਲ੍ਹ ਕੇ ਖਵਾਇਆ ਜਾਂਦਾ ਹੈ। ਲੱਦਾ ਦੀ ਰਸਮ ਮਰ ਗਏ ਦੀ ਵਡਿਆਈ ਲਈ ਕੀਤੀ ਜਾਂਦੀ ਹੈ ਤੇ ਜਿਤਨਾ ਸ਼ਾਨਦਾਰ ਲੇਦਾ ਹੋਵੇ, ਉਤਨਾ ਹੀ ਮਰਨ ਵਾਲੇ ਦਾ ਨਾਉਂ ਵੱਡਾ ਹੁੰਦਾ ਹੈ।

(ਲ-21) **ਲੱਪ ਦੇਣਾ** :

ਮੋਏ ਹੋਏ ਵੱਡਿਆਂ ਅਥਵਾ ਪਿਤਰਾਂ ਨਮਿੱਤ ਦਿਤੀ ਪਾਣੀ ਦੀ ਚੁਲੀ (ਵੇਖੋ : ਚੁਲੀਆਂ ਭਰਨੀਆਂ)। ਕਿਉਂ ਜੋ ਪਾਣੀ ਲੱਪ ਵਿਚ ਪਾ ਕੇ ਪਿੱਤਰਾਂ ਵਲ ਸੁਟਿਆ ਜਾਂਦਾ ਹੈ, ਇਸ ਲਈ ਇਸ ਰੀਤ ਨੂੰ 'ਲੱਪਾਂ ਭਰਨੀਆਂ' ਜਾਂ 'ਲੱਪ ਦੇਣਾ' ਵੀ ਕਿਹਾ ਜਾਂਦਾ ਹੈ।

(ਲ-22) **ਲੱਪੀ** :

(ਸੰ: ਲਪਿਸਕੀ) ਘਿਉ ਵਿਚ ਆਟੇ ਨੂੰ ਭੁੰਨ ਕੇ ਤੇ ਮਿਠਾ ਪਾਣੀ ਪਾ ਕੇ ਬਣਾਇਆ ਪਤਲਾ ਪਦਾਰਥ। ਇਹ ਇਕ ਤਰ੍ਹਾਂ ਦਾ ਪਤਲਾ ਹਲਵਾ ਹੁੰਦਾ ਹੈ। ਲੱਪੀ ਵਿਚ ਬਦਾਮ ਦੀਆਂ ਗਿਰੀਆਂ, ਸੌਗੀ ਤੇ ਖਾਜਾ ਆਦਿ ਵਿਚ ਪਾਇਆ ਜਾਂਦਾ ਹੈ ਅਤੇ ਆਮ ਤੌਰ ਤੇ ਇਹ ਮਾਂ ਨੂੰ ਸੂਤਕ ਦੇ ਦਿਨਾਂ ਵਿਚ ਦਿਤੀ ਜਾਂਦੀ ਹੈ। ਇਸ ਨੂੰ ਲਪਸੀ ਜਾਂ ਸੀਰ੍ਹਾ ਵੀ ਕਹਿੰਦੇ ਹਨ।

**(ਲ-23) ਲੰਬ (ਘਾਹ) :**

(1) ਇਕ ਘਾਹ, ਜੋ ਪੰਜਾਬ ਦੇ ਮੈਦਾਨਾਂ ਵਿਚ ਆਮ ਮਿਲਦਾ ਹੈ। ਇਸ ਘਾਹ ਨੂੰ ਪਾਵਨ ਮੰਨ ਕੇ, ਹਿੰਦੂ ਤੀਵੀਆਂ, ਵਰਤ ਰਖਣ ਜਾਂ ਖੋਲ੍ਹਣ ਵੇਲੇ, ਇਸ ਘਾਹ ਦੇ ਬੀਜਾਂ ਨੂੰ ਕੁਟ ਕੇ ਤੇ ਹੋਰ ਅੰਨਾਂ ਨਾਲ ਰਲਾ ਕੇ ਖਾਂਦੀਆਂ ਹਨ। ਇਸ ਘਾਹ ਨੂੰ ਪੂਜਾ ਸਮੇਂ ਵੀ ਵਰਤਿਆ ਜਾਂਦਾ ਹੈ।

(2) ਖਤਰੀਆਂ ਦੀ ਇਕ ਗੋਤ; ਲੰਬ ਘਾਹ ਉਨ੍ਹਾਂ ਦਾ ਟੋਟਮ ਜਾਪਦਾ ਹੈ।

**(ਲ-24) ਲੰਬ ਵਾਲਾ ਸਾਲ :**

ਸੰਕਟ ਦਾ ਸਮਾਂ; 1809 ਅਤੇ 1837 ਈਸਵੀ ਵਿਚ ਪੰਜਾਬ ਵਿਚ ਬੜਾ ਭਿਆਨਕ ਕਾਲ ਪਿਆ। ਉਦੋਂ ਕਣਕ ਇਤਨੀ ਮਹਿੰਗੀ ਹੋ ਗਈ ਸੀ ਕਿ ਰੁਪਏ ਦੀ ਛੇ ਸੇਰ ਵਿਕਣ ਲੱਗੀ। ਜਿਹੜੇ ਗ਼ਰੀਬ ਇਤਨੀ ਮਹਿੰਗੀ ਕਣਕ ਨਹੀਂ ਸਨ ਖ਼ਰੀਦ ਸਕਦੇ, ਉਨ੍ਹਾਂ ਨੇ ਲੰਬ ਘਾਹ ਦੇ ਬੀਜਾਂ ਨੂੰ, ਕੁਟ ਕੇ ਡੰਗ ਟਪਾਏ। ਲਾਹੌਰ ਦੇ ਨੇੜੇ ਤੇੜੇ ਦੇ ਇਲਾਕੇ ਵਿਚ ਇਨ੍ਹਾਂ ਦੋਹਾਂ ਸਾਲਾਂ ਨੂੰ 'ਲੰਬ ਵਾਲਾ ਸਾਲ' ਜਾਂ 'ਮਿਰਕ ਵਾਲਾ ਸਾਲ' ਕਿਹਾ ਜਾਂਦਾ ਰਿਹਾ ਸੀ। ਪਿਛੋਂ ਇਹ ਵਾਕੰਸ਼ ਸੰਕਟ ਲਈ ਵਰਤਿਆ ਜਾਣ ਲੱਗਾ।

**(ਲ-25) ਲੱਲਾ ਬਹਿਲੀਮਾ :**

ਲੱਲਾ ਤੇ ਬਹਿਲੀਮਾ ਕਾਂਗੜੇ ਦੇ ਦੋ ਵਡੇ ਰਾਜਪੂਤ ਜਗੀਰਦਾਰ ਸਨ ਤੇ ਦੋਹਾਂ ਵਿਚ ਚੰਗੀ ਮਿਲਵਰਤਣ ਤੇ ਪ੍ਰੇਮ ਸੀ। ਇਕ ਵਾਰ ਕਾਂਗੜੇ ਵਿਚ ਬੜਾ ਭਾਰੀ ਸੋਕਾ ਪੈ ਗਿਆ ਤੇ ਲੱਲੇ ਦੀ ਸਾਰੀ ਫ਼ਸਲ ਔੜ ਕਾਰਨ ਬਰਬਾਦ ਹੋਣ ਲੱਗੀ। ਬਹਿਲੀਮਾ ਦੀਆਂ ਆਪਣੀਆਂ ਕੂਲਾਂ ਸਨ, ਜਿਨ੍ਹਾਂ ਵਿਚੋਂ ਕਦੇ ਪਾਣੀ ਨਹੀਂ ਸੀ ਸੁਕਦਾ। ਲੱਲੇ ਨੇ ਬਹਿਲੀਮਾ ਅਗੇ ਬੇਨਤੀ ਕੀਤੀ ਕਿ ਉਹ ਆਪਣੀਆਂ ਕੂਲਾਂ ਵਿਚੋਂ ਉਸ ਦੀਆਂ ਫ਼ਸਲਾਂ ਲਈ ਪਾਣੀ ਦੇ ਦੇਵੇ, ਤਾਂ ਜੋ ਉਸਦੀ ਬਰਬਾਦ ਹੁੰਦੀ ਖੇਤੀ ਬਚ ਜਾਵੇ।

ਬਹਿਲੀਮਾ ਨੇ ਪਾਣੀ ਦੇਣਾ ਤਾਂ ਮੰਨ ਲਿਆ, ਪਰ ਵੱਟੇ ਵਿਚ ਉਸ ਨੇ ਪੈਦਾਵਾਰ ਦਾ ਛੇਵਾਂ ਹਿੱਸਾ ਮੰਗਿਆ, ਜੋ ਲੱਲਾ ਨੇ ਦੇਣਾ ਪਰਵਾਨ ਕਰ ਲਿਆ। ਲੱਲਾ ਨੇ ਬਹਿਲੀਮਾ ਦੀਆਂ ਕੂਲਾਂ ਤੇ ਖਾਲਾਂ ਨਾਲ, ਆਪਣੀ ਸਾਰੀ ਜ਼ਿਮੀਂ ਸਿੰਜ ਲਈ।

ਫ਼ਸਲ ਜਦੋਂ ਪੱਕ ਕੇ ਤਿਆਰ ਹੋ ਗਈ ਤਾਂ ਲੱਲੇ ਦਾ ਦਿਲ ਬੇ-ਈਮਾਨ ਹੋ ਗਿਆ। ਉਸ ਨੇ ਛੇਵਾਂ ਹਿੱਸਾ ਮਾਮਲਾ ਦੇਣ ਤੋਂ ਸਾਫ਼ ਇਨਕਾਰ ਕਰ ਦਿਤਾ ਤੇ ਅਗੋਂ ਅੱਖਾਂ ਵਖਾਣ ਲੱਗਾ। ਬਹਿਲੀਮਾ ਨੇ ਇਸ ਗੱਲ ਵਿਚ ਆਪਣੀ ਹੇਠੀ ਸਮਝੀ ਤੇ ਉਹ ਆਪਣਾ ਲਸ਼ਕਰ ਲੈ ਕੇ ਲੱਲੇ ਤੋਂ ਮਾਲੀਆ ਉਗਰਾਹੁਣ ਟੁਰ ਪਿਆ। ਲੱਲਾ ਵੀ ਅਗੋਂ ਆਪਣੇ ਲਸ਼ਕਰ ਲੈ ਕੇ ਲੜਨ ਲਈ ਮੈਦਾਨ ਵਿਚ ਨਿਤਰ ਆਇਆ। ਦੋਹਾਂ ਧਿਰਾਂ ਵਿਚ ਚੰਗੀ ਲਹੂ ਵੀਟਵੀਂ ਲੜਾਈ ਹੋਈ ਤੇ ਅਖ਼ੀਰ ਲੱਲੇ ਨੇ ਬਹਿਲੀਮੇ ਅਗੇ ਹਥਿਆਰ ਸੁਟ ਦਿਤੇ। ਬਹਿਲੀਮੇ ਨੇ ਥੋੜਾ ਚਿਰ ਲੱਲੇ ਨੂੰ ਆਪਣੀ ਕੈਦ ਵਿਚ ਰਖਿਆ ਤੇ ਫਿਰ ਉਸ ਦੇ ਮਾਫ਼ੀ ਮੰਗਣ ਉਤੇ ਉਸ ਤੋਂ ਆਪਣਾ ਮਾਮਲਾ ਛੇਵਾਂ ਹਿੱਸਾ ਲੈ ਕੇ ਛੱਡ ਦਿਤਾ ਤੇ ਉਸ ਦੀ ਜਾਗੀਰ ਉਸ ਦੇ ਹਵਾਲੇ ਕਰ ਦਿਤੀ।

ਢਾਡੀਆਂ ਨੇ ਬਹਿਲੀਮੇ ਦੀ ਉਸਤਤੀ ਵਿਚ ਇਕ ਵਾਰ ਰਚੀ, ਜਿਸ ਦੀ ਇਕ ਪਉੜੀ ਇਸ ਪ੍ਰਕਾਰ ਹੈ—

ਕਾਲ ਲੱਲਾ ਦੇ ਦੇਸ਼ ਦਾ ਖੋਇਆ ਬਹਿਲੀਮਾ
ਹਿੱਸਾ ਛੱਟਾ ਮਨਾਇਕੈ ਜਲ ਨਹਿਰੋ ਦੀਮਾਂ
ਫਿਰਾਹੁਨ ਹੋਇ ਲੱਲਾ ਨੇ ਰਣ ਮੰਡਿਆਂ ਧੀਮਾ
ਭੇੜ ਚਹੁੰ ਦਿਸ ਮਚਿਆ ਸਟ ਪਈ ਅਜ਼ੀਮਾਂ
ਸਿਰ ਧੜ ਡਿਗੇ ਖੇਤ ਵਿਚ ਜਿਉਂ ਵਾਹਨ ਢੀਮਾਂ
ਦੇਖ ਮਾਰੇ ਲੱਲਾ ਬਹਿਲੀਮਾ ਨੇ ਰਣ ਮੈਂ ਧਰਸੀਮਾ।

ਇਸ ਵਾਰ ਦੀ ਧੁਨੀ 'ਆਦਿ ਗ੍ਰੰਥ' ਵਿਚ, ਵਡਹੰਸ ਕੀ ਵਾਰ, ਮਹਲਾ ੫ ਉਤੇ ਚਾੜ੍ਹੀ ਗਈ ਹੈ।

**(ਲ-26) ਲਲ੍ਹੀ ਛੱਟ :**

ਭਾਦਰੋਂ ਦੇ ਹਨੇਰੇ ਪੱਖ ਦੀ ਛੇਵੀਂ ਤਿੱਥ; ਇਸ ਤਿੱਥ ਨੂੰ ਕ੍ਰਿਸ਼ਨ ਦੇ ਵਡੇ ਭਰਾ ਬਲਰਾਮ ਦਾ ਜਨਮ ਹੋਇਆ ਸੀ। ਵੈਸ਼ਨਵ ਮਤ ਵਾਲੇ ਕ੍ਰਿਸ਼ਨ ਨੂੰ ਸੋਲਾਂ ਕਲਾਂ ਸੰਪੂਰਨ ਅਵਤਾਰ ਅਤੇ ਬਲਰਾਮ ਨੂੰ ਅੰਸ਼ ਅਵਤਾਰ ਮੰਨਦੇ ਹਨ ਅਤੇ ਪੂਜਦੇ ਹਨ। ਬਲਰਾਮ ਦਾ ਵਿਸ਼ੇਸ਼ ਹਥਿਆਰ ਗੱਦਾ ਤੇ ਹਲ ਹਨ, ਜਿਸ ਕਰ ਕੇ ਇਸ ਨੂੰ ਹਲਧਾਰੀ ਕਿਹਾ ਜਾਂਦਾ ਹੈ। ਇਸ ਤਿੱਥ ਨੂੰ ਹਲਧਰ ਛਟਵੀ ਜਾਂ ਹਲ ਸ਼ਸ਼ਟੀ ਕਿਹਾ ਜਾਂਦਾ ਹੈ। ਹਲ ਸ਼ਸ਼ਟੀ ਹੀ ਵਿਗੜ ਕੇ ਲਲ੍ਹੀ ਛੱਟ ਬਣ ਗਿਆ ਹੈ।

ਇਸ ਤਿੱਥ ਨੂੰ, ਕਈ ਹਿੰਦੂ ਤੀਵੀਆਂ ਵਰਤ ਰਖਦੀਆਂ ਹਨ ਅਤੇ ਇਸ ਦਿਨ ਹਲ ਫੇਰ ਕੇ ਉਗਾਈਆਂ ਹੋਈਆਂ ਵਸਤਾਂ ਭਾਵ ਅੰਨ ਆਦਿ ਨਹੀਂ ਖਾਧਾ ਜਾਂਦਾ ਤੇ ਕੇਵਲ ਉਹਾ ਫਲ ਖਾਂਦੀਆਂ ਹਨ, ਜੋ ਕੁਦਰਤ ਵਲੋਂ ਆਪਣੇ ਆਪ ਉਗ ਪੈਂਦੇ ਹਨ। ਗਊ ਦਾ ਦੁੱਧ ਤੇ ਦਹੀਂ ਵੀ ਵਿਵਰਜਤ ਹੈ, ਹਾਂ, ਚਾਵਲ ਦੀ ਖਿਚੜੀ ਖਾਧੀ ਜਾਂਦੀ ਹੈ। ਇਸ ਵਰਤ ਵਿਚ ਦਿਨ ਰਾਤ ਵਿਚ ਕੇਵਲ ਇਕ ਵਾਰ ਚਾਵਲ ਖਾਧੇ ਜਾਂਦੇ ਹਨ।

ਸੰਧਿਆ ਵੇਲੇ ਲੱਲੀ ਛੱਟ ਪੂਜੀ ਜਾਂਦੀ ਹੈ। ਭੋਇੰ ਨੂੰ ਲਿੰਬ ਪੋਚ ਕੇ ਉਸ ਉਤੇ ਚੌਕ ਪੂਰਿਆ ਜਾਂਦਾ ਹੈ ਤੇ ਫਿਰ ਉਸ ਵਿਚ ਹਰੀਆਂ ਟਹਿਣਾਂ ਦੀ ਛਟੀ ਬਣਾ ਕੇ, ਗੱਡ ਦਿਤੀ ਜਾਂਦੀ ਹੈ। ਫਿਰ ਉਸ ਦੀ ਪੂਜਾ ਕੀਤੀ ਜਾਂਦੀ ਹੈ ਅਤੇ

ਚੰਦਨ, ਧੂਪ ਦੀਪ ਨੈਵੇਦ ਆਦਿ ਚੜ੍ਹਾਏ ਜਾਂਦੇ ਹਨ। ਕਈ ਕਣਕ, ਛੋਲੇ, ਜੁਆਰ, ਧਾਨ, ਮੂੰਗ, ਮਾਂਹ ਤੇ ਮੱਕੀ ਦਾ ਸਤਨਾਜਾ ਚੜ੍ਹਾਂਦੇ ਹਨ।

ਇਸ ਤਿੱਥ ਨੂੰ ਕਈ ਕਿਸਾਨ ਹਿੰਦੂ ਖੇਤ ਵਿਚ ਹਲ ਨਹੀਂ ਜੋਤਦੇ।

(ਲ-27) **ਲਲੀ ਤੋਪ** :

ਇਕ ਖੇਡ; ਤਲੀ ਵਿਚ ਛੋਲਿਆਂ ਦੀਆਂ ਖਿਲਾਂ ਲੈ ਕੇ ਉਨ੍ਹਾਂ ਨੂੰ ਜੀਭ ਦੀ ਨੋਕ ਨਾਲ ਚੁਗ ਕੇ ਇਸ ਤਰ੍ਹਾਂ ਮੂੰਹ ਵਿਚ ਲੈ ਜਾਣਾ ਕਿ ਜੀਭ ਤਲੀ ਨਾਲ ਨਾ ਛੁਹੇ। ਛੋਟੇ ਬੱਚੇ ਦਾਣਿਆਂ ਦੀ ਲੱਪ ਦੀ ਬੁਰਦ ਲਾ ਕੇ, ਲਲੀ ਤੋਪ ਖੇਡਦੇ ਹਨ। ਇਸ ਖੇਡ ਨੂੰ 'ਤਲੀ ਤੋਪ' ਵੀ ਕਿਹਾ ਜਾਂਦਾ ਹੈ।

(ਲ-28) **ਲਵ** :

ਰਾਮ ਚੰਦਰ ਦਾ ਸੀਤਾ ਦੀ ਕੁਖੋਂ ਪੈਦਾ ਹੋਇਆ ਵੱਡਾ ਪੁੱਤਰ; ਪੰਜਾਬ ਦੇ ਪ੍ਰਸਿਧ ਸ਼ਹਿਰ ਲਾਹੌਰ, ਇਸੇ ਨੇ ਹੀ ਰਾਵੀ ਦੇ ਕੰਢੇ ਵਸਾਇਆ ਸੀ। ਲਵ ਦੇ ਨਾਂ ਉਤੇ ਨਗਰ ਦਾ ਨਾਂਉਂ ਲਵਪੁਰ ਰਖਿਆ ਗਿਆ, ਜੋ ਪਿਛੋਂ ਵਿਗੜ ਕੇ ਲਾਹੌਰ ਪ੍ਰਚਲਤ ਹੋ ਗਿਆ। ਲਵ ਦੀ ਸਿਮਰਤੀ ਵਿਚ ਲਾਹੌਰ ਵਿਚ ਕਿਲੇ ਦੇ ਅੰਦਰ ਹੁਣ ਤਕ ਲਵ ਦਾ ਮੰਦਰ ਮੌਜੂਦ ਹੈ। ਲਵ ਦੇ ਦੂਜੇ ਭਰਾ ਦਾ ਨਾ ਕੁਸ਼ ਸੀ, ਜਿਸ ਨੇ ਕਸੂਰ ਸ਼ਹਿਰ ਵਸਾਇਆ।

ਵਾਲਮੀਕੀ ਰਾਮਾਇਣ ਅਨੁਸਾਰ (ਕਾਂਡ 7, ਅ: 66) ਜਦੋਂ ਰਾਮ ਚੰਦਰ ਨੇ ਸੀਤਾ ਨੂੰ ਤਿਆਗ ਦਿਤਾ ਤਾਂ ਉਹ ਵਾਲਮੀਕ ਰਿਸ਼ੀ ਦੇ ਆਸ਼ਰਮ ਵਿਚ ਠਹਿਰੀ, ਜਿਥੇ ਉਸ ਨੇ ਜੋੜੇ ਬਾਲਕਾਂ ਨੂੰ ਜਨਮ ਦਿਤਾ। ਇਨ੍ਹਾਂ ਦੇ ਨਾਂਉਂ ਲਵ ਤੇ ਕੁਸ਼ ਰਖਣ ਦੇ ਵੀ ਖ਼ਾਸ ਕਾਰਨ ਹਨ। ਮਹਾਨ ਕੋਸ਼ ਅਨੁਸ ਰ ਪ੍ਰਸੂਤ ਸਮੇਂ ਅਨੇਕ ਵਿਘਨਾਂ ਤੋਂ ਰਖਿਆ ਕਰਨ ਲਈ, ਵਾਲਮੀਕੀ ਨੇ ਜਿਸ ਬੱਚੇ ਦੀ ਮੰਤ੍ਰ ਪੜ੍ਹ ਕੇ ਕੁਸ਼ਾ ਨਾਲ ਜਲ ਛਿੜਕ ਕੇ ਰਖਿਆ ਕੀਤੀ, ਉਹ ਕੁਸ਼ ਅਤੇ ਜਿਸ ਦੀ ਲਵ (ਖਸ) ਨਾਲ ਰਖਿਆ ਕੀਤੀ, ਉਹ 'ਲਵ' ਕਹਾਇਆ।

ਦਸਮ ਗ੍ਰੰਥ ਦੀ 'ਰਾਮਾਵਤਾਰ ਕਥਾ' ਅਨੁਸਾਰ ਸੀਤਾ ਦੀ ਕੁਖੋਂ ਲਵ ਹੀ ਪੈਦਾ ਹੋਇਆ। ਇਕ ਵਾਰ ਸੀਤਾ ਲਵ ਨੂੰ ਲੈ ਕੇ ਨਦੀ ਉਤੇ ਇਸ਼ਨਾਨ ਕਰਨ ਗਈ। ਪਿਛੋਂ ਵਾਲਮੀਕੀ ਰਿਸ਼ੀ ਨੇ ਬਾਲਕ ਦਾ ਪੰਘੂੜਾ ਖ਼ਾਲੀ ਵੇਖ ਕੇ ਸਮਝਿਆ ਕਿ ਕੋਈ ਜੰਗਲੀ ਪਸ਼ੂ ਬੱਚੇ ਨੂੰ ਚੁਕ ਕੇ ਲੈ ਗਿਆ ਹੈ। ਸੋ, ਉਨ੍ਹਾਂ ਨੇ ਕੁਸ਼ਾ ਘਾਹ ਨਾਲ 'ਲਵ' ਜਿਹਾ ਹੀ ਇਕ ਬਾਲਕ ਰਚ ਕੇ ਤੇ ਸੁਰਜੀਤ ਕਰਕੇ, ਉਥੇ ਲਿਟਾ ਦਿਤਾ। ਇਸ ਬਾਲਕ ਦਾ ਨਾਂ 'ਕੁਸ਼' ਪਿਆ।

(ਲ-29) **ਲਵਣ (ਲਵਣਾਸੁਰ)** :

ਇਕ ਦੈਂਤ ਜੋ ਰਾਵਣ ਦੀ ਭੈਣ ਕੁੰਭੀਨਸੀ ਦੀ ਕੁਖ ਤੋਂ ਮਧੂ ਦਾ ਪੁੱਤਰ ਸੀ। ਲਵਣ ਨੂੰ ਆਪਣੇ ਪਿਤਾ ਮਧੂ ਤੋਂ ਵਿਰਸੇ ਵਿਚ ਇਕ ਤ੍ਰਿਸੂਲ ਮਿਲਿਆ ਸੀ, ਜੋ ਮਧੂ ਨੂੰ ਸ਼ਿਵ ਨੇ ਦਿਤਾ ਸੀ। ਇਸ ਤ੍ਰਿਸੂਲ ਸਦਕਾ ਲਵਣ ਅਜਿੱਤ ਸੀ। ਲਵਣ ਮਥਰਾ ਉਤੇ ਰਾਜ ਕਰਦਾ ਸੀ। ਰਾਮ ਚੰਦਰ ਦੇ ਭਰਾ ਸ਼ਤਰੂਘਨ ਨੇ ਲਵਣ ਉਤੇ ਉਦੋਂ ਹੱਲਾ ਬੋਲਿਆ ਜਦੋਂ ਉਸ ਕੋਲ ਤ੍ਰਿਸੂਲ ਨਹੀਂ ਸੀ ਤੇ ਉਸ ਉਤੇ ਵਿਜੈ ਪ੍ਰਾਪਤ ਕੀਤੀ ਅਤੇ ਮਥਰਾ ਦਾ ਰਾਜ ਸ਼ਤਰੂਘਨ ਨੇ ਸੰਭਾਲ ਲਿਆ।

(ਲ-30) **ਲਾਹਲੜੀ** :

ਕੁਲੂ ਦਾ ਇਕ ਪ੍ਰਸਿਧ ਲੋਕ-ਨਾਚ ਜੋ ਚਾਨਣੀਆਂ ਰਾਤਾਂ ਵਿਚ ਪਾਇਆ ਜਾਂਦਾ ਹੈ। ਪਿੰਡ ਦੇ ਮੁੰਡੇ ਤੇ ਕੁੜੀਆਂ ਕਿਸੇ ਖੁਲ੍ਹੀ ਥਾਂ ਇਕਠੇ ਹੋ ਕੇ ਦੋ ਟੋਲੀਆਂ ਬਣਾ ਲੈਂਦੇ ਹਨ, ਮੁੰਡੇ ਇਕ ਪਾਸੇ ਤੇ ਕੁੜੀਆਂ ਦੂਜੇ ਪਾਸੇ। ਫਿਰ ਉਹ ਆਹਮੋ ਸਾਹਮਣੇ ਖਲੋ ਕੇ ਹੁਲਾਰੇ ਲੈਂਦੇ, ਗਾਉਂਦੇ ਤੇ ਨਚਦੇ ਹਨ। ਗੀਤ ਆਮ ਤੌਰ ਤੇ ਸਵਾਲ ਜਵਾਬ ਵਿਚ ਹੁੰਦੇ ਹਨ, ਜਿਨ੍ਹਾਂ ਵਿਚ ਪਿਆਰ ਦੀ ਭਾਵਨਾ ਭਰੀ ਹੁੰਦੀ ਹੈ।

(ਲ-31) **ਲਾਹਿਲ** :

ਜੱਟਾਂ ਦਾ ਇਕ ਕਬੀਲਾ, ਜੋ ਲੁਧਿਆਣੇ ਵਿਚ ਮਿਲਦਾ ਹੈ। ਗਲਾਸਰੀ ਅਨੁਸਾਰ (3,10) ਇਸ ਕਬੀਲੇ ਦੇ ਲੋਕ ਜਠੇਰਿਆਂ ਦੀ ਪੂਜਾ ਕਰਦੇ ਤੇ ਵਿਆਹ ਸ਼ਾਦੀ ਸਮੇਂ ਜੰਡੀਆਂ ਦੀ ਰੀਤ ਕਰਦੇ ਹਨ। ਦੂਲ੍ਹੇ ਦਾ ਚਾਚਾ ਜਾਂ ਵੱਡਾ ਭਰਾ ਜੰਡੀਆਂ ਕਟਦਾ ਹੈ। ਉਹ ਘਰੋਂ ਜੰਡ ਦੇ ਦਰਖ਼ਤ ਹੇਠ ਜਾ ਕੇ ਸਿਰ ਝੁਕਾਂਦਾ ਹੈ। ਜੰਡੀਆਂ ਤਲਵਾਰ ਜਾਂ ਕੁਹਾੜੀ ਨਾਲ ਕਟਦੇ ਹਨ। ਦੂਲ੍ਹਨ ਤੇ ਦੂਲ੍ਹਾ ਛਟੀਆਂ ਨਾਲ ਖੇਡਦੇ ਹਨ। ਪਹਿਲਾਂ ਦੂਲ੍ਹਾ ਸੱਤ ਵਾਰ ਛਟੀ ਦੂਲ੍ਹਨ ਨੂੰ ਮਾਰਦਾ ਹੈ ਤੇ ਫਿਰ ਦੂਲ੍ਹਨ ਦੂਲ੍ਹੇ ਨੂੰ ਛਟੀਆਂ ਮਾਰਦੀ ਹੈ। ਇਸ ਰੀਤ ਪਿਛੋਂ ਘਰ ਦੀਆਂ ਕੰਧਾਂ ਉਤੇ ਚਾਵਲਾਂ ਦੇ ਆਟੇ ਨਾਲ ਪੰਜਾ ਲਗਾਇਆ ਜਾਂਦਾ ਹੈ। ਸੁਲਤਾਨ ਦੀ ਪੂਜਾ ਵੀ ਕੀਤੀ ਜਾਂਦੀ ਹੈ। ਵਿਆਹ ਦੀ ਪੂਜਾ ਦੀ ਸਾਮਿਗਰੀ ਬ੍ਰਾਹਮਣ ਨੂੰ ਦਿਤੀ ਜਾਂਦੀ ਹੈ।

(ਲ-32) **ਲਾਹੌਲ ਤੇ ਸਪਿਤੀ** :

ਲਾਹੌਲ ਤੇ ਸਪਿਤੀ ਪੰਜਾਬ ਦਾ ਇਕ ਸਰਹੱਦੀ ਜ਼ਿਲਾ ਸੀ, ਜੋ ਹੁਣ ਹਿਮਾਚਲ ਪ੍ਰਦੇਸ਼ ਵਿਚ ਮਿਲਾ ਦਿਤਾ ਗਿਆ ਹੈ। ਇਸ ਦੀ ਉੱਤਰੀ ਹੱਦ ਲਦਾਖ ਨਾਲ ਜਾ ਮਿਲਦੀ ਹੈ ਤੇ ਪੱਛਮੀ ਕਸ਼ਮੀਰ ਨਾਲ। ਲਾਹੌਲ ਤੇ ਸਪਿਤੀ ਤੋਂ ਪੰਜਾਹ ਸੱਠ ਮੀਲ ਦੀ ਵਿਥ ਉਤੇ ਹੀ ਭਾਰਤ ਦੀ

ਅੰਤਰ-ਰਾਸ਼ਟਰੀ ਸੀਮਾ ਹੈ।

ਲਾਹੌਲ ਤੇ ਸਪਿਤੀ ਦੇ ਇਲਾਕੇ ਦੀ ਔਸਤ ਉਚਾਈ ਦਸ ਹਜ਼ਾਰ ਫ਼ੁਟ ਹੈ। ਇਸ ਇਲਾਕੇ ਵਿਚ ਪਹੁੰਚਣ ਲਈ ਪਹਿਲਾਂ ਕੁਲੂ ਜਾਣਾ ਪੈਂਦਾ ਹੈ, ਫਿਰ ਮਨਾਲੀ, ਮਨਾਲੀ ਤੋਂ ਰਾਹਲਾ ਤੇ ਅਗੇ ਰੁਹਤਾਂਗ ਪਾਸ। ਰੁਹਤਾਂਗ ਦੀ ਚੋਟੀ 13,400 ਫ਼ੁਟ ਉੱਚੀ ਹੈ। ਇਥੋਂ ਹੀ ਲਾਹੌਲ ਤੇ ਸਪਿਤੀ ਦਾ ਇਲਾਕਾ ਸ਼ੁਰੂ ਹੁੰਦਾ ਹੈ। ਰੁਹਤਾਂਗ ਪਾਸ ਦੀ ਟੀਸੀ ਉਤਰ ਕੇ, ਇਕ ਛਟਾ ਜਿਹਾ ਪਿੰਡ ਕੋਕਸਰ ਆਉਂਦਾ ਹੈ। ਕੋਕਸਰ ਦੀ ਪੂਰਬੀ ਦਿਸ਼ਾ ਵਲ ਸਪਿਤੀ ਦੀ ਵਾਦੀ ਹੈ, ਤੇ ਉਤਰ ਪੱਛਮੀ ਦਿਸ਼ਾ ਵਲ ਲਾਹੌਲ ਦੀ ਵਾਦੀ। ਇਹ ਦੋਵੇਂ ਵਾਦੀਆਂ ਉਚੇ ਪਹਾੜਾਂ ਵਿਚ ਘਿਰੀਆਂ ਹੋਈਆਂ ਹਨ। ਹੇਠ ਪਹਾੜਾਂ ਦੇ ਪੈਰਾਂ ਵਿਚ ਦਰਿਆ ਵਗਦੇ ਹਨ, ਜਿਨ੍ਹਾਂ ਵਿਚ ਕਈ ਪਹਾੜੀ ਨਾਲੇ ਤੇ ਵਾਹੁੜੇ ਆ ਕੇ ਰਲਦੇ ਹਨ। ਸਰਦੀਆਂ ਵਿਚ ਇਥੇ ਬਰਫ਼ ਜੰਮੀ ਹੁੰਦੀ ਹੈ। ਕੇਵਲ ਗਰਮੀਆਂ ਵਿਚ ਹੀ ਵਾਹੀ ਖੇਤੀ ਕਰ ਕੇ ਥੋੜਾ ਬਹੁਤ ਦਾਣ ਅੰਨ ਇਕੱਠਾ ਕਰ ਲਿਆ ਜਾਂਦਾ ਹੈ।

ਲਾਹੌਲ ਤੇ ਸਪਿਤੀ ਦੇ ਲੋਕ ਕਦ ਦੇ ਦਰਮਿਆਨੇ ਹਨ, ਚਿਹਰੇ ਉਤੇ ਲਾਲੀ ਸਿਉ ਵਾਂਗ ਭਖ ਮਾਰਦੀ ਤੇ ਸਿਹਤ ਦੇ ਬੜੇ ਤੰਦਰੁਸਤ ਹਨ। ਇਨ੍ਹਾਂ ਦੇ ਪਹਿਰਾਵੇ ਬੜੇ ਸ਼ਾਨਦਾਰ ਹਨ। ਮਰਦ ਆਮ ਤੌਰ ਉਤੇ ਉਨ ਦੇ ਪਟੂ ਦੇ ਬਣੇ। ਘੁਟਵੇਂ ਪਜਾਮੇ ਤੇ ਪੂਰੀ ਬਾਂਹ ਦੀ ਕਮੀਜ਼ ਪਾਂਦੇ ਹਨ ਤੇ ਉਪਰ ਵਾਸਕਟ ਪਾਂਦੇ ਹਨ। ਉਪਰ ਉਹ ਉਨ ਦੇ ਪਟੂ ਦਾ ਬਣਿਆ, ਗਰਮ ਕੰਬਲ ਤੇ ਸਿਰ ਉਤੇ ਗਰਮ ਟੋਪੀ ਹੁੰਦੀ ਹੈ। ਜ਼ਨਾਨੀਆਂ ਘੁਟਵਾਂ ਪਜਾਮਾ ਪਾਂਦੀਆਂ ਹਨ, ਗਲ ਵਿਚ ਇਕ ਸਿਧਰੀ ਪਧਰੀ ਕਮੀਜ਼। ਉਪਰ ਉਨ ਦਾ ਚੋਲਾ ਤੇ ਉਸ ਉਪਰ ਖ਼ਾਸ ਮੀਨਾਕਾਰੀ ਕੀਤੀ ਵਾਸਕਟ। ਉਹ ਸਿਰ ਉਪਰ ਕੁਝ ਨਹੀਂ ਲੈਂਦੀਆਂ। ਪਹਿਲਿਆਂ ਵਿਚ ਤੀਵੀਆਂ ਵਿਚ ਗਹਿਣੇ ਪਾਣ ਦਾ ਬਹੁਤ ਰਵਾਜ ਸੀ, ਪਰ ਹੁਣ ਕੁਝ ਘਟ ਗਿਆ ਹੈ। ਸਿਰ ਦੇ ਵਾਲਾਂ ਨਾਲ ਚਾਂਦੀ ਦੇ ਲੋਟਣੂ ਸੱਜੇ ਖੱਬੇ ਦੁਹਾਂ ਪੁੜਪੁੜੀਆਂ ਉਤੇ ਮੇਢੀਆਂ ਨਾਲ ਗੁੰਦਣ ਦਾ ਆਮ ਰਵਾਜ ਹੈ। ਬਾਹਮਣਾਂ ਦੀਆਂ ਕੁੜੀਆਂ ਸਿਰ ਉਤੇ ਇਕ ਖ਼ਾਸ ਕਿਸਮ ਦੀ ਗੋਲ ਟੋਪੀ ਪਾਉਂਦੀਆਂ ਹਨ।

ਲਾਹੌਲ ਤੇ ਸਪਿਤੀ ਵਿਚ ਵਧੇਰੇ ਕਰ ਕੇ ਤਿੰਨ ਜਾਤਾਂ ਦੇ ਲੋਕ ਮਿਲਦੇ ਹਨ। ਰਾਜਪੂਤ, ਬ੍ਰਾਹਮਣ ਤੇ ਲੁਹਾਰ ਰਾਜਪੂਤ ਤੇ ਬ੍ਰਾਹਮਣ ਜ਼ਮੀਨਾਂ ਦੇ ਮਾਲਕ ਹਨ। ਇਥੋਂ ਦੇ ਬਹੁਤੇ ਵਸਨੀਕ ਮੰਗੋਲ ਨਸਲ ਨਾਲ ਸਬੰਧ ਰਖਦੇ ਹਨ।

ਲਾਹੌਲ ਤੇ ਸਪਿਤੀ ਵਿਚ ਖੇਤਾਂ ਦਾ ਬਹੁਤਾ ਕੰਮ ਜ਼ਨਾਨੀਆਂ ਦੇ ਜ਼ਿੰਮੇ ਹੈ। ਆਦਮੀ ਸਿਰਫ ਹਲ ਵਾਹੁੰਦੇ ਹਨ ਤੇ ਪਕ ਕੇ ਤਿਆਰ ਹੋ ਗਈ ਫਸਲ ਨੂੰ ਸੰਭਾਲਦੇ ਹਨ। ਬਾਕੀ ਕੰਮ, ਪਾਣੀ ਦੇਣਾ, ਬੀਜਣਾ, ਕਟਾਈ ਸਭ ਜ਼ਨਾਨੀਆਂ ਦੇ ਜ਼ਿੰਮੇ ਹੈ। ਇਥੇ ਕੁੱਠ, ਜੌਂ, ਕਣਕ ਤੇ ਕਾਥੂ ਹੀ ਵਧੇਰੇ ਬੀਜੇ ਜਾਂਦੇ ਹਨ। ਕਾਥੂ ਇਕ ਜੜੀ ਬੂਟੀ ਹੈ, ਜੋ ਦਵਾਈਆਂ ਦੇ ਕੰਮ ਆਉਂਦੀ ਹੈ। ਜੌਂ ਤੋਂ ਇਹ ਲੋਕ ਇਕ ਸ਼ਰਾਬ ਤਿਆਰ ਕਰਦੇ ਹਨ, ਜਿਸ ਨੂੰ ਲੁਗੜੀ ਕਹਿੰਦੇ ਹਨ। ਇਹ ਲੋਕ ਭੇਡਾਂ ਬਕਰੀਆਂ ਵੀ ਪਾਲਦੇ ਹਨ ਤੇ ਮਾਸ ਤੇ ਦੁੱਧ ਦੇ ਵੀ ਬੜੇ ਸ਼ੌਕੀਨ ਹਨ। ਸਰਦੀਆਂ ਵਿਚ ਇਹ ਲੋਕ ਮਾਸ ਦੇ ਬਕਰੇ ਵੱਢ ਕੇ ਘਰਾਂ ਵਿਚ ਟੰਗ ਦੇਂਦੇ ਹਨ ਤੇ ਲੋੜ ਅਨੁਸਾਰ ਖਾਂਦੇ ਰਹਿੰਦੇ ਹਨ।

ਇਥੋਂ ਦੇ ਲੋਕ ਬੁਧ ਮਤ ਨੂੰ ਮੰਨਦੇ ਹਨ। ਇਨ੍ਹਾਂ ਦੀ ਜ਼ਬਾਨ ਭੋਟੀ ਅਖਵਾਉਂਦੀ ਹੈ। ਭੋਟੀ ਵਿਚ ਬੁਧ ਧਰਮ ਦੇ ਗ੍ਰੰਥ ਮਿਲਦੇ ਹਨ। ਇਨ੍ਹਾਂ ਦੇ ਬੋਧੀ ਮੰਦਰ ਗੁੰਮੇ ਅਖਵਾਂਦੇ ਹਨ ਜੋ ਪਹਾੜਾਂ ਦੀਆਂ ਨੁਕਰਾਂ ਵਿਚ ਇਕ ਪਾਸੇ ਬਣਾਏ ਹੁੰਦੇ ਹਨ। ਗੁੰਮਿਆਂ ਵਿਚ ਲਾਮੇ ਰਹਿੰਦੇ ਹਨ ਤੇ ਉਨ੍ਹਾਂ ਨਾਲ ਚੋਮੋ। ਚੋਮੋ ਉਹ ਲੜਕੀਆਂ ਹੁੰਦੀਆਂ ਹਨ, ਜੋ ਸਾਰੀ ਉਮਰ ਵਿਆਹ ਨਹੀਂ ਕਰਵਾਂਦੀਆਂ ਤੇ ਮੰਦਰਾਂ ਵਿਚ ਹੀ ਰਹਿੰਦੀਆਂ ਹਨ। ਹਰ ਬੋਧੀ ਪਰਵਾਰ, ਜਦੋਂ ਉਸ ਦੀ ਜੇਠੀ ਕੁੜੀ ਸੱਤ ਸਾਲ ਦੀ ਉਮਰ ਦੀ ਹੁੰਦੀ ਹੈ ਤਾਂ ਉਹ ਧਾਰਮਕ ਰੀਤੀਆਂ ਨਾਲ ਇਸ ਨੂੰ ਮੁਖੀ ਲਾਮੇ ਦੀ ਭੇਟਾ ਕਰਦਾ ਹੈ ਤੇ ਉਹ ਕੁੜੀ ਫਿਰ ਉਥੇ ਹੀ ਧਾਰਮਿਕ ਸਿਖਿਆ ਗ੍ਰਹਿਣ ਕਰਦੀ ਹੈ। ਜੇ ਕੋਈ ਪ੍ਰਵਾਰ ਇੰਜ ਨਾ ਕਰੇ ਤਾਂ ਲੋਕਾਂ ਦਾ ਵਿਸ਼ਵਾਸ ਹੈ ਕਿ ਇਹ ਪ੍ਰਵਾਰ ਨਸ਼ਟ ਹੋ ਜਾਵੇਗਾ। ਗੁੰਮਿਆਂ ਵਿਚ ਮਹਾਤਮਾ ਬੁਧ ਦੀਆਂ ਮੂਰਤੀਆਂ ਵੀ ਰਖੀਆਂ ਜਾਂਦੀਆਂ ਹਨ। ਲਾਮਿਆਂ ਤੇ ਚੋਮੋਆਂ ਸਭਨਾਂ ਦੇ ਸਿਰ ਮੁੰਨੇ ਹੁੰਦੇ ਹਨ ਤੇ ਇਹ ਲੰਮੇ ਚੋਗੇ ਤੇ ਘੋਨ ਮੋਨ ਸਿਰ ਤੋਂ ਝਟ ਪਛਾਣੇ ਜਾਂਦੇ ਹਨ।

ਇਥੋਂ ਦੀ ਵਿਆਹ ਦੀ ਰਸਮ ਬੜੀ ਅਜੀਬ ਹੈ। ਕੁੜੀ ਮੁੰਡਾ ਆਪਣੇ ਹਾਣੀ ਖ਼ੁਦ ਟੋਲਦੇ ਹਨ। ਮਾਂ ਪਿਉ ਇਸ ਵਿਚ ਦਖ਼ਲ ਨਹੀਂ ਦੇਂਦੇ। ਕੁੜੀਆਂ ਦੇ ਸੌਣ ਦਾ ਕਮਰਾ ਵੱਖਰਾ ਹੁੰਦਾ ਹੈ। ਉਹ ਘਰ ਦੇ ਹੋਰ ਜੀਅ ਨਾਲ ਨਹੀਂ ਸੌਂਦੀਆਂ। ਰਾਤ ਵੇਲੇ ਘਰ ਦਾ ਕੋਈ ਜੀਅ ਕੁੜੀ ਦੇ ਕਮਰੇ ਵਿਚ ਨਹੀਂ ਜਾਂਦਾ। ਕਈ ਵਾਰ ਕੁੜੀ ਜਿਸ ਲੜਕੇ ਨਾਲ ਵਿਆਹ ਕਰਨ ਬਾਰੇ ਮਨ ਬਣਾ ਰਹੀ ਹੁੰਦੀ ਹੈ, ਉਸ ਨੂੰ ਰਾਤ ਵੇਲੇ ਆਪਣੇ ਕਮਰੇ ਵਿਚ ਬੁਲਾ ਲੈਂਦੀ ਹੈ। ਇਨ੍ਹਾਂ ਮੁਲਾਕਾਤਾਂ ਵਿਚ, ਕੁੜੀ ਮੁੰਡਾ ਇਕ ਦੂਜੇ ਦੇ ਕਾਫ਼ੀ ਨੇੜ ਹੋ ਜਾਂਦੇ ਹਨ। ਇਨ੍ਹਾਂ ਮਿਲਣੀਆਂ ਨੂੰ ਉਥੋਂ ਦੀ ਬੋਲੀ ਵਿਚ 'ਸੁੰਗ' ਕਰਨਾ ਕਿਹਾ ਜਾਂਦਾ ਹੈ। ਇਹੋ ਸੁੰਗ ਅਗੋਂ ਜਾ ਕੇ ਵਿਆਹ ਦਾ ਰੂਪ ਧਾਰ ਲੈਂਦਾ ਹੈ। ਪਰ ਜ਼ਰੂਰੀ ਨਹੀਂ ਲੜਕੀ ਜਿਸ ਨਾਲ ਸੁੰਗ ਕਰੇ ਉਸੇ ਨਾਲ ਵਿਆਹ ਵੀ ਕਰੇ। ਇਕ ਕੁੜੀ ਉਦੋਂ ਤਕ ਕਈਆਂ ਨਾਲ 'ਸੁੰਗ' ਕਰ ਸਕਦੀ ਹੈ

ਜਦੋਂ ਤਕ ਉਸ ਦਾ ਵਿਆਹ ਨਹੀਂ ਹੋ ਜਾਂਦਾ।

ਵਿਆਹ ਵੀ ਬੜੇ ਅਜੀਬ ਢੰਗ ਨਾਲ ਹੁੰਦਾ ਹੈ। ਵਿਆਹ ਦਾ ਦਿਨ ਤੇ ਸਥਾਨ ਨਿਸਚਤ ਹੁੰਦਾ ਹੈ। ਕੁੜੀ ਮੁੰਡਾ ਇਕੱਠੇ ਮਿਲ ਕੇ ਥਾਂ ਨਿਸਚਤ ਕਰ ਲੈਂਦੇ ਹਨ। ਕੁੜੀ ਕਿਸੇ ਬਹਾਨੇ, ਮਿਥੇ ਸਮੇਂ ਉਤੇ, ਉਥੇ ਪਹੁੰਚਦੀ ਹੈ। ਮੁੰਡਾ ਆਪਣੇ ਕੁਝ ਸਾਥੀਆਂ ਨਾਲ ਕੁੜੀ ਨੂੰ ਜ਼ਬਰਦਸਤੀ ਚੁਕ ਲੈਂਦਾ ਹੈ ਜਿਵੇਂ ਉਹ ਉਧਾਲ ਰਿਹਾ ਹੋਵੇ। ਕੁੜੀ ਨਾਂਹ ਨੁਕਰ ਕਰਦੀ ਤੇ ਝਠਾ ਰੌਲਾ ਰੱਪਾ ਪਾਉਂਦੀ ਹੈ। ਜੇ ਕੁੜੀ ਦੇ ਰਿਸ਼ਤੇਦਾਰ ਜਾਂ ਵਾਕਫ਼ ਵੇਖ ਰਹੇ ਹੋਣ, ਤਾਂ ਉਹ ਝੂਠ ਮੂਠ ਕੁੜੀ ਦੀ ਮਦਦ ਕਰਦੇ ਹਨ। ਤੇ ਕਈ ਵਾਰ ਮੁੰਡੇ ਨੂੰ ਪੱਥਰ ਮਾਰਦੇ ਹਨ, ਨਿਸ਼ਾਨਾ ਬਣਾ ਕੇ ਨਹੀਂ, ਇਧਰ ਉਧਰ ਸੁਟ ਕੇ। ਸੋ ਮੁੰਡਾ ਕੁੜੀ ਨੂੰ ਉਧਾਲ ਕੇ ਲੈ ਜਾਂਦਾ ਹੈ।

ਕੁੜੀ ਨੂੰ ਘਰ ਜਾ ਕੇ ਉਦੋਂ ਤਕ ਮੁੰਡਾ ਕੁਝ ਨਹੀਂ ਕਹਿੰਦਾ, ਜਦੋਂ ਤਕ ਉਹ ਰਸਮੀ ਤੌਰ ਉਤੇ ਹਾਂ ਨਾ ਕਹਿ ਦੇਵੇ। 'ਹਾਂ' ਕਹਿਣ ਉਤੇ ਕੁੜੀ ਦੇ ਮਾਂ ਪਿਉ ਨੂੰ ਖ਼ਬਰ ਦਿਤੀ ਜਾਂਦੀ ਹੈ। ਕੁੜੀ ਦਾ ਪਿਉ ਸ਼ਰਾਬ ਦੀ ਬੋਤਲ ਨਾਲ ਭਰ ਲਿਆਂਦਾ ਹੈ ਤੇ ਕੁੜੀ ਦਾ ਪਿਉ ਤੇ ਮੁੰਡੇ ਦਾ ਪਿਉ, ਰਲ ਕੇ ਲੁਗੜੀ ਪੀਂਦੇ ਹਨ, ਫਿਰ ਇਹੋ ਰਸਮ ਮੁੰਡੇ ਦਾ ਪਿਉ ਦੁਹਰਾਂਦਾ ਹੈ ਤੇ ਮਗਰੋਂ ਵਿਆਹ ਹੋ ਜਾਂਦਾ ਹੈ।

ਕਿਉਂ ਜੋ ਇਸ ਇਲਾਕੇ ਵਿਚ ਜ਼ਮੀਨਾਂ ਘੱਟ ਹਨ ਤੇ ਅਗੋਂ ਭੋਇੰ ਵਿਚ ਹੋਰ ਵੰਡੀ ਨਾ ਪਏ, ਇਸੇ ਕਰਕੇ ਵਿਆਹ ਵੱਡਾ ਭਰਾ ਹੀ ਕਰਦਾ ਹੈ, ਬਾਕੀ ਉਸੇ ਦੀ ਪਤਨੀ ਨੂੰ ਆਪਣੀ ਪਤਨੀ ਸਮਝਦੇ ਹਨ। ਪਹਿਲਾ ਬੱਚਾ ਉਸ ਦਾ ਗਿਣਿਆ ਜਾਂਦਾ ਹੈ ਜਿਸ ਨਾਲ ਵਿਆਹ ਹੋਇਆ ਹੈ, ਦੂਜਾ ਛੋਟੇ ਦਾ। ਤੀਜਾ ਉਸ ਤੋਂ ਛੋਟੇ ਭਰਾ ਦਾ।

ਵਿਆਹ ਉਤੇ ਭਾਵੇਂ ਇਹ ਲੋਕ ਬਹੁਤਾ ਖ਼ਰਚ ਨਹੀਂ ਕਰਦੇ ਪਰ ਬੁੱਢੇ ਬੁੱਢੀ ਦੀ ਮੌਤ ਉਤੇ ਕਾਫ਼ੀ ਧਨ ਖ਼ਰਚ ਕਰਦੇ ਹਨ। ਮ੍ਰਿਤਕ ਸਰੀਰ ਨੂੰ ਤੀਜੇ ਦਿਨ ਸਾੜਿਆ ਜਾਂਦਾ ਹੈ। ਉਸ ਨੂੰ ਇਕ ਖ਼ਾਸ ਕਿਸਮ ਦੀ ਕੁਰਸੀ ਉਤੇ ਬਿਠਾ ਕੇ, ਉਸ ਦੇ ਆਲੇ ਦੁਆਲੇ ਸਭ ਨੱਚਦੇ ਹਨ। ਇਸ ਨਾਚ ਵਿਚ ਸਾਕ ਸਬੰਧੀ ਤੇ ਹੋਰ ਪਿੰਡ ਦੇ ਲੋਕ ਵੀ ਹਿੱਸਾ ਲੈਂਦੇ ਹਨ। ਬਾਹਰੋਂ ਆਇਆ ਹਰ ਕੋਈ ਆਪਣੇ ਨਾਲ ਲੁਗੜੀ ਤੇ ਕੱਚੀ ਰਸਦ ਨਾਲ ਲੈ ਆਉਂਦਾ ਹੈ ਤੇ ਆਪਣੀ ਹੀ ਰਸਦ ਨਾਲ ਖਾਣਾ ਪਕਾ ਕੇ ਖਾਂਦਾ ਹੈ। ਲੁਗੜੀ ਦੇ ਕੱਪ ਭਰ ਭਰ ਕੇ ਮੁਰਦੇ ਦੇ ਬੁਲ੍ਹਾਂ ਨਾਲ ਛੁਹਾ ਛੁਹਾ ਕੇ ਪੀਤੇ ਜਾਂਦੇ ਹਨ ਤੇ ਫਿਰ ਉਸ ਮ੍ਰਿਤਕ ਨੂੰ ਤੀਜੇ ਦਿਨ ਖੇਤਾਂ ਵਿਚ ਲਿਜਾ ਕੇ ਸਸਕਾਰ ਕਰ ਦਿਤਾ ਜਾਂਦਾ ਹੈ। ਜਿਨ੍ਹਾਂ ਦੀ ਆਪਣੀ ਜ਼ਮੀਨ ਨਹੀਂ, ਉਹ ਦਰਿਆਵਾਂ ਜਾਂ ਨਾਲਿਆਂ ਦੇ ਕੰਢੇ ਸਸਕਾਰ ਕਰਦੇ ਹਨ। ਮਰਨ ਵਾਲੇ ਦੇ ਪੁਰਾਣੇ ਕਪੜੇ ਲਾਹ ਕੇ ਰਖ ਲਏ ਜਾਂਦੇ ਹਨ। ਜਦੋਂ ਉਸ ਪ੍ਰਾਣੀ ਦੇ ਫੁਲ ਦਰਿਆ ਵਿਚ ਤਾਰੇ ਜਾਂਦੇ ਹਨ ਤਾਂ ਇਹ ਕਪੜੇ ਵੀ ਉਸਦੇ ਨਾਲ ਹੀ ਤਾਰ ਦਿਤੇ ਜਾਂਦੇ ਹਨ।

ਫੁਲ ਤਾਰਨ ਵੇਲੇ ਤੁਤਣੀਆਂ ਵਾਜਿਆਂ ਨਾਲ ਜਲੂਸ ਜਿਹਾ ਕਢਿਆ ਜਾਂਦਾ ਹੈ। ਇਹ ਫੁਲ ਆਮ ਤੌਰ ਉਤੇ ਤਾਂਦੀ ਨਾਂ ਦੇ ਸੰਗਮ ਅਸਥਾਨ ਉਤੇ ਤਾਰੇ ਜਾਂਦੇ ਹਨ। ਫੁਲ ਤਾਰਨ ਪਿਛੋਂ ਇਕ ਜਗ ਕੀਤਾ ਜਾਂਦਾ ਹੈ, ਜਿਸ ਵਿਚ ਲੁਗੜੀ ਬਹੁਤ ਜ਼ਿਆਦਾ ਪੀਤੀ ਜਾਂਦੀ ਹੈ। ਸਭ ਰਲ ਕੇ ਨੱਚਦੇ ਹਨ। ਕੁੜੀਆਂ ਮਹਿਮਾਨਾਂ ਨੂੰ ਸ਼ਰਾਬ ਦੇ ਪਿਆਲੇ ਭਰ ਭਰ ਕੇ ਦੇਂਦੀਆਂ ਹਨ।

### (ਲ-33) ਲਾਹੌਲ ਪੜ੍ਹਨਾ :

ਮੁਸਲਮਾਨਾਂ ਵਿਚ ਪ੍ਰਚਲਤ ਇਕ ਕਲਾਮ, ਜੋ ਉਹ ਹੈਰਾਨੀ ਜਾਂ ਘ੍ਰਿਣਾ ਦੀ ਭਾਵਨਾ ਸਮੇਂ ਪੜ੍ਹਦੇ ਹਨ। ਪੂਰਾ ਕਲਾਮ ਹੈ-'ਲਾਹੌਲ ਵਲਾ ਕੁਵੱਤ, ਇਲ੍ਹਾ, ਬਿਲਾਹ', ਜਿਸ ਦੇ ਅਰਥ ਹਨ : 'ਮੇਰੇ ਵਿਚ ਨੇਕੀ ਕਰਨ ਤੇ ਬਦੀ ਤੋਂ ਬਚੇ ਰਹਿਣ ਦੀ ਸਮਰੱਥਾ ਨਹੀਂ, ਪਰ ਮੈਂ ਅੱਲਾ ਦੀ ਤੌਫ਼ੀਕ ਨਾਲ ਹੀ ਇਹ ਕੰਮ ਕਰ ਸਕਦਾ ਹਾਂ।'

### (ਲ-34) ਲਾਖਾ ਸੂਤਰ :

ਮੰਤ੍ਰਿਆ ਹੋਇਆ ਲਾਲ ਰੰਗ ਦਾ ਧਾਗਾ, ਜੋ ਰਖਿਆ ਵਜੋਂ ਬੱਚੇ ਦੇ ਅੰਗ ਉਤੇ ਬੰਨ੍ਹਿਆ ਜਾਂਦਾ ਹੈ। ਬਹਾਵਲਪੁਰ ਦੇ ਹਿੰਦੂਆਂ ਵਿਚ ਜੇ ਕੋਈ ਬੱਚਾ ਬਾਲ-ਅਵਸਥਾ ਵਿਚ ਮਰ ਜਾਵੇ ਤਾ ਉਸ ਦੇ ਛੋਟੇ ਭਰਾ ਦੀ ਲੱਤ ਉਤੇ ਇਕ ਲਾਲ ਰੰਗ ਦਾ ਸੂਤਰ ਦਾ ਧਾਗਾ ਬੰਨ੍ਹ ਦਿਤਾ ਜਾਂਦਾ ਹੈ। ਇਹ ਧਾਗਾ ਬੰਨ੍ਹਣ ਤੋਂ ਪਹਿਲਾਂ ਮਰੇ ਬੱਚੇ ਦੀ ਦੇਹ ਨਾਲ ਛੁਹਾ ਲਿਆ ਜਾਂਦਾ ਹੈ ਤੇ ਉਦੋਂ ਤਕ ਅਗਲੇ ਬੱਚੇ ਦੀ ਲੱਤ ਬੰਨ੍ਹੀ ਰਖੀ ਜਾਂਦੀ ਹੈ ਜਦੋਂ ਤਕ ਬੱਚਾ ਉਸ ਉਮਰ ਨੂੰ ਟੱਪ ਨਾ ਜਾਵੇ, ਜਿਸ ਉਮਰ ਵਿਚ ਉਸ ਦੇ ਵੱਡੇ ਭਰਾ ਦੀ ਮੌਤ ਹੋਈ ਸੀ। ਇਸ ਧਾਗੇ ਨੂੰ ਲਾਖਸੂਤਰ ਕਿਹਾ ਜਾਂਦਾ ਹੈ ਤੇ ਇਸ ਨੂੰ ਖੋਲ੍ਹਣ ਵੇਲੇ ਪ੍ਰਸ਼ਾਦਿ ਵੰਡਿਆ ਜਾਂਦਾ ਹੈ ਤੇ ਖ਼ੁਸ਼ੀਆਂ ਮਨਾਈਆਂ ਜਾਂਦੀਆਂ ਹਨ।

ਇਕ ਲਾਖ-ਸੂਤਰੇ ਦਾ ਦੂਜੇ ਲਾਖ-ਸੂਤਰੇ ਉਤੇ ਪਰਛਾਵਾਂ ਪੈਣਾ ਅਸ਼ੁਭ ਮੰਨਿਆ ਜਾਂਦਾ ਹੈ। ਇਸ ਲਈ 'ਲਾਖ-ਸੂਤਰੇ ਬੱਚਿਆਂ' ਨੂੰ ਇਕ ਦੂਜੇ ਤੋਂ ਦੂਰ ਰਖਿਆ ਜਾਂਦਾ ਹੈ।

### (ਲ-35) ਲਾਗੀ :

ਵਿਆਹ ਸ਼ਾਦੀ ਤੇ ਖ਼ੁਸ਼ੀ ਦੇ ਮੌਕਿਆਂ ਉਤੇ ਕੰਮ ਕਰਨ ਵਾਲੇ ਕਮੀਂ ਨਾਈ, ਝੀਵਰ, ਮਿਰਾਸੀ, ਭੰਡ ਆਦਿ ਲਾਗੀ ਅਖਵਾਉਂਦੇ ਹਨ। ਇਹ ਆਪਣੇ ਕੰਮ ਅਨੁਸਾਰ ਮੁਆਵਜ਼ਾ

ਨਹੀਂ ਲੈਂਦੇ, ਕੰਮ ਭਾਵੇਂ ਘਟ ਹੋਵੇ ਭਾਵੇਂ ਵਧ, ਇਨ੍ਹਾਂ ਨੂੰ ਮਿਥੀ ਹੋਈ ਰਕਮ, ਜਿਸ ਨੂੰ 'ਲਾਗ' ਕਿਹਾ ਜਾਂਦਾ ਹੈ, ਹੀ ਮਿਲਦੀ ਹੈ। ਲਾਗ ਨੂੰ ਬੰਧਾਨ ਵੀ ਕਿਹਾ ਜਾਂਦਾ ਹੈ। ਬੰਧਾਨ ਤੋਂ ਭਾਵ ਬਝੀ ਹੋਈ ਰਕਮ ਜੋ ਆਮ ਤੌਰ ਤੇ ਬਧਿਆ ਹੁੰਦਾ ਹੈ ਕਿ ਬੱਚੇ ਦੇ ਜਨਮ ਉਤੇ ਇਤਨੇ ਰੁਪਏ, ਕੁੜਮਾਈ ਸ਼ਗਨ ਉਤੇ ਇਤਨੇ ਰੁਪਏ ਤੇ ਵਿਆਹ ਉਤੇ ਇਤਨੇ ਰੁਪਏ ਦੇਣੇ। ਇਹੋ ਬੰਧਾਨ ਜਾਂ ਲਾਗ ਲੈਣ ਵਾਲਾ 'ਲਾਗੀ' ਅਖਵਾਉਂਦਾ ਹੈ।

ਲਾਗੀਆਂ ਨਾਲ ਸਬੰਧ ਜੱਦੀ ਜਾਂ ਪੁਸ਼ਤੀ ਹੁੰਦੇ ਹਨ। ਇਹ ਪੁਸ਼ਤਾਂ ਤੋਂ ਕੁੱਲਾਂ ਨਾਲ ਬਝੇ ਹੁੰਦੇ ਹਨ ਤੇ ਇਹ ਪੁਸ਼ਤ ਦਰ ਪੁਸ਼ਤ ਕੰਮ ਕਰਦੇ ਤੇ ਕੇਵਲ ਕੁਝ ਨਕਦ, ਦਾਣੇ ਤੇ ਬਸਤਰਾਂ ਦੀ ਸ਼ਕਲ ਵਿਚ ਲਾਗ ਲੈਂਦੇ ਰਹੇ ਹਨ। ਹੁਣ ਇਹ ਪਰੰਪਰਾ ਖ਼ਤਮ ਹੁੰਦੀ ਜਾ ਰਹੀ ਹੈ। ਪਰ ਕਈ ਪਿੰਡਾਂ ਵਿਚ ਅਜੇ ਵੀ ਲਾਗ ਪਰੰਪਰਾ ਪ੍ਰਚਲਤ ਹੈ।

ਲਾਗ ਦੇ ਗੀਤ : ਬੱਚੇ ਦੇ ਜਨਮ, ਵਿਆਹ ਸ਼ਾਦੀ ਤੇ ਹੋਰ ਮੰਗਲ ਮੌਕਿਆਂ ਉਤੇ ਗਾਏ ਜਾਣ ਵਾਲੇ ਉਹ ਗੀਤ, ਜਿਨ੍ਹਾਂ ਵਿਚ ਲਾਗ ਦੇਣ ਵਲ ਸੰਕੇਤ ਕੀਤਾ ਜਾਂਦਾ ਹੈ। ਬੱਚੇ ਦੇ ਜਨਮ ਸਮੇਂ ਦਾਈ ਤੇ ਕਮੀਆਂ ਕਮੀਣਾਂ ਤੇ ਲਾਗੀਆਂ ਨੂੰ ਲਾਗ ਦਿਤੀ ਜਾਂਦੀ ਹੈ, ਜਿਸ ਵਲ ਇਕ ਗੀਤ ਵਿਚ ਇਉਂ ਸੰਕੇਤ ਕੀਤਾ ਮਿਲਦਾ ਹੈ :

ਕੀ ਕੁਝ ਏਨਾ ਦਾਈਆਂ ਤੇ ਭਾਈਆਂ
ਕੀ ਕੁਝ ਸਕੀਆਂ ਭਰਜਾਈਆਂ।
ਪੰਜ ਰੁਪਏ ਏਨਾਂ ਦਾਈਆਂ ਤੇ ਮਾਈਆਂ
ਸੂਹੇ ਤਰੇਵਰ ਭਰਜਾਈਆਂ।

(ਲ-36) **ਲਾਚਾ :**

ਮੋਟੀ ਬੁਣਤਰ ਦੀ ਚਾਦਰ, ਜਿਸ ਦੀਆਂ ਚੌਹਾਂ ਗੁੱਠਾਂ ਉਤੇ ਲਾਲ ਰੇਸ਼ਮ ਦੀ ਕਢਾਈ ਦੇ ਪੱਲੇ ਹੁੰਦੇ ਹਨ। ਇਸ ਨੂੰ ਵਿਆਹ ਸਮੇਂ ਸ਼ਗਨਾਂ ਵਜੋਂ ਵੀ ਵਰਤਿਆ ਜਾਂਦਾ ਹੈ। ਲਾੜ੍ਹੇ ਨੂੰ ਘੋੜੀ ਤੇ ਚਾੜ੍ਹਨ ਤੋਂ ਪਹਿਲਾਂ, ਉਪਰ ਲਾਲ ਸੂਤ ਦੇ ਪੱਲਿਆਂ ਵਾਲਾ ਲਾਚਾ ਵਿਛਾ ਦਿਤਾ ਜਾਂਦਾ ਹੈ।

ਤੇਰੀ ਘੋੜੀ ਉਤੇ ਲਾਚੇ
ਜੇਂਦ ਚੜ੍ਹੇ ਤੇਰੇ ਚਾਚੇ।

(ਲ-37) **ਲਾਜਾ :**

ਭੁੰਨੇ ਹੋਏ ਧਾਨ ਦੀਆਂ ਖਿਲਾਂ; ਜਦੋਂ ਕੋਈ ਸ਼ਖ਼ਸ ਦੀਰਘ ਆਯੂ ਭੋਗ ਕੇ ਮਰਦਾ ਹੈ ਤਾਂ ਉਸ ਦੀ ਅਰਥੀ ਕਢਣ ਵੇਲੇ ਉਸ ਤੋਂ ਲਾਜਾਂ (ਧਾਨ ਦੀਆਂ ਖਿਲਾਂ) ਫੁਲ, ਛੁਹਾਰੇ, ਤੇ ਤਾਂਬੇ ਦੇ ਪੈਸੇ ਆਦਿ ਵਰਸਾਏ ਜਾਂਦੇ ਹਨ। ਲੋਕੀਂ ਇਨ੍ਹਾਂ ਵਸਤੂਆਂ ਨੂੰ ਕਲਿਆਣਕਾਰੀ ਜਾਣ ਕੇ ਲੁਟਦੇ ਤੇ ਘਰ ਵਿਚ ਰਖਦੇ ਹਨ। ਧਾਰਨਾ ਅਨੁਸਾਰ ਲਾਜਾ ਘਰ ਰਖਣ ਜਾਂ ਖਾਣ ਨਾਲ ਬੰਦਾ ਲੰਮੀ ਉਮਰ ਭੋਗਦਾ ਹੈ।

(ਲ-38) **ਲਾਟਾਂ ਵਾਲੀ ਮਾਈ :**

ਜਵਾਲਾਮੁਖੀ ਦੇਵੀ; ਜਵਾਲਾਮੁਖੀ ਪਹਾੜਾਂ ਵਿਚ ਜਵਾਲਾ ਮੁਖੀ ਦੇ ਸਥਾਨ ਉਤੇ ਪਹਾੜ ਵਿਚ ਲਾਟਾਂ ਅੱਗ ਵਾਂਗ ਮਚਦੀਆਂ ਹੋਈਆਂ ਨਿਕਲਦੀਆਂ ਹਨ, ਇਥੇ ਦੇਵੀ ਦਾ ਮੰਦਰ ਹੈ, ਇਸ ਦੇਵੀ ਨੂੰ ਹਿੰਦੂ 'ਲਾਟਾਂ ਵਾਲੀ ਮਾਈ' ਵੀ ਕਹਿੰਦੇ ਹਨ।

(ਲ-39) **ਲਾਂਬੂ ਲਗਾਣਾ :**

ਦਾਹ ਸੰਸਕਾਰ ਕਰਨਾ; ਹਿੰਦੂਆਂ ਸਿੱਖਾਂ ਵਿਚ ਪ੍ਰਾਣੀ ਦੀ ਮੌਤ ਮਗਰੋਂ, ਉਸ ਦੀ ਦੇਹ ਨੂੰ ਸ਼ਮਸ਼ਾਨ ਘਾਟ ਵਿਚ ਲਕੜੀਆਂ ਦੀ ਚਿਖਾ ਉਤੇ ਰਖ ਕੇ ਅਗਨ ਨਾਲ ਘਾਹ ਫੂਸ ਦਾ ਚੁਆਤਾ ਦਿਤਾ ਜਾਂਦਾ ਹੈ। ਮ੍ਰਿਤਕ ਦਾ ਵੱਡਾ ਲੜਕਾ ਪਹਿਲਾਂ ਫੂਸ ਨੂੰ ਚੁਆਤਾ ਲਗਾਂਦਾ ਤੇ ਫਿਰ ਚਿਤਾ ਦੀ ਪੁੱਠੀ ਪ੍ਰਕਰਮਾ ਕਰਦਾ ਹੋਇਆ ਅੱਗ ਦਾਗ ਦੇਂਦਾ ਹੈ। ਪੁਰਾਣਾਂ ਅਨੁਸਾਰ ਲਾਂਬੂ ਲਗਾਣ ਵਾਲਾ ਪੁੱਤਰ ਹੀ ਹੋਣਾ ਚਾਹੀਦਾ ਹੈ। ਜੇ ਪੁੱਤਰ ਨਾ ਹੋਵੇ ਤਾਂ ਮੋਏ ਪ੍ਰਾਣੀ ਦੀ ਗਤੀ ਨਹੀਂ ਹੁੰਦੀ। ਉਸ ਦੀ ਰੂਹ ਇਸੇ ਸੰਸਾਰ ਵਿਚ ਭਟਕਦੀ ਰਹਿੰਦੀ ਹੈ।

(ਲ-40) **ਲਾਲ ਹਨੇਰੀ :**

ਅਕਾਸ਼ 'ਤੇ ਹੁਰਮਚੀ ਜਾਂ ਲਾਲ ਰੰਗ ਦੀ ਝੂਲੀ ਹਨੇਰੀ ਜਿਸ ਨਾਲ ਕਈ ਤਰ੍ਹਾਂ ਦੇ ਭਰਮ ਵਹਿਮ ਤੇ ਮਨੌਤਾਂ ਜੁੜੀਆਂ ਹੋਈਆਂ ਹਨ। ਇਸ ਨੂੰ ਖ਼ੂਨੀ ਹਨੇਰੀ ਵੀ ਕਿਹਾ ਜਾਂਦਾ ਹੈ। ਲੋਕਾਂ ਦਾ ਨਿਸਚਾ ਹੈ ਕਿ ਰਾਜ ਵਿਚ ਜਦੋਂ ਉਪੱਦਰ ਤੇ ਅਨਿਆਂ ਹੋਣ ਅਥਵਾ ਕਿਸੇ ਬੇਦੋਸ਼ੇ ਸ਼ਖ਼ਸ ਦਾ ਖ਼ੂਨ ਡੁਲਿਆ ਹੋਵੇ ਤਾਂ ਅਕਾਸ਼ ਉਤੇ ਲਾਲ ਹਨੇਰੀ ਝੁਲਦੀ ਹੈ। ਇਹ ਬੜੀ ਅਸ਼ੁਭ ਮੰਨੀ ਜਾਂਦੀ ਹੈ ਤੇ ਬਹੁਤੀਆਂ ਲਾਲ ਹਨੇਰੀਆਂ ਝੁਲਣੀਆਂ ਕਿਸੇ ਖ਼ਾਨਾਜੰਗੀ ਜਾਂ ਤਰਥਲੀ ਦੀਆਂ ਸੂਚਕ ਮੰਨੀਆਂ ਜਾਂਦੀਆਂ ਹਨ।

(ਲ-41) **ਲਾਲ ਕਚੌਰੀ :**

ਝੰਗ ਦੇ ਇਲਾਕੇ ਦੀ ਇਕ ਖੇਡ, ਜੋ ਜਵਾਨ ਕੁੜੀਆਂ ਰਲ ਕੇ ਖੇਡਦੀਆਂ ਹਨ। ਵਾਰਸ ਸ਼ਾਹ ਨੇ 'ਹੀਰ' ਵਿਚ ਇਸ ਖੇਡ ਦਾ ਜ਼ਿਕਰ ਕੀਤਾ ਹੈ।

ਜਦੋਂ 'ਲਾਲ ਕਚੌਰੀ' ਨੂੰ ਖੇਡ ਸਹੀਆਂ,
ਸਭ ਘਰੋਂ ਘਰੀਂ ਉਠ ਚਲੀਆਂ ਨੀ।

ਇਹ ਖੇਡ ਇਕ ਤਰ੍ਹਾਂ ਦੀ ਲੁਕਣ ਮੀਟੀ ਹੀ ਹੈ।

**(ਲ-42) ਲਾਲ ਕਿਤਾਬ :**

ਕਾਜ਼ੀ ਦੀ ਲਾਲ ਰੰਗ ਦੀ ਕਿਤਾਬ, ਜਿਸ ਵਿਚ ਕਾਨੂੰਨ ਦੀਆਂ ਗੱਲਾਂ ਲਿਖੀਆਂ ਹੁੰਦੀਆਂ ਸਨ। ਮੁਸਲਮਾਨਾਂ ਦੇ ਰਾਜ ਸਮੇਂ ਕਾਜ਼ੀ ਹੀ ਮੁਨਸਫ ਹੁੰਦੇ ਸਨ ਤੇ ਇਹ ਸ਼ਰ੍ਹਾ ਅਨੁਸਾਰ ਫ਼ੈਸਲੇ ਕਰਦੇ ਸਨ। ਲਾਲ ਕਿਤਾਬ ਵਿਚ ਸ਼ਰ੍ਹਾ ਸਬੰਧੀ ਸਾਰੇ ਕਾਨੂੰਨਾਂ ਦਾ ਵਰਨਣ ਹੁੰਦਾ ਸੀ। ਉਦੋਂ ਕਾਜ਼ੀ ਜਿਵੇਂ ਫ਼ੈਸਲੇ ਕਰਦੇ ਸਨ ਉਸ ਸਬੰਧੀ ਇਕ ਲੋਕ-ਕਥਾ ਪ੍ਰਚਲਤ ਹੈ :

ਇਕ (ਚਾਕੀ) ਤੇਲੀ ਦਾ ਦਾਂਦੀ ਕਾਜ਼ੀ ਦੇ ਦਾਂਦੇ ਨਾਲ ਭਿੜ ਪਿਆ ਤੇ ਉਸ ਨੂੰ ਮਾਰ ਦਿਤਾ। ਚਾਕੀ ਕਾਜ਼ੀ ਕੋਲ ਚਲਾ ਗਿਆ, ਜਿਸ ਨੂੰ ਦਾਂਦਾ ਦੀ ਲੜਾਈ ਬਾਰੇ ਅਜੇ ਕੁਝ ਪਤਾ ਨਹੀਂ ਸੀ ਲੱਗਾ। ਚਾਕੀ ਨੇ ਕਾਜ਼ੀ ਤੋਂ ਪੁਛਿਆ ਕਿ ਜੇ ਦੋ ਬਲਦ ਆਪਸ ਵਿਚ ਲੜ ਪੈਣ ਤੇ ਇਕ ਬਲਦ ਦੂਜੇ ਨੂੰ ਮਾਰ ਦੇਵੇ ਤਾਂ ਮਾਲਕ ਸਿਰ ਕੋਈ ਜ਼ਿੰਮੇਵਾਰੀ ਪੈਂਦੀ ਹੈ ਜਾਂ ਨਹੀਂ ? ਕਾਜ਼ੀ ਨੇ 'ਨਾ' ਵਿਚ ਉੱਤਰ ਦਿਤਾ। ਪਰ ਜਦੋਂ ਕਾਜ਼ੀ ਨੂੰ ਪਤਾ ਲਗਾ ਕਿ ਉਸ ਦਾ ਆਪਣਾ ਬਲਦ ਹੀ ਮਾਰਿਆ ਗਿਆ ਹੈ ਤਾਂ ਉਸ 'ਲਾਲ ਕਿਤਾਬ' ਕੱਢ ਕੇ ਸਫ਼ਾ ਫੋਲਦਿਆਂ ਇਹ ਫਤਵਾ ਦਿਤਾ—

ਲਾਲ ਕਿਤਾਬ ਫਰਮਾਂਦੀ ਇਹਾ
ਚਾਕੀ ਦਾਂਦ ਭਿੜਾਇਆ ਕਿਉਂ।
ਖਲ ਖਵਾ ਕੇ ਕੀਤਿਉਸ ਮੋਟਾ
ਦਾਂਦ ਦਾ ਦਾਂਦ ਤੇ ਦਾਹ ਰੁਪਏ ਛੋਟਾ।

ਅਥਵਾ ਚਾਕੀ ਦਾਂਦ ਦੇ ਬਦਲੇ ਦਾਂਦ ਦੇਵੇ ਅਤੇ ਦਸ ਰੁਪਏ ਜੁਰਮਾਨਾ ਵੀ ਭਰੇ।

**(ਲ-43) ਲਾਲ ਬੇਗ :**

ਲਾਲ ਬੇਗ ਪੰਜਾਬ ਤੇ ਆਸ ਪਾਸ ਦੇ ਇਲਾਕੇ ਦੇ ਚੂਹੜਿਆਂ ਦੀਆਂ ਜਾਤੀਆਂ ਦਾ ਗੁਰੂ ਹੈ। ਚੂਹੜੇ ਇਸ ਨੂੰ ਬਾਲਮੀਕ ਰਿਸ਼ੀ ਦਾ ਅਵਤਾਰ ਮੰਨਦੇ ਹਨ। ਉਨ੍ਹਾਂ ਦੇ ਧਰਮ ਸਬੰਧੀ ਸਾਰੇ ਵਿਚਾਰ ਤੇ ਕਰਮ ਇਸੇ ਧੁਰੇ ਦਵਾਲੇ ਘੁੰਮਦੇ ਹਨ। ਲਾਲ ਬੇਗ ਦੇ ਸਮੇਂ ਤੇ ਜੀਵਨ ਸਬੰਧੀ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਲਾਲ ਬੇਗ ਕਈ ਨਾਵਾਂ ਨਾਲ ਪ੍ਰਸਿਧ ਹੈ। ਲਾਲ ਗੁਰੂ, ਲਾਲ ਖ਼ਾਨ, ਲਾਲ ਸ਼ਾਹ, ਮੀਰਾਂ ਸ਼ਾਹ, ਲਾਲੋ ਲਾਲ ਆਦਿ ਉਸ ਦੇ ਨਾਂ ਤੇ ਉਪਾਧੀਆਂ ਹਨ। ਇਸੇ ਨੂੰ ਬਾਲਾ ਸ਼ਾਹ ਵੀ ਕਿਹਾ ਜਾਂਦਾ ਹੈ। ਸਰ ਰਿਚਰਡ ਟੈਂਪਲ ਦਾ ਵਿਚਾਰ ਹੈ ਕਿ ਲਾਲ ਬੇਗ ਦਾ ਨਾਂ ਮੂਲ ਰੂਪ ਵਿਚ ਲਾਲ ਭਿਖ (ਭਿਖਸ਼ੂ) ਹੋਣਾ ਹੈ। ਇਹ ਨਾਂ ਚੂਹੜਿਆਂ ਦੇ ਪ੍ਰੋਹਿਤ, ਜੋ ਕੇਸਰੀ ਬਾਣਾ ਪਹਿਨਦੇ ਹਨ, ਨੂੰ ਹੀ ਪ੍ਰਗਟ ਕਰਦਾ ਹੋਣਾ ਹੈ।

ਲਾਲ ਬੇਗ ਸਬੰਧੀ ਅਨੇਕਾਂ ਦੰਦ-ਕਥਾਵਾ ਚੂਹੜਿਆਂ ਵਿਚ ਪ੍ਰਚਲਤ ਹਨ। 'ਲੈਜਿੰਡਜ਼ ਆਫ਼ ਦੀ ਪੰਜਾਬ' ਦੀ ਪਹਿਲੀ ਜਿਲਦ ਵਿਚ ਕੁਝ ਕਥਾਵਾਂ ਮਿਲਦੀਆਂ ਹਨ। ਸਰ ਰਿਚਰਡ ਟੈਂਪਲ ਨੇ ਲਾਲ ਬੇਗ ਦਾ ਕੁਰਸੀਨਾਮਾ ਦਿਤਾ ਹੈ, ਜੋ ਉਨ੍ਹਾਂ ਨੇ ਇਕ ਗੁਰਮੁਖੀ ਹੱਥ-ਲਿਖਤ ਤੋਂ ਉਤਾਰਿਆ ਹੈ,ਜਿਹੜੀ ਕਿ ਅੰਬਾਲੇ ਤੇ ਕਰਨਾਲ ਜ਼ਿਲਿਆਂ ਦੇ ਚੂਹੜਿਆਂ ਦੀ ਜਾਣਕਾਰੀ ਲਈ ਉਨ੍ਹਾਂ ਕੋਲ ਰੱਖੀ ਪਈ ਸੀ।

ਲਾਲ ਬੇਗ ਦੇ ਜਨਮ ਬਾਰੇ ਕਈ ਮਿਥਕ ਕਥਾਵਾਂ ਪ੍ਰਚਲਤ ਹਨ। ਇਕ ਮਿਥ ਦੇ ਅਨੁਸਾਰ ਇਕ ਦਿਨ ਪਰਮੇਸ਼ਰ ਨੇ, ਸ਼ਿਵ ਦੇ ਮਦਨ ਨੂੰ, ਇਕ ਲਾਲ ਰੰਗ ਦੇ ਪੱਥਰ 'ਲਾਲ ਬਟਾ' 'ਤੇ ਮਲਿਆ ਅਤੇ ਲਾਲ ਬੇਗ ਉਤਪੰਨ ਕੀਤਾ। ਕੁਝ ਸਰਕੰਡੇ ਉਤੇ ਮਲਿਆ ਤੇ 'ਸਰਕੰਡਾ ਨਾਥ' ਉਗਮ ਪਿਆ, ਕੁਝ ਗੋਬਰ ਉਤੇ ਮਲਿਆ, ਜਿਸ ਤੋਂ 'ਗੋਬਰ ਨਾਥ' ਪੈਦਾ ਹੋਇਆ ਅਤੇ ਕੁਝ ਦਰਿਆ ਵਿਚ ਸੁਟ ਦਿਤਾ ਜਿਸ ਨੂੰ ਇਕ ਮੱਛੀ ਨਿਗਲ ਗਈ ਤੇ ਉਸ ਮੱਛੀ ਤੋਂ ਮਛਿੰਦਰ ਨਾਥ, ਜੋ ਗੋਰਖ ਨਾਥ ਦਾ ਗੁਰੂ ਸੀ, ਪੈਦਾ ਹੋਇਆ।

ਇਸ ਬਾਰੇ ਇਕ ਹੋਰ ਮਿਥਕ ਕਥਾ ਮਿਲਦੀ ਹੈ :

ਇਕ ਵਾਰ ਪੈਗ਼ੰਬਰ ਮਿਹਤਰ ਇਲਿਆਸ ਅਤੇ ਹੋਰ ਸੰਤਾਂ ਨਾਲ ਪ੍ਰਮਾਤਮਾ ਦੇ ਦਰਬਾਰ ਵਿਚ ਬੈਠਾ ਸੀ। ਇਲਿਆਸ ਨੇ ਥੁਕਿਆ ਤੇ ਉਸ ਦੀ ਥੁਕ ਪੈਗ਼ੰਬਰ ਉਤੇ ਜਾ ਪਈ। ਸੋ ਸਰਬ ਸ਼ਕਤੀਮਾਨ ਪ੍ਰਮਾਤਮਾ ਨੇ ਇਲਿਆਸ ਨੂੰ ਹੁਕਮ ਦਿਤਾ ਕਿ ਉਹ ਚੂਹੜਾ ਬਣ ਕੇ ਸੇਵਾ ਕਰੇ, ਪਰ ਉਸ ਨੇ ਬੇਨਤੀ ਕੀਤੀ ਕਿ ਉਸ ਲਈ ਇਕ ਵਿਚੋਲਾ ਪੈਦਾ ਹੋਣਾ ਚਾਹੀਦਾ ਹੈ। ਪਿਛੋਂ ਇਲਿਆਸ ਸੰਸਾਰ ਵਿਚ ਚੂਹੜੇ ਦੇ ਰੂਪ ਵਿਚ ਪੈਦਾ ਹੋਇਆ ਅਤੇ ਇਸ ਉਮੀਦ ਉਤੇ ਜੀਊਂਦਾ ਰਿਹਾ ਕਿ ਉਹ ਇਕ ਦਿਨ ਖਿਮਾ ਕੀਤਾ ਜਾਵੇਗਾ। ਇਕ ਦਿਨ ਪੀਰ ਨੇ ਉਸ ਨੂੰ ਪਹਿਨਣ ਲਈ 'ਪਹਿਰਣ' ਦਿਤਾ। ਇਲਿਆਸ ਨੇ ਇਸ ਨੂੰ ਮਿੱਟੀ ਦੇ ਘੜੇ ਵਿਚ ਰਖ ਦਿਤਾ। ਜਦੋਂ ਪੀਰ ਨੇ ਪੁਛਿਆ ਕਿ ਉਸ ਨੇ ਇਸ ਪਹਿਰਣ ਨੂੰ ਕਿਉਂ ਨਹੀਂ ਪਹਿਨਿਆ ਤਾਂ ਉਸਨੇ ਕਿਹਾ ਕਿ ਉਹ ਡਰਦਾ ਹੈ ਕਿ ਇਹ ਕਿਧਰੇ ਗੰਦਾ ਨਾ ਹੋ ਜਾਵੇ। ਪਰ ਪੀਰ ਨੇ ਉਸੇ ਵੇਲੇ ਪਹਿਨ ਕੇ ਆਉਣ ਦਾ ਹੁਕਮ ਦਿਤਾ, ਇਲਿਆਸ ਘੜੇ ਨੂੰ ਖੋਲਣੋਂ ਅਸਮਰਥ ਰਿਹਾ ਅਤੇ ਉਹ ਪੀਰ ਕੋਲ ਘੜਾ ਚੁਕ ਲਿਆਇਆ। ਪੀਰ ਨੇ ਕਿਹਾ, 'ਲਾਲ ਬੇਗ ਛੇਤੀ ਬਾਹਰ ਆਓ' (ਲਾਲ ਤੋਂ ਭਾਵ 'ਮੇਰਾ ਬੱਚਾ' ਵੀ ਹੈ) ਘੜੇ ਵਿਚੋਂ ਇਕ ਖ਼ੂਬਸੂਰਤ ਯੁਵਕ ਲਾਲ ਬੇਗ ਅਥਵਾ 'ਲਾਲ ਭੇਖ' ਲਾਲ ਕਪੜੇ ਪਹਿਨੀ ਨਿਕਲਿਆ। ਉਸ ਨੂੰ ਪੀਰ ਨੇ ਚੂਹੜਿਆਂ ਦਾ ਪੈਗ਼ੰਬਰ ਨੀਯਤ ਕੀਤਾ ਅਤੇ ਇਲਿਆਸ ਉਸ ਨੂੰ ਘਰ ਲੈ ਗਿਆ। ਉਸ ਲਈ ਹੁਕਾ ਭਰਿਆ ਤੇ ਪੂਜਾ ਕੀਤੀ। ਇਹੋ ਪਰੰਪਰਾ ਹੁਣ ਤੁਕ

ਚਲੀ ਆ ਰਹੀ ਹੈ ਤੇ ਚੂਹੜੇ ਆਪਣੇ ਗੁਰੂ ਦਾ ਹੁੱਕਾ ਭਰਦੇ ਹਨ। ਕਿਹਾ ਜਾਂਦਾ ਹੈ ਕਿ ਲਾਲ ਬੇਗ ਇਕ ਪਲ ਵਿਚ ਅਦ੍ਰਿਸ਼ਟ ਹੋ ਗਿਆ। ਕਿਉਂ ਜੋ ਉਹ ਇਲਿਆਸ ਦੇ ਵਿਚਾਰਾਂ ਨਾਲ ਅਸੰਮਤੀ ਰਖਦਾ ਸੀ ਅਤੇ ਪੀਰ ਨੇ ਉਸ ਨੂੰ ਪ੍ਰਾਸਚਿਤ ਕਰਨ ਦਾ ਹੁਕਮ ਦਿਤਾ ਤੇ ਬਚਨ ਕੀਤਾ ਕਿ ਲਾਲ ਬੇਗ ਉਨ੍ਹਾਂ ਦੀ ਸਰਪ੍ਰਸਤੀ ਕਰਦਾ ਰਹੇਗਾ ਤੇ ਨਾਲ ਹੀ ਕਿਹਾ ਕਿ ਸਤਿਜੁਗ ਵਿਚ ਘਟ, ਮਟ ਜਾਂ ਕੁੰਭ ਜੋ ਲਾਲ ਬੇਗ ਦੇ ਪ੍ਰਤੀਕ ਵਜੋਂ ਪੂਜਿਆ ਜਾਵੇਗਾ, ਉਹ ਸੋਨੇ ਦਾ ਹੋਵੇਗਾ। ਦੁਆਪਰ ਵਿਚ ਚਾਂਦੀ ਦਾ ਤੇ ਤ੍ਰੇਤੇ ਵਿਚ ਤਾਂਬੇ ਦਾ ਅਤੇ ਕਲਜੁਗ ਵਿਚ ਮਿੱਟੀ ਦਾ ਪੂਜਿਆ ਜਾਵੇਗਾ। ਅਜ ਕਲ ਲਾਲ ਬੇਗੀ ਜਾਂ ਮਿਹਤਰ ਮਿੱਟੀ ਦਾ ਘੜਾ ਪੂਜਦੇ ਹਨ।

ਸਰ ਡੈਂਜ਼ਲ ਇਬੇਟਸਨ ਅਨੁਸਾਰ ਬਾਲਾ ਸ਼ਾਹ ਬਾਲਮੀਕੀ ਹੀ ਹੈ, ਜੋ ਰਾਮਾਇਣ ਦਾ ਕਰਤਾ ਮੰਨਿਆ ਜਾਂਦਾ ਹੈ ਅਤੇ ਕਿ ਲਾਲ ਬੇਗ ਜਾਂ ਬਾਲਾ ਸ਼ਾਹ ਹਿੰਦੂਆਂ ਦੇ ਰਿਸ਼ੀ ਬਾਲਮੀਕ ਦਾ ਮੁਸਲਮਾਨੀ ਨਾਉਂ ਹੈ।

ਇਕ ਹੋਰ ਦੰਦ-ਕਥਾ ਅਨੁਸਾਰ ਬਾਲਾ ਸ਼ਾਹ ਇਕ ਮੁਗ਼ਲ ਤੀਵੀਂ ਦਾ ਪੁੱਤਰ ਸੀ। ਉਹ ਤੀਵੀਂ ਪਹਿਲਾਂ ਬਾਂਝ ਸੀ ਤੇ ਬਾਲਮੀਕੀ ਅਗੇ ਅਰਾਧਨਾ ਕਰਨ ਨਾਲ ਉਸ ਦੇ ਘਰ ਲੜਕਾ ਜੰਮਿਆ।

ਇਕ ਦੰਦ-ਕਥਾ ਅਨੁਸਾਰ ਉਹ ਮੁਲਤਾਨ ਦੇ ਸ਼ੇਖ਼ ਦਾ ਪੁੱਤਰ ਸੀ। ਉਸ ਦੀ ਮਾਂ ਨੇ ਬਾਲ ਨੂੰ ਬਾਲਮੀਕੀ ਦੇ ਭੇਟਾ ਕਰ ਦਿਤਾ। ਉਹ ਜਵਾਨੀ ਵਿਚ ਬੜਾ ਭਾਰੀ ਯੋਧਾ ਨਿਕਲਿਆ। ਉਸ ਨੇ ਕਾਬਲ ਤੇ ਕਸ਼ਮੀਰ ਫਤਹਿ ਕੀਤਾ, ਪਰ ਉਸ ਨੇ ਇਕ ਸੁਲਤਾਨੀ ਨੂੰ ਆਪਣੇ ਤਖ਼ਤ ਉਤੇ ਬਿਠਾ ਦਿਤਾ ਅਤੇ ਖ਼ੁਦ ਥਾਨੇਸਰ ਵਿਚ ਰਹਿਣ ਲਗਾ, ਜਿਥੇ ਬਾਲਮੀਕੀ ਦੀ ਮੜ੍ਹੀ ਹੁਣ ਤਕ ਪੂਜੀ ਜਾਂਦੀ ਹੈ। ਫਿਰ ਉਹ ਆਪਣੇ ਪੈਰੋਕਾਰਾਂ ਨਾਲ ਦਿੱਲੀ ਚਲਾ ਗਿਆ। ਫਿਰ ਉਸ ਨੇ ਆਪਣੇ ਨਾਂ ਉਤੇ ਇਕ ਨਵੀਂ ਸੰਪਰਦਾਇ ਦਾ ਮੁੱਢ ਬੰਨ੍ਹਿਆ ਅਤੇ ਆਪਣੇ ਪੈਰੋਕਾਰਾਂ ਨੂੰ ਪੰਜ ਸ਼ਾਖਾਂ ਵਿਚ ਵੰਡਿਆ, ਜਿਨ੍ਹਾਂ ਵਿਚ ਇਕ ਸ਼ਾਖ ਲਾਲ ਬੇਗੀਆਂ ਦੀ ਹੈ।

ਥਾਨੇਸਰ ਤੇ ਕਰਨਾਲ ਦੇ ਲਾਲ ਬੇਗੀ ਮਿਹਤਰ ਲਾਲ ਬੇਗ ਦੀ ਇਕ ਸਬੰਧਣ, ਬੀਬੀ ਧਿਆਨੀ ਦੀ ਪੂਜਾ ਵੀ ਕਰਦੇ ਹਨ ਅਤੇ ਉਸ ਨੂੰ ਚੂੜੀਆਂ, ਮਹਿੰਦੀ ਤੇ ਡੋਰੀ ਦਾ ਪਰਾਂਦਾ ਭੇਟਾ ਚਾੜ੍ਹਦੇ ਹਨ।

ਦੰਦ-ਕਥਾਵਾਂ ਬਾਲਮੀਕੀ ਤੇ ਲਾਲ ਬੇਗ ਨੂੰ ਇਕੋ ਨਹੀਂ ਸਮਝਦੀਆਂ। ਇਕ ਮਿਥਕ ਕਥਾ ਅਨੁਸਾਰ ਲਾਲ ਬੇਗ ਨੇ ਸੰਸਾਰੀ ਭੋਗ ਦੁਆਰਾ ਜਨਮ ਨਹੀਂ ਲਿਆ ਸਗੋਂ ਬਾਲਮੀਕੀ ਵਿਚ ਹੀ ਜ਼ਹੂਰ ਹੋਇਆ ਹੈ। ਬਾਲਮੀਕੀ ਭਗਵਾਨ ਦੀ ਕਚਹਿਰੀ ਵਿਚ ਸਫਾਈ ਕਰਦਾ ਸੀ ਅਤੇ ਭਗਵਾਨ ਨੇ ਬਾਲਮੀਕੀ ਨੂੰ ਕੁਝ ਕਪੜੇ ਪਹਿਨਣ ਲਈ ਦਿਤੇ, ਜੋ ਉਸ ਇਕ ਟੋਹੇ ਵਿਚ ਦੱਬ ਦਿਤੇ। ਜਦੋਂ ਭਗਵਾਨ ਨੇ ਕਪੜੇ ਨਾ ਪਹਿਨਣ ਬਾਰੇ ਪੁਛਿਆ ਤਾਂ ਉਹ ਉਸ ਟੋਹੇ ਵਿਚੋਂ ਕਪੜੇ ਲੈਣ ਗਿਆ। ਉਥੇ ਇਕ ਯੁਵਕ ਨੂੰ ਉਸ ਨੇ ਕਪੜੇ ਪਹਿਨੇ ਵੇਖਿਆ।

ਪੰਜਾਬ ਦੇ ਬਹੁਤੇ ਚੂਹੜੇ ਲਾਲ ਬੇਗ ਦੇ ਹੀ ਚੇਲੇ ਹਨ। ਕੁਝ ਬਾਲਾ ਸ਼ਾਹ ਅਥਵਾ ਬਾਲਮੀਕੀ ਨੂੰ ਆਪਣਾ ਗੁਰੂ ਮੰਨਦੇ ਹਨ। ਪਰ ਬਾਲਾ ਸ਼ਾਹ ਦਾ ਸਥਾਨ ਲਾਲ ਬੇਗ ਤੋਂ ਬਾਅਦ ਆਉਂਦਾ ਹੈ।

ਲਾਲ ਬੇਗੀਆਂ ਦਾ ਆਪਣਾ ਵੱਖਰਾ ਧਰਮ ਹੈ। ਨਾ ਇਹ ਹਿੰਦੂ ਹਨ, ਨਾ ਮੁਸਲਮਾਨ। ਉਨ੍ਹਾਂ ਦੀਆਂ ਨਿਵੇਕਲੀ ਢੰਗ ਦੀਆਂ ਰੀਤਾਂ ਹਨ। ਉਹ ਲਗਪਗ ਹਰ ਉਸ ਚੀਜ਼ ਦੀ ਪੂਜਾ ਕਰਦੇ ਹਨ, ਜੋ ਉਨ੍ਹਾਂ ਦੇ ਗੁਰੂ ਦੀ ਦ੍ਰਿਸ਼ਟੀ ਵਿਚ ਪਵਿੱਤਰ ਸੀ।

ਲਾਲ ਬੇਗ, ਜਿਸ ਨੂੰ ਬਾਲਾ ਸ਼ਾਹ ਵੀ ਕਿਹਾ ਜਾਂਦਾ ਹੈ, ਦੇ ਅਨੁਯਾਈ 'ਲਾਲ ਬੇਗੀ' ਅਖਵਾਉਂਦੇ ਹਨ। ਇਹ ਵਧੇਰੇ ਕਰ ਕੇ ਚੂਹੜੇ ਜਾਂ ਇਸੇ ਪੱਧਰ ਦੀਆਂ ਨੀਵੀਆਂ ਜਾਤੀਆਂ ਦੇ ਲੋਕ ਹਨ। ਇਕ ਧਾਰਨਾ ਅਨੁਸਾਰ ਲਾਲ ਬੇਗੀ ਹਿੰਦੂ ਮਤ ਦੇ ਧਾਰਨੀ, ਚੂਹੜਿਆਂ ਨੂੰ ਕਿਹਾ ਜਾਂਦਾ ਹੈ, ਜਦੋਂ ਕਿ ਮਜ਼ਬੀ ਜਾਂ ਰੰਗਰੇਟਾ ਸਿੱਖ ਚੂਹੜਿਆਂ ਨੂੰ। ਮੁਸਲਮਾਨ ਚੂਹੜੇ ਮਸੱਲੀ ਅਖਵਾਉਂਦੇ ਹਨ।

ਲਾਲ ਬੇਗੀ ਤੇ ਬਾਲਮੀਕੀ ਮੂਲ ਵਿਚ ਇਕੋ ਮੰਨੇ ਜਾਂਦੇ ਹਨ, ਪਰ ਕੁਝ ਗੱਲਾਂ ਇਨ੍ਹਾਂ ਨੂੰ ਇਕ ਦੂਜੇ ਤੋਂ ਨਿਖੇੜਦੀਆਂ ਵੀ ਹਨ, ਸਿਰਮੌਰ ਵਿਚ ਬਾਲਮੀਕੀ ਨੂੰ ਪੂਜਦੇ ਹਨ ਨਾ ਕਿ ਲਾਲ ਬੇਗ ਨੂੰ। ਪਰ ਲਾਲ ਬੇਗੀ ਕਿਨ੍ਹਾਂ ਗੱਲਾਂ ਵਿਚ ਬਾਲਮੀਕੀਆਂ ਤੋਂ ਵੱਖ ਹਨ, ਇਸ ਦਾ ਨਿਰਨਾ ਕਰਨਾ ਕਠਨ ਹੈ।

ਲਾਲ ਬੇਗੀ ਬਾਲਾ ਸ਼ਾਹ ਨੂੰ ਬਾਲਮੀਕੀ ਦਾ ਅਵਤਾਰ ਮੰਨਦੇ ਹਨ। ਇਸੇ ਲਈ ਇਨ੍ਹਾਂ ਨੂੰ ਬਾਲਮੀਕੀ ਵੀ ਕਹਿ ਲਿਆ ਜਾਂਦਾ ਹੈ। ਇਨ੍ਹਾਂ ਦੇ ਆਪਣੇ ਵੱਖਰੇ ਤੇ ਛੋਟੇ ਮੰਦਰ ਹਨ, ਜੋ ਠੱਠੀਆਂ ਵਿਚ ਹੀ ਬਣਾਏ ਹੁੰਦੇ ਹਨ ਜਿਥੇ ਲਾਲ ਬੇਗ ਜਾਂ ਬਾਲਮੀਕੀ ਦੀ ਮੂਰਤੀ ਸਥਾਪਿਤ ਕੀਤੀ ਹੁੰਦੀ ਹੈ। ਇਨ੍ਹਾਂ ਵਿਚ ਸਹੇ ਦਾ ਮਾਸ ਖਾਣਾ ਨਿਸ਼ੇਧ ਹੈ। ਇਸ ਬਾਰੇ ਇਕ ਦੰਦ-ਕਥਾ ਵੀ ਹੈ (ਵੇਖੋ : ਸਹਾ)।

ਲਾਲ ਬੇਗੀ ਛੋਟੀ ਉਮਰ ਵਿਚ ਹੀ ਬੱਚਿਆਂ ਦਾ ਵਿਆਹ ਕਰ ਦੇਂਦੇ ਹਨ। ਇਨ੍ਹਾਂ ਦੀਆਂ ਰੀਤਾਂ ਤੇ ਕਰਮ ਕਾਂਡ ਬ੍ਰਾਹਮਣ ਕਰਦੇ ਹਨ।

(ਲ-44) **ਲਾਲ ਰੰਗ :**

ਲਾਲ ਰੰਗ ਵਿਆਹ ਦੀਆਂ ਰੀਤਾਂ ਤੇ ਦੰਪਤੀ ਜੀਵਨ ਵਿਚ ਵਿਸ਼ੇਸ਼ ਅਰਥ ਰਖਦਾ ਹੈ। ਇਹ ਹਰਖ ਤੇ ਸ਼ੋਖ਼ੀ ਦਾ

ਬੋਧਿਕ ਹੈ। ਵਿਆਹ ਸਮੇਂ ਕੰਨਿਆਂ ਲਾਲ ਰੰਗ ਦਾ ਸਾਲੂ ਉਪਰ ਲੈਂਦੀ ਹੈ, ਅਤੇ ਲਾੜ੍ਹੇ ਨੂੰ ਲਾਲ ਕੇਸਰੀ ਪਗੜੀ ਪਹਿਨਾਈ ਜਾਂਦੀ ਹੈ। ਦੰਪਤੀ ਜੀਵਨ ਵਿਚ ਲਾਲ ਸੁਹਾਗ ਦਾ ਰੰਗ ਹੈ। ਵਿਧਵਾ ਤੀਵੀਂ ਲਾਲ ਦੁਪੱਟਾ ਨਹੀਂ ਲੈਂਦੀ। ਗੁਰਬਾਣੀ ਵਿਚ ਲਾਲ ਰੰਗ ਦਾ ਜ਼ਿਕਰ ਕਈ ਥਾਈਂ ਆਉਂਦਾ ਹੈ। ਇਹ ਗਿਆਨ ਦੀ ਉੱਚੀ ਅਵਸਥਾ ਦਾ ਬੋਧਿਕ ਹੈ।

(ਲ-45) **ਲਾਲਾਂ ਵਾਲਾ ਪੀਰ :**

ਲਾਲ ਸ਼ਬਦ ਲਾਲ ਰੰਗ ਦੇ ਹੀਰੇ ਮੋਤੀ ਲਈ ਵਰਤਿਆ ਜਾਂਦਾ ਹੈ। ਮੁਸਲਮਾਨਾਂ ਵਿਚ ਕੁਝ ਪੀਰਾਂ ਨੂੰ ਵੀ ਆਦਰ ਨਾਲ ਲਾਲਾਂ ਵਾਲਾ ਪੀਰ ਕਿਹਾ ਜਾਂਦਾ ਹੈ, ਪਰ ਇਹ ਉਪਾਧੀ ਜ਼ਿਆਦਾਤਰ ਸਖੀ ਸਰਵਰ ਲਈ ਹੀ ਵਰਤੀ ਜਾਂਦੀ ਹੈ। ਕਈ ਸ਼ਰਧਾਲੂ ਹੈਦਰ ਸ਼ੇਖ਼ ਨੂੰ 'ਲਾਲਾਂ ਵਾਲਾ ਪੀਰ' ਵੀ ਕਹਿ ਲੈਂਦੇ ਹਨ।

ਮੁਸਲਮਾਨਾਂ ਵਿਚ ਛੱਟੀ ਦੇ ਦਿਨ ਹਿਜੜੇ ਨੱਚਣ ਲਈ ਆਉਂਦੇ ਹਨ ਤੇ ਉਹ ਲਾਲਾਂ ਵਾਲੇ ਪੀਰ ਦੀ ਮਹਿਮਾ ਵਿਚ ਗੀਤ ਗਾਉਂਦੇ ਹਨ (ਵੇਖੋ : ਸਖੀ ਸਰਵਰ)।

(ਲ-46) **ਲਾਲੀ :**

(1) ਭੂਰੇ ਰੰਗ ਦਾ ਇਕ ਪੰਛੀ, ਜਿਸ ਦਾ ਜ਼ਿਕਰ ਕਈ ਗੀਤਾਂ ਵਿਚ ਮਿਲਦਾ ਹੈ—

ਹੋ ਲਾਲੀ ਹੋ, ਸਾਡਾ ਬਾਜਰਾ ਨਾ ਖੋਹ।

ਲਾਲੀ ਬਾਰੇ ਇਕ ਮਿਥਕ ਕਥਾ ਵੀ ਪ੍ਰਚਲਤ ਹੈ। ਲਾਲੀ ਇਕ ਵਿਜੋਗਣ ਸੀ, ਜਿਸ ਨੇ ਪਤੀ ਦੇ ਬ੍ਰਿਹੋਂ ਵਿਚ ਪ੍ਰਾਣ ਤਿਆਗ ਦਿਤੇ ਸਨ। ਲਾਲੀ ਸਿਦਕ ਦਾ ਪ੍ਰਤੀਕ ਹੈ।

(2) ਇਕ ਜੱਟ ਕਬੀਲਾ, ਜੋ ਅੰਮ੍ਰਿਤਸਰ ਵਿਚ ਮਿਲਦਾ ਹੈ।

(ਲ-47) **ਲਾਲੀ ਸ਼ਾਹ :**

ਫ਼ਕੀਰਾਂ ਦਾ ਇਕ ਫ਼ਿਰਕਾ; ਇਹ ਫ਼ਕੀਰ ਫਟੇ ਪੁਰਾਣੇ ਕਪੜੇ ਪਹਿਨ ਕੇ ਫਿਰਦੇ ਹਨ ਤੇ ਇਨ੍ਹਾਂ ਨੇ ਆਪਣੇ ਗਿਟਿਆਂ ਜਾਂ ਲੱਕ ਦੁਆਲ ਨਿਕੇ ਨਿਕੇ ਘੁੰਗਰੂ ਬੰਨ੍ਹੇ ਹੁੰਦੇ ਹਨ। ਇਨ੍ਹਾਂ ਦੇ ਇਕ ਹੱਥ ਵਿਚ [illegible] ਦਾ ਕੋਰੜਾ ਤੇ ਦੂਜੇ ਵਿਚ ਕਾਸਾ ਹੁੰਦਾ ਹੈ। ਇਹ ਕਰੜਾ ਆਪਣੇ ਪਿੰਡੇ ਉਤੇ ਮਾਰਦੇ ਤੇ ਦਾਨ ਮੰਗਦੇ ਹਨ। ਮੰਗਣ ਲਗਿਆਂ ਇਹ ਗੀਤ ਅਲਾਪਦੇ ਹਨ। ਕੁਝ ਤੁਕਾਂ ਹੇਠਾਂ ਦਿਤੀਆਂ ਜਾਂਦੀਆਂ ਹਨ :—

ਮਾਈ! ਦੇ ਲਾਲੀ ਨੂੰ ਮੰਨੀ
ਤੇਰੀ ਨੂੰਹ ਆਵੇ ਲੰਮੀ।
ਮਾਈ! ਦੇ ਲਾਲੀ ਨੂੰ ਆਟਾ
ਤੈਨੂੰ ਕਦੀ ਨਾ ਆਵੇ ਘਾਟਾ।
ਮਾਈ! ਦੇ ਲਾਲੀ ਨੂੰ ਲੋਈ
ਤੈਨੂੰ ਕਦੀ ਨਾ ਦੁਖਾਵੇ ਕੋਈ।
ਮਾਈ! ਦੇ ਲਾਲੀ ਨੂੰ ਦੋਹਣੀ
ਤੇਰੀ ਨੂੰਹ ਆਵੇ ਸੋਹਣੀ।
ਮਾਈ! ਦੇ ਲਾਲੀ ਨੂੰ ਦੁਆਈਂ
ਤੇਰੀਆਂ ਜੀਵਨ ਮੱਝੀਂ ਗਾਈਂ।
ਮਾਈ! ਦੇ ਲਾਲੀ ਨੂੰ ਲੋਟਾ
ਤੇਰੇ ਜੀਵੇ ਪੁੱਤਰ ਪੋਤਾ।

(ਲ-48) **ਲਾਵਾਂ :**

ਵਿਆਹ ਸਮੇਂ ਦੇ ਫੇਰੇ, 'ਮਹਾਨ ਕੋਸ਼ (798) ਅਨੁਸਾਰ 'ਲਾਵ' ਸ਼ਬਦ ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦੇ ਅਰਥ ਹਨ : ਤੋੜਨ ਦੀ ਪ੍ਰਕਿਰਿਆ। ਸੋ, ਲਾਵਾਂ ਵਿਆਹ ਸਮੇਂ ਦੀ ਪ੍ਰਕਰਮਾ ਹੈ, ਜਿਸ ਦੁਆਰਾ ਪਿਤਾ ਦੇ ਘਰ ਨਾਲੋਂ ਸਬੰਧ ਤੋੜ ਕੇ, ਪਤੀ ਨਾਲ ਜੋੜਿਆ ਜਾਂਦਾ ਹੈ।

ਲਾਵਾਂ ਬਿਨਾਂ ਹਿੰਦੂਆਂ ਸਿੱਖਾਂ ਵਿਚ ਵਿਆਹ ਸੰਪੂਰਨ ਨਹੀਂ ਹੁੰਦਾ। ਹਿੰਦੂ ਅਗਨੀ ਦੇ ਦੁਆਲੇ ਵੇਦੀ ਉਤੇ ਚਾਰ ਜਾਂ ਸੱਤ ਲਾਵਾਂ ਲੈਂਦੇ ਹਨ। ਕੁਝ ਲਾਵਾਂ ਵਿਚ ਕੰਨਿਆਂ ਅਗੇ ਹੁੰਦੀ ਹੈ ਤੇ ਕੁਝ ਵਿਚ ਵਰ ਅਗੇ। ਲਾਵਾਂ ਵੇਲੇ, ਵਰ ਤੇ ਕੰਨਿਆਂ ਦੇ ਪੱਲਿਆਂ ਜਾਂ ਚੋਲੀਆਂ ਨੂੰ ਗੰਢ ਮਾਰੀ ਹੁੰਦੀ ਹੈ। ਲਾਵਾਂ ਵੇਲੇ ਪ੍ਰਕਰਮਾ ਸੂਰਜੀ ਦਿਸ਼ਾ ਅਨੁਕੂਲ ਕੀਤੀਆਂ ਜਾਂਦੀਆਂ ਹਨ। ਬ੍ਰਾਹਮਣ ਵੇਦ ਮੰਤ੍ਰਾਂ ਦਾ ਉਚਾਰਨ ਕਰਦਾ ਹੈ। ਹਿੰਦੂਆਂ ਵਿਚ, ਲਾਵਾਂ ਤਾਰਿਆਂ ਦੀ ਛਾਵੇਂ ਹੁੰਦੀਆਂ ਹਨ।

ਸਿੱਖਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਚਾਰ ਪ੍ਰਕਰਮਾ ਲਈਆਂ ਜਾਂਦੀਆਂ ਹਨ। ਹਰ ਲਾਵ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠਾ, ਭਾਈ ਪਹਿਲਾਂ ਗੁਰੂ ਗ੍ਰੰਥ ਸਾਹਿਬ ਵਿਚੋਂ ਇਕ 'ਲਾਵ' ਪੜ੍ਹਦਾ ਹੈ, ਜਿਸ ਨੂੰ ਵਰ ਤੇ ਕੰਨਿਆਂ ਬੈਠ ਕੇ ਸੁਣਦੇ ਹਨ। ਫਿਰ ਉਸ ਲਾਵ ਨੂੰ ਕੀਰਤਨੀਏ ਗਾਉਂਦੇ ਹਨ ਅਤੇ ਵਰ ਕੰਨਿਆਂ ਉਤਨੇ ਸਮੇਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਰਮਾ ਪੂਰੀ ਕਰ ਲੈਂਦੇ ਹਨ। ਇਸ ਤਰ੍ਹਾਂ ਚਾਰ ਵਾਰ ਕੀਤਾ ਜਾਂਦਾ ਹੈ, ਹਰ ਵਾਰ ਵਰ ਅਗੇ ਹੁੰਦਾ ਹੈ ਤੇ ਕੰਨਿਆ ਪਿਛੇ

ਮੁਸਲਮਾਨਾਂ ਵਿਚ ਲਾਵਾਂ ਦੀ ਕੋਈ ਪ੍ਰਥਾ ਨਹੀਂ। ਪਰ ਵਰ ਤੇ ਕੰਨਿਆਂ ਨੂ ਖਾਰ ਉਤੇ ਬਿਠਾ ਕੇ, ਦੋਹਾਂ ਦੇ ਪਲਿਆਂ ਨੂੰ ਗੰਢ ਮਾਰ ਦਿਤੀ ਜਾਂਦੀ ਹੈ ਅਤੇ ਮਿਰਾਸਣ

ਸੱਤ ਵਾਰ ਇਸ ਗੰਢ ਨੂੰ ਵਰ ਦੇ ਸਿਰ ਉਤੇ ਰਖਦੀ ਹੈ ਤੇ ਸੱਤ ਵਾਰ ਕੰਨਿਆਂ ਦੇ ਸਿਰ ਉਤੇ। ਨਾਲ ਹੀ ਗੀਤ ਵੀ ਗਾਏ ਜਾਂਦੇ ਹਨ।

ਲਾਵਾਂ ਸਮੇਂ ਜੋ ਗੀਤ ਗਾਏ ਜਾਂਦੇ ਹਨ, ਉਨ੍ਹਾਂ ਨੂੰ 'ਲਾਵਾਂ ਦੇ ਗੀਤ' ਕਿਹਾ ਜਾਂਦਾ ਹੈ।

### (ਲ-49) **ਲਿਸ਼ਕ-ਮਾਰ :**

ਅਸਮਾਨੀ ਬਿਜਲੀ ਦੀ ਲਿਸ਼ਕ, ਜੋ ਕਈ ਫਸਲਾਂ ਲਈ ਹਾਨੀਕਾਰਕ ਹੁੰਦੀ ਹੈ। ਜਦੋਂ ਛੋਲਿਆਂ ਨੂੰ ਫੁਲ ਲੱਗਣ ਲਗਦੇ ਹਨ ਤਾਂ ਬਿਜਲੀ ਦੀ ਲਿਸ਼ਕ ਜ਼ਿਆਦਾ ਪੈਣ ਨਾਲ ਡੱਡੇ ਪੂਰੀ ਤਰ੍ਹਾਂ ਨਹੀਂ ਭਰਦੇ ਤੇ ਉਨ੍ਹਾਂ ਵਿਚ ਕਈ ਵਾਰ ਕੀੜਾ ਵੀ ਪੈ ਜਾਂਦਾ ਹੈ। ਲਿਸ਼ਕ-ਮਾਰ ਤੋਂ ਬਚਾਉ ਲਈ ਕਈ ਕਿਸਾਨ ਕਿਸੇ ਛੁਰੀ ਜਾਂ ਤਲਵਾਰ ਦੇ ਫਲ ਨੂੰ ਕਿਸੇ ਉੱਚੀ ਥਾਂ ਗੱਡ ਦੇਂਦੇ ਹਨ, ਕਈ ਇਸ ਫਲ ਜਾਂ ਛੁਰੀ ਉਤੇ ਕਿਸੇ ਸਿਆਣੇ ਤੋਂ ਮੰਤਰ ਮਰਵਾ ਲੈਂਦੇ ਹਨ। ਲੋਕਧਾਰਨਾ ਹੈ ਕਿ ਇਸ ਕਰਮ ਕਾਂਡ ਤੋਂ ਬਾਅਦ ਲਿਸ਼ਕਾਰਾ ਹਾਨੀ ਨਹੀਂ ਪਹੁੰਚਾਂਦਾ।

ਸਿਆਲਕੋਟ ਵਿਚ ਜਿਹੜਾ ਝੱਖੜ ਉੱਤਰ ਜਾਂ ਦੱਖਣ ਪੂਰਬ ਵਲੋਂ ਆਵੇ, ਉਸ ਵਿਚ ਬਿਜਲੀ ਜ਼ਰੂਰ ਲਿਸ਼ਕਦੀ ਹੈ। ਜੇ ਇਹ ਮੀਂਹ ਝੱਖੜ ਪੋਹ ਵਿਚ ਪਏ ਤਾਂ ਬਿਜਲੀ ਦਾ ਲਿਸ਼ਕਾਰਾ, ਮਸੂਰ, ਅਲਸੀ ਤੇ ਤਿਲ ਨੂੰ ਨੁਕਸਾਨ ਪਹੁੰਚਾਂਦਾ ਹੈ।

ਲਿਸ਼ਕ-ਮਾਰ ਤੋਂ ਬਚਣ ਲਈ, ਇਸ ਇਲਾਕੇ ਦਾ ਕਿਸਾਨ, ਛੋਲੇ ਤੇ ਦਾਲਾਂ ਦੀਆਂ ਫਸਲਾਂ, ਨਵੇਂ ਚੰਨ ਵਾਲੀ ਰਾਤ ਨੂੰ ਬੀਜਦਾ ਹੈ। ਜਦੋਂ ਨਵਾਂ ਚੰਨ ਚੜ੍ਹਦਾ ਹੈ ਤਾਂ ਬੀਜਣ ਵਾਲੇ ਬੀਜ ਨੂੰ ਪਹਿਲਾਂ ਕੁਝ ਚਿਰ ਨਵੇਂ ਚੰਨ ਦੀ ਚਾਨਣੀ ਵਿਚ ਰਖਿਆ ਜਾਂਦਾ ਹੈ ਤੇ ਫਿਰ ਚੰਨ ਦੇ ਡੁਬਣ ਤੋਂ ਪਹਿਲਾਂ ਪਹਿਲਾਂ, ਇਹ ਬੀਜ ਧਰਤੀ ਵਿਚ ਬੋ ਦਿਤਾ ਜਾਂਦਾ ਹੈ। ਲਿਸ਼ਕ-ਮਾਰ ਤੋਂ ਬਚਣ ਲਈ ਹਮੇਸ਼ਾਂ ਬੀਜ ਰਾਤ ਨੂੰ ਬੀਜਦੇ ਹਨ, ਲੋਕਾਂ ਦਾ ਨਿਸਚਾ ਹੈ ਕਿ ਇਸ ਤਰ੍ਹਾਂ ਫਸਲਾਂ ਉਤੇ ਬਿਜਲੀ ਦਾ ਲਿਸ਼ਕਾਰਾ ਅਸਰ ਨਹੀਂ ਕਰਦਾ, (ਪ੍ਰਿੰਸਪ, ਸਿਆਲਕੋਟ ਸੈਟਲਮੈਂਟ ਰਿਪੋਰਟ)।

### (ਲ-50) **ਲਿੰਗਮ :**

ਲਿੰਗਮ ਦਾ ਸਬੰਧ ਸ਼ਿਵ ਨਾਲ ਦਸਿਆ ਜਾਂਦਾ ਹੈ। ਇਹ ਸ਼ਬਦ ਸ਼ਿਵ ਦੀ ਸਿਰਜਨਾਤਮਕ ਸ਼ਕਤੀ ਦਾ ਪ੍ਰਤੀਕ ਹੈ ਅਤੇ ਵਿਸ਼ਵ ਦੀ ਉਤਪਾਦਕ ਸ਼ਕਤੀ ਦਾ।

ਸ਼ਿਵ ਦੇ ਸ਼ਿਵਾਲਿਆਂ ਵਿਚ ਲਿੰਗਮ ਦੀ ਮੂਰਤੀ ਰਖੀ ਜਾਂਦੀ ਹੈ ਤੇ ਇਸ ਦੀ ਪੂਜਾ ਕੀਤੀ ਜਾਂਦੀ ਹੈ।

ਲਿੰਗਮ ਵਿਚ ਸ਼ਿਵ ਦਾ ਨਿਵਾਸ ਮੰਨਿਆ ਜਾਂਦਾ ਹੈ। ਇਕ ਪੁਰਾਣ ਕਥਾ ਅਨੁਸਾਰ ਲਿੰਗਮ ਦੁਆਰਾ ਹੀ ਸਿਵ ਨੇ ਆਪਣੀ ਅਪਾਰ ਸ਼ਕਤੀ ਦਾ ਵਿਖਾਲਾ ਕੀਤਾ ਸੀ ਇਕ ਵਾਰ ਵਿਸ਼ਨੂੰ ਤੇ ਬ੍ਰਹਮਾ ਸੰਸਾਰ ਦੇ ਆਦਿ ਵਿਚ ਇਕ ਦੂਜੇ ਨੂੰ ਮਿਲੇ ਤੇ ਇਸ ਗੱਲ ਉਤੇ ਬਹਿਸ ਕਰਨ ਲਗੇ ਕਿ ਸੰਸਾਰ ਦੀ ਸਿਰਜਨਾ ਕਿਸ ਨੇ ਕੀਤੀ ਹੈ। ਉਨ੍ਹਾਂ ਦੀ ਬਹਿਸ ਦੇ ਦੌਰਾਨ ਇਕ ਵਡਾ ਸਾਰਾ ਲਿੰਗਮ ਉਭਰਿਆ ਤੇ ਪੁਲਾੜ ਵਲ ਵਧਦਾ ਗਿਆ। ਇਸ ਦਾ ਅਨੁਮਾਨ ਲਗਾਣ ਲਈ ਬ੍ਰਹਮਾ ਪੁਲਾੜ ਵਲ ਉਡਿਆ, ਪਰ ਥਾਹ ਨਾ ਪਾ ਸਕਿਆ ਅਤੇ ਵਿਸ਼ਨੂੰ ਪਤਾਲ ਵਿਚ ਲੱਥਾ, ਪਰ ਸਿਰੇ ਦਾ ਥਾਹ ਨਾ ਪਿਆ। ਫਿਰ ਲਿੰਗਮ ਦਾ ਇਕ ਹਿੱਸਾ ਫਟਿਆ ਤੇ ਵਿਚੋਂ ਸ਼ਿਵ ਨਿਕਲਿਆ। ਵਿਸ਼ਨੂੰ ਤੇ ਬ੍ਰਹਮਾ ਦੋਵੇਂ ਸ਼ਿਵ ਦੇ ਅਗੇ ਨਿਵੇਂ।

### (ਲ-51) **ਲਿੰਗਰੀ ਪੀਰ :**

ਲਹਿੰਦੇ ਵਿਚ ਖ਼ਾਸ ਤੌਰ 'ਤੇ ਥਲ ਦੇ ਇਲਾਕੇ ਵਿਚ, ਕਿਸੇ ਪੀਰ ਫਕੀਰ ਦੀ ਮਜ਼ਾਰ ਜਾਂ ਦਰਗਾਹ ਦੇ ਆਲੇ ਦੁਆਲੇ ਕਾਫ਼ੀ ਦੂਰ ਤਕ ਦਰੱਖ਼ਤਾਂ ਤੇ ਝਾੜੀਆਂ ਵਿਚ, ਕੁਝ ਲੀਰਾਂ ਤੇ ਧੱਜਾਂ ਬਝੀਆਂ ਵਿਖਾਈ ਦੇਂਦੀਆਂ ਹਨ। ਇਸੇ ਤਰ੍ਹਾਂ ਕਿਸੇ ਪ੍ਰਸਿਧ ਮਜ਼ਾਰ ਅਥਵਾ ਖ਼ਾਨਗਾਹ ਵਲ ਜਾਂਦੀ ਸੜਕ ਦੇ ਕੰਢੇ ਬ੍ਰਿਛਾਂ ਉਤੇ ਲੀਰਾਂ ਦੇ ਲਿੰਗਾਰ ਲਟਕੇ ਮਿਲਦੇ ਹਨ। ਇਨ੍ਹਾਂ ਨੂੰ 'ਲਿੰਗਰੀ ਪੀਰ' ਕਿਹਾ ਜਾਂਦਾ ਹੈ। ਇਸ ਇਲਾਕੇ ਵਿਚ ਜਦੋਂ ਕਿਸੇ ਪੀਰ ਫ਼ਕੀਰ ਅਗੇ ਸੁੱਖਣਾ ਸੁਖੀ ਜਾਂਦੀ ਹੈ ਤਾਂ ਕਿਹਾ ਜਾਂਦਾ ਹੈ—'ਤੇਂਡੀ ਗੰਢ ਬੰਧੇਸਾਂ' ਅਤੇ ਜਦੋਂ ਮੰਨਤ ਪੂਰੀ ਹੋ ਜਾਂਦੀ ਹੈ, ਤਾਂ ਉਸ ਪੀਰ ਫ਼ਕੀਰ ਦੇ ਨਾਂ ਦੀਆਂ ਗੰਢਾਂ ਫ਼ਕੀਰ ਦੀ ਮਜ਼ਾਰ ਵਲ ਜਾਂਦੇ ਮਾਰਗਾਂ ਦੇ ਰਾਹ ਵਿਚ ਆਏ ਬ੍ਰਿਛਾਂ, ਝਾੜੀਆਂ ਤੇ ਇਥੋਂ ਤਕ ਘਾਹ ਦੀ ਤ੍ਰਿਣਾਂ ਉਤੇ ਧੱਜਾ ਬੰਨ੍ਹੀਆਂ ਜਾਂਦੀਆਂ ਹਨ। ਜਿਤਨੀਆਂ ਧੱਜਾਂ ਕਿਸੇ ਫਕੀਰ ਦੀ ਮਜ਼ਾਰ ਦੇ ਆਲੇ ਦੁਆਲੇ ਦੇ ਬ੍ਰਿਛਾਂ ਉਤੇ ਹੋਣ ਉਤਨੀ ਹੀ ਉਸ ਦੀ ਵਧੇਰੇ ਮਾਨਤਾ ਹੁੰਦੀ ਹੈ, ਕਿਉਂ ਜੋ ਇਹ ਧੱਜਾਂ ਲੋਕਾਂ ਦੀਆਂ ਮੰਨਤਾਂ ਪੂਰੀਆਂ ਹੋਣ ਦੀਆਂ ਬੋਧਿਕ ਹਨ।

### (ਲ-52) **ਲਿੱਪੀ ਦੀਆਂ ਤੁਕਾਂ :**

ਲਿੱਪੀ ਦੀਆਂ ਤੁਕਾਂ ਦਾ ਰਵਾਜ ਬੜਾ ਪੁਰਾਣਾ ਹੈ। ਭਾਰਤ ਦੀਆਂ ਹੋਰ ਆਧੁਨਿਕ ਬੋਲੀਆਂ ਵਾਂਙ, ਪੰਜਾਬੀ ਵਿਚ ਲਿੱਪੀ ਦੀਆਂ ਤੁਕਾਂ ਵਸ਼ਿਸ਼ਟ ਪੱਧਰ ਉਤੇ ਵੀ ਰਚੀਆਂ ਗਈਆਂ ਹਨ ਤੇ ਲੋਕ-ਪੱਧਰ ਤੇ ਵੀ ਪ੍ਰਚਲਤ ਹਨ। ਪੰਜਾਬ ਵਿਚ ਕਈ ਲਿੱਪੀਆਂ ਪ੍ਰਚਲਤ ਹਨ, ਜਿਹਾ ਕਿ ਗੁਰਮੁਖੀ, ਦੇਵਨਾਗਰੀ, ਤੇ ਫ਼ਾਰਸੀ ਲਿੱਪੀ ਆਦਿ। ਇਨ੍ਹਾਂ ਸਾਰੀਆਂ ਲਿੱਪੀਆਂ ਨੂੰ ਤੁਕਾਂ ਬਨਾਉਣ ਲਈ ਆਧਾਰ ਬਣਾ ਲਿਆ

ਗਿਆ ਹੈ। ਗੁਰਮੁਖੀ, ਦੇਵਨਾਗਰੀ ਤੇ ਫ਼ਾਰਸੀ ਲਿਪੀ ਨੂੰ ਆਧਾਰ ਬਣਾ ਕੇ ਕਰਮਵਾਰ ਪੈਂਤੀ ਅਖਰੀ, ਬਾਵਨ ਅਖਰੀ, ਸੀਹਰਫੀ ਆਦਿ ਕਾਵਿ-ਰੂਪਾਂ ਨੂੰ ਜਨਮ ਦਿਤਾ ਗਿਆ ਹੈ। ਪੈਂਤੀ ਅਖਰੀ ਵਿਚ ਗੁਰਮੁਖੀ ਦੇ 35 ਅੱਖਰਾਂ ਦੇ ਆਧਾਰ ਉਤੇ ਕਵਿਤਾ ਰਚੀ ਜਾਂਦੀ ਹੈ। ਬਾਵਨ ਅਖਰੀ ਵਿਚ ਦੇਵਨਾਗਰੀ ਦੇ 52 ਅੱਖਰ ਤੇ ਸੀਹਰਫੀ ਵਿਚ ਫ਼ਾਰਸੀ ਲਿਪੀ ਦੇ 28 ਅੱਖਰ ਤੇ ਅਖ਼ੀਰ ਵਿਚ ਪਹਿਲੇ ਦੋ ਅੱਖਰਾਂ 'ਅਲਫ' 'ਬੇ' ਨੂੰ ਦੋਬਾਰਾ ਲੈ ਕੇ 30 ਅੱਖਰਾਂ ਦੀ ਗਿਣਤੀ ਪੂਰੀ ਕਰ ਲਈ ਜਾਂਦੀ ਹੈ। ਸਿੱਖ ਤੇ ਹਿੰਦੂ ਕਵੀਆਂ ਵਿਚ ਪੈਂਤੀ ਤੇ ਬਾਵਨ ਅਖਰੀ ਦਾ ਰਵਾਜ ਰਿਹਾ ਹੈ ਤੇ ਮੁਸਲਮਾਨ ਕਵੀਆਂ ਵਿਚ ਸੀਹਰਫੀ ਦਾ।

ਲਿਪੀਬੱਧ ਤੁਕਾਂ ਦਾ ਮੁੱਢ ਬੱਚਿਆਂ ਜਾਂ ਅਨਪੜ੍ਹ ਲੋਕਾਂ ਨੂੰ ਲਿਪੀ ਦਾ ਬੋਧ ਕਰਾਣ ਲਈ ਹੋਇਆ ਸੀ। ਮੁੱਢ ਵਿਚ ਲਿਪੀ ਦੇ ਅੱਖਰ ਨਾਲ ਸ਼ੁਰੂ ਹੁੰਦੀ ਹਰੇਕ ਤੁਕ ਵਿਚ ਕਿਸੇ ਸ਼ੁਭ ਗੁਣ ਦਾ ਵਰਨਣ ਕੀਤਾ ਜਾਂਦਾ ਸੀ ਤੇ ਲਿਪੀ ਯਾਦ ਕਰਨ ਦੇ ਨਾਲ ਨਾਲ ਪਾਠਕ ਦੇ ਮਨ ਵਿਚ ਕੁਝ ਸ਼ੁਭ ਗੁਣ ਤੇ ਸੁੱਚੇ ਖ਼ਿਆਲ ਵੀ ਬੈਠ ਜਾਂਦੇ ਸਨ। ਯਹੂਦੀਆਂ ਦੀਆਂ ਧਾਰਮਿਕ ਪੁਸਤਕਾਂ ਵਿਚ ਲਿਪੀਬੱਧ ਤੁਕਾਂ ਮਿਲਦੀਆਂ ਹਨ। ਤੇ ਖ਼ਿਆਲ ਹੈ ਕਿ ਇਹ ਸੰਸਾਰ ਦੀਆਂ ਸਭ ਤੋਂ ਪੁਰਾਣੀਆਂ ਲਿਪੀਬੱਧ ਤੁਕਾਂ ਹਨ। ਯਹੂਦੀਆਂ ਦੀਆਂ ਧਾਰਮਿਕ ਪੁਸਤਕਾਂ ਵਿਚ 22 ਅੱਠਤੁਕੇ ਭਾਗ ਹਨ, ਜੋ ਹਿਬਰੂ ਲਿਪੀ ਦੇ 22 ਅੱਖਰਾਂ ਦੇ ਆਧਾਰ ਉਤੇ ਹਨ। ਯਹੂਦੀਆਂ ਦੇ ਧਾਰਮਿਕ ਗ੍ਰੰਥਾਂ ਵਿਚ ਕਈ ਹੋਰ ਥਾਈਂ ਲਿਪੀ ਦੀ ਤੁਕਾਂ ਵੀ ਦਰਜ ਹਨ। 'ਅਖਾਣਾਂ ਦੇ ਸਿਰਲੇਖ ਹੇਠ ਦਿਤੀ ਬਾਣੀ ਵਿਚ ਸਤਵੰਤੀ ਇਸਤ੍ਰੀ ਦਾ ਵਰਨਣ ਕਰਦਿਆਂ ਕੁਝ ਪ੍ਰਸਿਧ ਲਿਪੀਬੱਧ ਤੁਕਾਂ ਮਿਲਦੀਆਂ ਹਨ।

ਅੰਗਰੇਜ਼ੀ ਵਿਚ ਚਾਸਰ ਦੀ ਏ. ਬੀ. ਸੀ. ਸਿਰਲੇਖ ਦੀ ਕਵਿਤਾ ਜੋ ਕੁਮਾਰੀ ਮੇਰੀ ਦੇ ਆਦਰ ਵਿਚ ਹੈ, ਲਿਪੀਬੱਧ ਤੁਕਾਂ ਦੈ ਆਧਾਰ ਉਤੇ ਹੈ।

ਪੰਜਾਬੀ ਵਿਚ ਸਭ ਤੋਂ ਪੁਰਾਣੀਆਂ ਲਿਪੀਬੱਧ ਤੁਕਾਂ ਗੁਰੂ ਗ੍ਰੰਥ ਸਾਹਿਬ ਵਿਚ 'ਪੱਟੀ ਲਿਖੀ' ਦੇ ਸਿਰਲੇਖ ਹੇਠ ਮਿਲਦੀਆਂ ਹਨ, ਜੋ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ। ਗੁਰੂ ਨਾਨਕ ਦੇਵ ਜੀ ਤੇ ਗੁਰੂ ਅਰਜਨ ਦੇਵ ਜੀ ਦੀਆਂ ਦੋ ਬਾਵਨ ਅਖਰੀਆਂ ਵੀ ਆਦਿ ਗ੍ਰੰਥ ਵਿਚ ਮਿਲਦੀਆਂ ਹਨ। ਅਨੇਕਾਂ ਮੁਸਲਮਾਨ ਕਵੀਆਂ ਨੇ ਸੀਹਰਫੀਆਂ ਲਿਖੀਆਂ।

ਪੰਜਾਬੀ ਵਿਚ ਲਿਪੀ ਦੇ ਤੁਕਾਂਤ ਨੂੰ ਧਾਰਮਿਕ ਨੈਤਿਕ ਗਿਆਨ ਲਈ ਵਧੇਰੇ ਕਰ ਕੇ ਵਰਤਿਆ ਗਿਆ ਹੈ। ਗੁਰੂ ਸਾਹਿਬਾਨ ਦੀ 'ਪੱਟੀ ਲਿਖੀ' ਤੇ 'ਬਾਵਨ ਅਖਰੀ' ਵਿਚ ਸੰਸਾਰ ਦੀ ਨਾਸ਼ਮਾਨਤਾ, ਗੁਰੂ ਦੀ ਮਹਾਨਤਾ, ਪ੍ਰਭੂ ਦੀ ਵਡਿਆਈ ਤੇ ਆਚਰਨ ਦੀ ਉਚਤਾ ਸੁਚਤਾ ਉਤੇ ਜ਼ੋਰ ਦਿਤਾ ਗਿਆ ਹੈ। ਸੂਫ਼ੀ ਕਵੀਆਂ ਦੀਆਂ ਸੀਹਰਫੀਆਂ ਵਿਚ ਵੀ ਨੈਤਿਕਤਾ 'ਤੇ ਹੀ ਜ਼ੋਰ ਹੈ।

ਕੁਝ ਸੀਹਰਫੀਆਂ ਹੀਰ ਰਾਂਝੇ ਤੇ ਹੋਰ ਪ੍ਰੇਮੀਆਂ ਦੀਆਂ ਦੰਦ-ਕਥਾਵਾਂ ਨੂੰ ਪ੍ਰਗਟ ਕਰਦੀਆਂ ਹਨ। ਇਨ੍ਹਾਂ ਵਿਚ ਇਸ਼ਕ ਮਜਾਜ਼ੀ ਨੂੰ ਇਸ਼ਕ ਹਕੀਕੀ ਦੇ ਪੱਧਰ ਉਤੇ ਲਿਆ ਖੜਾ ਕੀਤਾ ਹੈ।

ਮੌਖਿਕ ਰੂਪ ਵਿਚ ਕਈ ਲਿਪੀ ਦੇ ਤੁਕਾਂਤ ਪ੍ਰਚਲਤ ਹਨ।

(ਲ-53) **ਲਿਲਾਰੀ** :

ਕਪੜੇ ਰੰਗਣ ਵਾਲਾ, ਪੰਜਾਬੀ ਲੋਕ-ਗੀਤਾਂ ਵਿਚ ਲਿਲਾਰੀ ਦਾ ਜ਼ਿਕਰ ਆਮ ਆਉਂਦਾ ਹੈ :

ਚੁੰਨ ਰੰਗ ਦੇ ਲਿਲਾਰੀਆ ਮੇਰੀ।

(ਲ-54) **ਲੀਲਾ** :

ਅਨੰਦ ਦੇਣ ਵਾਲੀ ਖੇਡ; ਪੰਜਾਬੀ ਲੋਕਧਾਰਾ ਅਨੁਸਾਰ ਸੰਸਾਰ ਪ੍ਰਭੂ ਦੀ ਲੀਲਾ ਹੈ। ਲੀਲਾ, ਰਾਮ-ਲੀਲਾ ਤੇ ਰਾਸ-ਲੀਲਾ ਲਈ ਵਰਤਿਆ ਜਾਂਦਾ ਹੈ। ਲੀਲਾ, ਉਸ ਖੇਡ ਨੂੰ ਵੀ ਆਖਦੇ ਹਨ, ਜਿਸ ਵਿਚ ਖਿਡਾਰੀਆਂ ਨੂੰ ਖ਼ਾਸ ਤਰ੍ਹਾਂ ਦੇ ਰੂਪ ਦਾ ਸ਼ਿੰਗਾਰ ਕਰਨਾ ਪਏ ਅਥਵਾ ਕੋਈ ਭੇਖ ਧਾਰਨ ਕਰਨਾ ਪਵੇ।

(ਲ-55) **ਲੁਕਣ ਮੀਟੀ** :

ਇਕ ਖੇਡ ਜੋ ਬੱਚੇ ਜ਼ਿਆਦਾਤਰ ਖੇਡਦੇ ਹਨ। ਗਲੀ ਮਹੱਲੇ ਦੇ ਕੁਝ ਬੱਚੇ ਇਕ ਥਾਂ ਚੁਰਾਹੇ ਜਾਂ, ਗਲੀ ਦੇ ਮੋੜ ਜਾਂ ਕਿਸੇ ਬ੍ਰਿਛ ਹੇਠਾਂ ਇਕੱਠੇ ਹ ਜਾਂਦੇ ਹਨ। ਖੇਡਣ ਤੋਂ ਪਹਿਲਾਂ ਇਹ ਨਿਰਨਾ ਕੀਤਾ ਜਾਂਦਾ ਹੈ ਕਿ ਮੀਟੀ ਕਿਸ ਸਿਰ ਹੋਵੇ। ਇਸ ਲਈ ਤਿੰਨ ਤਰੀਕੇ ਵਰਤੇ ਜਾਂਦੇ ਹਨ। ਤਿੰਨ ਖਿਡਾਰੀ ਇਕ ਗੋਲਦਾਰੇ ਵਿਚ ਖੜੋ ਕੇ ਇਕ ਦੂਜੇ ਦਾ ਹੱਥ ਪਕੜ ਕੇ ਪੁੱਗਦੇ ਹਨ। ਤਿੰਨੋਂ ਆਪਣੀ ਇਕ ਹਥੇਲੀ ਉਤੇ, ਦੂਜਾ ਹੱਥ ਸਿੱਧਾ ਜਾਂ ਪੁੱਠਾ ਰਖਦੇ ਹਨ। ਉਨ੍ਹਾਂ ਵਿਚੋਂ ਜੇ ਦੋ ਦਾ ਸਿੱਧਾ ਹੋਵੇ ਤੇ ਇਕ ਦਾ ਪੁੱਠਾ ਤਾਂ ਉਹ ਪੁੱਠੇ ਹੱਥ ਵਾਲਾ ਪੁੱਗ ਗਿਆ, ਇਸ ਦੇ ਉਲਟ ਵੀ ਜੇ ਦੋ ਦਾ ਪੁੱਠਾ ਤੇ ਇਕ ਸਿੱਧਾ ਹੋਵੇ ਤਾਂ ਸਿੱਧੇ ਵਾਲਾ ਪੁੱਗ ਜਾਂਦਾ ਹੈ। ਬਾਕੀ ਰਹਿ ਜਾਏ ਦੋਹਾਂ ਨਾਲ ਤੀਜਾ ਖਿਡਾਰੀ ਆ ਰਲਦਾ ਹੈ ਤੇ ਉਦੋਂ ਤਕ ਖਿਡਾਰੀ ਪੁੱਗਾਏ ਜਾਂਦੇ ਹਨ ਜਦੋਂ ਤਕ ਬਾਕੀ ਦੋ ਨਾ ਰਹਿ ਜਾਣ ਫਿਰ ਇਨ੍ਹਾਂ ਦੋਹਾ ਨਾਲ ਕੋਈ ਪੁੱਗਿਆ ਹੋ ਇਆ ਖਿਡਾਰੀ ਰਲ਼ ਕੇ ਹੱਥ ਪੁੱਗਾਂਦਾ

ਹੈ ਤੇ ਉਨ੍ਹਾਂ ਬਾਕੀ ਰਹੇ ਦੂਹਾਂ ਵਿਚ ਸ਼ਾਮਿਲ ਹੋ ਕੇ ਵਿਚੋਂ ਇਕ ਨੂੰ ਪੁੱਗਾ ਦੇਂਦਾ ਹੈ, ਜਿਹੜਾ ਖਿਡਾਰੀ ਅਖ਼ੀਰ ਅਣਪੁੱਗਿਆ ਰਹਿ ਜਾਂਦਾ ਹੈ, ਉਹ ਮੀਟੀ ਦੇਂਦਾ ਹੈ।

ਦੂਜਾ ਪੁੱਗਣ ਦਾ ਢੰਗ ਹੈ ਟਾਸ ਦਾ, ਕਿਸੇ ਪੈਸੇ ਆਨੇ ਨੂੰ ਹਵਾ ਵਿਚ ਉਛਾਲਣਾ ਤੇ ਦੋ ਖਿਡਾਰੀਆਂ ਦਾ 'ਸ਼ੇਰ ਖਤ' ਮਲਣਾ। ਸ਼ੇਰ ਤਸਵੀਰ ਵਾਲਾ ਪਾਸਾ ਹੁੰਦਾ ਹੈ ਤੇ ਖਤ ਲਿਖਤ ਵਾਲਾ। ਜਿਸ ਬੱਚੇ ਦਾ ਠੀਕ ਨਿਕਲ ਆਵੇ ਉਹ ਬੱਚਾ ਪੁੱਗ ਜਾਂਦਾ ਹੈ ਤੇ ਇਸ ਤਰ੍ਹਾਂ ਵਾਰੋ ਵਾਰੀ ਸਾਰੇ ਖਿਡਾਰੀ ਪੁਗਾ ਲਏ ਜਾਂਦੇ ਹਨ ਤੇ ਜਿਹੜਾ ਅਖ਼ੀਰ ਅਣਪੁੱਗਿਆ ਰਹਿ ਜਾਂਦਾ ਹੈ, ਉਸ ਉਤੇ ਮੀਟੀ ਆ ਜਾਂਦੀ ਹੈ। ਕਈ ਵਾਰ ਪੈਸੇ ਦੀ ਥਾਂ ਠੀਕਰ ਵੀ ਵਰਤ ਲਈ ਜਾਂਦੀ ਹੈ ਤੇ ਉਸ ਦੇ ਇਕ ਪਾਸੇ ਕੋਲੇ ਨਾਲ ਨਿਸ਼ਾਨ ਲਗਾ ਲਿਆ ਜਾਂਦਾ ਹੈ।

ਤੀਜਾ ਢੰਗ ਕਿਸੇ ਟੱਪੇ ਦੁਆਰਾ ਹੈ ਜੋ ਵਧੇਰੇ ਅਦਭੁਤ ਤੇ ਸੌਖਾ ਹੈ। ਹੇਠਲੀਆਂ ਤੁਕਾਂ ਇਕ ਮੋਢੀ ਖਿਡਾਰੀ ਉਚਾਰਦਾ ਹੈ :

ਅਕੜ ਬਕੜ ਭੰਬਾ ਭੌ
ਅੱਸੀ ਨੱਬੇ ਪੂਰੇ ਸੌ,
ਸੌ ਘਲੋਟਾ ਤਿੱਤਰ ਮੋਟਾ
ਚਲ ਮਦਾਰੀ ਪੈਸਾ ਖੋਟਾ।

ਹਰ ਸ਼ਬਦ ਦਾ ਉਚਾਰਨ ਕਰਦਿਆਂ ਪ੍ਰਮੁਖ ਖਿਡਾਰੀ ਪੰਗਤੀ/ਚੱਕਰ ਵਿਚ ਖਲੋਤੇ ਖਿਡਾਰੀਆਂ ਵਲ ਉਂਗਲ ਨਾਲ ਸੰਕੇਤ ਕਰਦਾ ਜਾਂਦਾ ਹੈ। ਜਿਸ ਖਿਡਾਰੀ ਉਤੇ 'ਖੋਟਾ' ਸ਼ਬਦ ਆ ਕੇ ਮੁਕਦਾ ਹੈ, ਉਸ ਉਤੇ ਮੀਟੀ ਆ ਜਾਂਦੀ ਹੈ। ਕਈ ਵਾਰੀ ਉਸਨੂੰ ਪੁੱਗ ਗਿਆ ਸਮਝਿਆ ਜਾਂਦਾ ਹੈ ਤੇ ਇਸ ਤਰ੍ਹਾਂ ਵਾਰੋ-ਵਾਰੀ ਸਭ ਨੂੰ ਪੁੱਗਾ ਕੇ, ਜੋ ਬਾਲਕ ਅਖ਼ੀਰ ਵਿਚ ਅਣਪੁੱਗਿਆ ਰਹਿ ਜਾਂਦਾ ਹੈ, ਉਸ 'ਤੇ ਮੀਟੀ ਆ ਜਾਂਦੀ ਹੈ।

ਜੇ ਇਕ ਵਾਰ ਵਿਚ, ਇਹ ਤੁਕਾਂਤ ਪੂਰੀ ਨਾ ਉਤਰੇ ਤਾਂ ਦੂਜੀ, ਤੀਜੀ, ਚੌਥੀ ਵਾਰ ਵੀ ਗਿਣੀ ਜਾਂਦੀ ਹੈ, ਉਦੋਂ ਤਕ ਜਦੋਂ ਤਕ ਖੋਟਾ ਸ਼ਬਦ ਕਿਸੇ ਇਕ ਉਤੇ ਆ ਕੇ ਨਹੀਂ ਮੁਕਦਾ।

ਲੁਕਣ ਮੀਟੀ ਵੀ ਕਈ ਵੰਨਗੀਆਂ ਦੀ ਹੈ। ਇਕ ਲੁਕਣ ਮੀਟੀ ਵਿਚ ਇਕ ਕੁੜੀ, ਜੋ ਬਾਕੀਆਂ ਨਾਲੋਂ ਜ਼ਰਾ ਵਡੇਰੀ ਹੁੰਦੀ ਹੈ, ਦਾਈ ਬਣਦੀ ਹੈ, ਉਹ ਮੀਟੀ ਵਾਲੇ ਬੱਚੇ ਨੂੰ, ਆਪਣੇ ਅਗੇ ਬੈਠਾ ਕੇ ਆਪਣੇ ਦੋਹਾਂ ਹੱਥਾਂ ਦੀਆਂ ਤਲੀਆਂ ਨਾਲ, ਉਸ ਦੀਆਂ ਅੱਖਾਂ ਮੀਟਦੀ ਹੈ ਤੇ ਇਹ ਤੁਕਾਂ ਸੁਰ ਵਿਚ ਉਚਾਰਦੀ ਹੈ :

ਲੁਕ ਛਿਪ ਜਾਣਾ ਜਾਂ (ਕਿਰ ਮਿਰ ਜਾਣਾ)
ਮਕਈ ਦਾ ਦਾਣਾ
ਰਾਜੇ ਦੀ ਬੇਟੀ ਆਈ ਜੇ।

ਜਦੋਂ ਸਭ ਬੱਚੇ ਛੁਪ ਜਾਂਦੇ ਹਨ ਤਾਂ ਮੀਟੀ ਵਾਲਾ ਕਹਿੰਦਾ ਹੈ, 'ਆ ਜਾਵਾਂ।' ਜੇ ਕੋਈ ਬੱਚਾ ਨਾ ਛੁਪਿਆ ਹੋਵੇ ਤਾਂ ਉਹ ਕਹਿੰਦਾ ਹੈ, 'ਅਜੇ ਨਾ ਆਵੀਂ।' ਇਸ ਤਰ੍ਹਾਂ ਜਦੋਂ ਸਭ ਬੱਚੇ ਛੁਪ ਜਾਂਦੇ ਹਨ ਤਾਂ ਮੀਟੀ ਵਾਲਾ ਖਿਡਾਰੀ ਬੱਚਿਆਂ ਨੂੰ ਲੱਭਦਾ ਹੈ, ਤੇ ਉਨ੍ਹਾਂ ਨੂੰ ਛੁਹਣਾ ਚਾਹੁੰਦਾ ਹੈ। ਛੁਹੇ ਬਿਨਾਂ ਉਸ ਦੇ ਸਿਰੋਂ ਮੀਟੀ ਨਹੀਂ ਜਾਂਦੀ। ਕਈ ਵਾਰ ਕੋਈ ਬੱਚਾ ਅਗੇ ਅਗੇ ਦੌੜਦਾ ਹੈ ਤੇ ਬਚਾਉ ਲਈ ਕਈ ਤਰ੍ਹਾਂ ਦੀ ਹੇਰਾ ਫੇਰੀ ਕਰਦਾ ਹੈ, ਪਰ ਕਈ ਵਾਰ ਮੀਟੀ ਵਾਲਾ ਉਸ ਪਹਿਲੇ ਨੂੰ ਛੱਡ ਕੇ ਦੂਜੇ ਪਿਛੇ ਦੌੜਦਾ ਹੈ। ਜਿਹੜਾ ਬੱਚਾ ਦਾਈ ਤਕ ਪਹੁੰਚ ਕੇ ਉਸ ਨੂੰ ਹੱਥ ਲਾ ਲਏ, ਉਹ ਜਿੱਤ ਜਾਂਦਾ ਹੈ ਤੇ ਉਸ 'ਤੇ ਮੀਟੀ ਨਹੀਂ ਆ ਸਕਦੀ। ਜੇ ਸਾਰੇ ਬੱਚੇ ਦਾਈ ਨੂੰ ਹੱਥ ਲਗਾਣ ਵਿਚ ਸਫਲ ਹੋ ਜਾਣ ਤਾਂ ਮੀਟੀ ਵਾਲੇ ਖਿਡਾਰੀ ਨੂੰ ਦੋਬਾਰਾ ਮੀਟੀ ਦੇਣੀ ਪੈਂਦੀ ਹੈ, ਪਰ ਜੇ ਦਾਈ ਨੂੰ ਹੱਥ ਲਗਾਣ ਤੋਂ ਪਹਿਲਾਂ ਹੀ ਉਹ ਕਿਸੇ ਇਕ ਨੂੰ ਛੁਹ ਲਏ ਤਾਂ ਉਸ ਬੱਚੇ ਸਿਰ ਮੀਟੀ ਆ ਜਾਂਦੀ ਹੈ।

ਦੂਜੇ ਢੰਗ ਦੀ ਲੁਕਣ ਮੀਟੀ, ਅੱਖਾਂ ਉਤੇ ਕਪੜਾ ਬੰਨ੍ਹ ਕੇ ਖੇਡੀ ਜਾਂਦੀ ਹੈ। ਮੀਟੀ ਵਾਲੇ ਖਿਡਾਰੀ ਦੀਆਂ ਅੱਖਾਂ ਬੰਨ੍ਹ ਦਿਤੀਆਂ ਜਾਂਦੀਆਂ ਹਨ ਤੇ ਬਾਕੀ ਖਿਡਾਰੀ ਤਾੜੀਆਂ ਮਾਰਦੇ, ਬਗਲਾਂ ਵਜਾਂਦੇ, ਮੂੰਹ ਨਾਲ ਸੀਟੀਆਂ ਵਜਾਂਦੇ, ਉਸ ਦੇ ਕੋਲੋਂ ਲੰਘਦੇ ਹਨ, ਉਹ ਉਨ੍ਹਾਂ ਨੂੰ ਛੂਹਣ ਦਾ ਯਤਨ ਕਰਦਾ ਹੈ, ਜਦੋਂ ਤਕ ਕਿਸੇ ਨੂੰ ਛੂਹ ਨਾ ਲਏ, ਦੂਜੇ ਸਿਰ ਮੀਟੀ ਨਹੀਂ ਆਉਂਦੀ।

ਪੋਠੋਹਾਰ ਵਿਚ ਇਸ ਖੇਡ ਨੂੰ 'ਛੱਪਣ ਛੋਤ' ਵੀ ਕਿਹਾ ਜਾਂਦਾ ਹੈ।

## (ਲ-56) ਲੁਕਮਾਨ :

ਅਰਬ ਦਾ ਇਕ ਜਗ ਪ੍ਰਸਿਧ ਹਕੀਮ; ਨੀਤੀਵੇਤਾ ਤੇ ਵਿਦਵਾਨ, ਜਿਸ ਨਾਲ ਇਤਨੀ ਬਹੁ-ਰੰਗੀ ਲੋਕਧਾਰਾ ਜੁੜੀ ਹੋਈ ਹੈ ਕਿ ਇਹ ਪੌਰਾਣਿਕ ਪੁਰਸ਼ ਦਾ ਰੂਪ ਧਾਰ ਗਿਆ ਹੈ। ਲੁਕਮਾਨ ਦਾ ਜ਼ਿਕਰ ਬਾਈਬਲ ਅਤੇ ਕੁਰਾਨ ਵਿਚ ਵੀ ਆਉਂਦਾ ਹੈ ਅਤੇ ਅਰਬੀ ਵਿਚ ਇਸ ਦੀਆਂ ਰਚੀਆਂ ਅਨੇਕਾਂ ਨੀਤੀ-ਕਥਾਵਾਂ ਤੇ ਹਜ਼ਾਰਾਂ ਅਖਾਣ ਮਿਲਦੇ ਹਨ, ਜੋ ਇਸ ਨੂੰ ਇਕ ਲੋਕ-ਨਾਇਕ ਦਾ ਦਰਜਾ ਬਖ਼ਸ਼ਦੇ ਹਨ।

ਲੁਕਮਾਨ ਦੇ ਸਮੇਂ ਸਥਾਨ ਬਾਰੇ ਵੀ ਇਕ ਮੱਤ ਨਹੀਂ। ਕਈ ਯੂਰਪੀਅਨ ਵਿਦਵਾਨ ਤਾਂ ਯੂਨਾਨੀਆਂ ਦੇ ਨੀਤੀਵੇਤਾ ਈਸਪ ਨੂੰ ਹੀ ਲੁਕਮਾਨ ਮੰਨਦੇ ਹਨ, ਕਿਉਂ ਜੋ ਈਸਪ ਦੀਆਂ ਅਨੇਕਾਂ ਨੀਤੀ-ਕਥਾਵਾਂ ਅਰਬ ਵਿਚ ਲੁਕਮਾਨ ਦੇ ਨਾਉਂ ਹੇਠ ਪ੍ਰਚਲਤ ਹਨ। ਸੰਸਾਰ ਵਿਚ ਕਈ ਲੁਕਮਾਨ ਹੋਏ ਹਨ, ਜਿਨ੍ਹਾਂ ਵਿਚ ਤ੍ਰਿੰਨ ਖ਼ਾਸ ਪ੍ਰਸਿਧਤਾ ਰੁਖਦੇ ਹਨ।

ਇਨ੍ਹਾਂ ਤਿੰਨਾਂ ਲੁਕਮਾਨਾਂ ਦੇ ਜੀਵਨ ਤੇ ਵਿਅਕਤਿਤਵ ਨੂੰ ਇਕੋ ਲੁਕਮਾਨ ਵਿਚ ਕੇਂਦਰਿਤ ਕਰ ਲਿਆ ਜਾਪਦਾ ਹੈ।

ਸਭ ਤੋਂ ਪਹਿਲੇ ਤੇ ਪੁਰਾਣੇ ਲੁਕਮਾਨ ਨੂੰ ਅਲ-ਹਕੀਮ ਕਿਹਾ ਜਾਂਦਾ ਹੈ। ਕੁਰਾਨ ਵਿਚ ਇਸ ਉਤੇ ਇਕ ਪੂਰਾ ਸੂਰਾ ਲਿਖਿਆ ਮਿਲਦਾ ਹੈ। ਕੁਰਾਨ ਦੇ 31ਵੇਂ ਸੂਰੇ ਅਨੁਸਾਰ ਲੁਕਮਾਨ ਦਾਊਦ ਦਾ ਸਮਕਾਲੀ ਸੀ। ਭਾਵੇਂ ਇਸ ਦਾ ਜੀਵਨ ਵਿਸਥਾਰ ਤੇ ਸ਼ਜਰਾ ਕੁਰਾਨ ਵਿਚ ਨਹੀਂ ਮਿਲਦਾ। ਜਦੋਂ ਆਦਿ ਦਾ ਕਬੀਲਾ ਤਬਾਹ ਕੀਤਾ ਗਿਆ, ਤਾਂ ਉਦੋਂ ਲੁਕਮਾਨ ਨੂੰ ਬਾਦਸ਼ਾਹ ਸਥਾਪਿਤ ਕੀਤਾ ਗਿਆ।

ਦੂਜਾ ਲੁਕਮਾਨ ਜੋ ਬੜਾ ਬੁਧੀਮਾਨ ਤੇ ਸੁਘੜ ਸਿਆਣਾ ਸੀ, ਇਕ ਮਿਸਰੀ ਹਬਸ਼ੀ ਦਾ ਪੁੱਤਰ ਸੀ, ਜਿਸ ਨੂੰ ਦਾਊਦ ਜਾਂ ਸੁਲੇਮਾਨ ਦੇ ਰਾਜ ਸਮੇਂ ਕਿਸੇ ਯਹੂਦੀ ਅਗੇ ਵੇਚ ਦਿਤਾ ਗਿਆ। ਇਹ ਹਬਸ਼ੀ ਬੜੀ ਉੱਚੀ ਸੁੱਚੀ ਜ਼ਿੰਦਗੀ ਗੁਜ਼ਾਰਨ ਮਗਰੋਂ 'ਅਮਸਾਲ' ਨਾਂ ਦੀ ਇਕ ਪੁਸਤਕ ਪਿਛੇ ਛੱਡ ਗਿਆ ਹੈ, ਜਿਸ ਵਿਚ ਅਖਾਣ ਤੇ ਪ੍ਰਸੰਗ ਮਿਲਦੇ ਹਨ। ਇਨ੍ਹਾਂ ਦੀਆਂ ਕਈ ਉਕਤੀਆਂ ਲੋਕਾਂ ਵਿਚ ਪ੍ਰਸਿਧ ਹਨ।

ਤੀਜਾ ਲੁਕਮਾਨ 'ਆਦਿ ਫਿਰਕੇ' ਦਾ ਇਕ ਸ਼ਹਿਜ਼ਾਦਾ ਸੀ, ਜੋ 3500 ਸਾਲ ਅਥਵਾ ਸੱਤ ਗਿੱਧਾਂ ਦੀ ਉਮਰ ਭੋਗ ਕੇ ਮਰਿਆ। ਪ੍ਰਭੂ ਨੇ ਇਸ ਨੂੰ ਬੜੀ ਦੀਰਘ ਆਯੂ ਬਖ਼ਸ਼ੀ, ਪਰ ਇਸ ਨੇ ਸੱਤ ਗਿੱਧਾਂ ਦੇ ਜੀਵਨ ਕਾਲ ਤਕ ਜੀਊਣਾ ਪ੍ਰਵਾਨ ਕੀਤਾ। ਲੁਕਮਾਨ ਇਕ ਗਿੱਧ ਨੂੰ ਪਾਲਦਾ ਅਤੇ ਜਦੋਂ ਉਹ ਬਿਧ ਹੋ ਕੇ ਮਰ ਜਾਂਦੀ ਤਾਂ ਇਕ ਹੋਰ ਗਿੱਧ ਪਾਲ ਲੈਂਦਾ। ਜਦੋਂ ਸਤਵੀਂ ਗਿੱਧ ਨੇ ਪ੍ਰਾਣ ਤਿਆਗੇ ਤਾਂ ਲੁਕਮਾਨ ਨੇ ਵੀ ਸੁਆਸ ਤਿਆਗ ਦਿਤੇ। ਸੰਸਾਰ ਵਿਚ ਦੀਰਘ ਆਯੂ ਭੋਗਣ ਵਾਲੇ ਵਿਅਕਤੀਆਂ ਵਿਚ ਇਨ੍ਹਾਂ ਦਾ ਦੂਜਾ ਨੰਬਰ ਹੈ। ਸਭ ਤੋਂ ਵਧ ਆਯੂ 'ਖਿਜ਼ਰ' ਨੇ ਭੋਗੀ। ਇਹ ਲੁਕਮਾਨ ਬੜਾ ਪੇਟੂ ਸੀ, ਇਕ ਪੂਰੇ ਊਠ ਦੇ ਮਾਸ ਨਾਲ ਸਵੇਰੇ ਨਾਸ਼ਤਾ ਕਰਦਾ ਤੇ ਇਕ ਨਾਲ ਰਾਤ ਵੇਲੇ।

ਇਨ੍ਹਾਂ ਤਿੰਨਾਂ ਲੁਕਮਾਨਾਂ ਦਾ ਜੀਵਨ ਇਕ ਦੂਜੇ ਵਿਚ ਵਿਲੀਨ ਕਰ ਲਿਆ ਗਿਆ ਹੈ। ਇਹੋ ਕਾਰਨ ਹੈ ਕਿ ਕੋਈ ਲੁਕਮਾਨ ਨੂੰ ਗ਼ੁਲਾਮ ਦਸਦਾ ਹੈ, ਕੋਈ ਹਕੀਮ ਤੇ ਕੋਈ ਪਾਤਸ਼ਾਹ।

ਲੁਕਮਾਨ ਨਾਲ ਜੋ ਲੋਕਧਾਰਾ ਜੁੜੀ ਹੋਈ ਹੈ, ਉਸ ਦੀ ਪੁਣ-ਛਾਣ ਕਰ ਕੇ ਉਸ ਵਿਚੋਂ ਇਤਿਹਾਸਕ ਛੋ ਤੱਥਾਂ ਦੀ ਪਛਾਣ ਅਸੰਭਵ ਹੈ। ਉਨ੍ਹਾਂ ਦੇ ਜੀਵਨ ਨਾਲ ਕਈ ਰਵਾਇਤਾਂ ਜੁੜੀਆਂ ਹੋਈਆਂ ਹਨ। ਇਕ ਰਵਾਇਤ ਅਨੁਸਾਰ ਲੁਕਮਾਨ ਨੇ ਆਪਣੀ ਵਿਭਚਾਰਨ ਪਤਨੀ ਤੇ ਉਸ ਦੇ ਪ੍ਰੇਮੀ ਨੂੰ ਪੱਥਰ ਮਾਰ ਮਾਰ ਕੇ ਖ਼ਤਮ ਕਰ ਦਿਤਾ ਸੀ ਅਤੇ ਵਿਭਚਾਰੀਆਂ ਨੂੰ ਪੱਥਰ ਨਾਲ ਮਾਰਨ ਦੀ ਸਜ਼ਾ ਦਾ ਮੁੱਢ ਇਸੇ ਨੇ ਹੀ ਬੰਨ੍ਹਿਆ ਸੀ। ਰਵਾਇਤ ਹੈ ਕਿ ਚੋਰਾਂ ਜਾਂ ਡਾਕੂਆਂ ਨੂੰ ਹੱਥ ਕੱਟ ਦੇਣ ਦੀ ਸਜ਼ਾ ਵੀ, ਪਹਿਲਾਂ ਇਸੇ ਲੁਕਮਾਨ ਨੇ ਹੀ ਸ਼ੁਰੂ ਕੀਤੀ।

ਇਕ ਹੋਰ ਰਵਾਇਤ ਅਨੁਸਾਰ ਲੁਕਮਾਨ ਹਿਕਮਤ ਵਿਚ ਬੜਾ ਨਿਪੁੰਨ ਸੀ। ਮਰਨ ਤੋਂ ਕੁਝ ਦਿਨ ਪਹਿਲਾਂ ਇਨ੍ਹਾਂ ਨੂੰ ਜਲਾਬ ਲਗ ਗਏ। ਕਿਸੇ ਨੇ ਇਨ੍ਹਾਂ ਨੂੰ ਦਵਾਈ ਖਾਣ ਲਈ ਕਿਹਾ। ਲੁਕਮਾਨ ਨੇ ਉਸ ਦਵਾਈ ਦੀ ਇਕ ਪੁੜੀ ਵਗਦੀ ਧਾਰਾ, ਵਿਚ ਸੁਟਣ ਲਈ ਕਿਹਾ। ਪੁੜੀ ਸੁਟਦਿਆਂ ਸਾਰ ਨਦੀ ਦਾ ਪਾਣੀ ਰੁਕ ਗਿਆ। ਇਹ ਵੇਖ ਲੁਕਮਾਨ ਕਹਿਣ ਲਗਾ ਕਿ "ਮੇਰੀ ਪੁੜੀ ਨਦੀ ਦਾ ਵਹਿਣ ਤਾਂ ਰੋਕ ਸਕਦੀ ਹੈ, ਪਰ ਜਲਾਬ ਨਹੀਂ। ਕਿਉਂ ਜੋ ਮੇਰਾ ਅੰਤਲਾ ਦਿਨ ਨੇੜੇ ਆ ਗਿਆ ਹੈ।"

ਲੁਕਮਾਨ ਦੇ ਨਾਂ ਹੇਠ ਬਹੁਤ ਸਾਰੀਆਂ ਨੀਤੀ ਕਥਾਵਾਂ, ਬਚਨ ਤੇ ਅਖਾਉਤਾਂ ਪ੍ਰਚਲਤ ਹਨ। ਹੋ ਸਕਦਾ ਹੈ ਕਿ ਇਨ੍ਹਾਂ ਵਿਚੋਂ ਕੁਝ ਲੁਕਮਾਨ ਦੀਆਂ ਕਿਰਤਾਂ ਹੋਣ, ਪਰ ਬਹੁਤ ਸਾਰੇ ਬਚਨ, ਕਥਾਵਾਂ ਤੇ ਅਖਾਣ ਜੋ ਲੋਕਧਾਰਾ ਦਾ ਸਜੀਵ ਅੰਗ ਸਨ, ਲੁਕਮਾਨ ਦੇ ਨਾਂ ਨਾਲ ਪ੍ਰਚਲਤ ਹੋ ਗਏ। ਇਨ੍ਹਾਂ ਦੇ ਕੁਝ ਬਚਨ ਤਾਂ ਭੂਗੋਲਿਕ ਹੱਦ ਟੱਪ ਕੇ ਸਾਰੇ ਸੰਸਾਰ ਵਿਚ ਵਿਚਰਨ ਲਗੇ। ਇਨ੍ਹਾਂ ਦਾ ਇਕ ਵਿਸ਼ੇਸ਼ ਬਚਨ ਹੈ—ਜੋ ਧਰਤੀ ਉਤੇ ਉਗੇ ਸਭ ਦਰਖ਼ਤ ਕਲਮਾਂ ਦਾ ਰੂਪ ਧਾਰ ਲੈਣ ਅਤੇ ਸੱਤਾਂ ਸਮੁੰਦਰਾਂ ਦਾ ਪਾਣੀ ਸਿਆਹੀ ਵਿਚ ਬਦਲ ਜਾਵੇ ਤਾਂ ਵੀ ਪ੍ਰਭੂ ਦੀ ਪ੍ਰਸੰਸਾ ਸੰਪੂਰਨ ਨਹੀਂ ਹੋ ਸਕਦੀ। ਇਨ੍ਹਾਂ ਦਾ ਇਹੋ ਬਚਨ ਕੁਰਾਨ (31 2) ਵਿਚ ਦਰਜ ਮਿਲਦਾ ਹੈ। ਇਸੇ ਤਰ੍ਹਾਂ ਦੀ ਉਕਤੀ ਨਾਨਕ ਬਾਣੀ ਵਿਚ ਵੀ ਆਉਂਦੀ ਹੈ।

ਲੁਕਮਾਨ ਦੇ ਨਾਂ ਹੇਠ ਕੁਝ ਨੀਤੀ ਕਥਾਵਾਂ ਵੀ ਪ੍ਰਚਲਤ ਹਨ। ਜੋ ਥਾਂ ਈਸਪ ਦੀ ਯੂਰਪ ਵਿਚ ਹੈ, ਉਹੋ ਹੀ ਲੁਕਮਾਨ ਦੀ ਅਰਬ ਦੇਸ਼ਾਂ ਵਿਚ। ਬਹੁਤ ਸਾਰੀਆਂ ਕਥਾਵਾਂ ਜੋ ਈਸਪ ਦੀਆਂ ਕਿਰਤਾਂ ਮੰਨੀਆਂ ਜਾਂਦੀਆਂ ਹਨ, ਲੁਕਮਾਨ ਦੇ ਨਾਂ ਹੇਠ ਵੀ ਪ੍ਰਚਲਤ ਹਨ। ਇਨ੍ਹਾਂ ਨੀਤੀ ਕਥਾਵਾਂ ਵਿਚ ਅਰਬ ਦੇਸ਼ ਦੇ ਆਪਣੇ ਦੇਸੀ ਪਸ਼ੂਆਂ ਤੇ ਪੰਛੀਆਂ ਦਾ ਉੱਕਾ ਵਰਨਣ ਨਹੀਂ ਜਿਹਾ ਕਿ ਸ਼ੁਤਰ ਮੁਰਗ, ਬਿਜੂ ਤੇ ਊਠ ਆਦਿ, ਜਿਸ ਤੋਂ ਇਹੋ ਸਿੱਟਾ ਕਢਿਆ ਜਾਂਦਾ ਹੈ ਕਿ ਈਸਪ ਦੀਆਂ ਜੋ ਕਥਾਵਾਂ ਅਰਬੀ ਲੋਕਾਂ ਦੇ ਮੂੰਹ ਚੜ੍ਹ ਗਈਆਂ, ਉਹ ਉਨ੍ਹਾਂ ਨੇ ਆਪਣੇ ਦੇਸ਼ ਦੇ ਪ੍ਰਸਿਧ ਨੀਤੀਵੇਤਾ ਦੇ ਨਾਂ ਨਾਲ ਜੋੜ ਲਈਆਂ। ਲੁਕਮਾਨ ਦੇ ਨਾਂ ਹੇਠ ਪ੍ਰਚਲਤ ਨੀਤੀ-ਕਥਾਵਾਂ ਵਿਚੋਂ ਇਕੋ ਇਕ ਕਥਾ 'ਕੰਡੇਦਾਰ ਝਾੜੀ' ਹੀ ਅਜਿਹੀ ਹੈ ਜੋ ਈਸਪ ਦੀਆਂ ਕਥਾਵਾਂ ਵਿਚ ਨਹੀਂ ਮਿਲਦੀ। ਇਕ ਕੰਡੇਦਾਰ ਝਾੜੀ ਨੇ ਮਾਲੀ ਨੂੰ ਬੇਨਤੀ ਕੀਤੀ ਕਿ ਉਹ ਉਸ ਨੂੰ ਚੰਗੀ ਤਰ੍ਹਾਂ ਪਾਲੇ ਤਾਂ ਜੋ ਉਹ ਵਧ ਫੁਲ ਕੇ ਲੋਕਾਂ ਨੂੰ ਅਨੰਦ ਦੇ ਸਕੇ। ਮਾਲੀ ਨੇ ਇਸ ਨੂੰ

ਦਿਨ ਵਿਚ ਦੋ ਵਾਰ ਪਾਣੀ ਦਿਤਾ। ਝਾੜੀ ਨੇ ਸਾਰੇ ਬਾਗ਼ ਵਿਚ ਫੈਲ ਕੇ ਕੰਡੇ ਖਿਲਾਰ ਦਿਤੇ ਤੇ ਲੋਕਾਂ ਨੂੰ ਸੂਲਾਂ ਚੁਭਣ ਲੱਗੀਆਂ।

**(ਲ-57) ਲੁਕਾਂਜਣ :**

ਜਾਦੂ ਦਾ ਇਕ ਸੁਰਮਾ, ਜਿਸ ਨੂੰ ਅੱਖਾਂ ਵਿਚ ਪਾਉਣ ਨਾਲ, ਉਹ ਸਭ ਵਸਤੂਆਂ ਤੇ ਪ੍ਰਾਣੀਆਂ ਨੂੰ ਵੇਖ ਸਕਦਾ ਹੈ, ਪਰ ਦੂਜੇ ਉਸ ਨੂੰ ਨਹੀਂ ਵੇਖ ਸਕਦੇ। ਲੋਕ-ਕਹਾਣੀਆਂ ਵਿਚ ਲੁਕਾਂਜਣ ਦਾ ਜ਼ਿਕਰ ਆਉਂਦਾ ਹੈ, ਖ਼ਾਸ ਤੌਰ ਤੇ ਪਰੀ ਦੇਸ਼ਾਂ ਦੀਆਂ ਕਹਾਣੀਆਂ ਵਿਚ, ਜਦੋਂ ਨਾਇਕ ਕਿਸੇ ਪਰੀ ਜਾਂ ਦੇਵ ਤੋਂ ਲੁਕਾਂਜਣ ਪ੍ਰਾਪਤ ਕਰ ਕੇ ਦੂਜਿਆਂ ਦੀਆਂ ਅੱਖਾਂ ਤੋਂ ਓਝਲ ਰਹਿ ਕੇ ਆਪਣੇ ਮੰਤਵ ਦੀ ਸਿੱਧੀ ਕਰਦਾ ਹੈ।

**(ਲ-58) ਲੁਚੀ :**

ਮੈਦੇ ਦੀ ਬਣੀ, ਇਕ ਖ਼ਾਸ ਤਰ੍ਹਾਂ ਦੀ ਪੂੜੀ, ਜੋ ਬੜੀ ਨਰਮ ਤੇ ਲੋਚਦਾਰ ਹੁੰਦੀ ਹੈ। ਲੁਚੀ ਦਾ ਮੂਲ ਸ਼ਾਇਦ ਫ਼ਾਰਸੀ ਦਾ ਲੋਚ ਹੈ। ਲੁਚੀ ਅਕਾਰ ਵਿਚ ਆਮ ਪੂੜੀ ਨਾਲੋਂ ਕਾਫ਼ੀ ਵੱਡੀ ਹੁੰਦੀ ਹੈ। ਪੰਜਾ ਸਾਹਿਬ (ਹਸਨ ਅਬਦਾਲ) ਵਿਚ ਹਰ ਪੂਰਨਮਾਸ਼ੀ ਨੂੰ ਇਕ ਭਾਰੀ ਮੇਲਾ ਲੱਗਦਾ ਸੀ ਤੇ ਮੇਲੇ ਵਿਚ ਲੁਚੀਆਂ ਆਮ ਤਲੀਂਦੀਆਂ ਸਨ। ਪੱਛਮੀ ਪੰਜਾਬ ਵਿਚ, ਕਿਸੇ ਬਜ਼ੁਰਗ ਦੀ ਮੌਤ ਉਤੇ, ਉਸ ਦੇ ਕੁੜਮਾਂ ਵਲੋਂ ਕਿਰਿਆ ਕਰਮ ਵਾਲੇ ਦਿਨ ਲੁਚੀਆਂ ਤਲ ਕੇ ਲਿਆਣ ਦੀ ਪ੍ਰਥਾ ਸੀ।

**(ਲ-59) ਲੁੰਜਿਤ :**

ਸ੍ਵੇਤਾਂਬਰ ਫ਼ਿਰਕੇ ਦੇ ਜੈਨੀ ਸਾਧ, ਜੋ ਮੂੰਹ 'ਤੇ ਪੱਟੀ ਬੰਨ੍ਹਦੇ ਹਨ ਤੇ ਜਿਨ੍ਹਾਂ ਨੇ ਆਪਣੇ ਸਿਰ ਦੇ ਵਾਲ ਪੱਟਿਆਂ ਨਾਲ ਇਕ ਇਕ ਕਰ ਕੇ ਖਿਚ ਕੇ ਤੋੜੇ ਹੁੰਦੇ ਹਨ।

ਲੁੰਜਿਤੀ : ਜੈਨ ਮਤ ਦੀ ਸਾਧਣੀ; ਜੈਨ ਮਤ ਵਿਚ ਜਦੋਂ ਕੋਈ ਤੀਵੀਂ ਸਾਧਣੀ ਬਣਦੀ ਹੈ ਤਾਂ ਉਸ ਦੇ ਸਿਰ ਦੇ ਵਾਲ ਇਕ ਇਕ ਕਰ ਕੇ ਪੱਟਿਆਂ ਨਾਲ ਖਿਚ ਲਏ ਜਾਂਦੇ ਹਨ, ਇਸ ਪਿਛੋਂ ਉਹ ਤੀਵੀਂ ਮਰਦਾਂ ਦੇ ਮੂੰਹ ਨਹੀਂ ਲੱਗਦੀ।

**(ਲ-60) ਲੁਟਮਾਰ :**

ਪੰਜਾਬ ਮੱਧਕਾਲੀਨ ਸਮਿਆਂ ਵਿਚ ਧਾੜਵੀਆਂ ਦੀ ਲੁਟਮਾਰ ਦਾ ਖੇਤਰ ਬਣਿਆ ਰਿਹਾ ਜਿਸ ਕਰਕੇ ਪੰਜਾਬ ਵਿਚ ਇਹ ਮਨੌਤ ਪ੍ਰਚਲਤ ਹੋ ਗਈ ਕਿ ਦਿੱਲੀ ਹਰ ਸੌ ਸਾਲ, ਲਾਹੌਰ ਪੰਜਾਹ ਸਾਲ ਤੇ ਮੁਲਤਾਨ ਤੀਹ ਸਾਲਾਂ ਮਗਰੋਂ ਲੁਟੀਂਦਾ ਹੈ।

**(ਲ-61) ਲੁੱਡਣ :**

ਹੀਰ ਦਾ ਮੱਲਾਹ, ਜੋ ਹੀਰ ਲਈ ਉਚੇਚੇ ਤੌਰ ਤੇ ਤਿਆਰ ਕੀਤੀ ਗਈ ਚੰਦਨ ਦੀ ਬੇੜੀ ਨੂੰ ਚਲਾਇਆ ਕਰਦਾ ਸੀ। ਬੇੜੀ ਵਿਚ ਇਕ ਰੰਗਲਾ ਪਲੰਘ ਵਿਛਿਆ ਰਹਿੰਦਾ, ਜਿਸ ਉਤੇ ਹੀਰ ਆਰਾਮ ਕੀਤਾ ਕਰਦੀ ਸੀ।

ਵਾਰਸ ਸ਼ਾਹ ਅਨੁਸਾਰ ਇਹ ਜ਼ਾਤ ਦਾ ਝਬੇਲ ਸੀ ਤੇ ਇਸ ਦੀਆਂ ਦੋ ਪਤਨੀਆਂ ਸਨ। ਰਾਂਝਾ ਲੁੱਡਣ ਦੀਆਂ ਪਤਨੀਆਂ ਦੀ ਸ਼ਹਿ ਤੇ ਹੀ ਹੀਰ ਦੇ ਪਲੰਘ ਉਤੇ ਲੇਟਿਆ ਸੀ।

**(ਲ-62) ਲੁੱਡੀ :**

ਇਕ ਲੋਕ-ਨਾਚ, ਜੋ ਮੰਗਲਮਈ ਅਵਸਥਾ ਵਿਚ, ਘੇਰੇ ਵਿਚ ਨਚਿਆ ਜਾਂਦਾ ਹੈ।

**(ਲ-63) ਲੁਬਾਣਾ :**

ਇਕ ਤਰ੍ਹਾਂ ਦਾ ਤ੍ਰਿੱਡਾ, ਜਿਸ ਬਾਰੇ ਵਿਸ਼ਵਾਸ ਹੈ ਕਿ ਜੇ ਇਕ ਤ੍ਰਿੱਡਾ ਕਿਸੇ ਬੱਚੇ ਦੇ ਗਲੇ ਵਿਚ ਬੰਨ੍ਹ ਦਿਤਾ ਜਾਵੇ ਤਾਂ ਬਾਲ ਦੀ ਲਰਜ਼ੇ ਦੀ ਬੀਮਾਰੀ ਦੂਰ ਹੋ ਜਾਂਦੀ ਹੈ (ਬਹਾਵਲਪੁਰ ਗਜ਼ਟੀਅਰ, ਪੰਨਾ 10)।

**(ਲ-64) ਲੁਬਾਣਾ (ਜਾਤੀ) :**

ਲੁਬਾਣਾ ਜਾਤੀ ਦੇ ਲੋਕ ਕਾਂਗੜਾ ਤੇ ਪਹਾੜੀ ਖੇਤਰ ਅਤੇ ਫ਼ਿਰੋਜ਼ਪੁਰ ਵਿਚ ਕਾਫ਼ੀ ਗਿਣਤੀ ਵਿਚ ਮਿਲਦੇ ਹਨ। ਦੇਸ਼ ਦੀ ਵੰਡ ਤੋਂ ਪਹਿਲਾਂ ਲਾਹੌਰ, ਗੁਜਰਾਂਵਾਲਾ, ਮੁਜ਼ਫ਼ਰਗੜ੍ਹ ਤੇ ਬਹਾਵਲਪੁਰ ਵਿਚ ਵੀ ਇਨ੍ਹਾਂ ਦੀ ਗਿਣਤੀ ਚੋਖੀ ਸੀ। ਪਹਾੜੀ ਇਲਾਕੇ ਵਿਚ ਇਹ ਫੇਰੀ ਕਰਦੇ ਤੇ ਭਾਰ ਢੋਂਦੇ ਸਨ। ਲੁਬਾਣਾ ਉਨ੍ਹਾਂ ਖ਼ਾਨਾਬਦੋਸ਼ੀ ਜਾਤੀਆਂ ਨਾਲ ਮਿਲਦੀ ਜੁਲਦੀ ਹੀ ਇਕ ਜਾਤੀ ਹੈ। ਲੁਬਾਣੇ ਹਿੰਦੂ ਤੇ ਸਿੱਖ ਦੁਹਾਂ ਸੰਪਰਦਾਵਾਂ ਵਿਚ ਮਿਲਦੇ ਹਨ, ਕੁਝ ਲੁਬਾਣੇ ਮੁਸਲਮਾਨ ਵੀ ਹਨ।

'ਲੁਬਾਣਾ' ਸ਼ਬਦ ਲੂਣ ਅਤੇ 'ਬਾਣਾ' ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਲੂਣ ਢੋਣ ਵਾਲੇ ਜਾਂ ਲੂਣ ਦਾ ਵਣਜ ਕਰਨ ਵਾਲੇ। ਲੁਬਾਣਿਆਂ ਨੂੰ ਬਣਜਾਰੇ ਵੀ ਕਹਿ ਲਿਆ ਜਾਂਦਾ ਹੈ। ਅੰਬਾਲੇ ਵਿਚ ਇਨ੍ਹਾਂ ਨੂੰ ਬਹੁਰੂਪੀਆ ਵੀ ਕਹਿ ਲਿਆ ਜਾਂਦਾ ਹੈ ਕਿਉਂ ਜੋ ਲੁਬਾਣਿਆਂ ਵਿਚ ਹਰ ਪੇਸ਼ੇ ਨੂੰ ਧਾਰਨ ਕਰਨ ਦੀ ਸਮਰੱਥਾ ਹੈ।

ਲੁਬਾਣੇ ਜਿਹੜਾ ਕੋਈ ਨਵਾਂ ਪਿੰਡ ਵਸਾਂਦੇ ਹਨ, ਉਸਦਾ ਨਾਂ ਟਾਂਡਾ ਰਖਦੇ ਹਨ। ਹੁਸ਼ਿਆਰਪੁਰ ਵਿਚ ਟਾਂਡਾ ਉੜਮੜ ਨਾਂ ਦਾ ਕਸਬਾ ਹੈ। ਕਾਂਗੜੇ ਵਿਚ ਲੁਬਾਣਿਆਂ ਦੀਆਂ ਕੁਝ ਢੋਕਾਂ ਮਿਲਦੀਆਂ ਹਨ, ਜੋ ਟਾਂਡਾ ਅਖਵਾਉਂਦੀਆਂ ਹਨ

ਟਾਂਡੇ ਦਾ ਭਾਵ ਲੁਬਾਣਗੀ ਉਪ-ਭਾਖਾ ਵਿਚ 'ਫਿਰਨ ਤੁਰਨ ਵਾਲੇ ਵਪਾਰੀ' ਜਾਂ ਸਮੂਹ ਦਾ ਹੈ।

ਵਿਭਿੰਨ ਜ਼ਿਲਿਆਂ ਤੇ ਖੇਤਰਾਂ ਵਿਚ ਵੱਸਣ ਵਾਲੇ ਲੁਬਾਣੇ ਆਪਣੇ ਮੁੱਢ ਬਾਰੇ ਵਖੋ ਵਖ ਦਾਅਵੇ ਕਰਦੇ ਹਨ। ਲੁਧਿਆਣੇ ਦੇ ਲੁਬਾਣੇ ਆਪਣਾ ਮੁੱਢ ਜੈਪੁਰ ਤੇ ਜੋਧਪੁਰ ਦੇ ਚੁਹਾਨ ਰਾਜਪੂਤਾਂ ਨਾਲ ਜੋੜਦੇ ਹਨ, ਪਰ ਕਪੂਰਥਲਾ ਦੇ ਲੁਬਾਣਿਆਂ ਅਨੁਸਾਰ ਉਨ੍ਹਾਂ ਦੇ ਵਡਿਕੇ ਪੀਲੀਭੀਤ ਦੇ ਗੌੜ ਬ੍ਰਾਹਮਣ ਸਨ। ਇਕ ਦੰਦ-ਕਥਾ ਅਨੁਸਾਰ ਇਕ ਰਾਜਾ ਕਿਸੇ ਅਸਾਧ ਰੋਗ (ਕੋਹੜ) ਵਿਚ ਗ੍ਰਸਿਆ ਗਿਆ ਅਤੇ ਇਕ ਬ੍ਰਾਹਮਣ ਨਾਰੂ ਦੇ ਪ੍ਰੇਰਨ ਉਤੇ ਉਸ ਨੇ ਦਸ ਬ੍ਰਾਹਮਣਾਂ ਨੂੰ ਮਾਸ ਤੇ ਸ਼ਰਾਬ ਦੇ ਭੋਜ ਉਤੇ ਨਿਉਤਾ ਦਿਤਾ। ਉਹਨੇ ਹਰੇਕ ਬ੍ਰਾਹਮਣ ਨੂੰ ਇਕ ਇਕ ਸੋਨੇ ਦੀ ਮੋਹਰ ਦੱਖਸ਼ਣਾ ਵਜੋਂ ਦੇਣੀ ਚਾਹੀ। ਪਰ ਦੱਸਾਂ ਬ੍ਰਾਹਮਣਾਂ ਨੇ ਅਜਿਹੇ ਭੋਜ ਵਿਚ ਸ਼ਾਮਲ ਹੋਣ ਤੋਂ ਨਾਂਹ ਕਰ ਦਿਤੀ। ਸੋ ਨਾਰੂ ਨੇ ਝਾੜ-ਝੰਬ ਕੇ 11 ਬ੍ਰਾਹਮਣ ਯੁਵਕਾਂ ਨੂੰ ਭੋਜ ਉਤੇ ਬਿਠਾ ਲਿਆ ਤੇ ਹਰੇਕ ਨੂੰ ਇਕ ਇਕ ਮੋਹਰ ਦੱਖਸ਼ਣਾ ਵਜੋਂ ਦਿਤੀ। ਉਨ੍ਹਾਂ ਯੁਵਕ ਬ੍ਰਾਹਮਣਾਂ ਦੇ ਮਾਪਿਆਂ ਨੇ ਉਨ੍ਹਾਂ ਨੂੰ ਘਰੋਂ ਕਢ ਦਿਤਾ। ਪਰ ਰਾਜੇ ਨੇ ਉਨ੍ਹਾਂ ਯੁਵਕਾਂ ਨੂੰ ਸਰਪ੍ਰਸਤੀ ਦਿਤੀ। ਇਨ੍ਹਾਂ ਦੀ ਔਲਾਦ ਲੁਬਾਣੇ ਅਖਵਾਉਣ ਲੱਗੀ। ਹੁਸ਼ਿਆਰਪੁਰ ਦੇ ਲੁਬਾਣਿਆਂ ਵਿਚ ਪ੍ਰਚਲਤ ਦੰਦ-ਕਥਾ ਅਨੁਸਾਰ ਨਾਰਦ ਮੁਨੀ ਨੇ ਇਨ੍ਹਾਂ 11 ਬ੍ਰਾਹਮਣ ਯੁਵਕਾਂ ਦਾ ਵਿਆਹ ਰਾਖਸ਼ਾਂ ਦੀਆਂ ਧੀਆਂ ਨਾਲ ਕਰਵਾ ਦਿਤਾ ਤੇ ਖ਼ੁਦ ਇਨ੍ਹਾਂ ਦਾ ਪ੍ਰੋਹਤ ਬਣ ਗਿਆ। ਕਾਂਗੜੇ ਵਿਚ ਪ੍ਰਚਲਤ ਦੰਦ-ਕਥਾ ਅਨੁਸਾਰ ਬ੍ਰਾਹਮਣਾਂ ਨੇ ਕੋਹੜੀ ਰਾਜੇ ਦੇ ਘਰੋਂ ਭੋਜ ਖਾਣ ਤੋਂ ਇਨਕਾਰ ਕਰ ਦਿਤਾ ਅਤੇ ਉਹ ਆਪਣੇ ਯੁਵਕ ਤੇ ਯੁਵਤੀਆਂ ਨੂੰ ਲੈ ਕੇ ਅਤੇ ਆਪਣਾ ਸਮਾਨ ਲੱਦ ਕੇ ਉਥੋਂ ਨਿਕਲ ਪਏ ਤੇ ਖ਼ਾਨਾਬਦੋਸ਼ੀ ਦਾ ਜੀਵਨ ਗੁਜ਼ਾਰਨ ਲਗੇ ਅਤੇ 'ਲਾਦਾ' ਅਖਵਾਣ ਲਗੇ। 'ਲਾਦਾ' ਤੋਂ ਇਨ੍ਹਾਂ ਦਾ ਨਾਂ ਲੁਬਾਣਾ ਪੈ ਗਿਆ। ਗੁਜਰਾਤ ਵਿਚ ਵਸਦੇ ਲੁਬਾਣਿਆਂ ਦੀ ਇਕ ਗੋਤ 'ਅਜਰਾਵਤ' ਅਜ ਨੂੰ ਆਪਣਾ ਵਡਿਕਾ ਦਸਦੇ ਹਨ, ਅਜ ਦਸਰਥ ਦਾ ਪਿਤਾ ਤੇ ਰਾਮ ਚੰਦਰ ਦਾ ਦਾਦਾ ਸੀ।

ਬਹਾਵਲਪੁਰ ਵਿਚ ਪ੍ਰਚਲਤ ਦੰਦ-ਕਥਾ ਅਨੁਸਾਰ ਰਾਠੌਰ ਜਾਤੀ ਦੇ ਇਕ ਘਰ ਵਿਚ ਇਕ ਲੜਕਾ ਪੈਦਾ ਹੋਇਆ ਜਿਸ ਦੀਆਂ ਲੰਮੀਆਂ ਲੰਮੀਆਂ ਮੁੱਛਾਂ ਸਨ। ਸੋ ਇਸ ਨੂੰ 'ਲੁਬਾਣਾ' ਕਿਹਾ ਜਾਣ ਲੱਗਾ, ਕਿਉਂ ਜੋ ਪੰਜਾਬੀ ਵਿਚ ਲੰਮੀਆਂ ਮੁੱਛਾਂ ਵਾਲੇ ਝੀਂਗਰ ਨੂੰ ਲੁਬਾਣਾ ਕਿਹਾ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਲੁਬਾਣੇ ਸਿੱਖ ਸਜ ਗਏ।

ਲੁਬਾਣਿਆਂ ਦੀਆਂ ਸਮਾਜਕ ਰੀਤਾਂ ਇਕਸਾਰ ਨਹੀਂ। ਜਿਸ ਦਾ ਕਾਰਨ ਇਹ ਜਾਪਦਾ ਹੈ ਕਿ ਲੁਬਾਣਿਆਂ ਦਾ ਪਿੱਛਾ ਕਈ ਵਿਭਿੰਨ ਜਾਤੀਆਂ ਨਾਲ ਜੁੜਿਆ ਹੋਇਆ ਹੈ।

ਰੀਤਾਂ : ਲੁਬਾਣਿਆਂ ਵਿਚ ਬੱਚੇ ਦੇ ਜਨਮ ਸਮੇਂ ਤਿੰਨ ਰੀਤਾਂ ਕੀਤੀਆਂ ਜਾਂਦੀਆਂ ਹਨ :

(1) ਬੱਚੇ ਦੇ ਜਨਮ ਉਤੇ ਕੁੱਲ ਦੀ ਸਭ ਤੋਂ ਬੁੱਢੀ ਵਡਿਕੀ ਕੁਝ ਨਹੀਂ ਖਾਂਦੀ ਤੇ ਨਾ ਹੀ ਮੂੰਹ ਨਾਲ ਕੋਈ ਚੀਜ਼ ਛੁਹਾਂਦੀ ਹੈ। ਉਹ ਜਣਨੀ ਦਾ ਮੂੰਹ ਹੱਥ ਧੋਂਦੀ ਹੈ ਅਤੇ ਫਿਰ ਗੁੜ ਤੇ ਆਟਾ ਬਰਾਬਰ ਮਿਕਦਾਰ ਵਿਚ ਮਿਲਾ ਕੇ, ਪਾਪੜੀਆਂ ਬਣਾਂਦੀ ਹੈ, ਜੋ ਬਰਾਦਰੀ ਵਿਚ ਵੰਡੀਆਂ ਜਾਂਦੀਆਂ ਹਨ, ਪਰ ਕੁਝ ਲੁਬਾਣੇ ਅਜਿਹਾ ਨਹੀਂ ਕਰਦੇ। ਉਹ ਕੇਵਲ ਅਜਵੈਣ ਨੂੰ ਤਾਂਬੇ ਦੇ ਭਾਂਡੇ ਵਿਚ ਉਬਾਲ ਕੇ, ਬਾਹਰ ਡੋਲ੍ਹ ਦੇਂਦੇ ਹਨ, ਇੰਜ ਬੱਚੇ ਨੂੰ ਬਦ-ਨਜ਼ਰ ਨਹੀਂ ਲੱਗਦੀ।

(2) ਬੱਚੇ ਦੇ ਜਨਮ ਤੋਂ ਦੋ-ਤਿੰਨ ਦਿਨ ਪਿਛੋਂ, ਕੁੱਲ ਵਿਚੋਂ ਕੋਈ ਵਿਧਵਾ ਸੇਵੀਆਂ ਉਬਾਲਦੀ ਹੈ ਅਤੇ ਕੋਈ ਬੁੱਢੀ ਤੀਵੀਂ ਗੋਹੇ ਦਾ ਪੋਚਾ ਦੇਂਦੀ ਹੈ। ਇਸ ਪੋਚੇ ਉਤੇ ਸੱਤ ਜਾਂ ਵਧ ਤੋਂ ਵਧ 14 ਕੰਨਿਆਵਾਂ ਬੈਠਾ ਕੇ ਚੌਕ ਪੂਰਿਆ ਜਾਂਦਾ ਹੈ। ਫਿਰ ਬੁੱਢੀਆਂ ਤੀਵੀਆਂ ਇਨ੍ਹਾਂ ਕੰਨਿਆਵਾਂ ਨੂੰ ਦੇਵੀ ਸਮਝ ਕੇ ਪੂਜਦੀਆਂ ਤੇ ਪ੍ਰਨਾਮ ਕਰਦੀਆਂ ਹਨ, ਇਸੇ ਨੂੰ 'ਦੇਵੀ ਪੂਜਨ' ਕਿਹਾ ਜਾਂਦਾ ਹੈ। ਇਸ ਰੀਤ ਪਿਛੋਂ ਸੇਵੀਆਂ ਖਾਧੀਆਂ ਜਾਂਦੀਆਂ ਹਨ।

(3) ਤੀਜੀ ਰੀਤ ਹਾੜ ਦੇ ਪਹਿਲੇ ਐਤਵਾਰ ਨੂੰ ਪਹਿਲੇ ਸਾਲ ਦੇ ਅੰਦਰ ਹੀ ਕੀਤੀ ਜਾਂਦੀ ਹੈ। ਜਣਨੀ ਨੂੰ ਕੁੱਲ ਦੀਆਂ ਬੁੱਢੀਆਂ ਪਿੱਪਲ ਦੇ ਬ੍ਰਿਛ ਹੇਠ ਲਿਜਾਂਦੀਆਂ ਹਨ ਤੇ ਪਿੱਪਲ ਪੂਜਾ ਕੀਤੀ ਜਾਂਦੀ ਹੈ ਤੇ ਨਾਲ ਹੀ ਕਿਹਾ ਜਾਂਦਾ ਹੈ—ਪਿੱਪਲ ਦੇਵਤਾ ਰਖਿਆ ਕਰੀਂ, ਸੁਖ ਵਰਤਾਈਂ। ਨੈਣ ਡੋਲੀ ਦੇ ਨਾਲ ਜਾਂਦੀ ਹੈ, ਜੋ ਜਾਂਦਿਆਂ ਆਉਂਦਿਆਂ ਗੌਣ ਗਾਂਦੀ ਜਾਂਦੀ ਹੈ ਅਤੇ ਫਿਰ ਖਿਚੜੀ, ਜੋ ਨਾਲ ਲਿਜਾਈ ਜਾਂਦੀ ਹੈ, ਉਹ ਵੰਡ ਕੇ ਖਾਧੀ ਜਾਂਦੀ ਹੈ।

ਬੱਚੇ ਦੇ ਜਨਮ ਸਮੇਂ ਕਈ ਨਿੱਕੀਆਂ ਵੱਡੀਆਂ ਹੋਰ ਰੀਤਾਂ ਵੀ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਵਿਚੋਂ ਇਕ 'ਸਾਵੀ' ਹੈ। ਇਹ ਰਸਮ ਬੱਚੇ ਦੇ ਵਡੇ ਹੋਣ ਤਕ ਸਾਲ ਵਿਚ ਇਕ ਵਾਰ ਕੀਤੀ ਜਾਂਦੀ ਹੈ।

ਕਈ ਲੁਬਾਣਿਆਂ ਵਿਚ ਜਨੇਊ ਪਹਿਨਣ ਦਾ ਰਵਾਜ ਹੈ। ਲੁਧਿਆਣੇ ਵਿਚ ਵਿਆਹ ਸਮੇਂ ਲੁਬਾਣੇ ਜਨੇਊ ਪਹਿਨ ਲੈਂਦੇ ਹਨ ਅਤੇ ਫੇਰਿਆਂ ਉਪਰੰਤ ਇਸ ਨੂੰ ਉਤਾਰ ਕੇ ਪਿੱਪਲ ਦੇ ਬ੍ਰਿਛ 'ਤੇ ਲਟਕਾ ਦੇਂਦੇ ਹਨ।

ਵਿਆਹ ਸਮੇਂ ਕੁਝ ਗੋਤਾਂ ਨਿਸ਼ੇਧ ਹਨ, ਆਮ ਤੌਰ 'ਤੇ ਚਾਰ ਗੋਤਾਂ। ਪਰ ਕਈ ਵਾਰ ਉਸ ਗੋਤ ਵਿਚ ਸੱਤ ਪੁਸ਼ਤਾਂ

ਵਿਆਹ ਨਹੀਂ ਕੀਤਾ ਜਾਂਦਾ, ਜਿਸ ਵਿਚੋਂ ਤੀਵੀਂ ਵਿਆਹ ਕੇ ਲਿਆਂਦੀ ਹੋਵੇ।

ਕੋਈ ਸਮਾਂ ਸੀ, ਜਦੋਂ ਲੁਧਿਆਣੇ ਦੇ ਲੁਬਾਣੇ ਕੰਨਿਆਂ ਦਾ ਵਿਆਹ ਤਾਂ ਫੇਰਿਆਂ ਨਾਲ ਹਿੰਦੂ ਰੀਤੀ ਅਨੁਸਾਰ ਕਰਦੇ ਸਨ, ਪਰ ਵਿਧਵਾ ਦੇ ਪੁਨਰ-ਵਿਆਹ ਸਮੇਂ ਮੁਸਲਮਾਨ ਰੀਤੀ ਅਨੁਸਾਰ ਨਿਕਾਹ ਪੜ੍ਹਦੇ ਸਨ।

ਕਾਂਗੜੇ ਦੇ ਲੁਬਾਣੇ ਚੇਤਰ, ਭਾਦਰੋਂ, ਅਸੂ ਤੇ ਪੋਹ ਵਿਚ ਵਿਆਹ ਨਹੀਂ ਕਰਦੇ। ਉਹ ਵਿਆਹ ਸਦਾ ਚਾਨਣੇ ਪੱਖ ਦੀ ਕਿਸੇ ਤਿੱਥ ਵਿਚ ਕਰਦੇ ਹਨ।

ਕਈ ਇਲਾਕਿਆਂ ਦੇ ਲੁਬਾਣਿਆਂ ਵਿਚ ਵਿਆਹ ਸਮੇਂ ਲੜਕੀ ਦੇ ਮਾਪੇ ਲੜਕੇ ਵਾਲਿਆਂ ਤੋਂ ਕੁਝ ਰਕਮ ਲੈਂਦੇ ਹਨ ਤੇ ਸੌਦੇਬਾਜ਼ੀ ਕੀਤੀ ਜਾਂਦੀ ਹੈ। ਇਹ ਸਾਰੀ ਰਕਮ 'ਬੋਲ' ਅਖਵਾਉਂਦੀ ਹੈ। ਅਜਿਹੀ ਰਕਮ ਵਿਚੋਂ ਅੱਧੀ ਰਕਮ, ਕੁੜਮਾਈ ਤੋਂ ਰਤਾ ਪਹਿਲਾਂ ਦਿਤੀ ਜਾਂਦੀ ਹੈ ਤੇ 'ਭਾਨ' ਅਖਵਾਉਂਦੀ ਹੈ। ਭਾਨ ਲੜਕੀ ਦੇ ਮਾਂ ਪਿਉ ਨੂੰ ਬਾਕਾਇਦਾ 101 ਨਰੇਲ ਦੀਆਂ ਠੂਠੀਆਂ ਤੇ ਕੁਝ ਮੌਲੀ ਦੇ ਧਾਗਿਆਂ ਸਮੇਤ ਦਿਤੀ ਜਾਂਦੀ ਹੈ। ਵਿਆਹ ਦੀ ਤਿੱਥ ਚੰਦਰਮਾਸ ਨੂੰ ਮੁੱਖ ਰਖ ਕੇ ਨੀਯਤ ਕੀਤੀ ਜਾਂਦੀ ਹੈ।

ਮਹਿੰਦੀ ਦੀ ਰਸਮ ਲੁਬਾਣਿਆਂ ਵਿਚ ਬੜੀ ਮਹੱਤਾ ਰਖਦੀ ਹੈ। ਵਿਆਹ ਤੋਂ ਪਹਿਲੀ ਰਾਤ, ਜਿਸ ਨੂੰ ਮਹਿੰਦੀ ਵਾਲੀ ਰਾਤ ਕਿਹਾ ਜਾਂਦਾ ਹੈ, ਲੜਕੀ ਦੇ ਹੱਥ ਪੈਰ ਮਹਿੰਦੀ ਨਾਲ ਰੰਗੇ ਜਾਂਦੇ ਹਨ। ਜੇ ਲੜਕੀ ਨੂੰ ਮਹਿੰਦੀ ਨਾ ਲਗਾਈ ਜਾਵੇ, ਤਾਂ ਜੰਞ ਇਸ ਨੂੰ ਕੁਸ਼ਗਨੀ ਸਮਝ ਕੇ ਵਾਪਸ ਮੁੜ ਜਾਂਦੀ ਹੈ।

ਵਿਆਹ ਤੋਂ ਚੌਥੇ ਦਿਨ 'ਪੰਚ ਪੜੋਪੀ' ਦੀ ਰੀਤ ਕੀਤੀ ਜਾਂਦੀ ਹੈ ਜਿਸ ਵਿਚ ਕੁੜਮਾਂ (ਕੁੜੀ ਦੇ ਸਹੁਰਿਆਂ) ਦੀ ਖਾਣ ਦੀ ਸਮਰੱਥਾ ਪਰਖੀ ਜਾਂਦੀ ਹੈ।

ਪੰਜਵੇਂ ਦਿਨ ਜੋੜਾ ਬਰਾਦਰੀ ਦੀਆਂ ਤੀਵੀਆਂ ਤੇ ਨੈਣ ਨੂੰ ਨਾਲ ਲੈ ਕੇ ਪਿੱਪਲ ਦੀ ਪੂਜਾ ਲਈ ਜਾਂਦਾ ਹੈ। ਨੈਣ ਜਾਂਦਿਆਂ ਆਉਂਦਿਆਂ ਗੀਤ ਗਾਂਦੀ ਜਾਂਦੀ ਹੈ। ਨੈਣ ਕੰਨਿਆਂ ਦਾ ਹੱਥ ਵਰ ਦੇ ਹੱਥ ਵਿਚ ਦੇ ਕੇ ਅਤੇ ਉਹ ਹੱਥ ਵਿਚ ਹੱਥ ਪਾ ਕੇ ਤਿੰਨ ਪ੍ਰਕਰਮਾ ਕਰਦੇ ਹਨ, ਇਸ ਪਿਛੋਂ ਮਠਿਆਈ ਵੰਡੀ ਜਾਂਦੀ ਹੈ। ਫਿਰ ਲਾੜ੍ਹੀ ਅਗੇ ਅਗੇ ਦੌੜਦੀ ਹੈ ਤੇ ਲੜਕਾ ਉਸ ਦੇ ਪਿਛੇ ਦੌੜ ਕੇ, ਉਸ ਨੂੰ ਫੜਦਾ ਹੈ। ਜਿਤਨਾ ਛੇਤੀ ਫੜੇ, ਉਤਨੀ ਉਸ ਦੇ ਬਲ ਤੇ ਫੁਰਤੀਲੇਪਨ ਦੀ ਮਹਿਮਾ ਹੁੰਦੀ ਹੈ।

ਵਿਆਹ ਦੇ ਛੇਵੇਂ ਦਿਨ ਬਲੀ ਦੀ ਰੀਤ ਕੀਤੀ ਜਾਂਦੀ ਹੈ। ਲੜਕੇ ਦਾ ਪਿਉ ਬਕਰਾ ਤਲਵਾਰ ਨਾਲ ਕਟਦਾ ਹੈ, ਫਿਰ ਉਸ ਦੇ ਮਾਸ ਨੂੰ ਰਿੰਨ੍ਹ ਕੇ, ਸਾਰੇ ਖਾਂਦੇ ਹਨ।

ਵਿਆਹ ਦੇ ਕੁਝ ਦਿਨ ਪਿਛੋਂ ਲੜਕਾ ਸੌਹਰੇ ਬਿਨਾਂ ਨਿਉਤਾ ਆਏ ਦੇ, ਜਾਂਦਾ ਹੈ ਤੇ ਚੋਖੇ ਦਿਨ, ਕਈ ਹਾਲਤਾਂ ਵਿਚ, ਮਹੀਨੇ ਤੋਂ ਉਪਰ, ਉਥੇ ਰਹਿੰਦਾ ਹੈ। ਮੁਕਲਾਵੇ ਦੀ ਰੀਤ ਵਿਆਹ ਤੋਂ ਪੰਜ ਸਾਲ ਬਾਅਦ ਕੀਤੀ ਜਾਂਦੀ ਹੈ, ਪਰ ਕਈ ਵਾਰ ਮੁਕਲਾਵੇ ਤੋਂ ਪਹਿਲਾਂ ਹੀ ਇਕ ਦੋ ਬੱਚੇ ਜੰਮ ਪੈਂਦੇ ਹਨ।

ਲੁਬਾਣਿਆਂ ਵਿਚ 'ਸਤੀ ਦੀ ਪੂਜਾ' ਵੀ ਕੀਤੀ ਜਾਂਦੀ ਹੈ (ਵੇਖੋ : ਸਤੀਆਂ)।

ਮਿਰਤੂ ਸਮੇਂ ਦੀਆਂ ਕੁਝ ਰੀਤਾਂ ਬੜੀਆਂ ਵਚਿੱਤਰ ਹਨ ਅਤੇ ਇਹ ਹਿੰਦੂਆਂ ਤੇ ਮੁਸਲਮਾਨਾਂ ਦੀਆਂ ਰੀਤਾਂ ਦਾ ਰਲਗਡ ਹਨ। ਲੁਧਿਆਣੇ ਦੇ ਲੁਬਾਣੇ ਕਿਸੇ ਪ੍ਰਾਣੀ ਨੂੰ ਅੰਤ ਸਮੇਂ ਹਿੰਦੂਆਂ ਵਾਂਙ ਹੀ ਧਰਤੀ ਮਾਤਾ ਦੀ ਗੋਦ ਵਿਚ ਲਿਟਾ ਦੇਂਦੇ ਹਨ, ਪਰ ਮਿਰਤੂ ਪਿਛੋਂ ਮ੍ਰਿਤਕ ਸਰੀਰ ਨੂੰ ਫਿਰ ਬਿਸਤਰੇ ਉਤੇ ਲੰਮਾ ਪਾ ਦੇਂਦੇ ਹਨ। ਸੱਜੇ ਪਾਸੇ ਅੱਗ ਬਾਲੀ ਜਾਂਦੀ ਹੈ ਅਤੇ ਸੱਜੇ ਹੱਥ ਨੂੰ ਅੱਗ ਨਾਲ ਦਾਗਿਆ ਜਾਂਦਾ ਹੈ। ਇਸ ਪਿਛੋਂ ਸਰੀਰ ਨੂੰ ਦਫਨ ਕਰ ਦਿਤਾ ਜਾਂਦਾ ਹੈ।

ਸਾਰੇ ਲੁਬਾਣੇ ਇਕੋ ਜਿਹਾ ਧਾਰਮਿਕ ਅਕੀਦਾ ਨਹੀਂ ਰਖਦੇ। ਕਈ ਦੇਵੀ ਪੂਜਦੇ ਹਨ; ਕਈ ਸਤੀ ਦੇਵੀ ਨੂੰ। ਕਈ ਲੁਬਾਣੇ ਸਿੱਖ ਹਨ ਤੇ ਗੁਰੂਆਂ ਨੂੰ ਪੂਜਦੇ ਹਨ। ਲੁਬਾਣੇ ਅੰਧ-ਵਿਸ਼ਵਾਸੀ ਹਨ ਤੇ ਜਾਦੂ ਟੂਣੇ ਅਤੇ ਜੰਤਰ ਮੰਤਰ 'ਤੇ ਵਿਸ਼ਵਾਸ ਕਰਦੇ ਹਨ। ਉਹ ਜੰਗਲ ਵਿਚ ਬ੍ਰਿਛਾਂ ਦੀ ਪ੍ਰੇਤ ਆਤਮਾ ਤੇ ਪ੍ਰਾਣੀ ਦੀ ਭੂਤ ਆਤਮਾ ਉਤੇ ਵਿਸ਼ਵਾਸ ਰਖਦੇ ਹਨ। ਜਿਥੇ ਕਿਧਰੇ ਵੀ ਲੁਬਾਣੇ ਰਹਿੰਦੇ ਹਨ, ਉਥੇ ਸਤੀ ਦਾ ਸਥਾਨ ਮਿਲਦਾ ਹੈ ਜਾਂ ਦੇਵੀ ਦਾ ਮੰਦਰ। ਕਈ ਲੁਬਾਣੇ ਗੁਗਾ ਨੌਮੀ ਉਤੇ ਸਰਪ ਦੀ ਪੂਜਾ ਵੀ ਕਰਦੇ ਹਨ ਅਤੇ ਤੀਵੀਆਂ ਦੁੱਧ, ਚੂਰੀ ਤੇ ਚਪਾਤੀਆਂ ਲੈ ਕੇ ਸੱਪ ਦੀ ਖੁੱਡ ਕੋਲ ਜਾਂਦੀਆਂ ਹਨ। ਦੁੱਧ ਖੁੱਡ ਵਿਚ ਪਾ ਦਿਤਾ ਜਾਂਦਾ ਹੈ ਤੇ ਚੂਰੀ ਤੇ ਚਪਾਤੀਆਂ ਕਮੀਆਂ ਵਿਚ ਵੰਡ ਦਿਤੀਆਂ ਜਾਂਦੀਆਂ ਹਨ।

ਪਿੱਪਲ ਪੂਜਾ ਦਾ ਵੀ ਰਵਾਜ ਹੈ, ਵਿਆਹ ਤੋਂ ਤੀਜੇ ਦਿਨ ਪਿਛੋਂ ਪਿੱਪਲ ਪੂਜਿਆ ਜਾਂਦਾ ਹੈ ਅਤੇ ਪਿੱਪਲ ਦੀ ਜੜ੍ਹ ਉਤੇ ਸੰਧੂਰ ਪਾਇਆ ਜਾਂਦਾ ਹੈ ਤੇ ਮੌਲੀ ਦੇ ਧਾਗੇ ਤਨੇ ਨਾਲ ਲਪੇਟੇ ਜਾਂਦੇ ਹਨ।

ਸਰਪ ਪੂਜਾ : ਲੁਬਾਣੇ ਗੁਗਾ ਨੌਮੀ ਉਤੇ ਸਰਪ ਪੂਜਦੇ ਹਨ। ਤੀਵੀਆਂ ਦੁੱਧ, ਚੂਰੀ ਤੇ ਰੋਟੀਆਂ ਲੈ ਕੇ ਸੱਪ ਦੀ ਖੁਡ ਕੋਲ ਪਹੁੰਚਦੀਆਂ ਹਨ। ਫਿਰ ਉਹ ਦੁਧ ਸੱਪ ਦੀ ਖੁਡ ਵਿਚ ਪਾ ਦੇਂਦੀਆਂ ਹਨ ਤੇ ਚੂਰੀ ਤੇ ਰੋਟੀਆਂ ਕਮੀ ਕਮੀਣਾਂ ਵਿਚ ਵੰਡ ਦੇਂਦੀਆਂ ਹਨ। ਕਈ ਵਾਰ ਭਾਟੜੇ ਪਹਿਲਾਂ ਤੋਂ ਹੀ ਚੂਰੀ ਤੇ ਰੋਟੀ ਲੈਣ ਲਈ ਉਥੇ ਬੈਠੇ ਹੁੰਦੇ ਹਨ। ਅਜੇਹੀ ਖੁਡ, ਜੋ ਪਿੰਡੋਂ ਬਾਹਰਵਾਰ ਹੁੰਦੀ ਹੈ 'ਬਾਂਬੀਆਂ' ਜਾਂ 'ਗੁਗਾ'

ਅਖਵਾਂਦੀ ਹੈ।

ਲੁਬਾਣਿਆਂ ਦੀਆਂ ਕੁਝ ਗੋਤਾਂ ਵਿਚ ਇਹ ਧਾਰਨਾ ਪ੍ਰਚਲਤ ਹੈ ਕਿ ਸਰਪ ਉਨ੍ਹਾਂ ਦੀ ਹੀ ਔਲਾਦ ਹਨ। ਜਾਪਦਾ ਹੈ ਕਿ ਕਿਸੇ ਵੇਲੇ ਸਰਪ ਇਨ੍ਹਾਂ ਦਾ ਟੋਟਿਮ ਸੀ।

ਕਾਂਗੜੇ ਵਿਚ, ਇਸਤ੍ਰੀਆਂ ਦੀ ਥਾਂ ਮਰਦ, ਗੁਗਾ ਨੌਮੀ ਨੂੰ ਸਰਪ ਪੂਜਾ ਕਰਦੇ ਹਨ। ਰੋਟੀਆਂ ਦੀ ਥਾਂ ਕੰਗੂ, ਧੂਪ ਤੇ ਚਾਵਲ ਅਤੇ ਫੁੱਲ ਭੇਟ ਕਰਦੇ ਹਨ।

(ਲ-65) **ਲੂੰਈ** :

ਮਨੁਖ ਦੇ ਸਰੀਰ ਦੇ ਰੋਮ; ਮਨੁਖ ਦੇ ਸਰੀਰ ਉਤੇ ਰੋਮ ਉਗਣ ਬਾਰੇ ਇਕ ਮਿਥਕ ਦੰਦ-ਕਥਾ ਪ੍ਰਚਲਤ ਹੈ—

ਜਦੋਂ ਆਦਮ ਨੂੰ ਜੰਨਤ ਵਿਚੋਂ ਬਾਹਰ ਧਕਿਆ ਗਿਆ ਤਾਂ ਉਸ ਦੇ ਸਰੀਰ ਉਤੇ ਕੋਈ ਰੋਮ ਨਹੀਂ ਸਨ। ਧਰਤੀ ਉਤੇ ਉਹ ਜਿਸ ਥਾਂ ਡਿੱਗਾ, ਉਥੇ ਜੰਗਲੀ ਘਾਹ 'ਉਲੇਹਾ' ਉਗਿਆ ਹੋਇਆ ਸੀ। ਉਸ ਦੇ ਨਿਕੇ ਨਿਕੇ ਕੰਡੇ ਆਦਮ ਦੇ ਸਾਰੇ ਸਰੀਰ ਉਤੇ ਚੰਮੜ ਗਏ ਤੇ ਰੋਮਾਂ ਦਾ ਰੂਪ ਧਾਰ ਕੇ ਉਸ ਦੇ ਜਿਸਮ ਦਾ ਸਦੀਵੀ ਅੰਗ ਬਣ ਗਏ।

(ਲ-66) **ਲੂਣ** :

ਲੂਣ ਖਾਣਾ 'ਵਫ਼ਾਦਾਰੀ' ਦਾ ਚਿੰਨ੍ਹ ਹੈ। 'ਲੂਣ ਖਾ ਕੇ ਹਰਾਮ ਕਰਨਾ' ਕਿਸੇ ਦੀ ਕੀਤੀ ਨਾ ਜਾਣਨ ਦੇ ਤੁਲ ਹੈ। ਗੁਰਬਾਣੀ ਵਿਚ ਵੀ ਆਉਂਦਾ ਹੈ—'ਲੂਣ ਹਰਾਮੀ ਗੁਨਾਹਗਾਰ ਮੰਦੇ ਹੂ ਮੰਦਾ'। ਇਕ ਅਖਾਣ ਵੀ ਹੈ—ਜਿਸ ਦਾ ਲੂਣ ਖਾਈਏ, ਉਸੇ ਦਾ ਜਸ ਗਾਈਏ।

ਲੂਣ ਖਾਣ ਦਾ ਸਿਧਾਂਤ ਮੁਸਲਮਾਨੀ ਸਾਮਰਾਜ ਨਾਲ ਹੀ ਭਾਰਤ ਵਿਚ ਪ੍ਰਵੇਸ਼ ਕੀਤਾ। ਸੁਤੰਤਰ ਭਾਰਤ ਵਿਚ ਇਸ ਸਿਧਾਂਤ ਦੀ ਕੋਈ ਲੋੜ ਨਹੀਂ ਸੀ, ਕਿਉਂ ਜੋ ਉਦੋਂ ਜ਼ਾਲਮ ਹਾਕਮਾਂ ਨਾਲ ਪੇਟ ਦੀ ਖ਼ਾਤਰ ਸਮਝੌਤਾ ਕਰਨ ਦੀ ਲੋੜ ਸੀ। ਮੁਗ਼ਲ ਸਾਮਰਾਜ ਦੇ ਵੇਲੇ, ਜਿਨ੍ਹਾਂ ਹਿੰਦੂਆਂ ਨੂੰ ਸਰਕਾਰੀ ਨੌਕਰੀ ਤੇ ਰਖਿਆ ਜਾਂਦਾ ਸੀ, ਉਨ੍ਹਾਂ ਦਾ ਭਰੋਸਾ ਜਿੱਤਣ ਲਈ ਇਸ ਸਿਧਾਂਤ ਦਾ ਪ੍ਰਚਲਤ ਹੋਣਾ ਲਾਭਵੰਦਾ ਸੀ, ਤਾਂ ਜੋ ਗ਼ੁਲਾਮ ਲੋਕ ਆਪਣੇ ਹਾਕਮਾਂ ਅਗੇ ਬੋਲ ਨਾ ਸਕਣ। ਇਹ ਸਿਧਾਂਤ ਉਨ੍ਹਾਂ ਮੁਲਕਾਂ ਵਿਚੋਂ ਹੀ ਆਇਆ ਜਾਪਦਾ ਹੈ, ਜਿਥੇ ਗ਼ੁਲਾਮੀ ਦਾ ਰਵਾਜ ਸੀ। ਗ਼ੁਲਾਮ ਮਾਲਕ ਦਾ ਲੂਣ ਖਾਂਦੇ ਹਨ, ਇਸ ਲਈ ਇਨ੍ਹਾਂ ਪ੍ਰਤੀ ਵਫ਼ਾਦਾਰੀ, ਇਨ੍ਹਾਂ ਦਾ ਫ਼ਰਜ਼ ਬਣਦਾ ਹੈ। ਇਸ ਤਰ੍ਹਾਂ ਸਰੀਰਕ ਤੌਰ ਤੇ ਗ਼ੁਲਾਮ ਹੋਣ ਦੇ ਨਾਲ ਨਾਲ ਮਾਨਸਿਕ ਤੌਰ 'ਤੇ ਵੀ ਗ਼ੁਲਾਮ ਹੋ ਜਾਂਦੇ ਸਨ।

ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਸਾਖੀਆਂ ਵਿਚ, ਲੂਣ ਨਾਲ ਸਬੰਧਿਤ ਇਕ ਦਿਲਚਸਪ ਸਾਖੀ ਮਿਲਦੀ ਹੈ :

ਇਕ ਚੋਰ ਗੁਰੂ ਨਾਨਕ ਦੇਵ ਜੀ ਕੋਲ ਆਇਆ ਤੇ ਕੋਈ ਉਪਦੇਸ਼ ਮੰਗਣ ਲੱਗਾ। ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਚੋਰੀ ਕਰਨ ਤੋਂ ਹਟਾਣਾ ਚਾਹਿਆ, ਪਰ ਚੋਰ ਨੇ ਆਪਣੀ ਮਜਬੂਰੀ ਦੱਸੀ। ਫਿਰ ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਕਿਹਾ ਕਿ ਚੋਰੀ ਕਰਨ ਲਗਿਆਂ ਜੇ ਕਿਸੇ ਦਾ ਲੂਣ ਖਾ ਲਏਂ ਤਾਂ ਉਥੇ ਚੋਰੀ ਨਹੀਂ ਕਰਨੀ।

ਚੋਰ ਨੇ ਮਹਿਲਾਂ ਵਿਚ ਸੰਨ੍ਹ ਲਗਾਈ। ਸਾਰਾ ਮਾਲ ਇਕ ਥਾਂ ਬੰਨ੍ਹ ਕੇ ਇਕੱਠਾ ਕਰ ਲਿਆ। ਪਰ ਭੁਖ ਸਖ਼ਤ ਲੱਗੀ ਹੋਣ ਕਰ ਕੇ, ਉਹ ਰਸੋਈ ਵਿਚ ਲੰਘ ਗਿਆ ਤੇ ਕੋਈ ਲੂਣੀ ਚੀਜ਼ ਖਾ ਲਈ। ਉਸੇ ਵੇਲੇ ਉਸ ਨੂੰ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਦਾ ਖ਼ਿਆਲ ਆਇਆ ਤੇ ਉਹ ਸਾਰੀ ਧਨ ਦੌਲਤ ਉਥੇ ਦਾ ਉਥੇ ਹੀ ਛੱਡ ਕੇ ਬਾਹਰ ਨਿਕਲ ਗਿਆ।

ਸਵੇਰੇ ਰਾਜੇ ਨੂੰ ਜਦੋਂ ਪਤਾ ਲੱਗਾ ਕਿ ਕੋਈ ਚੋਰ ਇਸ ਤਰ੍ਹਾਂ ਮਾਲ ਬੰਨ੍ਹ ਕੇ ਵਾਪਸ ਚਲਾ ਗਿਆ ਹੈ, ਤਾਂ ਉਹ ਬੜਾ ਹੈਰਾਨ ਹੋਇਆ। ਰਾਜ ਵਿਚ ਢੰਡੋਰਾ ਪਿਟਵਾਇਆ ਕਿ ਉਹ ਚੋਰ ਆ ਕੇ ਸਾਰੀ ਗੱਲ ਦਸੇ ਤਾਂ ਉਸ ਨੂੰ ਇਨਾਮ ਮਿਲੇਗਾ। ਚੋਰ ਨੇ ਸਾਰੀ ਗੱਲ ਦੱਸੀ। ਰਾਜੇ ਨੇ ਇਨਾਮ ਦਿਤਾ ਤੇ ਗੁਰੂ ਜੀ ਦਾ ਸਿੱਖ ਬਣ ਗਿਆ। ਚੋਰ ਨੇ ਚੋਰੀ ਛੱਡ ਦਿਤੀ।

ਇਹ ਕਹਾਣੀ ਇਸਲਾਮੀ ਦੇਸਾਂ ਵਿਚ ਵੀ ਥੋੜੇ ਬਹੁਤ ਅੰਤਰ ਨਾਲ ਪ੍ਰਚਲਤ ਹੈ।

(ਲ-67) **ਲੂਣਾ** :

ਰਾਜੇ ਸਲਵਾਨ ਦੀ ਸਭ ਤੋਂ ਛੋਟੀ ਰਾਣੀ ਤੇ ਪੂਰਨ ਭਗਤ ਦੀ ਮਤ੍ਰੇਈ ਤੇ ਰਾਜਾ ਰਸਾਲੂ ਦੀ ਸਕੀ ਮਾਂ।

ਲੂਣਾ ਦੇ ਜਨਮ ਬਾਰੇ ਇਕ ਦਿਲਚਸਪ ਦੰਦ-ਕਥਾ ਪ੍ਰਚਲਤ ਹੈ :

ਇਕ ਵਾਰ ਇਕ ਰਿਸ਼ੀ ਦਾ ਵੀਰਜ ਨਿਕਲਿਆ। ਰਿਸ਼ੀ ਨੇ ਉਸ ਨੂੰ ਇਕ ਫੁੱਲ ਵਿਚ ਪਾ ਕੇ ਉਹ ਫੁੱਲ ਦਰਿਆ ਵਿਚ ਰੋਹੜ ਦਿਤਾ, ਜਿਸ ਵਿਚ ਇਕ ਰਾਜਪੂਤ ਸ਼ਹਿਜ਼ਾਦੀ ਚੰਮੇਲੀ ਇਸ਼ਨਾਨ ਕਰ ਰਹੀ ਸੀ। ਸ਼ਹਿਜ਼ਾਦੀ ਨੇ ਫੁੱਲ ਨੂੰ ਪਕੜ ਲਿਆ ਤੇ ਸੁੰਘਿਆ ਅਤੇ ਉਸ ਨੂੰ ਗਰਭ ਠਹਿਰ ਗਿਆ। ਚੰਮੇਲੀ ਦੀ ਕੁਖੋਂ ਇਕ ਲੜਕੀ ਜੰਮੀ ਤੇ ਚੰਮੇਲੀ ਨੇ ਮਾਂ ਪਿਉ ਤੋਂ ਡਰਦਿਆਂ ਉਸ ਬੱਚੀ ਨੂੰ ਇਕ ਲਕੜੀ ਦੇ ਸੰਦੂਕ ਵਿਚ ਬੰਦ ਕਰਕੇ, ਦਰਿਆ ਵਿਚ ਰੋਹੜ ਦਿਤਾ। ਇਕ ਚੁਮਾਰ ਦਰਿਆ ਦੇ ਕੰਢੇ ਚਮੜੇ ਦੀਆਂ ਖੱਲਾਂ ਸਾਫ਼ ਕਰ ਰਿਹਾ ਸੀ, ਉਸ ਸੰਦੂਕ ਨੂੰ ਪਕੜ ਲਿਆ ਤੇ ਵਿਚੋਂ ਇਕ ਸੁੰਦਰ ਬੱਚੀ ਨੂੰ ਵੇਖ ਕੇ ਘਰ ਲੈ ਗਿਆ, ਪਰ ਖ਼ੁਦ ਚੁਮਿਆਰ ਹੋਣ ਕਰ ਕੇ, ਉਸ ਨੇ ਗਊ ਦਾ ਦੁੱਧ ਪਿਲਾ ਕੇ

ਉਸ ਨੂੰ ਪਾਲਿਆ। ਜਦੋਂ ਇਹ ਕੰਨਿਆਂ ਵੱਡੀ ਹੋ ਗਈ ਤਾਂ ਇਸ ਨੂੰ ਉਸ ਨੇ ਇਕ ਵੱਖਰਾ ਘਰ ਰਹਿਣ ਲਈ ਬਣਾ ਦਿਤਾ। ਇਹੋ ਕੁੜੀ ਲੂਣਾ ਦੇ ਨਾਂ ਨਾਲ ਪ੍ਰਸਿਧ ਹੋਈ।

ਇਕ ਦਿਨ ਰਾਜਾ ਸਲਵਾਨ ਸ਼ਿਕਾਰ ਖੇਡਦਾ ਭੁਲ ਭੁਲੇਖੇ ਇਧਰ ਆ ਨਿਕਲਿਆ। ਪਿਆਸੇ ਹੋਣ ਕਾਰਨ ਚੁਮਾਰ ਤੋਂ ਪਾਣੀ ਮੰਗਿਆ। ਚੁਮਿਆਰ ਨੇ ਰਾਜੇ ਨੂੰ ਉਸ ਲੜਕੀ ਦੇ ਘਰ ਜਾਣ ਲਈ ਭੇਜਿਆ, ਕਿਉਂ ਜੋ ਉਹ ਖ਼ੁਦ ਚੁਮਿਆਰ ਸੀ। ਕੁੜੀ ਜਿਸ ਦਾ ਨਾਂ ਲੂਣਾ ਸੀ, ਨੇ ਪਾਣੀ ਦਾ ਇਕ ਲੋਟਾ, ਰਾਜੇ ਕੋਲ ਭੇਜਿਆ ਤੇ ਲੋਟੇ ਨੂੰ ਆਪਣੇ ਹੱਥਾਂ ਨਾਲ ਕੱਢੇ ਇਕ ਰੁਮਾਲ ਨਾਲ ਉਪਰੋਂ ਢੱਕ ਦਿਤਾ। ਰਾਜੇ ਨੂੰ ਪਾਣੀ ਪੀਣਾ ਭੁਲ ਗਿਆ ਤੇ ਉਹ ਉਸ ਰੁਮਾਲ ਦੀ ਸੁੰਦਰ ਕਢਾਈ ਵਿਚ ਹੀ ਉਲਝ ਗਿਆ। ਰਾਜੇ ਨੂੰ ਜਦੋਂ ਪਤਾ ਲਗਾ ਕਿ ਇਹ ਰੁਮਾਲ ਲੂਣਾ ਦਾ ਕਢਿਆ ਹੋਇਆ ਹੈ ਤਾਂ ਰਾਜੇ ਨੇ ਲੂਣਾ ਨੂੰ ਵੇਖਣਾ ਚਾਹਿਆ, ਵੇਖਦੇ ਸਾਰ ਹੀ ਰਾਜਾ ਮੋਹਿਤ ਹੋ ਗਿਆ। ਤੇ ਵਿਆਹ ਲਈ ਬਿਨੈ ਕੀਤੀ। ਚੁਮਿਆਰ ਨੇ ਕੇਵਲ ਇਕੋ ਸ਼ਰਤ 'ਤੇ ਵਿਆਹ ਕਰਨ ਉਤੇ ਰਜ਼ਾਮੰਦੀ ਦਿਤੀ ਕਿ ਰਾਜਾ ਚੁਮਿਆਰ ਦੇ ਘਰੋਂ ਵਿਆਹ ਕੇ ਲੈ ਜਾਵੇ। ਰਾਜਾ ਮੰਨ ਗਿਆ ਤੇ ਲੂਣਾ ਰਾਣੀ ਬਣੀ।

ਲੂਣਾ ਬਾਰੇ ਪ੍ਰਚਲਤ ਹੈ ਕਿ ਉਹ ਅਛੂਤ ਘਰ ਦੀ ਲੜਕੀ ਸੀ, ਲੂਣਾ ਨੂੰ ਉੱਚੀ ਕੁੱਲ ਨਾਲ ਜੋੜਣ ਲਈ ਇਹ ਕਥਾ ਘੜ ਲਈ ਗਈ ਜਾਪਦੀ ਹੈ।

ਲੂਣਾ ਦਾ ਪੂਰਨ ਨੂੰ ਵੇਖਦੇ ਸਾਰ ਮੋਹਿਤ ਹੋ ਜਾਣਾ ਤੇ ਉਸ ਨੂੰ ਭੋਗ ਬਿਲਾਸ ਲਈ ਪ੍ਰੇਰਨਾ ਤੇ ਪੂਰਨ ਦੇ ਨਾ ਮੰਨਣ ਉਤੇ ਝੂਠੀ ਊਂਜ ਲਾ ਕੇ, ਉਸ ਦੇ ਹੱਥ ਪੈਰ ਕਟਵਾ ਕੇ ਖੂਹ ਵਿਚ ਸੁਟਣ ਦੀ ਕਥਾ ਬੜੀ ਪ੍ਰਚਲਤ ਹੈ।

ਪੂਰਨ ਜਦੋਂ ਜੋਗੀ ਬਣ ਕੇ ਸਿਆਲਕੋਟ ਆਇਆ ਤੇ ਲੂਣਾ ਦੇ ਆਪਣੇ ਕਸੂਰ ਮੰਨਣ ਉਤੇ ਉਸ ਨੇ ਲੂਣਾ ਦੇ ਘਰ ਔਲਾਦ ਹੋਣ ਲਈ ਵਰ ਦਿਤਾ। ਰਾਜਾ ਰਸਾਲੂ ਲੂਣਾ ਦੀ ਕੁਖ ਵਿਚੋਂ ਪੈਦਾ ਹੋਇਆ।

(ਲ-68) **ਲੂਤ** :

ਹਜ਼ਰਤ ਇਬਰਾਹੀਮ ਦਾ ਭਤੀਜਾ; ਰਵਾਇਤ ਹੈ ਕਿ ਜਦੋਂ ਸਦੂਮ ਸ਼ਹਿਰ ਬਰਬਾਦ ਹੋ ਗਿਆ ਅਤੇ ਹਜ਼ਰਤ ਇਬਰਾਹੀਮ ਦੀ ਸਾਰੀ ਵੰਸ਼ ਲਗਪਗ ਨਸ਼ਟ ਹੋ ਗਈ, ਤਾਂ ਲੂਤ ਦੀਆਂ ਧੀਆਂ ਨੇ ਆਪਣੇ ਪਿਤਾ ਨੂੰ ਸ਼ਰਾਬ ਵਿਚ ਮਦਹੋਸ਼ ਕਰ ਕੇ, ਜੰਗਲ ਵਿਚ ਹੀ, ਰਾਤ ਦੇ ਹਨੇਰੇ ਵਿਚ ਉਸ ਨਾਲ ਵਾਰੋ ਵਾਰੀ ਭੋਗ ਕੀਤਾ। ਉਨ੍ਹਾਂ ਕੰਨਿਆਵਾਂ ਦੇ ਗਰਭ ਵਿਚੋਂ ਜੋ ਦੋ ਪੁੱਤਰ ਜੰਮੇ, ਉਨ੍ਹਾਂ ਤੋਂ ਅਗੋਂ ਦੋ ਕੌਮਾਂ ਵਸੀਆਂ।

ਬਾਈਬਲ ਤੇ ਕੁਰਾਨ ਵਿਚ ਲੂਤ ਦੀ ਗਿਣਤੀ ਪੈਗੰਬਰਾਂ ਵਿਚ ਕੀਤੀ ਗਈ ਹੈ।

(ਲ-69) **ਲੂਨੀ** :

ਝੰਗ ਵਿਚ ਮਿਲਦੀ ਘੁਮਿਆਰਾਂ ਦੀ ਇਕ ਜਾਤੀ। ਲੂਨੀ ਆਪਣਾ ਪਿੱਛਾ ਜੱਟਾਂ ਨਾਲ ਜੋੜਦੇ ਹਨ। ਇਨ੍ਹਾਂ ਦੀਆਂ ਰੀਤਾਂ ਬਹੁਤੀਆਂ ਘੁਮਿਆਰਾਂ ਵਾਲੀਆਂ ਹਨ, ਪਰ ਇਨ੍ਹਾਂ ਵਿਚ ਹਰੇ ਰੰਗ ਦਾ ਕਪੜਾ ਤੇ ਨੀਲੇ ਰੰਗ ਦੀ ਧੋਤੀ ਅਥਵਾ ਲੰਗੋਟ ਬੰਨ੍ਹਣਾ ਨਿਸ਼ੇਧ ਹੈ। ਇਸ ਦਾ ਕਾਰਨ ਇਹ ਦਸਿਆ ਜਾਂਦਾ ਹੈ ਕਿ ਉਨ੍ਹਾਂ ਦੇ ਵਡਿਕਿਆਂ ਦੀ ਮਾੜੀ ਹਰੇ ਰੰਗ ਦੇ ਕਪੜੇ ਨਾਲ ਢੱਕੀ ਹੋਈ ਹੈ। ਇਸ ਲਈ ਹਰਾ ਰੰਗ ਉਨ੍ਹਾਂ ਲਈ ਪੁਰਖੀ ਸਤਿਕਾਰ ਦਾ ਵਾਚਕ ਹੈ। ਦੂਜਾ, ਇਨ੍ਹਾਂ ਦੇ ਇਕ ਪੂਰਵਜ ਦੀ ਹਲਕੇ ਕੁੱਤੇ ਦੇ ਵੱਢਣ ਨਾਲ ਮ੍ਰਿਤੂ ਹੋ ਗਈ। ਕਿਸੇ ਨੇ ਉਸ ਉਤੇ ਨੀਲਾ ਕਪੜਾ ਪਾ ਦਿਤਾ। ਉਦੋਂ ਤੋਂ ਨੀਲਾ ਕਪੜਾ ਅਪਸ਼ਗਨ ਦਾ ਚਿੰਨ੍ਹ ਮੰਨਿਆ ਜਾਣ ਲਗਾ। ਇਸ ਜਾਤੀ ਦੇ ਕੁਝ ਯੁਵਕ ਹਰਾ ਤੇ ਨੀਲਾ ਰੰਗ, ਦੂਜੇ ਰੰਗਾਂ ਵਿਚ ਰਲਾ ਕੇ ਪਹਿਨਣ ਲਗ ਪਏ ਹਨ।

(ਲ-70) **ਲੇਹਾ** :

ਇਕ ਕੀੜਾ ਜੋ ਰੇਸ਼ਮੀ ਤੇ ਊਨੀ ਕਪੜਿਆਂ ਨੂੰ ਲਗਦਾ ਹੈ। ਲੋਕਾਂ ਦਾ ਵਿਸ਼ਵਾਸ ਹੈ ਕਿ ਰੇਸ਼ਮ ਦੇ ਪਟ ਹੰਢਾਣ ਵਾਲੇ ਪਾਪੀ ਲੋਕ ਅਗਲੇ ਜਨਮ ਲੇਹਾ ਬਣਦੇ ਹਨ। ਅਖਾਣ ਹੈ:

ਜਿਨ੍ਹਾਂ ਪਟ ਹੰਢਾਏ ਸੋ ਬਣਸਨ ਲੇਹਾ।

(ਲ-71) **ਲੇਹੀ** :

ਜੱਟਾਂ ਦੀ ਇਕ ਗੋਤ; ਇਸ ਗੋਤ ਦੇ ਮੁੱਢ ਬਾਰੇ ਇਕ ਦੰਦ-ਕਥਾ ਹੈ। ਇਨ੍ਹਾਂ ਦਾ ਵਡਿਕਾ ਇਕ ਕੰਡਿਆਲੀ ਝਾੜੀ ਲੇਹ, ਜੋ ਹਾੜ੍ਹੀ ਦੀ ਫਸਲ ਵਿਚ ਹੁੰਦੀ ਹੈ, ਵਿਚੋਂ ਲੱਭਾ ਸੀ। ਇਸ ਤੋਂ ਬੱਚੇ ਦੀ ਅੱਲ ਲੇਹੀ ਪੈ ਗਈ ਤੇ ਉਸ ਦੀ ਔਲਾਦ ਲੇਹੀ ਅਖਵਾਈ।

(ਲ-72) **ਲੇਵਾ ਧੁਖਾਣਾ** :

ਪਸ਼ੂਆਂ ਦੀ ਨਜ਼ਰ ਹਟਾਣ ਲਈ ਟੂਣਾ; ਜਦੋਂ ਕੋਈ ਲਵੇਰਾ ਦੁੱਧ ਘਟ ਦੇਣ ਲਗ ਪਏ ਤੇ ਉਸ ਨੂੰ ਨਜ਼ਰ ਲਗ ਗਈ ਸਮਝੀ ਜਾਂਦੀ ਹੈ ਤਾਂ ਇਕ ਭਾਂਡੇ ਵਿਚ ਲਕੜੀ ਦੇ ਕੋਲਿਆਂ ਜਾਂ ਧੁਖਦੇ ਗੋਹੇ ਉਤੇ ਹਰਮਲ ਪਾ ਕੇ ਲਵੇਰਾ ਦੇ ਦੁਆਲੇ ਤਿੰਨ ਪ੍ਰਕਰਮਾ ਕੀਤੀਆਂ ਜਾਂਦੀਆਂ ਹਨ ਤੇ ਪਸ਼ੂ ਦੇ ਲੇਵੇ ਦੁਆਲੇ ਧੂਣੀ ਦਿਤੀ ਜਾਂਦੀ ਹੈ। ਇਸ ਕਰਮ ਕਾਂਡ ਨੂੰ 'ਲੇਵਾ ਧੁਖਾਣਾ' ਕਹਿੰਦੇ ਹਨ।

**(ਲ-73) ਲੈਲਾ :**

ਕਾਲੇ ਰੰਗ ਦੀ ਇਕ ਮੁਟਿਆਰ, ਜਿਸ ਨਾਲ ਕੈਸ ਦਾ ਇਸ਼ਕ ਹੋ ਗਿਆ ਸੀ। ਲੈਲਾ ਦਾ ਅਸਲੀ ਨਾਉਂ ਕੁਝ ਹੋਰ ਸੀ, ਪਰ ਰਾਤ ਵਾਂਗ ਸਿਆਹ ਹੋਣ ਕਰ ਕੇ ਉਹ ਲੈਲਾ ਦੇ ਨਾਂ ਨਾਲ ਪ੍ਰਸਿਧ ਹੋਈ। ਕੈਸ ਲੈਲਾ ਦੇ ਪਿਆਰ ਵਿਚ ਝੱਲਾ ਹੋ ਗਿਆ ਤੇ ਲੋਕੀਂ ਉਸ ਨੂੰ ਮਜਨੂੰ ਕਹਿਣ ਲਗੇ। ਲੈਲਾ ਮਜਨੂੰ ਦੀ ਪ੍ਰੀਤ ਕਥਾ ਦੇ ਕਿੱਸੇ ਕਈ ਕਵੀਆਂ ਨੇ ਲਿਖੇ।

**(ਲ-74) ਲੈਲਾਤ-ਅਲ-ਕਦਰ :**

ਰਮਜ਼ਾਨ ਦੇ ਮਹੀਨੇ ਦੀ 27ਵੀਂ ਰਾਤ, ਜੋ ਮੁਸਲਮਾਨੀ ਅਕੀਦੇ ਅਨੁਸਾਰ ਸੰਸਾਰ ਦੀ ਸਭਨਾਂ ਤੋਂ ਵਧ ਪਵਿਤ੍ਰ ਰਾਤ ਹੈ। ਮੁਸਲਮਾਨਾਂ ਦਾ ਵਿਸ਼ਵਾਸ ਹੈ ਕਿ ਇਸ ਰਾਤ ਨੂੰ ਕੀਤੀ ਹੋਈ ਇਬਾਦਤ ਇਕ ਹਜ਼ਾਰ ਮਹੀਨਿਆਂ ਦੀ ਇਬਾਦਤ ਦੇ ਬਰਾਬਰ ਪੁੰਨ ਰਖਦੀ ਹੈ। ਇਸ ਰਾਤ ਨੂੰ ਮੁਸਲਮਾਨ ਸਾਰੀ ਰਾਤ ਕੁਰਾਨ ਪੜ੍ਹਦੇ ਰਹਿੰਦੇ ਹਨ। ਇਸੇ ਰਾਤ ਫ਼ਰਿਸ਼ਤੇ ਆਕਾਸ਼ ਵਿਚੋਂ, ਧਰਤੀ ਉਤੇ ਉਤਰ ਕੇ ਲੋਕਾਂ ਦੇ ਪੁੰਨ ਪਾਪ ਦਾ ਚਿੱਠਾ ਤਿਆਰ ਕਰਦੇ ਹਨ। ਇਸ ਰਾਤ ਨਰਕ ਦੇ ਦਰਵਾਜ਼ੇ ਬੰਦ ਤੇ ਜੰਨਤ ਦੇ ਖੁਲੇ ਰਹਿੰਦੇ ਹਨ।

ਮੁਸਲਮਾਨਾਂ ਦਾ ਵਿਸ਼ਵਾਸ ਹੈ ਕਿ ਹਜ਼ਰਤ ਮੁਹੰਮਦ ਨੂੰ ਕੁਰਾਨ ਦਾ ਅਲਹਾਮ ਪਹਿਲੀ ਵਾਰ ਇਸੇ ਰਾਤ ਨੂੰ ਹੋਇਆ ਸੀ।

**(ਲ-75) ਲੈਲਾਤ-ਅਲ-ਬਰਾ :**

ਸ਼ਬਾਨ ਦੇ ਮਹੀਨੇ ਦੀ ਪੰਦਰਵੀ ਰਾਤ, ਜਦੋਂ ਮੁਸਲਮਾਨ, ਉਸ ਸਾਲ ਦੇ ਦਰਮਿਆਨ ਮਰ ਗਏ ਸਾਕਾਂ ਲਈ, ਇਬਾਦਤ ਕਰਦੇ ਹਨ। ਮੁਸਲਮਾਨਾਂ ਦਾ ਨਿਸਚਾ ਹੈ ਕਿ ਜੰਨਤ ਵਿਚ ਇਕ ਕੰਵਲ ਦਾ ਦਰਖ਼ਤ ਹੈ ਜਿਸ ਉਤੇ ਉਤਨੇ ਹੀ ਪੱਤੇ ਹਨ, ਜਿਤਨੇ ਸੰਸਾਰ ਵਿਚ ਜੀਵ। ਹਰ ਪੱਤੇ ਉਤੇ ਕਿਸੇ ਨਾ ਕਿਸੇ ਜੀਵ ਦਾ ਨਾਉਂ ਅੰਕਿਤ ਹੈ। ਰਾਤ ਵੇਲੇ ਸੂਰਜ ਡੁਬਣ ਤੋਂ ਮਗਰੋਂ, ਇਸ ਦਰਖ਼ਤ ਨੂੰ ਝੂਣਿਆ ਜਾਂਦਾ ਹੈ ਤੇ ਜਿਸ ਸ਼ਖ਼ਸ ਦੀ ਆਉਣ ਵਾਲੇ ਸਾਲ ਵਿਚ ਮੌਤ ਹੋਣੀ ਲਿਖੀ ਹੁੰਦੀ ਹੈ, ਉਸ ਦਾ ਪੱਤਾ ਡਿਗ ਪੈਂਦਾ ਹੈ।

ਇਸ ਰਾਤ ਨੂੰ ਮੁਸਲਮਾਨ ਕੁਰਾਨ ਦਾ 36ਵਾਂ ਸੂਰਾ ਪੜ੍ਹਦੇ ਹਨ।

**(ਲ-76) ਲੋਹੜੀ :**

ਲੋਹੜੀ ਪੰਜਾਬ ਦਾ ਇਕ ਪ੍ਰਸਿਧ ਤਿਉਹਾਰ ਹੈ, ਜੋ ਮਾਹ ਦੀ ਸੰਗਰਾਂਦ ਦੀ ਪੂਰਵ ਸੰਧਿਆ ਨੂੰ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦੀਆਂ ਤਿਆਰੀਆਂ ਦੋ ਤਿੰਨ ਹਫ਼ਤੇ ਜਾਂ ਮਹੀਨਾ ਪਹਿਲਾਂ ਹੀ ਸ਼ੁਰੂ ਹੋ ਜਾਂਦੀਆਂ ਹਨ। ਪਿੰਡ ਦੇ ਮੁੰਡੇ ਕੁੜੀਆਂ ਜਾਂ ਸ਼ਹਿਰਾਂ ਵਿਚ ਮਹੱਲੇ ਮਹੱਲੇ ਦੇ ਕੁੜੀਆਂ ਮੁੰਡੇ, ਨਿੱਕੀਆਂ ਨਿੱਕੀਆਂ ਢਾਣੀਆਂ ਬਣਾ ਕੇ ਬੂਹੇ ਬੂਹੇ ਤੋਂ ਲੋਹੜੀ ਲਈ, ਹਰ ਸ਼ਾਮ ਨੂੰ ਬਾਲਣ ਮੰਗਦੇ ਹਨ। ਤੇ ਇਕ ਥਾਂ ਜੇ ਵੱਡਾ ਪਿੰਡ/ਸ਼ਹਿਰ ਹੋਵੇ ਤਾਂ ਕਈ ਵੱਖੋ ਵੱਖਰੀ ਥਾਈਂ ਲਕੜੀ ਤੇ ਪਾਥੀਆਂ ਇਕੱਠੀਆਂ ਕਰਦੇ ਜਾਂਦੇ ਹਨ।

ਲੋਹੜੀ ਲਈ ਬਾਲਣ ਵੀ, ਇਕ ਖ਼ਾਸ ਰਸਮੀ ਢੰਗ ਨਾਲ, ਮੰਗਿਆ ਜਾਂਦਾ ਹੈ। ਇਹ ਖ਼ੈਰ ਨਹੀਂ ਸਮਝੀ ਜਾਂਦੀ ਸਗੋਂ ਲਾਗ ਹੁੰਦੀ ਹੈ। ਲੋਹੜੀ ਮੰਗਣ ਆਈਆਂ ਢਾਣੀਆਂ ਨੂੰ, ਖ਼ਾਲੀ ਭੇਜਣਾ ਬੜੀ ਬਦਸ਼ਗਨੀ ਗਿਣੀ ਜਾਂਦੀ ਹੈ। ਕੇਵਲ ਉਹ ਘਰ ਜਿਨ੍ਹਾਂ ਦੇ ਉਸ ਸਾਲ ਕੋਈ ਮੌਤ ਹੋਈ ਹੋਵੇ, ਤੇ ਲੋਹੜੀ ਦਾ ਤਿਉਹਾਰ ਸੋਗ ਵਿਚ ਮਨਾਉਣਾ ਹੋਵੇ, ਉਸ ਘਰ ਨੂੰ ਛੱਡਿਆ ਜਾਂਦਾ ਹੈ।

ਮੁੰਡੇ ਕੁੜੀਆਂ ਦੀਆਂ ਢਾਣੀਆਂ ਲੋਹੜੀ ਮੰਗਣ ਵੇਲੇ ਗੀਤ ਗਾਂਦੀਆਂ ਹਨ। ਲੋਹੜੀ ਦੇ ਬਹੁਤੇ ਗੀਤ ਬੜੇ ਪੁਰਾਣੇ ਹਨ ਤੇ ਪਰੰਪਰਾ ਤੋਂ ਚਲੇ ਆ ਰਹੇ ਹਨ। ਇਹ ਗੀਤ ਲੋਕ ਧਾਰਨਾ ਵਿਚ ਗਾਏ ਜਾਂਦੇ ਹਨ। ਸ਼ਬਦ ਭਾਵੇਂ ਸਾਧਾਰਨ ਹੁੰਦੇ ਹਨ, ਪਰ ਧਾਰਨਾ ਵਿਚ ਚੰਗਾ ਰਸ ਭਰ ਜਾਂਦਾ ਹੈ। ਜਿਵੇਂ ਹੇਠਲੇ ਗੀਤ ਵਿਚ ਢਾਣੀ ਦੇ ਕੁਝ ਮੁੰਡੇ ਤੁਕਾਂ ਪੜ੍ਹਦੇ ਹਨ ਤੇ ਬਾਕੀ ਰਲ ਕੇ 'ਹੋ' ਕਹਿੰਦੇ ਹਨ:

ਸੁੰਦਰ ਮੁੰਦਰੀਏ, ਹੋ
ਤੇਰਾ ਕੌਣ ਵਿਚਾਰਾ, ਹੋ
ਦੁੱਲਾ ਭੱਟੀ ਵਾਲਾ, ਹੋ
ਦੁੱਲੇ ਧੀ ਵਿਆਹੀ, ਹੋ
ਸੇਰ ਸ਼ਕਰ ਪਾਈ, ਹੋ
ਕੁੜੀ ਦੇ ਬੋਝੇ ਪਾਈ, ਹੋ
ਕੁੜੀ ਦਾ ਲਾਲ ਪਟਾਕਾ, ਹੋ
ਕੁੜੀ ਦਾ ਸਾਲੂ ਪਾਟਾ, ਹੋ
ਸਾਲੂ ਕੌਣ ਸਮੇਟੇ, ਹੋ
ਚਾਚਾ ਗਾਲੀ ਦੇਸੀ, ਹੋ
ਚਾਚੇ ਚੂਰੀ ਕੁਟੀ, ਹੋ
ਜ਼ਿਮੀਂਦਾਰਾਂ ਲੁਟੀ, ਹੋ
ਜ਼ਿਮੀਂਦਾਰ ਸਦਾਓ, ਹੋ
ਗਿਣ ਗਿਣ ਪੌਲੇ ਲਾਓ, ਹੋ
ਇਕ ਪੌਲਾ ਘੁਸ ਗਿਆ, ਹੋ
ਜ਼ਿਮੀਂਦਾਰ ਵਹੁਟੀ ਲੈ ਕੇ ਨਸ ਗਿਆ, ਹੋ।

ਗੀਤ ਦੇ ਅਖ਼ੀਰ ਵਿਚ, ਲੋਹੀ ਦਾ ਬਾਲਣ ਦੇਣ ਦਾ ਮਹਾਤਮ ਦਸਦਿਆਂ ਗਾਂਦੇ ਹਨ:

ਜਿਹੜਾ ਦੇਸੀ, ਗੋਹਿਆ, ਗੋਹਿਆ
ਉਹ ਖਾਸੀ ਖੋਇਆ, ਖੋਇਆ।
ਜਿਹੜਾ ਦੇਸੀ ਲੱਕੜ, ਲੱਕੜ
ਉਹ ਖਾਸੀ ਸ਼ੱਕਰ, ਸ਼ੱਕਰ।

ਜੇ ਕੋਈ ਲੋਹੜੀ ਦਾ ਬਾਲਣ ਨਾ ਦੇਵੇ ਤਾਂ ਲੋਹੜੀ ਮੰਗਣ ਵਾਲੀਆਂ ਢਾਣੀਆਂ ਕਈ ਵਾਰੀ ਅੜ ਕੇ ਖਲੋ ਜਾਂਦੀਆਂ ਹਨ ਤੇ ਮਿਹਣੇ ਮਾਰਦੀਆਂ ਹਨ :

ਕੁੜੀਆਂ : ਸਾਡੇ ਪੈਰਾਂ ਹੇਠ ਸਲਾਈਆਂ
ਅਸੀਂ ਕਿਹੜੇ ਵੇਲੇ ਦੀਆਂ ਆਈਆਂ
ਮੁੰਡੇ : ਸਾਡੇ ਪੈਰਾਂ ਹੇਠ ਰੋੜ
ਸਾਨੂੰ ਛੇਤੀ ਛੇਤੀ ਤੋਰ।

ਜਿਹੜਾ ਘਰ ਲੋਹੜੀ ਨਾ ਦੇਵੇ, ਉਸ ਨੂੰ ਮਿਠੇ ਮਿਠੇ ਨਿਹੋਰੇ ਦੇਣੋਂ ਵੀ ਨਹੀਂ ਟਲਦੇ, ਪਰ ਇਹ ਸਭ ਕੁਝ ਤੁਕਬੰਦੀ ਦੇ ਆਸਰੇ ਕੀਤਾ ਜਾਂਦਾ ਹੈ, ਜੋ ਮਸ਼ਕਰੀ ਦੀ ਮਸ਼ਕਰੀ ਬਣ ਜਾਂਦਾ ਹੈ ਤੇ ਮਿਹਣੇ ਦਾ ਮਿਹਣਾ :

ਹੁੱਕਾ ਭਈ ਹੁੱਕਾ
ਇਹ ਘਰ ਭੁੱਖਾ।

ਜਦੋਂ ਲੋਹੜੀ ਦਾ ਦਿਨ ਆਉਂਦਾ ਹੈ ਤਾਂ ਗਲੀ ਮਹੱਲੇ ਦੇ ਲੋਕ ਇਕੱਠੇ ਹੋ ਕੇ ਸ਼ਾਮ ਨੂੰ ਲੋਹੜੀ ਬਾਲਦੇ ਹਨ। ਜਿਸ ਘਰ ਇਸ ਸਾਲ ਮੁੰਡਾ ਜੰਮਿਆ ਹੋਵੇ ਜਾਂ ਵਿਆਹ ਹੋਇਆ ਹੋਵੇ ਤਾਂ ਪਹਿਲੀ ਲੋਹੜੀ ਸ਼ਗਨਾਂ ਦੀ ਮਨਾਈ ਜਾਂਦੀ ਹੈ ਤੇ ਆਪਣੇ ਬੂਹੇ ਅਗੇ ਲੋਹੜੀ ਬਾਲੀ ਜਾਂਦੀ ਹੈ। ਤੇ ਗੁੜ, ਦਾਣੇ ਤੇ ਰਿਉੜੀਆਂ ਚਿੜਵੇ ਆਦਿ ਵੰਡੇ ਜਾਂਦੇ ਹਨ। ਜਿਨ੍ਹਾਂ ਪਿੰਡਾਂ ਵਿਚ ਇਕੱਠੀ ਲੋਹੜੀ ਇਕ ਥਾਂ ਬਲਦੀ ਹੈ, ਉਥੇ ਇਸ ਵਰ੍ਹੇ ਜੰਮਿਆ ਮੁੰਡਾ ਜਾਂ ਵਿਆਹੇ ਜੋੜਿਆਂ ਤੋਂ ਗੁੜ, ਦਾਣੇ, ਚਿੜਵੇ ਰਿਉੜੀਆਂ ਆ ਜਾਂਦੀਆਂ ਹਨ ਤੇ ਕੋਈ ਸਾਂਝਾ ਵਰਤਾਵਾ ਲੋਹੜੀ ਦੇ ਗਿਰਦ ਬੈਠੇ ਲੋਕਾਂ ਵਿਚ ਵੰਡ ਦੇਂਦਾ ਹੈ।

ਮੁੰਡੇ ਕੁੜੀਆਂ ਲੋਹੜੀ ਦੀ ਅੱਗ ਸੇਕਦੇ, ਧਮਾਲਾਂ ਪਾਂਦੇ ਗੀਤ ਗਾਂਦੇ ਵਕਤ ਗੁਜ਼ਾਰਦੇ ਹਨ। ਲੋਹੜੀ ਪੂਜੀ ਵੀ ਜਾਂਦੀ ਹੈ। ਲੋਹੜੀ ਨੂੰ ਦੇਵੀ ਮੰਨ ਕੇ ਸੁਖਣਾਂ ਵੀ ਸੁਖੀਆਂ ਜਾਂਦੀਆਂ ਹਨ। ਜੇ ਪੁਤਰ ਦੀ ਸੁੱਖ ਪੂਰੀ ਹੋ ਜਾਵੇ ਤਾਂ ਲੋਹੜੀ ਦੇਵੀ ਨੂੰ ਚਰਖਾ ਵੀ ਭੇਟ ਕੀਤਾ ਜਾਂਦਾ ਹੈ, ਜੋ ਹੋਰ ਬਾਲਣ ਨਾਲ ਅੱਗ ਵਿਚ ਸੁਟ ਦਿਤਾ ਜਾਂਦਾ ਹੈ। ਲੋਹੜੀ ਦੇ ਆਸ ਪਾਸ ਗੇੜੇ ਕਟ ਕੇ ਫਿਰ ਲੋਹੜੀ ਦੀ ਅਗਨ ਨੂੰ ਗੁੜ, ਚਿੜਵੇ ਤੇ ਦਾਣੇ ਆਦਿ ਭੇਟਾ ਕੀਤੇ ਜਾਂਦੇ ਹਨ। ਲੋਹੜੀ ਦੀ ਅੱਗ ਵਿਚ ਤਿਲ, ਚਿੜਵੇ ਸੁਟ ਕੇ ਕਿਹਾ ਜਾਂਦਾ ਹੈ—

ਜਿਤਨੇ ਜਠਾਣੀ ਤਿਲ ਸੁਟੇਗੀ
ਉਤਨੇ ਦਰਾਣੀ ਪੁਤ ਜਣੇਸੀ।

ਲੋਹੜੀ ਦੇ ਤਿਉਹਾਰ ਦੇ ਮੁੱਢ ਬਾਰੇ ਕਈ ਵਿਚਾਰ ਹਨ। ਧਾਰਨਾ ਹੈ ਕਿ ਲੋਹੜੀ ਪੰਜਾਬ ਵਿਚ ਪ੍ਰਚਲਤ ਕਿਸੇ ਸਮੇਂ ਸੂਰਜ ਦੇਵਤੇ ਦੀ ਪੂਜਾ ਦੀ ਹੀ ਰਹਿੰਦ ਹੈ। ਕੱਤਕ ਵਿਚ ਸੂਰਜ ਧਰਤੀ ਤੋਂ ਕਾਫ਼ੀ ਦੂਰ ਹੁੰਦਾ ਹੈ ਤੇ ਉਸ ਦੀਆਂ ਕਿਰਨਾਂ ਧਰਤੀ ਉਤੇ ਪਹੁੰਚਦਿਆਂ ਬਹੁਤੀਆਂ ਗਰਮ ਨਹੀਂ ਰਹਿੰਦੀਆਂ। ਪੁਰਾਣੇ ਆਦਿਮਵਾਸੀ ਇਸ ਪ੍ਰਕਿਰਿਆ ਨੂੰ ਸੂਰਜ ਦੀ ਤਪਸ਼ ਦੇ ਘਟ ਜਾਣ ਨਾਲ ਜੋੜਦੇ ਸਨ ਤੇ ਸੂਰਜ ਦੇ ਚਾਨਣ ਤੇ ਤਪਸ਼ ਨੂੰ ਮੁੜ ਸੁਰਜੀਤ ਕਰਨ ਲਈ ਲੋਹੜੀ ਦੀ ਅੱਗ ਬਾਲੀ ਜਾਂਦੀ ਸੀ। ਇਹ ਲੋਕ-ਮਨ ਦੀ ਹੀ ਇਕ ਪ੍ਰਵਿਰਤੀ ਸੂਰਜ ਨੂੰ ਰੋਸ਼ਨੀ ਤੇ ਗਰਮੀ ਦੇਣ ਦਾ ਪੁਰਾਤਨ ਲੋਕਧਾਰਾਈ ਢੰਗ ਸੀ। ਇਸ ਲਈ ਲੋਹੜੀ ਦੇ ਪਿਛੇ ਸਾਡੇ ਆਦਿਮ ਵਿਸ਼ਵਾਸ ਤੇ ਰੁਚੀਆਂ ਲੁਕੀਆਂ ਪਈਆਂ ਹਨ। ਬਾਅਦ ਵਿਚ ਅਸਾਂ ਇਸ ਤਿਉਹਾਰ ਨਾਲ ਕਈ ਕਥਾਵਾਂ ਜੋੜ ਲਈਆਂ, ਪਰ ਮੁੱਢ ਇਸ ਦਾ ਸੂਰਜ ਪੂਜਾ ਤੋਂ ਹੀ ਬਝਿਆ ਜਾਪਦਾ ਹੈ। ਇਸ ਦਿਨ ਸੂਰਜ ਦਖਸ਼ਣਾਇਣ ਵਿਚੋਂ ਉਤਰਾਇਣ ਵਿਚ ਦਾਖ਼ਲ ਹੁੰਦਾ ਹੈ। ਸੁਤੇ ਦੇਵਤੇ ਜਾਗ ਪੈਂਦੇ ਹਨ।

ਲੋਹੜੀ ਨੂੰ ਪੁਰਾਤਨ ਸਮੇਂ ਦੀ ਇਕ ਹੋਰ ਪਰੰਪਰਾ ਨਾਲ ਵੀ ਜੋੜਿਆ ਜਾ ਸਕਦਾ ਹੈ। ਪੁਰਾਣੇ ਸਮਿਆਂ ਵਿਚ ਹਰ ਘਰ ਵਿਚ ਰਾਤ ਨੂੰ ਅੱਗ ਸਵਾਹ ਵਿਚ ਦੱਬ ਘੁਟ ਕੇ ਰਖ ਦਿਤੀ ਜਾਂਦੀ ਸੀ ਤੇ ਸਵੇਰੇ ਉਨ੍ਹਾਂ ਵਾਂਡਿਆਂ ਨੂੰ ਹੀ ਸਵਾਹ ਵਿਚੋਂ ਕਢ ਕੇ ਉਪਰ ਕੱਖ ਕਾਨੇ ਪਾ ਕੇ ਮੁੜ ਅੱਗ ਬਾਲ ਲਈ ਜਾਂਦੀ ਸੀ। ਕਈ ਘਰਾਂ ਵਿਚ ਜੇ ਅਚਨਚੇਤੀ ਮੀਂਹ ਕਣੀ ਕਾਰਨ ਜਾਂ ਕਿਸੇ ਹੋਰ ਕਾਰਨ ਅੱਗ ਬੁਝ ਜਾਵੇ ਤਾਂ ਦੂਜੇ ਘਰਾਂ ਤੋਂ ਅੱਗ ਮੰਗ ਕੇ ਚੁਲ੍ਹੇ ਵਿਚ ਬਾਲਣੀ ਪੈਂਦੀ ਸੀ। ਇਸ ਨਾਲ ਅਗਨੀ ਦੇਵਤਾ ਖ਼ੁਸ਼ ਨਹੀਂ ਸੀ ਰਹਿੰਦਾ। ਸੋ ਹਰ ਸਾਲ ਲੋਹੜੀ 'ਤੇ ਇਕ ਵੱਡੀ ਅੱਗ ਬਾਲੀ ਜਾਂਦੀ, ਜਿਥੇ ਨਾ ਸਿਰਫ਼ ਸਭ ਦੇ ਘਰਾਂ ਵਿਚੋਂ ਬਾਲਣ ਹੀ ਆਉਂਦਾ ਸੀ, ਸਗੋਂ ਅੱਗ ਵੀ। ਤੇ ਇਸ ਸਾਂਝੀ ਅੱਗ ਵਿਚੋਂ ਨਵੀਂ ਅੱਗ ਲੈ ਕੇ, ਫਿਰ ਚੁਲ੍ਹੇ ਵਿਚ ਦੱਬ ਦਿਤੀ ਜਾਂਦੀ ਸੀ। ਲੋਹੜੀ ਵਾਲੇ ਦਿਨ ਲੋਕਾਂ ਵਿਚ ਲੋਹੜੀ ਦੀ ਧੂਣੀ ਦੀ ਅੱਗ ਘਰ ਲੈ ਜਾਣ ਦਾ ਰਵਾਜ ਹੁਣ ਤਕ ਚਲਿਆ ਆ ਰਿਹਾ ਹੈ।

ਲੜਕੀਆਂ ਦੀਆਂ ਢਾਣੀਆਂ, ਜੋ ਗੀਤ ਗਾਂਦੀਆਂ ਹਨ, ਕਈ ਵਾਰ ਉਨ੍ਹਾਂ ਗੀਤਾਂ ਦੇ ਬੋਲ ਵੱਖਰੇ ਹੁੰਦੇ ਹਨ :

ਹੁਲੇ ਨੀ ਮਾਏ ਹੁਲੇ
ਦੋ ਬੇਰੀ ਪੱਤਰ ਝੁਲੇ
ਦੋ ਝੁਲ ਪਈਆਂ ਖਜੂਰਾਂ
ਖਜੂਰਾਂ ਸੁਟਿਆ ਮੇਵਾ
ਇਸ ਮੁੰਡੇ ਦਾ ਕਰੋ ਮੰਗੇਵਾ...

ਮੁੰਡੇ ਦੀ ਵਹੁਟੀ ਨਿਕੜੀ
ਘਿਉ ਖਾਂਦੀ ਚੂਰੀ ਕੁਟਦੀ
ਵਹੁਟੀ ਕੁਟ ਕੁਟ ਭਰਿਆ ਥਾਲ
ਵਹੁਟੀ ਬਹੇ ਨਨਾਣਾਂ ਨਾਲ
ਨਨਾਣ ਵੱਡੀ ਕਿ ਭਰਜਾਈ
ਸੌ ਕੁੜਮਾਂ ਦੇ ਘਰ ਆਈ ।

ਲੋਹੜੀ ਦੇ ਗੀਤਾਂ ਵਿਚ ਇਤਿਹਾਸ ਦੇ ਕਈ ਸਫ਼ੇ ਛੁਪੇ ਹੋਏ ਹਨ ਜਿਵੇਂ ਦੁੱਲਾ ਭੱਟੀ ਦੀ ਦੰਦ-ਕਥਾ ਦਾ ਵੇਰਵੇ ਨਾਲ ਜ਼ਿਕਰ ਹੈ ।

(ਲ-77) **ਲੋਹਾ** :

ਲੋਹੇ ਨਾਲ ਅਨੇਕਾਂ ਵਿਸ਼ਵਾਸ ਜੁੜੇ ਪਏ ਹਨ । ਜਿਨ੍ਹਾਂ ਦਾ ਮੁੱਢ ਸ਼ਾਇਦ ਉਸ ਜ਼ਮਾਨੇ ਵਿਚ ਬਝਿਆ ਜਦੋਂ ਪੱਥਰ-ਯੁੱਗ ਦੀ ਸਮਾਪਤੀ ਉਤੇ, ਲੋਹੇ ਦਾ ਯੁੱਗ ਸ਼ੁਰੂ ਹੋਇਆ । ਪੱਥਰ-ਯੁੱਗ ਦੇ ਪੁਰਾਣੇ ਲਕ ਲੋਹੇ ਨੂੰ ਨਵੇਂ ਯੁੱਗ ਦੀ ਖੋਜ ਸਮਝ ਕੇ, ਇਸ ਨੂੰ ਸੰਦੇਹ ਨਾਲ ਵੇਖਦੇ ਸਨ । ਕਿਉਂ ਜੋ ਹਰ ਨਵੀਂ ਵਸਤੂ ਪਹਿਲਾਂ ਆਦਿਮ ਮਨੁੱਖ ਵਿਚ ਭੈਅ ਪੈਦਾ ਕਰਦੀ ਸੀ ।

ਜੇ ਲੋਹਾ ਕੋਲ ਹੋਵੇ ਤਾਂ ਕੋਈ ਬਦਰੂਹ ਜਾਂ ਭੂਤ-ਪ੍ਰੇਤ ਨੇੜੇ ਨਹੀਂ ਢੁਕਦਾ । ਇਹ ਵਿਸ਼ਵਾਸ ਲੋਹੇ ਦੇ ਯੁੱਗ ਦੇ ਲੋਕਾਂ ਵਿਚ ਉਦੋਂ ਪੈਦਾ ਹੋਇਆ ਹੋਣੈ, ਜਦੋਂ ਉਨ੍ਹਾਂ ਨੇ ਪੱਥਰ ਯੁੱਗ ਦੇ ਲੋਕਾਂ ਦੀ ਲੋਹੇ ਪ੍ਰਤੀ ਭੈਅ ਤੇ ਘ੍ਰਿਣਾ ਦੀ ਭਾਵਨਾ ਵੇਖੀ ਹੋਣੀ ਹੈ । ਸ਼ਾਇਦ ਲੋਹੇ ਪ੍ਰਤੀ ਉਨ੍ਹਾਂ ਦੀ ਇਤਨੀ ਘ੍ਰਿਣਾ ਹੋਵੇ ਕਿ ਉਹ ਉਨ੍ਹਾਂ ਲੋਕਾਂ ਦੇ ਨੇੜੇ ਨਾ ਢੁੱਕਦੇ ਹੋਣ ਜਿਨ੍ਹਾਂ ਲੋਹੇ ਦੀ ਕੋਈ ਚੀਜ਼ ਪਹਿਨੀ ਹੋਵੇ ।

ਜਦੋਂ ਕੋਈ ਬੱਚਾ ਜੰਮਦਾ ਹੈ ਤਾਂ ਉਸ ਦੇ ਸਿਰ੍ਹਾਣੇ ਹੇਠਾਂ ਛੁਰੀ, ਕਿਰਪਾਨ ਜਾਂ ਲੋਹੇ ਦੀ ਕੋਈ ਹੋਰ ਚੀਜ਼ ਰਖ ਦਿਤੀ ਜਾਂਦੀ ਹੈ ਤਾਂ ਜੋ ਕੋਈ ਬਦਰੂਹ ਨੇੜੇ ਨਾ ਢੁੱਕੇ । ਪੰਜਾਬੀਆਂ ਦਾ ਵਿਸ਼ਵਾਸ ਹੈ ਕਿ ਛੋਟੇ ਬੱਚੇ ਉਤੇ ਬਦਰੂਹਾਂ ਛੇਤੀ ਅਸਰ ਕਰਦੀਆਂ ਹਨ ।

ਨਵੇਂ ਮਕਾਨ ਦੇ ਬੂਹੇ ਦੀ ਚੁਗਾਠ ਦੀ ਉਪਰਲੀ ਲੱਕੜ ਨਾਲ ਘੋੜੇ ਦੀ ਨਾਲ੍ਹ ਪੱਕੀ ਤਰ੍ਹਾਂ ਠੋਕ ਦਿਤੀ ਜਾਂਦੀ ਹੈ । ਵਿਸ਼ਵਾਸ ਹੈ ਕਿ ਲੋਹਾ ਭੂਤਾਂ, ਪ੍ਰੇਤਾਂ ਤੇ ਹੋਰ ਬਦਰੂਹਾਂ ਨੂੰ ਅੰਦਰ ਆਉਣ ਤੋਂ ਰੋਕਣ ਵਿਚ ਸਹਾਇਕ ਹੋਵੇਗਾ ।

ਲੋਹੇ ਦੇ ਭਾਂਡੇ ਨੂੰ ਹਿੰਦੂ ਅਪਵਿਤ੍ਰ ਮੰਨਦੇ ਹਨ (ਅਤ੍ਰਿ ਸਿਮ੍ਰਿਤਿ ਸ੍ਰ. 150) ਪਰ ਸਿੱਖ ਧਰਮ ਅਨੁਸਾਰ ਲੋਹੇ ਦਾ ਭਾਂਡਾ ਸਭ ਤੋਂ ਵਧ ਪਵਿਤ੍ਰ ਹੈ । ਸਿੱਖਾਂ ਵਿਚ ਅੰਮ੍ਰਿਤ ਲੋਹੇ ਦੇ ਬਾਟੇ ਵਿਚ ਹੀ ਤਿਆਰ ਕਰ ਕੇ ਛਕਾਇਆ ਜਾਂਦਾ ਹੈ ।

ਲੋਹਾ ਖੜਕਾਉਣਾ ਅਸ਼ੁਭ ਮੰਨਿਆ ਜਾਂਦਾ ਹੈ । ਇਹ ਯੁੱਧ ਦਾ ਬੋਧਿਕ ਹੈ । ਜਿਸ ਘਰ ਲੋਹੇ ਦੇ ਭਾਂਡੇ ਜਾਂ ਕੋਈ ਹੋਰ ਚੀਜ਼ ਖੜਕਾਈ ਜਾਵੇ, ਉਥੇ ਹਮੇਸ਼ਾ ਝਗੜਾ ਰਹਿੰਦਾ ਹੈ ।

(ਲ-78) **ਲੋਹਾਰ** ;

ਲੋਹੇ ਦੇ ਫਲੇ, ਰੰਬੀਆਂ, ਦਾਤ੍ਰੀਆਂ ਆਦਿ ਬਨਾਉਣ ਵਾਲਾ ਕਾਰੀਗਰ । ਪੰਜਾਬੀ ਲੋਕ ਗੀਤਾਂ, ਅਖਾਣਾਂ ਤੇ ਬੁਝਾਰਤਾਂ ਵਿਚ ਲੋਹਾਰ ਦਾ ਜ਼ਿਕਰ ਆਮ ਮਿਲਦਾ ਹੈ :

(ੳ) ਇਕ ਲੋਹਾਰ ਦੀ ਸੌ ਠਠਿਆਰ ਦੀ ।
(ਅ) ਲੋਹਾਰ ਦੀ ਸੰਨੀ,
ਕਦੇ ਪਾਣੀ ਵਿਚ ਕਦੇ ਅੱਗ ਵਿਚ ।

ਲੋਹਾਰ ਪਿੰਡ ਦੇ ਕਮੀਆਂ ਵਿਚੋਂ ਗਿਣਿਆ ਜਾਂਦਾ ਹੈ । ਪਹਿਲਿਆਂ ਵਿਚ ਇਹ ਪਿੰਡ ਦੇ ਕਿਸਾਨਾਂ ਦੇ ਸੰਦ ਤੇ ਹੋਰ ਵਾਹੀ ਖੇਤੀ ਨਾਲ ਸਬੰਧਿਤ ਸਾਮਾਨ ਬਨਾਉਣ ਤੇ ਮੁਰੰਮਤ ਕਰਨ ਦੇ ਬਦਲੇ ਲੋਹਾਰ ਫ਼ਸਲਾਂ ਵਿਚੋਂ ਕੁਝ ਲਾਗ ਲੈਂਦਾ ਸੀ । ਪਰ ਹੁਣ ਇਹ ਰਵਾਜ ਨਹੀਂ ਰਿਹਾ । ਲੋਹਾਰ ਦਾ ਸਮਾਜਕ ਦਰਜਾ ਬਹੁਤਾ ਉੱਚਾ ਨਹੀਂ ਸੀ ਸਮਝਿਆ ਜਾਂਦਾ । ਇਸ ਦਾ ਇਕ ਕਾਰਨ ਇਹ ਜਾਪਦਾ ਹੈ ਕਿ ਲੋਹਾਰ ਦੀ ਧੌਂਕਣੀ ਚਮੜੇ ਦੀ ਬਣੀ ਹੁੰਦੀ ਹੈ ਤੇ ਜਿਸ ਨਾਲ ਲੋਹਾਰ ਨੂੰ ਮੂੰਹ ਲਗਾ ਕੇ ਫੂਕਾਂ ਮਾਰਨੀਆਂ ਪੈਂਦੀਆਂ ਹਨ । ਹੁਸ਼ਿਆਰਪੁਰ ਵਿਚ ਲੋਹਾਰ-ਤਰਖਾਣ ਇਕੋ ਜਾਤ ਗਿਣੀ ਜਾਂਦੀ ਹੈ ਤੇ ਲੋਹਾਰ ਦੇ ਮੁੰਡੇ ਤਰਖਾਣਾ ਕੰਮ ਤੇ ਤਰਖਾਣਾਂ ਦੇ ਲੋਹਾਰਾ ਕੰਮ ਕਰਨ ਲਗ ਪੈਂਦੇ ਹਨ ।

ਸਰਸਾ ਵਿਚ ਲੋਹਾਰ ਤਿੰਨ ਸ਼੍ਰੇਣੀਆਂ ਵਿਚ ਵੰਡੇ ਹੋਏ ਹਨ

1. ਉਹ ਲੋਹਾਰ ਜੋ ਉੱਚੀਆਂ ਸ਼੍ਰੇਣੀਆਂ ਦੇ ਹਨ, ਪਰ ਗ਼ਰੀਬੀ ਜਾਂ ਕਿਸੇ ਹੋਰ ਕਾਰਨ ਲੋਹਾਰਾ ਕੰਮ ਕਰ ਰਹੇ ਹਨ, ਇਨ੍ਹਾਂ ਵਿਚੋਂ ਕਈ ਲੋਹਾਰ ਜੱਟ ਜਾਂ ਰਾਜਪੂਤ ਮੁੱਢ ਦੇ ਵੀ ਮੰਨੇ ਜਾਂਦੇ ਹਨ ।

2. ਗਾਦੀਯਾ ਲੋਹਾਰ–ਫਿਰਦੇ ਤੁਰਦੇ ਖ਼ਾਨਾਬਦੋਸ਼ ਲੋਹਾਰ, ਜੋ ਰਾਜਪੂਤਾਨੇ ਤੇ ਯੂ.ਪੀ. ਵਲੋਂ ਆਏ ਮੰਨੇ ਜਾਂਦੇ ਹਨ । ਇਹ ਗੱਡਿਆਂ ਵਿਚ ਆਪਣੇ ਪਰਿਵਾਰ ਤੇ ਸੰਦਾਂ ਨਾਲ ਪਿੰਡ ਪਿੰਡ ਘੁੰਮਦੇ ਫਿਰਦੇ ਹਨ ।

3. ਸੁਠਰ ਲੋਹਾਰ, ਜੋ ਹੁਣ ਮੁਸਲਮਾਨ ਹਨ, ਬਾਰੇ ਰਵਾਇਤ ਹੈ ਕਿ ਇਹ ਮੂਲ ਵਿਚ ਸੁਠਰ ਕਬੀਲੇ ਦੇ ਲੋਕ ਹਿੰਦੂ ਤਰਖਾਣ ਸਨ ਅਤੇ ਅਕਬਰ ਨੇ 12000 ਵਿਅਕਤੀਆਂ ਨੂੰ ਜੋਧਪੁਰ ਤੋਂ ਦਿੱਲੀ ਮੰਗਵਾਇਆ ਅਤੇ ਜ਼ਬਰਦਸਤੀ ਇਨ੍ਹਾਂ ਦੀ ਸੁੰਨਤ ਕੀਤੀ ਅਤੇ ਲਕੜੀ ਦੀ ਥਾਂ ਲੋਹਾਰਾ ਕੰਮ ਕਰਨ ਉਤੇ ਮਜਬੂਰ ਕੀਤਾ । ਇਹ ਸਿੰਧ ਵਲੋਂ ਸਰਸਾ ਆਏ ।

**(ਲ-79) ਲੋਹਾਰੀ :**

ਇਕ ਕਥਾ-ਕਾਵਿ ਦੀ ਨਾਇਕਾ । ਇਕ ਰਾਜਾ ਲੋਹਾਰੀ ਉਤੇ ਮੋਹਿਤ ਹੋ ਗਿਆ । ਉਸ ਨੇ ਲੋਹਾਰੀ ਨੂੰ ਆਪਣੇ ਦੂਤ ਰਾਹੀਂ ਗੁਪਤ ਸੁਨੇਹਾ ਭੇਜਿਆ ਕਿ ਉਹ ਆਪਣੇ ਲੋਹਾਰੇ ਕੰਮ ਨੂੰ ਛੱਡ ਕੇ, ਉਸ ਦੇ ਮਹਿਲਾਂ ਵਿਚ ਆ ਵਸੇ, ਪਰ ਲੋਹਾਰੀ ਨੇ ਰਾਜੇ ਦੀ ਮੰਗ ਠੁਕਰਾ ਦਿਤੀ ।

ਤੈਨੂੰ ਰਾਜੇ ਮੁੜ ਮੁੜ ਸਦਿਆ, ਨੀ ਛੈਲ ਲੁਹਾਰੀਏ
ਸਾਡੇ ਖੂਹੇ ਜ਼ਿਆਰਤ ਆ, ਨੀ ਛੈਲ ਲੁਹਾਰੀਏ
ਖੂਹੇ ਦਾ ਕੀ ਵੇਖਣਾ, ਅਸਾਂ ਭੋਲਿਆ ਰਾਜਿਆ
ਸਾਡੇ ਆਪ ਚੁਬਾਰੇ ਚਾਰ, ਹੇਠ ਖੂਹ, ਰਾਜਿਆ ।

ਤੈਨੂੰ ਰਾਜੇ ਮੁੜ ਮੁੜ ਸਦਿਆ, ਨੀ ਛੈਲ ਲੁਹਾਰੀਏ
ਸਾਡੇ ਬਾਗੀਂ ਜ਼ਿਆਰਤ ਆ, ਨੀ ਛੈਲ ਲੁਹਾਰੀਏ
ਬਾਗਾਂ ਦਾ ਕੀ ਵੇਖਣਾ, ਅਸਾਂ ਭੋਲਿਆ ਰਾਜਿਆ
ਸਾਡੇ ਆਪ ਬਗੀਚੇ ਚਾਰ, ਵਿਚੇ ਖੂਹ, ਰਾਜਿਆ ।

ਮੇਰੀ ਸੱਦੀ ਨਾ ਆਈ, ਨੀ ਛੈਲ ਲੁਹਾਰੀਏ
ਤੇਰੇ ਕੋਲ ਲਵਾਂ ਦਿਨ-ਰਾਤ, ਨੀ ਛੈਲ ਲੁਹਾਰੀਏ
ਤੇਰੇ ਟੂਣੇ ਅੱਗ ਲਾਵਾਂ, ਵੇ ਭੋਲਿਆ ਰਾਜਿਆ
ਮੇਰਾ ਜਿਊਂਦਾ ਛੈਲ ਲੁਹਾਰ, ਵੇ ਮੂਰਖ ਰਾਜਿਆ ।

**(ਲ-80) ਲੋਕ-ਸੰਗੀਤ ਅਤੇ ਕਾਵਿ-ਰੂਪ :**

ਸੰਗੀਤ ਉਹ ਧੁਨੀ ਹੈ ਜੋ ਆਤਮਾ ਨੂੰ ਬ੍ਰਹਿਮੰਡ ਨਾਲ ਇਕਸੁਰ ਕਰ ਦੇਂਦੀ ਹੈ । ਸੰਗੀਤ ਦੀਆਂ ਜਿਨ੍ਹਾਂ ਸਵਰ-ਲਹਿਰੀਆਂ ਵਿਚੋਂ ਕੋਈ ਜਾਤੀ ਆਪਣੀ ਆਤਮਾ ਦੇ ਬੋਲ ਤੇ ਨੁਹਾਰ ਪਛਾਣਨ ਲਗਦੀ ਹੈ, ਉਹਾ ਲੋਕ-ਸੰਗੀਤ ਹੈ ਤੇ ਉਹੋ ਜਾਤੀ ਦੇ ਚਰਿਤ੍ਰ ਨਾਲ ਇਕਸੁਰ ਹੋਇਆ ਹੁੰਦਾ ਹੈ । ਲੋਕ-ਸੰਗੀਤ ਦਾ ਪ੍ਰਵਾਹ ਲੋਕ-ਗੀਤਾਂ ਤੇ ਕਾਵਿ-ਕਥਾਵਾਂ ਵਿਚ ਰਸਰੂਪ ਹੋ ਕੇ ਸਮਿਚਿਆ ਹੁੰਦਾ ਹੈ । ਲੋਕ-ਗੀਤ ਕਿਸੇ ਜਾਤੀ ਦੇ ਅੰਤ੍ਰੀਵ ਜਜ਼ਬਿਆਂ ਦਾ ਤਾਲਬੱਧ ਸੁਭਾਵਿਕ ਉਛਾਲ ਹਨ ਜੋ ਬੁਲ੍ਹਾਂ ਉਤੇ ਤੁਰਦੇ, ਯੁੱਗਾਂ ਦਾ ਪੈਂਡਾ ਤੈਅ ਕਰ ਲੈਂਦੇ ਹਨ । ਇਨ੍ਹਾਂ ਵਿਚਲਾ ਸੰਗੀਤ ਕਿਸੇ ਵਿਅਕਤੀ ਦੇ ਨਿਜੀ ਭਾਵਾਂ ਦੀ ਤਰੰਗ ਨਹੀਂ ਹੁੰਦਾ, ਸਮੁੱਚੀ ਜਾਤੀ ਦੇ ਭਾਵਾਂ ਦਾ ਪ੍ਰਵਾਹ ਹੁੰਦਾ ਹੈ ।

ਪੰਜਾਬੀਆਂ ਨੂੰ ਸਵਰ-ਲਹਿਰਾਂ ਗੁੜ੍ਹਤੀ ਵਿਚ ਮਿਲਦੀਆਂ ਹਨ । ਜੰਮਦਿਆਂ ਸਾਰ ਹੀ, ਬੱਚੇ ਦੇ ਕੰਨਾਂ ਵਿਚ, ਗੀਤਾਂ ਦੀਆਂ ਮਧੁਰ ਧੁਨੀਆਂ ਤੇ ਢੋਲਕੀ ਦਾ ਤਾਲ ਛਣਕਣ ਲਗਦਾ ਹੈ । ਲੋਕ-ਸੰਗੀਤ ਬਾਲ ਦੀ ਆਤਮਾ ਵਿਚ ਇਕ ਰਸ ਹੋ ਕੇ ਰਚ ਜਾਂਦਾ ਹੈ ਤੇ ਜੀਵਨ ਭਰ ਕਈ ਰੂਪਾਂ-ਰੰਗਾਂ ਵਿਚ ਜਾਤੀ ਦੇ ਬੁਲ੍ਹਾਂ ਉਤੇ ਖੇਡਦਾ ਰਹਿੰਦਾ ਹੈ ।

ਲੋਕ-ਸੰਗੀਤ ਸਹਿਜ ਸੰਗੀਤ ਹੈ, ਗਾਇਕ ਗੀਤਾਂ ਦੀਆਂ ਧੁਨੀਆਂ ਨੂੰ ਕਿਸੇ ਉਸਤਾਦ ਤੋਂ ਨਹੀਂ ਸਿੱਖਦੇ । ਉਹ ਲੋ-ਸੰਗੀਤ ਨੂੰ ਕੰਨਾਂ ਰਾਹੀਂ ਸੁਣ ਕੇ ਮਾਣਦੇ ਤੇ ਅੰਦਰ ਜੀਰ ਲੈਂਦੇ ਹਨ । ਜਦੋਂ ਦਿਲ ਵਿਚ, ਕਿਸੇ ਗੀਤ ਨੂੰ ਗਾਉਣ ਦੀ ਰੀਝ ਮਚਲਦੀ ਹੈ ਤਾਂ ਦੂਜਿਆਂ ਨੂੰ ਗਾਉਂਦਿਆਂ ਵੇਖ, ਉਨ੍ਹਾਂ ਵਿਚ ਸ਼ਾਮਲ ਹੋ ਕੇ, ਉਹ ਸਹਿਜ ਭਾਵ ਨਾਲ, ਗੀਤ ਦੀ ਧੁਨੀ ਸਿਖ ਲੈਂਦੇ ਹਨ; ਇਹ ਧੁਨੀ ਸਹਿਜ ਵਿਚ ਹੀ ਜਿਉਂਦੀ ਵਿਗਸਦੀ ਰਹਿੰਦੀ ਹੈ । ਪਰ ਕਦੇ ਕਦੇ ਕੋਈ ਪੇਸ਼ਾਵਰ ਗਾਇਕ, ਭੱਟ, ਰਾਸਧਾਰੀਆ, ਇਸ ਸਹਿਜ ਵਿਚ ਵਿਚਰ ਰਹੇ ਸੰਗੀਤ ਨੂੰ, ਆਪਣੀ ਕਲਾ ਤੇ ਅਨੁਭਵ ਦੁਆਰਾ ਮਾਂਝ ਚਮਕਾ ਕੇ, ਪਕਾ ਰਸਾ ਵੀ ਲੈਂਦਾ ਹੈ ।

ਲੋਕ-ਗੀਤ ਗਾਉਣ ਲਈ ਰਚੇ ਜਾਂਦੇ ਹਨ, ਪੋਥੀਆਂ ਲਈ ਨਹੀਂ । ਇਹ ਕਾਗਜ਼ ਦੀ ਕੁੱਖ ਉਤੇ ਨਹੀਂ, ਬੁਲ੍ਹਾਂ ਦੇ ਸਾਜ਼ ਉਤੇ ਜੰਮਦੇ ਪਲਦੇ ਹਨ । ਜਿਸ ਲੋਕ-ਗੀਤ ਨੂੰ ਬੁਲ੍ਹਾਂ ਉਤੇ ਚਲਣਾ ਨਹੀਂ ਆਉਂਦਾ ਉਸ ਦੀ ਸੰਘੀ ਜੰਮਦੇ ਸਾਰ ਹੀ ਘੁਟੀ ਜਾਂਦੀ ਹੈ । ਕਿਸੇ ਗੀਤ ਦੀ ਲੰਮੀ ਉਮਰ ਉਸ ਦੀ ਮਧੁਰ ਲੈਅ ਤੇ ਤਾਲ ਉਤੇ ਨਿਰਭਰ ਕਰਦੀ ਹੈ । ਸੰਗੀਤ ਬਿਨਾਂ ਉਹ ਗੀਤ ਅਮਰ ਨਹੀਂ ਹੋ ਸਕਦਾ ।

ਲੋਕ-ਗੀਤਾਂ ਵਿਚ ਸੰਗੀਤ-ਤਤ ਤੇ ਕਾਵਿ-ਤਤ ਦੋਵੇਂ ਇਕ ਦੂਜੇ ਵਿਚ, ਮਿਸਰੀ ਪਾਣੀ ਵਾਂਗ ਘੁਲੇ ਹੁੰਦੇ ਹਨ । ਗੀਤ ਦਾ ਪੂਰਾ ਅਨੰਦ ਉਦੋਂ ਹੀ ਮਾਣਿਆ ਜਾ ਸਕਦਾ ਹੈ ਜਦੋਂ ਗੀਤ ਨੂੰ, ਉਸ ਦੀ ਧੁਨੀ ਵਿਚ ਗਾਇਆ ਜਾਵੇ । ਸ਼ਬਦ ਤਾਂ ਜਾਮਾ ਹਨ, ਲੋਕ-ਗੀਤ ਦੀ ਰੂਹ ਤਾਂ ਧੁਨੀ ਵਿਚ ਸਮਾਈ ਹੁੰਦੀ ਹੈ । ਬਿਨਾਂ ਧੁਨੀ ਦੇ ਲੋਕ-ਗੀਤ ਦੀ ਕੋਈ ਪਛਾਣਨਯੋਗ ਹੋਂਦ ਨਹੀਂ । ਇਸੇ ਲਈ ਲੋਕ-ਗੀਤ ਕਾਗਜ਼ ਦੇ ਟੁਕੜੇ ਉਤੇ ਲਿਖੇ ਹੋਏ ਬਹੁਤੇ ਦਿਲ ਨਹੀਂ ਖਿਚਦੇ ਅਤੇ ਨਿਰਜਿੰਦ ਪ੍ਰਤੀਤ ਹੁੰਦੇ ਹਨ । ਪਰ ਜਦੋਂ ਕੋਈ ਗਾਇਕ ਉਨ੍ਹਾਂ ਨੂੰ ਸੁਰ ਤਾਲ ਭਰਦਾ ਹੈ ਤਾਂ ਉਨ੍ਹਾਂ ਗੀਤਾਂ ਵਿਚੋਂ ਜ਼ਿੰਦਗੀ ਧੜਕ ਪੈਂਦੀ ਹੈ । ਲੋਕ-ਗੀਤਾਂ ਦੀਆਂ ਧੁਨਾਂ ਦੇ ਮਹੱਤਵ ਉਤੇ ਜ਼ੋਰ ਦੇਂਦਿਆਂ, ਪ੍ਰਸਿਧ ਲੋਕ-ਧਾਰਾ ਵਿਗਿਆਨੀ ਸੀਸਲ ਜੇ. ਸ਼ਾਰਪ ਲਿਖਦੇ ਹਨ : 'ਮੇਰਾ ਆਪਣਾ ਅਨੁਮਾਨ ਤਾਂ ਇਹ ਹੈ ਕਿ ਗੀਤ ਦੀਆਂ ਧੁਨਾਂ ਸ਼ਬਦਾਂ ਨਾਲੋਂ ਅਧਿਕ ਮੁੱਲ ਰਖਦੀਆਂ ਹਨ ।' ਇਸ ਦੇ ਉਲਟ ਰਾਬਿੰਦਰ ਨਾਥ ਟੈਗੋਰ ਨੇ, ਲੋਕ-ਗੀਤਾਂ ਵਿਚ ਧੁਨੀ ਨਾਲੋਂ ਸ਼ਬਦਾਂ ਨੂੰ ਵਧੇਰੇ ਮਹੱਤਵਪੂਰਣ ਦਸਿਆ ਹੈ, ਉਨ੍ਹਾਂ ਦੇ ਖ਼ਿਆਲ ਅਨੁਸਾਰ ਧੁਨੀ ਦੀ ਆਪਣੀ ਕੋਈ ਨਵੇਕਲੀ ਹੋਂਦ ਨਹੀਂ ਹੁੰਦੀ । ਪਰ ਸੱਚ ਤਾਂ ਇਹ ਹੈ ਕਿ ਲੋਕ-ਗੀਤਾਂ ਵਿਚ ਸ਼ਬਦ ਤੇ ਧੁਨੀ ਤਾਣੇ ਪੇਟੇ ਵਾਂਗ ਓਤ ਪੋਤ ਹੁੰਦੇ ਹਨ ਅਤੇ ਕਈ ਵਾਰ ਇਹ ਨਿਤਾਰਾ ਕਰਨਾ ਕਠਨ ਹੁੰਦਾ ਹੈ ਕਿ ਵਧੇਰੇ ਮਹੱਤਤਾ ਕਿਸ ਨੂੰ ਪ੍ਰਾਪਤ ਹੈ । ਕਈ ਲੋਕ-ਗੀਤ ਧੁਨੀ ਦੇ ਆਸਰੇ ਜੀਵਤ ਰਹਿੰਦੇ ਹਨ ਤੇ ਕਈ ਸ਼ਬਦਾਂ ਦੇ ਆਸਰੇ ।

ਪੰਜਾਬੀ ਲੋਕ-ਗੀਤ ਜਿਨ੍ਹਾਂ ਲੋਕ-ਧਾਰਨਾ ਤੇ ਤਰਜ਼ਾਂ ਵਿਚ ਗਾਏ ਜਾਂਦੇ ਹਨ, ਉਹ ਸ਼ੁਧ ਰੂਪ ਵਿਚ ਲੋਕ-ਸ਼ੈਲੀ ਦੀਆਂ ਹਨ। ਉਨ੍ਹਾਂ ਵਿਚੋਂ ਸਿਧੇ ਸਾਦੇ ਪੇਂਡੂ ਪੰਜਾਬੀਆਂ ਦੀਆਂ ਦਿਲੀ ਧੜਕਨਾਂ ਸੁਣਾਈ ਦੇਂਦੀਆਂ ਹਨ। ਇਹ ਪੰਜਾਬੀਆਂ ਦੇ ਅੰਤ੍ਰੀਵ ਜਜ਼ਬਿਆਂ ਵਿਚੋਂ ਉਭਰੀਆਂ ਹੋਣ ਕਰ ਕੇ, ਉਨ੍ਹਾਂ ਦੇ ਜੀਵਨ ਦੀ ਲੈਅ ਨਾਲ ਇਕਸੁਰ ਹਨ ਤੇ ਪੰਜਾਬੀਆਂ ਦੇ ਲਹੂ ਮਾਸ ਵਿਚ ਰਚੀਆਂ ਹੋਈਆਂ ਹਨ। ਇਨ੍ਹਾਂ ਧਾਰਨਾਂ ਉਤੇ ਪੰਜਾਬੀ ਚਰਿਤ੍ਰ ਦੀ ਮੋਹਰ ਛਾਪ ਹੈ ਅਤੇ ਇਹ ਦੂਜੇ ਖੇਤਰਾਂ ਵਿਚ ਗਾਈਆਂ ਜਾਂਦੀਆਂ ਧੁਨੀਆਂ ਨਾਲੋਂ ਨਿਵੇਕਲੀਆਂ ਹਨ।

ਪੰਜਾਬ ਦਾ ਲੋਕ-ਸੰਗੀਤ, ਜੀਵਨ ਪ੍ਰਵਾਹ ਵਿਚੋਂ ਸਹਿਜ ਭਾਵ ਵਿਚ ਉਪਜਿਆ ਹੈ ਤੇ ਇਸ ਵਿਚ ਸਿਧੇ-ਸਾਦੇ, ਪਰ ਮਾਖਿਉਂ ਮਿਠੇ ਤਾਲ, ਤਰਜ਼ਾਂ ਤੇ ਲੈਆਂ ਮਿਲਦੀਆਂ ਹਨ। ਇਹ ਤਾਲ ਤੇ ਲੈਆਂ ਰੋਜ਼ਾਨਾ ਜੀਵਨ ਦੇ ਨਿਕੇ ਨਿਕੇ ਤਾਲਬਧ ਪੈਟਰਨਾਂ ਜਿਹਾ ਕਿ ਚੱਕੀ ਦੀ ਲੈਅ, ਚਰਖੇ ਦੀ ਘੂਕਰ, ਹਰਟ ਦੀ ਠੱਕ ਠੱਕ, ਗੀਂ ਗੀਂ, ਘੋੜੇ ਦੀ ਦੜੂਕ ਆਦਿ ਨਾਲ ਮੇਲ ਖਾਂਦੀਆਂ ਹਨ। ਜੀਵਨ ਵਿਚੋਂ ਲਹਿਰਾਂ ਵਾਂਗ ਉਭਰੀਆਂ ਇਨ੍ਹਾਂ ਵੰਨ-ਸੁਵੰਨੀਆਂ ਲੈਆਂ ਨੂੰ ਹੀ ਸੋਧ ਸੰਵਾਰ ਕੇ ਗੀਤ ਦੇ ਸਹਿਜ ਸੰਗੀਤ ਵਿਚ ਬਦਲ ਲਿਆ ਗਿਆ ਹੈ ਅਤੇ ਇਨ੍ਹਾਂ ਉਤੇ ਹੀ ਪੰਜਾਬ ਦਾ ਸਾਰਾ ਲੋਕ-ਸੰਗੀਤ ਆਧਾਰਤ ਹੈ।

ਪੰਜਾਬ ਵਿਚ, ਰਾਗਾਂ ਦੀਆਂ ਕਈ ਪ੍ਰਣਾਲੀਆਂ ਪ੍ਰਚਲਤ ਹਨ, ਜਿਨ੍ਹਾਂ ਵਿਚ ਦੋ ਪ੍ਰਮੁਖ ਹਨ—ਇਕ ਸ਼ਾਸਤ੍ਰੀ ਸੰਗੀਤ, ਜੋ ਸੁੱਘੜ, ਨੇਮਬੱਧ ਤੇ ਕਲਾ-ਰਚਿਆ ਹੈ ਅਤੇ ਸਾਮ ਵੇਦ ਵਿਚਲੇ ਸੰਗੀਤ ਤੱਤਵਾਂ ਤੋਂ ਵਿਕਾਸ ਕਰ ਕੇ, ਸਾਡੇ ਤਕ ਪੁਜਾ ਹੈ। ਦੂਜਾ ਦੇਸੀ ਸੰਗੀਤ ਹੈ, ਜੋ ਸਿੱਧਾ ਲੋਕ-ਸੰਗੀਤ ਤੋਂ ਪ੍ਰਫੁਲਤ ਹੋਇਆ ਹੈ। ਦੇਸੀ ਸੰਗੀਤ ਦੀ ਆਪਣੀ ਨਵਕਲੀ ਸ਼ੈਲੀ ਤੇ ਵਿਲਖਣਤਾ ਹੈ। ਇਹ ਜਨ-ਜੀਵਨ ਨਾਲ ਇਕਸੁਰ ਹੈ। ਪੰਜਾਬ ਦਾ ਲੋਕ-ਸੰਗੀਤ, ਬਹੁਤਾ ਦੇਸੀ ਸੰਗੀਤ ਦੇ ਰਾਗਾਂ ਤੇ ਰਾਗਣੀਆਂ ਵਿਚ ਗਾਇਆ ਜਾਂਦਾ ਹੈ। 'ਸਿੰਧੜਾ', 'ਮਾਂਡ' ਤੇ 'ਪਹਾੜੀ' ਦੇਸੀ ਰਾਗਣੀਆਂ ਹਨ ਤੇ ਇਸ ਵਿਚ ਸਾਡੇ ਜ਼ਿਆਦਾਤਰ ਪਰਿਵਾਰਕ ਗੀਤ, ਘੋੜੀਆਂ, ਹੋਲਰ, ਮਹਿੰਦੀ ਤੇ ਬਾਬਲ ਗਾਏ ਜਾਂਦੇ ਹਨ। ਮਾਹੀਆ ਸ਼ੁਧ ਭੈਰਵੀ ਵਿਚ ਗਾਇਆ ਜਾਂਦਾ ਹੈ। ਗਿੱਧੇ ਦਾਆ ਬਲੀਆ, 'ਤਿਲੰਗ' ਵਿਚ, ਪਰ ਜ਼ਰਾ ਮਿਸ ਨਾਲ। ਸੂਫੀਆਂ ਦੀ ਮੰਡਲੀ ਵਿਚ 'ਕਾਫੀ' ਰਾਗਣੀ ਵਧੇਰੇ ਪ੍ਰਧਾਨ ਰਹੀ ਹੈ। ਵਿਜੋਗ ਦੀ ਭਾਵਨਾ ਵਾਲੇ ਕਈ ਲੋਕ-ਗੀਤ, ਇਸੇ ਰਾਗਣੀ ਵਿਚ ਗਾਏ ਜਾਂਦੇ ਹਨ।

ਪੰਜਾਬ ਦਾ ਲੋਕ-ਸੰਗੀਤ ਬੰਧਨਾਂ ਤੋਂ ਮੁਕਤ ਹੋਣ ਕਰ ਕੇ ਪੱਥਰ ਵਾਂਗ ਕਰੜਾ ਨਹੀਂ, ਟਹਿਣ ਵਾਂਗ ਲਚਕਦਾਰ ਹੈ। ਇਸ ਵਿਚ ਰੂਪ ਦੀ ਭਿੰਨਤਾ ਤੇ ਸੁਰ-ਸੰਗੀਤ ਦਾ ਸਥਾਨ ਨਾਲ ਪਰਿਵਰਤਨ ਵੀ ਹੈ। ਇਸ ਵਿਚ ਸਥਾਨਿਕ ਰੰਗ ਵੀ ਸੋਹਣੇ ਨਿਖਰੇ ਹਨ, ਉਨ੍ਹਾਂ ਵਿਚ ਲੈਅ-ਸ਼ੈਲੀ ਭੇਦ ਹੈ। ਪੱਛਮੀ ਪੰਜਾਬ ਦਾ ਲੋਕ ਸੰਗੀਤ ਪੂਰਬੀ ਪੰਜਾਬ ਨਾਲੋਂ ਭਿੰਨ ਹੈ। ਪੱਛਮੀ ਪੰਜਾਬ ਵਿਚ, ਦਿਲਾਂ ਦੀਆਂ ਗੱਲਾਂ 'ਮਾਹੀਏ' ਤੇ 'ਢੋਲੇ' ਰਾਹੀਂ ਕੀਤੀਆਂ ਜਾਂਦੀਆਂ ਹਨ, ਪਰ ਪੂਰਬੀ ਪੰਜਾਬ ਵਿਚ ਦਿਲ ਦੀ ਆਵਾਜ਼ 'ਬੋਲੀਆਂ' ਵਿਚ ਪ੍ਰਗਟੀ ਹੈ। ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਬੋਲੀਆਂ ਦੀ ਧਾਰਨਾ ਵੀ ਵੱਖਰੀ ਹੈ। ਕਈ ਵਾਰ ਇਕੋ ਖੇਤਰ ਵਿਚ, ਕੋਈ ਗੀਤ ਵਖੋ ਵਖਰੀਆਂ ਧੁਨਾਂ ਵਿਚ ਗਾ ਲਿਆ ਜਾਂਦਾ ਹੈ।

ਪੰਜਾਬੀ ਲੋਕ ਗੀਤਾਂ ਦੀਆਂ ਧੁਨਾਂ ਤੇ ਧਾਰਨਾਂ ਸਾਜ਼ਾਂ ਦੀਆਂ ਮੁਹਤਾਜ ਨਹੀਂ। ਸਾਜ਼ ਭਾਵੇਂ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੇ ਹਨ, ਪਰ ਇਨ੍ਹਾਂ ਤੋਂ ਬਿਨਾਂ ਵੀ ਕੰਮ ਸਾਰ ਲਿਆ ਜਾਂਦਾ ਹੈ ਅਤੇ ਤਾਲ ਦਾ ਕੰਮ ਚੁਟਕੀ ਤੇ ਤਾੜੀ ਆਦਿ ਤੋਂ ਲੈ ਲਿਆ ਜਾਂਦਾ ਹੈ। ਖੇਤਾਂ ਵਿਚ ਹਲ ਵਾਹੁੰਦਾ ਕਿਸਾਨ, ਗੱਡੇ ਨੂੰ ਹਿੱਕਦਾ ਗੱਡੀਵਾਨ, ਗੋਡੀ ਕਰਦਾ ਸੇਪੀ ਜਾਂ ਮੌਜ ਵਿਚ ਤੁਰਿਆ ਜਾਂਦਾ ਗਭਰੂ, ਬਿਨਾਂ ਕਿਸੇ ਸਾਜ਼ ਦੇ ਹੀ ਗੀਤਾਂ ਨੂੰ ਅਲਾਪਦਾ ਹੈ। ਇਸੇ ਤਰ੍ਹਾਂ ਖੇਤਾਂ ਵਿਚ ਲੇਤਰ ਫੁੱਟੀਆਂ ਚੁਗਦੇ ਜਾਂ ਤ੍ਰਿੰਞਣਾਂ ਵਿਚ ਚਰਖੇ ਕੱਤਦੀਆਂ ਸਵਾਣੀਆਂ ਕੰਮ ਦੀ ਥਕਾ ਦੇਣ ਵਾਲੀ ਇਕਸਾਰਤਾ ਨੂੰ ਤੋੜਨ ਲਈ ਜਾਂ ਮੌਜ ਮਸਤੀ ਵਿਚ ਪੀਂਘਾਂ ਝੂਟਦੀਆਂ ਮੁਟਿਆਰਾਂ, ਜਦੋਂ ਗੀਤ ਗਾਉਂਦੀਆਂ ਹਨ ਤਾਂ ਕਿਸੇ ਸਾਜ਼ ਦਾ ਸਹਾਰਾ ਨਹੀਂ ਲੈਂਦੀਆਂ। ਉਹ ਦਿਲ ਦੇ ਤੂੰਬੇ ਉਤੇ ਹੀ ਗੀਤ ਛੋਹ ਲੈਂਦੀਆਂ ਹਨ। ਸੰਗੀਤ ਤੇ ਸਾਜ਼ ਕੇਵਲ ਮੰਗਲ ਕਾਰਜਾਂ ਤੇ ਵਿਸ਼ੇਸ਼ ਸਮਾਜਿਕ ਇਕੱਠਾਂ ਤੇ ਮੇਲਿਆਂ ਵਿਚ ਹੀ ਵਰਤੇ ਜਾਂਦੇ ਹਨ। ਵਿਆਹਾਂ ਸਮੇਂ ਗੀਤ ਢੋਲਕੀ ਦੀ ਤਾਲ ਉਤੇ ਗਾਏ ਜਾਂਦੇ ਹਨ, ਜਿਸ ਕਰਕੇ ਇਨ੍ਹਾਂ ਨੂੰ 'ਢੋਲਕੀ ਦੇ ਗੀਤ' ਵੀ ਕਹਿ ਲਿਆ ਜਾਂਦਾ ਹੈ। ਲੋਕ-ਗੀਤਾਂ ਨੂੰ ਪੰਜਾਬੀ ਵਿਚ 'ਗਉਣ' ਕਿਹਾ ਜਾਂਦਾ ਹੈ। ਇਹੋ ਇਨ੍ਹਾਂ ਦਾ ਮੂਲ ਨਾਮ ਹੈ। ਲੋਕ-ਗੀਤ ਤਾਂ 'ਫੋਕ ਸੌਂਗਜ਼' ਦਾ ਅਨੁਵਾਦ ਹੈ।

ਢੋਲਕੀ ਪੰਜਾਬਣਾਂ ਦਾ ਸਭ ਤੋਂ ਪਿਆਰਾ ਸਾਜ਼ ਹੈ। ਇਸ ਨਾਲ, ਉਨ੍ਹਾਂ ਦੇ ਦਿਲ ਦੀਆਂ ਧੜਕਣਾਂ ਇਕਸੁਰ ਹੋਈਆਂ ਪਈਆਂ ਹਨ। ਢੋਲਕੀ ਦਾ ਤਾਲ ਉਨ੍ਹਾਂ ਦੇ ਜੀਵਨ ਪ੍ਰਵਾਹ ਵਿਚ ਧੁਨੀ ਵਾਂਗ ਰਚ ਮਿਚ ਗਿਆ ਹੈ। ਢੋਲਕੀ ਦੀ ਆਵਾਜ਼ ਸੁਣਦਿਆਂ ਸਾਰ, ਉਨ੍ਹਾਂ ਉਤੇ ਇਕ ਨਸ਼ਾ ਧੂੜਿਆ ਜਾਂਦਾ ਹੈ। ਉਨ੍ਹਾਂ ਦੇ ਹੋਠਾਂ ਉਤੇ ਗੀਤ ਨੱਚਣ ਲਗਦਾ ਹੈ। ਹਰ ਪੰਜਾਬੀ ਢੋਲਕੀ ਦੇ ਤਾਲ ਵਿਚ ਜੰਮਦਾ ਤੇ ਜਵਾਨ ਹੁੰਦਾ ਹੈ। ਢੋਲਕੀ ਉਸ ਦੀਆਂ ਖ਼ੁਸ਼ੀਆਂ ਦੀ ਪ੍ਰਤੀਕ ਤੇ

ਮਿੱਠੀਆਂ ਯਾਦਾਂ ਦਾ ਭੰਡਾਰਾ ਹੈ। ਹਰ ਮੌਕੇ ਉਤੇ ਘਰ ਵਿਚ ਢੋਲਕੀ ਵਜਦੀ ਹੈ। ਛੋਟੀਆਂ ਕੁੜੀਆਂ ਗੁੱਡੀ ਗੁੱਡੇ ਦਾ ਵਿਆਹ ਰਚਾਂਦੀਆਂ, ਨਿੱਕੀ ਜਿਹੀ ਢੋਲਕੀ ਉਤੇ ਹੱਥ ਮਾਰ ਕੇ, ਗੀਤ ਗਾਂਦੀਆਂ ਹੋਈਆਂ, ਇਸ ਖੇਡ ਨੂੰ ਵਾਸਤਵਿਕ ਰੰਗ ਦਾ ਛੱਟਾ ਦੇ ਲੈਂਦੀਆਂ ਹਨ। ਮੁੰਡਣ, ਮੰਗਣੀ ਤੇ ਹੋਰ ਵਿਆਹ ਆਦਿ 'ਤੇ ਘਰਾਂ ਵਿਚ ਢੋਲਕੀ ਦੀ ਕੁਰਕੁਟ ਪਈ ਰਹਿੰਦੀ ਹੈ। ਵਿਆਹ ਦੇ ਦਿਨੀਂ ਤਾਂ ਢੋਲਕੀ ਪ੍ਰਧਾਨ ਹੁੰਦੀ ਹੈ। ਜੇ ਢੋਲਕੀ ਨਾ ਮਿਲੇ ਤਾਂ ਸਖਣੇ ਘੜੇ ਨੂੰ ਮੂਧਾ ਮਾਰ ਕੇ ਉਸ ਉਤੇ ਰੋੜੇ ਨਾਲ ਤਾਲ ਦਿਤਾ ਜਾਂਦਾ ਹੈ। ਘੜੇ ਦੇ ਤਾਲ ਦਾ ਆਪਣਾ ਰਸ ਹੈ। ਇਹ ਪੰਜਾਬਣਾਂ ਦਾ ਕਲਪਿਆ ਸਾਜ਼ ਹੈ, ਜਿਸ ਵਿਚੋਂ ਉਹ ਰੋੜੇ ਨਾਲ ਅਜਿਹੇ ਤਾਲ ਕਢਦੀਆਂ ਹਨ ਕਿ ਢੋਲਕੀ ਵੀ ਮਾਤ ਪੈ ਜਾਂਦੀ ਹੈ ਤੇ ਸਰੋਤੇ ਕੀਲੇ ਜਾਂਦੇ ਹਨ ਢੋਲਕੀ ਉਪਰ ਗਾਏ ਜਾਂਦੇ, ਗੀਤਾਂ ਦੀਆਂ ਧਾਰਨਾਂ ਬੜੀਆਂ ਪੁਰਾਣੀਆਂ ਹੁੰਦਿਆਂ ਵੀ, ਦਿਲ ਟੁੰਬਦੀਆਂ ਹਨ। ਪੰਜਾਬਣਾਂ ਨੇ ਇਨ੍ਹਾਂ ਨੂੰ ਬੜੇ ਚਾਵਾਂ ਨਾਲ ਆਪਣੀ ਯਾਦ ਵਿਚ ਪਾਲਿਆ ਤੇ ਲਹੂ ਵਿਚ ਸਿੰਜਿਆ ਹੈ।

ਪੰਜਾਬੀਆਂ ਦੇ ਕੁਝ ਹੋਰ ਪਿਆਰੇ ਸਾਜ਼—ਕਿੰਗ, ਇਕਤਾਰਾ, ਅਲਗੋਜ਼ਾ, ਵੰਝਲੀ ਤੇ ਢੱਡ, ਸਾਰੰਗੀ ਆਦਿ ਹਨ। ਇਹ ਸਾਰੇ ਸਾਜ਼ ਦੇਸੀ ਹਨ ਅਤੇ ਤੂੰਬੇ, ਬਾਂਸ ਤੇ ਤਾਰ ਨੂੰ ਵਿਧੀ ਨਾਲ ਜੋੜ ਕੇ ਸਹਿਜੇ ਹੀ ਬਣਾਏ ਜਾ ਸਕਦੇ ਹਨ। ਪਰ ਇਨ੍ਹਾਂ ਸਾਧਾਰਨ ਸਾਜ਼ਾਂ ਵਿਚੋਂ ਪੰਜਾਬੀਆਂ ਨੇ ਦਿਲਾਂ ਦੀਆਂ ਧੜਕਣਾਂ ਤੇ ਭਾਵਨਾਵਾਂ ਦੇ ਅਨੁਕੂਲ ਸਵਰ-ਲਹਿਰੀਆਂ ਕੱਢ ਲਈਆਂ ਹਨ। ਕਿੰਗ ਸਿਧੇ ਜਿਹੇ ਡੰਡੇ ਦੇ ਸਿਰੇ ਉਤੇ ਕੱਦੂ ਮੜ੍ਹ ਕੇ, ਉਪਰੋਂ ਦੀ ਤਾਰ ਲੰਘਾ ਕੇ, ਦੋਹਾਂ ਸਿਰਿਆਂ ਨਾਲ ਕਸ ਦਿੱਤੀ ਜਾਂਦੀ ਹੈ। ਇਸ ਨੂੰ ਉਂਗਲ ਦੀ ਠੋਕਰ ਨਾਲ ਵਜਾਇਆ ਜਾਂਦਾ ਹੈ। ਇਸ ਨੂੰ ਇਕਤਾਰਾ ਵੀ ਕਿਹਾ ਜਾਂਦਾ ਹੈ। ਇਸ ਵਿਚੋਂ ਬੜੀ ਮਧੁਰ ਧੁਨੀ ਨਿਕਲਦੀ ਹੈ। ਇਕ ਲੋਕ-ਗੀਤ ਵਿਚ ਇਕਤਾਰਾ ਦੀ ਧੁਨੀ ਇਉਂ ਗੂੰਜਦੀ ਹੈ :—

ਇਕਤਾਰਾ ਵਜਦਾ, ਵੇ ਰਾਂਝਣਾ
ਨੂਰ ਮਹਲ ਦੀ ਮੋਰੀ।
ਉਹ ਐਸਾ ਵਜਦਾ ਵੇ
ਜਿਉਂ ਹੰਸਾਂ ਦੀ ਜੋੜੀ।

ਤੇ ਇਕ ਹੋਰ ਗੀਤ ਵਿਚ ਤੂੰਬਾ ਦਿਲਾਂ ਦੀਆਂ ਤਰਬਾਂ ਨੂੰ ਇਉਂ ਟੁੰਬਦਾ ਹੈ :—

ਤੂੰਬਾ ਵਜਦਾ ਈ ਨਾ
ਤਾਰ ਬਿਨਾਂ
ਸੋਹਣੀ ਰਹਿੰਦੀ ਨਾ
ਆਪਣੇ ਯਾਰ ਬਿਨਾਂ
ਮਾਹੀ ਵੇ! ਕਲਾ ਮਰੋੜ।
ਗੋਰੀਏ! ਗੱਲ ਕਰ ਹੋਰ।
ਤੂੰਬੇ ਦੇ ਵਜਾਣ ਵਾਲਿਆ
ਤੇਰੇ ਤੂੰਬੇ ਦੀ ਤਰਜ਼ ਨਿਰਾਲੀ।

ਵੰਝਲੀ ਤਾਂ ਰਾਂਝੇ ਦੇ ਬੁਲ੍ਹਾਂ ਨਾਲ ਜੁੜ ਕੇ ਪ੍ਰੇਮ ਭਾਵਾਂ ਦੀ ਪ੍ਰਤੀਕ ਹੋ ਗਈ ਹੈ। ਕਹਿੰਦੇ ਹਨ ਰਾਂਝੇ ਦੀ ਵੰਝਲੀ ਵਿਚੋਂ ਜਦੋਂ ਸੁਰਾਂ ਝਰਦੀਆਂ ਤਾਂ ਪਸ਼ੂ ਪੰਛੀ ਤਾਂ ਇਕ ਪਾਸੇ ਰਹੇ, ਬੇਲੇ ਦੇ ਸ਼ੇਰ, ਚੀਤੇ ਤੇ ਸੱਪ ਵੀ ਕੀਲੇ ਜਾਂਦੇ। ਵੰਝਲੀ ਵਿਚ ਜਦੋਂ ਫੂਕਾਂ ਮਾਰੀਆਂ ਜਾਂਦੀਆਂ ਹਨ ਤਾਂ ਇਹ ਦਿਲਾਂ ਦੀ ਆਵਾਜ਼ ਬਣ ਕੇ ਗੂੰਜਦੀਆਂ ਹਨ। ਪਿੰਡਾਂ ਦੇ ਅਲਬੇਲੇ ਗਭਰੂ, ਮੇਲਿਆਂ ਵਿਚ, ਵੰਝਲੀਆਂ ਤੇ ਅਲਗੋਜ਼ਿਆਂ ਵਿਚੋਂ, ਲੰਮੀਆਂ ਹੇਕਾਂ ਕਢ ਕੇ, ਲੋਕਾਂ ਦੇ ਦਿਲ ਮੋਂਹਦੇ ਫਿਰਦੇ ਹਨ।

ਢੱਡ ਤੇ ਸਾਰੰਗੀ ਪੰਜਾਬੀਆਂ ਦੇ ਦੋ ਹੋਰ ਪਿਆਰੇ ਸਾਜ਼ ਹਨ, ਜਿਨ੍ਹਾਂ ਨੂੰ ਢਾਡੀ ਕਿਸੇ ਸਾਕੇ ਜਾਂ ਪ੍ਰਸੰਗ ਨੂੰ ਸੁਨਾਉਣ ਲਗਿਆਂ ਵਜਾਉਂਦੇ ਹਨ। ਰਬਾਬੀ ਅਲਾਹੀ ਬਾਣੀ ਦੇ ਕੀਰਤਨ ਸਮੇਂ ਰਬਾਬ ਵਜਾਉਂਦੇ ਹਨ। ਪੰਜਾਬੀਆਂ ਦੀ ਬੀਰ-ਰੁਚੀਆਂ ਦੀ ਪੂਰਤੀ ਢੋਲ ਕਰਦਾ ਹੈ ਜਿਸ ਵਿਚੋਂ ਮੀਂਹ ਦੀ ਨਿੰਮੀ ਨਿੰਮੀ ਕਣੀ ਵਰਗੇ ਤਾਲ ਤੋਂ ਲੈ ਕੇ ਬੱਦਲਾਂ ਦੀ ਘੂਕਰ ਵਾਂਗ ਸ਼ੂਕਣੇ ਤੇ ਕੁਰਕੁਟਵੇਂ ਤਾਲ ਕਢੇ ਜਾਂਦੇ ਹਨ।

ਪਿੰਡ ਦੇ ਪਰ੍ਹਿਆਂ ਤੇ ਸੱਥਾਂ ਵਿਚ, ਕਦੇ ਕਦੇ ਕਸਬੀ ਗਵੱਈਏ, ਕਵੀਸ਼ਰ, ਢਾਡੀ ਤੇ ਰਬਾਬੀ ਆ ਕੇ ਪ੍ਰਸੰਗ, ਸਾਕੇ ਤੇ ਕਿੱਸੇ ਜਾਂ ਸਵਾਂਗ ਸੁਣਾ ਕੇ/ਵਿਖਾ ਕੇ ਵਾਤਾਵਰਨ ਵਿਚ ਜਾਦੂ ਧੂੜ ਦੇਂਦੇ ਹਨ (ਵੇਖੋ : ਸਵਾਂਗ)। ਇਕ ਲੰਮੀ ਕਹਾਣੀ ਤੁਰਦੀ ਹੈ ਤੇ ਚੋਖੀ ਰਾਤ ਗਈ ਤਕ ਪਿੰਡ ਦੇ ਬੱਚੇ, ਗਭਰੂ ਤੇ ਬਿਰਧ, ਚੰਨ ਦੀ ਚਾਨਣੀ ਜਾਂ ਤਾਰਿਆਂ ਦੀ ਲੋਅ ਹੇਠਾਂ ਕੀਲੇ ਬੈਠੇ ਸੰਗੀਤ ਦੇ ਝਰਨੇ ਵਿਚ, ਰਸ ਮਾਣਦੇ ਰਹਿੰਦੇ ਹਨ। ਇਹ ਕਸਬੀ ਗਾਇਕ ਰੰਗ ਜਮਾਉਣ ਲਈ ਸਾਜ਼ਾਂ ਤੋਂ ਕਾਫ਼ੀ ਕੰਮ ਲੈਂਦੇ ਹਨ ਤੇ ਇਨ੍ਹਾਂ ਦੇ ਨਾਲ ਸਾਜ਼ਿੰਦੇ ਵੀ ਹੁੰਦੇ ਹਨ, ਜਿਨ੍ਹਾਂ ਕੋਲ ਇਕਤਾਰਾ, ਢੱਡ, ਰਬਾਬ ਆਦਿ ਸਾਜ਼ ਹੁੰਦੇ ਹਨ। ਭਾਵੇਂ ਕਥਾ-ਕਹਾਣੀ ਤੋਂ ਲੋਕੀਂ ਪਹਿਲਾਂ ਹੀ ਚੰਗੀ ਤਰ੍ਹਾਂ ਪਰੀਚਿਤ ਹੁੰਦੇ ਹਨ, ਪਰ ਹਰ ਕਸਬੀ ਕਥਨ ਕਹਾਣੀ ਨੂੰ ਅਜਿਹੀ ਰਸੀਲੀ ਬਣਾ ਕੇ ਸੁਣਾਉਂਦਾ ਹੈ ਕਿ ਇਹ ਨਵੀਂ ਲਗਦੀ ਹੈ। ਪ੍ਰਸੰਗਾਂ, ਸਾਕਿਆਂ ਤੇ ਕਿੱਸਿਆਂ ਵਿਚ ਜੋ ਕਥਾ ਕਹਾਣੀ ਤੁਰਦੀ ਹੈ, ਉਸ ਦੇ ਜਜ਼ਬਿਆਂ ਨੂੰ ਹਲੂਣਨ ਵਾਲਾ ਭਾਗ, ਕਾਵਿ ਬੰਦਾਂ ਵਿਚ ਹੁੰਦਾ ਹੈ, ਜਿਸ ਨੂੰ ਗਵੱਈਏ ਲੋਕ-ਧੁਨੀਆਂ ਵਿਚ ਗਾ ਕੇ ਸੁਣਾਉਂਦੇ ਹਨ। ਕਹਾਣੀਆਂ ਦੀਆਂ ਤੰਦਾਂ ਜੋੜਨ ਲਈ ਕਥਕ ਵਾਰਤਕ ਤੋਂ ਵੀ ਕੰਮ ਲੈਂਦੇ ਹਨ।

ਇਨ੍ਹਾਂ ਪ੍ਰਸੰਗਾਂ, ਸਾਕਿਆਂ ਤੇ ਕਿੱਸਿਆਂ ਵਿਚ ਭਗਤੀ-ਭਾਵਨਾ, ਬੀਰਤਾ, ਸਾਹਸ ਜਾਂ ਇਸ਼ਕ ਦੀ ਕੋਈ ਅਨੂਠੀ ਕਥਾ ਜਾਂ ਘਟਨਾ ਹੁੰਦੀ ਹੈ। ਭਗਤੀ-ਭਾਵਨਾ ਵਾਲੀਆਂ ਕਥਾਵਾਂ ਵਿਚੋਂ ਪੂਰਨ ਭਗਤ, ਗੋਪੀ ਚੰਦ ਤੇ ਹਕੀਕਤ ਰਾਏ, ਸੂਰਮਗਤੀ ਦੀਆਂ ਕਥਾਵਾਂ ਵਿਚੋਂ ਰਾਜਾ ਰਸਾਲੂ, ਸੁੱਚਾ ਸਿੰਘ ਸੂਰਮਾ, ਤੇ ਜੀਊਣਾ ਮੌੜ, ਪ੍ਰੀਤ ਕਥਾਵਾਂ ਵਿਚ ਹੀਰ ਰਾਂਝਾ, ਸੱਸੀ ਪੁੰਨੂੰ, ਮਿਰਜ਼ਾ ਸਾਹਿਬਾਂ, ਸੋਹਣੀ ਮਹੀਵਾਲ, ਯੂਸਫ਼ ਜ਼ੁਲੇਖਾ ਆਦਿ ਖ਼ਾਸ ਪ੍ਰਸਿਧ ਹਨ। ਇਹ ਕਥਾਵਾਂ ਪੰਜਾਬੀਆਂ ਦੇ ਲਹੂ ਵਿਚ ਰਚੀਆਂ ਹੋਈਆਂ ਹਨ ਅਤੇ ਇਨ੍ਹਾਂ ਦੇ ਨਾਇਕ ਤੇ ਨਾਇਕਾਵਾਂ ਉਨ੍ਹਾਂ ਨੂੰ ਆਪਣੇ ਟੱਬਰ ਦੇ ਜੀਅ ਹੀ ਲਗਦੇ ਹਨ। ਇਸੇ ਲਈ ਪੰਜਾਬੀ ਇਨ੍ਹਾਂ ਕਿੱਸਿਆਂ ਨੂੰ ਬੜੇ ਭਾਵੁਕ ਹੋ ਕੇ ਸੁਣਦੇ ਹਨ।

ਹਰ ਕਿੱਸਾ ਜਾਂ ਪ੍ਰਸੰਗ ਛੋਟੇ ਛੋਟੇ ਬੰਦਾਂ ਵਿਚ ਵੰਡਿਆ ਹੁੰਦਾ ਹੈ। ਇਸ ਨੂੰ ਕਿਸੇ ਅਜਿਹੀ ਲੋਕ-ਧਾਰਨਾ ਵਿਚ ਗਾਇਆ ਜਾਂਦਾ ਹੈ, ਜੋ ਉਹ ਕਿੱਸੇ ਦੀ ਭਾਵਨਾ ਦੇ ਅਨੁਕੂਲ ਹੁੰਦੀ ਹੈ। ਮਿਰਜ਼ੇ ਦੀਆਂ ਸੱਦਾਂ ਨੂੰ, ਲੰਮੀ, ਸੋਗੀ ਹੇਕ ਵਿਚ ਅਲਾਪਿਆ ਜਾਂਦਾ ਹੈ, ਜਿਵੇਂ ਕੋਈ ਪ੍ਰੇਮੀ ਵਿਛੋੜੇ ਵਿਚ ਕੂੰਠਾ, ਵਿਰਲਾਪ ਕਰ ਰਿਹਾ ਹੋਵੇ। ਇਸ ਨੂੰ ਗਾਉਣ ਵੇਲੇ ਇਕ ਹੱਥ ਕੰਨ ਉਤੇ ਅਤੇ ਦੂਜਾ ਉਪਰ ਕੂਕਰ ਪਾਉਣ ਲਈ ਚੁਕਿਆ ਹੁੰਦਾ ਹੈ:

ਮਿਰਜ਼ਾ ਮਾਰਿਆ ਉਹਦੇ ਗਮਾਨ ਨੇ,
ਸਾਹਿਬਾਂ ਮਰੀ ਕਟਾਰੀ ਖਾ।
ਲੋਥਾਂ ਰਹੀਆਂ ਜੰਡ ਹੇਠ,
ਬੁਤ ਵੜੇ ਬਹਿਸ਼ਤੀਂ ਜਾ।
ਕੋਈ ਮੁਸਾਫਰ ਮਰ ਗਿਆ,
ਕਿਨੇ ਨਾ ਮਾਰੀ ਧਾ।
ਭਾਈ ਹੁੰਦੇ ਬਹੁੜਦੇ,
ਦੁਖ ਲੈਂਦੇ ਵੰਡਾ।
ਹਾਇ ਵੇ ਮਿਰਜ਼ਿਆ...

ਹਰ ਕਿੱਸੇ ਦੇ ਸੰਗੀਤ ਦੀ ਨਵੇਕਲੀ ਸ਼ੈਲੀ ਹੈ। ਮਿਰਜ਼ਾ ਸਾਹਿਬਾਂ ਦਾ ਕਿੱਸਾ ਆਮ ਤੌਰ ਉਤੇ 'ਸਾਰੰਗ' ਵਿਚ 'ਕਹਿਰਵਾ' ਤਾਲ ਵਿਚ ਗਾਇਆ ਜਾਂਦਾ ਹੈ, ਪਰ ਕਈ ਇਸ ਨੂੰ 'ਤਿਲੰਗ' ਵਿਚ 'ਅਡ-ਚੋਤਾਲੇ' ਵਿਚ ਗਾਉਂਦੇ ਹਨ। 'ਹੀਰ ਰਾਂਝੇ' ਦਾ ਕਿੱਸਾ ਆਮ ਤੌਰ ਤੇ 'ਸਿੰਧੂ ਭੈਰਵੀ' ਵਿਚ, 'ਸੋਹਣੀ ਮਹੀਵਾਲ' ਦਾ 'ਪਹਾੜੀ' ਵਿਚ, 'ਯੂਸਫ਼ ਜ਼ੁਲੇਖਾ' ਦਾ 'ਭੈਰਵੀ' ਵਿਚ 'ਕਹਿਰਵਾ' ਤਾਲ ਵਿਚ ਗਾਉਂਦੇ ਹਨ। ਪੂਰਨ ਭਗਤ ਦਾ ਕਿੱਸਾ 'ਆਸਾਵਰੀ' ਤੇ 'ਮਾਂਡ' ਦੇ ਸਮਿਲਤ ਤਾਲਾਂ ਵਿਚ ਗਾਇਆ ਜਾਂਦਾ ਹੈ।

ਪੰਜਾਬ ਦੇ ਲੋਕ-ਸੰਗੀਤ ਨੂੰ ਵਿਗਿਆਨਕ ਵਿਧੀ ਨਾਲ ਟੇਪ ਕਰ ਕੇ, ਸੰਭਾਲਣ ਦੇ ਗੰਭੀਰ ਯਤਨ, ਅਜੇ ਕਿਸੇ ਸੰਸਥਾ ਨੇ ਨਹੀਂ ਕੀਤੇ ਅਤੇ ਨਾ ਹੀ ਇਥੋਂ ਦੀਆਂ ਧੁਨਾਂ ਤੇ ਲੋਕ-ਧਾਰਨਾਂ ਦੀਆਂ ਸ਼ੈਲੀਆਂ ਦਾ ਭਰਵਾਂ ਅਧਿਐਨ ਹੋਇਆ ਹੈ। ਫ਼ਿਲਮੀ ਸੰਗੀਤ ਦੇ ਫੈਲਵੇਂ ਅਸਰ ਹੇਠ, ਮੌਲਿਕ ਧੁਨਾਂ ਤੇ ਧਾਰਨਾਵਾਂ ਵਿਚ ਤਬਦੀਲੀਆਂ ਆਉਂਦੀਆਂ ਜਾ ਰਹੀਆਂ ਹਨ। ਜੇ ਇਸ ਪਾਸੇ ਉਚੇਚਾ ਧਿਆਨ ਨਾ ਦਿਤਾ ਗਿਆ ਤਾਂ ਇਹ ਅਮੀਰ ਵਿਰਸਾ ਨਸ਼ਟ ਹੋ ਜਾਵੇਗਾ।

ਪੰਜਾਬ ਦੀਆਂ ਅਣਗਿਣਤ ਲੋਕ-ਧਾਰਨਾਂ ਵਿਚੋਂ 'ਮਾਹੀਆ' 'ਢੋਲਾ' ਤੇ 'ਬੋਲੀਆਂ' ਦੀਆਂ ਧਾਰਨਾਵਾਂ ਦਾ ਉਭਰਵਾਂ ਸਥਾਨ ਹੈ। ਇਨ੍ਹਾਂ ਸਭਨਾਂ ਦੀਆਂ ਆਪੋ-ਆਪਣੀਆਂ ਸੁਤੰਤਰ ਸ਼ੈਲੀਆਂ ਹਨ। ਇਹ ਤਿੰਨੇ ਧਾਰਨਾਵਾਂ ਇਤਨੀਆਂ ਲੋਕ-ਪ੍ਰਿਯ ਹੋਈਆਂ ਹਨ ਕਿ ਸੰਸਕਾਰਕ ਗੀਤਾਂ ਨੂੰ ਛੱਡ ਕੇ ਬਾਕੀ ਦੇ ਬਹੁਤੇ ਲੋਕ-ਗੀਤ, ਇਨ੍ਹਾਂ ਵਿਚ ਹੀ ਰਚੇ ਮਿਲਦੇ ਹਨ, ਇਹ ਕਾਵਿ ਰੂਪ ਛਿਨ-ਭੰਗਰੀ ਤੇ ਤਰਲ ਭਾਵਾਂ ਦੇ ਪ੍ਰਗਟਾਉ ਦਾ ਬਹੁਤ ਖ਼ੂਬਸੂਰਤ ਮਾਧਿਅਮ ਹਨ। ਇਨ੍ਹਾਂ ਕਾਵਿ-ਰੂਪਾਂ ਨੂੰ ਪੰਜਾਬੀਆਂ ਨੇ ਭਾਵਨਾਵਾਂ ਨਾਲ ਪਾਲਿਆ ਤੇ ਸਾਧਨਾ ਨਾਲ ਸਿੰਜਿਆ ਹੈ, ਇਸ ਲਈ ਇਹ ਗੀਤ ਅਮਰ ਹੋ ਗਏ ਹਨ।

ਮਾਹੀਆ ਧਨ-ਪੋਠੋਹਾਰ ਦਾ ਬੜਾ ਪਿਆਰਾ ਲੋਕ-ਕਾਵਿ ਰੂਪ ਹੈ। ਭਾਵਾਂ ਵਿਚ ਰਸਿਆ ਤੇ ਮਿਠਾਸ ਵਿਚ ਗੁਧਿਆ ਹੋਣ ਕਰ ਕੇ ਕੋਈ ਦੂਜਾ ਕਾਵਿ-ਰੂਪ ਇਸ ਦੇ ਤੁੱਲ ਨਹੀਂ ਪਹੁੰਚਦਾ। ਧਨ-ਪੋਠੋਹਾਰ ਦੇ ਇਲਾਕੇ ਵਿਚੋਂ ਕਿਧਰੋਂ ਲੰਘ ਜਾਉ, ਕੰਨਾਂ ਵਿਚ ਮਾਹੀਏ ਦੇ ਟੱਪਿਆਂ ਦਾ ਰਸ, ਮਿਸਰੀ ਬਣ ਕੇ ਘੁਲਦਾ ਰਹਿੰਦਾ ਹੈ। ਮਾਹੀਏ ਦੇ ਟੱਪੇ ਅੰਮ੍ਰਿਤ ਦੇ ਨਿਕੇ ਨਿਕੇ ਉਮਾਹੂ ਚੋਹਿਆਂ ਵਾਂਗ ਹਨ, ਜਿਨ੍ਹਾਂ ਵਿਚ ਦਿਲ ਦਾ ਕੋਈ ਬਲਵਾਨ ਜਜ਼ਬਾ, ਇਕ ਰਸ ਤੋਂ ਫੁਲ ਪਿਆ ਹੋਵੇ। ਇਨ੍ਹਾਂ ਟੱਪਿਆਂ ਵਿਚ ਪ੍ਰੀਤ ਕੁੱਠੀ ਜਿੰਦ ਦੀ ਕੋਈ ਵਿਲਕਣੀ, ਸੱਧਰ, ਸੁਪਨਾ ਜਾਂ ਮਨੋ-ਲਹਿਰੀ ਨੂੰ ਜੀਭਾਂ ਲਗਦੀਆਂ ਹਨ।

'ਮਾਹੀਏ' ਦਾ ਆਪਣਾ ਇਕ ਨਿਵੇਕਲਾ ਰੂਪ-ਵਿਧਾਨ ਹੈ। ਇਹ ਛੋਟੇ ਆਕਾਰ ਦਾ ਤਿੰਨ ਸੱਤਰਾਂ ਦਾ ਗੀਤ ਹੈ। ਪਹਿਲੀ ਸੱਤਰ ਵਿਚ ਕੋਈ ਚਿੱਤਰ, ਝਾਕੀ ਜਾਂ ਦ੍ਰਿਸ਼ਟਾਂਤ ਹੁੰਦਾ ਹੈ। ਇਹ ਸੱਤਰ ਕਈ ਵਾਰ ਅਪ੍ਰਸੰਗਕ ਜਾਪਦੀ ਹੈ ਤੇ ਮੂਲ ਭਾਵ ਨਾਲ ਇਸ ਦਾ ਕੋਈ ਸਿਧਾ ਸੰਬੰਧ ਨਹੀਂ ਹੁੰਦਾ, ਪਰ ਇਹ ਸੱਤਰ ਵੀ ਅਵਚੇਤਨ ਮਨ ਦੀ ਕੋਈ ਸਵਰ-ਲਹਿਰੀ ਹੁੰਦੀ ਹੈ ਤੇ ਕਿਸੇ ਅਪੂਰਵ ਸੱਧਰ ਜਾਂ ਰੀਝ ਦਾ ਪਤਾ ਦੇਂਦੀ ਹੈ। ਅਗਲੀਆਂ ਤੁਕਾਂ ਨਾਲ, ਜੇ ਇਸ ਦਾ ਸਬੰਧ ਨਾ ਵੀ ਜੁੜਦਾ ਹੋਵੇ ਤਾਂ ਵੀ ਇਸ ਦੀ ਬੋਲਣ ਵਾਲੇ ਦੀ, ਮਨੋ-ਅਵਸਥਾ ਨਾਲ ਕੋਈ ਸਾਂਝ ਹੁੰਦੀ ਹੈ। ਇਹ ਸੱਤਰ, ਟੱਪੇ ਦੀ ਲੈਅ ਨੂੰ ਤਵਾਜ਼ਨ ਵਿਚ ਰੱਖਣ ਲਈ ਜਾਂ ਅਨੁਪ੍ਰਾਸ ਮੇਲਣ ਲਈ ਵੀ ਰਚੀ ਜਾਂਦੀ ਹੈ। ਕੁਝ ਟੱਪਿਆਂ

ਵਿਚ ਪਹਿਲੀ ਸੱਤਰ ਸਮੁਚੇ ਭਾਵ ਦਾ ਉਤਨਾ ਹੀ ਅੰਗ ਹੁੰਦੀ ਹੈ ਜਿਤਨੀਆਂ ਕਿ ਬਾਕੀ ਦੀਆਂ ਦੋ ਤੁਕਾਂ। ਟੱਪੇ ਦਾ ਮੂਲ ਭਾਵ ਦੂਜੀ ਤੇ ਤੀਜੀ ਤੁਕ ਵਿਚ ਹੁੰਦਾ ਹੈ ਅਤੇ ਇਹ ਤੁਕਾਂ ਕਿਸੇ ਅੰਤ੍ਰੀਵ ਜਜ਼ਬੇ ਦਾ ਸ਼ਾਬਦਿਕ ਚਿਤ੍ਰ ਹੁੰਦੀਆਂ ਹਨ। ਇਨ੍ਹਾਂ ਵਿਚ ਤਰਲ, ਸੂਖਮ ਤੇ ਅਬੋਧ ਭਾਵਾਂ ਦਾ ਨਿੱਗਰ ਰੂਪ ਮੂਰਤ ਵਾਂਗ ਉਭਰਿਆ ਹੁੰਦਾ ਹੈ। ਖ਼ਿਆਲ ਸਿੱਧਾ ਦਿਲ ਵਿਚੋਂ ਨਿਕਲਿਆ ਹੋਣ ਕਰ ਕੇ ਟੁੰਬਵਾਂ ਤੇ ਪ੍ਰਭਾਵਸ਼ਾਲੀ ਹੁੰਦਾ ਹੈ। ਹਰ ਟੱਪਾ ਇਕ ਪੂਰੀ ਕਵਿਤਾ ਦਾ ਸਵਾਦ ਦੇ ਜਾਂਦਾ ਹੈ :—

ਤੰਦੂਰੀ ਤਾਈ ਹੋਈ ਆ
ਬਾਲਣ ਹੱਡੀਆਂ ਦਾ
ਰੋਟੀ ਇਸ਼ਕੇ ਦੀ ਲਾਈ ਹੋਈ ਆ।
ਇਹ ਬੱਦਲ ਜੋ ਆਏ ਹੋਏ ਨੇ
ਧੂੰਏਂ ਮੇਰੇ ਦਿਲ ਵਾਲੇ
ਅਸਮਾਨਾਂ ਤੇ ਛਾਏ ਹੋਏ ਨੇ।

ਮਾਹੀਆ ਵਧੇਰੇ ਕਰ ਕੇ ਦੇਸੀ ਤੇ ਸਥਾਨਕ ਰਾਗਣੀਆਂ ਵਿਚ ਗਾਇਆ ਜਾਂਦਾ ਹੈ, ਜਿਵੇਂ 'ਪਹਾੜੀ', 'ਸਿੰਧੀ', 'ਭੈਰਵੀ' ਅਤੇ 'ਸਿੰਧੜਾ' ਆਦਿ। ਮਾਹੀਏ ਦੀ ਇਕ ਬੜੀ ਪ੍ਰਸਿਧ ਧੁਨੀ 'ਮਾਂਡ' ਵਿਚ ਗਾਈ ਜਾਂਦੀ ਹੈ। 'ਮਾਂਡ' ਬੜੀ ਪੁਰਾਣੀ ਕਰੁਣਾਮਈ ਰਾਗਣੀ ਹੈ ਤੇ ਇਸ ਵਿਚ ਗਾਏ ਮਾਹੀਏ ਦੇ ਟੱਪੇ ਸਿਧੇ ਦਿਲ ਵਿਚ ਉਤਰ ਜਾਂਦੇ ਹਨ।

ਪੰਜਾਬੀ ਲੋਕ-ਗੀਤਾਂ ਦਾ ਇਕ ਹੋਰ ਪ੍ਰਸਿਧ ਕਾਵਿ-ਰੂਪ 'ਢੋਲਾ' ਹੈ। 'ਮਾਹੀਏ' ਵਾਂਗ 'ਢੋਲੇ' ਵਿਚ ਵੀ ਦਿਲ ਦੇ ਅੰਤ੍ਰੀਵ ਭਾਵਾਂ ਤੇ ਮਚਲ ਰਹੇ ਜਜ਼ਬਿਆਂ ਨੂੰ ਬੜੀ ਮਿੱਠੀ ਤੇ ਭਾਵੁਕ ਬੋਲੀ ਵਿਚ ਪੇਸ਼ ਕੀਤਾ ਹੁੰਦਾ ਹੈ। ਇਨ੍ਹਾਂ ਦਾ ਪ੍ਰਧਾਨ ਵਿਸ਼ਾ ਮਾਹੀਏ ਵਾਂਗ ਹੀ 'ਹੁਸਨ ਇਸ਼ਕ' ਹੈ, ਜੋ ਆਦਿ ਕਾਲ ਤੋਂ ਹੀ ਮਨੁੱਖੀ ਭਾਵਨਾਵਾਂ ਨੂੰ ਰੰਗਦਾ ਰਿਹਾ ਹੈ। ਢੋਲਾ ਕਈ ਸ਼ੈਲੀਆਂ ਵਿਚ ਪ੍ਰਚਲਿਤ ਹੈ। ਪੋਠੋਹਾਰ ਵਿਚ ਪ੍ਰਚਲਿਤ ਢੋਲੇ, ਰੂਪ ਤੇ ਲੈਅ ਵਿਚ, ਸਾਂਦਲਬਾਰ ਦੇ ਜਾਂਗਲੀਆਂ ਦੇ ਢੋਲਿਆਂ ਨਾਲੋਂ ਵੱਖਰੇ ਹਨ। ਪੋਠੋਹਾਰੀ ਢੋਲਿਆਂ ਦਾ ਇਕ ਬਝਵਾਂ ਰੂਪ-ਵਿਧਾਨ ਹੈ। ਇਹ ਢੋਲੇ ਪੰਜ ਸੱਤਰਾਂ ਦੇ ਹੁੰਦੇ ਹਨ ਅਤੇ ਦੋ ਕੁ ਟੁਕੜੀਆਂ ਵਿਚ ਵੰਡੇ ਹੁੰਦੇ ਹਨ। ਪਹਿਲੀ ਟੁਕੜੀ ਤਿੰਨ ਸੱਤਰਾਂ ਦੀ ਹੁੰਦੀ ਹੈ, ਜਿਸ ਵਿਚ ਪਹਿਲੀਆਂ ਦੋ ਸੱਤਰਾਂ ਦਾ ਤੁਕਾਂਤ ਮਿਲਦਾ ਹੈ, ਤੀਜੀ ਦਾ ਨਹੀਂ, ਦੂਜੀ ਟੁਕੜੀ ਦੋ ਸੱਤਰਾਂ ਦੀ ਹੁੰਦੀ ਹੈ। ਜੋ ਪਹਿਲੀ ਟੁਕੜੀ ਦੇ ਪ੍ਰਭਾਵ ਨੂੰ ਗੂੜ੍ਹਾ ਕਰਦੀ ਤੇ ਬਿਜਲੀ ਦੀ ਲਿਸ਼ਕ ਵਾਂਗ ਚਕਾਚੂੰਦ ਕਰ ਜਾਂਦੀ ਹੈ। ਇਹ ਦੂਜੀ ਟੁਕੜੀ ਢੋਲੇ ਦੀ ਇਕਾਈ ਦਾ ਬਝਵਾਂ ਅੰਗ ਹੁੰਦਿਆ ਵੀ, ਭਾਵ ਵਿਚ ਸੁਤੰਤਰ ਤੇ ਸਵੈ-ਸੰਪੰਨ ਹੋਣ ਕਰਕੇ, ਕਿਸੇ ਵੀ ਢੋਲੇ ਦੀ ਪਹਿਲੀ ਕਲੀ ਨਾਲ ਲਗਾ ਕੇ ਗਾਈ ਜਾ ਸਕਦੀ ਹੈ। ਸੋ, ਇਹ ਦੂਜੀ ਕਲੀ, ਕਿਸੇ ਢੋਲੇ ਦਾ ਹਿੱਸਾ ਹੁੰਦਿਆਂ ਵੀ, ਹਰ ਢੋਲੇ ਨਾਲ ਨਿਸਚਿਤ ਨਹੀਂ, ਇਹ ਜਿਥੇ ਢੁੱਕ ਜਾਵੇ, ਢੁੱਕਾ ਕੇ ਗਾ ਲਈ ਜਾਂਦੀ ਹੈ :

ਮੇਰਾ ਢੋਲਾ ਤੇ ਮੈਂ ਹਾਣੀ
ਢੋਲੇ ਕਧਾਂ ਤੋਂ ਮੰਗਿਆ ਪਾਣੀ,
ਦੁੱਧ ਚਾ ਦੇਸਾਂ, ਜੀਵੇਂ ਢੋਲਾ।
ਢੋਲ ਰੰਗਲਾ
ਚਿੱਟੀ ਤੇਰੀ ਪਗੜੀ ਗੁਲਾਬੀ ਸ਼ਮਲਾ।

ਪੋਠੋਹਾਰੀ ਢੋਲੇ ਆਮ ਤੌਰ ਉਤੇ 'ਪਹਾੜੀ' ਵਿਚ 'ਕਹਿਰਵਾ' ਤਾਲ ਵਿਚ ਗਾਏ ਜਾਂਦੇ ਹਨ, ਪਰ ਕੁਝ ਢੋਲੇ 'ਤਿਲੰਗ' ਤੇ 'ਭੈਰਵੀ ਰਾਗ' ਵਿਚ ਵੀ ਗਾ ਲਏ ਜਾਂਦੇ ਹਨ।

ਸਾਂਦਲਬਾਰ ਵਿਚ ਪ੍ਰਚਲਤ ਢੋਲਿਆਂ ਦਾ ਕੋਈ 'ਬਝਵਾਂ ਰੂਪ' ਵਿਧਾਨ ਨਹੀਂ ਅਤੇ ਇਨ੍ਹਾਂ ਦੀ ਲੈਅ ਪੋਠੋਹਾਰੀ ਢੋਲਿਆਂ ਨਾਲੋਂ ਵੱਖਰੀ ਹੈ। ਇਨ੍ਹਾਂ ਵਿਚ ਤਾਲ ਤੇ ਲੈਅ ਦੀ ਭਿੰਨਤਾ ਹੈਰਾਨ ਕਰਨ ਵਾਲੀ ਹੈ। ਛੰਦ ਦੀ ਤਾਲ ਭਾਵਾਂ ਦੀਆਂ ਲਹਿਰੀਆਂ ਉਤੇ ਨਿਰਭਰ ਕਰਦੀ ਹੈ। ਇਹ ਢੋਲੇ ਬਹੁਤੇ 'ਭੈਰਵੀ' ਵਿਚ ਗਾਏ ਜਾਂਦੇ ਹਨ। "ਢੋਲਿਆਂ ਨੂੰ ਗਾਉਣ ਵਾਲੇ ਆਮ ਤੌਰ ਉਤੇ ਲੋਕ-ਕਵੀ ਹੁੰਦੇ ਹਨ। ਗਾਇਆ ਇਹ ਇਕ ਇਕੱਠ ਵਿਚ ਜਾਂਦਾ ਹੈ। ਕੰਨਾਂ ਤੇ ਹੱਥ ਧਰ ਕੇ ਲੰਮੀ ਜਿਹੀ ਹੇਕ ਨਾਲ, ਇਸ ਤਰ੍ਹਾਂ ਜਾਪਦਾ ਹੁੰਦਾ ਹੈ, ਜਿਸ ਤਰ੍ਹਾਂ ਵੈਰਾਗ ਵਿਚ ਆ ਕੇ ਕੋਈ ਵੈਣ ਪਾ ਰਿਹਾ ਹੋਵੇ, ਕਿਸੇ ਮੁਟਿਆਰ ਦੇ ਦੱਬੇ ਹੋਏ ਅਰਮਾਨਾਂ ਦਾ ਉਹ ਚਿਤਰ ਖਿਚ ਰਿਹਾ ਹੁੰਦਾ ਹੈ" (ਨੀਲੀ ਤੇ ਰਾਵੀ, ਪੰਨਾ 5)। ਜਾਂਗਲੀ ਢੋਲੇ ਦੀ ਮਿਠਾਸ ਕੱਚੇ-ਦੁੱਧ ਵਰਗੀ ਹੈ :

ਕੰਨਾਂ ਨੂੰ ਸੋਹਣੇ ਬੁੰਦੇ
ਸਿਰ ਤੇ ਛੱਤੇ ਨੇ ਲੰਡੇ
ਕੇਡੀ ਰਿਹਾੜ ਕਰੇਂਦੇ ਨੂੰ
ਨੀਂਦਰ ਕੱਚੀ ਦੇ ਜਾਗੇ।
ਸੁਤੀ ਸੁਫਨਾ ਵਾਚਿਆ
ਮਾਹੀ ਮਿਲਿਆ ਖ਼ਾਬੇ।
ਅਭੜ ਭਾਂਦੇ ਹੱਥ ਸੇ ਜਾਂ ਤੇ ਮਾਰੇ
ਢੋਲਾ ਕੋਲ ਹੋਵੇ ਤਾਂ ਜਾਗੇ।

'ਬੋਲੀ' ਦਾ ਆਪਣਾ ਨਵੇਕਲਾ ਰੂਪ ਰੰਗ ਤੇ ਰਸ ਹੈ—ਵੰਨ ਸੁਵੰਨੀਆਂ ਸ਼ੈਲੀਆਂ। ਨਿੱਕੇ ਜਿਹੇ ਪਿੰਡੇ ਵਾਲੀ ਅੰਮ੍ਰਿਤ ਦੀ ਕਣੀ ਵਾਂਗ ਤਪਦੇ ਹਿਰਦੇ ਵਿਚ ਰਸ, ਤੇ ਝਰਨਾਟਾਂ ਛੇੜ ਜਾਂਦੀ ਹੈ। ਬੋਲੀ ਪੰਜਾਬੀ ਦਾ ਸਭ ਤੋਂ ਛੋਟਾ ਕਾਵਿ-ਰੂਪ ਹੈ। ਇਸ ਤੋਂ ਹੋਰ ਛੋਟਾ ਰੂਪ ਕਿਆਸਿਆ ਹੀ ਨਹੀਂ ਜਾ ਸਕਦਾ। ਛੋਟੇ ਰੂਪ ਵਿਚ ਕਲਾ ਨੂੰ ਜੀਰਨਾ ਵਧੇਰੇ ਕਠਨ ਹੁੰਦਾ ਹੈ। ਪਰ ਆਕਾਰ ਵਿਚ ਛੋਟੀ ਹੁੰਦਿਆਂ ਵੀ, ਬੋਲੀ ਪ੍ਰਭਾਵ ਵਿਚ ਬੜੀ ਗਹਿਰੀ, ਰਸੀਲੀ ਤੇ ਰੋਚਕ

ਹੁੰਦੀ ਹੈ। ਇਸ ਵਿਚ ਅਖਾਣਾਂ ਵਾਲੇ ਸੰਜਮ, ਮਾਹੀਏ ਵਾਲੇ ਚਲਿਤ੍ਰ ਤੋਂ ਇਲਾਵਾ ਇਕ ਆਪਣਾ ਸੁਹਜ ਰੰਗ ਵੀ ਹੈ। ਤੁਕਾਂਤ ਤੋਂ ਮੁਕਤ ਹੋਣ ਕਰ ਕੇ ਬਨਾਵਟ ਦਾ ਅੰਸ਼, ਇਸ ਵਿਚ ਰਤੀ ਭਰ ਵੀ ਨਹੀਂ। ਇਹ ਸਹਿਜ ਕਾਵਿ-ਰੂਪ ਹੈ, ਪਰ ਲੈਅ ਦੀ ਇਹ ਇਕਾਈ ਆਪਣ ਆਪ ਵਿਚ ਸੰਪੂਰਨ ਹੋਣ ਕਰ ਕੇ, ਸਿਧੀ ਮਨ ਨੂੰ ਟੁੰਬਦੀ ਹੈ। ਬੋਲੀਆਂ ਵਿਚ ਮਨੁੱਖੀ ਮਨ ਵਿਚ, ਪਲ ਛਿਨ ਲਈ, ਉਹਦੇ ਕਿਸੇ ਭਾਵ, ਸੱਧਰ, ਤੇ ਕਾਮਨਾ ਨੂੰ ਇਕ ਬੁਰਸ਼-ਛੁਹ ਨਾਲ ਸਾਕਾਰ ਕੀਤਾ ਜਾਂਦਾ ਹੈ। ਵਿਸ਼ੇ ਜੀਵਨ ਦੀਆਂ ਤਰੰਗਾਂ ਵਾਂਗ ਹੀ ਬਹੁ-ਪਖੀ ਹਨ :

ਟਾਂਡੇ ਚੂਪਣੇ ਚਰੀ ਦੇ ਹਾਣੀਆਂ
ਘਰ 'ਚ ਸੰਧੂਰੀ ਅੰਬੀਆਂ।
ਦਾਣੇ ਲਗਦੇ ਮਖਾਣਿਆਂ ਵਰਗੇ
ਮਿੱਤਰਾਂ ਦੀ ਮੁਠ ਵਿਚ ਦੇ।
ਘੁੰਡ ਕਢ ਲੈ ਪਤਣ ਤੇ ਅੜੀਏ
ਪਾਣੀਆਂ ਨੂੰ ਅਗ ਲਗ ਜਾਊ।
ਲਾਲੀ ਮੇਰੀਆਂ ਅੱਖਾਂ ਵਿਚ ਰੜਕੇ
ਅੱਖ ਮੇਰੇ ਯਾਰ ਦੀ ਦੁੱਖੇ।

ਬੁਨਿਆਦੀ ਤੌਰ ਉਤੇ ਬੋਲੀ ਇਕ ਤੁਕ ਦੀ ਹੁੰਦੀ ਹੈ, ਪਰ ਕੁਝ ਬੋਲੀਆਂ ਦੋ, ਚਾਰ ਜਾਂ ਵਧੀਕ ਤੁਕਾਂ ਦੀਆਂ ਵੀ ਮਿਲਦੀਆਂ ਹਨ। ਵਡੀਆਂ ਬੋਲੀਆਂ ਲੋਕ-ਨਾਚਾਂ ਨਾਲ ਸਬੰਧਿਤ ਹਨ, ਕੁੜੀਆਂ 'ਗਿੱਧਾ' ਪਾਂਦਿਆਂ ਅਤੇ ਗਭਰੂ ਭੰਗੜਾ ਨਚਦਿਆਂ, ਬੋਲੀਆਂ ਦੀਆਂ ਭਾਵਨਾ ਨਾਲ ਇਕਸੁਰ ਹੋ ਜਾਂਦੇ ਹਨ। ਗਿੱਧੇ ਦੀਆਂ ਬੋਲੀਆਂ ਤਿਲੰਗ ਰਾਗ ਵਿਚ ਗਾਈਆਂ ਜਾਂਦੀਆਂ ਹਨ।

ਬੱਚੇ ਨੂੰ ਸੁਲਾਣ ਜਾਂ ਵਿਚਰਾਣ ਲਈ, ਲੋਰੀਆਂ ਦਿਤੀਆਂ ਜਾਂਦੀਆਂ ਹਨ, ਜਿਨ੍ਹਾਂ ਦੀਆਂ ਸੁਰਾਂ ਦੀ ਆਪਣੀ ਨਿਵੇਕਲੀ ਸ਼ੈਲੀ ਹੈ। ਲੋਰੀਆਂ ਨੂੰ ਇਕ ਖ਼ਾਸ ਝੀਣੀ, ਲਮਕਵੀਂ ਤੇ ਧੀਮੀ, ਹੇਕ ਵਿਚ ਇੰਜ ਅਲਾਪਿਆ ਜਾਂਦਾ ਹੈ ਕਿ ਜਿਵੇਂ ਵਾਤਾਵਰਨ ਉਤੇ ਕਿਸੇ ਜਾਦੂ ਧੂੜ ਦਿਤਾ ਹੋਵੇ। ਆਲਾ ਦੁਆਲਾ ਅਲਸਾਇਆ ਲਗਦਾ ਏ ਤੇ ਬੱਚਾ ਖੁਮਾਰੀ ਜਿਹੀ ਵਿਚ ਆ ਕੇ ਸੌਂ ਜਾਂਦਾ ਹੈ। ਤੁਕਾਂ ਨਿਕੀਆਂ ਪਰ ਲਚਕਦਾਰ ਹੁੰਦੀਆਂ ਹਨ ਅਤੇ ਅਨੁਪ੍ਰਾਸ ਦਾ ਸੁਮੇਲ ਬੜਾ ਚਟਪਟਾ। ਹਰ ਤੁਕ ਪਿਛੇ ਕੁਝ ਸਵਰ-ਲਹਿਰੀਆਂ ਗੁਣਗੁਣਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿਚੋਂ ਸੰਗੀਤ ਫੁਵਾਰੇ ਵਾਂਗ ਝਰਦਾ ਹੈ ਜਿਵੇਂ 'ਊਂ ਊਂ ਊਂ,' 'ਕੂ ਹੂ', 'ਕੂ ਹੂ'। ਲੋਰੀ ਦੀ ਲੈਅ ਵਿਚ ਇਕ ਅਨੂਠੀ ਮਸਤੀ ਹੁੰਦੀ ਹੈ, ਜੋ ਬੱਚੇ ਨੂੰ ਸੁਪਨਿਆਂ ਦੀ ਦੁਨੀਆਂ ਵਿਚ ਪਹੁੰਚਾ ਦੇਂਦੀ ਹੈ। ਲੋਰੀਆਂ ਆਮ ਤੌਰ ਉਤੇ 'ਤਿਲੰਗ' ਤੇ 'ਭੈਰਵੀ' ਰਾਗਣੀ ਵਿਚ ਗਾਈਆਂ ਜਾਂਦੀਆਂ ਹਨ, ਜਿਵੇਂ ;

ਦੂਰ ਵੇ ਕੁਤਿਆ !
ਢੰਨਾਂ ਤਲੇ ਸੁਤਿਆ
ਢੰਨ ਬੜੀ ਪੁਰਾਣੀ
ਲਾਡੋ ਬੜੀ ਸਿਆਣੀ।

ਇਹ ਲੋਰੀ 'ਭੈਰਵੀ' ਵਿਚ ਗਾਈ ਜਾਂਦੀ ਹੈ।

ਮੌਤ ਸਮੇਂ ਅਲ੍ਹਾਣੀਆਂ ਤੇ ਵੈਣ ਪਾਏ ਜਾਂਦੇ ਹਨ, ਜਿਨ੍ਹਾਂ ਦੀ ਆਪਣੀ ਧਾਰਨਾ ਹੈ। ਅਲ੍ਹਾਣੀਆਂ ਸਿਰਫ਼ ਲੈਅ-ਬਧ ਵਿਰਲਾਪ ਹੀ ਨਹੀਂ, ਇਨ੍ਹਾਂ ਵਿਚ ਸੰਸਾਰ ਦੀ ਨਾਸ਼ਮਾਨਤਾ ਤੇ ਮਨੁੱਖੀ ਜੀਵਨ ਦੀ ਅਸਾਰਤਾ ਦਾ ਦਿਲ ਚੀਰਵਾਂ ਵਰਨਣ ਹੁੰਦਾ ਹੈ। ਵੈਣ 'ਭੈਰਵੀ' ਰਾਗਣੀ ਵਿਚ ਪਾਏ ਜਾਂਦੇ ਹਨ ਅਤੇ ਇਹ ਮੱਠੀ, ਝੀਣੀ, ਸੋਗੀ, ਲਮਕਾਈ ਹੋਈ ਹੇਕ ਵਿਚ ਅਲਾਪੇ ਜਾਂਦੇ ਹਨ, ਵਿਚ ਵਿਚ 'ਹੂ ਕੂ' ਮੈਂ ਪਟੀ ਗਈ ਆਂ', 'ਮੈਂ ਮਾਰੀ ਗਈ' ਆਦਿ ਦੇ ਕੀਰਨੇ ਵੀ ਪਾਏ ਜਾਂਦੇ ਹਨ।

'ਕਿਕਲੀ' ਤੇ 'ਥਾਲ' ਗੀਤਾਂ ਦੀ ਨਵੇਕਲੀ ਧਾਰਨਾ ਹੈ ਤੇ ਲੋਹੜੀ ਤੇ ਤੀਹਾਂ ਦੇ ਗੀਤਾਂ ਦੀ ਆਪਣੀ। 'ਵਾਰਾਂ' ਵਿਚ ਬੀਰ-ਰਸੀ ਘੂਕਰ ਹੋਣ ਕਰ ਕੇ ਹੋਰ ਧਾਰਨਾ ਵਿਚ ਗਾਈਆਂ ਜਾਂਦੀਆਂ ਹਨ। 'ਛਈ' ਤੇ 'ਜਿੰਦੂਏ' ਦੀ ਧਾਰਨਾ ਇਕ ਦੂਜੇ ਨਾਲੋਂ ਅੱਡਰੀ ਹੈ।

ਲੋਕ-ਧਾਰਨਾ ਦੀ ਵੰਨ-ਸੁਵੰਨਤਾ ਗੌਣਾਂ ਵਿਚ ਵੇਖਣਯੋਗ ਹੈ। ਹਰ ਗੌਣ ਦੀ ਆਪਣੀ ਲੈਅ ਤੇ ਧੁਨੀ ਹੈ ਤੇ ਹਰ ਗੀਤ ਨਵੇਕਲੀ ਧਾਰਨਾ ਵਿਚ ਗਾਇਆ ਜਾਂਦਾ ਹੈ। ਜਦੋਂ ਕੋਈ ਗੀਤ ਆਪਣੀ ਪ੍ਰਚਲਤ ਧਾਰਨਾ ਵਿਚ ਗਾਇਆ ਜਾਂਦਾ ਹੈ ਤਾਂ ਇੰਜ ਲਗਦਾ ਹੈ ਕਿ ਗੀਤ ਵਿਚ ਜ਼ਿੰਦਗੀ ਧੜਕ ਪਈ ਹੈ ਤੇ ਸ਼ਬਦ ਜੀਊ ਉਠੇ ਹਨ। ਹੇਠਾਂ ਕੁਝ ਗੀਤਾਂ ਦੀਆਂ ਟੇਕ ਦੀਆਂ ਤੁਕਾਂ ਦਿਤੀਆਂ ਜਾਂਦੀਆਂ ਹਨ। ਇਹ ਗੀਤ ਭਾਵੇਂ ਲੰਮੀ ਉਮਰ ਭੋਗ ਚੁਕੇ ਹਨ, ਪਰ ਰਾਗ ਤੇ ਲੈਅ ਦੀ ਮਿਠਾਸ ਅਤੇ ਧਾਰਨਾ ਦੇ ਰਸ ਕਾਰਨ ਸਦਾ ਜਵਾਨ ਤੇ ਨਰੋਏ ਲਗਦੇ ਹਨ—

(ੳ) ਉਚੀਆਂ ਤੇ ਲੰਮੀਆਂ ਟਾਹਲੀਆਂ ਨੀ ਮਾਏ
ਵਿਚ ਗੁਜਰੀ ਦੀ ਪੀਂਘ ਵੇ ਮਾਹੀਆ।

(ਅ) ਕਿਥੇ ਤੇ ਲਾਨੀਆਂ ਟਾਹਲੀਆਂ ਕਿ ਪਤਾਂ ਵਾਲੀਆਂ
ਵੇ ਕਿਥੇ ਤੇ ਲਾਨੀਆਂ ਸ਼ਤੂਤ।

(ੲ) ਚੜ੍ਹਿਆ ਮਹੀਨਾ ਹਾੜ ਕਿ ਤਪਣ ਪਹਾੜ
ਕਿ ਬਲਣ ਅੰਗੀਠੀਆਂ
ਮਾਹੀ ਗਿਆ ਪ੍ਰਦੇਸ ਮੈਂ ਬਿਰਹੋਂ ਲੂਠੀਆਂ।

(ਸ) ਵਗਦੀ ਸੀ ਰਾਵੀ ਮਾਹੀ ਵੇ,
ਵਿਚ ਫੁੱਲ ਕਪਾਹੀ ਦਾ, ਢੋਲਾ !
ਮੈਂ ਨਾ ਜੰਮਦੀ ਮਾਹੀ ਵੇ,
ਤੂੰ ਕਿਥੋਂ ਵਿਆਹੀ ਦਾ ਢੋਲਾ !

(ਹ) ਸਾਡਾ ਚਿੜੀਆਂ ਦਾ ਚੰਬਾ ਵੇ
ਬਾਬਲ ਅਸਾਂ ਉੱਡ ਜਾਣਾ।

ਮਧੁਰ ਲੈਆਂ ਸਦਕਾ ਹੀ, ਇਹ ਗੀਤ, ਸਾਡੀ ਜ਼ਿੰਦਗੀ ਦੇ ਲਹੂ ਵਿਚ ਰਚੇ ਮਿਚੇ ਹੋਏ ਹਨ।

**(ਲ-81) ਲੋਕ-ਸਾਹਿੱਤ ਦਾ ਮਹੱਤਵ :**

ਪੰਜਾਬੀ ਸਾਹਿੱਤ ਦਾ ਇਕ ਬੜਾ ਖ਼ੂਬਸੂਰਤ ਤੇ ਸਮ੍ਰਿਧ ਰੂਪ ਲੋਕ-ਸਾਹਿੱਤ ਹੈ, ਜਿਸ ਦਾ ਆਨੰਦ ਪੜ੍ਹੇ, ਅਨਪੜ੍ਹੇ ਸਾਰੇ ਪੰਜਾਬੀ ਹਮੇਸ਼ਾਂ ਹੀ ਬੜੇ ਸਰੂਰ ਨਾਲ ਮਾਣਦੇ ਰਹੇ ਹਨ। ਇਹ ਸਾਹਿੱਤ ਪੰਜਾਬੀਆਂ ਦੀਆਂ ਭਾਵਨਾਵਾਂ, ਰੀਝਾਂ ਤੇ ਸੱਧਰਾਂ-ਸੁਪਨਿਆਂ ਨਾਲ ਇਕਸੁਰ ਹੋਣ ਕਰ ਕੇ ਤੇ ਰੀਤ ਰਵਾਜਾਂ, ਧਾਰਨਾਵਾਂ, ਸੰਕਲਪਾਂ ਤੇ ਵਿਸ਼ਵਾਸਾਂ ਦੀ ਰੂੜ੍ਹੀ ਵਿਚੋਂ ਉਗਮਿਆ ਹੋਣ ਕਰ ਕੇ ਲੋਕ-ਸੰਸਕ੍ਰਿਤੀ ਦਾ ਅਨਿੱਖੜ ਅੰਗ ਹੈ ਅਤੇ ਇਸ ਦੇ ਖਲਵਾੜ ਪੰਜਾਬ ਦੇ ਹਰ ਗਲੀ ਮਹੱਲੇ ਤੇ ਪਿੰਡ ਵਿਚ ਖਿਲਰੇ ਪਏ ਹਨ। ਪਰ ਦੁੱਖ ਦੀ ਗੱਲ ਤਾਂ ਇਹ ਹੈ ਕਿ ਇਹ ਕੀਮਤੀ ਵਿਰਸਾ, ਜਿਸ ਵਿਚ ਹਰ ਨਵੀਂ ਪੀੜ੍ਹੀ ਆਪਣੀ ਸਮਰੱਥਾ ਅਨੁਸਾਰ ਨਵੀਆਂ ਵਾਢੀਆਂ ਰਲਾਂਦੀ ਰਹੀ ਹੈ, ਸਾਡੀ ਅਣਗਹਿਲੀ ਕਾਰਣ ਵਡਮੁੱਲੀ ਵਸਤੂ ਬਣਨ ਦੀ ਥਾਂ ਭੋਂ ਦੇ ਭਾੜੇ ਰੁਲ ਰਿਹਾ ਹੈ।

ਸਾਹਿੱਤ ਭਾਵਾਂ ਦਾ ਸੁਹਜਮਈ ਪ੍ਰਗਟਾਵਾ ਹੈ ਤੇ ਇਸ ਦੇ ਅੰਤਰਗਤ ਉਹ ਸਭ ਸਾਰਥਕ ਕਲਾਤਮਿਕ ਅਭਿਵਿਅਕਤੀਆਂ ਸ਼ਾਮਲ ਹਨ, ਜੋ ਮਨੁੱਖ ਨੂੰ ਸੁਹਜ ਸਵਾਦ ਤੇ ਪ੍ਰੇਰਨਾ ਦਿੰਦੀਆਂ ਹਨ, ਭਾਵੇਂ ਉਨ੍ਹਾਂ ਨੇ ਲਿਖਤ ਦਾ ਜਾਮਾ ਪਹਿਨਿਆ ਹੋਵੇ ਤੇ ਭਾਵੇਂ ਨਾ। ਮੁੱਢ ਕਦੀਮ ਤੋਂ ਹੀ ਸਾਹਿੱਤ ਦੇ ਦੋ ਪ੍ਰਵਾਹ ਚਲਦੇ ਆ ਰਹੇ ਹਨ। ਇਕ ਲੋਕਤਾ ਜਿਡਾ ਵੱਡਾ, ਲੋਕਾਂ ਦੇ ਸੱਧਰਾਂ ਸੁਪਨਿਆਂ ਵਿਚ ਰਸਿਆ ਤੇ ਲੋਕ-ਭਾਵਨਾ ਨਾਲ ਓਤਪੋਤ ਅਤੇ ਦੂਜਾ ਸੀਮਤ, ਹੱਦਾਂ ਵਿਚ ਬੱਝਾ ਕੂਲ ਵਾਂਗ ਕਿਨਾਰਿਆਂ ਵਿਚ ਸਿਮਟ ਕੇ ਵਗਦਾ ਤੇ ਕੇਵਲ ਕੰਢਿਆਂ ਉਤੇ ਬੈਠਿਆਂ ਦਾ ਹੀ ਦਿਲ ਠਾਰਨ ਵਾਲਾ। ਪਹਿਲਾ ਦਰਿਆ ਦੇ ਪਾਣੀ ਵਾਂਗ ਫੈਲਿਆ ਕਿਧਰੇ ਨਿਰਮਲ, ਕਿਧਰੇ ਮਿਲੋਟਾ, ਕਿਧਰੇ ਡੂੰਘਾ, ਕਿਧਰੇ ਪੇਤਲਾ, ਪਰ ਦੂਜਾ ਕਲਾ-ਧਾਰੀਆਂ ਦਾ ਰਚਿਆ, ਪੱਕਿਆ ਤੇ ਸ਼ਿੰਗਾਰਿਆ ਸੰਵਾਰਿਆ ਹੋਇਆ। ਪਹਿਲਾ ਲੋਕ-ਸਾਹਿੱਤ ਹੈ ਤੇ ਦੂਜੇ ਨੂੰ ਪਹਿਲੇ ਤੋਂ ਨਿਖੇੜਨ ਲਈ ਵਿਸ਼ਿਸ਼ਟ ਸਾਹਿੱਤ ਕਿਹਾ ਜਾ ਸਕਦਾ ਹੈ। ਲੋਕ-ਸਾਹਿੱਤ ਲੋਕਾਂ ਦੇ ਦਿਲਾਂ ਵਿਚ ਰਹਿੰਦਾ ਤੇ ਹੋਠਾਂ ਤੇ ਖੇਡਦਾ ਹੈ। ਇਸ ਨਾਲ ਕਿਸੇ ਲੇਖਕ ਦਾ ਨਾਂ ਨਹੀਂ ਜੁੜਿਆ ਹੁੰਦਾ; ਇਹ ਜਾਤੀ ਦਾ ਸਾਂਝਾ ਵਿਰਸਾ ਹੁੰਦਾ ਹੈ। ਇਸ ਦੇ ਵਿਸ਼ੇ ਪਰੰਪਰਾਗਤ, ਸਰਬ ਸਾਂਝੇ ਤੇ ਸੁਭਾਵ ਵਿਚ ਸਾਂਸਕ੍ਰਿਤਕ ਹੁੰਦੇ ਹਨ। ਇਸ ਦੇ ਉਲਟ ਵਿਸ਼ਿਸ਼ਟ ਸਾਹਿੱਤ ਲਿਖਤੀ ਰੂਪ ਵਿਚ ਪ੍ਰਚਲਤ ਹੁੰਦਾ ਹੈ ਅਤੇ ਲੇਖਕ ਦੀ ਨਿਜੀ ਸ਼ਖ਼ਸੀਅਤ ਦੀ ਛਾਪ ਉਸ ਉਤੇ ਲੱਗੀ ਹੁੰਦੀ ਹੈ।

ਲੋਕ-ਸਾਹਿੱਤ ਦਾ ਆਪਣਾ ਵਿਸ਼ੇਸ਼ ਮਹੱਤਵ ਹੈ। ਇਹ ਵਿਦਵਾਨਾਂ ਦੇ ਰਚੇ ਸਾਹਿੱਤ ਨਾਲੋਂ ਕਈ ਗੱਲਾਂ ਵਿਚ ਮੀਰੀ ਹੈ। ਇਸ ਵਿਚ ਜਾਤੀ-ਸਮੂਹ ਦੀ ਆਤਮਾ ਸਾਹ ਲੈ ਰਹੀ ਹੁੰਦੀ ਹੈ। ਇਸ ਨੂੰ ਰਚਣ ਵਾਲੇ ਦੀ ਦ੍ਰਿਸ਼ਟੀ ਸ਼ਖ਼ਸੀ ਨਹੀਂ ਸਮੂਹਕ ਹੁੰਦੀ ਹੈ ਤੇ ਉਹ ਆਪਣੀ ਹਉਂ ਜਾਂ ਨਿਜਤੱਵ ਨੂੰ ਸਮੁੱਚੀ ਜਾਤੀ ਦੀ ਹਉਂ ਦੇ ਅਧੀਨ ਕਰ ਕੇ ਰਚਨਾ ਕਰਦਾ ਹੈ। ਲੋਕ-ਸਾਹਿੱਤ ਵਿਅਕਤੀ ਦੀ ਪੱਧਰ ਉਤੇ ਨਿਮ ਕੇ ਜਾਤੀ ਦੀ ਪੱਧਰ ਉਤੇ ਜੀਊਂਦਾ, ਪਲਦਾ ਤੇ ਵਿਗਸਦਾ ਹੈ। ਲੋਕ-ਸਾਹਿੱਤ ਦੀ ਤੁਲਨਾ ਕਿਸੇ ਇਲਾਕੇ ਵਿਚ ਵਗਦੇ ਇਕ ਅਜਿਹੇ ਦਰਿਆ ਨਾਲ ਦਿਤੀ ਜਾ ਸਕਦੀ ਹੈ, ਜਿਸ ਵਿਚ ਉਸ ਇਲਾਕੇ ਦੇ ਸਾਰੇ ਨਦੀ ਨਾਲੇ, ਵਾਹੁੜ ਤੇ ਕੱਸੀਆਂ ਆਪਣੀ ਨਿਜੀ ਹੋਂਦ ਗੰਵਾ ਕੇ ਰਚ ਰਸ ਜਾਂਦੀਆਂ ਹਨ। ਅਜਿਹੇ ਪਾਣੀ ਵਿਚ ਸੰਬੰਧਤ ਇਲਾਕੇ ਦੀਆਂ ਅਨੇਕਾਂ ਕੱਸੀਆਂ ਦੀ ਮਿੱਟੀ ਤੇ ਹੋਰ ਸਾਮਿਗਰੀ ਕਿਸੇ ਨਾ ਕਿਸੇ ਰੂਪ ਵਿਚ ਖੁਰੀ ਤੇ ਰਸੀ ਹੁੰਦੀ ਹੈ। ਇਸੇ ਤਰ੍ਹਾਂ ਲੋਕ-ਸਾਹਿੱਤ ਵਿਚ ਸਮੁੱਚੀ ਜਾਤੀ ਦੇ ਉਦਗਾਰ, ਪ੍ਰਵਿਰਤੀਆਂ, ਭਾਵਨਾਵਾਂ, ਧਾਰਨਾਵਾਂ, ਮਨੌਤਾਂ ਤੇ ਕਲਾ-ਰੁਚੀਆਂ ਨਿਜਤੱਵ ਤੋਂ ਸਮੂਹਿਕ ਰੂਪ ਵਿਚ ਬਦਲ ਕੇ ਰੂਪਮਾਨ ਹੁੰਦੀਆਂ ਹਨ। ਲੋਕ-ਸਾਹਿੱਤ ਤਾਂ ਸ਼ੀਸ਼ਾ ਹੈ ਜਿਸ ਵਿਚੋਂ ਕਿਸੇ ਜਾਤੀ ਦੇ ਸਮਾਜਕ ਜੀਵਨ ਦੇ ਸਾਰੇ ਨੈਣ-ਨਕਸ਼ ਤੇ ਰੂਪ-ਰੇਖਾ ਹੀ ਨਹੀਂ, ਅੰਤਰ-ਘਟ ਤਕ ਦੀ ਹਰ ਭਾਵਨਾ ਦ੍ਰਿਸ਼ਟੀਗੋਚਰ ਹੁੰਦੀ ਹੈ।

ਮੁੱਢਲੀ ਆਦਮ ਅਵਸਥਾ ਵਿਚ ਕਿਸੇ ਜਾਤੀ ਦਾ ਸਾਰਾ ਸਾਹਿੱਤ ਮੌਖਿਕ ਤੇ ਸਮੂਹਿਕ ਹੋਣ ਕਰ ਕੇ ਲੋਕ-ਸਾਹਿੱਤ ਹੁੰਦਾ ਹੈ। ਜਾਤੀ ਦੇ ਸਾਂਸਕ੍ਰਿਤਕ ਵਿਕਾਸ ਨਾਲ ਵਿਸ਼ਿਸ਼ਟ ਸਾਹਿੱਤ ਵੀ ਉਪਜਣਾ ਸ਼ੁਰੂ ਹੋ ਜਾਂਦਾ ਹੈ ਤੇ ਸਾਹਿੱਤ ਦੇ ਦੋਵੇਂ ਪ੍ਰਵਾਹ ਨਾਲੋ ਨਾਲ ਵਗਦੇ ਰਹਿੰਦੇ ਹਨ, ਪਰ ਜਦੋਂ ਕੋਈ ਜਾਤੀ ਨਾਗਰਿਕ ਸਭਿਆਚਾਰ ਨੂੰ ਪੂਰਨ ਤੌਰ ਤੇ ਅਪਨਾ ਲੈਂਦੀ ਹੈ ਤਾਂ ਉਸ ਵਿਚ ਲੋਕ-ਸਾਹਿੱਤ ਉਪਜਣਾ ਤੇ ਵਿਗਸਣਾ ਬੰਦ ਹੋ ਜਾਂਦਾ ਹੈ। ਨਾਗਰਿਕਤਾ ਲੋਕ-ਸਾਹਿੱਤ ਤੋਂ ਆਨੰਦਿਤ ਤਾਂ ਹੁੰਦੀ ਹੈ, ਪਰ ਆਪਣੇ ਆਲੇ-ਦੁਆਲੇ ਵਿਚੋਂ ਇਸ ਦੇ ਉਪਜਣ ਲਈ ਬਿਖਰੀਆਂ ਰੂੜ੍ਹੀਆਂ ਨੂੰ ਹੂੰਝ ਸੁਟਦੀ ਹੈ।

ਪੰਜਾਬੀ ਸਭਿਅਤਾ ਬੁਨਿਆਦੀ ਰੂਪ ਵਿਚ ਕਿਰਸਾਨੀ ਹੈ। ਇਸ ਦੀ ਆਤਮਾ ਪਿੰਡ ਦੇ ਖੁਲ੍ਹੇ ਵਾਤਾਵਰਨ ਤੇ ਸਿੱਧੇ ਸਾਦੇ ਜੀਵਨ ਵਿਚ ਸਾਹ ਲੈਂਦੀ ਤੇ ਵਿਗਸਦੀ ਰਹੀ ਹੈ। ਸ਼ਹਿਰਾਂ ਵਿਚ ਵਸਦੇ ਲੋਕਾਂ ਵਿਚ ਭਾਵੇਂ ਉਪਰੀ ਪੱਛਮੀ ਸਭਿਅਤਾ ਦੀ ਪਾਨ ਚੋਖੀ ਚੜ੍ਹੀ ਹੋਈ ਹੈ, ਪਰ ਸਾਡੇ ਸ਼ਹਿਰ ਅਜੇ ਪਿੰਡਾਂ ਨਾਲੋਂ ਅਸਲੋਂ ਟੁੱਟੇ ਨਹੀਂ। ਅਜੇ ਵੀ

ਲੋਕ-ਸੰਸਕ੍ਰਿਤੀ ਦੇ ਕਈ ਬਲਵਾਨ ਤੱਤ ਸ਼ਹਿਰਾਂ ਵਿਚ ਜੀਵਤ ਹਨ। ਸ਼ਹਿਰਾਂ ਦੇ ਸੁਸਿਖਸ਼ਤ ਵਰਗ ਦੇ ਇਕ ਛੋਟੇ ਭਾਗ ਨੂੰ ਛੱਡ ਕੇ, ਬਾਕੀ ਸਾਰੇ ਪੰਜਾਬੀ, ਲੋਕ-ਸਾਹਿੱਤ ਦਾ ਰਸ ਪੂਰੀ ਤਰ੍ਹਾਂ ਮਾਣਦੇ ਹਨ। ਇਹ ਸੁਸਿਖਸ਼ਤ ਵਰਗ ਵੀ ਜਦੋਂ ਮੌਕਾ ਬਣੇ ਸਭਿਆਚਾਰਕ ਸੰਸਥਾਵਾਂ ਰਾਹੀਂ ਪੇਸ਼ ਕੀਤੇ ਗਏ ਕਲਚਰਲ ਪ੍ਰੋਗਰਾਮ ਤੋਂ ਰਸ-ਮੁਗਧ ਹੋ ਲੈਂਦਾ ਹੈ।

ਪੰਜਾਬੀਆਂ ਦੇ ਜੀਵਨ ਵਿਚ ਲੋਕ-ਸਾਹਿੱਤ ਦਾ ਪ੍ਰਵਾਹ, ਵਿਸ਼ਿਸ਼ਟ ਸਾਹਿੱਤ ਨਾਲੋਂ ਹੁਣ ਤਕ ਵਧੇਰੇ ਬਲਵਾਨ ਰਿਹਾ ਹੈ। ਪੰਜਾਬੀਆਂ ਦੀਆਂ ਕਲਾ-ਰੁਚੀਆਂ ਨੂੰ ਤਸਕੀਨ ਹੀ ਲੋਕ-ਸਾਹਿੱਤ ਤੋਂ ਮਿਲਦੀ ਰਹੀ ਹੈ। ਜਿਥੋਂ ਤਕ ਆਮ ਲੋਕਾਂ ਦਾ ਸਬੰਧ ਹੈ, ਉਹ ਲੋਕ-ਸਾਹਿੱਤ ਨਾਲ ਇਤਨੇ ਜੁੜੇ ਹੋਏ ਹਨ ਕਿ ਮੰਨੇ ਪਰਮੰਨੇ ਸਾਹਿੱਤਕਾਰਾਂ ਦੀਆਂ ਉਹੋ ਰਚਨਾਵਾਂ ਹੀ ਲੋਕਾਂ ਵਿਚ ਮਕਬੂਲ ਹੋ ਸਕੀਆਂ ਹਨ ਜਿਹੜੀਆਂ ਜਾਂ ਤਾਂ ਲੋਕ-ਧਾਰਨਾਂ ਵਿਚ ਰਚੀਆਂ ਗਈਆਂ ਹਨ, ਜਾਂ ਉਨ੍ਹਾਂ ਵਿਚਲੀ ਸਮਿਗਰੀ ਲੋਕਧਾਰਾਈ ਹੈ, ਜਿਵੇਂ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੇ ਕਬਰਾਂ ਵਿਚੋਂ ਬੋਲ' ਦੀ ਧੁਨੀ ਪਿੰਡਾਂ ਵਿਚ ਸੁਣਾਈ ਦੇ ਜਾਂਦੀ ਹੈ। ਭਾਈ ਵੀਰ ਸਿੰਘ ਦਾ ਨਾਵਲ 'ਸੁੰਦਰੀ' ਸਿੱਖ-ਲੋਕਧਾਰਾ ਦੀ ਦੰਦ-ਕਥਾ ਦਾ ਭੁਲੇਖਾ ਪਾਉਂਦਾ ਹੈ।

ਪੰਜਾਬ ਵਿਚ ਲੋਕ-ਸਾਹਿੱਤ ਦਾ ਆਪਣਾ ਅਸਤਿਤਵ ਹੈ, ਅਜੇ ਇਹ ਇਕ ਜੀਵਤ ਸੰਸਥਾ ਹੈ, ਜਿਸ ਨਾਲ ਪੰਜਾਬੀ ਆਪਣੀ ਜੀਵਨ ਖੇਤੀ ਦੀਆਂ ਕਿਆਰੀਆਂ ਅੱਜ ਵੀ ਸਿੰਜਦਾ ਹੈ। ਬੱਚੇ ਦੇ ਜਨਮ, ਵਿਆਹ ਸ਼ਾਦੀ ਤੇ ਹੋਰ ਮੰਗਲ ਕਾਰਜਾਂ ਉਤੇ ਅਜੇ ਵੀ ਸਾਡੇ ਘਰਾਂ ਵਿਚ ਢੋਲਕੀ ਮਾਰ ਮਾਰ ਕੇ ਕੁੜੀਆਂ ਉਲਾਸ ਵਿਚ ਗੀਤ ਅਲਾਪਦੀਆਂ ਹਨ; ਜਵਾਨ ਮੌਤ ਉਤੇ ਸਿਆਪੇ ਕੀਤੇ ਜਾਂਦੇ ਤੇ ਅਲ੍ਹਣੀਆਂ ਪਾਈਆਂ ਜਾਂਦੀਆਂ ਹਨ; ਪਿੰਡ ਦੇ ਕਾਮੇ ਤੇ ਹਾਲੀ, ਹੱਲ ਵਾਹੁੰਦਿਆਂ ਤੇ ਗੋਡੀ ਕਰਦਿਆਂ ਦੋਹੜੇ, ਸੱਦਾਂ, ਢੋਲੇ, ਮਾਹੀਏ, ਜਿੰਦੂਆ ਤੇ ਬੋਲੀਆਂ ਗਾ ਕੇ ਆਪਣੀਆਂ ਸਵਰ-ਲਹਿਰੀਆਂ ਨਾਲ ਫ਼ਜ਼ਾ ਵਿਚ ਮਧੁਰਤਾ ਭਰ ਦੇਂਦੇ ਹਨ। ਗੱਲ ਗੱਲ ਉਤੇ ਅਖਾਣ ਬਜ਼ੁਰਗਾਂ ਦੇ ਮੂੰਹੋਂ ਝੜਦੇ ਰਹਿੰਦੇ ਹਨ। ਅਜੇ ਵੀ ਬੁਢੇ ਬਾਬੇ ਆਪਣੇ ਪੋਤਿਆਂ ਦੋਹਤਿਆਂ ਨੂੰ ਪਰੀ-ਕਹਾਣੀਆਂ ਦੀ ਅਨੋਖੀ ਤੇ ਸੁਪਨਿਆਂ ਭਰੀ ਰੁਮਾਂਚਿਕ ਦੁਨੀਆਂ ਵਿਚ ਲੈ ਜਾਂਦੇ ਹਨ। ਗਿੱਧਿਆਂ ਤੇ ਭੰਗੜਿਆਂ ਵਿਚ ਹੀ ਜਵਾਨ ਜਜ਼ਬੇ ਮਚਲਦੇ ਤੇ ਥਰਕਦੇ ਹਨ। ਢਾਡੀ ਅਜੇ ਵੀ ਲੋਕਾਂ ਨੂੰ ਢੱਡ ਸਾਰੰਗੀ ਨਾਲ ਕੀਲ ਕੇ ਬੰਨ੍ਹ ਲੈਂਦੇ ਹਨ। ਲੋਕ-ਸਾਹਿੱਤ ਦਾ ਪ੍ਰਵਾਹ ਇਕ ਵਗਦੀ ਪ੍ਰਬਲ ਧਾਰਾ ਵਾਂਙ ਹੈ ਜੋ ਸਾਡੇ ਸਾਰੇ ਸਮਾਜਕ ਤੇ ਭਾਈਚਾਰਕ ਜੀਵਨ ਦੇ ਕਣ ਕਣ ਨੂੰ ਸਿੰਜਦਾ ਤੇ ਰਸ ਦੇਂਦਾ ਜਾ ਰਿਹਾ ਹੈ।

ਪੰਜਾਬ ਦੀ ਸਾਹਿੱਤਕ ਪਰੰਪਰਾ ਵੀ ਲੋਕ-ਸਾਹਿੱਤ ਦੇ ਬਲਵਾਨ ਵੇਗ ਨਾਲ ਆਪਣੀਆਂ ਕਿਆਰੀਆਂ ਸਿੰਜਦੀ ਰਹੀ ਹੈ। ਮੱਧਕਾਲ ਤੋਂ ਹੀ ਪੰਜਾਬ ਵਿਚ ਸਾਹਿੱਤਕ ਪਰੰਪਰਾ ਸਦਾ ਲੌਕਿਕ ਪਰੰਪਰਾ ਨਾਲ ਕਦਮ ਮੇਚ ਕੇ ਤੁਰਦੀ ਰਹੀ ਹੈ। ਪੰਜਾਬ ਦਾ ਵਿਸ਼ਿਸ਼ਟ ਸਾਹਿੱਤ ਵਧਿਆ ਫੁਲਿਆ ਹੀ ਲੋਕਾਂ ਵਿਚ ਜੜ੍ਹ ਜਮਾ ਕੇ ਹੈ। ਇਸੇ ਲਈ ਇਸ ਵਿਚ ਲੋਕਧਾਰਾ ਦੇ ਕਣ ਤੇ ਰੂੜ੍ਹੀਆਂ ਪ੍ਰਧਾਨ ਹਨ। ਪੰਜਾਬੀ ਦੇ ਵਿਸ਼ਿਸ਼ਟ ਸਾਹਿੱਤ ਨੂੰ ਗੁੜ੍ਹਤੀ ਵਿਚ ਲੋਕ-ਤੱਤ ਮਿਲੇ ਹਨ। ਰੂਪਕ ਪੱਖ ਤੋਂ ਲੋਕ-ਸ਼ੈਲੀ ਦੀਆਂ ਸਾਰੀਆਂ ਵਿਧੀਆਂ ਤੇ ਕਲਾ-ਜੁਗਤਾਂ ਦਾ ਇਸ ਵਿਚ ਸਾਧਿਆ ਹੋਇਆ ਪ੍ਰਯੋਗ ਹੈ। ਸ਼ਬਦਾਂ, ਧੁਨੀਆਂ, ਵਾਕੰਸ਼ਾਂ ਦਾ ਦੁਹਰਾਓ ਤੇ ਖ਼ਿਆਲ ਦੀ ਘਾੜਤ ਫਬਨ ਤੇ ਉਸਾਰੀ ਲੋਕ-ਕਾਵਿ ਵਾਲੀ ਹੈ। ਛੰਦ-ਚਾਲ ਤੇ ਧਾਰਨਾਂ ਲੋਕ-ਗੀਤਾਂ ਵਾਂਗ ਸੁਭਾਵਕ ਤੇ ਟੁੰਬਵੀਂ ਹੈ। ਸ਼ਬਦਾਵਲੀ ਸਾਹਿੱਤਕ ਹੁੰਦਿਆਂ ਵੀ ਲੋਕ-ਮੂੰਹੀਂ ਹੈ। ਵਿਸ਼ੇ ਦੇ ਪਖੋਂ ਵੀ ਸਾਡਾ ਸਾਰਾ ਮੱਧਕਾਲੀ ਸਾਹਿੱਤ ਲੋਕ-ਸੰਸਕ੍ਰਿਤੀ ਨਾਲ ਇਕਸੁਰ ਹੋਣ ਕਰ ਕੇ ਲੋਕ-ਤੱਤਾਂ ਨਾਲ ਓਤਪੋਤ ਹੈ ਅਤੇ ਪੰਜਾਬੀਆਂ ਦੇ ਕੌਮੀ ਸੁਭਾਵ ਤੇ ਲੋਕ ਰੁਚੀਆਂ ਦਾ ਹੁੰਗਾਰਾ ਭਰਦਾ ਹੈ। ਗੁਰਮਤਿ ਕਾਵਿ ਵਿਚ ਅਧਿਆਤਮਕ ਵਿਸ਼ਿਆਂ ਤੇ ਦਾਰਸ਼ਨਿਕ ਸਿਧਾਂਤਾਂ ਨੂੰ ਲੌਕਿਕ ਸਚਿਆਂ ਵਿਚ ਅਜਿਹੀ ਸੁਘੜਤਾ ਨਾਲ ਢਾਲਿਆ ਗਿਆ ਹੈ ਕਿ ਇਸ ਦੀ ਰੂਹ ਅਧਿਆਤਮਿਕ ਹੁੰਦਿਆਂ ਵੀ ਪਿੰਡਾ ਲੌਕਿਕ ਲਗਦਾ ਹੈ ਅਤੇ ਇਹ ਸਾਰੀ ਰਚਨਾ ਤਤਕਾਲੀਨ ਲੋਕ-ਕਾਵਿ ਨਾਲ ਇਕਸੁਰ ਹੈ। ਗੁਰਮਤਿ ਕਾਵਿ ਦੀ ਸਭ ਤੋਂ ਮਹਾਨ, ਬੌਧਿਕ ਤੇ ਰਹੱਸਵਾਦੀ ਰਚਨਾ ਜਪੁਜੀ ਹੈ, ਪਰ ਇਸ ਵਿਚ ਲੋਕ-ਗੀਤਾਂ ਵਾਲਾ ਦੋਹਰਾਓ, ਕਲਾ-ਵਿਧੀਆਂ, ਚੜ੍ਹਤ, ਉਸਾਰ ਤੇ ਸਰਲਤਾ ਹੈ। ਲੈਆਂ, ਧਾਰਨਾਵਾਂ ਤੇ ਉਨ੍ਹਾਂ ਵਿਚਲੇ ਪਲਟੇ ਲੋਕ-ਗੀਤਾਂ ਵਾਲੇ ਹਨ ਤੇ ਕਲਾਤਮਿਕ ਸੰਜਮ ਅਖਾਣਾਂ ਵਾਲਾ। ਅਧਿਆਤਮਕ ਕਾਵਿ ਖੇਤਰ ਵਿਚ ਜੋਗ-ਮਤ ਨੇ ਬੁਧ-ਮਤ ਦੇ ਅਸਰ ਹੇਠਾਂ ਸਭ ਤੋਂ ਪਹਿਲਾਂ ਲੋਕ-ਸ਼ੈਲੀ ਨੂੰ ਅਪਣਾਇਆ, ਸੂਫ਼ੀ ਮਤ ਵਿਚ ਇਹ ਸ਼ੈਲੀ ਵਿਗਸੀ, ਪਰ ਗੁਰਮਤਿ ਵਿਚ ਇਹ ਸਿਖਰਾਂ ਛੂਹੰਦੀ ਹੈ।

ਪੰਜਾਬੀ ਦੇ ਕਿੱਸਾ-ਸਾਹਿੱਤ ਦਾ ਵਿਕਾਸ ਪੰਜਾਬ ਦੀਆਂ ਲੌਕਿਕ ਪਰੰਪਰਾਵਾਂ ਤੇ ਫ਼ਾਰਸੀ ਕਾਵਿ-ਪ੍ਰਵਿਰਤੀਆਂ ਦੇ ਸੰਜੋਗ ਤੋਂ ਹੋਇਆ। ਇਸ ਸਾਹਿੱਤ ਦੀ ਬੁਨਿਆਦ ਉਹ ਕਥਾ-ਕਾਵਿ ਹੈ ਜੋ ਮੱਧਕਾਲ ਵਿਚ ਢਾਡੀ, ਭੱਟ, ਰਾਸਧਾਰੀਏ ਤੇ ਕਵੀਸ਼ਰ ਲੋਕਾਂ ਦੇ ਮਨੋਰੰਜਨ ਲਈ ਗਾਂਵਿਆ ਕਰਦੇ ਸਨ। ਇਹ ਪਰੰਪਰਾ ਮੁਗ਼ਲਾਂ ਦੇ ਰਾਜ ਸਮੇਂ ਬੜੀ ਬਲਵਾਨ ਸੀ ਅਤੇ ਪੰਜਾਬੀ ਦਾ ਅਧਿਆਤਮਕ ਕਾਵਿ ਵੀ ਇਸ ਤੋਂ ਅਭਿੱਜ ਨਹੀਂ ਸੀ ਰਹਿ ਸਕਿਆ। ਪਰ ਅਧਿਆਤਮਕ ਕਾਵਿ

ਵਿਚ ਇਹੋ ਲੌਕਿਕ ਪਰੰਪਰਾ ਖੁਲ੍ਹ ਕੇ ਸਾਹ ਨਹੀਂ ਸੀ ਲੈ ਸਕਦੀ, ਇਸ ਲਈ ਇਹ ਕਿੱਸਾ-ਕਾਵਿ ਰਾਹੀਂ ਆਪਣੀ ਨਵੇਕਲੀ ਹੋਂਦ ਸਥਾਪਿਤ ਕਰਨ ਵਿਚ ਸਫਲ ਹੋਈ। ਕਿੱਸਾ-ਸਾਹਿੱਤ ਦਾ ਉਦੈ ਪੰਜਾਬ ਦੀ ਲੋਕ-ਸੰਸਕ੍ਰਿਤੀ, ਲੋਕਧਾਰਾ, ਜਾਤੀ ਤੇ ਕੌਮੀ ਚਰਿਤ੍ਰ ਅਤੇ ਲੋਕ-ਰੁਚੀਆਂ ਨਾਲ ਇਕਸੁਰ ਹੋਣ ਦੀ ਚੇਸ਼ਟਾ ਵਿਚ ਹੋਇਆ ਅਤੇ ਇਸ ਦਾ ਵਿਕਾਸ ਸਾਡੇ ਪਿੰਡਾਂ ਦੇ ਉਨ੍ਹਾਂ ਪਰ੍ਹਿਆਂ ਵਿਚ ਹੋਇਆ, ਜਿਥੇ ਢਾਡੀ ਤੇ ਰਾਸਧਾਰੀਏ ਕਥਾ-ਕਾਵਿ ਗਾਇਆ ਕਰਦੇ ਸਨ। ਪਿਛੋਂ ਇਨ੍ਹਾਂ ਪਰ੍ਹਿਆਂ ਵਿਚ ਬੈਠੇ ਸਰੋਤਿਆਂ ਨੇ ਹੀ ਕਲਾਧਾਰੀ ਕਵੀਆਂ ਨੂੰ ਪ੍ਰਚਲਤ ਦੰਦ-ਕਥਾਵਾਂ ਉਤੇ ਕਿੱਸੇ ਲਿਖਣ ਲਈ ਉਤਸ਼ਾਹ ਦਿਤਾ। ਸਾਡੇ ਬਹੁਤੇ ਕਿੱਸੇਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਇਸ ਸੱਚ ਨੂੰ ਅੰਕਿਤ ਕੀਤਾ ਹੈ ਕਿ ਉਹ ਇਹ ਕਿੱਸਾ ਮਿੱਤਰਾਂ ਦੋਸਤਾਂ ਦੇ ਜ਼ੋਰ ਪਾਉਣ ਉਤੇ ਲਿਖ ਰਹੇ ਹਨ, ਜਿਵੇਂ ਵਾਰਸ ਸ਼ਾਹ ਹੀਰ ਵਿਚ ਕਹਿੰਦਾ ਹੈ :

ਯਾਰਾਂ ਅਸਾਂ ਨੂੰ ਆਣ ਸਵਾਲ ਕੀਤਾ,
ਕਿੱਸਾ ਹੀਰ ਦਾ ਨਵਾਂ ਬਣਾਈਏ ਜੀ।
ਏਸ ਪ੍ਰੇਮ ਦੀ ਝੋਕ ਦਾ ਸਭ ਕਿੱਸਾ,
ਢਬ ਸੋਹਣੇ ਨਾਲ ਸੁਣਾਈਏ ਜੀ।

ਸਾਡਾ ਕਿੱਸਾ-ਸਾਹਿੱਤ ਵਿਚ ਉਨ੍ਹਾਂ ਦੰਦ-ਕਥਾਵਾਂ ਨੂੰ ਹੀ ਕਾਵਿ ਦਾ ਜਾਮਾ ਪਹਿਨਾਇਆ ਗਿਆ ਹੈ ਜੋ ਮੱਧਕਾਲ ਵਿਚ ਪੰਜਾਬ ਤੇ ਉਸ ਦੇ ਆਸ ਪਾਸ ਦੇ ਖੇਤਰਾਂ ਵਿਚ ਪ੍ਰਚਲਤ ਸਨ ਤੇ ਇਨ੍ਹਾਂ ਵਿਚ ਲੋਕਧਾਰਾ ਓਤਪੋਤ ਹੈ। ਸਾਡਾ ਸਭ ਤੋਂ ਪ੍ਰਸਿਧ ਕਿੱਸਾ ਵਾਰਸ ਸ਼ਾਹ ਦੀ ਹੀਰ ਹੈ। ਇਸ ਰਚਨਾ ਵਿਚੋਂ ਜੇ ਲੋਕ-ਤੱਤਵ ਕੱਢ ਲਏ ਜਾਣ ਤਾਂ ਬਾਕੀ ਖੋਖਲਾ ਜਿਹਾ ਪਿੰਜਰ ਵੀ ਨਹੀਂ ਰਹਿੰਦਾ ਕਿਉਂ ਜੋ ਇਸ ਦੀ ਰੀੜ੍ਹ ਵੀ ਤਾਂ ਇਕ ਲੋਕ-ਕਥਾ ਹੈ।

ਲੋਕ ਗੀਤਾਂ ਵਿਚਲੀ ਰਸਿਕਤਾ ਤੇ ਮਧੁਰਤਾ, ਅਖਾਣਾਂ ਵਿਚਲੇ ਰਿਦਮ ਤੇ ਕਲਾ-ਸੰਜਮ, ਲੋਕ-ਕਥਾਵਾਂ ਵਿਚਲੀਆਂ ਕਥਾ-ਰੜ੍ਹੀਆਂ, ਬੁਝਾਰਤਾਂ ਵਿਚਲੇ ਅਨੂਠੇ ਰੂਪਕਾਂ ਤੇ ਉਪਮਾਵਾਂ, ਮਿਥਾਂ ਵਿਚਲੇ ਪ੍ਰਤੀਕਾਂ, ਲੋਕ-ਸ਼ੈਲੀ ਦੀਆਂ ਦੁਹਰਾਓ ਤੇ ਹੋਰ ਜੁਗਤਾਂ ਤੇ ਕਲਾ-ਵਿਧੀਆਂ ਆਦਿ ਨਾਲ ਸਾਡੇ ਲੇਖਕ ਆਪਣੇ ਅਨੁਭਵ ਨੂੰ ਲੋਕ-ਰੰਗ ਵਿਚ ਨਿਖਾਰ ਕੇ ਆਪਣੀਆਂ ਰਚਨਾਵਾਂ ਨੂੰ ਵਧੇਰੇ ਸਮ੍ਰਿਧ ਬਣਾਉਂਦੇ ਰਹੇ ਹਨ ਅਤੇ ਲੋਕਾਂ ਦੇ ਨੇੜੇ ਵੀ ਰਹੇ ਹਨ।

ਏ. ਐਮ. ਗੋਰਕੀ ਨੇ ਲੋਕ-ਸਾਹਿੱਤ ਦੀ ਮਹੱਤਤਾ ਨੂੰ ਸਮਝਦਿਆਂ ਹੋਇਆਂ ਲੇਖਕਾਂ ਨੂੰ ਉਚੇਚੇ ਤੌਰ ਤੇ ਇਸ ਦਾ ਅਧਿਐਨ ਕਰਨ ਲਈ ਕਿਹਾ। ਉਨ੍ਹਾਂ ਨੇ ਆਪਣੇ ਕੁਝ ਭਾਸ਼ਨਾਂ ਅਤੇ ਸਾਹਿੱਤ ਬਾਰੇ ਲਿਖੇ ਲੇਖਾਂ ਵਿਚ ਇਕ ਤੋਂ ਵਧੀਕ ਵਾਰ ਲੇਖਕਾਂ ਦਾ ਧਿਆਨ ਲੋਕ-ਸਾਹਿੱਤ ਦੇ ਅਧਿਐਨ ਵਲ ਦਿਵਾਇਆ ਅਤੇ ਲੇਖਕਾਂ ਨੂੰ ਆਪਣੀ ਸਿਰਜਨਾ ਸ਼ਕਤੀ ਵਿਚ ਲੋਕ-ਸਾਹਿੱਤ ਨਾਲ ਤਾਜ਼ਗੀ ਤੇ ਭਰਪੂਰਤਾ ਲਿਆਉਣ ਲਈ ਪ੍ਰੇਰਿਆ। ਉਨ੍ਹਾਂ ਨੇ 1934 ਵਿਚ ਸੋਵੀਅਤ ਲੇਖਕਾਂ ਦੀ ਪਹਿਲੀ ਸਰਵ-ਸੰਘ ਕਾਂਗਰਸ ਸਮੇਂ ਜੋ ਰਿਪੋਰਟ ਪੜ੍ਹੀ, ਉਸ ਦੇ ਚੋਖੇ ਸਾਰੇ ਹਿੱਸੇ ਵਿਚ ਲੋਕਧਾਰਾ ਰਾਹੀਂ ਸਾਹਿੱਤਕ ਕਿਰਤੀਆਂ ਨੂੰ ਸਿੰਜਣ ਉਤੇ ਜ਼ੋਰ ਦਿਤਾ ਹੋਇਆ ਸੀ।

ਪੁਸ਼ਕਨ, ਤੁਰਗਨੇਵ, ਟਾਲਸਟਾਏ, ਦੋਸਤੋਵਸਕੀ ਆਦਿ ਸਭ ਮਹਾਨ ਰੂਸੀ ਲਿਖਾਰੀਆਂ ਤੇ ਕਲਾਵਾਨਾਂ ਦਾ ਲੋਕਧਾਰਾ ਨਾਲ ਅਟੁਟ ਸਨੇਹ ਤੇ ਰਿਸ਼ਤਾ ਸੀ, ਤੇ ਇਨ੍ਹਾਂ ਦੀ ਕਲਾ-ਸ਼ਕਤੀ ਦਾ ਸੋਮਾਂ ਮੂਲੋਂ ਲੋਕ-ਪ੍ਰਵਾਹ ਹੀ ਸੀ ਜੋ ਕਦੇ ਸੁਕਦਾ ਨਹੀਂ, ਘਟਦਾ ਨਹੀਂ, ਮੰਦ ਨਹੀਂ ਪੈਂਦਾ ਅਤੇ ਸਦਾ ਨਿਰਮਲ ਤੇ ਸਵੱਛ ਵਗਦਾ ਰਹਿੰਦਾ ਹੈ। ਇਨ੍ਹਾਂ ਲੇਖਕਾਂ ਨੇ ਆਪਣੀਆਂ ਰਚਨਾਵਾਂ ਵਿਚ ਲੋਕਧਾਰਾਈ ਤੱਤਾਂ ਤੇ ਰੂੜ੍ਹੀਆਂ ਦੀ ਇਤਨੀ ਭਰਪੂਰ ਵਰਤੋਂ ਕੀਤੀ ਕਿ ਇਨ੍ਹਾਂ ਸਭਨਾਂ ਲੇਖਕਾਂ ਦੀਆਂ ਰਚਨਾਵਾਂ ਨੂੰ ਲੋਕਧਾਰਾਈ ਪਰਿਪੇਖ ਵਿਚ ਸਮਝਣ ਲਈ ਵੱਖਰੀਆਂ ਪੁਸਤਕਾਂ ਲਿਖੀਆਂ ਮਿਲਦੀਆਂ ਹਨ। ਰੂਸੀ ਵਿਚ ਲਗਪਗ ਹਰ ਵੱਡੇ ਲੇਖਕ ਉਤੇ ਲੋਕਧਾਰਾਈ ਪੱਖ ਤੋਂ ਅਧਿਐਨ ਦੀ ਇਕ ਇਕ ਪੁਸਤਕ ਮਿਲਦੀ ਹੈ। ਇਨ੍ਹਾਂ ਪੁਸਤਕਾਂ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਨ੍ਹਾਂ ਰੂਸੀ ਲੇਖਕਾਂ ਦੀਆਂ ਰਚਨਾਵਾਂ ਵਿਚ ਲੋਕਧਾਰਾ ਦਾ ਅੰਸ਼ ਕਿਤਨਾ ਬਲਵਾਨ ਹੈ। ਅੰਗਰੇਜ਼ੀ ਦੇ ਕੁਝ ਮਹਾਨ ਲੇਖਕਾਂ ਚਾਸਰ ਤੇ ਸ਼ੇਕਸਪੀਅਰ ਦੀਆਂ ਰਚਨਾਵਾਂ ਵੀ ਲੋਕ-ਤੱਤ ਨਾਲ ਭਰਪੂਰ ਹਨ। ਗੋਇਟੇ ਨੂੰ ਲੋਕ-ਗੀਤ ਇਕੱਠੇ ਕਰਨ ਦਾ ਬੜਾ ਸ਼ੌਕ ਸੀ।

ਭਾਰਤ ਦੇ ਸਾਹਿੱਤ ਦੇ ਨੋਬਲ ਪੁਰਸਕਾਰ ਵਿਜੇਤਾ ਡਾ: ਟੈਗੋਰ ਲੋਕ-ਸਾਹਿੱਤ ਦੇ ਬੜੇ ਰਸੀਏ ਸਨ। ਉਨ੍ਹਾਂ ਦੀ ਪ੍ਰਸਿਧ ਰਚਨਾ 'ਗੀਤਾਂਜਲੀ' ਵਿਚ ਲੋਕ-ਗੀਤਾਂ ਦਾ ਪ੍ਰਭਾਵ ਬੜਾ ਪ੍ਰਤੱਖ ਹੈ। ਟੈਗੋਰ ਲੋਕ-ਗਾਇਕਾਂ ਕੋਲੋਂ ਗੀਤ ਸੁਣ ਕੇ ਉਨ੍ਹਾਂ ਨੂੰ ਖ਼ੁਦ ਗਾਣ ਦਾ ਯਤਨ ਕਰਦੇ ਸਨ ਤੇ ਉਨ੍ਹਾਂ ਗੀਤਾਂ ਦੀਆਂ ਲੈਆਂ ਤੇ ਸਾਮਗ੍ਰੀ ਵਲ ਵਿਸ਼ੇਸ਼ ਧਿਆਨ ਦੇਂਦੇ ਸਨ। ਉਨ੍ਹਾਂ ਨੇ ਆਪਣੇ ਕੁਝ ਲੇਖਾਂ ਵਿਚ ਲੋਕਾਂ ਦਾ ਧਿਆਨ ਲੋਕ-ਗੀਤਾਂ ਵਿਚਲੀ ਸਾਦਗੀ, ਸਵੱਛਤਾ ਤੇ ਰਸਿਕਤਾ ਵਲ ਦਵਾਇਆ। 1907 ਵਿਚ ਉਨ੍ਹਾਂ ਨੇ ਲੋਕ-ਸਾਹਿੱਤਯ ਨਾਂ ਦੀ ਪੁਸਤਕ ਲਿਖੀ ਜਿਸ ਵਿਚ ਲੋਕ-ਸਾਹਿੱਤ ਦੀ ਮਹੱਤਤਾ ਸਬੰਧੀ ਕੁਝ ਪ੍ਰਭਾਵਸ਼ਾਲੀ ਲੇਖ ਹਨ। ਦਵਿੰਦਰ ਸਤਿਆਰਥੀ ਨੇ ਟੈਗੋਰ ਦੇ ਲੇਖਾਂ ਤੋਂ ਪ੍ਰਭਾਵਤ ਹੋ ਕੇ ਲੋਕ-ਸਾਹਿੱਤ ਇਕੱਤਰ ਕਰਨਾ ਸ਼ੁਰੂ ਕੀਤਾ ਸੀ। ਲੋਕ-ਸਾਹਿੱਤ ਇਕ ਅਜਿਹਾ ਪ੍ਰਵਾਹ ਹੈ ਜੋ ਨਦੀ ਨਾਲਿਆਂ ਦੇ ਰੂਪ ਵਿਚ ਵਗਦਾ, ਦਰਿਆ ਹੁੰਦਾ, ਸਮੁੰਦਰ ਵਾਂਗ ਫੈਲਦਾ ਹੈ। ਇਸ ਨਾਲ ਨਾਤਾ ਜੋੜਨਾ ਇਕ ਚਸ਼ਮੇ ਦਾ ਅਸਗਾਹ ਨਾਲ ਜੁੜਨਾ ਹੈ।

ਆਪਣੀ ਭੋਇੰ ਦੇ ਕਿਣਕੇ ਕਿਣਕੇ ਨੂੰ ਆਪਣੇ ਅੰਦਰ ਜੀਰਨਾ ਤੇ ਆਪਣੀ ਜਾਤੀ ਦੀ ਪੂਰੀ ਹੋਂਦ ਵਿਚ ਵਿਗਸਣਾ ਹੈ।

ਲੋਕ-ਸਾਹਿੱਤ ਵਿਚ ਕਿਸੇ ਜਾਤੀ ਦਾ ਸਭਿਆਚਾਰ, ਮੂਲ-ਪ੍ਰਵਿਰਤੀਆਂ, ਸਮਾਜਕ ਪਰਪੰਚ ਤੇ ਜਾਤੀ ਚਰਿਤ੍ਰ ਪੂਰੀ ਤਰ੍ਹਾਂ ਰੂਪਮਾਨ ਹੁੰਦਾ ਹੈ। ਲੋਕਧਾਰਾ ਸਾਨੂੰ ਉਨ੍ਹਾਂ ਪਰੰਪਰਾਵਾਂ ਨਾਲ ਜੋੜਦੀ ਹੈ, ਜੋ ਸਦੀਆਂ ਤੋਂ ਸਾਡੇ ਜੀਵਨ ਵਿਚੋਂ ਉਮਾਹ ਵਾਂਗ ਫੁਟਦੀਆਂ ਰਹੀਆਂ ਹਨ। ਜ਼ਰੂਰੀ ਨਹੀਂ ਅਸੀਂ ਪਰੰਪਰਾ ਨਾਲ ਬੱਝੇ ਰਹੀਏ। ਨਵੇਂ ਯੁਗ ਦੇ ਨਵੇਂ ਪੈਂਡਿਆਂ ਉਤੇ ਤੁਰਨ ਲਈ ਨਵੇਂ ਸਾਧਨਾਂ ਦੀ ਲੋੜ ਪੈਂਦੀ ਹੈ। ਪਰ ਇਹ ਜ਼ਰੂਰੀ ਹੈ ਕਿ ਨਵੀਆਂ ਪਰੰਪਰਾਵਾਂ ਵੀ ਜੀਵਨ-ਪ੍ਰਵਾਹ ਵਿਚੋਂ ਉਭਰੀਆਂ ਨਵੀਆਂ ਛਲਾਂ ਹੋਣ। ਜਿਨ੍ਹਾਂ ਨਵੀਆਂ ਪਰੰਪਰਾਵਾਂ ਦੀ ਜੜ੍ਹ ਸਾਡੀ ਆਪਣੀ ਸੰਸਕ੍ਰਿਤੀ ਤੇ ਜੀਵਨ ਵਿਚ ਨਹੀਂ ਹੋਵੇਗੀ, ਉਹ ਸਾਡੀਆਂ ਕਲਾਤਮਿਕ ਪ੍ਰਵਿਰਤੀਆਂ ਦੇ ਅਨੁਕੂਲ ਨਾ ਹੋਣ ਕਾਰਨ ਪੂਰੀ ਤਰ੍ਹਾਂ ਵਿਗਸ ਨਹੀਂ ਸਕਣਗੀਆਂ। ਆਪਣੀ ਸੰਸਕ੍ਰਿਤੀ ਦੀ ਰੂੜ੍ਹੀ ਵਿਚ ਨਵੇਂ ਬੀਜ ਸੁਟ ਕੇ ਤੇ ਨਵੀਆਂ ਪਿਉਂਦਾਂ ਲਗਾ ਕੇ ਨਵੀਂ ਤਰ੍ਹਾਂ ਦੇ ਬ੍ਰਿਛਾਂ ਤੋਂ ਨਵੀਂ ਕਿਸਮ ਦਾ ਫਲ ਪ੍ਰਾਪਤ ਕਰਨਾ ਹੋਰ ਗੱਲ ਹੈ ਤੇ ਹਵਾ ਵਿਚ ਬੀਜ ਸੁਟ ਕੇ ਕਿਸੇ ਫਲ ਦੀ ਆਸ ਰਖਣੀ ਹੋਰ ਗੱਲ।

ਜਿਵੇਂ ਪਰੰਪਰਾ ਤੋਂ ਵਗਦੇ ਦਰਿਆ ਦੇ ਪਾਣੀ ਨੂੰ ਬੰਨ੍ਹ ਕੇ ਉਸ ਦੀ ਸ਼ਕਤੀ ਤੇ ਸਮਰੱਥਾ ਨੂੰ ਵਿਗਸਤ ਕਰ ਕੇ, ਆਧੁਨਿਕ ਲੋੜਾਂ ਦੀ ਪੂਰਤੀ ਲਈ ਉਸ ਤੋਂ ਬਿਜਲੀ ਦੀ ਸ਼ਕਤੀ ਉਤਪੰਨ ਕਰਨ ਤੇ ਭੋਇੰ ਦੀ ਸਿੰਚਾਈ ਦਾ ਕੰਮ ਲਿਆ ਜਾਂਦਾ ਹੈ, ਇਸੇ ਤਰ੍ਹਾਂ ਲੋਕ-ਸਾਹਿੱਤ ਦੇ ਅਥਾਹ ਸਮੁੰਦਰ ਦੀ ਸ਼ਕਤੀ ਤੇ ਸਮਰੱਥਾ ਜਗਾ ਕੇ ਇਸ ਨੂੰ ਅਜੋਕੇ ਸਾਹਿੱਤ ਦੀ ਸਿੰਚਾਈ ਲਈ ਵਰਤੋਂ ਵਿਚ ਲਿਆਇਆ ਜਾ ਸਕਦਾ ਹੈ। ਰੂਸ ਵਿਚ ਅਕਤੂਬਰ ਇਨਕਲਾਬ ਤੋਂ ਪਿਛੋਂ ਪੁਰਾਣੇ ਲੋਕ-ਸਾਹਿੱਤ ਨੂੰ ਆਧੁਨਿਕ ਸਾਹਿੱਤ ਦੀ ਸਿੰਚਾਈ ਲਈ ਵਰਤਿਆ ਗਿਆ ਤੇ ਨਵੀਆਂ ਸੰਭਾਵਨਾਵਾਂ ਉਜਾਗਰ ਕੀਤੀਆਂ ਗਈਆਂ।

*ਪੰਜਾਬ ਦੇ ਲੋਕ-ਸਾਹਿੱਤ ਦਾ ਇਕ ਅਮੀਰ ਤੇ ਖ਼ੂਬਸੂਰਤ ਵਿਰਸਾ ਲੋਕ-ਗੀਤ ਹਨ। ਲੋਕ-ਗੀਤ ਕੋਮਲ ਮਨੁੱਖੀ ਭਾਵਾਂ ਦਾ ਰਾਗਾਤਮਿਕ ਪ੍ਰਗਟਾਓ ਹਨ ਅਤੇ ਇਨ੍ਹਾਂ ਵਿਚ ਪੰਜਾਬੀਆਂ ਦੇ ਨਿਰਛਲ ਤੇ ਸੁੱਚੇ ਭਾਵ, ਵੰਨ-ਸਵੰਨੀ ਬਣਤਰ ਤੇ ਸੁਭਾਵਕ ਛੰਦ ਚਾਲ ਵਿਚ ਮਿਲਦੇ ਹਨ। ਇਨ੍ਹਾਂ ਗੀਤਾਂ ਵਿਚ ਲੋਕ-ਸੁਰ ਕਿਧਰੇ ਚੇਤਨ ਰੂਪ ਵਿਚ ਤੇ ਕਿਧਰੇ ਅਚੇਤ ਰੂਪ ਵਿਚ ਉਭਰਦੀ ਤੇ ਸਾਹ ਲੈਂਦੀ ਹੈ। ਇਹ ਗੀਤ ਜਿਥੇ ਸਾਡੇ ਜਾਤੀ, ਸੁਭਾਵ, ਸੰਸਕ੍ਰਿਤੀ ਤੇ ਵਿਸ਼ਵਾਸਾਂ ਨੂੰ ਪ੍ਰਤੀਬਿੰਬਤ ਕਰਦੇ ਹਨ, ਉਥੇ ਇਨ੍ਹਾਂ ਵਿਚਲਾ ਲੋਕ-ਅਨੁਭਵ ਜਾਤੀ ਸੂਝ ਤੇ ਵਿਵੇਕ ਦਾ ਅੰਗ ਬਣ ਗਿਆ ਹੈ। ਇਨ੍ਹਾਂ ਗੀਤਾਂ ਵਿਚ ਵਿਸ਼ੇ ਤੇ ਰੂਪ ਦਾ ਸੁੰਦਰ ਸੁਮੇਲ ਹੈ ਅਤੇ ਬੜੇ ਖ਼ੂਬਸੂਰਤ ਟੁਕਵੇਂ ਬਿੰਬ ਤੇ ਸੰਕਲਪ-ਚਿਤ੍ਰ ਵਰਤੇ ਹੋਏ ਹਨ। ਇਥੇ ਕੰਵਾਰੀ ਦੇ ਰੂਪ ਤੇ ਸਜਰੇਪਨ ਦੀ ਚੜ੍ਹਤ ਊਸ਼ਾ ਦੀ ਲਾਲੀ ਵਾਂਗ ਹੈ ਜੋ ਇਕ ਗੌਰਵਮਈ ਅੰਦਾਜ਼ ਨਾਲ ਆਕਾਸ਼ਾਂ ਦੀਆਂ ਚੁੜਿਤਣਾਂ ਵਿਚ ਫੈਲਦੀ ਹੈ—'ਦਿਨ ਚੜ੍ਹਦੇ ਦੀ ਲਾਲੀ ਰੂਪ ਕੰਵਾਰੀ ਦਾ।' ਇਥੇ ਮੁਟਿਆਰਾਂ ਦੇ ਲਿਸ਼ਕਦੇ ਲੌਂਗ ਦਾ ਜਲੌ ਕੌਤਕ ਵਰਤਾਂਦਾ ਹੈ—'ਤੇਰੇ ਲੌਂਗ ਦਾ ਪਿਆ ਲਿਸ਼ਕਾਰਾ ਤੇ ਹਾਲੀਆਂ ਨੇ ਹਲ ਡਕ ਲਏ।' ਦਮੜੀ ਦੇ ਸਕ ਨਾਲ ਹੁਸਨ ਨੂੰ ਅਜਿਹੀ ਸਾਣ ਚਾੜ੍ਹਿਆ ਜਾਂਦਾ ਹੈ ਕਿ ਤਵੀਤਾਂ ਵਾਲੇ ਗਭਰੂ ਵੀ ਮੋਹ ਲਏ ਜਾਂਦੇ ਹਨ — 'ਮੁੰਡਾ ਮੋਹ ਲਿਆ ਤਵੀਤਾਂ ਵਾਲਾ ਦਮੜੀ ਦਾ ਸਕ ਮਲ ਕੇ' ਇਥੇ ਜਵਾਨੀ ਇਕ ਦੂਜੇ ਨੂੰ ਵੇਖ ਕੇ ਸਬਰ ਨਹੀਂ ਕਰਦੀ, ਸਗੋਂ ਘੁਟ ਭਰ ਕੇ ਪੀ ਜਾਣ ਲਈ ਉਤਾਵਲੀ ਹੁੰਦੀ ਹੈ— 'ਤੈਨੂੰ ਵੇਖਿਆਂ ਸਬਰ ਨਾ ਆਵੇ ਯਾਰਾ ਤੇਰੇ ਘੁਟ ਭਰ ਲਾਂ।' ਇਥੇ ਮਹਿਬੂਬ ਦੇ ਵਿਛੋੜੇ ਵਿਚ ਤਿਲ ਤਿਲ ਘੁਲਣ ਨਾਲੋਂ, ਉਸ ਦੇ ਜੇਬ ਦੀ ਸੁਖਾਵੀਂ ਘੁਟਣ ਲਈ ਤਰਲੇ ਕੀਤੇ ਜਾਂਦੇ ਹਨ ਤਾਂ ਜੋ ਕਾਲੀਆਂ ਰਾਤਾਂ ਵਿਚ ਕੱਲੀ ਜਿੰਦੜੀ ਡਰੇ ਨਾ—

ਜੇ ਤੂੰ ਚਲਿਆ ਚਾਕਰੀ, ਸਾਨੂੰ ਜੇਬੇ ਪਾ
ਜਿਥੇ ਵੀ ਆਵੇ ਰਾਤੜੀ ਕੱਢ ਕਲੇਜੇ ਲਾ

ਇਥੇ ਤਾਂ ਦਿਲ ਦੇ ਕਾਗਜ਼ ਉਤੇ ਤ੍ਰਿਪ ਤ੍ਰਿਪ ਵਹਿੰਦੇ ਹੰਝੂਆਂ ਦੀ ਸਿਆਹੀ ਨਾਲ ਗੀਤ ਲਿਖੇ ਜਾਂਦੇ ਹਨ:

ਦਿਲ ਦਾ ਟੁਕੜਾ ਮੈਂ ਕਾਗਜ਼ ਬਣਾਵਾਂ
ਉਂਗਲੀਆਂ ਕਟ ਕੇ ਕਾਨੀ
ਅੱਖਾਂ ਦਾ ਕਜਲਾ ਮੈਂ ਸ਼ਾਹੀ ਬਣਾਵਾਂ
ਹੰਝੂਆਂ ਦਾ ਪਾਂਦੀ ਆਂ ਪਾਣੀ।

ਇਨ੍ਹਾਂ ਗੀਤਾਂ ਵਿਚ ਬੜੇ ਨਿਰਛਲ ਤੇ ਸੁੱਚੇ ਜਜ਼ਬੇ ਧੜਕਦੇ ਹਨ। ਸ਼ਬਦਾਂ ਦੇ ਪਾਣੀਆਂ ਵਿਚ ਭਾਵਾਂ ਦੀ ਮਿਠਾਸ ਖੁਰਨ ਨਾਲ ਜੋ ਰਸ ਬਣਿਆ ਹੈ, ਉਹ ਸ਼ਰਬਤ ਨਾਲ ਮਿੱਠਾ ਹੈ। ਗੱਲਾਂ ਮੋਟੀਆਂ ਠੁਲੀਆਂ ਕੀਤੀਆਂ ਗਈਆਂ ਹਨ, ਜੋ ਅਮੂਰਤ ਨਹੀਂ, ਠੋਸ ਅਕਾਰਾਂ ਵਿਚ ਹਨ ਜਿਨ੍ਹਾਂ ਨੂੰ ਫੜਿਆ, ਘੁਟਿਆ ਤੇ ਮਹਿਸੂਸ ਕੀਤਾ ਜਾ ਸਕੇ:

ਤੰਦੂਰੀ ਤਾਈ ਹੋਈ ਆ
ਬਾਲਣ ਹੱਡੀਆਂ ਦਾ
ਰੋਟੀ ਇਸ਼ਕੇ ਦੀ ਲਾਈ ਹੋਈ ਆ।

ਜਿਵੇਂ ਉੱਪਰ ਦਸਿਆ ਹੈ, ਸਾਡੇ ਲੋਕ-ਗੀਤ ਕੋਮਲ ਮਨੁੱਖੀ ਭਾਵਾਂ ਦਾ ਰਾਗਾਤਮਿਕ ਪ੍ਰਗਟਾਓ ਹਨ, ਇਨ੍ਹਾਂ ਵਿਚ ਬੜੀ ਮਧੁਰ ਸਰੋਦੀ ਲੈਅ ਹੈ। ਇਨ੍ਹਾਂ ਗੀਤਾਂ ਦੀਆਂ ਧੁਨੀਆਂ ਨਿਰੋਲ ਪੰਜਾਬੀ ਹਨ ਤੇ ਪੰਜਾਬੀ ਭੋਇੰ ਦੇ ਸੰਗੀਤ ਵਿਚੋਂ ਉਪਜੀਆਂ ਹਨ। ਸਾਡੇ ਪਿੰਡਾਂ ਦੇ ਵਾਤਾਵਰਨ ਵਿਚ ਇਕ ਅਲੌਕਿਕ ਜਿਹਾ ਸੰਗੀਤ ਘੁਲਿਆ ਰਹਿੰਦਾ ਹੈ। ਸਰਘੀ ਵੇਲੇ

ਚਾਟੀਆਂ ਵਿਚ ਦੁੱਧ ਰਿੜਕਣ ਦੀ ਸਰੋਦੀ ਘੁੰਮਕਾਰ, ਚੱਕੀਆਂ ਦੀ ਗੂੰਜਦੀ ਆਵਾਜ਼, ਚਰਖ਼ਿਆਂ ਦੀ ਸੂਖਮ ਘੂੰ-ਘੂੰ ਤੇ ਖੇਤਾਂ ਵਿਚ ਟਿੰਡਾਂ ਵਾਲੇ ਖੂਹ ਦੀ ਕਲ-ਕਲ, ਰੀਂ-ਰੀਂ, ਹਵਾ ਦੀ ਸਰਰ-ਸਰਰ ਵਿਚ ਅਨੋਖੀਆਂ ਧੁਨੀਆਂ ਛੱਡਦੀ ਰਹਿੰਦੀ ਹੈ। ਇਸੇ ਘਰੋਗੀ ਸੰਗੀਤ ਨਾਲ ਇਕਸੁਰ ਹੋਇਆ ਪੰਜਾਬੀਆਂ ਦਾ ਲੋਕ-ਸੰਗੀਤ ਹੈ, ਜੋ ਘੋੜੀਆਂ, ਸੁਹਾਗ, ਛੰਦਾਂ, ਲੋਰੀਆਂ, ਜਿੰਦੂਏ, ਢੋਲੇ, ਮਾਹੀਏ, ਬੋਲੀਆਂ, ਬੈਂਤਾਂ ਤੇ ਕਈ ਹੋਰ ਲੋਕ-ਕਾਵਿ-ਰੂਪਾਂ ਵਿਚ ਵਿਗਸਿਆ ਹੈ। ਸਾਡੀਆਂ ਲੋਕ-ਧੁਨਾਂ ਬੜੀਆਂ ਮਧੁਰ ਲਹਿਰਾਂ ਵਾਂਗ ਉਭਰਦੀਆਂ ਤੇ ਫੈਲਦੀਆਂ, ਫ਼ਜ਼ਾ ਵਿਚ ਮਿਸ਼ਰੀ ਘੋਲਣ ਦੇ ਨਾਲ ਨਾਲ ਮਨ ਉਤੇ ਅਨੋਖਾ ਪ੍ਰਭਾਵ ਪਾਂਦੀਆਂ ਹਨ ਤੇ ਰੂਹ ਵਿਚ ਰਸ ਜੀਰਦੀਆਂ ਹਨ। ਮੱਧਕਾਲ ਵਿਚ ਪੰਜਾਬੀ ਦੇ ਵਿਸ਼ਿਸ਼ਟ ਕਵੀਆਂ ਨੇ ਇਨ੍ਹਾਂ ਲੋਕ-ਧੁਨਾਂ ਨੂੰ ਅਪਣਾਇਆ ਤੇ ਇਨ੍ਹਾਂ ਦੀਆਂ ਸੁਰਾਂ ਵਿਚ ਹੀ ਕਾਫ਼ੀ ਸਾਰੀ ਕਾਵਿ ਸਿਰਜੀ। ਗੁਰੂ ਨਾਨਕ ਦੇਵ ਜੀ ਦੀ ਆਸਾ ਦੀ ਵਾਰ ਟੁੰਡੇ ਅਸਰਾਜੇ ਦੀ ਲੋਕ-ਧੁਨੀ ਉਤੇ ਗਾਈ ਜਾਣ ਦਾ ਉਪਦੇਸ਼ ਹੈ। ਕਵਿਤਾ ਪੰਜਾਬੀਆਂ ਲਈ ਸਦਾ ਸੰਗੀਤਮਈ ਜਾਂ ਗਾਉਂਦਾ ਖ਼ਿਆਲ ਰਹੀ ਹੈ ਤੇ ਇਸ ਦੀਆਂ ਸਵਰ ਲਹਿਰੀਆਂ ਲੋਕ-ਲੈਆਂ ਨਾਲ ਇਕਸੁਰ ਰਹੀਆਂ ਹਨ। ਕਵਿਤਾ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਸ ਵਿਚੋਂ ਇਕ ਅਜਿਹਾ ਸੰਗੀਤ ਤੇ ਰਸ ਝਰਦਾ ਹੈ ਕਿ ਜੇ ਸ਼ਬਦ ਸਮਝ ਨਾ ਵੀ ਪੈਣ ਅਤੇ ਇਹ ਅਜਿਹੀ ਭਾਸ਼ਾ ਵਿਚ ਹੋਵੇ ਜੋ ਸਮਝ ਨਾ ਪਏ ਤਾਂ ਵੀ ਸੁਣ ਕੇ ਇਸ ਦਾ ਰਸ ਮਾਣਿਆ ਜਾ ਸਕਦਾ ਹੈ। ਇਹ ਗੱਲ ਪੰਜਾਬੀ ਦੀ ਲੋਕ-ਕਾਵਿ ਉਤੇ ਠੀਕ ਢੁਕਦੀ ਹੈ। ਪਰ ਪੰਜਾਬੀ ਵਿਚ ਰਚੀ ਜਾਂਦੀ ਬਹੁਤੀ ਅਜੋਕੀ ਕਾਵਿ-ਰਚਨਾ ਲੋਕਾਂ ਨਾਲੋਂ ਟੁਟੀ ਹੋਈ ਹੈ। ਲੋਕ-ਕਾਵਿ ਤੇ ਵਿਸ਼ਿਸ਼ਟ ਕਾਵਿ ਦੋ ਵੱਖੋ ਵੱਖ ਕੰਢਿਆਂ ਉਤੇ ਖਲੋਤੀਆਂ ਹਨ। ਇਹ ਵਿਥਾਂ ਘਟਾਣ ਦੀ ਲੋੜ ਹੈ।

*ਸਾਡੇ ਲੋਕ-ਸਾਹਿੱਤ ਦਾ ਇਕ ਰੌਚਕ ਤੇ ਸਮ੍ਰਿਧ ਰੂਪ ਲੋਕ-ਕਹਾਣੀਆਂ ਹਨ। ਪੰਜਾਬੀ ਕਹਾਣੀਆਂ ਸੁਣਨ ਸੁਣਾਉਣ ਦੇ ਮੁੱਢ ਤੋਂ ਹੀ ਬੜੇ ਸ਼ੌਕੀਨ ਹਨ। ਇਥੋਂ ਦੇ ਲੋਕਾਂ ਦੀ ਕਲਪਨਾ ਖ਼ੂਬਸੂਰਤ ਤੇ ਦਿਲਚਸਪ ਕਹਾਣੀਆਂ ਘੜਨ ਵਿਚ ਬੜੀ ਉਪਜਾਊ ਹੈ। ਸੰਸਾਰ ਭਰ ਦੀਆਂ ਸਭ ਤੋਂ ਪ੍ਰਾਚੀਨ ਲੋਕ-ਕਹਾਣੀਆਂ ਉਰਵਸ਼ੀ, ਪੁਰੂਰਵਸ, ਨਚੇਕਤਾ, ਸਨੇਹ ਸੇਪ ਆਦਿ, ਜੋ ਰਿਗਵੇਦ ਵਿਚ ਮਿਲਦੀਆਂ ਹਨ, ਜਿਹਲਮ ਤੇ ਸੁਹਾਂ ਦੇ ਕੰਢਿਆਂ ਉਤੇ ਹੀ ਰਚੀਆਂ ਗਈਆਂ। ਸੰਸਾਰ ਦੀਆਂ ਲੋਕ-ਕਹਾਣੀਆਂ ਦੇ ਪ੍ਰਾਚੀਨ ਸੰਗ੍ਰਹਿ ਪੰਚ-ਤੰਤਰ ਤੇ ਹਿਤ-ਉਪਦੇਸ਼ ਇਸੇ ਧਰਤੀ ਉਤੇ ਰਚੀਆਂ ਗਈਆਂ ਕਹਾਣੀਆਂ ਦੇ ਸੰਕਲਨ ਹਨ। ਸੰਸਾਰ ਦਾ ਸਭ ਤੋਂ ਵੱਡਾ ਕਹਾਣੀ-ਸੰਗ੍ਰਹਿ 'ਵਡ ਕਹਾ' ਜੋ ਸਾਡੀ ਅਣਗਹਿਲੀ ਕਾਰਨ ਅੱਜ ਅਲੱਭ ਹੈ, ਪੱਛਮੀ ਪੰਜਾਬ ਦੀ ਧਰਤੀ ਉਤੇ ਹੀ ਸੰਕਲਿਤ ਹੋਇਆ। ਇਸੇ ਗ੍ਰੰਥ ਦੇ ਆਧਾਰ ਉਤੇ ਰਚਿਆ ਗਿਆ ਇਕ ਹੋਰ ਸੰਗ੍ਰਹਿ 'ਕਥਾ-ਸਰਿਤ-ਸਾਗਰ' ਪ੍ਰਾਪਤ ਹੈ, ਜਿਸ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਕਹਾਣੀਆਂ ਰਚਨ ਵਿਚ ਪੰਜਾਬੀਆਂ ਦਾ ਕੋਈ ਸਾਨੀ ਨਹੀਂ ਸੀ। ਪੰਜਾਬ ਵਿਚੋਂ ਅਨੇਕਾਂ ਲੋਕ-ਕਹਾਣੀਆਂ ਸਾਰੇ ਸੰਸਾਰ ਵਿਚ ਬਿਖਰੀਆਂ ਤੇ ਪਸਰੀਆਂ ਹਨ ਤੇ ਇਸ ਸੱਚਾਈ ਨੂੰ ਸੰਸਾਰ ਦੇ ਪ੍ਰਸਿਧ ਲੋਕ-ਧਾਰਾ ਸ਼ਾਸਤ੍ਰੀ ਵੀ ਮੰਨਦੇ ਹਨ।

ਸਾਡੀ ਨੀਤੀ-ਕਥਾਵਾਂ ਸਦਾਚਾਰਕ ਤੇ ਵਿਹਾਰਕ ਗੱਲਾਂ, ਪਰੀ-ਕਹਾਣੀਆਂ ਆਦਿਮ-ਵਿਸ਼ਵਾਸਾਂ ਤੇ ਰਹੁ-ਰੀਤੀਆਂ ਦੀਆਂ ਰੂੜ੍ਹੀਆਂ, ਅਤੇ ਦੰਦ-ਕਥਾਵਾਂ, ਭਗਤੀ, ਬੀਰਤਾ, ਪ੍ਰੇਮ ਅਤੇ ਸਾਹਸ ਦੇ ਅਨੂਠੇ ਕਾਰਨਾਮਿਆਂ ਨਾਲ ਓਤਪੋਤ ਹਨ, ਜਿਨ੍ਹਾਂ ਉਤੇ ਕੋਈ ਜਾਤੀ ਜਿਤਨਾ ਚਾਹੇ ਮਾਣ ਕਰ ਸਕਦੀ ਹੈ। ਸਾਡੇ ਲੋਕ-ਨਾਇਕ ਜਿਥੇ ਰਾਜਾ ਰਸਾਲੂ ਵਰਗੇ ਸਾਹਸੀ, ਪਰਾਕ੍ਰਮੀ ਤੇ ਮਨਚਲੇ ਹਨ, ਪੂਰਨ ਭਗਤ ਜਿਹੇ ਜਤੀ-ਸਤੀ ਤੇ ਧਰਮੀ ਹਨ, ਉਥੇ ਰਾਂਝੇ, ਮਹੀਂਵਾਲ ਤੇ ਮਿਰਜ਼ੇ ਵਰਗੇ ਸੱਚੇ ਸੁੱਚੇ ਤੇ ਵਫ਼ਾਦਾਰ ਆਸ਼ਕ ਵੀ ਹਨ। ਹੀਰ ਜੇ ਸਮਾਜਕ ਬੰਧਨਾਂ ਵਿਰੁਧ ਬਗ਼ਾਵਤ ਦੀ ਪ੍ਰਤੀਕ ਹੈ, ਤਾਂ ਸੱਸੀ ਸੋਹਣੀ ਪ੍ਰੇਮ ਵਿਚ ਤਰਤੀਬਵਾਰ ਰੇਤਲੇ ਥਲਾਂ ਤੇ ਝਨਾਂ ਦੇ ਖੋਰੂ ਪਾਉਂਦੇ ਪਾਣੀਆਂ ਵਿਚ ਤਿਲ ਤਿਲ ਜਿੰਦ ਖੋਰਦੀਆਂ ਹਨ। ਹੀਰ ਦਾ ਪਿੱਛਾ ਪੁਰਾਣਾਂ ਵਿਚ ਜਾ ਰਲਦਾ ਹੈ ਤੇ ਦਸਮ ਗ੍ਰੰਥ ਅਨੁਸਾਰ ਰਾਂਝਾ ਇੰਦਰ ਤੇ ਹੀਰ ਮੇਨਕਾ ਦਾ ਅਵਤਾਰ ਹਨ। ਹੀਰ ਰਾਂਝੇ ਦੀ ਕਥਾ ਵਿਚ ਪੁਰਾਣਾਂ ਦਾ ਕੋਈ ਗੁੰਮਾ ਪਤਰਾ ਲਭਿਆ ਜਾ ਸਕਦਾ ਹੈ। ਸੱਸੀ ਪੁੰਨੂੰ ਦੀ ਦੰਦ-ਕਥਾ ਵੀ ਪੂਰਵ ਇਤਿਹਾਸਕ ਕਾਲ ਦੀ ਕਿਸੇ ਪੌਰਾਣਿਕ ਕਥਾ ਦਾ ਵਿਗਾੜ ਹੈ ਜਿਸ ਵਿਚ ਚੰਦਰਮਾ (ਸੱਸੀ) ਦੇ ਪੂਰਨਮਾ (ਪੁੰਨੂੰ) ਦੀ ਪੂਰਨ ਅਵਸਥਾ ਤਕ ਪਹੁੰਚਣ ਤੇ ਫਿਰ ਘੁਲ ਘੁਲ ਕੇ ਮੁਕਣ (ਸੱਸੀ ਦਾ ਥਲਾਂ ਵਿਚ ਖੁਰ ਜਾਣ) ਦਾ ਦ੍ਰਿਸ਼ਟਮਾਨ ਵਰਨਣ ਹੈ। ਇਹ ਆਦਿਮ ਅਵਸਥਾ ਦੀ ਚੰਦਰਮਾ ਨਾਲ ਸਬੰਧਤ ਕੋਈ ਸੰਸਕਾਰਕ ਕਥਾ ਜਾਪਦੀ ਹੈ ਜੋ ਮੱਧਕਾਲ ਵਿਚ ਲੌਕਿਕ ਰੂਪ ਧਾਰਨ ਕਰ ਗਈ। ਦੰਦ-ਕਥਾਵਾਂ ਘੜਨ ਵਿਚ ਪੰਜਾਬੀਆਂ ਦੀ ਰੁਚੀ ਇਤਨੀ ਪ੍ਰਬਲ ਹੈ ਕਿ ਇਨ੍ਹਾਂ ਲਗਪਗ ਹਰ ਜਾਤ, ਗੋਤ ਤੇ ਕਬੀਲੇ ਬਾਰੇ ਕਥਾਵਾਂ ਘੜਨ ਤੋਂ ਇਲਾਵਾ, ਪੰਜਾਬ ਦੇ ਨਦੀਆਂ, ਨਾਲਿਆਂ, ਪਰਬਤਾਂ ਤੇ ਚਸ਼ਮਿਆਂ ਬਾਰੇ ਬੜੀਆਂ ਅਨੂਠੀਆਂ ਕਥਾਵਾਂ ਰਚੀਆਂ ਹਨ। ਬੀਰਾਂ, ਫ਼ਕੀਰਾਂ ਤੇ ਸਾਧਾਂ ਸੰਤਾਂ ਬਾਰੇ ਜੋ ਦੰਦ-ਕਥਾਵਾਂ ਤੇ ਸਾਖੀਆਂ ਮਿਲਦੀਆਂ ਹਨ, ਉਹ ਤਾਂ ਗਿਣਤੀ ਤੋਂ ਬਾਹਰ ਹਨ। ਇਹ ਅਤਿ-ਕਥਨੀ ਨਹੀਂ ਹੋਵੇਗੀ ਜੇ ਕਿਹਾ ਜਾਵੇ ਕਿ ਪੰਜਾਬ ਵਿਚ ਇਕ ਲਖ ਤੋਂ ਉੱਪਰ ਦੰਦ-ਕਥਾਵਾਂ ਪ੍ਰਚਲਤ ਹਨ।

ਲੋਕ-ਕਹਾਣੀਆਂ ਦੇ ਇਤਨੇ ਵਡਮੁਲੇ ਅਮੀਰ ਵਿਰਸੇ ਦੇ ਹੁੰਦਿਆਂ ਵੀ ਸਾਡੇ ਕਹਾਣੀਕਾਰਾਂ ਨੇ ਕਦੇ ਇਸ ਵਿਰਸੇ ਨੂੰ ਜੋਖਿਆ ਜੋਹਿਆ ਨਹੀਂ। ਸਾਡੀ ਅਜੋਕੀ ਕਹਾਣੀ ਨੂੰ ਉਹ ਮਾਨਤਾ ਪ੍ਰਾਪਤ ਨਹੀਂ ਜਿਹੜੀ ਮੱਧਕਾਲ ਵਿਚ ਸਾਡੀਆਂ ਲੋਕ-ਕਹਾਣੀਆਂ ਨੂੰ ਸੰਸਾਰ ਵਿਚ ਪ੍ਰਾਪਤ ਸੀ। ਸਾਡੀ ਅਜੋਕੀ ਨਿੱਕੀ ਕਹਾਣੀ ਸਿਧੀ ਅੰਗਰੇਜ਼ੀ ਸਾਹਿੱਤ ਦੇ ਪ੍ਰਭਾਵ ਹੇਠਾਂ ਪੈਦਾ ਹੋਈ, ਪਰ ਜੇ ਇਹ ਆਪਣੇ ਪੁਰਾਤਨ ਵਿਰਸੇ ਵਿਚੋਂ ਸਹਿਜ ਸੁਭਾ ਫੁਟਦੀ ਜਾਂ ਇਸ ਦਾ ਅਜੋਕਾ ਰੂਪ ਪੁਰਾਣੀ ਲੋਕ-ਕਹਾਣੀ ਦਾ ਹੀ ਇਕ ਸੁਭਾਵਿਕ ਆਧੁਨਿਕ ਰੂਪ ਹੁੰਦਾ ਅਤੇ ਇਹ ਪੰਜਾਬੀ ਸੁਭਾਵ ਤੇ ਕਲਾਤਮਿਕ ਰੁਚੀਆਂ ਦੇ ਅਨੁਕੂਲ ਕੋਈ ਰੂਪ ਗ੍ਰਹਿਣ ਕਰਦੀ ਤਾਂ ਇਸ ਦਾ ਮੁੱਲ ਵਧੇਰੇ ਪੈਂਦਾ ਅਤੇ ਇਹ ਸੰਸਾਰ ਸਾਹਿੱਤ ਵਿਚ ਇਕ ਨਰੋਆ ਵਾਧਾ ਬਣਦੀ। ਪੰਜਾਬੀ ਕਹਾਣੀਕਾਰਾਂ ਨੇ ਬਿਨਾਂ ਆਪਣੇ ਵਿਰਸੇ ਨੂੰ ਫੋਲੇ, ਸਿੱਧਾ ਪੱਛਮੀ ਕਹਾਣੀ ਨੂੰ ਆਧਾਰ ਬਣਾ ਕੇ ਹੀ ਕਹਾਣੀਆਂ ਰਚਣੀਆਂ ਸ਼ੁਰੂ ਕਰ ਦਿਤੀਆਂ। ਇਸੇ ਲਈ ਸਾਡੀ ਅਜੋਕੀ ਕਹਾਣੀ ਪੰਜਾਬ ਦੇ ਉਨ੍ਹਾਂ ਸਿਧੇ-ਸਾਦੇ ਪੇਂਡੂ ਲੋਕਾਂ ਵਿਚ ਬਿਲਕੁਲ ਪ੍ਰਵਾਨ ਨਹੀਂ ਚੜ੍ਹੀ, ਜਿਹੜੇ ਪਰੰਪਰਾ ਤੋਂ ਹੀ ਕਹਾਣੀ ਦੇ ਰਸੀਏ ਰਹੇ ਹਨ। ਅਜੋਕੀ ਕਹਾਣੀ ਨੂੰ ਲੋਕ-ਪ੍ਰਵਾਹ ਨਾਲ ਜੋੜਨ ਲਈ ਲੋੜ ਹੈ ਲੋਕ-ਸਾਹਿੱਤ ਵਿਚ ਪ੍ਰਚਲਤ ਨਿਕੀ ਲੋਕ-ਕਥਾ ਦੀ ਰੂੜ੍ਹੀ ਉਤੇ ਨਿਕੀ ਕਹਾਣੀ ਦੇ ਇਕ ਅਜਿਹੇ ਆਧੁਨਿਕ ਰੂਪ ਨੂੰ ਵਿਗਸਾਣ ਦੀ, ਜੋ ਆਧੁਨਿਕਤਾ ਦੇ ਸਾਰੇ ਲੱਛਣ ਰਖਦਿਆਂ ਪੰਜਾਬੀ ਸੁਭਾਵ ਤੇ ਕਲਾਤਮਿਕ ਰੁਚੀਆਂ ਦੇ ਅਨੁਕੂਲ ਹੋਵੇ। ਪੰਜਾਬੀ ਕਹਾਣੀਕਾਰਾਂ ਨੂੰ ਆਪਣੇ ਪਿਛਲੇ ਵਿਰਸੇ ਨਾਲ ਜੁੜ ਕੇ ਤੇ ਉਸ ਦੇ ਅਧਿਐਨ ਕਰ ਕੇ ਕਹਾਣੀ ਦੀਆਂ ਨਵੀਆਂ ਸੰਭਾਵਨਾਵਾਂ ਉਜਾਗਰ ਕਰਨ ਦੀ ਲੋੜ ਹੈ।

*ਲੋਕ-ਸਾਹਿੱਤ ਦਾ ਇਕ ਮਹੱਤਵਪੂਰਨ ਅੰਗ ਅਖਾਣ ਹਨ, ਜਿਨ੍ਹਾਂ ਵਿਚ ਪੁਰਖਿਆਂ ਦੇ ਅਨੁਭਵ ਸੰਜਮ ਨਾਲ ਸਮੇਟੇ ਪਏ ਹਨ। ਇਹ ਅਕਾਰ ਵਿਚ ਛੋਟੇ, ਭਾਵ ਵਿਚ ਤਿੱਖੇ ਤੇ ਸ਼ੈਲੀ ਦੇ ਪੱਖੋਂ ਗੁੰਦਵੀਂ-ਵਿਧੀ ਦੇ ਹੁੰਦੇ ਹਨ। ਇਨ੍ਹਾਂ ਦੀ ਘਾੜਤ ਬੜੀ ਸਾਂਵੀ ਤੇ ਜੋਖਵੀਂ ਅਤੇ ਚਾਲ ਲੈਅ ਭਰਪੂਰ ਹੁੰਦੀ ਹੈ। ਇਕ ਨਿੱਕਾ ਜਿਹਾ ਅਖਾਣ ਵੀ ਰਚਨਾਤਮਿਕ ਪੱਖ ਤੋਂ ਕਈ ਗੁਣਾਂ ਤੇ ਵਸਫ਼ਾਂ ਦਾ ਧਾਰਨੀ ਹੁੰਦਾ ਹੈ, ਤਾਂ ਹੀ ਇਹ ਸਦੀਆਂ ਬੀਤਣ ਉਪਰੰਤ ਵੀ ਕਦੇ ਬੇਰਸਾ ਨਹੀਂ ਹੁੰਦਾ। ਜਿਵੇਂ ਅਸੀਂ ਮਹਾਂ ਪੁਰਖਾਂ ਦੇ ਜੀਵਨ ਵਿਚ ਕੋਈ ਅਲੌਕਿਕ ਕਣੀ ਮੰਨਦੇ ਹਾਂ, ਉਸੇ ਤਰ੍ਹਾਂ ਅਖਾਣਾਂ ਵਿਚ ਕਲਾ ਦੀ ਇਕ ਅਲੌਕਿਕ ਕਣੀ ਹੁੰਦੀ ਹੈ, ਜੋ ਇਨ੍ਹਾਂ ਨੂੰ ਇਕ ਆਭਾ ਤੇ ਇਕ ਅਮਰ ਹੋਂਦ ਬਖ਼ਸ਼ਦੀ ਹੈ। ਅਖਾਣਾਂ ਵਿਚਲੀ ਇਹ ਕਣੀ ਅਤੇ ਸੁਹਜ ਕਿਤਨਾ ਭਖਵਾਂ ਹੁੰਦਾ ਹੈ, ਇਸ ਦਾ ਅਨੁਮਾਨ ਹੇਠਲਿਆਂ ਉਦਾਹਰਣਾਂ ਤੋਂ ਸਹਿਜੇ ਲਗਾਇਆ ਜਾ ਸਕਦਾ ਹੈ :

ਭੇਡ ਲਿਆਂਦੀ ਉੱਨ ਨੂੰ ਬੈਠੀ ਚਰੇ ਕਪਾਹ
ਆਂਦਰਾਂ ਭੁਖੀਆਂ ਮੁਛ ਤੇ ਚਾਵਲ
ਚਰਖਾ 'ਵਾ ਉਡਾਇਆ, ਰੰਨ ਢੂੰਡੇਂ ਦੀ ਪੂਣੀਆਂ
ਮੂੰਹ ਦੀ ਲਹਿਰ ਬਹਿਰ, ਹੱਥਾਂ ਦੀ ਹੜਤਾਲ
ਭੁਖ ਨਾ ਪੁਛਦੀ ਤਾਲਵਾਂ, ਇਸ਼ਕ ਨਾ ਪੁਛਦਾ ਜ਼ਾਤ
ਪਲੇ ਹੈ ਹੀ ਸਚ ਤਾਂ ਕੋਠੇ ਚੜ੍ਹ ਕੇ ਨਚ।

ਸਾਡੇ ਕਈ ਮਹਾਨ ਕਵੀਆਂ ਗੁਰੂ ਨਾਨਕ, ਭਾਈ ਗੁਰਦਾਸ ਤੇ ਵਾਰਸ ਸ਼ਾਹ ਆਦਿ ਨੇ ਅਖਾਣਾਂ ਦੀ ਸ਼ੈਲੀ, ਗੁੰਦਵੀਂ-ਵਿਧੀ ਤੇ ਲੈਅ ਨੂੰ ਸਮਝਿਆ ਜੋਖਿਆ ਤੇ ਇਸ ਵਿਚਲੀ ਕਣੀ ਨੂੰ ਆਪਣੀ ਕਾਵਿ ਵਿਚ ਸੁਰਜੀਤ ਰਖਿਆ। ਹੇਠਾਂ ਕੇਵਲ ਗੁਰੂ ਨਾਨਕ ਬਾਣੀ ਵਿਚੋਂ ਦੋ ਉਦਾਹਰਣ ਦਿਤੇ ਜਾਂਦੇ ਹਨ। ਅਖਾਣਿਕ ਸ਼ੈਲੀ ਦਾ ਪ੍ਰਭਾਵ ਪ੍ਰਤੱਖ ਹੈ :

(ੳ) ਮਛੀ ਤਾਰੂ ਕਿਆ ਕਰੇ ਪੰਖੀ ਕਿਆ ਆਕਾਸੁ
ਪਥਰ ਪਾਲਾ ਕਿਆ ਕਰੇ ਖੁਸਰੇ ਕਿਆ ਘਰ ਵਾਸੁ
ਕੁਤੇ ਚੰਦਨ ਲਾਈਐ ਭੀ ਸੋ ਕੁਤੀ ਧਾਤੁ
ਬੋਲਾ ਜੇ ਸਮਝਾਈਐ ਪੜੀਅਹਿ ਸਿੰਮ੍ਰਿਤਿ ਪਾਠ
ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ
ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ
ਲੋਹਾ ਮਾਰਣਿ ਪਾਈਐ ਢਹੈ ਨਾ ਹੋਇ ਕਪਾਸ
ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ
(ਸਲੋਕ ਵਾਰ ਮਾਝ ਮਹਲਾ ੧)

(ਅ) ਕੇਹਾ ਕੰਚਨੁ ਤੁਟੈ ਸਾਰੁ।
ਅਗਨੀ ਗੰਢੁ ਪਾਏ ਲੋਹਾਰੁ॥
ਗੋਰੀ ਸੇਤੀ ਤੁਟੈ ਭਤਾਰੁ।
ਪੁਤੀ ਗੰਢੁ ਪਵੈ ਸੰਸਾਰਿ॥
ਰਾਜਾ ਮੰਗੈ ਦਿਤੈ ਗੰਢੁ ਪਾਇ।
ਭੁਖਿਆ ਗੰਢੁ ਪਵੈ ਜਾ ਖਾਇ॥
ਕਾਲਾ ਗੰਢ ਨਦੀਆ ਮੀਹ ਝੋਲ।
ਗੰਢੁ ਪਰੀਤੀ ਮਿਠੇ ਬੋਲ॥
ਬੇਦਾ ਗੰਢੁ ਬੋਲੇ ਸਚੁ ਕੋਇ।
ਮੁਇਆ ਗੰਢੁ ਨੇਕੀ ਸਤੁ ਹੋਇ॥
ਏਤੁ ਗੰਢਿ ਵਰਤੈ ਸੰਸਾਰੁ।
ਮੂਰਖ ਗੰਢੁ ਪਵੈ ਮੁਹਿ ਮਾਰ॥
ਨਾਨਕੁ ਆਖੈ ਏਹੁ ਬੀਚਾਰੁ।
ਸਿਫਤੀ ਗੰਢੁ ਪਵੈ ਦਰਬਾਰਿ॥
(ਵਾਰ ਆਸਾ ਮਹਲਾ ੧)

ਇਸੇ ਸ਼ੈਲੀ ਨੂੰ ਗੁਰੂ ਅੰਗਦ ਦੇਵ ਜੀ ਨੇ ਵੀ ਕੁਝ ਸ਼ਲੋਕਾਂ ਵਿਚ ਬੜੀ ਸੂਖਮਤਾ ਨਾਲ ਨਿਭਾਇਆ ਹੈ :

ਨਾਨਕ ਪਰਖੇ ਆਪ ਕਉ ਤਾਂ ਪਾਰਖੁ ਜਾਣ ॥
ਰੋਗ ਦਾਰੂ ਦੋਵੈ ਬੁਝੈ ਤਾਂ ਵੈਦੁ ਸੁਜਾਣੁ ॥
ਵਾਟ ਨਾ ਕਰਈ ਮਾਮਲਾ ਜਾਣੈ ਮਿਹਮਾਣ ॥
ਮੂਲੁ ਜਾਣਿ ਗਲਾ ਕਰੇ ਹਾਣਿ ਲਾਏ ਹਾਣੁ ॥
ਲਬਿ ਨ ਚਲਈ ਸਚਿ ਰਹੈ ਸੋ ਵਿਸਟੁ ਪਰਵਾਣੁ ॥
ਸਰੁ ਸੰਧੇ ਆਗਾਸ ਕਉ ਕਿਉ ਪਹੁਚੈ ਬਾਣੁ ॥
ਅਗੈ ਓਹ ਅਗੰਮੁ ਹੈ ਵਾਹੇਦੜੁ ਜਾਣ ॥

(ਸਲੋਕ ਮਹਲਾ ੨)

ਲੈਅ ਦੇ ਪੱਖੋਂ ਤਾਂ ਅਖਾਣਾਂ ਤੋਂ ਬਹੁਤ ਕੁਝ ਸਿਖਿਆ ਤੇ ਗ੍ਰਹਿਣ ਕੀਤਾ ਜਾ ਸਕਦਾ ਹੈ। ਕੁਝ ਲੈਆਂ ਲੋਕਾਂ ਦੇ ਬੋਲ ਉਤੇ ਆਧਾਰਤ ਹੁੰਦੀਆਂ ਹਨ ਤੇ ਉਸ ਜਾਤੀ ਦੇ ਬੋਲ ਦੀਆਂ ਸਵਰ-ਲਹਿਰੀਆਂ ਅਥਵਾ ਉਭਰਦੀਆਂ ਢਹਿੰਦੀਆਂ ਰਹਾਆਂ, ਅਵਾਜ਼ਾਂ ਦੇ ਉਚਿਆਣ ਤੇ ਡੇਗਣ ਦੀਆਂ ਗਤੀਆਂ ਅਤੇ ਵਾਕਾਂ ਦੀ ਲੰਮਿਆਈ ਆਦਿ ਨਾਲ ਬਣੀ ਚਾਲ ਉਤੇ ਨਿਰਭਰ ਹੁੰਦੀਆਂ ਹਨ। ਇਨ੍ਹਾਂ ਲੈਆਂ ਨੂੰ ਹੀ ਸੋਧ ਕੇ ਕਾਵਿ-ਲੈਆਂ ਉਤਪੰਨ ਕਰ ਲਈਆਂ ਜਾਂਦੀਆਂ ਹਨ। ਇਹੋ ਕਾਵਿ ਲੈਆਂ ਸਮੇਂ ਨਾਲ ਸੱਚਾ ਬਣ ਕੇ ਛੰਦ ਦਾ ਰੂਪ ਧਾਰ ਲੈਂਦੀਆਂ ਹਨ।

ਪੰਜਾਬੀ ਵਿਚ ਅਖਾਣਾਂ ਦੀਆਂ ਲੈਆਂ ਦਾ ਛੰਦਾਂ ਦੀਆਂ ਲੈਆਂ ਨਾਲ ਤੁਲਨਾਤਮਿਕ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਪੰਜਾਬੀ ਵਿਚ ਪ੍ਰਚਲਤ ਛੰਦ ਸੌ ਫ਼ੀ ਸਦੀ 'ਬੋਲ ਦੀ ਲੈਅ' ਉਤੇ ਆਧਾਰਤ ਹਨ। ਪੰਜਾਬੀ ਕਵਿਤਾ ਜਦੋਂ ਗਾਈ ਜਾ ਰਹੀ ਹੁੰਦੀ ਹੈ ਤਾਂ ਬੜੀ ਸੁਭਾਵਿਕ ਲਗਦੀ ਹੈ। ਇਸ ਦੀ ਸੁਭਾਵਿਕਤਾ ਦਾ ਵੱਡਾ ਕਾਰਨ ਪੰਜਾਬੀ ਕਾਵਿ ਦੀਆਂ ਪ੍ਰਚਲਤ ਲੈਆਂ ਹਨ, ਜੋ ਪੰਜਾਬੀ ਦੀ ਬੋਲ ਚਾਲ ਦੀ ਲੈਅ ਤੋਂ ਉਪਜੀਆਂ ਹਨ, ਇਨ੍ਹਾਂ ਵਿਚ ਕੋਈ ਓਪਰਾਪਨ ਨਹੀਂ।

ਪਰ ਸਵਾਲ ਉਠਦਾ ਹੈ ਕਿ ਪੰਜਾਬੀ ਦੀ ਛੰਦਾਬੰਦੀ 'ਬੋਲ ਦੀਆਂ ਲੈਆਂ' ਉਤੇ ਆਧਾਰਿਤ ਸਿਧ ਕਰਨ ਲਈ ਕੀ ਪਰਮਾਣ ਜਾਂ ਨਾਪ ਤੋਲ ਹਨ। ਇਸ ਦਾ ਬੜਾ ਸੌਖਾ ਢੰਗ ਹੈ। ਅਖਾਣ ਬੋਲ ਚਾਲ ਦਾ ਅੰਗ ਹੁੰਦੇ ਹਨ ਤੇ ਇਨ੍ਹਾਂ ਵਿਚ ਜਾਤੀ ਦੀ ਬੋਲ-ਲੈਅ ਲੁਪਤ ਹੁੰਦੀ ਹੈ। ਕਿਸੇ ਜਾਤੀ ਦੇ ਅਖਾਣਾਂ ਦੀਆਂ ਵਿਭਿੰਨ ਲੈਆਂ ਦੇ ਤੋਲ ਇਕੱਠੇ ਕਰ ਕੇ ਫਿਰ ਉਸ ਨੂੰ ਉਸੇ ਭਾਸ਼ਾ ਦੀ ਛੰਦਾ-ਬੰਦੀ ਦੀਆਂ ਲੈਆਂ ਅਥਵਾ ਤੋਲਾਂ ਨਾਲ ਮੇਲ ਕੇ ਇਹ ਅਸਲੀਅਤ ਜਾਣੀ ਜਾ ਸਕਦੀ ਹੈ। ਅਖਾਣ ਬੋਲ ਚਾਲ ਦਾ ਅੰਗ ਹਨ ਤੇ ਇਨ੍ਹਾਂ ਵਿਚਲੀਆਂ ਲੈਆਂ ਸਾਡੇ ਬੋਲ ਦੀਆਂ ਲੈਆਂ ਹਨ। ਪੰਜਾਬੀ ਅਖਾਣ ਜਿਨ੍ਹਾਂ ਦੀ ਗਿਣਤੀ ਲੱਖਾਂ ਵਿਚ ਹੈ ਤੇ ਇਨ੍ਹਾਂ ਵਿਚ ਹਜ਼ਾਰਾਂ ਕਿਸਮਾਂ ਦੀਆਂ ਲੈਆਂ ਤੇ ਤੋਲ ਹਨ, ਪੰਜਾਬੀਆਂ ਦੇ ਬੋਲ ਦੀ ਲੈਅ ਦੇ ਅਨੁਕੂਲ ਹਨ। ਪੰਜਾਬੀ ਕਾਵਿ ਵਿਚ ਜਿਤਨੇ ਵੀ ਛੰਦ ਮਿਲਦੇ ਹਨ, ਉਹ ਸਾਰੇ ਅਖਾਣਾਂ ਵਿਚਲੀਆਂ ਬੋਲ-ਲੈਆਂ ਵਿਚੋਂ ਹੀ ਵਿਗਸੇ ਹਨ। ਲੇਖਕ ਨੇ ਆਪਣੇ ਖੋਜ-ਨਿਬੰਧ ਵਿਚ ਇਕ ਪੂਰੇ ਕਾਂਡ ਵਿਚ ਇਸੇ ਵਿਸ਼ੇ ਉਤੇ ਚਰਚਾ ਕੀਤੀ ਹੈ ਤੇ ਉਪਰੋਕਤ ਸਿੱਟੇ ਕੱਢੇ ਹਨ।

ਅੱਜ ਜੋ ਨਵੀਂ ਪੰਜਾਬੀ ਕਵਿਤਾ ਰਚੀ ਜਾ ਰਹੀ ਹੈ, ਉਸ ਦਾ ਚੋਖਾ ਭਾਗ ਲੈਆਂ ਤੋਂ ਮੁਕਤ ਹੈ। ਕਈਆਂ ਦੀ ਤਾਂ ਧਾਰਨਾ ਹੈ ਕਿ ਲੈਅ ਬਿਨਾਂ ਕਾਵਿ ਦੀ ਸਿਰਜਨਾ ਇਸੇ ਤਰ੍ਹਾਂ ਹੈ ਜਿਵੇਂ ਧੁਨੀ ਬਿਨਾਂ ਸਾਜ਼। ਨਵੇਂ ਯੁਗ ਵਿਚ ਵਿਗਿਆਨਕ ਉੱਨਤੀ ਤੇ ਜੀਵਨ ਵਿਚ ਆਏ ਪ੍ਰੀਵਰਤਨਾਂ ਸਦਕਾ, ਸਾਹਿੱਤ ਦੇ ਰੂਪਾਂ ਵਿਚ ਭਾਰੀ ਤਬਦੀਲੀਆਂ ਆਈਆਂ ਹਨ। ਪਰ ਸੰਗੀਤ ਤੇ ਲੈਅ ਤੋਂ ਮੁਕਤ ਜੋ ਕਵਿਤਾ ਰਚੀ ਜਾ ਰਹੀ ਹੈ, ਉਹ ਪੰਜਾਬੀ ਸੁਭਾਵ ਦੇ ਅਨੁਕੂਲ ਨਹੀਂ। ਲੈਆਂ ਸਬੰਧੀ ਅਸੀਂ ਆਪਣੇ ਅਖਾਣਾਂ ਦੇ ਵਿਰਸੇ ਨੂੰ ਜੋਖ ਕੇ ਕਾਫ਼ੀ ਕੁਝ ਪ੍ਰਾਪਤ ਕਰ ਸਕਦੇ ਹਾਂ।

*ਲੋਕ-ਸਾਹਿੱਤ ਦਾ, ਇਕ ਹੋਰ ਸੁਆਦਲਾ ਤੇ ਕਲਪਨਾ ਸ਼ਕਤੀ ਨੂੰ ਹਲੂਲਣ ਵਾਲਾ ਰੂਪ 'ਬੁਝਾਰਤਾਂ' ਹਨ, ਜੋ ਅਖਾਣਾਂ ਵਾਂਗ ਹੀ ਛੋਟੇ ਆਕਾਰ ਦੀਆਂ ਹੁੰਦਿਆਂ ਵੀ ਬੜੀਆਂ ਮਹੱਤਵਸ਼ੀਲ ਹਨ। ਬੁਝਾਰਤਾਂ ਮੋਟੇ ਠੁਲੇ ਪ੍ਰਸ਼ਨ ਹਨ ਜਿਨ੍ਹਾਂ ਵਿਚ ਆਦਿਮ-ਬਿੰਬਾਂ, ਰੂਪਕਾਂ ਤੇ ਸੰਕਲਪ-ਚਿਤ੍ਰਾਂ ਨਾਲ ਅਨੂਠੇ ਆਕਾਰ ਉਘਾੜੇ ਹੁੰਦੇ ਹਨ ਅਤੇ ਇਨ੍ਹਾਂ ਵਿਚ ਛੁਪੇ ਕਿਸੇ ਮੂਲ ਚਿਤ੍ਰ ਨੂੰ ਲੱਭਣਾ ਹੁੰਦਾ ਹੈ। ਬੁਝਾਰਤਾਂ ਵਿਚੋਂ ਜਾਤੀ ਦੀ ਕਲਾਤਮਿਕ ਸੂਝ, ਬੌਧਿਕ ਪੱਧਰ, ਜੀਵਨ ਅਨੁਭਵ ਤੇ ਜਨ-ਜੀਵਨ ਪ੍ਰਤੀਬਿੰਬਤ ਹੁੰਦਾ ਹੈ। ਇਹ ਮਨੋਰੰਜਨ ਤੋਂ ਇਲਾਵਾ, ਸੋਚਣ ਤੇ ਖੋਜਣ ਦੀ ਸ਼ਕਤੀ ਨੂੰ ਵੀ ਪ੍ਰਜਵਲਤ ਕਰਦੀਆਂ ਹਨ। ਇਨ੍ਹਾਂ ਨਾਲ ਸੂਝ ਬਲਵਾਨ ਹੁੰਦੀ ਤੇ ਬੁਧੀ ਸਾਣ ਚੜ੍ਹਦੀ ਹੈ। ਬੁਝਾਰਤਾਂ ਦੀ ਇਕ ਵੰਨਗੀ ਅਜਿਹੀ ਵੀ ਹੈ ਜਿਨ੍ਹਾਂ ਰਾਹੀਂ ਸਦਾਚਾਰਕ ਸਿਖਸ਼ਾ ਸਹਿਜ ਭਾਵ ਵਿਚ ਹੀ ਦਿਤੀ ਜਾਂਦੀ ਹੈ। ਬੁਝਾਰਤਾਂ ਵਿਚ ਨਿੰਮਾ ਨਿੰਮਾ ਹਾਸ ਤੇ ਵਿਅੰਗ ਵੀ ਹੁੰਦਾ ਹੈ। ਜੇਮਜ਼ ਏ. ਕਲਸੋ ਬੁਝਾਰਤਾਂ ਦੀ ਮਹੱਤਾ ਬਾਰੇ ਲਿਖਦਾ ਹੈ :

> The riddle played an important part in the intellectual and social life of antiquity as well as in the middle ages. With the ancient it was a literary form employed for serious purposes in the sphere of politics, philosophy and religion.

ਬੁਝਾਰਤਾਂ ਦਾ ਜਨਮ ਬ੍ਰਹਿਮੰਡ ਦੇ ਰਹੱਸਾਂ ਨੂੰ ਖੋਜਣ ਦੀ ਜਿਗਿਆਸਾ ਵਿਚੋਂ ਹੋਇਆ ਅਤੇ ਇਹ ਮਨੁੱਖ ਜਾਤੀ ਦੀ ਰਚਨਾਤਮਿਕ ਕਲਾ ਦੇ ਮੁਢਲੇ ਵਿਕਾਸ ਵਿਚ ਇਕ ਮਹੱਤਵਪੂਰਣ ਮੀਲ-ਪੱਥਰ ਹਨ। ਬ੍ਰਹਿਮੰਡ ਦੇ ਮੁਢਲੇ ਰਹੱਸ ਇਸੇ ਕਲਾ ਰੂਪ ਰਾਹੀਂ ਸੋਚੇ ਤੇ ਲੱਭੇ ਗਏ। ਭਾਰਤੀ

ਅਧਿਆਤਮਵਾਦੀ ਬ੍ਰਹਿਮੰਡ ਦੇ ਰਹੱਸਾਂ ਨੂੰ ਜਾਣਨ ਤੇ ਜੀਵ ਆਤਮਾ ਦੇ ਪਰਮ ਸੱਤਾ ਨਾਲ ਸਬੰਧਾਂ ਨੂੰ ਪ੍ਰਗਟਾਣ ਲਈ ਬੁਝਾਰਤਾਂ ਦੀ ਸ਼ੈਲੀ ਦੀ ਵਰਤੋਂ ਆਮ ਕਰਦੇ ਰਹੇ। ਰਿਗ-ਵੇਦ ਦੇ ਪਹਿਲੇ ਮੰਡਲ ਵਿਚ, ਦ੍ਰਿਗਾਤਮਾ ਦੀ ਜੋ ਰਿਚ ਮਿਲਦੀ ਹੈ, ਉਹ ਬੁਝਾਰਤਾਂ ਦੀ ਹੀ ਇਕ ਮਾਲਾ ਹੈ ਜੋ ਧਾਰਮਿਕ ਰਹੁ-ਰੀਤੀਆਂ ਤੇ ਅਧਿਆਤਮਕ ਚਿੰਤਨ ਨਾਲ ਸੰਬੰਧਤ ਹੈ। ਇਨ੍ਹਾਂ ਬੁਝਾਰਤਾਂ ਨੂੰ 'ਬ੍ਰਹਮੋਦਯ' ਕਿਹਾ ਗਿਆ ਹੈ। ਇਸ ਰਿਚ ਵਿਚ 52 ਸ਼ਲੋਕ ਹਨ ਅਤੇ ਇਕ ਨੂੰ ਛੱਡ ਕੇ ਬਾਕੀ ਸਭ ਸ਼ਲੋਕ ਰੂਪ-ਰਚਨਾ ਦੇ ਪਖੋਂ ਬੁਝਾਰਤਾਂ ਹੀ ਹਨ। ਇਹ ਬੁਝਾਰਤਾਂ ਦਰਸ਼ਨ ਤੇ ਧਰਮ ਦੇ ਵਿਕਾਸ ਵਿਚ ਵਿਸ਼ੇਸ਼ ਥਾਂ ਰਖਦੀਆਂ ਹਨ ਤੇ ਮਾਨਵ-ਵਿਗਿਆਨੀਆਂ ਦੇ ਉਚੇਚੇ ਧਿਆਨ ਦਾ ਕੇਂਦਰ ਰਹੀਆਂ ਹਨ। ਅਜਿਹੀ ਬੁਝਾਰਤੀ ਸ਼ੈਲੀ 'ਚੋਂ ਹੀ ਰਹੱਸਵਾਦੀ ਕਾਵਿ ਨੇ ਜਨਮ ਲਿਆ।

ਭਗਤੀ ਲਹਿਰ ਸਮੇਂ ਬੁਝਾਰਤੀ ਸ਼ੈਲੀ ਇਕ ਬਲਵਾਨ ਸਾਹਿੱਤਕ ਪਰੰਪਰਾ ਦਾ ਰੂਪ ਧਾਰਨ ਕਰ ਗਈ ਸੀ। ਭਗਤੀ ਕਾਵਿ ਵਿਚ ਸੂਖਮ ਰਹੱਸਾਂ ਦੇ ਪ੍ਰਗਟਾ ਲਈ ਬੁਝਾਰਤੀ ਸ਼ੈਲੀ ਦੇ ਬਿਖਮ ਤੇ ਦੁਰਬੋਧ ਰੂਪਕ ਆਮ ਵਰਤੇ ਮਿਲਦੇ ਹਨ। ਅਧਿਆਤਮਕ ਰਹੱਸਾਂ ਨੂੰ ਪ੍ਰਗਟਾਣ ਲਈ ਇਸ ਸ਼ੈਲੀ ਦਾ ਆਪਣਾ ਇਕ ਗੌਰਵ ਹੈ :

ਊਪਰਿ ਹਾਟੁ ਹਾਟ ਪਰਿ ਆਲਾ
ਆਲੇ ਭੀਤਰਿ ਥਾਤੀ (ਭਗਤ ਬੇਣੀ)

'ਹਾਟ' ਸਰੀਰ ਦਾ 'ਆਲਾ' ਦਸਮ ਦੁਆਰ ਤੇ 'ਥਾਤੀ' ਆਤਮ ਜੋਤ ਦਾ ਬੋਧਿਕ ਹੈ। ਭਗਤ ਕਬੀਰ ਤੇ ਫ਼ਰੀਦ ਵਿਚ ਵੀ ਇਹੋ ਸ਼ੈਲੀ ਵਰਤੀ ਮਿਲਦੀ ਹੈ।

ਗੁਰੂ ਨਾਨਕ ਦੇਵ ਜੀ ਤੇ ਹੋਰ ਗੁਰੂ-ਵਿਅਕਤੀਆਂ ਨੇ ਇਸੇ ਸ਼ੈਲੀ ਨੂੰ ਗੁਰਮਤਿ ਸਿਧਾਂਤਾਂ ਨੂੰ ਪ੍ਰਗਟਾਣ ਲਈ, ਸੁਚੇਤ ਰੂਪ ਵਿਚ ਬੜੀ ਸੁਘੜਤਾ ਨਾਲ ਵਰਤਿਆ ਹੈ। 'ਸਿਧ ਗੋਸ਼ਟ' ਦਾ ਚੋਖਾ ਭਾਗ ਇਸੇ ਸ਼ੈਲੀ ਵਿਚ ਹੈ। ਕਈ ਸ਼ਬਦ ਤਾਂ ਰਿਗ ਵੇਦ ਦੀ ਬੁਝਾਰਤੀ ਸ਼ੈਲੀ ਦਾ ਹੀ ਅਨੁਕਰਣ ਜਾਪਦੇ ਹਨ, ਜਿਵੇਂ :

ਕਿਉ ਕਰ ਬਾਧਾ, ਸਰਪਨਿ ਖਾਧਾ
ਕਿਉ ਕਰ ਖੋਇਆ, ਕਿਉ ਕਰ ਲਾਧਾ
ਕਿਉ ਕਰ ਨਿਰਮਲੁ, ਕਿਉ ਕਰਿ ਅੰਧਿਆਰਾ
ਇਹੁ ਤਤੁ ਬੀਚਾਰੈ ਸੁ ਗੁਰੂ ਹਮਾਰਾ

ਉੱਤਰ ਵੀ ਇਸੇ ਰੂਪ-ਸੱਚੇ ਵਿਚ ਢਲਿਆ ਹੋਇਆ ਹੈ :

ਦੁਰਮਤਿ ਬਾਧਾ, ਸਰਪਨਿ ਖਾਧਾ
ਮਨਮੁਖਿ ਖੋਇਆ, ਗੁਰਮੁਖ ਲਾਧਾ
ਸਤਿਗੁਰੂ ਮਿਲੈ, ਅੰਧੇਰਾ ਜਾਇ
ਨਾਨਕ ਹਉਮੈ ਮੇਟਿ ਸਮਾਇ

'ਮੈਣ ਕੇ ਦੰਤ ਕਿਉ ਖਾਈਐ ਸਾਰੁ' ਸ਼ਬਦ ਵਿਚ ਦੁਰਗਮ ਬਿੰਬਾਂ ਵਾਲੀ ਬੁਝਾਰਤੀ ਸ਼ੈਲੀ ਹੈ।

ਪੰਜਾਬੀਆਂ ਕੋਲ ਬੁਝਾਰਤਾਂ ਦਾ ਅਮੀਰ ਭੰਡਾਰਾ ਹੈ। ਇਨ੍ਹਾਂ ਬੁਝਾਰਤਾਂ ਵਿਚ ਕਲਪਨਾ ਦੀਆਂ ਬੜੀਆਂ ਅਦਭੁਤ ਉਡਾਰੀਆਂ ਮਿਲਦੀਆਂ ਹਨ। ਇਨ੍ਹਾਂ ਵਿਚਲੇ ਰੂਪਕਾਂ, ਸੰਕਲਪ-ਚਿਤ੍ਰਾਂ ਤੇ ਪ੍ਰਤੀਕਾਂ ਦਾ ਆਪਣਾ ਹੀ ਇਕ ਗੌਰਵ ਹੈ। ਸੁਹਜ ਤੇ ਰਹੱਸ ਦੇ ਅਨੂਠੇ ਮਿਸ਼ਰਣ ਤੋਂ ਇਲਾਵਾ ਪੰਜਾਬੀ ਜੀਵਨ ਦੀ ਸਾਰੀ ਬਹੁ-ਰੰਗੀ ਝਲਕਦੀ ਹੈ। ਪੰਜਾਬੀ ਕਲਪਨਾ ਵਿਚ ਨੀਂਦਰ 'ਪਾਣੀ ਕੋਲੋਂ ਪਤਲੀ ਤੇ ਪਤਾਸੇ ਕੋਲੋਂ ਮਿੱਠੀ ਹੈ'; ਸੂਰਜ 'ਗਹਿਰਾ ਫੁੱਲ ਗੁਲਾਬ ਦਾ ਝੁਕ ਝੁਕ ਝੋਲੇ ਖਾਏ, ਨਾ ਰਾਜੇ ਦੇ ਬਾਗ਼ ਵਿਚ ਨਾ ਰਾਣੀ ਦੇ ਹੱਥ ਆਏ'; ਤਾਰੇ 'ਨੀਲੀ ਟਾਕੀ ਚਾਵਲ ਬਧੇ, ਦਿਨੇ ਗਵਾਚੇ ਰਾਤੀਂ ਲਭੇ'; ਕਪਾਹ 'ਉਚੇ ਟਿਬੇ ਮਾਸੀ ਵਸੇ, ਮੈਂ ਜਾਵਾਂ ਤਾਂ ਖਿੜ ਖਿੜ ਹਸੇ'; ਤਕੜੀ ਦਾ ਛਾਬਾ 'ਬਾਹਰੋਂ ਆਇਆ ਬਾਬਾ ਲੋਧੀ, ਛੇ ਟੰਗਾਂ ਤੇ ਇਕ ਬੋਦੀ'; ਅਤੇ ਹੁੱਕਾ 'ਕਾਬਲ ਕੂਜਾ ਚਾੜ੍ਹਿਆ, ਅੱਗ ਬਲੀ ਮੁਲਤਾਨ, ਦਿੱਲੀ ਫੂਕਾਂ ਮਾਰੀਆਂ ਰਿਝੇ ਹਿੰਦੁਸਤਾਨ'। ਇਹ ਰਸ ਕਿਸੇ ਹੋਰ ਰੂਪ-ਰਚਨਾ ਵਿਚੋਂ ਨਹੀਂ ਮਿਲ ਸਕਦਾ।

*ਲੋਕ-ਪ੍ਰਵਾਹ ਵਿਚੋਂ ਕਈ ਕਲਾ-ਰੂਪ ਵਿਗਸੇ ਹਨ। ਲੋਕਾਂ ਦੀਆਂ ਨਾਟਕੀ ਰੁਚੀਆਂ ਦੀ ਤ੍ਰਿਪਤੀ ਲੋਕ-ਨਾਟ ਕਰਦਾ ਰਿਹਾ ਹੈ ਜੋ ਬਿਨਾਂ ਕਿਸੇ ਉਚੇਚੇ ਯਤਨ ਦੇ ਪਿੰਡ ਦੇ ਪਰ੍ਹਿਆਂ, ਮੰਦਰਾਂ ਦੇ ਥੜਿਆਂ ਉਤੇ ਜਾਂ ਘਰਾਂ ਦੇ ਵਿਹੜਿਆਂ ਵਿਚ ਖੇਡਿਆ ਜਾਂਦਾ ਰਿਹਾ ਹੈ। ਇਸ ਦੀ ਚੜ੍ਹਤ ਦਾ ਯੁਗ ਪੂਰਵ-ਮੁਸਲਮਾਨੀ ਕਾਲ ਹੀ ਸੀ। ਮੁਸਲਮਾਨੀ ਸਾਮਰਾਜ ਦੀ ਸਥਾਪਤੀ ਨਾਲ ਲੋਕ-ਨਾਟਕ ਨੂੰ ਭਾਰੀ ਢਾਹ ਲੱਗੀ, ਕਿਉਂ ਜੋ ਇਸਲਾਮੀ ਧਰਮ-ਸੰਸਕਾਰ ਨਾਟਕ ਚੇਟਕ ਦੇ ਵਿਰੁਧ ਸਨ। ਭਾਵੇਂ ਸਾਡਾ ਲੋਕ-ਨਾਟ ਤਾਂ ਤਬਾਹ ਹੋ ਗਿਆ, ਪਰ ਇਸ ਦੀਆਂ ਕੁਝ ਸ਼ੈਲੀਆਂ ਰਾਸਧਾਰੀਆਂ ਦੀਆਂ ਰਾਸਾਂ ਤੇ ਸਵਾਂਗ, ਨਟਾਂ ਦੀਆਂ ਕਲਾਬਾਜ਼ੀਆਂ, ਭੰਡਾਂ ਦੀਆਂ ਨਕਲਾਂ ਤੇ ਮਦਾਰੀਆਂ ਦੇ ਤਮਾਸ਼ਿਆਂ ਅਤੇ ਪੁਤਲੀਆਂ ਦੀਆਂ ਖੇਡਾਂ ਵਿਚ ਜੀਵਤ ਰਹੀਆਂ।

ਪੰਜਾਬੀ ਲੋਕ-ਨਾਟ ਪਰੰਪਰਾ ਦੀ ਅਮੀਰੀ ਦਾ ਅਨੁਮਾਨ ਇਸ ਦੇ ਵਿਭਿੰਨ ਰੂਪਾਂ ਤੇ ਸ਼ੈਲੀਆਂ—ਨੌਟੰਕੀਆਂ, ਰਾਸਾਂ, ਸਵਾਂਗਾਂ, ਨਕਲਾਂ, ਭੰਡਾਂ ਦੇ ਤਮਾਸ਼ਿਆਂ, ਪੁਤਲੀਆਂ ਤੇ ਰਾਮ ਲੀਲਾ ਆਦਿ ਤੋਂ ਲਗਾਇਆ ਜਾ ਸਕਦਾ ਹੈ, ਜਿਨ੍ਹਾਂ ਵਿਚ ਬੜੀ ਸਾਧੀ ਹੋਈ ਕਲਾ ਤੇ ਰਸ ਮਿਲਦਾ ਹੈ। ਲੋਕ-ਨਾਟ ਪੰਜਾਬੀ ਸੰਸਕ੍ਰਿਤੀ ਦਾ ਅਟੁਟ ਅੰਗ ਰਿਹਾ ਹੈ ਤੇ ਇਸ ਦੀ ਪਰੰਪਰਾ ਬੜੀ ਪੁਰਾਣੀ ਹੈ। ਸਾਡੀ ਲੋਕ-ਨਾਟ ਪਰੰਪਰਾ ਦੀ ਉਤਪੱਤੀ ਧਾਰਮਿਕ ਤੇ ਲੌਕਿਕ ਦੋਹਾਂ ਸੋਮਿਆਂ ਤੋਂ ਹੋਈ। ਜਿਥੇ ਰਾਮ ਲੀਲਾ ਤੇ ਰਾਸਾਂ ਧਾਰਮਿਕ

ਰਹੁ-ਰੀਤੀਆਂ ਵਿਚੋਂ ਉਤਪੰਨ ਹੋ ਕੇ ਵਿਗਸੀਆਂ, ਉਥੇ ਨੌਟੰਕੀ, ਨਕਲਾਂ, ਸਵਾਂਗ ਤੇ ਮਦਾਰੀ ਦੇ ਤਮਾਸ਼ੇ ਪੰਜਾਬੀਆਂ ਦੇ ਮਨਚਲੇ ਸੁਭਾਵ, ਖੁਲ੍ਹੀ ਡੁਲ੍ਹੀ ਟਿਚਕਰਬਾਜ਼ੀ ਤੇ ਮਸ਼ਕਰੀ ਵਿਚੋਂ ਜਨਮੇ।

ਨੌਟੰਕੀ ਇਕ ਤਰ੍ਹਾਂ ਦਾ ਗੀਤ-ਨਾਟ ਹੈ ਜਿਸ ਨੂੰ ਰਾਸਧਾਰੀਏ ਖੇਡਦੇ ਹਨ। ਇਸ ਵਿਚ ਕਿਸੇ ਪ੍ਰੀਤ ਜੋੜੇ, ਬੀਰ ਯੋਧੇ ਜਾਂ ਧਰਮੀ ਦੇ ਜੀਵਨ-ਪ੍ਰਸੰਗ ਨੂੰ ਪੇਸ਼ ਕੀਤਾ ਜਾਂਦਾ ਹੈ, ਜਿਵੇਂ ਮਾਰੂ ਢੋਲਾ, ਸੁੱਚਾ ਸਿੰਘ ਸੂਰਮਾ, ਹਕੀਕਤ ਰਾਏ ਆਦਿ। ਇਸ ਨਾਟ ਵਿਚ ਲੋਕ-ਧੁਨਾਂ ਦਾ ਕਾਫ਼ੀ ਮਾਤਰਾ ਵਿਚ ਪ੍ਰਯੋਗ ਹੁੰਦਾ ਹੈ। ਰਾਸਾਂ ਵਿਚ ਰਾਸਧਾਰੀਏ ਪ੍ਰਹਿਲਾਦ, ਪੂਰਨ ਭਗਤ, ਰੂਪ ਬਸੰਤ, ਸ਼ਕੁੰਤਲਾ ਤੇ ਨਲ ਦਮਯੰਤੀ ਦੀਆਂ ਲੋਕ-ਪ੍ਰਚਲਤ ਕਥਾਵਾਂ ਨੂੰ ਪੇਸ਼ ਕਰਦੇ ਹਨ।

ਰਾਮ ਲੀਲਾ ਤੇ ਕ੍ਰਿਸ਼ਨ ਲੀਲਾ ਨਿਰੋਲ ਧਾਰਮਿਕ ਸੁਭਾਵ ਦੇ ਨਾਟਕ ਹਨ ਜਿਨ੍ਹਾਂ ਵਿਚ ਤਰਤੀਬਵਾਰ ਰਾਮ ਚੰਦਰ ਤੇ ਕ੍ਰਿਸ਼ਨ ਜੀ ਦੀਆਂ ਜੀਵਨ ਘਟਨਾਵਾਂ ਨੂੰ, ਧਾਰਮਿਕ ਸ਼ਰਧਾ ਨਾਲ, ਝਾਕੀਆਂ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਰਾਮ ਲੀਲਾ ਦੁਸਹਿਰੇ ਤੋਂ ਕੁਝ ਦਿਨ ਪਹਿਲਾਂ ਸ਼ੁਰੂ ਹੁੰਦੀ ਹੈ ਅਤੇ ਰਾਮਾਇਣ ਦੀ ਕਥਾ ਨੂੰ ਕੁਝ ਭਾਗਾਂ ਵਿਚ ਵੰਡ ਕੇ ਨਿਸ਼ਚਤ ਹਿੱਸਾ ਰੋਜ਼ ਖੇਡਿਆ ਜਾਂਦਾ ਹੈ। ਇਹ ਲੋਕ-ਨਾਟ ਅਜੇ ਵੀ ਸਾਡੀ ਜੀਵਤ ਸੰਸਥਾ ਹਨ।

ਪੁਤਲੀਆਂ ਦਾ ਤਮਾਸ਼ਾ ਤਾਂ ਗਲੀ ਦੀ ਕਿਸੇ ਗੁਠੇ ਜਾਂ ਘਰ ਦੇ ਵਿਹੜੇ ਵਿਚ ਹੀ ਖੇਡ ਲਿਆ ਜਾਂਦਾ ਹੈ। ਸੂਤਰਧਾਰ ਰਾਤ ਦੇ ਹਨੇਰੇ ਵਿਚ, ਦੀਵਿਆ ਦੇ ਚਾਨਣ ਵਿਚ, ਡੋਰੀਆਂ ਦੀ ਵਰਤੋਂ ਨਾਲ ਪੁਤਲੀਆਂ ਦੀ ਇਕ ਅਨੂਠੀ ਦੁਨੀਆਂ ਰਚ ਲੈਂਦਾ ਹੈ। ਉਹ ਪੁਤਲੀਆਂ ਨੂੰ ਨਚਾਂਦਾ, ਪੀਪਣੀ ਰਾਹੀਂ ਕਈ ਤਰ੍ਹਾਂ ਦੀਆਂ ਅਵਾਜ਼ਾਂ ਕਢਦਾ ਤੇ ਪਾਤਰਾਂ ਅਨੁਸਾਰ ਬਦਲ ਬਦਲ ਕੇ ਬੋਲਦਾ ਹੈ। ਪੁਤਲੀਆਂ ਰਾਹੀਂ ਕਿਸੇ ਪੌਰਾਣਿਕ ਕਹਾਣੀ ਜਾਂ ਰਾਜਪੂਤੀ ਸ਼ਾਨ ਦੀ ਕੋਈ ਅਲੌਕਿਕ ਘਟਨਾ ਪੇਸ਼ ਕੀਤੀ ਜਾਂਦੀ ਹੈ।

'ਨਕਲ' ਇਕ ਤਰ੍ਹਾਂ ਦੀ ਮਸ਼ਕਰੀ ਹੈ। ਇਸ ਵਿਚ ਕਿਸੇ ਦੇ ਚਰਿਤ੍ਰ ਦੀ ਨਕਲ ਉਤਾਰੀ ਜਾਂਦੀ ਹੈ। ਇਸ ਵਿਚ ਤਿੱਖੀ ਟੋਕ ਤੇ ਵਿਅੰਗ ਹੁੰਦਾ ਹੈ। ਮਸ਼ਕਰੀ ਭੰਡਾਂ ਦੇ ਹੱਡਾਂ ਵਿਚ ਰਚੀ ਹੋਈ ਹੈ, ਇਹ ਲੋਕ ਮੌਕੇ ਤੇ ਹੀ ਗੱਲ ਘੜ ਕੇ ਦਰਸ਼ਕਾਂ ਨੂੰ ਹਸਾ ਲੈਂਦੇ ਹਨ।

ਲੋਕ-ਨਾਟਕ ਦੇ ਰੂਪਾਂ ਨੂੰ ਮੁੜ ਸੁਰਜੀਤ ਕਰਨ ਲਈ ਸਰਕਾਰੀ ਜਾਂ ਗ਼ੈਰ-ਸਰਕਾਰੀ ਪੱਧਰ ਉਤੇ ਕੋਈ ਸਾਰਥਕ ਯਤਨ ਨਹੀਂ ਕੀਤਾ ਜਾ ਰਿਹਾ ਜਿਸ ਕਰ ਕੇ ਰਾਸਾਂ, ਸਵਾਂਗ ਤੇ ਪੁਤਲੀਆਂ ਦੇ ਤਮਾਸ਼ੇ ਆਦਿ ਦਮ ਤੋੜ ਰਹੇ ਹਨ। ਪੰਜਾਬੀ ਸੰਸਕ੍ਰਿਤੀ ਦੀ ਇਸ ਬਹੁ-ਰੰਗੀ ਪ੍ਰਥਾ ਨੂੰ ਜੀਵਤ ਰਖਣ ਲਈ ਕਿਸੇ ਸੰਸਥਾ ਨੂੰ ਬੀੜਾ ਚੁਕਣਾ ਚਾਹੀਦਾ ਹੈ।

*ਭਾਸ਼ਾ ਦੇ ਪਖੋਂ ਵੀ ਲੋਕ-ਸਾਹਿੱਤ ਦਾ ਖ਼ਾਸ ਮਹੱਤਵ ਹੈ। ਬੋਲੀ ਆਪਣੇ ਸੁਭਾਵਿਕ ਤੇ ਪ੍ਰਕ੍ਰਿਤਕ ਰੂਪ ਵਿਚ ਲੋਕ-ਸਾਹਿੱਤ ਵਿਚ ਹੀ ਵਿਚਰਦੀ ਹੈ। ਬੋਲੀ ਦਾ ਅਜਿਹਾ ਸਜੀਵ ਤੇ ਸਵੱਛ ਰੂਪ ਹੋਰ ਕਿਧਰੇ ਨਹੀਂ ਮਿਲਦਾ। ਲੋਕ ਬੋਲੀ ਨੂੰ ਸਿਰਜਦੇ ਹਨ ਤੇ ਲੋਕ-ਸਾਹਿੱਤ ਇਸ ਨੂੰ ਪ੍ਰਜਵਲਤ ਕਰਦਾ ਹੈ। ਲੋਕ-ਸਾਹਿੱਤ ਵਿਚ ਬੋਲੀ ਦਾ ਮਾਸੂਮ ਰੂਪ ਹੀ ਨਹੀਂ, ਵਿਰਾਟ ਤੇ ਕਰੜਾ ਰੂਪ ਵੀ ਆਪਣੀ ਪੂਰੀ ਦਿਖ ਵਿਚ ਮਿਲਦਾ ਹੈ।

ਅੱਜ ਪੰਜਾਬੀ ਸਾਹਿੱਤ ਵਿਚ ਵਰਤੀਂਦੀ ਭਾਸ਼ਾ ਬਾਰੇ ਕਈ ਤਰ੍ਹਾਂ ਦੇ ਵਾਦ-ਵਿਵਾਦ ਚਲ ਰਹੇ ਹਨ। ਬੋਲੀ ਬਾਰੇ ਮੁਖੀ ਤੌਰ ਤੇ ਦੋ ਵਿਚਾਰ ਹਨ: ਇਕ ਧਾਰਨਾ ਅਨੁਸਾਰ ਪੰਜਾਬੀ ਵਿਚੋਂ ਫ਼ਾਰਸੀ-ਅਰਬੀ ਦੇ ਸ਼ਬਦਾਂ ਦੀ ਵਰਤੋਂ ਘਟਾ ਕੇ ਹਿੰਦੀ ਤੇ ਸੰਸਕ੍ਰਿਤ ਸ਼ਬਦਾਵਲੀ ਦੀ ਵਰਤੋਂ ਜ਼ਿਆਦਾ ਕਰ ਦੇਣੀ ਚਾਹੀਦੀ ਹੈ, ਪਰ ਦੂਜੀ ਧਾਰਨਾ ਪੰਜਾਬੀ ਬੋਲੀ ਨੂੰ ਅਰਬੀ ਫ਼ਾਰਸੀ ਦੇ ਪੁਰਾਣੇ ਵਿਰਸੇ ਨਾਲੋਂ ਤੋੜਨਾ ਨਹੀਂ ਚਾਹੁੰਦੀ ਤੇ ਪੰਜਾਬੀ ਨੂੰ ਹਿੰਦੀ-ਸੰਸਕ੍ਰਿਤ ਦੇ ਗਲਬੇ ਤੋਂ ਦੂਰ ਰਖਣਾ ਚਾਹੁੰਦੀ ਹੈ। ਇਸ ਬਾਰੇ ਵੀ ਲੋਕ-ਸਾਹਿੱਤ ਸਾਡੀ ਅਗਵਾਈ ਕਰ ਸਕਦਾ ਹੈ। ਅਰਬੀ, ਫ਼ਾਰਸੀ ਤੇ ਉਰਦੂ ਦੇ ਜਿਹੜੇ ਸ਼ਬਦ ਲੋਕ-ਬੋਲੀ ਵਿਚ ਸਜੀਵ ਹਨ, ਉਨ੍ਹਾਂ ਨੂੰ ਕੱਢਣਾ ਇਤਿਹਾਸ ਦੀ ਗਤੀ ਤੇ ਗੌਰਵ ਤੋਂ ਮੁਨਕਰ ਹੋਣਾ ਹੈ ਤੇ ਸੰਸਕ੍ਰਿਤ ਤੇ ਹਿੰਦੀ ਦੇ ਜਿਹੜੇ ਸ਼ਬਦ ਲੋਕ-ਬੋਲੀ ਦਾ ਅੰਸ਼ ਬਣਦੇ ਜਾ ਰਹੇ ਹਨ, ਉਨ੍ਹਾਂ ਨੂੰ ਸਾਹਿੱਤ ਵਿਚ ਆਉਣੋਂ ਵਰਜਣਾ ਬੋਲੀ ਦੇ ਸੁਭਾਵਿਕ ਵਿਕਾਸ ਨੂੰ ਰੋਕਣਾ ਹੈ।

ਹੁਣ ਤਕ ਪੰਜਾਬੀ ਬੋਲੀ ਦੀ ਇਕ ਪ੍ਰਮੁਖ ਰੁਚੀ ਇਹ ਰਹੀ ਹੈ ਕਿ ਇਹ ਦੂਜੀਆਂ ਬੋਲੀਆਂ ਤੋਂ ਆਏ ਸ਼ਬਦਾਂ ਨੂੰ ਤਦਭਵ ਰੂਪ ਵਿਚ ਅਥਵਾ ਉਚਾਰਣ ਅਨੁਕੂਲ ਢਾਲ ਕੇ ਗ੍ਰਹਿਣ ਕਰਦੀ ਰਹੀ ਹੈ ਤੇ ਮੁੱਢ ਕਦੀਮ ਤੋਂ ਲੈ ਕੇ ਹੁਣ ਤਕ ਪੰਜਾਬੀ ਦਾ ਇਹ ਸੁਭਾਵ ਬੜਾ ਪ੍ਰਬਲ ਰਿਹਾ ਹੈ ਪਰ ਅੱਜ ਤਦਭਵਾਂ ਨੂੰ ਕੱਢ ਕੇ ਤਤਸਮਾਂ ਦੀ ਭਰਮਾਰ ਕਰਨੀ ਪੰਜਾਬੀ ਬੋਲੀ ਦੇ ਸੁਭਾਵ ਦੇ ਵਿਰੁਧ ਹੈ ਤੇ ਇਸੇ ਤਰ੍ਹਾਂ ਹੈ ਜਿਵੇਂ ਕਿਸੇ ਪੰਜਾਬਣ ਨੂੰ ਸਲਵਾਰ ਕਮੀਜ਼ ਦੀ ਥਾਂ ਕੋਟ ਪੈਂਟ ਪਹਿਨਾ ਦਿਤੀ ਜਾਵੇ। ਬੋਲੀ ਦਾ ਸੁਭਾਵ ਬਣਨ ਵਿਚ ਵਰ੍ਹੇ ਨਹੀਂ, ਸਦੀਆਂ ਲਗਦੀਆਂ ਹਨ ਤੇ ਸ਼ਬਦ ਪ੍ਰਵਾਹ ਨੂੰ ਚਾਰ ਦਸ ਵਿਅਕਤੀ ਨਹੀਂ, ਪੂਰੀ ਜਾਤੀ ਘੜਦੀ ਭੰਨਦੀ ਤੇ ਸੰਵਾਰਦੀ ਹੈ। ਇਸ ਨੂੰ ਦੋ ਕੁ ਦਹਾਕਿਆਂ ਵਿਚ ਕੁਝ ਕੁ ਬੁਧੀ-ਜੀਵੀਆਂ ਰਾਹੀਂ ਬਦਲਣਾ ਅਨਹੋਣੀ ਗੱਲ ਹੈ। ਪੰਜਾਬੀ ਬੋਲੀ ਦਾ ਹਾਜ਼ਮਾ ਬੜਾ ਤੇਜ਼ ਮੰਨਿਆ ਜਾਂਦਾ ਹੈ। ਇਹ ਹਰ ਤਰ੍ਹਾਂ ਦੀ ਸਕੀਲ ਖ਼ੁਰਾਕ ਤਾਂ ਪਚਾ ਸਕਦੀ ਹੈ

ਪਰ ਪੱਥਰ ਰੋੜੇ ਨਹੀਂ। ਭਾਰੇ ਤਤਸਮ ਇਸ ਵਿਚ ਸਦਾ ਅਖੜਦੇ ਰਹਿਣਗੇ।

ਲੋਕ-ਸਾਹਿੱਤ ਵਿਚ ਵਰਤੀ ਬੋਲੀ ਸਾਡੇ ਲੇਖਕਾਂ ਲਈ ਰੂੜ੍ਹੀ ਦਾ ਕੰਮ ਦੇ ਸਕਦੀ ਹੈ, ਭਾਵੇਂ ਇਸ ਨੂੰ ਆਦਰਸ਼ ਮੰਨ ਕੇ ਨਹੀਂ ਅਪਣਾਇਆ ਜਾ ਸਕਦਾ। ਸਾਹਿੱਤਕ ਬੋਲੀ ਤੇ ਲੋਕ ਬੋਲੀ ਵਿਚ ਸਦਾ ਅੰਤਰ ਰਿਹਾ ਹੈ। ਪਰ ਸਾਹਿੱਤਕ ਬੋਲੀ ਲੋਕ ਬੋਲੀ ਤੋਂ ਹੀ ਸ਼ਕਤੀ ਲੈਂਦੀ ਰਹੀ ਹੈ। ਇਸ ਨਾਲੋਂ ਟੁਟ ਕੇ ਉਹ ਕਦੇ ਜੀਵੀ ਨਹੀਂ। ਸੋ ਲੋਕ ਬੋਲੀ ਦੇ ਮੁਹਾਵਰੇ ਤੇ ਸ਼ਬਦਾਵਲੀ ਵਿਚ ਜੋ ਸਜੀਵ ਤਤ ਹਨ, ਉਨ੍ਹਾਂ ਨੂੰ ਨਸ਼ਟ ਕਰਨ ਦਾ ਕਿਸੇ ਨੂੰ ਕੋਈ ਹੱਕ ਨਹੀਂ।

ਦੇਸ਼ ਦੇ ਆਜ਼ਾਦ ਹੋਣ ਮਗਰੋਂ ਦੋਹਾਂ ਪੰਜਾਬਾਂ ਦੀ ਸਾਹਿੱਤਕ ਬੋਲੀ ਵਿਚ ਭਾਰੀ ਪ੍ਰੀਵਰਤਨ ਆਏ ਹਨ। ਲਾਹੌਰ ਤੇ ਅੰਮ੍ਰਿਤਸਰ ਦੀ ਲੋਕ-ਬੋਲੀ ਤਾਂ ਅੱਜ ਵੀ ਮਿਲਦੀ ਜੁਲਦੀ ਹੈ, ਪਰ ਦੋਹਾਂ ਸ਼ਹਿਰਾਂ ਵਿਚ ਵਰਤੀਂਦੀ ਸਾਹਿੱਤਕ ਬੋਲੀ ਵਿਚ ਬੜਾ ਭਾਰੀ ਅੰਤਰ ਆ ਗਿਆ ਹੈ ਤੇ ਜੇ ਇਹੋ ਹਾਲਤ ਰਹੀ ਤਾਂ ਇਕ ਸਦੀ ਵਿਚ ਹੀ ਦੋਹਾਂ ਪੰਜਾਬਾਂ ਦੀਆਂ ਬੋਲੀਆਂ ਇਤਨੀਆਂ ਵੱਖਰੀਆਂ ਹੋ ਜਾਣਗੀਆਂ ਕਿ ਇਕ ਲਈ ਦੂਜੀ ਸਮਝਣੀ ਕਠਿਨ ਹੋ ਜਾਵੇਗੀ; ਪਰ ਇਥੇ ਇਕ ਗੱਲ ਯਾਦ ਰਖ ਲੈਣੀ ਚਾਹੀਦੀ ਹੈ ਕਿ ਪੱਛਮੀ ਪੰਜਾਬ ਦੀ ਸਾਹਿੱਤਕ ਬੋਲੀ ਲੋਕ-ਬੋਲੀ ਨਾਲ ਇਕਸੁਰ ਹੈ। ਭਾਰਤੀ ਪੰਜਾਬ ਦੀ ਸਾਹਿੱਤਕ ਬੋਲੀ ਹੀ ਲੋਕ-ਬੋਲੀ ਤੋਂ ਟੁਟ ਕੇ ਦੂਰ ਹੁੰਦੀ ਜਾ ਰਹੀ ਹੈ।

ਜਦੋਂ ਕੋਈ ਸਾਹਿੱਤਕ ਭਾਸ਼ਾ ਲੋਕ ਬੋਲੀ ਤੋਂ ਦੂਰ ਚਲੀ ਜਾਂਦੀ ਹੈ ਤਾਂ ਇਸ ਗੱਲ ਦਾ ਇਤਿਹਾਸ ਗਵਾਹ ਹੈ ਕਿ ਉਹ ਭਾਸ਼ਾ ਮਰ ਜਾਂਦੀ ਹੈ। ਅਸਲੀ ਪ੍ਰਵਾਹ ਲੋਕ-ਬੋਲੀ ਹੈ, ਸਾਹਿੱਤਕ ਭਾਸ਼ਾ ਨਹੀਂ। ਲੋਕ-ਬੋਲੀ ਸਦਾ ਸਜਰੀ, ਸਜੀਵ ਤੇ ਨਰੋਈ ਰਹਿਦੀ ਹੈ। ਇਸ ਨਾ ਕਦੇ ਬੁਢਿਆਂ ਹੋਣਾ ਹੁੰਦਾ ਹੈ ਤੇ ਨਾ ਕਦੇ ਨਿਸਤੇ। ਇਸੇ ਲਈ ਜਿਹੜੀ ਸਾਹਿੱਤਕ ਭਾਸ਼ਾ ਇਸ ਦੀ ਰੂੜ੍ਹੀ ਉਤੇ ਨਹੀਂ ਵਿਗਸਦੀ, ਉਹ ਛੇਤੀ ਬੁਢੀ ਠੇਰੀ ਹੋ ਕੇ ਨਿਸਤੀ ਹੋ ਜਾਂਦੀ ਹੈ। ਲੋਕ-ਬੋਲੀ ਵਹਿਣ ਪਿਆ ਦਰਿਆ ਹੈ ਜਿਸ ਵਿਚ ਵਗਦਾ ਜਲ ਸਦਾ ਨਿਰਮਲ ਹੈ। ਸਾਹਿੱਤਕ ਭਾਸ਼ਾ ਜੇ ਕਿਸੇ ਸੂਏ ਜਾਂ ਨਹਿਰ ਵਾਂਗ ਲੋਕ-ਬੋਲੀ ਦੇ ਦਰਿਆ ਨਾਲ ਜੁੜੀ ਰਹੇ ਤਾ ਇਹ ਸਵੱਛ, ਨਿਰਮਲ ਤੇ ਭਰਪੂਰ ਰਹੇਗੀ। ਪਰ ਜੇ ਹੜ੍ਹ ਦੇ ਪਾਣੀ ਵਾਂਗ ਦਰਿਆ ਨਾਲੋਂ ਪਾਟ ਕੇ ਛਪੜਾਂ ਵਿਚ ਸਥਿਰ ਹੋ ਜਾਵੇ ਤਾਂ ਛੇਤੀ ਸੜਿਆਂਦ ਦੇਣ ਲਗ ਪਏਗੀ।

ਲੋਕ-ਬੋਲੀ ਦਾ ਇਕ ਸਚਿਤ੍ਰ, ਰੰਗੀਨ ਤੇ ਅਨੂਠਾ ਜੁਜ਼ ਮੁਹਾਵਰੇ ਹਨ। ਇਹ ਬੋਲੀ ਦੇ ਪ੍ਰਵਾਹ ਵਿਚ ਤਰਦੀਆਂ, ਹਿਲੋਰੇ ਲੈਂਦੀਆਂ, ਰੰਗ-ਬਰੰਗੀਆਂ ਮੱਛੀਆਂ ਵਾਂਗ ਹਨ, ਜਿਨ੍ਹਾਂ ਬਿਨਾਂ ਨਦੀ ਬੇਜਾਨ ਜਿਹਾ ਤਰਲ ਪਦਾਰਥ ਲਗਦੀ ਹੈ। ਮੁਹਾਵਰੇ ਬੋਲੀ ਵਾਂਗ ਹੀ ਸਾਡੀ ਪਰੰਪਰਾ ਦਾ ਅੰਗ ਹਨ, ਜਿਨ੍ਹਾਂ ਉਤੇ ਸਾਡੀ ਸੰਸਕ੍ਰਿਤੀ ਤੇ ਅਚਾਰ ਵਿਹਾਰ ਆਪਣੀ ਲੰਮੀ ਯਾਤਰਾ ਦੇ ਦੌਰਾਨ ਅਜਿਹੇ ਪੈਰ-ਚਿੰਨ੍ਹ ਛੱਡ ਜਾਂਦਾ ਹੈ, ਜਿਨ੍ਹਾਂ ਦਾ ਮਹੱਤਵ ਪੁਰਾਣੀਆਂ ਥੇਹਾਂ ਵਿਚੋਂ ਨਿਕਲੀਆਂ ਠੀਕਰਾਂ ਮੋਹਰਾਂ, ਸਿੱਕਿਆਂ, ਤੇ ਪ੍ਰਾਚੀਨ ਸ਼ਿਲਾ-ਲੇਖਾਂ ਤੋਂ ਘੱਟ ਨਹੀਂ। ਸੰਸਕ੍ਰਿਤੀ ਮੁਹਾਵਰਿਆਂ ਦੀ ਉਤਪਤੀ ਵਿਚ ਰੂੜ੍ਹੀ ਦਾ ਕੰਮ ਦੇਂਦੀ ਹੈ। ਕਿਸੇ ਜਾਤੀ ਦੀ ਸਮੁਚੀ ਸੰਸਕ੍ਰਿਤੀ ਹੀ ਬੀਜ ਰੂਪ ਧਾਰ ਕੇ ਮੁਹਾਵਰਿਆਂ ਵਿਚ ਨਿਸਰਦੀ ਹੈ। ਇਸੇ ਲਈ ਮੁਹਾਵਰਿਆਂ 'ਚੋਂ ਜਾਤੀ ਦੇ ਰੀਤ-ਰਵਾਜਾਂ, ਚਰਿਤਰ, ਸਾਮੂਹਕ ਰੁਚੀਆਂ, ਵਿਸ਼ਵਾਸਾਂ ਤੇ ਮਨੋ-ਬਿਰਤੀਆਂ ਦਾ ਪਰਤੋ ਵੇਖਿਆ ਜਾ ਸਕਦਾ ਹੈ।

ਮੁਹਾਵਰੇ ਅਸਲੋਂ ਉਹ ਖੂਹ ਵਾਂਗ ਹਨ ਜਿਸ ਵਿਚੋਂ ਪਿੰਡ ਦੇ ਸਾਰੇ ਲੋਕ ਸਦੀਆਂ ਤੋਂ ਪਾਣੀ ਕਢ ਕਢ ਕੇ ਵਰਤਦੇ ਰਹਿੰਦੇ ਹਨ ਤੇ ਜਿਸ ਵਿਚ ਲੋਕਾਂ ਦੇ ਛੱਲੇ, ਛਾਪਾਂ ਤੇ ਗਹਿਣੇ; ਭਾਂਡੇ ਟੀਂਡੇ ਤੇ ਹੋਰ ਨਿਕਸੁਕ ਡਿਗਦਾ ਰਹਿੰਦਾ ਹੈ ਅਤੇ ਪਾਣੀ ਦੀ ਹੇਠਲੀ ਸਤਹ ਵਿਚ ਬੈਠਦਾ ਜਾਂਦਾ ਹੈ। ਸਮਾਂ ਪਾ ਕੇ ਇਹ ਸਤਹ ਸਮੁਚੇ ਪਿੰਡ ਦੇ ਜੀਵਨ ਦੀ ਨੁਹਾਰ ਤੇ ਰੂਪ-ਰੇਖਾ ਆਪਣੇ ਵਿਚ ਰਚਾ ਲੈਂਦੀ ਹੈ ਤੇ ਸਦੀਆਂ ਪਿਛੋਂ ਏਸ ਸਤਹ ਨੂੰ ਹੂੰਗਾਲ ਕੇ ਇਸੇ ਪਿੰਡ ਦੀ ਰਹਿਣੀ-ਬਹਿਣੀ ਤੇ ਜੀਵਨ ਬਾਰੇ ਪੂਰਾ ਗਿਆਨ ਖੋਜ ਕੇ ਕਢਿਆ ਜਾ ਸਕਦਾ ਹੈ (ਸੁਹਜ ਪ੍ਰਬੋਧ, ਸਫਾ 7)। ਕੁਝ ਮੁਹਾਵਰਿਆਂ, ਭਾਜੀ ਚਾੜ੍ਹਨੀ, ਹੱਥ ਰੰਗਣੇ,ਹੱਥ ਪੀਲੇ ਕਰਨੇ,ਪੱਲਾ ਪਕੜਨਾ, ਡੋਲੇ ਪੈਣਾ, ਪਾਣੀ ਵਾਰ ਵਾਰ ਪੀਣਾ, ਤੇਲ ਚੋਣਾ, ਤਿਲ ਮੇਥਰੇ ਵੰਡਣਾ, ਮੋਢਾ ਦੇਣਾ ਆਦਿ ਵਿਚ ਪੰਜਾਬ ਦੀਆਂ ਸਮਾਜਿਕ ਰੀਤਾਂ ਰਸਮਾਂ ਰਚੀਆਂ ਹੋਈਆਂ ਹਨ। ਨੱਕ ਵਿਚ ਜਿੰਦ ਆਉਣੀ, ਨੱਕ ਨਥਣਾ, ਫਟਕੜੀ ਫੂਲ ਕਰਨਾ, ਵਾਲ ਵਿੰਗਾ ਨਾ ਕਰਨਾ, ਧਰਤੀ ਵਿਹਲ ਨਾ ਦੇਣੀ ਆਦਿ ਮੁਹਾਵਰਿਆਂ ਵਿਚ ਆਦਿਮ-ਵਿਸ਼ਵਾਸਾਂ ਦੀ ਧੁਨੀ ਗੂੰਜ ਰਹੀ ਹੈ। ਉਦਾਹਰਣ ਵਜੋਂ 'ਨੱਕ ਵਿਚ ਜਿੰਦ ਆਉਣੀ' ਮੁਹਾਵਰਾ ਹੀ ਲਓ। ਆਦਿਮ-ਅਵਸਥਾ ਵਿਚ ਇਹ ਵਿਸ਼ਵਾਸ ਪ੍ਰਚਲਤ ਸੀ ਕਿ ਜੀਵ ਜਦੋਂ ਪ੍ਰਾਣ ਤਿਆਗਦਾ ਹੈ ਤਾਂ ਉਸ ਦੇ ਪ੍ਰਾਣ ਨੱਕ ਦੁਆਰਾ ਬਾਹਰ ਨਿਕਲਦੇ ਹਨ, ਮਰਨ ਤੋਂ ਪਹਿਲਾਂ ਨੱਕ ਵਿਚ ਪ੍ਰਾਣ ਆ ਕੇ ਟਿਕ ਜਾਂਦੇ ਹਨ। ਇਸੇ ਲਈ ਪ੍ਰਾਣੀ ਦੇ ਬਚਾਉ ਲਈ ਮਰਨ ਸਮੇਂ ਇਕ ਆਦਿਮ ਸੰਸਕਾਰ ਜੋ ਸਹਾਨੁਭੂਤੀ ਟੂਣੇ ਉਤੇ ਆਧਾਰਤ ਹੈ, ਕੀਤਾ ਜਾਂਦਾ ਸੀ ਅਤੇ ਪ੍ਰਾਣੀ ਦਾ ਨੱਕ ਨਥ ਦਿਤਾ ਜਾਂਦਾ। ਧਾਰਨਾ ਸੀ ਕਿ ਇਸ ਤਰ੍ਹਾਂ ਪ੍ਰਾਣ ਨੱਕ ਨਾਲ ਨਥੇ ਜਾਂਦੇ ਹਨ ਤੇ ਪ੍ਰਾਣੀ ਦੇ ਬਚਣ ਦੀ ਸੰਭਾਵਨਾ ਵਧ ਜਾਂਦੀ ਹੈ।

'ਫਟਕੜੀ ਫੂਲ ਕਰਨਾ', ਮੁਹਾਵਰਾ ਜਾਦੂ-ਟੂਣੇ ਦੀ ਇਕ ਵਿਧੀ ਉਤੇ ਆਧਾਰਤ ਹੈ। ਕਿਸੇ ਦੁਸ਼ਮਣ ਨੂੰ ਕਸ਼ਟ ਤੇ

ਤਸੀਹੇ ਦੇਣੇ ਹੋਣ ਤਾਂ ਫਟਕੜੀ ਨਾਲ ਉਸ ਦਾ ਇਕ ਮੁਜਸਮਾ ਬਣਾ ਕੇ ਉਸ ਨੂੰ ਅੱਗ ਵਿਚ ਸੁਟ ਕੇ ਫੁਲ ਕਰ ਲਿਆ ਜਾਂਦਾ ਹੈ। ਫਿਰ ਸੂਈਆਂ ਚੋਭ ਚੋਭ ਕੇ ਉਸੇ ਮੁਜਸਮੇਂ ਨੂੰ ਤਸੀਹੇ ਦਿਤੇ ਜਾਂਦੇ ਹਨ। ਧਾਰਨਾ ਅਨੁਸਾਰ ਇਹ ਸਭ ਤਸੀਹੇ ਉਸ ਪ੍ਰਾਣੀ ਨੂੰ ਮਿਲਦੇ ਹਨ ਜਿਸ ਦਾ ਉਹ ਮੁਜਸਮਾ ਹੋਵੇ।

'ਚੰਮ ਦੇ ਸਿੱਕੇ ਚਲਾਣਾ' 'ਜੁਤੀਆਂ ਵਿਚ ਨਵਾਬੀ ਧਰਨਾ', ਨਾਦਰ ਸ਼ਾਹੀ ਲੁਟ ਮਚਾਣਾ' ਆਦਿ ਮੁਹਾਵਰਿਆਂ ਵਿਚ ਤਵਾਰੀਖ਼ ਬੋਲਦੀ ਹੈ ਅਤੇ 'ਕੱਚੇ ਘੜੇ ਠਿਲ੍ਹਣਾ', 'ਕੁੰਭਕਰਨ ਦੀ ਨੀਂਦਰ ਸੌਣਾ', 'ਅਗਨ-ਪ੍ਰੀਖਿਆ ਵਿਚੋਂ ਲੰਘਣਾ' ਆਦਿ ਮੁਹਾਵਰਿਆਂ ਵਿਚ ਪੌਰਾਣਿਕ ਕਥਾਵਾਂ ਤੇ ਦੰਦ-ਕਥਾਵਾਂ ਦੀ ਧੁਨੀ ਗੂੰਜਦੀ ਹੈ। ਮੁਹਾਵਰਿਆਂ ਦੇ ਚਲ-ਚਿਤ੍ਰ ਵਿਚੋਂ ਕਿਸੇ ਜਾਤੀ ਦੀ ਯੁਗਾਂ ਦੀ ਲੰਮੀ ਯਾਤ੍ਰਾ ਦੇ ਦਰਸ਼ਨ ਕੀਤੇ ਜਾ ਸਕਦੇ ਹਨ। ਪੰਜਾਬੀ ਮੁਹਾਵਰੇ ਜੀਵਨ-ਪ੍ਰਵਾਹ ਵਿਚੋਂ ਉਪਜੇ ਹੋਣ ਕਰ ਕੇ ਪੰਜਾਬੀਆਂ ਦੀਆਂ ਸਾਰੀਆਂ ਭਾਵਨਾਵਾਂ, ਮਨੋਭਾਵਾਂ, ਪ੍ਰਵਿਰਤੀਆਂ, ਜਾਤੀ ਸੁਭਾਵ ਤੇ ਰੁਚੀਆਂ ਨੂੰ ਪ੍ਰਤੀਬਿੰਬਿਤ ਕਰਦੇ ਹਨ ਅਤੇ ਇਨ੍ਹਾਂ ਵਿਚ ਮਾਨਵ ਬੁਧੀ ਦੇ ਵਿਕਾਸ ਅਤੇ ਭਾਸ਼ਾ ਦੀ ਪ੍ਰਗਤੀ ਦਾ ਇਤਿਹਾਸ ਸਮੋਇਆ ਪਿਆ ਹੈ।

*ਲੋਕ-ਸਾਹਿੱਤ ਲੋਕਧਾਰਾ ਦਾ ਅੰਗ ਹੋਣ ਕਰ ਕੇ ਸਮਾਜਿਕ ਤੇ ਸਾਂਸਕ੍ਰਿਤਕ ਪੱਖ ਤੋਂ ਵੀ ਵਿਸ਼ੇਸ਼ ਮਹੱਤਵ ਰਖਦਾ ਹੈ। ਇਸ ਵਿਚ ਜਾਤੀ ਦੀ ਲੋਕ-ਸੰਸਕ੍ਰਿਤੀ ਪੂਰੀ ਤਰ੍ਹਾਂ ਪ੍ਰਤਿਬਿੰਬਤ ਹੁੰਦੀ ਹੈ। ਕੋਈ ਸੰਸਕ੍ਰਿਤੀ ਸਦੀਆਂ ਦੇ ਲੰਮੇ ਪੈਂਡੇ ਮਾਰਦਿਆਂ ਜਿਨ੍ਹਾਂ ਜਿਨ੍ਹਾਂ ਪੜਾਵਾਂ ਤੋਂ ਲੰਘਦੀ ਹੈ ਤੇ ਇਸ ਦੌਰਾਨ ਜਿਨ੍ਹਾਂ ਦੂਜੀਆਂ ਸੰਸਕ੍ਰਿਤੀਆਂ ਨਾਲ ਉਸ ਦਾ ਆਦਾਨ ਪ੍ਰਦਾਨ ਹੁੰਦਾ ਹੈ, ਉਸ ਦੀਆਂ ਰੂੜੀਆਂ ਲੋਕ-ਸਾਹਿੱਤ ਵਿਚ ਪੂਰੀ ਤਰ੍ਹਾਂ ਜੀਵਤ ਰਹਿੰਦੀਆਂ ਹਨ।

ਲੋਕ-ਸਾਹਿੱਤ ਵਿਚ ਜਾਤੀ ਦੀ ਮੂਲ ਸੰਸਕ੍ਰਿਤੀ ਦਾ ਹੁੰਗਾਰਾ ਹੁੰਦਾ ਹੈ, ਜੋ ਸਦੀਆਂ ਬੀਤ ਜਾਣ ਮਗਰੋਂ ਵੀ ਬੀਜ ਰੂਪ ਵਿਚ ਸਥਿਰ ਰਹਿੰਦੀ ਹੈ। ਕਿਸੇ ਜਾਤੀ ਦੇ ਜੀਵਨ ਵਿਚ ਜੋ ਮੂਲ ਪ੍ਰਵਿਰਤੀਆਂ ਕੰਮ ਕਰ ਰਹੀਆਂ ਹੁੰਦੀਆਂ ਹਨ, ਉਹ ਸੌਖੀਆਂ ਬਦਲਦੀਆਂ ਨਹੀਂ। ਦੇਵਿੰਦਰ ਸਤਿਆਰਥੀ ਦੇ ਕਥਨਾਂ ਵਿਚ ਬੁਧੀ, ਸਿੱਖਿਆ ਤੇ ਸੰਸਕ੍ਰਿਤੀ ਦੇ ਨਵੇਂ ਵਿਕਾਸ ਤੋਂ ਪ੍ਰਭਾਵਿਤ ਹੋ ਕੇ ਕਿਸੇ ਵੀ ਵਿਅਕਤੀ ਜਾਂ ਜਾਤੀ ਦੀਆਂ ਮੂਲ ਪ੍ਰਵਿਰਤੀਆਂ ਦਾ ਰੂਪ ਕਿੰਨਾ ਵੀ ਕਿਉਂ ਨਾ ਸੁਧਰ ਜਾਵੇ, ਪਰ ਉਹਨਾਂ ਦਾ ਨਾਸ ਕਦੇ ਨਹੀਂ ਹੁੰਦਾ (ਪੰਜਾਬ ਦੇ ਲੋਕ-ਗੀਤ)। ਇਹ ਮੂਲ ਪ੍ਰਵਿਰਤੀਆਂ ਹੀ ਲੋਕ-ਸਾਹਿੱਤ ਦੀਆਂ ਚੂਲਾਂ ਹੁੰਦੀਆਂ ਹਨ। ਉਦਾਹਰਣ ਵਜੋਂ ਪੰਜਾਬੀਆਂ ਦੀ ਇਕ ਮੂਲ ਪ੍ਰਵਿਰਤੀ 'ਸਾਹਸ' ਹੈ। ਬੀਰ-ਰਸੀ ਭਾਵਨਾ ਵਾਲੀ ਕਲਾ ਤੇ ਸਾਹਿੱਤ ਸਭ ਇਸੇ ਪ੍ਰਵਿਰਤੀ ਦੀ ਮਾਨਸਿਕ ਤ੍ਰਿਪਤੀ ਵਿਚ ਉਪਜਿਆ। ਪੰਜਾਬੀ ਸੰਸਕ੍ਰਿਤੀ ਆਦਿ-ਕਾਲ ਤੋਂ ਹੀ ਬੀਰ-ਸੰਸਕ੍ਰਿਤੀ ਦਾ ਹੁੰਗਾਰਾ ਭਰਦੀ ਰਹੀ ਹੈ। ਸਾਡੇ ਲੋਕ-ਗੀਤਾਂ, ਕਾਵਿ-ਕਥਾਵਾਂ, ਅਖਾਣਾਂ, ਬੁਝਾਰਤਾਂ, ਪਰੀ-ਕਹਾਣੀਆਂ, ਦੰਦ-ਕਥਾਵਾਂ ਤੇ ਨਾਚਾਂ ਵਿਚ ਸਾਹਸ ਤੇ ਪ੍ਰਾਕਰਮ ਦੀ ਬਿਰਤੀ ਪੂਰੀ ਤਰ੍ਹਾਂ ਪ੍ਰਤਿਬਿੰਬਤ ਹੈ। ਇਕ ਅਖਾਣ 'ਪੰਜਾਬ ਵਿਚ ਜੰਮਿਆਂ ਨੂੰ ਨਿਤ ਮੁਹਿੰਮਾਂ' ਵਿਚ ਪੰਜਾਬੀ ਚਰਿਤ੍ਰ ਦਾ ਇਹ ਪੱਖ ਕਿਤਨੀ ਸੁਹਣੀ ਤਰ੍ਹਾਂ ਉਭਰਿਆ ਹੈ।

ਪੰਜਾਬ ਵਿਚ ਸਮੇਂ ਸਮੇਂ ਕਈ ਜਾਤੀਆਂ ਬਾਹਰੋਂ ਆ ਕੇ ਵੜਦੀਆਂ ਰਹੀਆਂ ਤੇ ਇਥੋਂ ਦੀ ਲੋਕ-ਸੰਸਕ੍ਰਿਤੀ ਵਿਚ ਕਈ ਨਸਲੀ ਤੇ ਜਾਤੀ ਰੂੜੀਆਂ ਦਾ ਮਿਸ਼ਰਣ ਹੁੰਦਾ ਰਿਹਾ। ਇਸ ਸੰਸਕ੍ਰਿਤੀ ਦੀ ਤਹਿ ਵਿਚ ਦ੍ਰਾਵੜੀ, ਆਰਿਆਈ, ਈਰਾਨੀ, ਸਿਥੀਅਨ, ਹੂਨੀ, ਤੁਰਾਨੀ ਤੇ ਮੁਗ਼ਲਈ ਰੂੜੀਆਂ ਦੀ ਮਿਸ ਹੈ, ਜੋ ਇਤਨੀਆਂ ਰਚ-ਮਿਚ ਗਈਆਂ ਹਨ ਕਿ ਭਾਵੇਂ ਅੱਜ ਨਿਖੇੜਨੀਆਂ ਕਠਨ ਹਨ, ਪਰ ਉਹਨਾਂ ਦੀ ਹੋਂਦ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹ ਤੱਤ ਲੋਕ-ਸਾਹਿੱਤ ਵਿਚੋਂ ਹੀ ਨਿਖੇੜੇ ਜਾ ਸਕਦੇ ਹਨ, ਇਸ ਪਖੋਂ ਪੰਜਾਬ ਦੇ ਲੋਕ-ਸਾਹਿੱਤ ਦਾ ਬੜਾ ਮਹੱਤਵ ਹੈ।

ਪੰਜਾਬ ਵਿਚ ਅੱਜ ਵੀ ਸੰਸਕ੍ਰਿਤੀ ਦੀ ਕੋਈ ਇਕ ਸਤਰ ਨਹੀਂ। ਇਸ ਦੇ ਅਨੇਕਾਂ ਪ੍ਰੜ ਪਉੜੀ ਦੇ ਡੰਡਿਆਂ ਵਾਂਗ ਹਨ ਤੇ ਸਭ ਤੋਂ ਹੇਠਲੀ ਤੇ ਉੱਪਰਲੀ ਸਤਰ ਦੋ ਅਡਰੀਆਂ ਸੀਮਾਂ ਲਗਦੀਆਂ ਹਨ। ਉਪਰਲੇ ਸਤਰ ਤੇ ਸੁਸਿਖਸ਼ਤ ਵਰਗ ਹੈ ਜੋ ਪੱਛਮੀ ਸੰਸਕ੍ਰਿਤੀ ਦਾ ਅਨੁਕਰਣ ਕਰਦਾ ਹੈ ਤੇ ਹੇਠਲੇ ਤਲ ਤੇ ਸਾਂਹਸੀ, ਪਖੀਵਾਲ ਤੇ ਨਟ ਆਦਿ ਟਪਰੀਵਾਸੀ ਜਾਤੀਆਂ ਹਨ, ਜਿਨ੍ਹਾਂ ਦਾ ਧਰਮ ਤੇ ਰਹੁ-ਰੀਤੀਆਂ ਅਜੇ ਵੀ ਜਾਦੂ-ਟੂਣੇ ਦੀ ਮੁਢਲੀ ਅਵਸਥਾ ਵਿਚ ਭਟਕ ਰਹੀਆਂ ਹਨ, ਇਨ੍ਹਾਂ ਦੋਹਾਂ ਸਤਰਾਂ ਵਿਚ ਅਨੇਕਾਂ ਹੋਰ ਤਲ ਹਨ ਤੇ ਹਰ ਤਲ ਸਾਡੀ ਸੰਸਕ੍ਰਿਤੀ ਦੇ ਵਿਕਾਸ ਦੀ ਕੋਈ ਕਹਾਣੀ ਆਪਣੀ ਹਿਕ ਵਿਚ ਸਮੇਟੀ ਬੈਠਾ ਹੈ, ਜੋ ਇਨ੍ਹਾਂ ਵਿਭਿੰਨ ਸਤਰ ਦੇ ਲੋਕਾਂ ਦੇ ਸਾਹਿੱਤ ਵਿਚੋਂ ਜੋਖ ਕੇ ਕੱਢੀ ਜਾ ਸਕਦੀ ਹੈ।

ਪੰਜਾਬ ਵਿਚ ਪ੍ਰਚਲਤ ਲੋਕ-ਗੀਤਾਂ, ਖ਼ਾਸ ਤੌਰ ਤੇ ਸੰਸਕਾਰਕ ਤੇ ਰਹੁ-ਰੀਤਕ ਗੀਤਾਂ ਨੂੰ ਜੋਖਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਅਜੇ ਵੀ ਲੋਕਾਂ ਦੇ ਅਚੇਤ ਤੇ ਅਵਚੇਤ ਮਨ ਉਤੇ ਮੁਢਲੇ ਆਦਿਮ ਧਰਮ ਦੀਆਂ ਪਰਛਾਈਆਂ ਮੌਜੂਦ ਹਨ। ਪ੍ਰਕ੍ਰਿਤੀ ਪੂਜਾ ਤੇ ਸਰਵਚੇਤਨਵਾਦ ਅਥਵਾ ਨਿਰਜੀਵ ਪਦਾਰਥਾਂ ਵਿਚ ਆਤਮ-ਤੱਤ ਦੀ ਹੋਂਦ ਮੰਨਣਾ, ਮੁਢਲੇ ਆਦਿਮ ਧਰਮ ਦੀਆਂ ਹੀ ਰਹਿੰਦਾਂ ਹਨ। ਨਵੇਂ ਚੰਨ ਦੀ ਪੂਜਾ ਅਚੇਤ ਰੂਪ ਵਿਚ ਅਜੇ ਵੀ ਪ੍ਰਚਲਤ ਹੈ। ਜਦੋਂ ਨਵਾਂ ਚੰਨ ਅਕਾਸ਼ ਵਿਚ ਚੜ੍ਹਦਾ ਹੈ ਤਾਂ ਪਿੰਡਾਂ ਦੇ ਅਲ੍ਹੜ ਲੋਕ

ਤਾਂ ਇਕ ਪਾਸੇ ਰਹੇ, ਕਈ ਪੜ੍ਹੇ ਲਿਖੇ ਵੀ ਹੱਥ ਜੋੜ ਕੇ ਪਰਨਾਮ ਕਰਦੇ ਵੇਖੇ ਗਏ ਹਨ। ਕਈਆਂ ਲੋਕਾਂ ਦੇ ਤਾਂ ਸੁਤੇ ਸਿਧ ਹੀ ਹੱਥ ਜੁੜ ਜਾਂਦੇ ਹਨ ਤੇ ਉਹ ਗੁਣਗੁਣਾਣ ਲਗਦੇ ਹਨ : "ਸੁਖ ਦਾ ਚੜ੍ਹੀਂ ਵੇਲ ਵਧਾਈਂ, ਕੋਠੇ ਭਰੀਂ" ਇਸੇ ਤਰ੍ਹਾਂ ਸੰਝ ਨੂੰ ਜਦੋਂ ਘਰਾਂ ਵਿਚ ਰੌਸ਼ਨੀ ਕੀਤੀ ਜਾਂਦੀ ਹੈ ਤਾਂ ਸ਼ਹਿਰਾਂ ਦੀਆਂ ਪੜ੍ਹੀਆਂ ਲਿਖੀਆਂ ਸਵਾਣੀਆਂ ਵੀ ਸਿਰਾਂ ਉਤੇ ਪੱਲਾ ਲੈ ਕੇ, ਜੋਤ ਨੂੰ ਹੱਥ ਜੋੜ ਪਰਨਾਮ ਕਰਦੀਆਂ ਵੇਖੀਆਂ ਜਾਂਦੀਆਂ ਹਨ। ਪਿੰਡਾਂ ਵਿਚ ਤਾਂ ਸੁਆਣੀਆਂ ਇਹ ਟੱਪਾ ਉਚਾਰਦੀਆਂ ਹਨ : "ਆਈ ਸੰਝਕਾਰਣੀ ਸਭੇ ਦੁਖ ਨਿਵਾਰਨੀ, ਦੀਵਟ ਦੀਵੜਾ ਬਲੇ ਸੱਤਰ ਸੌ ਬਲਾ ਟਲੇ।" ਅਸਿਖਸ਼ਤ ਵਰਗ ਤਾਂ ਸੰਝਕਾਰਣੀ ਦੇਵੀ ਦੀ ਪੂਜਾ ਕਰਦਾ ਤੇ ਅੱਜ ਵੀ ਰੌਸ਼ਨੀ (ਦੀਵੇ) ਨੂੰ ਸ਼ਗਨਾਂ ਨਾਲ ਵਿਦਾ ਕਰਦਾ ਹੈ :

ਜਾ ਦੀਵਿਆ ਘਰ ਆਪਣੇ ਤੇਰੀ ਮਾਂ ਉਡੀਕੇ ਵਾਰ।
ਆਈਂ ਸਵੇਰੇ ਜਾਈਂ ਸਵੇਰੇ ਸਭੇ ਸ਼ਗਨ ਵਿਚਾਰ।

ਪਿੰਡਾਂ ਵਿਚ ਜਿਨ੍ਹਾਂ ਸਥਾਨਕ ਦੇਵੀ ਦੇਵਤਿਆਂ—ਖੇਤਰਪਾਲ, ਧਰਨੀ ਮਾਤਾ, ਸਾਂਝੀ ਆਦਿ ਦੀ ਪੂਜਾ ਕੀਤੀ ਜਾਂਦੀ ਹੈ ਉਹ ਹਿੰਦੂਆਂ ਦੇ ਪ੍ਰਮੁਖ ਦੇਵੀ ਦੇਵਤਿਆਂ ਨਾਲੋਂ ਬਿਲਕੁਲ ਅੱਡਰੇ ਹਨ। ਪਿੱਤਰਾਂ ਦੀ ਪੂਜਾ ਅਜੇ ਵੀ 'ਸਤੀਆਂ' ਤੇ 'ਜਠੇਰਿਆਂ' ਦੇ ਰੂਪ ਵਿਚ ਜੀਵਤ ਹੈ। ਲੋਕ-ਧਰਮ ਦੀ ਅਸਲੀ ਨੁਹਾਰ ਲੋਕ-ਸਾਹਿੱਤ ਵਿਚੋਂ ਹੀ ਪਛਾਣੀ ਜਾ ਸਕਦੀ ਹੈ।

ਜੀਵਨ ਦੇ ਮਹੱਤਵਪੂਰਣ ਪੜਾਵਾਂ- ਜਨਮ, ਵਿਆਹ ਤੇ ਮੌਤ ਸਮੇਂ ਜੋ ਰਹੁ-ਰੀਤੀਆਂ ਅੱਜ ਸਾਡੇ ਪਿੰਡਾਂ ਵਿਚ ਪ੍ਰਚਲਤ ਹਨ, ਉਹ ਆਤਮਸ਼ੀਲ ਚਿੰਤਨ ਤੇ ਟੂਣਾ ਚਿੰਤਨ ਆਦਿ ਉਤੇ ਅਧਾਰਤ ਹਨ। ਫਿਰ ਹਰ ਜਾਤੀ, ਗੋਤ ਤੇ ਬਰਾਦਰੀ ਦੇ ਆਪਣੇ ਰੀਤ ਰਵਾਜ ਹਨ ਜੋ ਸਾਡੀ ਲੋਕ-ਸੰਸਕ੍ਰਿਤੀ ਦੀ ਫੁਲਕਾਰੀ ਵਿਚ ਵੰਨ-ਸਵੰਨੀਆਂ ਕਲੀਆਂ ਦੇ ਰੂਪ ਵਿਚ ਸ਼ੋਭਾ ਦੇ ਰਹੇ ਹਨ। ਪੰਜਾਬ ਵਿਚ ਕਈ ਧਾਰਮਿਕ ਸੰਪਰਦਾਵਾਂ ਦੇ ਲੋਕ ਵਸਦੇ ਹਨ ਜਿਨ੍ਹਾਂ ਦੀਆਂ ਪੂਜਾ-ਵਿਧੀਆਂ ਤੇ ਇਸ਼ਟ ਅੱਡੋ ਅੱਡਰੇ ਹਨ, ਪਰ ਸਾਰੇ ਪਜਾਬੀ ਰਵਾਦਾਰੀ ਤੇ ਮਿਠਤ ਦੇ ਧਾਗੇ ਵਿਚ ਜਿਵੇਂ ਪਰੋਏ ਹੋਏ ਹਨ, ਉਸ ਦਾ ਅਨੁਮਾਨ ਹੇਠਲੇ ਗੀਤ ਵਿਚੋਂ ਲਗਾਇਆ ਜਾ ਸਕਦਾ ਹੈ :

ਦੇਵੀ ਦੀ ਮੈਂ ਕਰਾਂ ਕੜਾਹੀ, ਪੀਰ ਫਕੀਰ ਮਨਾਵਾਂ,
ਹੈਦਰ ਸ਼ੇਖ ਨੂੰ ਦੇਵਾਂ ਬਕਰਾ, ਨੰਗੇ ਪੈਰੀਂ ਜਾਵਾਂ,
ਹਨੂੰਮਾਨ ਦੀ ਦੇਵਾਂ ਮੰਨੀ, ਰਤੀ ਫਰਕ ਨਾ ਪਾਵਾਂ,
ਨੀ ਮਾਤਾ ਭਗਵਤੀਏ ! ਮੈਂ ਤੇਰਾ ਜਸ ਗਾਵਾਂ।

ਲੋਕ-ਗੀਤਾਂ, ਕਥਾ-ਕਾਵਿ, ਲੋਕ-ਕਹਾਣੀਆਂ, ਬੁਝਾਰਤਾਂ, ਅਖਾਣਾਂ ਤੇ ਮੁਹਾਵਰਿਆਂ ਤੋਂ ਬਹੁਤ ਸਾਰੀ ਅਜਿਹੀ ਸਾਮਿਗਰੀ ਮਿਲ ਜਾਂਦੀ ਹੈ ਜਿਸ ਤੋਂ ਮਾਨਵ-ਵਿਗਿਆਨੀ ਕਿਸੇ ਜਾਤੀ ਦੀ ਸੰਸਕ੍ਰਿਤੀ ਦੀ ਪੂਰਨ ਰੂਪ-ਰੇਖਾ ਘੜ ਲੈਂਦਾ ਹੈ। ਇਤਿਹਾਸਕਾਰ ਇਨ੍ਹਾਂ ਵਿਚੋਂ ਇਤਿਹਾਸ ਦੇ ਕਈ ਗਵਾਚੇ ਪਤਰੇ ਲੱਭ ਸਕਦਾ ਹੈ। ਲੋਕ-ਸਾਹਿੱਤ ਮਨੁੱਖ ਦੇ ਅਤੀਤ ਉਤੇ ਚਾਨਣ ਸੁਟਣ ਦੇ ਨਾਲ ਅਜੋਕੇ ਜੀਵਨ ਦਾ ਵੀ ਦਰਪਣ ਹੈ। ਇਹ ਭੂਤ, ਵਰਤਮਾਨ ਤੇ ਭਵਿੱਖ ਤਿੰਨਾਂ ਨੂੰ ਇਕ ਦੂਜੇ ਨਾਲ ਜੋੜੀ ਰਖਦਾ ਹੈ।

*ਲੋਕ-ਸਾਹਿੱਤ ਦੀ ਪਗ ਯਾਤਰਾ : ਲੋਕ-ਸਾਹਿੱਤ ਦੇ ਅਧਿਐਨ ਦੇ ਸਬੰਧ ਵਿਚ ਸਭ ਤੋਂ ਰੌਚਕ ਤੇ ਅਨੂਠਾ ਵਿਸ਼ਾ ਇਸ ਦੀ ਪਗ ਯਾਤਰਾ ਹੈ। ਲੋਕ-ਸਾਹਿੱਤ ਲਈ ਜਾਤ-ਧਰਮ, ਨਸਲ ਤੇ ਭਾਸ਼ਾ ਦੇ ਬੰਧਨ ਕੋਈ ਅਰਥ ਨਹੀਂ ਰਖਦੇ ਅਤੇ ਇਹ ਭੂਗੋਲਿਕ ਤੇ ਰਾਸ਼ਟਰੀ ਸੀਮਾਂ ਉਲੰਘਦਾ ਇਕ ਥਾਂ ਤੋਂ ਦੂਜੀ ਥਾਂ ਪਹੁੰਚ ਜਾਂਦਾ ਹੈ। ਪਰਬਤਾਂ ਤੇ ਸਾਗਰਾਂ ਦੀ ਦੀਵਾਰ ਵੀ ਇਸ ਦੇ ਰਾਹ ਵਿਚ ਰੋਕ ਨਹੀਂ ਬਣਦੀ। ਇਹੋ ਕਾਰਨ ਹੈ ਕਿ ਇਕ ਦੂਜੇ ਨਾਲ ਮਿਲਦੀਆਂ ਜੁਲਦੀਆਂ ਲੋਕ-ਕਹਾਣੀਆਂ, ਅਖਾਣ, ਬੁਝਾਰਤਾਂ ਤੇ ਗੀਤ ਆਦਿ ਸੰਸਾਰ ਦੇ ਭਿੰਨ ਭਿੰਨ ਦੇਸ਼ਾਂ ਵਿਚ ਮਿਲਦੇ ਹਨ। ਲੋਕ-ਸਾਹਿੱਤ ਦੀ ਇਸ ਪਗ ਯਾਤਰਾ ਵਿਚ ਮਨੁੱਖ ਜਾਤੀ ਦੀ ਪ੍ਰਗਤੀ ਤੇ ਇਤਿਹਾਸ ਦੇ ਕਈ ਪੰਨੇ ਛੁਪੇ ਪਏ ਹਨ।

ਇਸ ਸਮਾਨ ਸਾਮਿਗਰੀ ਬਾਰੇ ਤਿੰਨ ਅਨੁਮਾਨ ਲਗਾਏ ਜਾ ਸਕਦੇ ਹਨ :

1. ਸੰਭਵ ਹੈ ਕਿ ਅਜਿਹਾ ਲੋਕ-ਸਾਹਿੱਤ, ਪ੍ਰਾਚੀਨ ਕਾਲ ਜਾਂ ਮੱਧ-ਕਾਲੀਨ ਸਮਿਆਂ ਵਿਚ ਭਿੰਨ ਭਿੰਨ ਜਾਤੀਆਂ ਦੇ ਆਪਸੀ ਮੇਲ-ਜੋਲ ਸਮੇਂ ਇਕ ਦੇਸ਼ ਵਿਚੋਂ ਦੂਜੇ ਦੇਸ਼ ਵਿਚ ਪਸਰ ਗਿਆ ਹੋਵੇ। ਇਸ ਸਿਧਾਤ ਨੂੰ ਪ੍ਰਸਾਰ ਸਿਧਾਂਤ ਕਹਿੰਦੇ ਹਨ।

2. ਸੰਭਵ ਹੈ ਕਿ ਅਜਿਹਾ ਲੋਕ-ਸਾਹਿੱਤ ਵਖੋ ਵਖ ਥਾਈਂ ਸੁਤੰਤਰ ਰੂਪ ਵਿਚ ਹੀ ਰਚਿਆ ਗਿਆ ਹੋਵੇ। ਕਿਉਂ ਜੋ ਆਦਿਮ ਅਵਸਥਾ ਵਿਚ ਸੰਸਾਰ ਦੇ ਸਭ ਦੇਸ਼ਾਂ ਦੇ ਮਨੁੱਖਾਂ ਨੂੰ ਲਗਪਗ ਇਕੋ ਤਰ੍ਹਾਂ ਦੇ ਹਾਲਾਤ ਵਿਚੋਂ ਲੰਘਣਾ ਪੈਂਦਾ ਰਿਹਾ ਤੇ ਸਮਾਨ ਅਵਸਥਾ ਵਿਚੋਂ ਲੰਘਦਿਆਂ, ਬੁਧੀ ਦੀ ਇਕੋ ਜਿਹੀ ਪੱਧਰ ਕਾਰਣ, ਉਨ੍ਹਾਂ ਦੇ ਪ੍ਰਤੀਕਰਮ ਵੀ ਸਮਾਨ ਹੀ ਹੋਏ ਤੇ ਇਕੋ ਤਰ੍ਹਾਂ ਦੀਆਂ ਗੱਲਾਂ ਸੁਤੇ ਸਿਧ ਹੀ ਸੁਝੀਆਂ। ਇਸ ਸਿਧਾਂਤ ਨੂੰ 'ਬਹੁ-ਉਤਪਤੀ' ਕਹਿੰਦੇ ਹਨ।

3. ਤੀਜੀ ਸੰਭਾਵਨਾ ਸਾਂਝੇ ਸਰੋਤ ਦੀ ਹੈ। ਏਸ਼ਿਆਈ ਤੇ ਯੂਰਪੀਅਨ ਕੌਮਾਂ ਦੇ ਵਡੇ ਵਡੇਰੇ ਪੂਰਵ-ਇਤਿਹਾਸਕ ਕਾਲ ਵਿਚ ਮਧ-ਏਸ਼ੀਆ ਦੀਆਂ ਵਾਦੀਆਂ ਵਿਚ ਇਕੱਠੇ ਰਹਿੰਦੇ ਰਹੇ ਹਨ। ਉਥੇਂ ਹੀ ਇਹ ਸਾਮਗ੍ਰੀ ਖਿਲਰ ਪੁਲਰ ਕੇ ਭਿੰਨ ਭਿੰਨ ਦਿਸ਼ਾਵਾਂ ਵਿਚ ਫੈਲ ਗਈ। ਜਿਥੇ ਵੀ ਇਹ ਲੋਕ ਗਏ ਸਾਂਝੀਆਂ ਪੌਰਾਣਿਕ

ਕਥਾ-ਕਹਾਣੀਆਂ ਤੇ ਹੋਰ ਸਾਹਿੱਤ ਨਾਲ ਲੈ ਗਏ ਜਾਂ ਫਿਰ ਇਨ੍ਹਾਂ ਦੀਆਂ ਸਾਂਝੀਆਂ ਪੌਰਾਣਿਕ ਕਥਾਵਾਂ ਪਿਛੋਂ ਭ੍ਰਿਸ਼ਟ ਕੇ ਲੋਕ-ਕਥਾਵਾਂ ਦਾ ਰੂਪ ਧਾਰ ਗਈਆਂ। ਇਸ ਮੱਤ ਨੂੰ ਐਂਥਰੋਪੋਲੋਜੀਕਲ ਸਕੂਲ ਕਹਿੰਦੇ ਹਨ।

ਇਹ ਸਭ ਮੱਤ ਆਪਣੀ ਥਾਂ ਠੀਕ ਹਨ। ਕੁਝ ਮਿਲਦੀ ਸਾਮਗਰੀ ਤਾਂ ਸਭਿਆਚਾਰਕ ਸਾਂਝ, ਵਪਾਰਕ ਮੇਲਜਲ, ਫ਼ੌਜੀ ਲਸ਼ਕਰਾਂ ਤੇ ਸੈਲਾਨੀਆਂ ਦੁਆਰਾ ਇਕ ਦੇਸ਼ ਵਿਚੋਂ ਦੂਜੇ ਦੇਸ਼ ਵਿਚ ਯਾਤਰਾ ਕਰਕੇ ਗਈ। ਕੁਝ ਸਾਮਗਰੀ ਸਮਾਨ ਸੋਚ ਤੇ ਕਲਪਨਾ ਦੀ ਵੀ ਪੈਦਾਵਾਰ ਹੈ ਤੇ ਕੁਝ ਸਾਂਝੇ ਪੁਰਖਿਆਂ ਤੋਂ ਵੀ ਮਿਲੀ ਜਾਪਦੀ ਹੈ। ਇਹ ਵਿਸ਼ਾ ਇਕ ਵੱਖਰੇ ਨਿਬੰਧ ਦੀ ਮੰਗ ਕਰਦਾ ਹੈ। ਇਥੇ ਵੇਰਵੇ ਦੀ ਗੁੰਜਾਇਸ਼ ਨਹੀਂ, ਪਰ ਕੁਝ ਕੁ ਉਦਾਹਰਣਾਂ ਦੇ ਕੇ ਇਸ ਪੱਖ ਵਲ ਰੌਸ਼ਨੀ ਪਾ ਦੇਣੀ ਅਨੁਚਿਤ ਨਹੀਂ ਹੋਵੇਗੀ। ਪੰਜਾਬੀ ਦੇ ਅਨੇਕਾਂ ਅਖਾਣ ਸੰਸਾਰ ਦੀਆਂ ਵਿਭਿੰਨ ਜਾਤੀਆਂ ਨਾਲ ਮੇਲ ਖਾਂਦੇ ਹਨ ਜਿਨ੍ਹਾਂ ਵਿਚੋਂ ਦੋ ਇਹ ਹਨ :

(1) ਅੱਗਾਂ ਬਿਨਾਂ ਧੂੰ ਕਿਥੇ

(2) ਧੀਏ ਨੀ ਤੂੰ ਗੱਲ ਸੁਣ
ਨੂੰਹੇਂ ਨੀ ਤੂੰ ਕੰਨ ਧਰ

ਪਹਿਲਾ ਅਖਾਣ ਯੂਰਪ ਦੀ ਸਭ ਤੋਂ ਪ੍ਰਾਚੀਨ ਸੰਸਕ੍ਰਿਤੀ Basque ਤੇ ਕਈ ਹੋਰ ਜਾਤੀਆਂ ਵਿਚ ਇਸੇ ਰੂਪ ਵਿਚ ਮਿਲਦਾ ਹੈ: "Without fire there is no smoke." ਪਰ ਇਸ ਅਖਾਣ ਵਿਚ ਅਜਿਹਾ ਅਨੁਭਵ ਵਿਅੱਕਤ ਹੈ ਜੋ ਸੁਤੰਤਰ ਰੂਪ ਵਿਚ ਕਈ ਨਸਲਾਂ ਦੇ ਲੋਕਾਂ ਨੂੰ ਸੁਝ ਸਕਦਾ ਸੀ।

ਦੂਜਾ ਅਖਾਣ ਸਪੇਨ ਵਿਚ ਇਉਂ ਪ੍ਰਚਲਤ ਹੈ :

"I am saying to you, my daughter, but I want to understand it, my daughter-in-law." ਇਸ ਅਖਾਣ ਵਿਚ ਇਕ ਵਿਸ਼ੇਸ਼ ਅਨੁਭਵ ਹੈ ਜੋ ਸੁਤੰਤਰ ਰੂਪ ਵਿਚ ਨਹੀਂ ਸੁਝ ਸਕਦਾ। ਇਹ ਅਖਾਣ ਜਿਸ ਵਾਤਾਵਰਣ ਤੇ ਸੰਸਕ੍ਰਿਤੀ ਵਿਚ ਜੰਮਿਆ ਹੈ, ਉਹ ਸਪਸ਼ਟ ਤੌਰ 'ਤੇ ਸਪੈਨਿਸ਼ ਨਹੀਂ, ਪੰਜਾਬੀ ਹੈ। ਇਸ ਲਈ ਇਹ ਅਵੱਸ਼ ਪੰਜਾਬ ਵਿਚੋਂ ਹੀ ਪਗ-ਯਾਤਰਾ ਕਰ ਕੇ ਗਿਆ, ਕਿਵੇਂ ਤੇ ਕਦੋਂ ਗਿਆ ਇਤਿਹਾਸ ਮੌਨ ਹੈ।

ਇਹੋ ਜਿਹੀ ਸਮਾਨਤਾ ਲੋਕ-ਕਹਾਣੀਆਂ ਵਿਚ ਵੀ ਮਿਲਦੀ ਹੈ। ਪੰਜਾਬ ਵਿਚ ਪ੍ਰਚਲਤ ਅਨੇਕਾਂ ਕਥਾਵਾਂ ਜਿਨ੍ਹਾਂ ਦੇ ਇਥੇ ਵੇਰਵਾ ਦੇਣਾ ਕਠਨ ਹੈ, ਇੰਨ ਬਿੰਨ ਉਸੇ ਰੂਪ ਵਿਚ ਅਮਰੀਕਾ, ਜਰਮਨ, ਰੂਸ ਤੇ ਮੱਧ-ਏਸ਼ੀਆ ਤੇ ਕਈ ਦੇਸ਼ਾਂ ਵਿਚ ਮਿਲਦੀਆਂ ਹਨ। ਅਜਿਹੀਆਂ ਕੁਝ ਕਥਾਵਾਂ ਸੁਤੰਤਰ ਸੋਚ ਤੇ ਕਲਪਨਾ ਦਾ ਸਿੱਟਾ ਕਦੇ ਨਹੀਂ ਹੋ ਸਕਦੀਆਂ ਕਿਉਂ ਜੋ ਉਨ੍ਹਾਂ ਕਥਾਵਾਂ ਦੇ ਕਥਾ ਵਸਤੂ ਦਾ ਮੂਲ ਢਾਂਚਾ ਹੀ ਮੇਲ ਨਹੀਂ ਖਾਂਦਾ, ਸਗੋਂ ਕਥਾ-ਰੂੜ੍ਹੀਆਂ ਦੀ ਤਰਤੀਬ ਤੇ ਬੀੜ ਅਤੇ ਨਿੱਕੇ ਨਿੱਕੇ ਵੇਰਵੇ ਵੀ ਮੇਲ ਖਾਂਦੇ ਹਨ ਤੇ ਇਹ ਅਵੱਸ਼ ਇਕ ਦੇਸ਼ ਵਿਚੋਂ ਦੂਜੇ ਵਿਚ ਪਸਰੀਆਂ ਹਨ। ਮੈਕਡਾਨਲਡ, ਰਾਵਿਲਿਨਸਨ ਤੇ ਸੰਸਾਰ ਦੇ ਪ੍ਰਸਿਧ ਲੋਕਧਾਰਾ ਸ਼ਾਸਤ੍ਰੀਆਂ ਦੀ ਅਜਿਹੀਆਂ ਸਮਾਨ ਕਥਾਵਾਂ ਬਾਰੇ ਇਹੋ ਰਾਏ ਰਹੀ ਹੈ ਕਿ ਇਹ ਭਾਰਤ ਵਿਚੋਂ ਹੀ ਪੱਛਮ ਵਲ ਪਸਰੀਆਂ। ਭਾਰਤ ਵਿਚ, ਪ੍ਰਾਚੀਨ ਤੇ ਮੱਧ-ਕਾਲੀਨ ਸਮਿਆਂ ਵਿਚ ਪੰਜਾਬ ਲੋਕ-ਕਥਾਵਾਂ ਦਾ ਘਰ ਰਿਹਾ ਹੈ। ਇਸ ਲਈ ਸੁਤੇ ਸਿਧ ਇਹ ਕਥਾਵਾਂ ਪੰਜਾਬ ਵਿਚੋਂ ਹੀ ਗਈਆਂ। ਈਸਪ ਦੀਆਂ ਨੀਤੀ-ਕਥਾਵਾਂ ਵਿਚੋਂ ਇਕ ਚੌਥਾਈ ਕਹਾਣੀਆਂ ਅਜਿਹੀਆਂ ਹਨ ਜਿਨ੍ਹਾਂ ਦਾ ਅਸਲਾ ਵਿਦਵਾਨਾਂ ਨੇ ਭਾਰਤੀ ਮੰਨਿਆ ਹੈ ਜਿਵੇਂ 'ਸ਼ੇਰ ਦੀ ਖਲ ਵਿਚ ਖੋਤਾ', 'ਭੇੜੀਆ ਤੇ ਲੇਲਾ' ਆਦਿ। ਪੰਜਾਬ ਦੀ ਪ੍ਰਸਿਧ ਪ੍ਰੀਤ ਗਾਥਾ ਸੋਹਣੀ ਮਹੀਂਵਾਲ ਯੂਨਾਨੀ ਕਥਾ 'ਹੀਰੋ ਤੇ ਲੈਂਡੋ' ਨਾਲ ਇਤਨੀ ਮੇਲ ਖਾਂਦੀ ਹੈ ਕਿ ਇਨ੍ਹਾਂ ਵਿਚਲੀ ਸਾਂਝ ਸੁਭਾਵਿਕ ਨਹੀਂ। 'ਹੀਰੋ ਤੇ ਲੈਂਡੋ' ਦੂਜੀ ਤੀਜੀ ਸਦੀ ਈਸਵੀ ਵਿਚ ਪ੍ਰਸਿਧ ਸੀ। ਹੋ ਸਕਦਾ ਹੈ ਕਿ ਇਨ੍ਹਾਂ ਦੋਹਾਂ ਕਥਾਵਾਂ ਦਾ ਸਾਂਝਾ ਸਰੋਤ ਕੋਈ ਹੋਰ ਪੌਰਾਣਿਕ ਕਥਾ ਹੋਵੇ।

ਲੋਕ-ਸਾਹਿੱਤ ਦੀ ਸਾਮਿਗਰੀ ਦੀ ਅਜਿਹੀ ਸਮਾਨਤਾ ਦੋ ਜਾਤੀਆਂ ਅਥਵਾ ਦੇਸ਼ਾਂ ਵਿਚ ਇਤਿਹਾਸਕ ਜਾਂ ਪੂਰਬ-ਇਤਿਹਾਸਕ ਕਾਲ ਦੇ ਆਪਸੀ ਸੰਬੰਧਾਂ ਨੂੰ ਸਿਧ ਕਰਨ ਵਿਚ ਸਹਾਇਕ ਹੋ ਸਕਦੀ ਹੈ ਤੇ ਇਤਿਹਾਸ ਦੇ ਕਈ ਗਵਾਚੇ ਪੰਨਿਆਂ ਨੂੰ ਲੱਭਣ ਵਿਚ ਮਦਦ ਮਿਲ ਸਕਦੀ ਹੈ।

*ਲੋਕ-ਸਾਹਿੱਤ ਦੇ ਮਹੱਤਵ ਨੂੰ ਪੂਰੀ ਤਰ੍ਹਾਂ ਸਮਝਣ ਲਈ ਇਸ ਦੀ ਸਮਿਗਰੀ ਵਿਗਿਆਨਕ ਵਿਧੀ ਨਾਲ ਇਕੱਠੀ ਕਰਨੀ ਜ਼ਰੂਰੀ ਹੈ। ਲੋਕ-ਸਾਹਿੱਤ ਦੀ ਅਥਾਹ ਸਮਿਗਰੀ ਅਜੇ ਆਪਣੇ ਕੁਦਰਤੀ ਰੂਪ ਵਿਚ ਸਾਰੇ ਪੰਜਾਬ ਵਿਚ ਖਿਲਰੀ ਪਈ ਹੈ ਤੇ ਅਨੁਕੂਲ ਵਾਤਾਵਰਣ ਕਾਰਣ ਵਿਗਸ ਵੀ ਰਹੀ ਹੈ। ਜਿਥੇ ਆਕਾਰ ਵਿਚ ਇਸ ਸਮਿਗਰੀ ਦੀ ਤੁਲਨਾ ਪੰਜਾਬ ਦੇ ਅੰਨਾਂ ਦੇ ਖਲਵਾੜਿਆਂ ਨਾਲ ਦਿਤੀ ਜਾ ਸਕਦੀ ਹੈ, ਉਥੇ ਰੂਪ ਵਿਚ ਇਹ ਇਥੋਂ ਦੀ ਭੋਇੰ ਵਿਚ ਵਿਗਸਦੇ ਬੂਟੇ ਬੂਟੀਆਂ ਵਾਂਗ ਬਹੁ-ਰੰਗੀ ਹੈ। ਹਰ ਘਰ ਘਰ ਤੇ ਪਿੰਡ ਪਿੰਡ ਵਿਚੋਂ ਕਈ ਪੁਸਤਕਾਂ ਦੀ ਸਮਿਗਰੀ ਸਹਿਜੇ ਹੀ ਇਕੱਤਰ ਕੀਤੀ ਜਾ ਸਕਦੀ ਹੈ। ਇਥੇ ਹੀ ਬਸ ਨਹੀਂ, ਕਿਸੇ ਅਤੀਤ ਨਾਲ ਜੁੜੇ ਬ੍ਰਿਧ ਵਿਅੱਕਤੀ ਨੂੰ ਫੜ ਲਓ, ਪੂਰੀ ਪੁਸਤਕ ਦੀ ਸਮਿਗਰੀ ਤੁਹਾਡੇ ਹੱਥ ਲਗ ਜਾਵੇਗੀ, ਪਰ ਦੁਖ ਦੀ ਗੱਲ ਹੈ ਕਿ ਅਸੀਂ ਹੁਣ ਤਕ ਇਨ੍ਹਾਂ ਖਲਵਾੜਿਆਂ ਵਿਚ ਕੁਝ ਛਜ ਹੀ ਭਰੇ ਹਨ। ਦੂਜੇ ਦੇਸ਼ਾਂ ਨੇ

ਜਿਥੇ ਲੋਕਧਾਰਾ ਦੇ ਵੱਖਰੇ ਵਿਸ਼ਵ-ਵਿਦਿਆਲੇ ਸਥਾਪਿਤ ਕਰ ਲਏ ਹਨ ਤੇ ਲੱਖਾਂ ਦੀ ਗਿਣਤੀ ਵਿਚ ਲੋਕ-ਗੀਤ, ਲੋਕ-ਕਹਾਣੀਆਂ, ਅਖਾਣ, ਬੁਝਾਰਤਾਂ ਤੇ ਕਾਵਿ-ਕਥਾਵਾਂ ਇਕੱਠੀਆਂ ਕਰ ਲਈਆਂ ਹਨ, ਉਥੇ ਅਸੀਂ ਕੁਝ ਕੁ ਸੌ ਲੋਕ-ਕਹਾਣੀਆਂ, ਹਜ਼ਾਰ ਕੁ ਦੇ ਲਗਪਗ ਲੋਕ-ਗੀਤ ਤੇ ਅੱਠ-ਦਸ ਹਜ਼ਾਰ ਅਖਾਣ ਆਦਿ ਹੀ ਇਕੱਠੇ ਕਰ ਕੇ ਤਸਕੀਨ ਨਾਲ ਬੈਠੇ ਹਾਂ।

ਵੱਡੇ ਦੁਖ ਦੀ ਗੱਲ ਤਾਂ ਇਹ ਹੈ ਕਿ ਅਜੇ ਤਕ ਅਸਾਂ ਵਿਗਿਆਨਕ ਵਿਧੀ ਨਾਲ ਪੰਜਾਬੀ ਦਾ ਲੋਕ-ਸਾਹਿੱਤ ਇਕੱਤਰ ਹੀ ਨਹੀਂ ਕੀਤਾ। ਭਾਸ਼ਾ ਵਿਭਾਗ ਨੇ ਟੇਪ-ਰਿਕਾਰਡਾਂ ਤੇ ਹੋਰ ਵਿਗਿਆਨਕ ਉਪਕਰਣਾਂ ਨਾਲ ਪੰਜਾਬ ਦੇ ਕੁਝ ਪਿੰਡਾਂ ਤੇ ਖੇਤਰਾਂ ਵਿਚੋਂ ਲੋਕ-ਗੀਤ, ਕਥਾਵਾਂ, ਅਖਾਣ ਤੇ ਲੋਕ-ਧਾਰਾ ਇਕੱਤਰ ਕਰਨ ਦੀ ਕੋਸ਼ਿਸ਼ ਕੀਤੀ ਹੈ ਤੇ ਇਹ ਉੱਦਮ ਬੜਾ ਸ਼ਲਾਘਾਯੋਗ ਹੈ, ਪਰ ਇਹ ਭਰੀ ਪਟਾਰੀ ਵਿਚੋਂ ਇਕ ਪੂਣੀ ਛੂਹਣੀ ਹੈ। ਇਸ ਕੰਮ ਲਈ ਤਾਂ ਪੰਜਾਬ ਵਿਚ ਕੋਈ ਵੱਖਰਾ ਵਿਸ਼ਵ-ਵਿਦਿਆਲਾ ਨੀਯਤ ਕੀਤਾ ਜਾਣਾ ਚਾਹੀਦਾ ਹੈ।

ਪੰਜਾਬੀਆਂ ਦੇ ਲੋਕ-ਜੀਵਨ ਵਿਚ ਸਮਾਜਿਕ ਤੇ ਸਾਂਸਕ੍ਰਿਤਕ ਪੱਖ ਤੋਂ ਬੜੇ ਪਰਿਵਰਤਨ ਆਏ ਹਨ ਤੇ ਇਨ੍ਹਾਂ ਦੇ ਜੀਵਨ ਦੀ ਨੁਹਾਰ ਬਦਲਦੀ ਜਾ ਰਹੀ ਹੈ। ਲੋਕ-ਸਾਹਿੱਤ ਦੀ ਖਿੰਡੀ ਸਮਿਗਰੀ ਅਨੁਕੂਲ ਵਾਤਾਵਰਨ ਦੇ ਨਾ ਰਹਿਣ ਕਰ ਕੇ ਨਾਸ ਹੁੰਦੀ ਜਾ ਰਹੀ ਹੈ। ਜੇ ਅਸਾਂ ਹੁਣ ਵੀ ਪੂਰੀ ਲਗਨ ਨਾਲ ਇਸ ਖਿੰਡੀ ਸਮਿਗਰੀ ਨੂੰ ਨਾ ਸੰਭਾਲਿਆ ਤਾਂ ਇਸ ਦੇ ਸਦਾ ਲਈ ਗਵਾਚ ਜਾਣ ਦਾ ਡਰ ਹੈ, ਉਸੇ ਤਰ੍ਹਾਂ ਜਿਵੇਂ ਸਮੇਂ ਸਿਰ ਅਸਾਂ ਪੰਜਾਬੀ ਦੀਆਂ ਹੱਥ-ਲਿਖਤਾਂ ਇਕੱਠੀਆਂ ਨਾ ਕਰ ਕੇ ਪੁਰਾਤਨ ਪੰਜਾਬੀ ਸਾਹਿੱਤ ਦਾ ਇਕ ਵਡੇਰਾ ਭਾਗ ਗੰਵਾ ਬੈਠੇ ਹਾਂ।

## (ਲ-82) ਲੋਕ-ਕਹਾਣੀਆਂ :

(ਵੇਖੋ : ਬਾਤਾਂ)।

## (ਲ-83) ਲੋਕ-ਕਲਾ :

ਸਰੀਰਕ ਲੋੜਾਂ ਵਾਂਗ, ਮਨੁੱਖ ਦੀਆਂ ਕੁਝ ਮਾਨਸਿਕ ਲੋੜਾਂ ਵੀ ਹਨ, ਜਿਨ੍ਹਾਂ ਦੀ ਤ੍ਰਿਪਤੀ ਸੁਹਜ ਰਸ ਨਾਲ ਹੁੰਦੀ ਹੈ। ਸੁਹਜ ਨੂੰ ਮਾਨਣ ਦੀ ਇੱਛਾ ਨੇ ਕਲਾ ਨੂੰ ਜਨਮ ਦਿਤਾ। ਉਹ ਕਲਾ, ਜਿਸ ਨੂੰ ਆਦਿ ਕਾਲ ਤੋਂ ਅਨੇਕਾਂ ਕਿਰਤੀਆਂ ਨੇ, ਆਪਣੇ ਅਨੁਭਵ ਨਾਲ ਸਿੰਝ ਕੇ ਰਸਾਇਆ, ਪਕਾਇਆ ਤੇ ਨਿਖਾਰਿਆ ਹੈ ਅਤੇ ਜੋ ਪਰੰਪਰਾ ਦੀ ਧਾਰਾ ਦਾ ਅੰਗ ਬਣ ਕੇ ਵਿਗਸੀ ਤੇ ਲੋਕ-ਕਲਾ ਅਖਵਾਈ।

ਲੋਕ-ਕਲਾ ਦੀ ਵੱਡੀ ਸਿਫਤ ਇਹ ਹੈ ਕਿ ਇਹ ਸੁਹਜ ਰਸ ਤ੍ਰਿਪਤੀ ਕਰਨ ਦੇ ਨਾਲ ਉਪਯੋਗੀ ਹੁੰਦੀ ਹੈ ਅਤੇ ਜੀਵਨ ਵਿਚ ਸਹਿਜ ਰੂਪ ਵਿਚ ਰਚੀ ਹੁੰਦੀ ਹੈ।

ਲੋਕ-ਕਲਾ ਜੀਵਨ ਦੀਆਂ ਲੋੜਾਂ ਵਿਚੋਂ ਉਪਜੀ ਹੋਣ ਕਰ ਕੇ ਜਨ-ਜੀਵਨ ਤੇ ਸਭਿਆਚਾਰ ਨਾਲ ਇਕ ਰਸ ਹੁੰਦੀ ਹੈ। ਇਸ ਦਾ ਸੁਹਜ ਤੇ ਫਬਨ ਜਾਤੀ ਦੀਆਂ ਕਲਾ ਰੁਚੀਆਂ ਦਾ ਬੋਧਿਕ ਹੈ। ਲੋਕ-ਕਲਾ ਪਿੰਡਾਂ ਦੇ ਅਲ੍ਹੜ ਲੋਕਾਂ ਦੀਆਂ ਅੰਤ੍ਰੀਵ ਖ਼ਵਾਹਿਸ਼ਾਂ, ਭਾਵਨਾਵਾਂ ਤੇ ਤਜਰਬਿਆਂ ਦਾ ਸੁਭਾਵਕ ਪ੍ਰਗਟਾਵਾ ਹੈ ਅਤੇ ਇਸ ਵਿਚ ਸਦੀਆਂ ਤੋਂ ਚਲੀਆਂ ਆ ਰਹੀਆਂ ਕਲਾ ਰੁਚੀਆਂ ਸਹਿਜ ਭਾਵ ਵਿਚ ਹੀ ਪ੍ਰਫੁਲਤ ਹੁੰਦੀਆਂ ਰਹੀਆਂ ਹਨ। ਪੀੜ੍ਹੀਆਂ ਦਾ ਅਨੁਭਵ ਖੁਰ ਖੁਰ ਕੇ ਇਸ ਕਲਾ ਨੂੰ ਨਿਖਾਰਦਾ ਤੇ ਸੰਵਾਰਦਾ ਹੈ। ਭਾਵੇਂ ਵੇਖਣ ਵਿਚ ਲੋਕ-ਕਲਾ ਸਾਦਾ ਜਿਹੀ ਲਗਦੀ ਹੈ, ਪਰ ਇਸ ਵਿਚ ਕਲਾ ਦੀ ਇਕ ਪ੍ਰਬਲ ਕਣੀ ਹੁੰਦੀ ਹੈ, ਜੋ ਇਸ ਦੀ ਛਬੀ ਨੂੰ ਮਨਮੋਹਣਾ ਤੇ ਪ੍ਰਭਾਵਸ਼ਾਲੀ ਬਣਾਉਂਦੀ ਹੈ।

ਲੋਕ ਕਲਾ ਘਰਾਂ ਦਾ ਸੁਹਜ ਤੇ ਸ਼ਿੰਗਾਰ ਹੈ, ਹਰ ਮਨੁੱਖ ਵਿਚ ਜਨਮ ਤੋਂ ਹੀ ਸੁੰਦਰਤਾ ਦੀ ਭੁਖ ਹੁੰਦੀ ਹੈ ਤੇ ਇਸ ਦੀ ਤ੍ਰਿਪਤੀ ਸਾਧਾਰਨ ਜੀਵਨ ਵੇਗ ਵਿਚ ਲੋਕ-ਕਲਾ ਹੀ ਕਰਦੀ ਹੈ। ਨਿਤ ਵਰਤੋਂ ਦੀਆਂ ਚੀਜ਼ਾਂ ਨੂੰ ਲੋਕ-ਕਲਾ ਇਕ ਜਲੌ ਬਖ਼ਸ਼ਦੀ ਹੈ ਅਤੇ ਸਾਧਾਰਨ ਤੋਂ ਅਸਾਧਾਰਨ ਬਣਾ ਦੇਂਦੀ ਹੈ। ਘਰਾਂ ਵਿਚ ਵਰਤੀਂਦੇ ਖੇਸ, ਦਰੀਆਂ, ਗਾਲੀਚੇ ਅਤੇ ਫੁੱਲਕਾਰੀਆਂ ਵਿਚ ਰੰਗਾਂ, ਪੈਟਰਨਾਂ ਤੇ ਕਲਾ-ਰੂੜ੍ਹੀਆਂ ਦੁਆਰਾ ਲਕੜੀ ਜਾਂ ਦੰਦ-ਖੰਡ ਦੀਆਂ ਬਣੀਆਂ ਘਰੋਗੀ ਵਰਤੋਂ ਦੀਆਂ ਕਲਾ-ਕਿਰਤਾਂ ਵਿਚ ਰੂਪ ਤੇ ਨਿਕਾਸ਼ੀ ਨਾਲ ਵੰਨ-ਸਵੰਨੇ ਗਹਿਣਿਆਂ ਦੇ ਪੈਟਰਨਾਂ ਤੇ ਕਲਾ-ਛਬੀਆਂ ਤੇ ਸੁਹਜ ਨਾਲ, ਮਿੱਟੀ ਜਾਂ ਧਾਤ ਦੇ ਬਣੇ ਬਰਤਨਾਂ ਵਿਚ, ਕੰਧਾਂ ਉਤੇ ਉਕਰੇ ਦੇਵੀ ਦੇਵਤਿਆਂ, ਜਨੌਰਾਂ ਤੇ ਫੁੱਲਾਂ ਦੇ ਚਿੱਤਰਾਂ ਨਾਲ ਮਿੱਟੀ ਜਾਂ ਪੱਥਰ ਦੀਆਂ ਬਣਾਈਆਂ ਮੂਰਤੀਆਂ ਰਾਹੀਂ ਇਹ ਕਲਾ ਸਾਡੇ ਜੀਵਨ ਵਿਚ ਸੁਹਜ ਖਿਲਾਰਦੀ ਹੈ ਤੇ ਸਾਡੀਆਂ ਕਲਾ-ਰੁਚੀਆਂ ਨੂੰ ਸੰਤੁਸ਼ਟ ਕਰਨ ਦੇ ਨਾਲ ਮਾਨਸਿਕ ਤੇ ਆਤਮਿਕ ਤ੍ਰਿਪਤੀ ਕਰਦੀ ਹੈ।

ਲੋਕ ਕਲਾ ਦਾ ਮੁਢ ਵੀ ਬੋਲੀ ਜਾਂ ਲਿਪੀ ਵਾਂਗ ਦੈਵੀ ਹੈ। ਕਿਹਾ ਜਾਂਦਾ ਹੈ ਕਿ ਸੰਸਾਰ ਦੇ ਮੁਢ ਵਿਚ, ਭੈਆਜੀਤ ਨਾਂ ਦਾ ਇਕ ਸਤਵਾਦੀ ਰਾਜਾ ਹੋਇਆ, ਜੋ ਪੂਜਾ ਪਾਠ ਤੇ ਤਪਸਿਆ ਦੇ ਨਾਲ ਨਾਲ, ਲੋਕਾਂ ਦੇ ਸੁਖ ਸਾਧਨਾਂ ਲਈ ਸੋਚਦਾ ਰਹਿੰਦਾ। ਉਸ ਨੇ ਆਪਣੀ ਨਗਰੀ ਨੂੰ ਸਵਰਗ ਵਾਂਗ ਖ਼ੁਸ਼ਹਾਲ ਬਣਾਇਆ ਹੋਇਆ ਸੀ। ਇਸੇ ਨਗਰੀ ਵਿਚ ਇਕ ਨੇਕ ਬ੍ਰਾਹਮਣ ਰਹਿੰਦਾ ਸੀ, ਜਿਸ ਦੇ ਘਰ ਇਕੋ ਇਕ ਸਹਿਕ-ਸਕੀਵਾਂ ਬੱਚਾ ਸੀ। ਇਸ ਬ੍ਰਾਹਮਣ ਨੇ, ਉਸ ਦੀ ਲੰਮੀ ਆਯੂ ਲਈ ਸਾਰੇ ਸੰਸਕਾਰ, ਧਰਮ ਮਰਯਾਦਾ ਅਨੁਸਾਰ ਕੀਤੇ ਸਨ, ਪਰ ਫਿਰ ਵੀ ਅਚਾਨਕ ਇਸ ਬੱਚੇ

ਦੀ ਮੌਤ ਹੋ ਗਈ । ਇਸ ਤੋਂ ਪਹਿਲਾਂ, ਇਸ ਨਗਰੀ ਵਿਚ ਕਦੇ ਕੋਈ ਬੱਚਾ ਛੋਟੀ ਉਮਰ ਵਿਚ ਨਹੀਂ ਸੀ ਮਰਿਆ, ਲੋਕੀਂ ਖਾ ਹੰਢਾ ਕੇ ਮਰਦੇ ਸਨ । ਸੋ, ਲੋਕਾਂ ਕਿਹਾ ਕਿ ਇਸ ਨਗਰੀ ਵਿਚ ਜ਼ਰੂਰ ਕੋਈ ਅਜਿਹਾ ਉੱਪਧਰ ਹੋਇਆ ਹੈ, ਜਿਸ ਕਰਕੇ ਬੱਚੇ ਦੀ ਮੌਤ ਹੋ ਗਈ ਹੈ । ਰਾਜੇ ਨੂੰ ਬੜਾ ਦੁੱਖ ਹੋਇਆ ਤੇ ਉਸ ਨੇ ਪੂਜਾ ਪਾਠ ਤੇ ਤਪਾਂ ਦੁਆਰਾ ਇਕੱਠੀ ਕੀਤੀ ਸ਼ਕਤੀ ਨਾਲ ਜਮਦੂਤਾਂ ਦੇ ਕੰਮ ਵਿਚ ਵਿਘਨ ਪਾਇਆ । ਜਦੋਂ ਬ੍ਰਹਮਾ ਦੇਵਤੇ ਨੂੰ ਇਸ ਗੱਲ ਦੀ ਖ਼ਬਰ ਹੋਈ ਤਾਂ ਉਹ ਖ਼ੁਦ ਮਾਤ ਲੋਕ ਵਿਚ ਆਏ ਅਤੇ ਰਾਜੇ ਨੂੰ ਦਸਿਆ ਕਿ ਬੱਚੇ ਦੀ ਮੌਤ ਦਾ ਕਾਰਨ, ਉਸ ਦੇ ਪਿਛਲੇ ਜਨਮ ਦੇ ਕੁਕਰਮ ਹਨ, ਪਰ ਰਾਜੇ ਨੇ ਇਸ ਗੱਲ ਉਤੇ ਵਿਸ਼ਵਾਸ ਨਾ ਕੀਤਾ । ਉਸ ਨੇ ਬ੍ਰਹਮਾ ਅਗੇ ਬੜੇ ਵਾਸਤੇ ਪਾਏ । ਜਦੋਂ ਬ੍ਰਹਮਾ ਨੂੰ ਕੋਈ ਰਾਹ ਨਾ ਦਿਸਿਆ ਤਾਂ ਉਸ ਨੇ ਬੱਚੇ ਵਿਚ ਮੁੜ ਜਾਨ ਫੂਕਣੀ ਚਾਹੀ, ਪਰ ਉਦੋਂ ਤਕ ਬੱਚੇ ਦਾ ਮੁਰਦਾ ਸਰੀਰ ਸੜ ਗਲ ਗਿਆ ਸੀ । ਸੋ, ਬ੍ਰਹਮਾ ਨੇ ਰਾਜੇ ਨੂੰ ਕਿਹਾ ਕਿ ਕਿਸੇ ਸ਼ਿਲਪੀ ਤੋਂ ਬੱਚੇ ਦੀ ਮੂਰਤੀ ਬਣਾਈ ਜਾਵੇ । ਰਾਜੇ ਦਾ ਕੋਈ ਵੀ ਸ਼ਿਲਪੀ ਮੂਰਤੀ ਨਾ ਬਣਾ ਸਕਿਆ, ਅਖ਼ੀਰ ਬ੍ਰਹਮਾ ਨੇ ਵਿਸ਼ਵਕਰਮਾ ਨੂੰ ਸੱਦਿਆ ਤੇ ਉਸ ਵਿਚ ਆਪਣੀ ਸਿਰਜਨਾ ਸ਼ਕਤੀ ਦਾ ਕੁਝ ਅੰਸ਼ ਸਿੰਚਿਆ । ਵਿਸ਼ਵਕਰਮਾ ਨੇ ਮਿੱਟੀ ਨੂੰ ਗੁੰਨ੍ਹ ਕੇ, ਬੱਚੇ ਦੀ ਮੂਰਤੀ ਬਣਾਈ, ਜੋ ਅਸਲ ਨਾਲ ਇਨ ਬਿਨ ਮੇਲ ਖਾਂਦੀ ਸੀ । ਇਹ ਸੰਸਾਰ ਦੀ ਪਹਿਲੀ ਕਲਾ-ਮੂਰਤੀ ਸੀ । ਬ੍ਰਹਮਾ ਨੇ ਇਸ ਮੂਰਤੀ ਵਿਚ ਜਾਨ ਪਾ ਦਿਤੀ । ਉਦੋਂ ਤੋਂ ਸੰਸਾਰ ਵਿਚ ਕਲਾ ਦਾ ਜਨਮ ਹੋਇਆ ।

ਪੰਜਾਬ ਦੀ ਲੋਕ-ਕਲਾ ਇਥੋਂ ਦੀ ਸੰਸਕ੍ਰਿਤੀ ਜਿਤਨੀ ਹੀ ਪੁਰਾਣੀ ਹੈ । ਇਥੋਂ ਦੀ ਕਲਾ ਨੂੰ ਵਿਗਸਣ ਤੇ ਨਿਖਰਣ ਦੇ ਪੂਰੇ ਮੌਕੇ ਨਹੀਂ ਮਿਲੇ । ਪੰਜਾਬ ਲੰਮੇ ਸਮੇਂ ਤਕ, ਮਧ-ਪੂਰਬ ਤੇ ਕੇਂਦਰੀ ਏਸ਼ੀਆ ਤੋਂ ਹੁੰਦੇ ਹੱਲਿਆਂ ਦਾ ਸ਼ਿਕਾਰ ਬਣਿਆ ਰਿਹਾ । ਜਿਸ ਕਰਕੇ ਇਥੋਂ ਦੇ ਲੋਕਾਂ ਦਾ ਜੀਵਨ ਹਮੇਸ਼ਾਂ ਹੀ ਇਤਨਾ ਕਰੜਾ ਤੇ ਅਸੁਰਖਿਅਤ ਰਿਹਾ ਕਿ ਉਨ੍ਹਾਂ ਨੂੰ ਅਕਸਰ ਕਲਾ ਦੇ ਵਿਕਾਸ ਲਈ ਟਿਕ ਕੇ ਕੰਮ ਕਰਨ ਦੇ ਮੌਕੇ ਘਟ ਮਿਲਦੇ ਰਹੇ । ਪੰਜਾਬ ਨੂੰ ਹਮੇਸ਼ਾਂ ਕਲਾਕਾਰਾਂ ਦੀ ਥਾਂ ਲੜਾਕੇ ਵੀਰਾਂ ਤੇ ਯੋਧਿਆਂ ਦੀ ਲੋੜ ਰਹੀ । ਇਸ ਲਈ, ਇਥੋਂ ਦੀ ਧਰਤੀ ਨੇ ਲੋਕ-ਕਲਾਕਾਰ ਪੈਦਾ ਕਰਨ ਦੀ ਥਾਂ ਸੂਰਮੇ ਪੈਦਾ ਕੀਤੇ ਅਤੇ ਇਹ ਲੋਕ ਸੁਹਜ ਨਾਲੋਂ ਸ਼ਕਤੀ ਦੇ ਵਧੇਰ ਪੁਜਾਰੀ ਰਹੇ । ਕਲਾ ਭਾਵੇਂ ਮਨੁੱਖੀ ਹਿਰਦੇ ਦੇ ਅੰਦਰਲੇ ਸੁਹਜ ਤੇ ਸੱਚ ਦਾ ਸਹਿਜ ਪ੍ਰਕਾਸ਼ ਹੈ, ਪਰ ਇਸ ਨੂੰ ਪ੍ਰਗਟ ਕਰਨ ਲਈ ਸ਼ਾਂਤ ਵਾਤਾਵਰਨ ਤੇ ਮਨ ਦੇ ਟਿਕਾਓ ਦੀ ਵੀ ਲੋੜ ਹੈ ਤੇ ਇਹ ਦੋਵੇਂ ਗੱਲਾਂ ਪੰਜਾਬੀਆਂ ਲਈ ਦੁਰਲਭ ਰਹੀਆਂ । ਪਰ ਫਿਰ ਵੀ, ਰੋਜ਼ਾਨਾ ਜੀਵਨ ਦੀਆਂ ਲੋੜਾਂ ਦੀ ਪੂਰਤੀ ਲਈ, ਜੋ ਚੀਜ਼ਾਂ ਬਣਦੀਆਂ ਰਹੀਆਂ, ਉਨ੍ਹਾਂ ਨੂੰ ਕਲਾ ਤੇ ਸੁਹਜ ਨਾਲ ਨਿਖਾਰਿਆ ਜਾਂਦਾ ਰਿਹਾ ਤੇ ਪਿੰਡਾਂ ਵਿਚ, ਲੋਕ-ਕਲਾ ਕਈ ਰੂਪਾਂ ਤੇ ਸ਼ੈਲੀਆਂ ਵਿਚ ਵਿਗਸਦੀ ਰਹੀ ।

ਪੰਜਾਬ ਦੀ ਲੋਕ-ਕਲਾ ਦੇ, ਸਭ ਤੋਂ ਪੁਰਾਣੇ ਨਮੂਨੇ ਹੜੱਪਾ ਤੇ ਰੋਪੜ ਦੀਆਂ ਪੁਰਾਣੀਆਂ ਥੇਹਾਂ ਦੀ ਖੁਦਾਈ ਵੇਲੇ ਮਿਲੇ । ਇਨ੍ਹਾਂ ਵਿਚੋਂ ਕੁਝ ਮਿੱਟੀ ਦੇ ਘੜੇ ਤੇ ਅੱਗ ਵਿਚ ਪਕੇ ਖਿਡੌਣੇ ਹਨ, ਜੋ ਘਰਾਂ ਵਿਚ ਸਜਾਵਟ ਲਈ ਵਰਤੇ ਜਾਂਦੇ ਸਨ । ਮੁਢਲੇ ਮਿਆਰ ਨੂੰ ਮੁਖ ਰਖਦਿਆਂ, ਇਹ ਖਿਡੌਣੇ ਲੋਕ-ਕਲਾ ਦੇ ਬੜੇ ਉੱਤਮ ਨਮੂਨੇ ਹਨ । ਗੁੰਨ੍ਹੀ ਹੋਈ ਮਿੱਟੀ ਵਿਚੋਂ ਸੁੰਦਰ ਅਕਾਰ ਨੂੰ, ਢਾਲਣਾ, ਭਾਵੇਂ ਸਾਧਾਰਨ ਜਿਹੀ ਕਲਾ ਸੀ, ਪਰ ਰਚਨਾਤਮਿਕ ਖੇਤਰ ਵਿਚ ਇਹ ਇਕ ਬੜਾ ਵੱਡਾ ਕਦਮ ਸੀ । ਕਲਪਨਾ ਨੂੰ ਮਿੱਟੀ ਵਿਚੋਂ ਉਭਾਰਨਾ, ਭਾਵਾਂ ਨੂੰ ਮਿੱਟੀ ਵਿਚ ਸਮੋ ਕੇ ਨਿਖਾਰਨਾ । ਹੜੱਪਾ ਤੇ ਰੋਪੜ ਵਿਚੋਂ ਕੁਝ ਹੋਰ ਕਲਾ-ਕਿਰਤੀਆਂ, ਠੀਕਰ ਮੋਹਰਾਂ ਤੇ ਦੇਵੀ ਦੀਆਂ ਮੂਰਤੀਆਂ ਵੀ ਮਿਲੀਆਂ ਹਨ, ਜਿਨ੍ਹਾਂ ਵਿਚ ਨਕਸ਼ ਨੁਹਾਰ, ਅਨੁਪਾਤ ਤੇ ਬਣਤਰ ਵਲ ਉਚੇਚਾ ਧਿਆਨ ਦਿਤਾ ਜਾਪਦਾ ਹੈ । ਇਨ੍ਹਾਂ ਦੀ ਕਲਾ ਬੜੀ ਪ੍ਰਭਾਵਸ਼ਾਲੀ ਹੈ । ਇਹ ਕਲਾ-ਕਿਰਤੀਆਂ ਦਰਾਵੜੀ ਸਭਿਅਤਾ ਦੀ ਰਹਿੰਦ ਮੰਨੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਧਰਤੀ ਨੇ ਆਪਣੀ ਕੁਖ ਵਿਚ ਸੰਭਾਲੀ ਰਖਿਆ । ਇਕ ਮੋਹਰ ਉਤੇ ਪਿੱਪਲ ਦੀ ਪੂਜਾ ਕਰ ਰਹੇ ਆਦਮੀ ਦੀ ਛਾਪ ਹੈ, ਕਈਆਂ ਮੋਹਰਾਂ ਉਤੇ ਬ੍ਰਿਛਾਂ, ਬੂਟਿਆਂ ਤੇ ਪਸ਼ੂਆਂ ਦੇ ਚਿਤ੍ਰ ਹਨ । ਇਨ੍ਹਾਂ ਮੂਰਤੀਆਂ ਵਿਚੋਂ ਕੁਝ ਮੂਰਤੀਆਂ ਤੀਵੀਆਂ ਦੀਆਂ ਹਨ ਜੋ ਗਹਿਣਿਆਂ ਨਾਲ ਬੜੀਆਂ ਹੋਈਆਂ ਹਨ । ਮੂਰਤੀਆਂ ਭਾਵੇਂ ਸਾਧਾਰਨ ਹਨ, ਪਰ ਇਨ੍ਹਾਂ ਵਿਚ ਕਲਾ ਦੀ ਅਜਿਹੀ ਕਣੀ ਹੈ ਜੋ ਮਨ ਨੂੰ ਖਿਚਦੀ ਹੈ । ਠੀਕਰ ਮੋਹਰਾਂ ਉਤੇ ਘੋੜਾ, ਕੁੱਤਾ, ਭੇਡ, ਸੂਰ, ਝੋਟਾ, ਬਲਦ ਤੇ ਸ਼ੇਰ ਆਦਿ ਜਾਨਵਰਾਂ ਦੇ ਚਿਤ੍ਰ ਉਕਰੇ ਹੋਏ ਹਨ ਤੇ ਇਨ੍ਹਾਂ ਦੀ ਮੂਰਤੀ-ਕਲਾ ਬੜੀ ਉਚੇ ਪੱਧਰ ਦੀ ਹੈ । ਇਹ ਠੀਕਰ ਮੋਹਰਾਂ ਉਤੇ ਉਕਰੇ ਪਸ਼ੂ-ਚਿੰਨ੍ਹ ਇਨ੍ਹਾਂ ਦੇ ਰਚਨਹਾਰਿਆਂ ਦੇ ਪੁਰਖਿਆਂ ਦੇ ਚਿੰਨ੍ਹ ਜਾਪਦੇ ਹਨ । ਇਕ ਮੋਹਰ ਉਤੇ ਇਕ ਮਨੁੱਖ ਪਿੱਪਲ ਦੇ ਬ੍ਰਿਛ ਅਗੇ ਗੋਡਿਆਂ ਦੇ ਭਾਰ ਹੋ ਕੇ ਮੱਥਾ ਟੇਕ ਰਿਹਾ ਹੈ । ਇਕ ਹੋਰ ਮੋਹਰ ਵਿਚ ਇਕ ਤਪਸਵੀ ਤੱਪ ਕਰਦਾ ਵਿਖਾਇਆ ਹੈ ਤੇ ਉਸ ਦੇ ਆਸ ਪਾਸ ਅਨੇਕਾਂ ਜੰਗਲੀ ਜਾਨਵਰ ਘੇਰਾ ਪਾਈ ਬੈਠੇ ਹਨ ।

ਮੂਰਤੀ ਕਲਾ ਵਿਚ ਪੰਜਾਬ ਦੀ ਗੰਧਾਰ ਸ਼ੈਲੀ ਬੜੀ ਪ੍ਰਸਿਧ ਹੈ । ਇਹ ਮੂਲ ਵਿਚ ਲੋਕ-ਸ਼ੈਲੀ ਸੀ ਜੋ ਯੂਨਾਨੀ ਤੇ ਈਰਾਨੀ ਸ਼ੈਲੀਆਂ ਦੇ ਪ੍ਰਭਾਵ ਹੇਠ, ਬੁਧ ਕਾਲ ਵਿਚ ਨਿਖਰੀ ।

ਇਸ ਕਲਾ ਦਾ ਉਭਾਰ ਭਾਰਤ ਦੇ ਉਤਰ ਪੱਛਮੀ ਸੀਮਾ ਦੇ ਉਸ ਖੇਤਰ ਵਿਚ ਹੋਇਆ, ਜਿਸ ਨੂੰ ਗੰਧਾਰ-ਪ੍ਰਦੇਸ਼ ਕਿਹਾ ਜਾਂਦਾ ਸੀ, ਇਸੇ ਤੋਂ ਇਸ ਸ਼ੈਲੀ ਦਾ ਨਾਂ 'ਗੰਧਾਰ ਸ਼ੈਲੀ' ਪਿਆ। ਪਿਸ਼ਾਵਰ ਤੇ ਟੈਕਸਲਾ ਇਸ ਦੇ ਗੜ੍ਹ ਸਨ। ਗੰਧਾਰ ਸ਼ੈਲੀ ਦੀ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਮੂਰਤੀਆਂ ਵਿਚ ਨਕਸ਼ਾਂ ਤੇ ਅੰਗਾਂ ਨੂੰ ਬੜੀ ਮਿਹਨਤ ਨਾਲ ਘੜਿਆ ਤੇ ਨਿਖਾਰਿਆ ਜਾਂਦਾ ਹੈ। ਚਿਹਰੇ ਦੇ ਸਾਰੇ ਨਕਸ਼ ਉਭਰੇ ਹੁੰਦੇ ਹਨ। ਗੰਧਾਰ ਸ਼ੈਲੀ ਦੀਆਂ ਕਈ ਕਲਾ ਕਿਰਤੀਆਂ ਲਾਹੌਰ ਤੇ ਪਿਸ਼ਾਵਰ ਦੇ ਅਜਾਇਬਘਰਾਂ ਵਿਚ ਮਿਲਦੀਆਂ ਹਨ।

ਚਿਤ੍ਰਕਲਾ ਵਿਚ ਪਹਾੜੀ ਕਲਮ ਹੀ ਸਭ ਤੋਂ ਵਧ ਨਿਖਰੀ ਤੇ ਵਿਗਸੀ ਹੈ, ਖ਼ਾਸ ਤੌਰ ਉਤੇ ਕਾਂਗੜਾ ਕਲਮ ਦੇ ਚਿਤ੍ਰ। ਕਾਂਗੜਾ ਇਕ ਤਾਂ ਪੰਜਾਬ ਦੀਆਂ ਨਿਤ ਦੀਆਂ ਉਪਰਥਲੀਆਂ ਤੋਂ ਬਚਿਆ ਰਿਹਾ ਹੈ ਤੇ ਇਥੇ ਕਲਾ ਦੇ ਸਿਰਜਣ ਤੇ ਵਿਗਸਣ ਦੇ ਸਾਰੇ ਅਵਸਰ ਪ੍ਰਾਪਤ ਰਹੇ। ਦੂਜਾ, ਇਥੋਂ ਦੇ ਪ੍ਰਾਕ੍ਰਿਤਕ ਦ੍ਰਿਸ਼ ਲੋਕ-ਕਲਾਕਾਰਾਂ ਦੀਆਂ ਭਾਵਨਾਵਾਂ ਨੂੰ ਹਲੂਣਦੇ ਰਹੇ। ਪਹਾੜੀ ਸਕੂਲ ਦੀਆਂ ਪ੍ਰਮੁੱਖ ਕਲਾ ਕਿਰਤੀਆਂ ਵਿਚ ਕ੍ਰਿਸ਼ਨ ਲੀਲਾ ਤੇ ਰਾਗਮਾਲਾ ਦੇ ਚਿਤ੍ਰ ਮਿਲਦੇ ਹਨ। ਹਰ ਰਾਗ ਨੂੰ ਅਕਾਰ ਤੇ ਰੰਗਾਂ ਦੁਆਰਾ ਚਿਤਰਿਆ ਗਿਆ ਹੈ, ਜੋ ਆਪਣੀ ਕਿਸਮ ਦੀ ਅਨੋਖੀ ਚੀਜ਼ ਬਣੀ ਹੈ। ਰਾਗ ਜੀਵਨ ਨਾਲ ਇਕ ਰਸ ਹੋਏ ਲਗਦੇ ਹਨ ਤੇ ਆਪਣੇ ਨਿਵੇਕਲੇ ਰੰਗ ਤੇ ਰਸ ਵਿਚ ਪ੍ਰਕਾਸ਼ ਹੋਏ ਹਨ।

ਪੰਜਾਬ ਵਿਚ ਕੁਝ ਜਾਤੀਆਂ ਨੇ ਪੀੜ੍ਹੀਆਂ ਦੇ ਅਨੁਭਵ ਖੋਰ ਕੇ, ਕੁਝ ਉਪਯੋਗੀ ਲੋਕ-ਕਲਾਵਾਂ ਨੂੰ ਨਿਖਾਰਿਆ ਤੇ ਪਾਲਿਆ ਹੈ। ਪੁਰਖੀ ਕਿੱਤੇ ਨੂੰ ਅਪਨਾਣ ਦੀ ਰੁਚੀ ਨੇ, ਇਨ੍ਹਾਂ ਲੋਕ-ਕਲਾਵਾਂ ਨੂੰ ਪਕਾਣ ਰਸਾਣ ਵਿਚ, ਚੋਖਾ ਹਿੱਸਾ ਪਾਇਆ ਹੈ। ਲਹੂ ਮਾਸ ਵਿਚ ਰਚਿਆ, ਪੁਰਖਾਂ ਦਾ ਅਨੁਭਵ, ਇਨ੍ਹਾਂ ਕਲਾਵਾਂ ਵਿਚ ਪੀੜ੍ਹੀ ਦਰ ਪੀੜ੍ਹੀ ਨਿਖਾਰ ਲਿਆਉਂਦਾ ਰਿਹਾ। ਇਹ ਅਸਲੀ ਸ਼ਬਦਾਂ ਵਿਚ, ਲੋਕ-ਕਲਾਕਾਰ ਸਨ, ਜੋ ਯੁਗਾਂ ਦੇ ਅਨੁਭਵ ਨੂੰ ਖ਼ੂਨ ਵਿਚ ਰਚਾਈ ਬੈਠੇ ਸਨ। ਘੁਮਿਆਰ ਚੱਕ ਉਤੇ ਉਦੋਂ ਦਾ ਭਾਂਡੇ ਘੜਦਾ ਆ ਰਿਹਾ ਹੈ, ਜਦੋਂ ਤੋਂ ਵਿਸ਼ਵਕਰਮਾ ਨੇ ਉਸ ਨੂੰ ਭਾਂਡੇ ਘੜਨ ਲਈ ਚੱਕ ਬਣਾ ਕੇ ਦਿਤਾ। ਉਹ ਸਿਰਫ਼ ਭਾਂਡੇ ਘੜਦਾ ਹੀ ਨਹੀਂ, ਉਨ੍ਹਾਂ ਨੂੰ ਕਈ ਰੂਪਾਂ ਤੇ ਸ਼ੈਲੀਆਂ ਵਿਚ ਸਿਰਜਦਾ, ਉਸ ਵਿਚ ਕਲਾ ਤੇ ਸੁਹਜ ਰਚਾਂਦਾ ਰਿਹਾ ਹੈ। ਭਾਂਡਿਆਂ ਉਤੇ ਵੇਲ ਬੂਟਿਆਂ ਨੂੰ ਚਿਤਰ ਕੇ ਉਹ ਘੁਮਿਆਰ ਉਨ੍ਹਾਂ ਦੇ ਬਾਹਰਲੇ ਸਰੂਪ ਨੂੰ ਵੀ ਨਿਖਾਰਦਾ ਰਿਹਾ ਹੈ। ਮੁਸਲਮਾਨਾਂ ਦੇ ਆਉਣ ਨਾਲ ਕੁੰਭਕਾਰੀ ਦੀ ਕਲਾ ਕਾਫ਼ੀ ਵਿਗਸੀ ਤੇ ਪ੍ਰਫੁਲਤ ਹੋਈ। ਕਿਉਂ ਜੋ ਮੁਸਲਮਾਨ ਧਾਤ ਦੇ ਭਾਂਡਿਆਂ ਨਾਲੋਂ ਮਿੱਟੀ ਦੇ ਭਾਂਡੇ ਵਧੇਰੇ ਵਰਤਦੇ ਹਨ। ਹਿੰਦੂ ਧਰਮ ਸ਼ਾਸਤਰਾਂ ਅਨੁਸਾਰ ਮਿੱਟੀ ਦੇ ਬਰਤਨ, ਸੂਤਕ ਪਾਤਕ ਵਿਚ, ਝਟ ਭਿਟ ਜਾਂਦੇ ਹਨ। ਉਂਜ ਵੀ ਹਿੰਦੂਆਂ ਵਿਚ, ਮਿੱਟੀ ਦੇ ਭਾਂਡਿਆਂ ਨੂੰ, ਭਾਵੇਂ ਉਹ ਖ਼ਰਾਬ ਨਾ ਵੀ ਹੋਏ ਹੋਣ, ਬਹੁਤੀ ਦੇਰ ਤਕ ਵਰਤਿਆ ਨਹੀਂ ਜਾਂਦਾ ਤੇ ਕਮੀ ਕਮੀਣਾਂ ਨੂੰ ਦੇ ਦਿਤੇ ਜਾਂਦੇ ਹਨ, ਪਰ ਇਸ ਦੇ ਉਲਟ ਮੁਸਲਮਾਨਾਂ ਵਿਚ ਧਾਤ ਦੇ ਭਾਂਡਿਆਂ ਨਾਲੋਂ ਮਿੱਟੀ ਦੇ ਭਾਂਡੇ ਵਧੇਰੇ ਵਰਤੇ ਜਾਂਦੇ ਹਨ, ਕਿਉਂ ਜੋ ਮੁਸਲਮਾਨੀ ਲੋਕਧਾਰਾ ਅਨੁਸਾਰ ਜਿਸ ਘਰ ਵਿਚ, ਮਿੱਟੀ ਦੇ ਬਰਤਨ ਹੋਣਗੇ, ਉਥੇ ਫ਼ਰਿਸ਼ਤੇ ਬੜੇ ਚਾਉ ਤੇ ਰੀਝ ਨਾਲ ਫੇਰੇ ਪਾਉਂਦੇ ਹਨ।

ਸੋ ਮੁਸਲਮਾਨੀ ਵਿਸ਼ਵਾਸਾਂ ਨੇ ਕੁੰਭਕਾਰੀ ਦੀ ਕਲਾ ਨੂੰ ਵਿਗਸਣ ਵਿਚ ਚੋਖਾ ਹਿੱਸਾ ਪਾਇਆ। ਪਹਿਲਾਂ ਪੰਜਾਬ ਦੇ ਮਿੱਟੀ ਦੇ ਭਾਂਡੇ ਰੋਗਨੀ ਨਹੀਂ ਸਨ ਹੁੰਦੇ, ਰੋਗਨੀ ਤੇ ਰੰਗਦਾਰ ਬਰਤਨਾਂ ਦਾ ਰਵਾਜ ਮੁਸਲਮਾਨਾਂ ਦੇ ਵੇਲੇ ਪਿਆ ਤੇ ਇਹ ਕਲਾ ਮੂਲ ਵਿਚ ਈਰਾਨੀ ਹੈ।

ਗੁਜਰਾਤ ਵਿਚ ਕੁੰਭਕਾਰੀ ਕਲਾ ਮੁਗ਼ਲਾਂ ਦੇ ਰਾਜ ਵੇਲੇ ਸਿਖਰ ਉਤੇ ਸੀ। ਇਥੋਂ ਦੇ ਘੁਮਿਆਰ ਇਕ ਖ਼ਾਸ ਤਰ੍ਹਾਂ ਦੀ ਮਿੱਟੀ ਨੂੰ ਕਈ ਵਾਰ ਪਾਣੀ ਵਿਚ ਧੋ ਧੋ ਕੇ ਇਕ ਬੜੀ ਸੂਖਮ ਕਿਸਮ ਦੀ ਮਿੱਟੀ ਤਿਆਰ ਕਰਦੇ ਸਨ, ਜਿਸ ਤੋਂ ਬੜੇ ਸੁੰਦਰ ਕਾਗਜ਼ ਵਰਗੇ ਪਤਲੇ, ਪਰ ਫ਼ੌਲਾਦ ਵਾਂਗ ਮਜ਼ਬੂਤ ਭਾਂਡੇ ਬਣਾਏ ਜਾਂਦੇ ਸਨ, ਇਹ ਕਾਗਜ਼ੀ ਬਰਤਨ ਕਿਸੇ ਸਮੇਂ ਕਾਬਲ ਦੇ ਮਹਿਲਾਂ ਦਾ ਸ਼ਿੰਗਾਰ ਹੋਇਆ ਕਰਦੇ ਸਨ। ਪੰਜਾਬ ਵਿਚ ਅਮੀਰਾਂ ਤੇ ਨਵਾਬਾਂ ਦੇ ਘਰਾਂ ਅਤੇ ਸ਼ਾਹੀ ਘਰਾਣਿਆਂ ਵਿਚ ਇਹੋ ਬਰਤਨ ਵਰਤੇ ਜਾਂਦੇ ਸਨ। ਸੋਹਣੀ ਦਾ ਆਸ਼ਕ ਮਿਰਜ਼ਾ ਇਜ਼ਤ ਬੇਗ ਇਨ੍ਹਾਂ ਭਾਂਡਿਆਂ ਨੂੰ ਖ਼ਰੀਦਣ ਲਈ ਹੀ ਕਾਬਲ ਤੋਂ ਗੁਜਰਾਤ ਆਇਆ ਸੀ।

ਬਰਤਨਾਂ ਤੋਂ ਬਿਨਾਂ ਘੁਮਿਆਰ ਬੱਚਿਆਂ ਲਈ ਮਿੱਟੀ ਦੇ ਸੁੰਦਰ ਖਿਡੌਣੇ ਤੇ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਵੀ ਘੜਦਾ ਹੈ, ਜਿਸ ਨੂੰ ਰੰਗਾਂ ਵਿਚ ਸਜਾ ਸ਼ਿੰਗਾਰ ਕੇ ਉਹ ਅਨੁਪਮ ਕਲਾ ਕਿਰਤੀਆਂ ਬਣਾ ਦੇਂਦਾ ਹੈ। ਇਹ ਖਿਡੌਣੇ ਦੀਵਾਲੀ ਦੇ ਮੇਲੇ ਉਤੇ ਸਭ ਤੋਂ ਵਧ ਵਿਕਦੇ ਹਨ।

ਲਕੜੀ ਦੀ ਸ਼ਿਲਪ-ਕਲਾ ਦਾ ਆਪਣਾ ਹੀ ਸੁਹਜ ਹੈ। ਇਸ ਕਲਾ ਦੀ ਉਸਾਰੀ ਵਿਚ ਤਰਖਾਣਾਂ ਨੇ ਆਪਣਾ ਅਨੁਭਵ ਖੋਰਿਆ। ਤਰਖਾਣ ਘਰਾਂ ਲਈ ਪਲੰਘ ਪੀੜ੍ਹੀਆਂ ਤੇ ਚਰਖੇ ਬੜੇ ਰੀਝ ਨਾਲ ਘੜਦੇ ਰਹੇ ਹਨ ਅਤੇ ਇਨ੍ਹਾਂ ਉਤੇ ਕਈ ਤਰ੍ਹਾਂ ਦੇ ਫੁੱਲ, ਵੇਲ ਬੂਟੇ ਤੇ ਜਨੌਰਾਂ ਦੇ ਚਿਤ੍ਰ ਉਭਾਰ ਕੇ, ਆਪਣੀ ਕਲਾ-ਪ੍ਰਤਿਭਾ ਦੀ ਪ੍ਰਦਰਸ਼ਨੀ ਕਰਦੇ ਰਹੇ ਹਨ। ਰਾਂਗਲੇ ਚਰਖਿਆਂ ਨਾਲ ਸ਼ੀਸ਼ੇ ਦੀ ਟੁਕੜੀਆਂ ਨੂੰ, ਇਸ ਤਰ੍ਹਾਂ ਬੀੜਿਆ ਜਾਂਦਾ ਰਿਹਾ ਕਿ ਕੱਤਣ ਵਾਲੀ ਮੁਟਿਆਰ ਦੇ ਅਨੇਕਾਂ ਅਕਸ, ਉਸ ਦੇ ਚਰਖੇ ਵਿਚੋਂ ਉਭਰ ਕੇ

ਉਸ ਦੇ ਰੂਪ ਦੀ ਪ੍ਰਸ਼ੰਸਾ ਕਰਦੇ ਰਹਿਣ। ਘਰਾਂ ਦੇ ਮੁਖ ਦੁਆਰਾਂ ਵਿਚ, ਲਕੜੀ ਦੀ ਸ਼ਿਲਪ ਕਲਾ ਬਹੁਤ ਸੁਹਣੀ ਨਿਖਰੀ ਹੈ। ਇਨ੍ਹਾਂ ਦਰਵਾਜ਼ਿਆਂ ਉਤੇ ਲਕੜੀ ਦੇ ਫੁੱਲ ਬੂਟੇ ਤੇ ਜਨੌਰ ਬਣਾ ਕੇ ਜੜ੍ਹੇ ਜਾਂਦੇ। ਇਨ੍ਹਾ ਦੀ ਘਾੜਤ ਵਿਚ ਸ਼ਿਲਪੀ ਆਪਣੇ ਸਾਰੇ ਕਲਾ-ਗੁਣਾਂ ਨੂੰ ਰਚਾ ਦੇਂਦਾ। ਮਤੱਸਯਾ ਪੁਰਾਣ ਅਨੁਸਾਰ ਅਤਿਥੀਆਂ ਦੇ ਸਤਿਕਾਰ ਵਜੋਂ, ਹਰ ਘਰ ਵਿਚ, ਲਕੜੀ ਦੀ ਕਟਾਈ ਨਾਲ ਸ਼ਿੰਗਾਰਿਆ ਦਵਾਰ ਹੋਣਾ ਚਾਹੀਦਾ ਹੈ। ਵੱਡੀਆਂ ਹਵੇਲੀਆਂ ਦੇ ਮੁਖ ਦਵਾਰ ਕਦੇ ਕਲਾ ਦੀਆਂ ਸਿਖਰਾਂ ਛੂਹਦੇ ਸਨ। ਪੰਜਾਬ ਵਿਚ ਹੁਸ਼ਿਆਰਪੁਰ ਤੇ ਜਲੰਧਰ ਵਿਚ ਲਕੜੀ ਦਾ ਜੜਾਊ ਕੰਮ ਅੱਜ ਵੀ ਬਹੁਤ ਸੁੰਦਰ ਹੁੰਦਾ ਹੈ। ਹੁਸ਼ਿਆਰਪੁਰ ਵਰਗੀ ਜੜ੍ਹਤਕਾਰੀ ਹੋਰ ਕਿਧਰੇ ਨਹੀਂ ਹੁੰਦੀ। ਦੰਦ-ਖੰਡ ਦੇ ਖਿਡੌਣੇ ਤੇ ਸੁੰਦਰ ਕਲਾ-ਕਿਰਤੀਆਂ ਅੰਮ੍ਰਿਤਸਰ ਵਿਚ ਬਣਾਈਆਂ ਜਾਂਦੀਆਂ ਹਨ। ਵਿਆਹ ਸਮੇਂ ਦੰਦ-ਖੰਡ ਦੇ ਰੰਗਲੇ ਚੂੜੇ ਪਹਿਨਣ ਦੇ ਰਵਾਜ ਨੇ ਦੰਦ-ਖੰਡ ਦੀ ਕਲਾ ਨੂੰ ਕਾਫ਼ੀ ਉੱਨਤ ਕੀਤਾ। ਦੰਦ-ਖੰਡ ਦੇ ਸ਼ਿੰਗਾਰ ਬਕਸੇ ਦਾਜਾਂ ਵਿਚ ਆਮ ਢੋਏ ਜਾਂਦੇ ਹਨ।

ਪੰਜਾਬਣਾਂ ਦੀਆਂ ਕਲਾ-ਰੁਚੀਆਂ ਨੂੰ ਗਹਿਣਿਆਂ ਤੇ ਕਢਾਈ ਵਾਲੇ ਕਪੜਿਆਂ ਤੋਂ ਮਾਨਸਿਕ ਤ੍ਰਿਪਤੀ ਮਿਲਦੀ ਰਹੀ ਹੈ। ਗਹਿਣੇ ਤੇ ਹਾਰ ਸ਼ਿੰਗਾਰ ਇਸਤ੍ਰੀ ਦੇ ਸੁਹਜ ਵਿਚ ਸਦਾ ਵਾਧਾ ਕਰਦੇ ਰਹੇ ਹਨ। ਸੁਨਿਆਰੇ ਇਸਤ੍ਰੀ ਦੀ ਸੁਹਜ ਭੁਖ ਦੀ ਪੂਰਤੀ ਲਈ, ਸੋਨੇ ਦੇ ਤੇ ਚਾਂਦੀ ਵਿਚ ਆਪਣਾ ਪੁਰਖੀ ਅਨੁਭਵ ਖੋਰ ਕੇ ਕਈ ਪੈਟਰਨਾਂ ਰੂਪਾਂ ਤੇ ਸ਼ੈਲੀਆਂ ਦੇ ਗਹਿਣੇ ਘੜਦੇ ਰਹੇ ਹਨ। ਸਰੀਰ ਦੇ ਹਰੇਕ ਅੰਗ ਲਈ ਵੰਨ-ਸਵੰਨੇ ਰੂਪਾਂ ਤੇ ਪੈਟਰਨਾਂ ਦੇ ਗਹਿਣੇ ਪ੍ਰਚਲਤ ਹਨ ਜਿਨ੍ਹਾਂ ਵਿਚ ਲੋਕ-ਕਲਾ ਪੂਰੀ ਤਰ੍ਹਾਂ ਪ੍ਰਫੁਲਤ ਹੋਈ। ਪੰਜਾਬ ਵਿਚ ਗਹਿਣਿਆਂ ਦੇ ਸੌ ਤੋਂ ਉਪਰ ਪੈਟਰਨ ਪ੍ਰਚਲਤ ਹਨ, ਜਿਨ੍ਹਾਂ ਨੂੰ ਅਗੋਂ ਕਈ ਡੀਜ਼ਾਇਨਾਂ ਵਿਚ ਨਿਖਾਰਿਆ ਤੇ ਸੁੰਦਰਾਇਆ ਗਿਆ ਹੈ। ਇਨ੍ਹਾਂ ਗਹਿਣਿਆਂ ਉਤੇ ਕਈ ਤਰ੍ਹਾਂ ਦੀਆਂ ਛਬੀਆਂ ਵੀ ਉਕਰੀਆਂ ਜਾਂਦੀਆਂ ਹਨ ਜੋ ਸਮੇਂ ਦੇ ਗੇੜ ਨਾਲ ਬਦਲਦੀਆਂ ਰਹੀਆਂ। ਮੁਸਲਮਾਨਾਂ ਦੇ ਆਉਣ ਤੋਂ ਪਹਿਲਾਂ ਇਥੋਂ ਦੇ ਗਹਿਣਿਆਂ ਉਤੇ ਵਧੇਰੇ ਕਰਕੇ ਚੰਨ ਸੂਰਜ ਤੇ ਦੇਵਤਿਆਂ ਦੀਆਂ ਮੂਰਤੀਆਂ ਉਕੇਰੀਆਂ ਜਾਂਦੀਆਂ ਸਨ, ਪਰ ਮੁਸਲਮਾਨ ਦੇਵ-ਪੂਜਾ ਦੇ ਕੱਟਰ ਵਿਰੋਧੀ ਸਨ, ਇਸ ਲਈ ਉਨ੍ਹਾਂ ਦੇ ਰਾਜ ਦੇ ਦੌਰਾਨ ਇਨ੍ਹਾਂ ਦੀ ਥਾਂ ਵੇਲ ਬੂਟਿਆਂ ਤੇ ਫੁੱਲਾਂ ਨੇ ਮੱਲ ਲਈ। ਪੰਜਾਬ ਦੀ ਲੋਕ-ਕਲਾ ਕਈ ਰਵਾਇਤਾਂ ਤੇ ਮਨੌਤਾਂ ਦੇ ਸੁਮੇਲ ਵਿਚ ਨਿਖਰੀ ਹੈ ਅਤੇ ਬਾਹਰੋਂ ਆਈ ਹਰ ਨਵੀਂ ਸੰਸਕ੍ਰਿਤੀ ਨੇ ਆਪਣੀ ਸ਼ੈਲੀ ਦਾ ਇਥੋਂ ਦੇ ਮੂਲ ਪੈਟਰਨ ਉਤੇ ਕੁਝ ਪ੍ਰਭਾਵ ਜ਼ਰੂਰ ਪਾਇਆ ਹੈ।

ਕੁਝ ਲੋਕ-ਕਲਾਵਾਂ ਨੂੰ ਪੰਜਾਬ ਦੀਆਂ ਸਵਾਣੀਆਂ ਨੇ ਆਪਣੇ ਮੁੜ੍ਹਕੇ ਤੇ ਸਾਧਨਾ ਦੁਆਰਾ ਪਾਲਿਆ ਹੈ। ਅਜਿਹੀ ਲੋਕ-ਕਲਾ ਫੁੱਲਕਾਰੀ ਹੈ, ਜੋ ਬੇਮੇਲ ਤੇ ਅਮੁਲ ਚੀਜ਼ ਹੈ। ਇਸ ਦੇ ਰੂਪ ਵਿਚ, ਨਿਵੇਕਲਾ ਸੁਹਜ ਹੈ ਤੇ ਅਨੂਠੀ ਕਲਾ ਹੈ। ਪੰਜਾਬਣਾਂ ਨੇ ਇਸ ਕਲਾ ਨੂੰ ਆਪਣੇ ਆਰਾਮ ਦੀਆਂ ਘੜੀਆਂ ਨੂੰ ਕੁਰਬਾਨ ਕਰ ਕੇ ਬੜੀ ਰੀਝ ਤੇ ਚਾਅ ਨਾਲ ਪਾਲਿਆ ਹੈ। ਫੁੱਲਕਾਰੀ ਉਨ੍ਹਾਂ ਲਈ ਧਰਮ ਸਾਧਨਾ ਰਹੀ ਹੈ। ਇਹ ਉਹ ਸੁੱਚੀ ਤੇ ਸੱਚੀ ਲੋਕ-ਕਲਾ ਹੈ, ਜਿਸ ਦੇ ਇਕ ਇਕ ਧਾਗੇ ਵਿਚ ਉਨ੍ਹਾਂ ਨੇ ਆਪਣੀਆਂ ਭਾਵਨਾਵਾਂ ਨੂੰ ਖੋਰਿਆ ਤੇ ਮੋਹ ਨੂੰ ਰਚਾਇਆ ਹੈ। ਫੁੱਲਕਾਰੀ ਦੀ ਕਢਾਈ ਵਿਚ ਲੰਮੇ ਧੀਰਜ, ਸਿਦਕ ਤੇ ਹੁਬ ਦੀ ਲੋੜ ਹੈ, ਤਦ ਜਾ ਕੇ ਤੰਦਾਂ ਵਿਚ ਜਿੰਦ ਧੜਕਦੀ ਹੈ। ਇਸੇ ਲਈ ਪੰਜਾਬਣ ਮੁਟਿਆਰ ਕਹਿੰਦੀ ਹੈ—'ਜਿਤਨਾ ਡੂੰਘਾ ਪਿਆਰ ਕੋਈ ਮਾਂ ਆਪਣੀ ਧੀ ਨਾਲ ਕਰਦੀ ਹੈ, ਉਤਨੀ ਸੁੰਦਰ ਤੇ ਸੁਹਜ ਭਰਪੂਰ ਫੁੱਲਕਾਰੀ ਉਹ ਉਸ ਲਈ ਕਢਦੀ ਹੈ।'' ਫੁੱਲਕਾਰੀ ਦੇ ਧਾਗੇ ਮੋਹ-ਮਮਤਾ ਦੀਆਂ ਤੰਦਾਂ ਹੇਠ, ਜਿਨ੍ਹਾਂ ਵਿਚ ਮਾਂ ਆਪਣੀਆਂ ਸਾਰੀਆਂ ਰੀਝਾਂ ਪਰੋ ਦੇਂਦੀ ਹੈ। ਪੰਜਾਬੀ ਮਾਵਾਂ ਦਾਜ ਵਿਚ ਹੋਰ ਕੋਈ ਚੀਜ਼ ਦੇਣ ਜਾਂ ਨਾ, ਪਰ ਫੁੱਲਕਾਰੀ ਜ਼ਰੂਰ ਦੇਂਦੀਆਂ ਹਨ, ਜਿਸ ਨਾਲ ਇਸ ਕਲਾ ਨੂੰ ਨਿਖਰਨ ਤੇ ਵਿਗਸਣ ਦੇ ਚੰਗੇ ਮੌਕੇ ਮਿਲਦੇ ਰਹੇ। ਪਹਿਲਿਆਂ ਵਿਚ ਧੀ ਦੇ ਜੰਮਦਿਆਂ ਸਾਰ ਹੀ ਫੁੱਲਕਾਰੀ ਛੁਹ ਦਿਤੀ ਜਾਂਦੀ।

ਫੁੱਲਕਾਰੀ ਸ਼ਬਦ ਹਰ ਤਰ੍ਹਾਂ ਦੀ ਕਸੀਦਾਕਾਰੀ ਲਈ ਵਰਤਿਆ ਜਾਂਦਾ ਹੈ। ਇਸ ਸ਼ਬਦ ਦੇ ਅਰਥ ਹਨ—ਫੁੱਲ ਕੱਢਣੇ। ਫੁੱਲਕਾਰੀ ਦੇ ਕਈ ਰੂਪ ਤੇ ਸ਼ੈਲੀਆਂ ਹਨ ਤੇ ਉਨ੍ਹਾਂ ਉਤੇ ਕੱਢੇ ਵੇਲ ਬੂਟੇ, ਫੁੱਲ ਤੇ ਕਲਾ-ਰੂੜ੍ਹੀਆਂ ਵੀ ਕਲਾ ਰੁਚੀਆਂ ਅਨੁਸਾਰ ਵੰਨਾਂ-ਵੰਨਾਂ ਦੀਆਂ ਹਨ। ਜਿਸ ਕਪੜੇ ਦੀ ਸਾਰੀ ਸੱਤਰ ਹੀ, ਬਿਨਾਂ ਕੋਈ ਵਿਰਲ ਛੱਡੇ ਵਿਆਪਕ ਰੂਪ ਵਿਚ ਕੱਢੀ ਗਈ ਹੋਵੇ, ਉਸ ਨੂੰ 'ਬਾਗ' ਕਹਿੰਦੇ ਹਨ। ਕਈ 'ਬਾਗਾਂ' ਵਿਚ ਵੇਲ ਬੂਟਿਆਂ ਤੇ ਫੁੱਲਾਂ ਦੇ ਵੰਨ-ਸਵੰਨੇ ਨਮੂਨਿਆਂ ਨਾਲ, ਸਮੁੱਚੇ ਬਾਗ ਦਾ ਚਿਤਰ ਉਲੀਕਿਆ ਹੁੰਦਾ ਹੈ। ਜੇ ਕੇਵਲ ਪੱਲੇ ਉਤੇ ਹੀ ਬੂਟੀਆਂ ਦੀ ਕਢਾਈ ਹੋਵੇ ਅਤੇ ਵਿਚੋਂ ਥਾਂ ਖਾਲੀ ਰਹਿਣ ਦਿਤੀ ਜਾਵੇ ਤਾਂ ਇਸ ਨੂੰ 'ਚੋਪ' ਕਹਿੰਦੇ ਹਨ। ਚੋਪ ਵਿਆਹ ਉਤੇ, ਨਾਨਕੇ ਛੱਕ ਵਿਚ, ਢੋਇਆ ਜਾਂਦਾ ਹੈ ਅਤੇ ਚੂੜਾ ਚੜ੍ਹਾਉਣ ਵੇਲੇ ਵਿਆਹੀ ਜਾਣ ਵਾਲੀ ਕੰਨਿਆਂ ਨੂੰ ਸ਼ਗਨ ਵਜੋਂ ਉਪਰ ਲੈਣ ਲਈ ਦਿਤਾ ਜਾਂਦਾ ਹੈ। ਚੋਪ ਸ਼ਗਨਾਂ ਦੀ ਫੁੱਲਕਾਰੀ ਹੈ, ਇਸ ਦਾ ਪਹਿਲਾ ਤੋਪਾ ਸੁਹਾਗ ਦੇ ਗੀਤਾਂ ਨਾਲ ਛੁਹਿਆ ਜਾਂਦਾ ਹੈ। ਇਸ ਨੂੰ ਕਿਰਮਚੀ ਖੱਦਰ 'ਤੇ ਸਿਲਕ ਦੇ ਸੁਨਹਿਰੀ ਪੀਲੇ ਧਾਗਿਆਂ ਨਾਲ ਕੱਢਿਆ ਜਾਂਦਾ ਹੈ।

ਫੁੱਲਕਾਰੀ ਵਿਚ, ਰੰਗਾਂ ਦੀ ਚੋਣ ਤੇ ਢੁਕਾਅ ਵਿਚ, ਸੁਘੜਤਾ ਤੋਂ ਕੰਮ ਲਿਆ ਜਾਂਦਾ ਹੈ। ਪੰਜਾਬਣਾਂ ਨੂੰ ਰੰਗਾਂ ਨੂੰ ਮੇਲਣ ਦੀ ਕਲਾਤਮਿਕ ਸੂਝ ਹੈ। ਫੁੱਲਕਾਰੀ ਵਿਚ ਧਾਗਾ ਵਧੀਆ ਰੇਸ਼ਮ ਦਾ ਤੇ ਕਪੜਾ ਖੱਦਰ ਦਾ ਵਰਤਿਆ ਜਾਂਦਾ ਹੈ। ਇਸ ਦੀ ਕਢਾਈ ਕਪੜੇ ਦੇ ਪੁਠੇ ਪਾਸਿਉਂ ਕੀਤੀ ਜਾਂਦੀ ਹੈ। ਫੁੱਲਕਾਰੀ ਦੀਆਂ ਕਲਾ-ਰੂੜ੍ਹੀਆਂ ਵੰਨ-ਸੁਵੰਨੀਆਂ ਹਨ। ਵੇਲ ਬੂਟਿਆਂ, ਫੁੱਲਾਂ, ਪੰਛੀਆਂ ਤੋਂ ਇਲਾਵਾ, ਪੇਂਡੂ ਜੀਵਨ ਦੇ ਦ੍ਰਿਸ਼ਾਂ ਨੂੰ ਵੀ ਫੁੱਲਕਾਰੀ ਵਿਚ ਸੁਰਜੀਤ ਕੀਤਾ ਜਾਂਦਾ ਹੈ। ਕਈ ਫੁੱਲਕਾਰੀਆਂ ਵਿਚ ਜਮੈਟਰੀ ਦੇ ਸਾਧਾਰਨ ਆਕਾਰਾਂ ਦੇ ਸੁਮੇਲ ਰਾਹੀਂ ਸੁਹਜ ਪੈਦਾ ਕੀਤਾ ਜਾਂਦਾ ਹੈ।

ਫੁੱਲਕਾਰੀ ਪੰਜਾਂ ਦਰਿਆਵਾਂ ਦੀ ਭੋਇੰ ਵਿਚੋਂ ਨਿਖਰੀ ਦੇਸੀ ਲੋਕ-ਕਲਾ ਹੈ। ਜਿਸ ਵਿਚ ਪੰਜਾਬਣਾਂ ਦੇ ਮੁੜ੍ਹਕੇ ਦੀ ਮਹਿਕ ਹੀ ਨਹੀਂ, ਉਨ੍ਹਾਂ ਦੇ ਵਿਅਕਤਿਤਵ ਤੇ ਰੰਗੀਲੇ ਸੁਭਾਅ ਦੀ ਛਾਪ ਵੀ ਹੈ। ਇਹ ਪੰਜਾਬਣਾਂ ਦੀਆਂ ਉਂਗਲਾਂ ਦਾ ਕਮਾਲ ਹੈ ਕਿ ਉਹ ਨਿੱਕੀ ਜਿਹੀ ਸੂਈ ਤੇ ਧਾਗਿਆਂ ਨਾਲ ਕਲਾ ਦੀ ਇਕ ਅਲੌਕਿਕ ਦੁਨੀਆਂ ਰਚ ਸਕਦੀਆਂ ਹਨ।

ਫੁੱਲਕਾਰੀ ਕੱਢਣ ਲਈ ਜਦੋਂ ਤੀਵੀਆਂ ਜੁੜ ਕੇ ਬੈਠਦੀਆਂ ਹਨ ਤਾਂ ਹੱਥਾਂ ਨਾਲ ਤਰੋਪੇ ਭਰਦੀਆਂ, ਮੂੰਹ ਨਾਲ ਗੀਤ ਛੁਹੀ ਰਖਦੀਆਂ ਹਨ। ਗੀਤਾਂ ਦੀਆਂ ਸਵਰ-ਲਹਿਰੀਆਂ ਵਿਚ ਫੁੱਲ ਬੂਟੇ ਤੇ ਵੇਲਾਂ ਜਨਮ ਲੈ ਕੇ ਸਦੀਆਂ ਤਕ ਸਜੀਵ ਰਹਿੰਦੇ ਹਨ। ਫੁੱਲਕਾਰੀ ਨਾਲ ਪੰਜਾਬਣਾਂ ਦੀਆਂ ਜੁੜੀਆਂ ਅਨੇਕਾਂ ਭਾਵਨਾਵਾਂ ਲੋਕ ਗੀਤਾਂ ਵਿਚੋਂ ਪ੍ਰਗਟ ਹੋਈਆਂ ਹਨ :

ਫੁੱਲਕਾਰੀ ਮੇਰੀ ਰੇਸ਼ਮੀ ਰੰਗ ਢੁਕਾਏ ਠੀਕ
ਛੇਤੀ ਦਰਸ਼ਨ ਦੇਵਣੇ, ਮੈਂ ਰਸਤੇ ਰਹੀ ਉਡੀਕ।

ਪੱਛਮੀ ਪੰਜਾਬ ਵਿਚ, ਰਾਵਲਪਿੰਡੀ ਤੇ ਜਿਹਲਮ ਦੇ ਇਲਾਕੇ ਦੇ 'ਬਾਗ', ਸੁੰਦਰਤਾ, ਛਬੀ, ਸੁਮੇਲ ਤੇ ਅਨੁਪਾਤ ਨੂੰ ਮੁਖ ਰਖਦਿਆਂ ਸਭ ਤੋਂ ਵਧੀਆ ਮੰਨੇ ਜਾਂਦੇ ਹਨ। ਪੂਰਬੀ ਪੰਜਾਬ ਵਿਚ ਅੰਮ੍ਰਿਤਸਰ ਤੇ ਫ਼ਿਰੋਜ਼ਪੁਰ ਵਿਚ, ਫੁੱਲਕਾਰੀ ਦਾ ਕੰਮ ਚੋਖਾ ਕੀਤਾ ਜਾਂਦਾ ਹੈ। ਪਰ ਹੁਣ ਇਹ ਕਲਾ ਅਲੋਪ ਹੁੰਦੀ ਜਾ ਰਹੀ ਹੈ। ਪੰਜਾਬੀ ਘਰਾਂ ਵਿਚ ਜਿਹੜੀਆਂ ਫੁੱਲਕਾਰੀਆਂ ਅੱਜ ਕਲ ਮਿਲਦੀਆਂ ਹਨ, ਇਨ੍ਹਾਂ ਵਿਚੋਂ ਬਹੁਤੀਆਂ ਬੀਤੇ ਯੁੱਗ ਦੀ ਯਾਦ ਹਨ। ਨਵਾਂ ਕੰਮ ਘਟ ਹੋ ਰਿਹਾ ਹੈ। ਇਸ ਵਿਰਸੇ ਨੂੰ ਸੰਭਾਲਣ ਦੀ ਲੋੜ ਹੈ।

ਫੁੱਲਕਾਰੀਆਂ ਤੋਂ ਬਿਨਾਂ, ਰੇਸ਼ਮੀ ਧਾਗੇ ਨਾਲ ਰੁਮਾਲਾਂ ਦੀ ਕਢਾਈ ਵੀ ਕੀਤੀ ਜਾਂਦੀ ਹੈ। ਰੁਮਾਲਾਂ ਉਤੇ ਫੁੱਲ ਬੂਟਿਆਂ ਤੇ ਪੰਛੀਆਂ ਤੋਂ ਬਿਨਾਂ ਦੇਵੀ ਦੇਵਤਿਆਂ ਦੇ ਚਿਤ੍ਰ ਵੀ ਕਢੇ ਜਾਂਦੇ ਹਨ। ਡੇਰਾ ਬਾਬਾ ਨਾਨਕ ਵਿਚ ਬੇਬੇ ਨਾਨਕੀ ਦੇ ਹੱਥਾਂ ਦਾ ਕਢਿਆ ਇਕ ਸੁੰਦਰ ਰੁਮਾਲ ਹੁਣ ਤਕ ਸੰਭਾਲਿਆ ਪਿਆ ਹੈ, ਜੋ ਕਲਾ ਦੇ ਪਖੋਂ ਬੜੀ ਉੱਤਮ ਕ੍ਰਿਤ ਹੈ।

ਚਰਖੇ ਨੇ ਵੀ ਸ਼ਿਲਪ ਕਲਾ ਦੇ ਵਿਗਸਣ ਵਿਚ ਚੋਖਾ ਹਿੱਸਾ ਪਾਇਆ। ਪੰਜਾਬਣਾਂ ਰੂੰ ਨੂੰ ਘਰਾਂ ਵਿਚ ਕੱਤ ਕੇ, ਸੁੰਦਰ ਦਰੀਆਂ, ਖੇਸ ਤੇ ਚੁਹਤਈਆਂ ਬਣਾਉਂਦੀਆਂ ਰਹੀਆਂ ਹਨ, ਜਿਨ੍ਹਾਂ ਵਿਚ ਕਲਾ ਦੀ ਕਣੀ ਸੁਹਜ ਸੁਰਜੀਤ ਹੈ।

ਉਪਰ ਜਿਸ ਲੋਕ-ਕਲਾ ਦਾ ਜ਼ਿਕਰ ਕੀਤਾ ਗਿਆ ਹੈ, ਉਹ ਮੂਲ ਵਿਚ ਉਪਯੋਗੀ ਹੈ, ਪਰ ਹੁਣ ਜਿਸ ਕਲਾ ਦਾ ਵਰਨਣ ਕਰ ਰਹੇ ਹਾਂ, ਉਸ ਦਾ ਜਨਮ ਰੀਤਾਂ ਤੇ ਪੂਜਾ ਵਿਧੀਆਂ ਵਿਚੋਂ ਹੋਇਆ। ਇਸ ਕਲਾ ਦੀ ਜਨਮਦਾਤੀ ਵੀ ਤੀਵੀਂ ਹੈ। ਤੀਜ ਤਿਉਹਾਰਾਂ ਤੇ ਹੋਰ ਉਤਸਵਾਂ ਉਤੇ ਘਰਾਂ ਨੂੰ ਸ਼ਿੰਗਾਰਨ ਲਈ ਸਵਾਣੀਆਂ ਘਰਾਂ ਦੀਆਂ ਕੰਧਾਂ ਉਤੇ, ਆਮ ਰੰਗਾਂ ਨਾਲ ਧਾਰਮਿਕ ਚਿੰਨ੍ਹਾਂ ਤੇ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਚਿਤਰਦੀਆਂ ਹਨ। ਵੈਸ਼ਨਵ ਘਰਾਂ ਵਿਚ ਕ੍ਰਿਸ਼ਨ ਤੇ ਰਾਧਾ ਦੀ ਲੀਲਾ ਅਤੇ ਰਾਮ ਲਛਮਣ ਤੇ ਸੀਤਾ ਦੇ ਬਨਬਾਸ ਦੇ ਦਿਨਾਂ ਦੇ ਚਿਤ੍ਰ ਤੇ ਸਾਖੀਆਂ ਦੀਆਂ ਕਈ ਝਾਕੀਆਂ, ਖੰਡੇ ਦੇ ਨਿਸ਼ਾਨ, ਬਾਜ਼ ਤੇ ਨੀਲੇ ਘੋੜੇ ਦੇ ਚਿਤ੍ਰ ਉਕਰਨ ਦੀ ਪ੍ਰਥਾ ਰਹੀ ਹੈ। ਕੋਈ ਸੁਘੜ ਹੱਥ ਤਾਂ ਕੁਝ ਸਿਧੀਆਂ, ਕੁਝ ਵਿੰਗੀਆਂ ਤੇ ਗੁਲਾਈਦਾਰ ਲੀਕਾਂ ਵਾਹ ਕੇ ਅਜਿਹਾ ਚਿਤ੍ਰ ਉਕੇਰ ਦੇਂਦਾ ਹੈ ਕਿ ਉਸ ਵਿਚ ਸੁਹਜ ਤੇ ਛਬੀ ਤੋਂ ਬਿਨਾਂ ਸਜੀਵਤਾ ਵੀ ਆ ਜਾਂਦੀ ਹੈ। ਚੰਦਰੀਆਂ ਰੂਹਾਂ ਤੋਂ ਘਰ ਦੀ ਰਖਿਆ ਕਰਨ ਲਈ ਮਕਾਨ ਦੇ ਮੱਥੇ ਉਤੇ ਕੁਝ ਰੇਖਾਵਾਂ ਵਾਹ ਕੇ, ਜਮੈਟਰੀ ਦੇ ਚਿਤਰ ਜਿਹੇ ਬਣਾ ਦਿਤੇ ਜਾਂਦੇ ਹਨ, ਜਿਨ੍ਹਾਂ ਦਾ ਆਪਨਾ ਸੁਹਜ ਤੇ ਸੰਵਾਰਤ ਹੈ। ਪਿੰਡਾਂ ਵਿਚ ਰੋਗੀ ਦੇ ਮੰਜੇ ਦੇ ਨੇੜੇ ਕੰਧ ਉਤੇ ਦੇਵੀ ਦੇਵਤੇ ਦੇ ਚਿਤ੍ਰ ਜਾਂ ਕੋਈ ਰੇਖਾ-ਚਿਤਰ ਉਲੀਕ ਦਿਤਾ ਜਾਂਦਾ ਹੈ, ਜਿਸ ਨਾਲ ਰੋਗੀ ਦੇ ਮਨ ਨੂੰ ਧਰਵਾਸ ਬਝਿਆ ਰਹਿੰਦਾ ਹੈ। ਅਜਿਹੇ ਕਈ ਚਿਤਰ ਸੁਹਜ ਤੇ ਕਲਾ ਦੇ ਉੱਤਮ ਨਮੂਨੇ ਹੁੰਦੇ ਹਨ। ਪਿੰਡ ਦਾ ਹਿੰਦੂ ਬਾਣੀਆਂ ਜਦੋਂ ਲੇਖੇ ਦੀਆਂ ਨਵੀਆਂ ਵਹੀਆਂ ਛੁਹੰਦਾ ਹੈ ਤਾਂ ਉਹ ਪਹਿਲੇ ਸਫ਼ੇ ਉਤੇ ਗਣੇਸ਼ ਦਾ ਰੇਖਾ-ਚਿਤ੍ਰ ਵਾਹੁੰਦਾ ਹੈ, ਤਾਂ ਜੋ ਕੰਮ ਵਿਚ ਬਰਕਤ ਪਈ ਰਹੇ।

ਨੌਰਾਤਿਆਂ ਦੇ ਦਿਨਾਂ ਵਿਚ 'ਸਾਂਝੀ' ਮਾਈ ਦੀ ਛਬੀ ਕੰਧ ਉਤੇ ਗੋਹੇ ਤੇ ਮਿੱਟੀ ਨਾਲ ਬਣਾਈ ਜਾਂਦੀ ਹੈ। ਸਾਂਝੀ ਮਾਈ ਦੀ ਛਬੀ ਗਹਿਣਿਆਂ ਨਾਲ ਸ਼ਿੰਗਾਰੀ ਹੁੰਦੀ ਹੈ। ਪਿਛੇ ਪਿਛੋਕੜ ਵਿਚ ਇਕ ਪਾਸੇ ਚੰਨ ਚੜ੍ਹਦਾ ਹੈ ਤੇ ਦੂਜੇ ਪਾਸੇ ਸੂਰਜ ਛਿਪਦਾ ਵਿਖਾਇਆ ਜਾਂਦਾ ਹੈ। ਹਰ ਕੁੜੀ ਆਪਨੀ ਕਲਾ-ਸੂਝ ਦੁਆਰਾ ਮੂਰਤੀ ਨੂੰ ਸੁੰਦਰ ਤੇ ਪ੍ਰਭਾਵਸ਼ਾਲੀ ਬਣਾਉਂਦੀ ਹੈ। ਫਿਰ ਨੌਰਾਤਿਆਂ ਦੇ ਦਿਨੀਂ ਸਾਂਝੀ ਦੀ ਪੂਜਾ ਕੀਤੀ ਜਾਂਦੀ ਹੈ। ਦੀਵਾਲੀ ਦੇ ਦਿਨਾਂ ਵਿਚ ਸਵਾਣੀਆਂ ਕੰਧਾਂ ਉਤੇ ਚੂਨਾ ਫੇਰ ਕੇ ਉਸ ਉਤੇ ਲਖਸ਼ਮੀ ਦੇਵੀ ਤੇ

ਕੁਬੇਰ ਦਾ ਚਿਤਰ ਬਣਾਉਂਦੀਆਂ ਹਨ।

ਪੰਜਾਬ ਵਿਚ ਗਿੱਲੇ ਪਲਸਤਰ ਦੀ ਚਿਤਰਕਾਰੀ ਦਾ ਵੀ ਚੋਖਾ ਰਵਾਜ ਰਿਹਾ ਹੈ। ਇਹ ਵਿਧੀ ਵੈਸ਼ਨਵ ਮਤ ਦੇ ਮੰਦਰਾਂ ਵਿਚ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਬਨਾਉਣ ਲਈ ਵਰਤੀ ਜਾਂਦੀ ਸੀ। ਮਕਾਨਾਂ ਦੇ ਮੱਥੇ ਤੇ ਘਰਾਂ ਦੀਆਂ ਕੰਧਾਂ ਨੂੰ ਸਜਾਉਣ ਲਈ ਕਿਸੇ ਸੁਘੜ ਕਲਾਕਾਰ ਤੋਂ ਗਿੱਲੇ ਪਲਸਤਰ ਉਤੇ ਚਿਤਰਕਾਰੀ ਕਰਵਾ ਲਈ ਜਾਂਦੀ ਹੈ। ਇਨ੍ਹਾਂ ਚਿਤਰਾਂ ਦੇ ਵਿਸ਼ੇ ਬਹੁ-ਰੰਗੀ ਹਨ, ਪਰ ਬਹੁਤੇ ਚਿਤਰ ਧਾਰਮਿਕ ਤੇ ਮਿਥਕ ਘਟਨਾਵਾਂ ਤੇ ਵਿਅਕਤੀਆਂ ਦੇ ਹੀ ਬਣਾਏ ਜਾਂਦੇ ਹਨ। ਇਹ ਚਿਤ੍ਰ ਸਾਡੀ ਲੋਕ-ਸੰਸਕ੍ਰਿਤੀ ਦੀ ਵੀ ਪ੍ਰਤੀਨਿਧਤਾ ਕਰਦੇ ਹਨ।

ਸੋ, ਪੰਜਾਬ ਵਿਚ ਲੋਕ-ਕਲਾ ਦੀ ਆਪਣੀ ਨਿਵੇਕਲੀ ਹੋਂਦ ਹੈ। ਪੰਜਾਬੀ ਚਰਿਤ੍ਰ ਤੇ ਭਾਵਨਾ ਇਨ੍ਹਾਂ ਵਿਚ ਨੁਹਾਰ, ਆਕਾਰ, ਰੰਗ ਤੇ ਸੁਹਜ ਰੂਪ ਵਿਚ ਸਮਾਈ ਹੋਈ ਹੈ।

## (ਲ-84) **ਲੋਕ-ਗੀਤ :**

ਲੋਕ-ਗੀਤ ਕਿਸੇ ਜਾਤੀ ਦੇ ਹਿਰਦੇ ਦਾ ਪ੍ਰਕਾਸ਼ ਹਨ। ਇਹ ਲੋਕਾਂ ਦੇ ਵੇਗ ਵਿਚ ਆਏ ਉਹ ਜਜ਼ਬੇ, ਵੇਦਨਾਂ ਤੇ ਸਧਰਾਂ ਹਨ ਜੋ ਸਹਿਜ ਰੂਪ ਵਿਚ ਹੀ ਸ਼ਬਦਾਂ ਦਾ ਬਾਣਾ ਪਾ ਕੇ ਸਮੂਰਤ ਹੋ ਗਈਆਂ ਹਨ। ਇਨ੍ਹਾਂ ਦੀ ਤੁਲਨਾ ਉਨ੍ਹਾਂ ਚਸ਼ਮਿਆਂ ਨਾਲ ਦਿਤੀ ਜਾ ਸਕਦੀ ਹੈ ਜਿਹੜੇ ਧਰਤੀ ਦੀ ਹਿੱਕ ਵਿਚੋਂ ਆਪ ਮੁਹਾਰੇ ਛਲਕ ਕੇ ਵਹਿਣ ਬਣ ਫੈਲ ਜਾਂਦੇ ਹਨ। ਜਾਂ ਫਿਰ ਉਨ੍ਹਾਂ ਫੁੱਲਾਂ ਨਾਲ ਜਿਹੜੇ ਜੰਗਲਾਂ ਤੇ ਵੀਰਾਨਿਆਂ ਵਿਚ ਖ਼ੁਦ ਬਖ਼ੁਦ ਉਗਦੇ ਤੇ ਮੁਸ਼ਕਦੇ ਰਹਿੰਦੇ ਹਨ। ਇਨ੍ਹਾਂ ਵਿਚਲਾ ਸੁਹਜ ਰਸ ਹਵਾ ਨਾਲ ਰੁਮਕਦੀ ਉਸ ਸੁਗੰਧੀ ਵਾਂਗ ਭਿੰਨਾ ਹੁੰਦਾ ਹੈ ਜਿਹੜੀ ਪਤਾ ਨਹੀਂ ਕਿਥੋਂ ਕਿਥੋਂ ਮਹਿਕਾਂ ਨਾਲ ਝੋਲਾਂ ਲਦ ਲਿਆਉਂਦੀ ਹੈ। ਇਹ ਗੀਤ ਮਨੁੱਖੀ ਮਨ ਦੇ ਉਛਾਲ ਹਨ, ਹਿਰਦੇ ਦੀ ਤਹਿ ਦੀ ਕੋਈ ਤਰੰਗ, ਜੀਵਨ ਦਾ ਕੋਈ ਝੋਂਕਾ ਝੁਲਾ।

ਆਦਿ ਕਾਲ ਤੋਂ ਹੀ ਪ੍ਰਾਣੀ ਸੁਹਜ ਦਾ ਰਸੀਆ ਰਿਹਾ ਹੈ। ਮੁਢਲੀਆਂ ਲੋੜਾਂ ਦੀ ਪੂਰਤੀ ਦੇ ਨਾਲ ਨਾਲ ਉਹ ਆਪਣੀ ਸੁਹਜ ਭੁਖ ਦੀ ਤ੍ਰਿਪਤੀ ਲਈ ਵੀ ਯਤਨ ਕਰਦਾ ਰਿਹਾ। ਜਿਥੇ ਉਹ ਸਰੀਰ ਦੇ ਪਸ਼ੂ-ਬਲ ਦੁਆਰਾ ਪ੍ਰਕ੍ਰਿਤੀ ਨਾਲ ਘੋਲ ਘੁਲਦਾ ਰਿਹਾ ਉਥੇ ਕਲਪਨਾ ਦੇ ਅਨੁਭਵ ਦੁਆਰਾ ਸ਼ਬਦਾਂ ਨੂੰ ਅਜਿਹੇ ਰੂਪ ਵਿਚ ਬੀੜਦਾ ਰਿਹਾ ਕਿ ਉਨ੍ਹਾਂ ਵਿਚੋਂ ਮਧੁਰ ਧੁਨੀਆਂ ਛਣਕ ਉਠੀਆਂ। ਆਦਿਮ ਮਾਨਵ ਭਾਵੇਂ ਨਿਮਨ-ਬੁਧੀਆ ਤੇ ਅਲਪ-ਅਨੁਭਵੀਆ ਸੀ, ਪਰ ਸੁਹਜ ਰਸ ਨੂੰ ਮਾਣਨ ਦੀ ਰੁਚੀ ਉਸ ਵਿਚ ਵੀ ਬਲਵਾਨ ਸੀ। ਇਹ ਗੱਲ ਵੱਖਰੀ ਹੈ ਕਿ ਉਸ ਦੀ ਸੁਹਜ ਰੁਚੀ ਅੱਜ ਵਰਗੀ ਸੂਖਮ ਨਹੀਂ ਸੀ। ਭਾਰਤ, ਅਮਰੀਕਾ ਤੇ ਹੋਰ ਦੇਸ਼ਾਂ ਵਿਚ ਜਿਹੜੇ ਆਦਿਵਾਸੀ ਅੱਜ ਕਲ ਮਿਲਦੇ ਹਨ, ਉਨ੍ਹਾਂ ਦੀ ਸੰਸਕ੍ਰਿਤੀ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਭਾਵੇਂ ਉਨ੍ਹਾਂ ਦੇ ਰਹਿਣ ਸਹਿਣ ਦੀ ਪੱਧਰ ਬੜੀ ਨੀਵੀਂ, ਬੁਧੀ ਤੇ ਅਨੁਭਵ ਅਲਪ ਅਤੇ ਬੋਲੀ ਅਵਿਗਸਤ ਹੈ, ਪਰ ਉਹ ਕਲਾ ਤੇ ਸੁਹਜ ਵਲੋਂ ਕੋਰੇ ਨਹੀਂ। ਉਨ੍ਹਾਂ ਦਾ ਮੌਖਿਕ ਸਾਹਿੱਤ, ਸੰਗੀਤ ਤੇ ਸੁਹਜ ਰਸ ਤੋਂ ਖ਼ਾਲੀ ਨਹੀਂ। ਆਦਿਮ ਮਾਨਵ ਨੂੰ ਸ਼ਬਦਾਂ ਨਾਲੋਂ ਧੁਨੀਆਂ ਵਧੇਰੇ ਰਸਦਾਇਕ ਲਗਦੀਆਂ ਸਨ ਤੇ ਉਹ ਕਾਵਿ ਵਿਚਲੀ ਸੰਗੀਤਕ ਲੈਅ ਤੇ ਧਾਰਨਾ ਤੇ ਰਸ ਨਾਲ ਹੀ ਮਨ ਤ੍ਰਿਪਤ ਕਰ ਲੈਂਦਾ ਸੀ। ਇਸੇ ਲਈ ਆਦਿਮ ਲੋਕ-ਗੀਤਾਂ ਵਿਚ ਧੁਨੀਆਂ ਦੀ ਪ੍ਰਧਾਨਤਾ ਰਹੀ। ਹੌਲੇ ਹੌਲੇ ਇਨ੍ਹਾਂ ਸੰਗੀਤਮਈ ਧੁਨੀਆਂ ਵਿਚ ਸ਼ਬਦ ਵੀ ਵਰਤੀਣੇ ਸ਼ੁਰ ਹੋ ਗਏ ਤੇ ਮਨੁੱਖ ਦੇ ਮਾਨਸਿਕ ਤੇ ਸਾਂਸਕ੍ਰਿਤਕ ਵਿਕਾਸ ਨਾਲ ਲੋਕ-ਗੀਤਾਂ ਵਿਚ ਵਿਚਾਰ ਤੇ ਸਮਾਜਿਕ ਤੱਤ ਵਧਦਾ ਗਿਆ।

ਹਰ ਜਾਤੀ ਦਾ ਭੰਡਾਰਾ ਲੋਕ-ਗੀਤਾਂ ਦੇ ਮੋਤੀਆਂ ਨਾਲ ਭਰਿਆ ਭਕੁੰਨਾ ਹੁੰਦਾ ਹੈ, ਭਾਵੇਂ ਉਹ ਜਾਤੀ ਆਦਿਮ ਅਵਸਥਾ ਵਿਚੋਂ ਲੰਘ ਰਹੀ ਹੋਵੇ ਤੇ ਭਾਵੇਂ ਉਹ ਸਾਂਸਕ੍ਰਿਤਕ ਤੌਰ ਤੇ ਕਾਫ਼ੀ ਵਿਗਸਤ ਹੋ ਚੁਕੀ ਹੋਵੇ। ਜਿਨ੍ਹਾਂ ਜਾਤੀਆਂ ਦੀ ਰਹਿਣੀ ਬਹਿਣੀ ਉਤੇ ਨਵੀਂ ਵਿਗਿਆਨਕ ਸਭਿਅਤਾ ਦਾ ਪ੍ਰਭਾਵ ਨਹੀਂ ਪਿਆ ਹੁੰਦਾ, ਉਨ੍ਹਾਂ ਦਾ ਲੋਕ-ਗੀਤਾਂ ਦਾ ਭੰਡਾਰਾ ਬੜਾ ਵਿਸ਼ਾਲ ਸਮ੍ਰਿਧ ਤੇ ਸੁੱਚਾ ਹੁੰਦਾ ਹੈ, ਪਰ ਜਿਹੜੀਆਂ ਜਾਤੀਆਂ ਨੇ ਨਵੀਂ ਵਿਗਿਆਨਕ ਰਹਿਤਲ ਨੂੰ ਬੌਧਿਕ ਤੇ ਭਾਵੁਕ ਦੋਹਾਂ ਪੱਖਾਂ ਤੋਂ ਗ੍ਰਹਿਣ ਕਰ ਲਿਆ ਹੈ, ਉਨ੍ਹਾਂ ਵਿਚ ਲੋਕ-ਗੀਤ ਪਰੰਪਰਾ ਇਕ ਜੀਵੰਤ ਸੰਸਥਾ ਨਹੀਂ ਰਹਿੰਦੀ। ਸ਼ਹਿਰਾਂ ਵਿਚ ਲੋਕ-ਗੀਤ ਮਰ ਰਹੇ ਹਨ, ਪਰ ਪਿੰਡਾਂ ਵਿਚ ਜਿਥੇ ਅਜੇ ਲੋਕ-ਗੀਤਾਂ ਦੇ ਵਿਗਸਣ ਲਈ ਵਾਤਾਵਰਣ ਅਨੁਕੂਲ ਹੈ, ਲੋਕ-ਗੀਤਾਂ ਵਿਚ ਨਰੋਈ ਜ਼ਿੰਦਗੀ ਧੜਕ ਰਹੀ ਹੈ। ਸ਼ਹਿਰਾਂ ਵਿਚ ਲੋਕਾਂ ਦੀਆਂ ਮਾਨਸਿਕ ਪ੍ਰਵਿਰਤੀਆਂ ਤੇ ਸੁਹਜ ਰੁਚੀਆਂ ਵਿਚ ਕਾਫ਼ੀ ਪ੍ਰੀਵਰਤਨ ਆ ਗਏ ਹਨ। ਉਹ ਰੇਡੀਓ ਤੇ ਫ਼ਿਲਮਾ ਦੇ ਰਸੇ ਤੇ ਸਾਧੇ ਹੋਏ ਸੰਗੀਤ ਦੇ ਵਧੇਰੇ ਦਿਲਦਾਦਾ ਹੁੰਦੇ ਜਾ ਰਹੇ ਹਨ। ਪਿੰਡਾਂ ਵਿਚ ਜਿਥੇ ਕਿਧਰੇ ਫ਼ਿਲਮੀ ਧੁਨਾਂ ਪ੍ਰਚਲਤ ਹਨ, ਲੋਕ-ਗੀਤਾਂ ਦੀਆਂ ਬਲਵਾਨ ਧੜਕਨਾਂ ਮੱਧਮ ਪੈਂਦੀਆਂ ਜਾ ਰਹੀਆਂ ਹਨ। ਅਜਿਹੀ ਅਵਸਥਾ ਵਿਚ ਇਸ ਗੱਲ ਦੀ ਲੋੜ ਹੈ ਕਿ ਅਲੋਪ ਹੋ ਰਹੇ ਵਿਰਸੇ ਨੂੰ ਸੰਭਾਲ ਲਿਆ ਜਾਵੇ।

ਲੋਕ-ਗੀਤਾਂ ਦੇ ਉਪਜਣ ਤੇ ਵਿਗਸਣ ਲਈ ਇਕ ਖ਼ਾਸ ਸਮਾਜਿਕ ਵਾਤਾਵਰਣ ਦੀ ਲੋੜ ਹੁੰਦੀ ਹੈ। ਅੱਜ ਦੇ ਸ਼ਹਿਰੀ ਜੀਵਨ ਵਿਚ ਜਿਥੇ ਨਸ ਭੱਜ ਵਧੇਰੇ ਹੈ ਤੇ ਠਹਿਰ ਠਰੰਮਾ ਘਟ, ਜਿਥੇ ਥੋੜੇ ਮੂਲੀਂ ਜਦੋਂ ਵਿਹਲ ਹੋਵੇ, ਉੱਚਾ ਤੇ

ਸਾਧਿਆ ਹੋਇਆ ਸੁਹਜ ਰਸ ਮਿਲ ਸਕਦਾ ਹੈ, ਲੋਕ-ਗੀਤਾਂ ਲਈ ਅਨੁਕੂਲ ਨਹੀਂ ਰਿਹਾ। ਉਂਜ ਸ਼ਹਿਰੀਆਂ ਦੇ ਲੋਕ-ਗੀਤਾਂ ਨਾਲ ਲਗਾਓ ਦੇ ਅਨੇਕਾਂ ਪ੍ਰਮਾਣ ਮਿਲਦੇ ਹਨ। ਲੋਕ ਰੇਡੀਓ ਤੋਂ ਲੋਕ-ਗੀਤਾਂ ਤੇ ਉਨ੍ਹਾਂ ਦੀਆਂ ਧੁਨੀਆਂ ਨੂੰ ਬਦਲੇ ਹੋਏ ਰੂਪ ਵਿਚ ਵਧੇਰੇ ਪਸੰਦ ਕਰ ਰਹੇ ਹਨ। ਜਿਵੇਂ ਦੇਸੀ ਘਿਉ ਦੀ ਥਾਂ ਬਨਸਪਤੀ ਘਿਉ ਵਧੇਰੇ ਪ੍ਰਵਾਨ ਹੋ ਰਿਹਾ ਹੈ, ਉਸੇ ਤਰ੍ਹਾਂ ਪਿੰਡਾਂ ਦਾ ਸੁੱਚਾ ਲੋਕ-ਸੰਗੀਤ ਨਵੇਂ ਬਨਸਪਤੀ ਰੂਪ ਵਿਚ ਅੱਜ ਵੀ ਸ਼ਹਿਰਾਂ ਵਿਚ ਪ੍ਰਚਲਤ ਹੈ। ਸ਼ਹਿਰਾਂ ਵਿਚ ਫਿਲਮੀ ਸੰਗੀਤ ਦੇ ਮਾਰੂ ਪ੍ਰਛਾਵਿਆਂ ਹੇਠ ਇਸ ਦੇ ਮੁਰਝਾ ਜਾਣ ਦਾ ਤੌਖ਼ਲਾ ਬਣਿਆ ਹੋਇਆ ਹੈ। ਪਿੰਡਾਂ ਵਿਚ ਅੱਜ ਕਿਹੜੀ ਮੁਟਿਆਰ ਜਾਂ ਗਭਰੂ ਹੈ ਜਿਹੜਾ ਪ੍ਰਾਚੀਨ ਲੋਕ-ਗੀਤਾਂ ਦੇ ਵਿਸ਼ਾਲ ਭੰਡਾਰੇ ਨੂੰ ਸੰਭਾਲੀ ਬੈਠਾ ਹੋਵੇ। ਕੋਈ ਵੀ ਯੁਵਕ ਜਾਂ ਯੁਵਤੀ ਅੱਜ ਆਪਣੀ ਸਿਮਰਤੀ ਉਤੇ ਬਹੁਤਾ ਭਾਰ ਨਹੀਂ ਪਾਉਣਾ ਚਾਹੁੰਦੀ। ਉਹ ਵੇਲੇ ਲੱਦ ਗਏ ਜਦੋਂ ਢੋਲਕੀ ਅਗੇ ਬੈਠ ਕੇ ਕੋਈ ਇਕੱਲੀ ਮੁਟਿਆਰ ਹੀ ਸਾਰੀ ਸਾਰੀ ਰਾਤ ਗਾਉਂਦੀ ਰਹਿੰਦੀ ਤੇ ਦੂਜੇ ਦੀ ਵਾਰੀ ਨਹੀਂ ਸੀ ਆਉਣ ਦਿੰਦੀ। ਹੁਣ ਤਾਂ ਢੋਲਕੀ ਅਗੇ ਬੈਠੀਆਂ ਪੇਂਡੂ ਕੁੜੀਆਂ ਵੀ ਇਕ ਦੋ ਗੀਤ ਛਹ ਕੇ ਢੋਲਕੀ ਅਗੇ ਸਰਕਾ ਦਿੰਦੀਆਂ ਹਨ। ਪੁਰਾਣੀਆਂ ਲੋਕ-ਧੁਨੀਆਂ ਨੂੰ ਗ੍ਰਹਿਣ ਕਰਨ ਦੀ ਰੁਚੀ ਕਿਸੇ ਵਿਰਲੀ ਕੁੜੀ ਵਿਚ ਹੀ ਵੇਖੀ ਗਈ ਹੈ। ਇਸ ਲਈ ਸਦੀਆਂ ਪੁਰਾਣੀਆਂ ਧੁਨੀਆਂ ਸੱਚਮੁਚ ਗੁਆਚ ਰਹੀਆਂ ਹਨ। ਸ਼ਹਿਰਾਂ ਦੇ ਗਭਰੂ ਤੇ ਮੁਟਿਆਰਾਂ ਹੁਣ ਭਾਵਾਂ ਤੇ ਸਧਰਾਂ ਦੇ ਪ੍ਰਗਟਾਅ ਲਈ ਫਿਲਮੀ ਗੀਤਾਂ ਦਾ ਆਸਰਾ ਲੈ ਰਹੀਆਂ ਹਨ ਅਤੇ ਪੇਂਡੂ ਗਭਰੂਆਂ ਤੇ ਮੁਟਿਆਰਾਂ ਵਿਚ ਨਵੇਂ ਲੋਕ-ਗੀਤ ਘੜਨ ਦੀ ਰੁਚੀ ਤੇ ਸਮਰੱਥਾ ਘਟਦੀ ਜਾ ਰਹੀ ਹੈ ਜਿਸ ਦਾ ਕਾਰਨ ਵਾਤਾਵਰਣ ਦੀ ਪ੍ਰਤੀਕੂਲਤਾ ਹੈ।

ਪਹਿਲਿਆਂ ਵਿਚ ਵਾਤਾਵਰਨ ਅਨੁਕੂਲ ਸੀ। ਤ੍ਰਿੰਞਣਾਂ ਵਿਚ ਕੁੜੀਆਂ ਜੁੜ ਬੈਠਦੀਆਂ, ਚਰਖੇ ਕਤਦੀਆਂ, ਗੀਤ ਗਾਉਂਦੀਆਂ, ਤੀਹਾਂ ਦੇ ਮੇਲਿਆਂ ਤੇ ਪੀਂਘਾਂ ਝੂਟਦੀਆਂ ਤੇ ਵਾਤਾਵਰਨ ਨੂੰ ਰੰਗੀਲਾ ਬਨਾਉਣ ਲਈ ਗੀਤ ਛੁਹੀ ਰਖਦੀਆਂ। ਚਾਨਣੀਆਂ ਰਾਤਾਂ ਵਿਚ ਗਿੱਧੇ, ਝੁਮਰ ਤੇ ਸੰਮੀਆਂ ਪੈਂਦੀਆਂ। ਫ਼ਸਲਾਂ ਦੀ ਕਟਾਈ ਮਗਰੋਂ ਢੋਲ ਕੁਟ ਕੁਟ ਕੇ ਭੰਗੜੇ ਪਾਏ ਜਾਂਦੇ। ਵਿਆਹ ਸ਼ਾਦੀਆਂ ਉਤੇ ਗੀਤਾਂ, ਸਿਠਣੀਆਂ ਤੇ ਛੰਦਾਂ ਨਾਲ ਵਾਤਾਵਰਨ ਗੂੰਜਦਾ ਰਹਿੰਦਾ। ਲੋਕ ਅਜਿਹੇ ਮੌਕਿਆਂ ਲਈ ਗੀਤ ਸੰਭਾਲ ਸੰਭਾਲ ਰਖਦੇ। ਚੰਗੇ ਗੀਤਾਂ ਨੂੰ ਲੱਭ ਕੇ ਯਾਦ ਕਰਦੇ, ਨਵੇਂ ਗੀਤਾਂ ਦੀ ਸਿਰਜਨਾ ਹੁੰਦੀ। ਪੁਰਾਣੇ ਗੀਤਾਂ ਵਿਚੋਂ ਕੁਝ ਝੜਦਾ, ਕੁਝ ਨਵੀਆਂ ਕਰੂੰਬਲਾਂ ਵਾਂਗ ਉਭਰਦਾ ਤੇ ਇਸ ਤਰ੍ਹਾਂ ਦੇ ਰੁਮਾਂਚਿਕ ਵਾਤਾਵਰਨ ਵਿਚੋਂ ਸੁਰੰਗਲੇ ਗੀਤਾਂ ਦਾ ਜਨਮ ਹੁੰਦਾ ਰਹਿੰਦਾ। ਸਾਊ ਤੇ ਸ਼ਰਮਾਕਲ ਮੁਟਿਆਰਾਂ ਵੀ ਤ੍ਰਿੰਞਣਾਂ ਵਿਚ ਜਾਂ ਖ਼ਾਸ ਖ਼ਾਸ ਮੰਗਲ ਮੌਕਿਆਂ ਉਤੇ ਉੱਚੀ ਹੇਕ ਵਿਚ ਗਾਉਣ ਤੋਂ ਕਦੇ ਨਾ ਸੰਗਦੀਆਂ। ਹੁਣ ਤਾਂ ਕਿਸੇ ਸ਼ਹਿਰੀ ਕੁੜੀ ਨੂੰ ਗੀਤ ਗਾਉਣ ਲਈ ਕਹੀਏ ਤਾਂ ਉਹ ਫ਼ਿਲਮੀ ਗੀਤ ਛਹ ਬੈਠਦੀ ਹੈ। ਪੇਂਡੂ ਮੁਟਿਆਰਾਂ ਸ਼ਹਿਰੀਆਂ ਸਾਹਮਣੇ ਗਾਉਂਦੀਆਂ ਇਸ ਲਈ ਝਿਜਕਦੀਆਂ ਹਨ ਕਿ ਫ਼ਿਲਮੀ ਗੀਤਾਂ ਦੇ ਇਹ ਰਸੀਏ ਲੋਕ-ਗੀਤਾਂ ਨੂੰ ਖ਼ਬਰੇ ਸਲਾਹੁਣਾ ਜਾਣਦੇ ਵੀ ਹਨ ਕਿ ਨਹੀਂ।

ਲੋਕ ਗੀਤ ਪਰੰਪਰਾਗਤ ਵਿਰਸੇ ਦੇ ਰੂਪ ਵਿਚ ਸੁਤੇ ਸਿਧ ਪੀੜ੍ਹੀ ਦਰ ਪੀੜ੍ਹੀ ਅਗੇ ਤੁਰਦੇ ਜਾਂਦੇ ਹਨ, ਇਸ ਲਈ ਇਹ ਜਾਨਣਾ ਸੌਖਾ ਨਹੀਂ ਕਿ ਅਮੁਕਾ ਗੀਤ ਕਿਸ ਨੇ ਕਦੋਂ ਰਚਿਆ। ਕਿਸੇ ਵੀ ਲੋਕ ਗੀਤ ਦੇ ਕਰਤਾ ਦੇ ਸਮੇਂ ਬਾਰੇ ਨਿਸਚੇ ਨਾਲ ਕੁਝ ਵੀ ਨਹੀਂ ਕਿਹਾ ਜਾ ਸਕਦਾ। ਇਸ ਗੱਲ ਦਾ ਨਿਤਾਰਾ ਕਰਨਾ ਕਠਨ ਹੈ ਕਿ ਅਮੁਕਾ ਗੀਤ ਕਿਤਨਾ ਕੁ ਪੁਰਾਣਾ ਹੈ। ਕਿਉਂ ਜੋ ਲੋਕ-ਗੀਤ ਨਵੀਆਂ ਸਥਿਤੀਆਂ ਵਿਚ ਬਦਲਦੇ ਜਾਂਦੇ ਹਨ।

ਲੋਕ-ਗੀਤ ਕਦੇ ਸਥਿਰ ਨਹੀਂ ਰਹਿੰਦੇ। ਹਰ ਗਾਇਕ ਕਿਸੇ ਗੀਤ ਵਿਚ ਸੁਤੇ ਸਿਧ ਹੀ ਕੁਝ ਵਧਾਅ ਘਟਾ ਕਰ ਲੈਂਦਾ ਹੈ। ਕਈ ਵਾਰ ਪੁਰਾਣੇ ਗੀਤਾਂ ਨੂੰ ਨਵੇਂ ਵਾਤਾਵਰਨ ਤੇ ਬਦਲੀਆਂ ਪਰਸਥਿਤੀਆਂ ਅਨੁਕੂਲ ਨਵੇਂ ਰੂਪ ਵਿਚ ਢਾਲ ਲਿਆ ਜਾਂਦਾ ਹੈ। ਪੁਰਾਣੇ ਖੜਖੜ ਕਰਦੇ ਪੱਤੇ ਲੋਕ-ਬ੍ਰਿਛ ਨਾਲੋਂ ਆਪ ਢਹਿ ਪੈਂਦੇ ਹਨ ਜਾਂ ਲੋਕ-ਸੂਝ ਉਨ੍ਹਾਂ ਨੂੰ ਛਾਂਗ ਸੁਟਦੀ ਹੈ। ਅਤੇ ਉਨ੍ਹਾਂ ਦੀ ਥਾਂ ਨਵੀਆਂ ਕਰੂੰਬਲਾਂ ਸੁਤੇ ਸਿਧ ਨਿਕਲ ਆਉਂਦੀਆਂ ਹਨ। ਸਿੱਟਾ ਇਹ ਨਿਕਲਦਾ ਹੈ ਕਿ ਪੁਰਾਣੇ ਲੋਕ-ਗੀਤਾਂ ਦਾ ਮੂੰਹ ਮੱਥਾ ਹੀ ਬਦਲ ਜਾਂਦਾ ਹੈ। ਹੁਣ ਇਸ ਨੂੰ ਕੋਈ ਨਵਾਂ ਗੀਤ ਆਖੇ ਕਿ ਪੁਰਾਣਾ। ਇਸ ਤਰ੍ਹਾਂ ਜਦੋਂ ਕੋਈ ਗਾਇਕ ਨਵੇਂ ਲੋਕ-ਗੀਤਾਂ ਦੀ ਸਿਰਜਨਾ ਕਰਦਾ ਹੈ ਤਾਂ ਉਹ ਨਾ ਕੇਵਲ ਪਰੰਪਰਾਗਤ ਰੂੜ੍ਹੀਆਂ ਦੀ ਹੀ ਵਰਤੋਂ ਕਰਦਾ ਹੈ, ਸਗੋਂ ਲੋਕ-ਸ਼ਬਦਾਵਲੀ, ਰੂਪਕਾਂ, ਛੰਦ ਬਹਿਰਾਂ ਤੇ ਸ਼ੈਲੀ ਦੁਆਰਾ ਨਵੀਂ ਰਚਨਾ ਨੂੰ ਵੀ ਅਜਿਹੇ ਰੂਪ ਵਿਚ ਢਾਲਦਾ ਹੈ ਕਿ ਨਵੇਂ ਗੀਤ ਦੀ ਨੁਹਾਰ ਵੀ ਜਾਣੀ ਪਛਾਣੀ ਲਗਦੀ ਹੈ। ਜਿਵੇਂ ਕਿਸੇ ਪੁਰਾਣੀ ਚਾਂਦੀ ਨੂੰ ਢਾਲ ਕੇ ਕਿਸੇ ਪੁਰਾਣੇ ਸੱਚੇ ਵਿਚ ਹੀ ਮੁੜ ਕੋਈ ਗਹਿਣਾ ਘੜ ਲਿਆ ਜਾਵੇ। ਨਵਾਂ ਹੁੰਦਿਆਂ ਵੀ ਇਹ ਗਹਿਣਾ ਪੁਰਾਣਾ ਹੈ ਤੇ ਪੁਰਾਣਾ ਹੁੰਦਿਆਂ ਵੀ ਨਵਾਂ। ਸੋ ਲੋਕ-ਗੀਤ ਨਾ ਨਵੇਂ ਹੁੰਦੇ ਹਨ ਤੇ ਨਾ ਹੀ ਪੁਰਾਣੇ। ਇਹ ਤਾਂ ਉਸ ਲੋਕ-ਬ੍ਰਿਛ ਦੇ ਫਲ ਹਨ ਜਿਸ ਦੀਆਂ ਜੜ੍ਹਾਂ ਪਰੰਪਰਾ ਵਿਚ ਬੜੀਆਂ ਡੂੰਘੀਆਂ ਧਸੀਆਂ ਹੋਈਆਂ ਹਨ, ਪਰ ਜਿਸ ਨੂੰ ਨਿਤ ਨਵੀਆਂ ਕਰੂੰਬਲਾਂ ਤੇ ਨਵੇਂ ਫੁਲ ਵੀ ਸੁਤੇ ਸਿਧ ਲਗਦੇ ਰਹਿੰਦੇ ਹਨ।

ਜਿਨ੍ਹਾਂ ਲੋਕ-ਗੀਤਾਂ ਵਿਚ ਕਿਸੇ ਵਿਸ਼ੇਸ਼ ਇਤਿਹਾਸਕ ਵਿਅਕਤੀ, ਘਟਨਾ ਜਾਂ ਵਾਤਾਵਰਨ ਵਲ ਸੰਕੇਤ ਹੋਵੇ, ਉਨ੍ਹਾਂ ਦੇ ਸਮੇਂ ਬਾਰੇ ਅਨੁਮਾਨ ਤਾਂ ਲਗਾਏ ਜਾ ਸਕਦੇ ਹਨ, ਪਰ ਉਨ੍ਹਾਂ ਸਬੰਧੀ ਵੀ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਕਿਉਂ ਜੋ ਲੋਕਾਂ ਦੀ ਇਹ ਰੁਚੀ ਹੈ ਕਿ ਕਿਸੇ ਨਵੀਂ ਘਟਨਾ ਜਾਂ ਪਰਸਥਿਤੀ ਦੀ ਪ੍ਰਤਿਕਿਰਿਆ ਤੇ ਵੇਦਨਾ ਦਰਸਾਣ ਲਈ ਪੁਰਾਣੇ ਗੀਤ ਵਿਚ ਹੀ ਅਦਲਾ ਬਦਲੀ ਕਰ ਲਈ ਜਾਂਦੀ ਹੈ। ਇਹ ਗੱਲ ਹੇਠਲੇ ਦੋਹਾਂ ਅਖਾਣਾਂ ਤੋਂ ਸਹਿਜੇ ਹੀ ਸਿਧ ਹੋ ਜਾਂਦੀ ਹੈ। ਇਕੋ ਅਖਾਣ ਨਾਵਾਂ ਦੀ ਤਬਦੀਲੀ ਨਾਲ ਅਹਿਮਦ ਸ਼ਾਹ ਅਤੇ ਨਾਦਰ ਸ਼ਾਹ ਦੋਹਾਂ ਦੀ ਘੋਰ ਲਟ-ਖਸਟ ਵਲ ਸੰਕੇਤ ਕਰਦਾ ਹੈ :

ਖਾਧਾ ਪੀਤਾ ਲਾਹੇ ਦਾ ਰਹਿੰਦਾ ਅਹਿਮਦ ਸ਼ਾਹੇ ਦਾ।
ਖਾਧਾ ਪੀਤਾ ਲਾਹੇ ਦਾ ਰਹਿੰਦਾ ਨਾਦਰ ਸ਼ਾਹੇ ਦਾ।

ਪਰ ਹੋ ਸਕਦਾ ਹੈ ਕਿ ਦੋਵੇਂ ਅਖਾਣ ਕਿਸੇ *ਪੂਰਵ-ਪ੍ਰਚਲਤ ਅਖਾਣ ਦਾ ਹੀ ਇਤਿਹਾਸੀਕਰਣ ਹੋਣ* ਕਿਉਂ ਜੋ ਇਸੇ ਸੁਭਾਅ ਦਾ ਸੱਚੇ ਢਲਿਆ ਅਖਾਣ ਇਕ ਹੋਰ ਵੀ ਹੈ :

ਖਾਧਾ ਪੀਤਾ ਲਾਹੇ ਦਾ, ਰਹਿੰਦਾ ਪਿੰਡ ਦੇ ਸ਼ਾਹੇ ਦਾ।

ਅੱਜ ਇਹ ਨਿਰਨਾ ਕਰਨਾ ਕਠਨ ਹੈ ਕਿ ਇਸ ਅਖਾਣ ਦੀ ਬੀਜ-ਪ੍ਰਤੀ ਦੀ ਸਿਰਜਨਾ ਵਿਚ ਪਿੰਡ ਦਾ ਸ਼ਾਹ ਸੀ ਜਾਂ 'ਅਹਿਮਦ ਸ਼ਾਹ'। ਪਰ ਕਿਸੇ ਲੋਕ-ਗੀਤ ਦਾ ਸਮਾਂ ਨਿਸਚਤ ਨਾ ਹੋ ਸਕਣ ਨਾਲ ਉਸ ਦੀ ਮਹਾਨਤਾ ਵਿਚ ਕੋਈ ਫ਼ਰਕ ਨਹੀਂ ਪੈਂਦਾ।

ਲੋਕ-ਗੀਤ ਕਿਸੇ ਜਾਤੀ ਦੇ ਸਾਮੂਹਿਕ ਜਜ਼ਬਿਆਂ ਦੇ ਪ੍ਰਕਾਸ਼ ਹਨ, ਜਾਤੀ ਦੀ ਲੋਕ-ਸੰਸਕ੍ਰਿਤੀ ਦੀ ਚਿਹਨ ਚੱਕਰ ਵਿਚ ਉਤਰੀ ਉਸ ਦੀ ਮੂਲ ਨੁਹਾਰ। ਜਾਂ ਇਉਂ ਕਹਿ ਲਓ ਕਿ ਇਹ ਕਿਸੇ ਜਾਤੀ ਦੇ ਹਿਰਦੇ ਵਿਚੋਂ ਸੰਸਕ੍ਰਿਤੀ ਦੇ ਪ੍ਰਵਾਹ ਵਿਚੋਂ ਸੁਤੇ ਸਿਧ ਉਭਰੀਆਂ ਉਹ ਛਲਾਂ ਹਨ, ਜਿਹੜੀਆਂ ਪਰੰਪਰਾ ਦੇ ਕੰਢਿਆਂ ਨਾਲ ਟਕਰਾ ਕੇ ਰੂਪਮਾਨ ਹੁੰਦੀਆਂ ਹਨ।

ਇਸੇ ਤਰ੍ਹਾਂ ਲੋਕ-ਗੀਤ ਸੰਸਕ੍ਰਿਤੀ ਤੇ ਪਰੰਪਰਾ ਦਾ ਸਹਿਜ ਸੰਜੋਗ ਹਨ। ਜਦੋਂ ਤਕ ਕੋਈ ਲੋਕ-ਗੀਤ ਜਾਤੀ ਦੀ ਸੰਸਕ੍ਰਿਤੀ ਦਾ ਦਰਪਨ ਨਹੀਂ ਹੁੰਦਾ ਤੇ ਪਰੰਪਰਾ ਦਾ ਅੰਗ ਨਹੀਂ ਬਣਦਾ, ਲੋਕ-ਗੀਤ ਕਹਿਲਾਣ ਦਾ ਹੱਕਦਾਰ ਨਹੀਂ ਹੁੰਦਾ।

ਸੋ, ਕੋਈ ਗੀਤ ਉਦੋਂ ਤਕ ਲੋਕ-ਗੀਤ ਨਹੀਂ ਬਣਦਾ ਜਦੋਂ ਤਕ ਜਨ-ਸਮੂਹ ਉਸ ਗੀਤ ਨੂੰ ਉਸ ਵਿਚਲੀਆਂ ਪਰੰਪਰਾਗਤ ਰੂੜੀਆਂ ਸਦਕਾ ਪ੍ਰਵਾਨ ਕਰ ਕੇ ਆਪਣੇ ਗੀਤ ਭੰਡਾਰੇ ਵਿਚ ਪਰੰਪਰਾ ਦੇ ਰੂਪ ਵਿਚ ਅਪਣਾ ਨਹੀਂ ਲੈਂਦਾ। ਲੋਕ-ਗੀਤਾਂ ਦੀ ਸਾਮਗਰੀ ਪਰੰਪਰਾ ਵਿਚੋਂ ਹੀ ਲਈ ਗਈ ਹੁੰਦੀ ਹੈ ਅਤੇ ਇਸ ਦੀਆਂ ਜੜ੍ਹਾਂ ਸੰਸਕ੍ਰਿਤੀ ਵਿਚ ਹੁੰਦੀਆਂ ਹਨ।

ਪਰੰਪਰਾ ਨਾਲ ਜੁੜੇ ਹੋਣ ਦੇ ਨਾਤੇ ਇਹ ਭਾਵ ਨਹੀਂ ਲੈ ਲੈਣਾ ਚਾਹੀਦਾ ਕਿ ਲੋਕ-ਗੀਤ ਕਿਸੇ ਛੱਪੜ ਦੇ ਠਹਿਰੇ ਹੋਏ ਪਾਣੀ ਵਾਂਗ ਹਨ, ਜਿਸ ਵਿਚ ਨਾ ਨਵੀਂ ਬੂੰਦ ਕਿਧਰੋਂ ਪੈਂਦੀ ਹੈ ਅਤੇ ਨਾ ਹੀ ਕੋਈ ਸੜੀ ਬੁਸੀ ਬੂੰਦ ਉਸ ਵਿਚੋਂ ਨਿਕਲਦੀ ਹੈ। ਜਾਤੀ ਦੀ ਪਰੰਪਰਾ ਹਮੇਸ਼ਾਂ ਦਰਿਆ ਦੀ ਵਹਿਣ ਵਾਂਗ ਹੁੰਦੀ ਹੈ, ਜੋ ਆਪਣੇ ਵਹਾ ਵਿਚ ਕੰਢੇ ਉਤੇ ਉਗੀਆਂ ਨਵੀਆਂ ਵਸਤੂਆਂ ਵੀ ਸਮੇਟਦੀ ਰਹਿੰਦੀ ਹੈ। ਦਰਿਆ ਸਦੀਆਂ ਪੁਰਾਣਾ ਹੋ ਕੇ ਵੀ ਸਦਾ ਨਿਰਮਲ ਤੇ ਨਰੋਆ ਰਹਿੰਦਾ ਹੈ। ਲੋਕ-ਗੀਤ ਪਰੰਪਰਾ ਦੀ ਸੀਮਾ ਵਿਚ ਰਹਿੰਦੇ ਹੋਏ ਨਵੀਆਂ ਪਰੰਪਰਾਵਾਂ ਸਿਰਜਦੇ ਰਹਿੰਦੇ ਹਨ ਤੇ ਇਹ ਹਰ ਨਵੀਂ ਪਰੰਪਰਾ ਕਿਸੇ ਪੁਰਾਣੀ ਪਰੰਪਰਾ ਦੀ ਨਵੀਂ ਕਰੂੰਬਲ ਜਾਂ ਵਿਸਤਾਰ ਹੁੰਦੀ ਹੈ।

*ਲੋਕ-ਗੀਤ ਮੌਖਿਕ ਰੂਪ ਵਿਚ ਪੀੜ੍ਹੀ ਦਰ ਪੀੜ੍ਹੀ* ਯਾਤਰਾ ਕਰਦੇ ਜਾਂਦੇ ਹਨ। ਜੋ ਮੂੰਹੋਂ ਮੂੰਹ ਤੁਰਦੇ ਗੀਤ ਹੀ ਲੋਕ-ਗੀਤ ਅਖਵਾਣ ਦੇ ਹੱਕਦਾਰ ਹਨ ਤਾਂ ਜਿਹੜੇ ਗੀਤ ਇਕਤ੍ਰ ਕਰ ਕੇ ਲਿਪੀਬਧ ਕਰ ਲਏ ਜਾਂਦੇ ਹਨ, ਉਨ੍ਹਾਂ ਦੀ ਕੀ ਸਥਿਤੀ ਹੋਵੇਗੀ। ਲਿਪੀਬਧ ਹੋ ਕੇ ਗੀਤ ਲਿਖਤੀ ਸਾਹਿੱਤ ਦਾ ਅੰਗ ਬਣ ਜਾਂਦਾ ਹੈ। ਪਰ ਲੋਕ-ਗੀਤ ਦਾ ਅਸਲੀ ਵਿਅਕਤਿਤਵ ਤੇ ਸੁਹਜ ਉਦੋਂ ਹੀ ਰੂਪਮਾਨ ਹੁੰਦਾ ਹੈ ਜਦੋਂ ਇਹ ਆਪਣੇ ਵਾਤਾਵਰਨ ਵਿਚ ਵਿਚਰ ਰਿਹਾ ਹੋਵੇ। ਧੁਨੀ ਇਸ ਦੀ ਜਿੰਦ ਤੇ ਪ੍ਰਾਣ ਹੁੰਦੀ ਹੈ ਜੋ ਲਿਪੀਬਧ ਹੋ ਕੇ ਮੁਕ ਹੋ ਜਾਂਦੀ ਹੈ। ਇਸ ਲਈ ਕਿਤਾਬਾਂ ਵਿਚ ਮੂਕ ਪਏ ਲੋਕ-ਗੀਤ ਦੇ ਅੰਦਰ ਦੇ ਉਹ ਮਹਾ ਆਨੰਦ ਨੂੰ ਨਹੀਂ ਮਾਣਿਆ ਜਾ ਸਕਦਾ, ਜਿਹੜੇ ਸਮੂਹ ਵਿਚ ਗਾਏ ਜਾ ਰਹੇ ਗੀਤ ਵਿਚ ਛਲਕ ਰਿਹਾ ਹੁੰਦਾ ਹੈ। ਲਿਪੀਬਧ ਲੋਕ ਗੀਤ ਆਪਣੇ ਅੰਸ਼ਿਕ ਰੂਪ ਵਿਚ ਹੁੰਦਾ ਹੈ ਤੇ ਇਸ ਲਈ ਉਸ ਦਾ ਆਨੰਦ ਵੀ ਅਲਪ ਤੇ ਅੰਸ਼ਿਕ ਹੈ। ਲਿਪੀਬਧ ਲੋਕ-ਗੀਤ ਉਸ ਬੰਦ ਕਲੀ ਵਰਗਾ ਹੈ ਜਿਸ ਦੀ ਮਹਿਕ ਘੁਟੀ ਹੋਈ ਹੋਵੇ, ਪਰ ਗਾਇਆ ਜਾ ਰਿਹਾ ਲੋਕ-ਗੀਤ ਉਸ ਖਿੜੇ ਫੁੱਲ ਵਾਂਗ ਹੈ ਜੋ ਆਪਣੀ ਟਹਿਣੀ ਨਾਲ ਝੂਮਦਾ ਭਿੰਨੀ ਮਹਿਕ ਦੀਆਂ ਲਪਟਾਂ ਛੱਡ ਰਿਹਾ ਹੋਵੇ।

ਲੋਕ-ਗੀਤਾਂ ਦੀ ਰਚਨਾ ਹਰ ਕਾਲ ਵਿਚ ਹੁੰਦੀ ਰਹਿੰਦੀ ਹੈ, ਹਰ ਨਵੀਂ ਪੀੜ੍ਹੀ ਲੋਕ-ਗੀਤਾਂ ਦੇ ਭੰਡਾਰੇ ਵਿਚ ਆਪਣੇ ਵਲੋਂ ਵਿਤ ਮੁਜਬ ਕੁਝ ਹਿੱਸਾ ਪਾ ਜਾਂਦੀ ਹੈ। ਪਰ ਇਹ ਦਿਤ ਬਹੁਤੀ ਵਾਰ ਨਿਗੂਣੀ ਜਿਹੀ ਹੀ ਰਹਿੰਦੀ ਹੈ। ਪੰਜਾਬ ਵਿਚ ਦੇਸ਼ ਵੰਡ ਤੋਂ ਪਹਿਲਾਂ ਜੋ ਲੋਕ-ਗੀਤ ਪ੍ਰਚਲਤ ਸਨ ਉਨ੍ਹਾਂ ਦੇ ਅਧਿਐਨ ਤੋਂ ਸਾਫ਼ ਪ੍ਰਗਟ ਹੁੰਦਾ ਹੈ ਕਿ ਕੁਝ ਗਿਣਤੀ ਦੇ ਲੋਕ-ਗੀਤਾਂ ਨੂੰ ਛੱਡ ਕੇ ਬਾਕੀ ਬੜੇ ਪੁਰਾਣੇ

ਹਨ ਤੇ ਅਤੀਤ ਤੋਂ ਚਲੇ ਆ ਰਹੇ ਹਨ। ਜਦੋਂ ਤਕ ਕਿਸੇ ਭਾਈਚਾਰੇ ਦੇ ਸਮਾਜਿਕ ਤੇ ਆਰਥਿਕ ਰਿਸ਼ਤਿਆਂ ਵਿਚ ਕੋਈ ਭਾਰੀ ਪ੍ਰੀਵਰਤਨ ਨਾ ਆਏ, ਜ਼ਿੰਦਗੀ ਪਹਿਲੀ ਤੋਰੇ ਹੀ ਤੁਰਦੀ ਰਹਿੰਦੀ ਹੈ। ਸਭ ਕੁਝ ਪੁਰਾਣੀਆਂ ਲੀਹਾਂ ਤੇ ਤੁਰਦਾ ਰਹੇ ਅਤੇ ਜ਼ਿੰਦਗੀ ਨਵੀਆਂ ਲੀਹਾਂ ਨਾ ਉਲੀਕੇ ਤਾਂ ਲੋਕ-ਗੀਤ ਦੇ ਪੁਰਾਣੇ ਭੰਡਾਰੇ ਨਾਲ ਹੀ ਕੰਮ ਸਰਦਾ ਜਾਂਦਾ ਹੈ। ਨਿੱਕੀ ਮੋਟੀ ਜਿਹੜੀ ਹਵਾ ਕਿਧਰੇ ਰੁਮਕਦੀ ਹੈ ਤੇ ਆਪਣੇ ਵੇਗ ਨਾਲ ਪਰੰਪਰਾ ਦੇ ਖਲੇ ਪੜ ਖੋਰਦੀ ਜਾਂ ਸਥਿਰਤਾ ਨੂੰ ਤੋੜਨ ਦਾ ਯਤਨ ਕਰਦੀ ਹੈ, ਉਸ ਦੀ ਮੱਧਮ ਜਿਹੀ ਸੁਰ ਨਵੀਂ ਗੀਤਕਾਰੀ ਵਿਚ ਹੁੰਗਾਰ ਭਰ ਜਾਂਦੀ ਹੈ। ਲੋਕ-ਗੀਤ ਜਾਂ ਤਾਂ ਸਮੇਂ ਦੇ ਨਾਲ ਕਦਮ ਮੇਚ ਕੇ ਤੁਰਦੇ ਹਨ ਜਾਂ ਸਮੇਂ ਦੇ ਪਾਏ ਪੈਰ ਚਿਤਰਾਂ ਉਤੇ। ਉਨ੍ਹਾਂ ਵਿਚ ਵਿਸ਼ਿਸ਼ਟ ਸਾਹਿੱਤ ਵਾਂਗ ਸਮੇਂ ਤੋਂ ਅਗੇ ਤੁਰਨ ਦੀ ਸਮਰੱਥਾ ਨਹੀਂ ਹੁੰਦੀ। ਬਹੁਤੀ ਵਾਰ ਇਹ ਕਦਮ ਸਮੇਂ ਦੇ ਪੱਗ-ਚਿਤਰਾਂ ਉਤੇ ਟਿਕਦੇ ਹਨ। ਪਰੰਪਰਾ ਦੀ ਇਹੋ ਰੀਤ ਹੈ। ਸਮਾਂ ਆਪਣੇ ਪਗ-ਚਿਤਰ ਲੋਕ-ਗੀਤਾਂ ਉਤੇ ਅਵੱਸ਼ ਛਡਦਾ ਜਾਂਦਾ ਹੈ, ਪਰ ਉਹ ਬਹੁਤੇ ਪੈਰ ਨਹੀਂ ਪਸਾਰਦਾ।

ਪਰ ਜਦੋਂ ਕਿਸੇ ਜਾਤੀ ਦੇ ਆਰਥਿਕ ਤੇ ਸਮਾਜਿਕ ਰਿਸ਼ਤਿਆਂ ਵਿਚ ਬੜੇ ਭਾਰੀ ਪ੍ਰੀਵਰਤਨ ਆ ਜਾਣ, ਪੁਰਾਣੀਆਂ ਪਰੰਪਰਾਵਾਂ ਖੁਰਨ ਲਗਣ ਜਿਵੇਂ ਰੂਸ ਵਿਚ ਅਕਤੂਬਰ ਇਨਕਲਾਬ ਦੇ ਮਗਰੋਂ ਹੋਇਆ ਸੀ ਜਾਂ ਪੰਜਾਬ ਵਿਚ ਦੇਸ਼ ਦੇ ਸੁਤੰਤਰ ਹੋਣ ਮਗਰੋਂ ਹੋ ਰਿਹਾ ਹੈ, ਤਾਂ ਨਵੇਂ ਵਾਤਾਵਰਨ ਵਿਚ ਸਜਰੇ ਸਾਹ ਲੈਂਦੀ ਪੀੜ੍ਹੀ ਢੇਰ ਸਾਰੇ ਨਵੇਂ ਗੀਤ ਸਿਰਜ ਜਾਂਦੀ ਹੈ, ਕਿਉਂ ਜੋ ਨਵੀਆਂ ਉਸਰਦੀਆਂ ਪਰੰਪਰਾਵਾਂ ਹੁੰਗਾਰਾ ਮੰਗਦੀਆਂ ਹਨ।

ਕਾਵਿ ਦੀ ਰਚਨਾ ਲਈ ਕਲਪਨਾ ਤੇ ਅਨੁਭਵ ਤੋਂ ਇਲਾਵਾ ਭਾਵਾਂ ਨੂੰ ਸ਼ਬਦਾਂ 'ਚ ਸੁਚੱਜ ਨਾਲ ਬੀੜਨ ਦੀ ਕਲਾ ਦੀ ਵੀ ਲੋੜ ਹੈ। ਭਾਵੇਂ ਲੋਕ-ਗੀਤਾਂ ਦੀ ਰਚਨਾ ਕਰਨ ਲਈ ਮੌਲਿਕਤਾ ਦੀ ਬਹੁਤੀ ਲੋੜ ਨਹੀਂ ਹੁੰਦੀ, ਪੁਰਾਣੀ ਪ੍ਰਚਲਤ ਸਾਮਿਗਰੀ ਵਿਚੋਂ ਹੀ ਨਵੀਂ ਰਚਨਾ ਜੋ ਬਹੁਤੀ ਵਾਰ ਪੁਨਰ-ਸਿਰਜਨਾ ਹੁੰਦੀ ਹੈ, ਢਾਲੀ ਜਾ ਸਕਦੀ ਹੈ। ਪਰ ਫਿਰ ਵੀ ਹਰ ਕੋਈ ਗੀਤਕਾਰੀ ਨਹੀਂ ਕਰ ਸਕਦਾ। ਹਰ ਗੀਤ ਕਿਸੇ ਅਨੁਭਵੀ ਵਿਅਕਤੀ ਦੀ ਸਿਰਜਨਾ ਹੈ। ਕਿਸੇ ਲੋਕ ਮੰਡਲੀ ਜਾਂ ਸਮੂਹ ਦਾ ਰਲ ਕੇ ਗੀਤ ਰਚਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਕਿਉਂ ਜੋ ਕੁਝ ਬੰਦਿਆਂ ਦੇ ਰਲ ਬੈਠਣ ਨਾਲ ਉਨ੍ਹਾਂ ਦੀ ਕਲਪਨਾ ਤੇ ਪ੍ਰਗਟਾਅ ਸਾਂਝਾ ਨਹੀਂ ਹੋ ਜਾਂਦਾ। ਅਨੁਭਵ ਭਾਵੇਂ ਸਮਾਨ ਕਿਉਂ ਨਾ ਹੋਵੇ, ਬੁਧੀ ਤੇ ਮਨੋਭਾਵਾਂ ਦੀ ਅਸਮਤਾ ਸਦਕਾ ਕਿਸੇ ਲੋਕ-ਮੰਡਲੀ ਵਿਚ ਕੋਈ ਸਾਮੂਹਿਕ ਕਲਪਨਾ ਜਨਮ ਲੇ ਹੀ ਨਹੀਂ ਸਕਦੀ ਤੇ ਨਾ ਹੀ ਇਸ ਦਾ ਸਾਂਝਾ ਪ੍ਰਗਟਾਅ ਕਿਸੇ ਇਕ ਕਾਵਿ ਪੰਗਤੀ ਨੂੰ ਜਨਮ ਦੇ ਸਕਦਾ ਹੈ। ਜਦੋਂ ਲੋਕ-ਗੀਤਾਂ ਨੂੰ ਸਾਮੂਹਿਕ ਰਚਨਾ ਕਿਹਾ ਜਾਂਦਾ ਹੈ ਤਾਂ ਇਸ ਦਾ ਕਦਾਚਿਤ ਇਹ ਭਾਵ ਨਹੀਂ ਹੁੰਦਾ ਕਿ ਲੋਕ-ਗੀਤ ਕਿਸੇ ਸਮੂਹ ਨੇ ਰਲ ਕੇ ਰਚਿਆ ਹੈ, ਸਗੋਂ ਇਹ ਕਿ ਕਿਸੇ ਵਿਅਕਤੀ ਵਿਸ਼ੇਸ਼ ਨੇ ਨਹੀਂ ਲੋਕਾਂ ਨੇ, ਇਸ ਗੀਤ ਨੂੰ ਹੁਣ ਵਾਲੇ ਸਰੂਪ ਵਿਚ ਪਹੁੰਚਾਇਆ ਹੈ। ਜਾਂ ਇਸ ਵਿਚ ਸਮੂਹ ਦਾ ਅਨੁਭਵ ਵਰਤਮਾਨ ਹੈ ਜਾਂ ਵਿਅਕਤੀ ਵਿਸ਼ੇਸ਼ ਨੇ ਇਸ ਵਿਚ ਸਮੂਹ ਦੀਆਂ ਭਾਵਨਾਵਾਂ ਪ੍ਰਗਟ ਕੀਤੀਆਂ ਹਨ ਤੇ ਆਪਣਾ ਨਿਜ ਇਸ ਵਿਚ ਪ੍ਰਕਾਸ਼ ਨਹੀਂ ਹੋਣ ਦਿਤਾ ਆਦਿ, ਆਦਿ। ਲੋਕ-ਗੀਤ ਦੀ ਰਚਨਾ ਗਤੀਸ਼ੀਲ ਹੈ ਅਤੇ ਇਸ ਦੀ ਰਚਨਾ ਦਾ ਕੰਮ ਕਿਸੇ ਇਕ ਵਿਅਕਤੀ ਨਾਲ ਸ਼ੁਰੂ ਹੋ ਕੇ ਉਥੇ ਹੀ ਮੁਕ ਨਹੀਂ ਜਾਂਦਾ। ਇਹ ਕਈ ਵਿਅਕਤੀਆਂ ਵਿਚੋਂ ਦੀ ਲੰਘਦਾ ਹੋਇਆ ਅਗਾਂਹ ਤੁਰਦਾ ਰਹਿੰਦਾ ਹੈ। ਕੋਈ ਵਿਅਕਤੀ ਇਸ ਦੀ ਸਥਾਈ ਦੀ ਰਚਨਾ ਕਰਦਾ ਹੈ ਕੋਈ ਅੰਤਰੇ ਦੀ, ਕੋਈ ਇਸ ਦੀ ਬੋਲੀ ਨੂੰ ਘੜਦਾ ਸੰਵਾਰਦਾ ਹੈ, ਕੋਈ ਹੋਰ ਇਸ ਦੀ ਵਸਤੂ ਨੂੰ ਵਧੇਰੇ ਸੁਹਜਮਈ ਰੂਪ ਦੇਣ ਲਈ ਪ੍ਰੀਵਰਤਨ ਕਰਦਾ ਹੈ, ਕੋਈ ਇਸ ਨਾਲੋਂ ਕਝ ਤੋੜਦਾ, ਕੋਈ ਕੁਝ ਜੋੜਦਾ ਹੈ। ਇਸ ਤਰ੍ਹਾਂ ਇਸ ਗੀਤ ਦੀ ਬਾਰ ਬਾਰ ਸਿਰਜਨਾ ਹੁੰਦੀ ਰਹਿੰਦੀ ਹੈ ਜਾਂ ਇਉਂ ਕਹਿ ਲਓ ਕਿ ਇਹ ਲਗਾਤਾਰ ਰਚਨ ਪ੍ਰਕ੍ਰਿਆ ਵਿਚ ਪਿਆ ਰਹਿੰਦਾ ਹੈ। ਜਦੋਂ ਤਕ ਇਸ ਗੀਤ ਵਿਚ ਨਿਰੋਈ ਜ਼ਿੰਦਗੀ ਧੜਕਦੀ ਰਹਿੰਦੀ ਹੈ, ਇਸ ਦੀ ਰਚਨਾ ਦਾ ਕੰਮ ਮੁਕਦਾ ਨਹੀਂ। ਇਸ ਤਰ੍ਹਾਂ ਇਕੋ ਲੋਕ-ਗੀਤ ਉਤੇ ਕਈ ਵਿਅਕਤੀਆਂ ਦੇ ਅਨੁਭਵ ਤੇ ਕਲਪਨਾ ਦੀ ਛਾਪ ਲਗੀ ਹੁੰਦੀ ਹੈ। ਇਸ ਤਰ੍ਹਾਂ ਦੀ ਰਚੀ ਕਵਿਤਾ/ਗੀਤ ਉਤੇ ਕਿਸੇ ਇਕ ਵਿਅਕਤੀ ਦਾ ਅਧਿਕਾਰ ਨਹੀਂ ਰਹਿੰਦਾ। ਇਹ ਗੀਤ ਸਮੂਹ ਦੀ ਕਿਰਤ ਬਣ ਕੇ ਵਿਚਰਦਾ ਹੈ। ਇਹੋ ਕਾਰਨ ਹੈ ਕਿ ਲੋਕ-ਗੀਤ ਦੇ ਰਚਨਹਾਰੇ ਅਗਿਆਤ ਹੁੰਦੇ ਹਨ। ਸਹੀ ਸ਼ਬਦਾਂ ਵਿਚ ਉਨ੍ਹਾਂ ਦਾ ਕੋਈ ਵਿਸ਼ੇਸ਼ ਕਰਤਾ ਨਹੀਂ ਹੁੰਦਾ। ਸਮਾਂ ਪਾ ਕੇ ਇਕੋ ਗੀਤ ਦੇ ਅਨੇਕਾਂ ਰੂਪਾਂਤਰ ਰਚੇ ਜਾਂਦੇ ਹਨ, ਅਤੇ ਭਿੰਨ ਭਿੰਨ ਇਲਾਕਿਆਂ ਤੇ ਸਮੂਹਾਂ ਵਿਚ ਇਹ ਵੱਖਰੇ ਵੱਖਰੇ ਰੂਪਾਂਤਰਾਂ ਵਿਚ ਵਿਚਰਦਾ ਜ਼ਿੰਦਗੀ ਭੋਗਦਾ ਰਹਿੰਦਾ ਹੈ।

ਲੋਕ-ਗੀਤਾਂ ਵਿਚ ਵਸਤੂ ਘਟ ਵਧ ਹੀ ਮੌਲਿਕ ਹੁੰਦੀ ਹੈ। ਬਹੁਤੀ ਵਾਰ ਪਰੰਪਰਾਗਤ ਸਾਮਿਗਰੀ ਨੂੰ ਪਰੰਪਰਾਗਤ ਰੂਪ ਵਿਚ ਢਾਲਿਆ ਜਾਂਦਾ ਹੈ। ਨਵੇਂ ਵਿਸ਼ਿਆਂ ਤੇ ਨਵੀਆਂ ਸਥਿਤੀਆਂ ਉਤੇ ਕੋਈ ਵਿਰਲਾ ਅਨੁਭਵੀ ਹੀ ਹੱਕ ਅਜ਼ਮਾਂਦਾ ਹੈ। ਕਈ ਵਾਰ ਤਾਂ ਕਿਸੇ ਲੋਕ-ਗੀਤ ਵਿਚ ਇਕ ਸੱਤਰ ਜਾਂ ਵਿਚਾਰ ਕਿਸੇ ਦੂਜੇ ਗੀਤ ਵਿਚੋਂ ਦੂਜੀ ਸੱਤਰ ਜਾ

ਵਿਚਾਰ ਚੁਣ ਕੇ ਤੇ ਇਕ ਦੋ ਪੰਗਤੀਆਂ ਕੋਲੋਂ ਜੋੜ ਕੇ ਨਵਾਂ ਗੀਤ ਰਚ ਲਿਆ ਜਾਂਦਾ ਹੈ। ਇਸੇ ਲਈ ਲੋਕ-ਗੀਤ ਬਹੁਤੀ ਵਾਰ ਨਵ-ਸਿਰਜਨਾ ਦੀ ਥਾਂ ਪੁਨਰ-ਸਿਰਜਨਾ ਹੁੰਦੇ ਹਨ।

(ਲ-85) **ਲੋਕ-ਧਰਮ :**

ਲੋਕਧਾਰਾ ਦਾ ਇਕ ਅਹਿਮ ਪੱਖ ਲੋਕ-ਧਰਮ ਹੈ, ਜੋ ਹੁਣ ਤਕ ਪੰਜਾਬ ਵਿਚ ਬਿਲਕੁਲ ਹੀ ਅਣਗੌਲਿਆ ਪਿਆ ਹੈ। ਹਰੇਕ ਸ਼ਾਸਤ੍ਰੀ-ਧਰਮ ਦੀਆਂ ਜੜ੍ਹਾਂ ਲੋਕ-ਧਰਮ ਵਿਚ ਹਨ ਅਤੇ ਇਸ ਨੂੰ ਪਛਾਣੇ ਬਗ਼ੈਰ ਕਿਸੇ ਵੀ ਸ਼ਾਸਤ੍ਰੀ-ਧਰਮ ਨੂੰ ਆਪਣੇ ਪੂਰੇ ਪੱਖ ਪਸਾਰ ਵਿਚ ਸਮਝਿਆ ਨਹੀਂ ਜਾ ਸਕਦਾ। ਪੱਛਮ ਵਿਚ ਮਾਨਵ-ਵਿਗਿਆਨੀਆਂ ਨੇ ਕੁਝ ਖ਼ਾਸ ਭੂਗੋਲਿਕ ਖਿੱਤਿਆਂ ਅਤੇ ਕਬੀਲਿਆਂ ਦੀਆਂ ਪੂਜਾ-ਵਿਧੀਆਂ, ਮਾਨਤਾਵਾਂ ਤੇ ਕਰਮ ਕਾਂਡਾਂ ਬਾਰੇ ਅਧਿਐਨ ਕੀਤਾ ਹੈ ਅਤੇ ਇਸ ਸਬੰਧ ਵਿਚ ਕੁਝ ਧਾਰਨਾਵਾਂ ਵੀ ਬਣਾਈਆਂ ਹਨ, ਪਰ ਇਸ ਵਿਸ਼ੇ ਦੀਆਂ ਡੂੰਘੀਆਂ ਪਰਤਾਂ ਨੂੰ ਅਜੇ ਨਹੀਂ ਛੁਹਿਆ ਗਿਆ ਅਤੇ ਨਾ ਹੀ ਲੋਕ-ਧਰਮ ਦੇ ਵਿਭਿੰਨ ਪੱਖ-ਪਸਾਰਾਂ ਅਤੇ ਆਰ ਪਾਰ ਫੈਲੇ ਚਿੰਤਨ ਦੀ ਪੂਰੀ ਤਰ੍ਹਾਂ ਘੋਖ ਪੜਤਾਲ ਕੀਤੀ ਗਈ ਹੈ। ਇਸੇ ਲਈ ਇਹ ਭੁਲੇਖਾ ਵੀ ਬਣਿਆ ਹੋਇਆ ਹੈ ਕਿ ਲੋਕ-ਧਰਮ ਚਿੰਤਨ ਤੋਂ ਮੁਕਤ ਹੁੰਦਾ ਹੈ।

ਲੋਕ-ਧਰਮ ਦੀ ਚਰਚਾ ਕਰਦਿਆਂ ਕਿਸੇ ਵਿਦਵਾਨ ਨੇ ਇਸ ਦੀਆਂ ਪੂਜਾ ਵਿਧੀਆਂ ਦਾ ਅਧਿਐਨ ਕੀਤਾ ਹੈ, ਕਿਸੇ ਨੇ ਜਾਦੂ-ਤੱਤਾਂ ਅਥਵਾ ਲੋਕ-ਵਿਸ਼ਵਾਸਾਂ ਦਾ, ਕਿਸੇ ਨੇ ਰਹੁ-ਰੀਤਾਂ ਤੇ ਅਨੁਸ਼ਠਾਨਾਂ ਦਾ, ਪਰ ਇਸ ਦੀਆਂ ਸਮੁਚੀਆਂ ਰੂੜ੍ਹੀਆਂ ਦੇ ਆਧਾਰ ਉਤੇ ਧਰਮ ਦੀ ਪੱਧਰ ਉਤੇ ਹਾਲੇ ਇਸ ਨੂੰ ਨਹੀਂ ਵਿਚਾਰਿਆ ਗਿਆ। ਇਸ ਤੋਂ ਇਲਾਵਾ ਧਰਮ ਨਾਲ ਹਮੇਸ਼ਾਂ ਰਹੱਸਮਈ ਸ਼ਕਤੀਆਂ ਜੁੜੀਆਂ ਹੁੰਦੀਆਂ ਹਨ। ਇਨ੍ਹਾਂ ਨੂੰ ਵਿਗਿਆਨ ਦੀ ਥਾਂ ਮਾਨਸਿਕ ਭਾਵਨਾਵਾਂ ਤੇ ਤਰਕ ਦੀ ਥਾਂ ਉਪਯੋਗਤਾ ਦੀ ਪੱਧਰ ਉਤੇ ਵਿਚਾਰਨਾ ਵੀ ਲਾਜ਼ਮੀ ਹੈ, ਕਿਉਂ ਜੋ ਵਿਸ਼ਵਾਸ ਤੇ ਸ਼ਰਧਾ ਜਿਸ ਮਾਨਸਿਕਤਾ ਨੂੰ ਜਨਮ ਦਿੰਦੀ ਹੈ, ਉਹ ਜੀਵਨ ਦੇ ਅਨੇਕਾਂ ਅਮਲਾਂ ਵਿਚ ਪਿਠਭੂਮੀ ਬਣਦੀ ਹੈ ਤੇ ਉਸ ਦੀ ਭੂਮਿਕਾ ਦਾ ਇਕ ਆਪਣਾ ਯਥਾਰਥ ਹੈ। ਫਿਰ ਜੀਵਨ ਵਿਚ ਸਭ ਤੋਂ ਵੱਡਾ ਯਥਾਰਥ ਤਾਂ ਲੋਕ-ਸੱਚ ਹੈ, ਜਿਸ ਵਿਚ ਕਿਸੇ ਜਾਤੀ ਦੀ ਮਾਨਸਿਕਤਾ ਢਲੀ ਹੁੰਦੀ ਹੈ।

ਲੋਕ-ਧਰਮ ਸ਼ਾਸਤ੍ਰੀ-ਧਰਮ ਦਾ ਹੀ ਇਕ ਪੂਰਬਲਾ ਰੂਪ ਹੈ, ਉਸੇ ਤਰ੍ਹਾਂ ਜਿਵੇਂ ਵਿਸ਼ਿਸ਼ਟ ਸਾਹਿਤ ਦਾ ਪੂਰਬਲਾ ਰੂਪ ਲੋਕ-ਸਾਹਿਤ ਹੈ। ਹਰੇਕ ਸ਼ਾਸਤ੍ਰੀ-ਧਰਮ ਦਾ ਮੁਢ ਕਿਸੇ ਇਤਿਹਾਸਕ ਕਾਲ ਵਿਚ ਨਿਸ਼ਚਿਤ ਕੀਤਾ ਜਾ ਸਕਦਾ ਹੈ, ਪਰ ਲੋਕ-ਧਰਮ ਦਾ ਨਹੀਂ, ਜੋ ਪੂਰਬ-ਇਤਿਹਾਸਕ ਕਾਲ ਤੋਂ ਪਰੰਪਰਾ ਵਾਂਗ ਚਲਿਆ ਆਉਂਦਾ ਹੈ। ਸ਼ਾਸਤ੍ਰੀ ਧਰਮ ਦਾ ਆਰੰਭ ਕਿਸੇ ਨਾ ਕਿਸੇ ਮਹਾਂਪੁਰਖ ਤੋਂ ਬਝਦਾ ਹੈ ਤੇ ਉਸ ਦੇ ਸਰੂਪ ਵਿਚ ਅਹਿਮ ਤਬਦੀਲੀਆਂ ਨਹੀਂ ਆਉਂਦੀਆਂ ਪਰ ਲੋਕ-ਧਰਮ ਜੋ ਸਾਮੂਹਿਕ ਧਾਰਮਿਕ ਮਾਨਸਿਕਤਾ ਦਾ ਫਲ ਹੁੰਦਾ ਹੈ, ਜਿਸ ਵਿਚ ਨਵੀਆਂ ਰੂੜ੍ਹੀਆਂ ਪ੍ਰਵੇਸ਼ ਕਰਦੀਆਂ ਰਹਿੰਦੀਆਂ ਹਨ, ਇਸ ਵਿਚ ਇਕਸਾਰਤਾ ਨਾਲੋਂ ਭਿੰਨਤਾ ਪ੍ਰਧਾਨ ਹੁੰਦੀ ਹੈ। ਸ਼ਾਸਤ੍ਰੀ ਧਰਮ ਦਾ ਆਧਾਰ ਕੋਈ ਨਾ ਕੋਈ ਲਿਖਤੀ ਗ੍ਰੰਥ ਹੁੰਦਾ ਹੈ, ਪਰ ਲੋਕ-ਧਰਮ ਵਿਚ ਸਭ ਕੁਝ ਮੌਖਿਕ ਤੇ ਪਰੰਪਰਕ। ਸ਼ਾਸਤ੍ਰੀ ਧਰਮ ਵਿਚ ਜੋ ਪੂਜਾ ਅਰਚਾ ਤੇ ਕਰਮ ਕਾਂਡ ਕੀਤੇ ਜਾਂਦੇ ਹਨ, ਉਹ ਸਭ ਅਗਲੇ ਲੋਕ ਵਿਚ ਸੁਖ ਤੇ ਆਨੰਦ ਦੀ ਪ੍ਰਾਪਤੀ ਲਈ ਹੁੰਦੇ ਹਨ, ਪਰ ਲੋਕ ਧਰਮ ਵਿਚ ਅਗਲੇ ਸੰਸਾਰ ਦੇ ਨਾਲ ਨਾਲ ਇਸ ਸੰਸਾਰ ਨੂੰ ਵੀ ਮੁਖ ਰਖਿਆ ਜਾਂਦਾ ਹੈ। ਪਹਿਲ ਸਵੈ-ਰਖਿਆ ਤੇ ਇੱਛਾਵਾਂ ਦੀ ਪੂਰਤੀ ਨੂੰ ਦਿਤੀ ਜਾਂਦੀ ਹੈ। ਸ਼ਾਸਤ੍ਰੀ ਧਰਮ ਵਿਚ ਦਰਸ਼ਨ ਨੂੰ ਸਮਝਣ ਉਤੇ ਜ਼ੋਰ ਹੁੰਦਾ ਹੈ, ਪਰ ਲੋਕ ਧਰਮ ਵਿਚ ਅਨੁਸ਼ਠਾਨਾਂ ਨੂੰ ਗ੍ਰਹਿਣ ਕਰਨ ਉਤੇ, ਆਦਿ। ਸ਼ਾਸਤ੍ਰੀ ਧਰਮ ਆਤਮਾ ਤੋਂ ਪਰਮਾਤਮਾ ਵਲ ਦੀ ਯਾਤਰਾ ਹੈ, ਪਰ ਲੋਕ ਧਰਮ ਭੌਤਿਕ ਵਸਤੂਆਂ ਤੇ ਸੁਖ ਭੋਗਣ ਵਲ ਦੀ।

ਧਰਮ ਇਕ ਜਟਿਲ ਜਿਹਾ ਅਨੁਸ਼ਾਸਨ ਹੈ, ਜਿਸ ਦੀ ਥੋੜੇ ਜਿਹੇ ਸ਼ਬਦਾਂ ਵਿਚ ਪਰਿਭਾਸ਼ਾ ਕਰਨੀ ਸੌਖੀ ਨਹੀਂ। ਧਰਮ ਦੇ ਕਈ ਪੰਧ ਤੇ ਦਿਸ਼ਾਵਾਂ ਹਨ, ਕਈ ਪਰਤਾਂ ਤੇ ਕਈ ਪਸਾਰ। ਇਹ ਇਕ ਅਜਿਹੀ ਜੀਵਨ ਜਾਚ ਹੈ, ਜੋ ਯਥਾਰਥ ਦੇ ਨਾਲ ਨਾਲ ਰਹੱਸਮਈ ਸ਼ਕਤੀਆਂ ਵਿਚ ਵੀ ਵਿਸ਼ਵਾਸ ਰਖਦੀ ਹੈ ਤੇ ਇਸ ਲੋਕ ਤੋਂ ਅਗਲੇ ਲੋਕ ਤਕ ਪਸਰੀ ਹੋਈ ਹੈ। ਇਹ ਯਥਾਰਥ ਨੂੰ ਸਮਝਣ ਲਈ ਰਹੱਸ ਨੂੰ ਆਧਾਰ ਬਣਾਉਂਦੀ ਹੈ ਅਤੇ ਰਹੱਸ ਨੂੰ ਸਮਝਣ ਲਈ ਪਰਾਭੌਤਿਕ ਅਨੁਭਵਾਂ ਨੂੰ। ਸਾਧਾਰਨ ਸ਼ਬਦਾਂ ਵਿਚ ਧਰਮ ਤੋਂ ਭਾਵ ਮਨੁਖ ਦੀ ਆਪਣੇ ਤੋਂ ਬਲਵਾਨ ਕਿਸੇ ਰਹੱਸਮਈ ਸ਼ਕਤੀ ਵਿਚ ਵਿਸ਼ਵਾਸ ਹੈ। ਇਸੇ ਸ਼ਕਤੀ ਨੂੰ ਸਮੇਂ ਸਮੇਂ ਆਪਣੀ ਸੋਚ, ਅਨੁਭਵ ਤੇ ਕਲਪਨਾ ਅਨੁਸਾਰ ਭਿੰਨ ਭਿੰਨ ਗੁਣ ਪ੍ਰਦਾਨ ਕੀਤੇ ਗਏ ਤੇ ਅਖ਼ੀਰ ਇਸ ਨੂੰ ਸਰਬ ਸਮਰੱਥਾ ਗੁਣਾਂ ਵਾਲਾ ਮੰਨਿਆ ਜਾਣ ਲਗਾ। ਇਸ ਦੇ ਸਰੂਪ ਦਾ ਵਿਕਾਸ ਹੁੰਦਾ ਗਿਆ, ਕਦੇ ਇਹ ਸਰਗੁਣ ਰੂਪ ਵਾਲਾ ਮੰਨਿਆ ਜਾਂਦਾ ਰਿਹਾ ਤੇ ਫਿਰ ਨਿਰਗੁਣ ਸਰੂਪ ਵਾਲਾ ਤੇ ਫਿਰ ਇਸ ਨੂੰ ਨਿਰਗੁਣ ਤੇ ਸਰਗੁਣ ਦੋਹਾਂ ਸਰੂਪਾਂ ਵਿਚ ਕਬੂਲਿਆ ਗਿਆ। ਇਸ ਰਹੱਸਮਈ ਸ਼ਕਤੀ ਦਾ ਬਹੁ-ਪੜਾਵੀ ਵਿਕਾਸ ਹੀ ਧਰਮ ਦਾ ਇਤਿਹਾਸ ਹੈ।

ਧਰਮ ਸਭਿਆਚਾਰ ਵਾਂਗ ਕਈ ਪੜਾਵਾਂ ਵਿਚੋਂ

ਲੰਘਿਆ। ਪਹਿਲੇ ਪੜਾਅ ਵਿਚ ਆਤਮਸ਼ੀਲ ਚਿੰਤਨ ਇਸ ਦਾ ਇਕ ਅਹਿਮ ਪੜਾਅ ਸੀ। ਜਦੋਂ ਇਹ ਧਾਰਨਾ ਬਣੀ ਕਿ ਹਰ ਵਸਤੂ ਭਾਵੇਂ ਉਹ ਜੜ੍ਹ ਹੋਵੇ ਜਾਂ ਚੇਤਨ, ਉਸ ਵਿਚ ਆਤਮ-ਤੱਤ ਹੈ ਤੇ ਇਹੋ ਧਾਰਨਾ ਫੈਲਦੀ ਹੋਈ ਸਰਗੁਣ ਸਰੂਪ ਦਾ ਰੂਪ ਧਾਰਨ ਕਰ ਗਈ। ਇਸੇ ਤਰ੍ਹਾਂ ਮੋਏ ਪ੍ਰਾਣੀਆਂ ਦੇ ਪਿਤਰ ਪੂਜਾ ਤੋਂ ਯਾਤਰਾ ਕਰਦਾ ਇਹ ਚਿੰਤਨ ਵਿਚ ਕਿਸੇ ਬਲਵਾਨ ਰਹੱਸਮਈ ਸ਼ਕਤੀ ਨੂੰ ਪਛਾਣਦਾ ਹੋਇਆ ਦੇਵੀ ਦੇਵਤਿਆਂ ਦੀ ਪੂਜਾ ਤਕ ਯਾਤਰਾ ਕਰਦਾ ਇਕ ਰਸ ਰੱਬ ਦੀ ਹੋਂਦ ਵਿਚ ਆਸਥਾ ਰਖਣ ਲਗਾ। ਇਹ ਸਾਰਾ ਕੁਝ ਕਹਿਣ ਦਾ ਭਾਵ ਇਹ ਹੈ ਕਿ ਮਨੁਖ ਕਿਸੇ ਬਲਵਾਨ ਰਹੱਸਮਈ ਸ਼ਕਤੀ ਵਿਚ ਵਿਸ਼ਵਾਸ ਰਖਣ ਮਗਰੋਂ ਉਸ ਦੇ ਗੁਣਾਂ ਤੇ ਸਰੂਪ ਦੀ ਪਛਾਣ ਵਿਚ ਕਈ ਪੜਾਵਾਂ ਵਿਚੋਂ ਲੰਘਿਆ ਹੈ।

ਅਸਲ ਵਿਚ ਧਰਮ ਆਪੇ ਦੀ ਪਛਾਣ ਵਿਚ ਉਦੈ ਹੋਇਆ। ਮਨੁਖ ਨੇ ਆਪਣੇ ਅੰਦਰ ਇਕ ਸ਼ਕਤੀ ਅਨੁਭਵ ਕੀਤੀ, ਇਹੋ ਜਿਹੀ ਸ਼ਕਤੀ ਉਸ ਨੂੰ ਸਾਰੀ ਪ੍ਰਕ੍ਰਿਤੀ ਵਿਚ ਵੀ ਫੈਲੀ ਵਿਖਾਈ ਦਿਤੀ। ਅੰਦਰ ਦੀ ਸ਼ਕਤੀ ਨੂੰ ਜਾਗ੍ਰਿਤ ਕਰਨ ਲਈ ਤੇ ਪ੍ਰਕ੍ਰਿਤੀ ਦੀ ਸ਼ਕਤੀ ਨਾਲ ਉਸਨੂੰ ਇਕਸੁਰ ਕਰਨ ਦੀ ਰੁਚੀ ਨੇ ਹੀ ਧਰਮ ਨੂੰ ਜਨਮ ਦਿਤਾ। ਅੰਦਰ ਦੀ ਸ਼ਕਤੀ ਤੇ ਬਾਹਰ ਦੀ ਸ਼ਕਤੀ ਨਾਲ ਸੰਬੰਧਾਂ ਨੇ ਮਨੁਖ ਨੂੰ ਸਾਰੇ ਬ੍ਰਹਿਮੰਡ ਨਾਲ ਜੋੜ ਦਿਤਾ। ਮਨੁਖ ਲਈ ਦੁਨਿਆਵੀ ਜ਼ਿੰਦਗੀ ਜੋ ਅਸਥਿਰ ਤੇ ਨਾਸ਼ਵਾਨ ਸੀ, ਇਕ ਵੱਡੀ ਯਾਤਰਾ ਦਾ ਪੜਾਅ ਜਾਪਣ ਲਗੀ।

ਮਿਥਕ ਕਥਾ ਤੇ ਲੋਕ ਧਰਮ :

ਮਿਥਕ ਕਥਾ ਲੋਕ ਧਰਮ ਦਾ ਮੂਲ ਆਧਾਰ ਹੈ। ਇਕ ਅਜਿਹਾ ਬੀਜ ਜਿਸ ਵਿਚ ਧਰਮ ਉਗ ਕੇ ਬ੍ਰਿਛ ਵਾਂਗ ਫੈਲਿਆ। ਮਿਥਕ ਕਥਾ ਦੀ ਹੋਂਦ ਧਰਮ ਤੋਂ ਪੂਰਬਲੀ ਅਵਸਥਾ ਵਿਚ ਕਾਇਮ ਹੋਈ ਅਤੇ ਧਰਮ ਮਿਥਕ ਕਥਾ ਦੇ ਗਰਭ ਵਿਚੋਂ ਹੀ ਨਿੰਮਿਆ। ਇਸ ਲਈ ਪਹਿਲਾਂ ਮਿਥਕ ਕਥਾ ਬਾਰੇ ਸੰਖੇਪ ਜਿਹੀ ਚਰਚਾ ਜ਼ਰੂਰੀ ਹੈ। ਮਿਥਕ ਪਰੰਪਰਾ ਤੋਂ ਚਲੀ ਆ ਰਹੀ ਕਥਾ ਹੈ ਜੋ ਕਿ ਬ੍ਰਹਿਮੰਡ ਦੇ ਕਿਸੇ ਦ੍ਰਿਸ਼ਟਮਾਨ ਪ੍ਰਕਿਰਤੀ ਦੇ ਰਹੱਸਾ ਤੇ ਮਨੁਖ ਦੇ ਪ੍ਰਕ੍ਰਿਤੀ ਨਾਲ ਸੰਬੰਧਾਂ ਦਾ ਉਦਘਾਟਨ ਕਰਦੀ ਹੈ। ਮਿਥਕ ਕਥਾ ਰਹੱਸਾਂ ਦੇ ਧਰਾਤਲ ਤਕ ਪਹੁੰਚਣ ਦੀ ਇਕ ਬ੍ਰਿਤਾਂਤਕ ਵਿਧੀ ਹੈ, ਜਿਸ ਨੂੰ ਆਦਿਮ ਮਾਨਵ ਨੇ ਅਪਣਾਇਆ। ਮਿਥਕ ਕਥਾ ਦੀ ਸਿਰਜਨਾ ਵਿਚ ਚੇਤਨ ਨਾਲੋਂ ਅਵਚੇਤਨ, ਵਿਅਕਤੀਗਤ ਨਾਲੋਂ ਸਮੂਹਿਕ ਮਨ ਦਾ ਜਲੌ ਹੁੰਦਾ ਹੈ। ਇਸ ਦਾ ਆਧਾਰ ਭਾਵੇਂ ਕਲਪਨਾ ਹੈ, ਪਰ ਇਸ ਦਾ ਤਰਕ ਵਿਤਰਕ ਕੁਝ ਮਾਨਤਾਵਾਂ ਹਨ, ਜੋ ਆਦਿਮ ਮਨੁਖ ਦੀ ਸੋਚ ਦਾ ਹਿੱਸਾ ਸਨ।

ਮਿਥਕ ਕਥਾ ਦਾ ਮੁਢ ਉਦੋਂ ਬਝਿਆ ਜਦੋਂ ਮਾਨਵ ਆਪਣੇ ਆਪ ਨੂੰ ਪ੍ਰਕ੍ਰਿਤੀ ਦਾ ਅਨਿੱਖੜਵਾਂ ਅੰਸ਼ ਸਮਝਦਾ ਸੀ ਤੇ ਆਪਣੇ ਜੀਵਨ ਵਿਚ ਵਾਪਰਦੀਆਂ ਘਟਨਾਵਾਂ ਨੂੰ ਪ੍ਰਕ੍ਰਿਤੀ ਦੇ ਮਾਧਿਅਮ ਦੁਆਰਾ ਸਮਝਣ ਦਾ ਯਤਨ ਕਰਦਾ ਸੀ। ਪ੍ਰਕ੍ਰਿਤੀ ਮਾਨਵ ਦਾ ਪ੍ਰਤਿਰੂਪ ਹੈ ਤੇ ਮਾਨਵ ਪ੍ਰਕ੍ਰਿਤੀ ਦਾ। ਜਿਵੇਂ ਸੂਰਜ ਤੇ ਚੰਨ ਭਰਾ ਤੇ ਭੈਣ ਹੋਣੇ, ਸੂਰਜ ਦੇ ਰਥ ਉਤੇ ਊਸ਼ਾ ਦਾ ਸਵਾਰ ਹੋ ਕੇ ਨਿਕਲਣਾ, ਚੰਗੇ ਮਨੁੱਖ ਮਰਨ ਮਗਰੋਂ ਤਾਰੇ ਬਣ ਕੇ ਅਸਮਾਨ ਵਿਚ ਟਿਕਣੇ। ਦੂਜੇ ਪਾਸੇ ਪ੍ਰਕ੍ਰਿਤੀ ਕਦੇ ਨਸ਼ਟ ਨਹੀਂ ਹੁੰਦੀ, ਉਸੇ ਦੇ ਬੀਜ ਵਿਚੋਂ ਨਵੀਂ ਪ੍ਰਕ੍ਰਿਤੀ ਉਭਰਦੀ ਹੈ। ਪ੍ਰਕ੍ਰਿਤੀ ਕਦੇ ਮਰਦੀ ਨਹੀਂ। ਇਸੇ ਦੇ ਪ੍ਰਤਿ-ਰੂਪ ਵਿਚ ਇਹ ਮਿਥ ਲਿਆ ਗਿਆ ਕਿ ਮਨੁੱਖ ਵੀ ਮਰਦਾ ਨਹੀਂ, ਉਸ ਦੀ ਆਤਮਾ ਅਮਰ ਹੈ। ਇਸੇ ਯਤਨ ਵਿਚ ਮਨੁੱਖ ਨੂੰ ਆਪਣੇ ਵਾਂਗ ਹੀ ਪ੍ਰਕ੍ਰਿਤੀ ਵਿਚ ਆਤਮ-ਤੱਤ ਦਾ ਅਹਿਸਾਸ ਹੋਇਆ ਤੇ ਉਸ ਨੇ ਪ੍ਰਕ੍ਰਿਤਕ ਸ਼ਕਤੀਆਂ ਦਾ ਮਾਨਵੀਕਰਣ ਕੀਤਾ। ਇਸੇ ਮਾਨਵੀਕਰਣ ਨੇ ਦੇਵੀ ਦੇਵਤਿਆਂ ਨੂੰ ਸਿਰਜਿਆ, ਸੂਰਜ ਇਕ ਸ਼ਕਤੀਸ਼ਾਲੀ ਦੇਵਤੇ ਦੇ ਰੂਪ ਵਿਚ ਉਭਰਿਆ ਜਿਸ ਦੀ ਪੂਜਾ ਅਜ ਤਕ ਪ੍ਰਚਲਤ ਹੈ।

ਮਿਥਕ ਕਥਾਵਾਂ ਦਾ ਸੱਚ ਇਕ ਤਰ੍ਹਾਂ ਦਾ ਮਾਨਸਿਕ ਸੱਚ ਹੈ—ਉਹ ਸੱਚ ਜੋ ਪ੍ਰਕ੍ਰਿਤੀ ਦੇ ਰਹੱਸਾਂ ਨੂੰ ਜਾਣਨ ਲਈ, ਮਾਨਵ ਨੇ ਉਸ ਨਾਲ ਇਕਸੁਰ ਹੋ ਕੇ ਅਨੁਭਵ ਕੀਤਾ। ਉਹ ਮਾਨਸਿਕ ਸੱਚ ਜੋ ਤਰਕ ਵਿਤਰਕ ਤੋਂ ਪਰੇ ਹੁੰਦਾ ਹੈ। ਮਿੱਥਕ ਕਥਾਵਾਂ ਮਾਨਵ ਦੇ ਆਦਿਮ ਅਨੁਭਵਾਂ ਨੂੰ ਹੀ ਵਿਅਕਤ ਕਰਦੀਆਂ ਹਨ ਅਤੇ ਮਾਨਵ ਨੇ ਇਸ ਨੂੰ ਸਚ ਸਰੂਪ ਵਿਚ ਗ੍ਰਹਿਣ ਕੀਤਾ। ਪਰ ਮਿਥਕ ਕਥਾਵਾਂ ਦੀ ਸਿਰਜਨਾ ਵਿਚ ਕਲਪਨਾ ਦੀ ਅਹਿਮ ਭੂਮਿਕਾ ਹੁੰਦੀ ਹੈ। ਆਦਿਮ ਮਾਨਵ ਵਿਚ ਕਲਪਨਾ ਤੇ ਵਾਸਤਵਿਕਤਾ ਇਕੋ ਸਿੱਕੇ ਦੇ ਦੋ ਪਾਸੇ ਹਨ, ਜੋ ਕਲਪਿਆ ਜਾ ਸਕਦਾ ਹੈ, ਉਹ ਅਵੱਸ਼ ਯਥਾਰਥ ਹੈ।

ਮਿਥਕ ਤੱਤ ਨੂੰ ਜੇ ਭਾਰਤੀ ਸ਼ਬਦਾਵਲੀ ਵਿਚ ਸਮਝਣਾ ਹੋਵੇ ਤਾਂ ਇਹ ਤੱਤ ਸੰਸਕਾਰਾਂ ਵਿਚੋਂ ਉਪਜਦੇ ਹਨ, ਜੋ ਜਾਤੀ ਦੀ ਮਾਨਸਿਕਤਾ ਦਾ ਅੰਗ ਬਣੇ ਰਹਿੰਦੇ ਹਨ। ਇਹ ਸੰਸਕਾਰ ਮਾਨਵ ਜਾਤੀ ਦੇ ਸਮੂਹਿਕ ਜੀਵਨ ਵਿਚ ਇਕਠੇ ਹੋਏ ਆਦਿ-ਬਿੰਬ ਹਨ। ਮਿਥਕ ਕਥਾਵਾਂ ਇਨ੍ਹਾਂ ਸੰਸਕਾਰਾਂ ਦਾ ਭਾਵੁਕ ਪ੍ਰਤਿਰੂਪ ਹਨ। ਇਹ ਸੰਸਕਾਰ ਵੀ ਦੋ ਤਰ੍ਹਾਂ ਦੇ ਹੁੰਦੇ ਹਨ, ਇਕ ਵਿਅਕਤੀਗਤ ਸੰਸਕਾਰ ਤੇ ਦੂਜਾ ਸਾਮੂਹਿਕ ਸੰਸਕਾਰ। ਵਿਅਕਤੀਗਤ ਸੰਸਕਾਰ ਪ੍ਰਾਣੀ ਦੇ ਆਪਣੀਆਂ ਗ੍ਰਹਿਣ ਕੀਤੀਆਂ ਪ੍ਰਵਿਰਤੀਆਂ ਹਨ, ਪਰ ਸਾਮੂਹਿਕ ਸੰਸਕਾਰ ਜਾਤੀ ਦੇ ਸਾਮੂਹਿਕ ਪੱਧਰ ਉਤੇ ਗ੍ਰਹਿਣ ਕੀਤੀਆਂ ਪ੍ਰਵਿਰਤੀਆਂ, ਧਾਰਨਾਵਾਂ ਦੇ ਅਨੁਕੂਲ ਹਨ।

ਆਦਿਮ ਯੁੱਗ ਤੋਂ ਵਰਤਮਾਨ ਤਕ ਕਿਸੇ ਜਾਤੀ ਦੇ ਸੰਚਿਤ ਸੰਸਕਾਰ।

ਸਾਮੂਹਿਕ ਸੰਸਕਾਰਾਂ ਦੀ ਬਿੰਬ ਅਵਚੇਤਨ ਵਿਚ ਹੁੰਦੇ ਹਨ, ਜਾਤੀ ਦੇ ਸਭਿਆਚਾਰ ਨੂੰ ਢਾਲਣ ਵਿਚ ਅਹਿਮ ਭੂਮਿਕਾ ਹੁੰਦੀ ਹੈ। ਸਭਿਆਚਾਰ ਪ੍ਰਤੀਕਾਂ ਦੇ ਬਿੰਬਾਂ ਦਾ ਹੀ ਸਮੂਚ ਹੁੰਦਾ ਹੈ ਤੇ ਸਾਮੂਹਿਕ ਸੰਸਕਾਰ ਆਦਿ ਬਿੰਬ ਦੇ ਰੂਪ ਵਿਚ ਜਾਤੀ ਦੇ ਸਭਿਆਚਾਰਕ ਪਸਾਰ ਦਾ ਹਿੱਸਾ ਹੁੰਦੇ ਹਨ।

ਮਿੱਥਕ ਕਥਾਵਾਂ ਲੋਕ ਧਰਮ ਦਾ ਮੂਲ ਆਧਾਰ ਹਨ। ਦੋਹਾਂ ਵਿਚ ਕਈ ਸਾਂਝਾਂ ਹਨ, ਤੇ ਦੋਵੇਂ ਇਕ ਦੂਜੇ ਦੇ ਪੂਰਕ ਵੀ ਹਨ। ਮਿੱਥਕ ਕਥਾ ਦੀ ਹੋਂਦ ਤਾਂ ਹੀ ਹੈ ਜੇ ਉਸ ਵਿਚ ਕੋਈ ਜ਼ਾਤ, ਕਬੀਲਾ, ਸੰਪਰਦਾਇ, ਧਾਰਮਿਕ ਆਸਥਾ ਰਖੇ। ਲੋਕ ਧਰਮ ਮਿਥਕ ਤੱਤਾਂ ਤੋਂ ਹੀ ਸ਼ਕਤੀ ਲੈਂਦਾ ਹੈ। ਦੋਵੇਂ ਹੀ ਅਦ੍ਰਿਸ਼ਟ ਨੂੰ ਦ੍ਰਿਸ਼ਟਮਾਨ ਕਰਨ ਦੇ ਇਛੁਕ ਹਨ। ਮਨੁੱਖ ਨੇ ਆਪਣੇ ਚੌਗਿਰਦੇ ਦੀ ਕੁਦਰਤ ਨੂੰ ਸਮਝਣ ਦੇ ਯਤਨ ਕੀਤੇ, ਜੋ ਬੜੀ ਰਹੱਸਮਈ ਸਨ। ਉਸ ਨੇ ਅਨੁਭਵ ਕੀਤਾ ਕਿ ਬ੍ਰਹਿਮੰਡ ਵਿਚ ਕੋਈ ਰਹੱਸਮਈ ਸੱਤਾ ਹੈ, ਜੋ ਸ਼ਕਤੀਮਾਨ ਹੈ। ਇਸ ਸ਼ਕਤੀ ਨੂੰ ਸਮਝਣ ਲਈ ਹੀ ਮਿਥਕ ਕਥਾਵਾਂ ਦੀ ਸਿਰਜਨਾ ਕੀਤੀ। ਇਹ ਸ਼ਕਤੀ ਜੋ ਉਸ ਨੂੰ ਕਦੇ ਨੁਕਸਾਨ ਪਹੁੰਚਾਂਦੀ (ਜਿਵੇਂ ਕਹਿਰਾਂ ਦੀ ਬਾਰਸ਼ ਤੇ ਹੜ੍ਹ) ਤੇ ਕਦੇ ਬਖ਼ਸ਼ਿਸ਼ ਕਰਦੀ (ਗਰਮ ਰੁਤ ਵਿਚ ਬਾਰਸ਼ ਤੇ ਸਰਦ ਰੁਤ ਵਿਚ ਧੁਪ) ਕਦੇ ਡਰਾਉਂਦੀ (ਬਿਜਲੀ, ਝਖੜ, ਵਾਵਰੋਲੇ) ਕਦੇ ਸਹਾਇਕ ਲਗਦੀ (ਫਲ ਮੇਵੇ)। ਇਸ ਸ਼ਕਤੀ ਨੂੰ ਪਤਿਆਣ ਲਈ ਅਥਵਾ ਉਸ ਦੀ ਪੂਜਾ ਦੁਆਰਾ ਉਸ ਦੀ ਹਮਦਰਦੀ ਜਿੱਤਣ ਲਈ ਧਰਮ ਹੋਂਦ ਵਿਚ ਆਇਆ। ਧਰਮ ਦਾ ਮੁਢਲਾ ਸਰੂਪ ਉਸ ਰਹੱਸਮਈ ਸ਼ਕਤੀ ਦੀ ਨਿਤ ਕਿਰਿਆ ਵਿਚ ਸਹਾਇਤਾ ਪ੍ਰਾਪਤ ਕਰਨਾ ਸੀ। ਮਿਥ ਨੇ ਰਹੱਸਾਂ ਨੂੰ ਸਮਝਣ ਲਈ ਸੰਸਾਰਕ ਪੱਧਰਾਂ ਉਤੇ ਯਤਨ ਕੀਤਾ, ਆਪਣੀ ਹੋਂਦ ਦੇ ਪ੍ਰਤਿਰੂਪ ਵਿਚ, ਪਰ ਧਰਮ ਨੇ ਰਹੱਸ ਨੂੰ ਅਧਿਆਤਮਿਕ ਪੱਧਰ ਅਥਵਾ ਪ੍ਰਾਪ੍ਰਾਕ੍ਰਿਤਕ ਪੱਧਰ ਉਤੇ ਸਮਝਣ ਦੀ ਚੇਸ਼ਟਾ ਕੀਤੀ, ਮਿਥ ਨੇ ਪ੍ਰਕ੍ਰਿਤੀ ਨੂੰ ਮਨੁੱਖ ਨਾਲ ਜੋੜਿਆ ਤੇ ਧਰਮ ਨੇ ਮਨੁੱਖ ਨੂੰ ਪ੍ਰਕ੍ਰਿਤੀ ਨਾਲ ਹੀ ਜੋੜਨਾ ਚਾਹਿਆ। ਮਿਥ ਸੂਖਮ ਵਿਚ ਬਦਲਦੀ ਹੈ ਤੇ ਨਿਰਗੁਣ ਨੂੰ ਸਰਗੁਣ ਵਿਚ, ਧਰਮ ਸਥੂਲ ਨੂੰ ਸੂਖਮ ਵਿਚ, ਦ੍ਰਿਸ਼ਟ ਨੂੰ ਅਦ੍ਰਿਸ਼ਟ ਵਿਚ। ਦੋਹਾਂ ਦਾ ਵਸਤੂ ਇਕੋ ਹੈ, ਵਿਧੀ ਵੱਖਰੀ।

ਮਨੁਖ ਨੇ ਰਹੱਸਮਈ ਪ੍ਰਕ੍ਰਿਤੀ ਦੇ ਵਿਸ਼ਾਲ ਪਸਾਰੇ ਦੇ ਸਾਹਮਣੇ ਆਪਣੇ ਆਪ ਨੂੰ ਤੁਛ ਤੇ ਸ਼ਕਤੀਹੀਨ ਸਮਝਿਆ, ਜਿਸ ਕਰ ਕੇ ਹਮੇਸ਼ਾ ਭੈਅ ਦੇ ਵਿਚ ਘਿਰਿਆ ਰਹਿੰਦਾ। ਮੌਤ ਦੇ ਕਾਲੇ ਪਰਛਾਵਿਆਂ ਨੇ ਉਸ ਦੀ ਹੋਂਦ ਨੂੰ ਹੀ ਮਿਥਿਆ ਬਣਾ ਦਿਤਾ। ਆਪਣੇ ਅਸਤਿਤਵ ਨੂੰ ਸ਼ਕਤੀਸ਼ਾਲੀ ਬਨਾਉਣ ਲਈ ਤੇ ਜ਼ਿੰਦਗੀ ਨੂੰ ਰਹੱਸਮਈ ਅਰਥ ਦੇਣ ਲਈ ਪਹਿਲਾਂ ਮਿਥਕ ਕਥਾਵਾਂ ਦਾ ਤੇ ਫਿਰ ਧਰਮ ਦਾ ਸਹਾਰਾ ਲਿਆ। ਮਿਥ ਸਿਰਜਨਾ ਦੁਆਰਾ ਉਸ ਨੇ ਪ੍ਰਕ੍ਰਿਤੀ ਨੂੰ ਮਾਨਵੀ ਰਿਸ਼ਤਿਆਂ ਵਿਚ ਸਮਝਣ ਦਾ ਯਤਨ ਕੀਤਾ। ਪ੍ਰਕ੍ਰਿਤੀ ਉਸ ਨੂੰ ਆਪਣੇ ਵਰਗੀ (ਪਰ ਵਧੀਕ ਸ਼ਕਤੀਮਾਨ) ਲਗੀ। ਮਿਥ ਨੇ ਉਹਨੂੰ ਮੌਤ ਤੋਂ ਬਾਅਦ ਦੀ ਜ਼ਿੰਦਗੀ ਦਾ ਅਹਿਸਾਸ ਕਰਵਾਇਆ ਤੇ ਧਰਮ ਨੇ ਉਸ ਨੂੰ ਅੰਮ੍ਰਿਤ ਬਖ਼ਸ਼ੀ। ਮਿਥ ਨੇ ਪ੍ਰਕ੍ਰਿਤੀ ਨੂੰ ਦੇਵ ਪੁਰਸ਼ਾਂ ਦੇ ਰੂਪ ਵਿਚ ਪਛਾਣਿਆ ਤੇ ਧਰਮ ਨੇ ਇਸ ਨੂੰ ਦੇਵ ਪੁਰਸ਼ਾਂ ਤੇ ਰਹੱਸਮਈ ਸ਼ਕਤੀਆਂ ਪ੍ਰਤੀ ਸਤਿਕਾਰ ਤੇ ਪੂਜਾ ਅਰਚਾ ਸਿਖਾਈ। ਆਦਿਮ ਮਨੁਖ ਦੇ ਸਾਹਮਣੇ ਸਭ ਤੋਂ ਪਹਿਲੀ ਸਮੱਸਿਆ ਜ਼ਿੰਦਗੀ ਤੇ ਮੌਤ ਦੀ ਸਮੱਸਿਆ ਸੀ ਤੇ ਜ਼ਿੰਦਗੀ ਉਸ ਨੂੰ, ਥੋੜ-ਚਿਰੀ ਤੇ ਮੌਤ ਉਸ ਨੂੰ ਭੈਦਾਇਕ ਲਗੀ। ਮੌਤ ਤੋਂ ਬਾਅਦ ਹੀ ਮਿਥਕ ਜ਼ਿੰਦਗੀ ਨੂੰ ਮੰਨ ਕੇ ਉਸ ਨੇ ਮਨੁਖੀ ਜੀਵਨ ਨੂੰ ਇਕ ਅਰਥ, ਇਕ ਸੇਧ ਦੇਣੀ ਚਾਹੀ ਤੇ ਇਹ ਅਰਥ ਧਰਮ ਦੇ ਦਰਸ਼ਨ ਦੁਆਰਾ ਹੀ ਦਿਤੇ ਜਾ ਸਕਦੇ ਸਨ। ਇਸ ਤਰ੍ਹਾਂ ਮਿਥਕ ਤੇ ਧਰਮ ਨੇ ਜਿਥੇ ਕੁਦਰਤ ਦੀ ਸ਼ਕਤੀ ਤੇ ਰਹੱਸਾਂ ਨੂੰ ਪਛਾਣਨ ਵਿਚ ਸਹਾਇਤਾ ਕੀਤੀ, ਉਥੇ ਨਾਲ ਹੀ ਜ਼ਿੰਦਗੀ ਨੂੰ ਅਰਥ ਦੇਣ ਤੇ ਮਾਨਵ ਨੂੰ ਅਮਰ ਪਦਵੀ ਬਖ਼ਸ਼ਣ ਵਿਚ ਸਹਾਇਕ ਬਣੇ ਭੈਅ ਤੋਂ ਛੁਟਕਾਰਾ ਪਾਉਣ ਲਈ ਦੇਵਤਿਆਂ ਨੂੰ ਜਾਂ ਪ੍ਰਕ੍ਰਿਤੀ ਪਿਛੇ ਛੁਪੀ ਰਹੱਸਮਈ ਸ਼ਕਤੀ ਨੂੰ ਅਰਾਧਣਾ ਤੇ ਧਿਆਣਾ ਤੇ ਮਾਨਵ ਨੂੰ ਨਾਸ਼ਵਾਨ ਦੀ ਥਾਂ ਅਮਰ ਬਨਾਉਣ ਵਿਚ ਮਿਥ ਤੇ ਧਰਮ ਦੀ ਦੇਣ ਤੋਂ ਇਨਕਾਰ ਨਹੀਂ ਕਰ ਸਕਦਾ। ਇਸ ਤਰ੍ਹਾਂ ਜ਼ਿੰਦਗੀ ਅਰਥਹੀਨ ਨਾ ਰਹੀ ਤੇ ਮਾਨਵ ਵੀ ਸ਼ਕਤੀਸ਼ਾਲੀ ਹੋ ਗਿਆ।

ਫਿਰ ਇਸੇ ਮਿਥਕ ਸ਼ਕਤੀ ਨੂੰ ਮਾਨਵ ਨੇ ਵਧ ਤੋਂ ਵਧ ਪਵਿੱਤਰ ਪੁਨੀਤ (ਸਤਿਅਮ), ਭੈਅ ਤੋਂ ਮੁਕਤੀ ਦਿਵਾਣ ਵਾਲੀ (ਸ਼ਿਵਮ) ਤੇ ਸਭ ਤੋਂ ਵਧ ਦਿਲਚਸਪ ਤੇ ਸੁੰਦਰ (ਸੁੰਦਰਮ) ਮੰਨਿਆ।

ਇਸ ਤਰ੍ਹਾਂ ਧਰਮ ਇਕ ਪਾਸੇ ਤਾਂ ਹਨੇਰੇ ਤੇ ਅੰਧਕਾਰ ਦੀ ਅਵਸਥਾ ਵਿਚੋਂ ਕੱਢ ਕੇ ਚਾਨਣ ਤੇ ਗਿਆਨ ਦੀ ਯਾਤਰਾ ਤੇ ਦੂਜੇ ਪਾਸੇ ਮਨੁਖੀ ਨਿਜ ਨੂੰ ਪਰਾ-ਸ਼ਕਤੀ ਨਾਲ ਜੋੜਦਾ ਹੈ।

ਜੇ ਮਿਥ ਤੇ ਧਰਮ ਦਾ ਨਿਖੇੜ ਕਰਨਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਜਿਸ ਦਿਨ ਮਨੁਖ ਨੇ ਇਹ ਅਨੁਭਵ ਕੀਤਾ ਕਿ ਪ੍ਰਕ੍ਰਿਤੀ ਦੀ ਹਰ ਵਸਤੂ ਪਿਛੇ ਕੋਈ ਆਤਮ ਤੱਤ ਹੈ ਜਾਂ ਮਿਥ ਹੋਂਦ ਵਿਚ ਆਈ ਅਥਵਾ ਸਰਵਚੇਤਨਵਾਦ ਦੇ ਅਨੁਭਵ ਵਿਚ ਮਿੱਥ ਜੰਮੀ ਤੇ ਜਿਸ ਦਿਨ ਆਦਿਮ ਮਾਨਵ ਨੇ ਆਤਮ ਤੱਤ ਦਾ ਦੈਵੀਕਰਣ ਕੀਤਾ, ਭਾਵ ਉਸ ਨੂੰ ਪੂਜਿਆ,

ਅਰਾਧਿਆ, ਉਸ ਦਿਨ ਧਰਮ ਹੋਂਦ ਵਿਚ ਆਇਆ ।

ਧਰਮ ਦੇ ਵਿਕਾਸ ਵਿਚ ਮਿਥਕ ਕਥਾਵਾਂ ਦੀ ਬੜੀ ਅਹਿਮ ਭੂਮਿਕਾ ਹੈ । ਮਿਥਕ ਨੇ ਹੀ ਆਦਿਮ ਮਾਨਵ ਨੂੰ ਦੇਵੀ ਦੇਵਤੇ ਦਿਤੇ । ਰਾਖਸ਼ ਤੇ ਹੋਰ ਕਰੂਰ ਸ਼ਕਤੀਆਂ ਦਿਤੀਆਂ । ਮਿਥਕ ਨੇ ਹੀ ਅਨੁਸ਼ਠਾਨ ਦਿਤੇ, ਜਿਸ ਨਾਲ ਧਰਮ ਇਕ ਸੰਸਥਾ ਦੇ ਰੂਪ ਵਿਚ ਉਭਰਿਆ ।

ਮਿਥਕ ਕਥਾ ਤੇ ਧਰਮ ਦੋਹਾਂ ਦਾ ਮੁਢ ਸਤਿ ਦੀ ਖੋਜ ਵਿਚ ਬਝਿਆ ਅਤੇ ਦੋਵੇਂ ਆਪੋ ਆਪਣੀ ਵਿਧੀ ਨਾਲ ਅੰਤਮ ਸੱਚ ਤਕ ਪੁਜਣਾ ਚਾਹੁੰਦੇ ਹਨ । ਇਕ ਕਥਾ ਦੁਆਰਾ ਤੇ ਦੂਜਾ ਅਨੁਸ਼ਠਾਨਾਂ ਤੇ ਪੂਜਾ ਵਿਧੀਆਂ ਦੁਆਰਾ ।

### ਲੋਕ-ਧਰਮ ਤੇ ਅਨੁਸ਼ਠਾਨ :

ਅਨੁਸ਼ਠਾਨ ਉਹ ਰਹੁ ਰੀਤਾਂ ਤੇ ਪੂਜਾ ਵਿਧੀਆਂ ਹਨ ਜਿਨ੍ਹਾਂ ਦੇ ਕਿਸੇ ਧਰਮ ਵਿਚ ਅਹਿਮ ਭੂਮਿਕਾ ਹੁੰਦੀ ਹੈ । ਸਮੇਂ ਨਾਲ ਜਦੋਂ ਅਨੁਸ਼ਠਾਨਾਂ ਵਿਚ ਕਿਸੇ ਜਾਤੀ ਦੀ ਆਸਥਾ ਨਹੀਂ ਰਹਿੰਦੀ ਤਾਂ ਇਹ ਆਡੰਬਰ ਬਣ ਜਾਂਦੇ ਹਨ । ਅਨੁਸ਼ਠਾਨ ਸੁਭਾਵ ਵਿਚ ਮਿਥਕ ਹੁੰਦੇ ਹਨ । ਅਨੁਸ਼ਠਾਨ ਹਰ ਜਾਤੀ ਜਾਂ ਧਰਮ ਦੇ ਆਪੋ ਆਪਣੇ ਹੁੰਦੇ ਹਨ, ਇਨ੍ਹਾਂ ਵਿਚ ਪ੍ਰਮੁਖ ਅਨੁਸ਼ਠਾਨ—ਆਰਤੀ ਉਤਾਰਨੀ, ਵਰਤ ਰਖਣੇ, ਤੀਰਥ ਇਸ਼ਨਾਨ, ਕਥਾ ਮਹਾਤਮ, ਚਰਨ ਧੂੜੀ ਮੱਥੇ ਲਗਾਉਣੀ, ਨੌਂ ਗ੍ਰਹਿ ਪੂਜਾ ਆਦਿ ਹਨ ।

ਲੋਕ-ਧਰਮ ਬਹੁਤਾ ਕਰਮ-ਕਾਂਡਾਂ ਉਤੇ ਨਿਰਭਰ ਕਰਦਾ ਹੈ । ਲੋਕ ਧਾਰਨਾ ਹੈ ਕਿ ਕੋਈ ਵੀ ਕਰਮ ਕਾਂਡ ਬਿਰਥਾ ਨਹੀਂ ਜਾਂਦਾ । ਜੋ ਵੀ ਅਸੀਂ ਕਰਮ ਕਾਂਡ, ਰਹੁ ਰੀਤ ਕਰਦੇ ਹਾਂ, ਉਹ ਕਦੇ ਵੀ ਬਿਰਥੀ ਨਹੀਂ ਜਾਂਦੀ । ਇਹ ਰਹੱਸਮਈ ਢੰਗ ਨਾਲ ਕਿਸੇ ਦੂਜੀ ਵਸਤੂ ਭਾਵੇਂ ਉਹ ਜੜ੍ਹ ਹੋਵੇ ਤੇ ਭਾਵੇਂ ਪ੍ਰਾਣਧਾਰੀ, ਵਸਤੂ ਨੂੰ ਅਨੁਸ਼ਠਾਨਾਂ ਦੁਆਰਾ ਪ੍ਰਭਾਵਿਤ ਕੀਤਾ ਜਾ ਸਕਦਾ ਹੈ । ਅਤੇ ਕੁਦਰਤ ਦੇ ਕਾਨੂੰਨ ਬਦਲੇ ਜਾ ਸਕਦੇ ਹਨ । ਸਹਿ ਤੋਂ ਸਹਿ ਦੀ ਉਤਪਤੀ ਹੁੰਦੀ ਹੈ । ਜੇ ਅਸੀਂ ਸੂਰਜ ਨੂੰ ਪੂਜਾਂਗੇ ਤਾਂ ਸੂਰਜ ਵਰਗਾ ਪ੍ਰਤਾਪ ਤੇ ਗੌਰਵ ਅਸੀਂ ਗ੍ਰਹਿਣ ਕਰ ਸਕਦੇ ਹਾਂ । ਦੂਜਾ ਲਾਗ ਤੇ ਛੂਹ ਦੁਆਰਾ ਸ਼ਕਤੀ ਗ੍ਰਹਿਣ ਕਰਨੀ, ਇਸ ਨੂੰ ਲਾਗਵਾਂ ਟੂਣਾ ਕਹਿੰਦੇ ਹਨ । ਜੇ ਅਸੀਂ ਕਿਸੇ ਪਵਿਤਰ ਤੀਰਥ 'ਤੇ ਇਸ਼ਨਾਨ/ਯਾਤ੍ਰਾ ਕਰਾਂਗੇ ਤਾਂ ਉਸਦੀ ਪਵਿਤ੍ਰਤ ਦੀ ਛੂਹ ਪਾ ਕੇ ਅਸੀਂ ਵੀ ਪਾਵਨ ਹੋ ਜਾਵਾਂਗੇ । ਸਾਡੇ ਅੰਦਰਲਾ ਆਤਮ-ਤਤ ਪਵਿਤਰ ਹੋ ਕੇ ਸ਼ਕਤੀਸ਼ਾਲੀ ਹੋ ਜਾਵੇਗਾ । ਤੀਰਥ ਕਿਉਂ ਪਵਿਤਰ ਹਨ ? ਕਿਉਂ ਜੋ ਇਥ ਕੋਈ ਦੇਵੀ ਦੇਵਤਾ, ਰਿਸ਼ੀ ਮੁਨੀ, ਗੁਰੂ ਪੀਰ ਪੈਦਾ ਹੋਇਆ ਜਾਂ ਬਿਰਾਜਮਾਨ ਹੋਇਆ ਤੇ ਇਸ ਥਾਂ ਨੂੰ ਛੂਹ ਪ੍ਰਾਪਤ ਹੋਈ । ਗੁਰਬਾਣੀ ਵਿਚ ਇਉਂ ਆਉਂਦਾ ਹੈ :

ਜਿਥੈ ਜਾਇ ਬਹੈ ਮੇਰਾ ਸਤਿਗੁਰੂ
ਸੋ ਥਾਨ ਸੁਹਾਵਾ ਰਾਮ ਰਾਜੇ ।

ਜਿਸ ਥਾਂ ਨਾਲ ਕਿਸੇ ਦੈਵੀ ਵਿਅਕਤੀ ਦਾ ਸੰਬੰਧ ਕਦੇ ਵੀ ਰਿਹਾ ਹੈ, ਉਸ ਥਾਂ ਦੀ ਛੂਹ ਪਵਿੱਤਰ ਹੈ ।

ਲੋਕ ਧਰਮ ਵਿਚ ਕਰਮ ਕਾਂਡ ਤੇ ਅਨੁਸ਼ਠਾਨ ਪ੍ਰਚਲਤ ਹਨ, ਉਨ੍ਹਾਂ ਵਿਚੋਂ ਕੁਝ ਕੁ ਹੇਠ ਦਿਤੇ ਜਾਂਦੇ ਹਨ :

1. ਤੀਰਥ ਇਸ਼ਨਾਨ ਤੇ ਯਾਤਰਾ ।
2. ਚਰਨ ਧੂੜੀ ਮੱਥੇ ਲਗਾਣੀ, ਭਬੂਤੀ, ਧੂਣੀ ਦੀ ਸਵਾਹ ।
3. ਅੰਮ੍ਰਿਤ ਜਲ (ਗੰਗਾ ਜਲੀ) ।
4. ਮਾਲਾ ਫੇਰਨਾ (ਨਾਮ ਦਾ ਜਾਪ) ।
5. ਵਰਤ ।
6. ਦਾਨ ਪੁੰਨ, ਸਰਾਧ । ਪ੍ਰਸ਼ਾਦਿ ਚੜ੍ਹਾਣਾ, ਪਹਿਲੇ ਦੁੱਧ ਦੀਆਂ ਧਾਰਾਂ, ਫਸਲ ਦੀ ਵਾਢੀ ਵੇਲੇ ਕੁਝ ਜ਼ਮੀਨ ਛੱਡਣੀ ।
7. ਬਲੀ ਦੇਣੀ ।
8. ਕਥਾ ਮਹਾਤਮ ।
9. ਸਾਧਾਂ ਸੰਤਾਂ ਦੀ ਪੂਜਾ ਅਰਚਾ ।
10. ਸਮਾਧਾਂ/ਕਬਰਾਂ ਦੀ ਪੂਜਾ/ਸਤੀਆਂ ਦੀ ਪੂਜਾ ।
11. ਮਿੱਟੀ ਕੱਢਣੀ ।
12. ਟੋਟਮ ਪੂਜਾ ।
13. ਕੀਰਤਨ, ਮੰਤਰ ਜਾਪ, ਸਾਧ ਸੰਗਤ, ਨਾਮ ਦਾ ਜਾਪ ਤੇ ਸੰਗੀਤ (ਸ਼ਬਦ ਦਾ ਮਹੱਤਵ) ।

### ਲੋਕ-ਧਰਮ ਤੇ ਪੂਜਾ ਵਿਧੀਆਂ :

ਲੋਕ ਧਰਮ ਦੀਆਂ ਪੂਜਾ ਵਿਧੀਆਂ ਬਹੁਤ ਸਰਲ ਹਨ । ਲੋਕ ਧਰਮ ਦੀ ਸ਼ਾਸਤ੍ਰੀ ਧਰਮ ਦੀ ਪੂਜਾ ਵਿਧੀ ਨਾਲੋਂ ਕਾਫ਼ੀ ਅੰਤਰ ਹੈ । ਭਾਵੇਂ ਲੋਕ ਧਰਮ ਦੀਆਂ ਵਿਧੀਆਂ ਸ਼ਾਸਤ੍ਰੀ ਧਰਮ ਨੇ ਵੀ ਅਪਣਾ ਲਈਆਂ ਹਨ ।

ਲੋਕ-ਧਰਮ ਵਿਚ ਜੋ ਵੀ ਪੂਜਾ-ਵਿਧੀਆਂ ਪ੍ਰਚਲਤ ਹਨ, ਉਨ੍ਹਾਂ ਵਿਚੋਂ ਸਭ ਤੋਂ ਪ੍ਰਥਮ ਸਥਾਨ ਪ੍ਰਾਰਥਨਾ ਦਾ ਹੈ । ਇਸ ਪ੍ਰਾਰਥਨਾ ਦਾ ਕੋਈ ਬਝਵਾਂ ਰੂਪ ਨਹੀਂ । ਬਸ ਅੰਤਰ-ਧਿਆਨ ਹੋ ਕੇ ਇਸ਼ਟ ਨੂੰ ਅਰਾਧਣਾ ਤੇ ਫਿਰ ਆਪਣੀ ਮੰਗ ਦੀ ਪੂਰਤੀ ਲਈ ਸੁੱਖਣਾ ਸੁੱਖਣੀ । ਉਸ ਦੀ ਅਰਦਾਸ ਆਤਮ ਕਲਿਆਣ ਲਈ ਨਹੀਂ ਹੁੰਦੀ, ਸਿਰਫ ਆਪਣੀ ਕਿਸੇ ਦੁਨਿਆਵੀ/ਪਦਾਰਥਕ ਲੋੜ ਦੀ ਪੂਰਤੀ ਲਈ ਹੁੰਦੀ ਹੈ । ਜਾਂ ਰੋਗਾਂ ਤੋਂ ਮੁਕਤੀ ਲਈ । ਉਹ ਆਪਣੀ ਬਿਮਾਰੀ ਤੋਂ ਜਾਂ ਆਪਣੇ ਕਿਸੇ ਸੰਬੰਧੀ ਦੀ ਬਿਮਾਰੀ ਤੋ ਛੁਟਕਾਰੇ ਲਈ ਅਰਦਾਸ ਕਰਦਾ, ਕੋਈ ਸੁੱਖਣਾ ਸੁੱਖਦਾ ਹੈ ।

ਉਹ ਕਿਸੇ ਇਕ ਇਸ਼ਟ ਨੂੰ ਨਹੀਂ ਪੂਜਦਾ। ਪਿੰਡ ਦੇ ਸਾਰੇ ਸਥਾਨਿਕ ਦਿਉਤੇ, ਸਤੀਆਂ, ਕਬਰਾਂ, ਖ਼ਾਨਗਾਹਾਂ, ਸਮਾਧਾਂ ਤੇ ਰੁੱਖ ਆਦਿ ਉਸ ਦੇ ਇਸ਼ਟ ਹਨ। ਭਾਵੇਂ ਉਹ ਕਿਸੇ ਹੋਰ ਸੰਪਰਦਾਇ ਨਾਲ ਹੀ ਸੰਬੰਧ ਰਖਦੇ ਹੋਣ। ਜਿਸ ਉਤੇ ਉਸਦਾ ਵਿਸ਼ਵਾਸ ਬਝ ਗਿਆ ਉਸ ਅਗੇ ਉਹ ਹਮੇਸ਼ਾ ਪ੍ਰਾਰਥਨਾ ਕਰਦਾ ਹੈ।

ਦੂਜਾ ਚੜ੍ਹਾਵਾ ਦੇਣਾ। ਇਸ਼ਟ ਨੂੰ ਚੜ੍ਹਾਵੇ ਚਾੜ੍ਹਨ ਦਾ ਰਵਾਜ ਬੜਾ ਪੁਰਾਣਾ ਹੈ। ਇਸ ਦਾ ਮੁੱਢ ਕਿਵੇਂ ਤੇ ਕਦੋਂ ਬਝਿਆ, ਨਿਰਨੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਹੋ ਸਕਦਾ ਹੈ ਕਿ ਪਹਿਲਿਆਂ ਵਿਚ ਕਬੀਲੇ ਦੇ ਸਰਦਾਰ ਜਾਂ ਵਡਿਕੇ ਨੂੰ ਭੇਟਾ ਚਾੜ੍ਹਨ ਦਾ ਰਿਵਾਜ ਹੋਵੇ ਤੇ ਉਸਦੇ ਪ੍ਰਤਿਰੂਪ ਵਿਚ ਇਸ਼ਟ ਨੂੰ ਵੀ ਭੇਟਾਂ ਚਾੜ੍ਹਨ ਦੀ ਪ੍ਰਥਾ ਚਲ ਪਈ ਹੋਵੇ। ਫੁੱਲ ਭੇਟ ਕਰਨ ਦਾ ਰਿਵਾਜ ਬਹੁਤ ਪੁਰਾਣੇ ਸਮੇਂ ਤੋਂ ਚਲਿਆ ਆ ਰਿਹਾ ਹੈ ਤੇ ਅੱਜ ਵੀ ਪ੍ਰਚਲਤ ਹੈ।

ਪੀਰਾਂ ਫਕੀਰਾਂ ਦੀਆਂ ਕਬਰਾਂ ਅਥਵਾ ਖ਼ਾਨਗਾਹਾਂ ਉਤੇ ਚਿਰਾਗ ਬਾਲਣੇ ਧਰਨਾ ਤੇ ਧਜਾਂ ਲਟਕਾਣ ਦੀ ਪ੍ਰਥਾ ਮੱਧਕਾਲ ਤੋਂ ਚਲੀ ਆ ਰਹੀ ਹੈ।

ਜੋਤ ਜਗਾਣ ਦਾ ਭਾਵ ਤਾਂ ਰੌਸ਼ਨੀ ਕਰਨਾ ਹੈ। ਇਸ ਤਰ੍ਹਾਂ ਹਨੇਰੇ ਦੀਆਂ ਤਾਕਤਾਂ ਦੂਰ ਰਹਿੰਦੀਆਂ ਹਨ। ਦੀਵਾ ਜਗਾਣ ਨਾਲ ਮੁਰਾਦਾਂ ਪੂਰੀਆਂ ਹੁੰਦੀਆਂ ਹਨ। ਗਿਣੀਆਂ ਚੜ੍ਹਾਣ ਨਾਲ ਖ਼ਾਨਗਾਹ ਦੀ ਕਬਰ ਉਤੇ ਢੇਰੀ ਲਗਦੀ ਹੈ, ਉਸ ਦਾ ਸਥਾਨ ਹੋਂਦ ਵਿਚ ਆਉਂਦਾ ਹੈ। ਤੇ ਧਜਾਂ ਲਟਕਾਣ ਨਾਲ ਪੀਰ ਦਾ ਝੰਡਾ ਝੂਲਦਾ ਹੈ ਤੇ ਇਹ ਝੰਡਾ ਦੂਰੋਂ ਵਿਖਾਈ ਦੇਣ ਨਾਲ ਦੂਰੋਂ ਲੰਘਦਾ ਮੁਸਾਫ਼ਰ, ਪੀਰ ਦੀ ਖ਼ਾਨਗਾਹ ਉਤੇ ਆ ਕੇ ਆਪਣੀ ਹਾਜ਼ਰੀ ਭਰ ਸਕਦਾ ਹੈ।

ਮਿੱਟੀ ਕੱਢਣ ਦਾ ਰਿਵਾਜ ਪੁਰਾਣਾ ਹੈ। ਮਿੱਟੀ ਕੱਢਣ ਦਾ ਮਹਾਤਮ ਮੰਨਿਆ ਗਿਆ ਹੈ। ਇਸ ਦੇ ਪਿਛੇ ਧਾਰਨਾ ਇਹ ਹੈ ਕਿ ਥੋਹੜੀ ਥੋਹੜੀ ਮਿੱਟੀ ਕੱਢਣ ਨਾਲ ਉਥੇ ਤਲਾਅ ਬਣ ਸਕਦਾ ਹੈ। ਧਾਰਮਿਕ ਥਾਵਾਂ ਦੇ ਨਾਲ ਤਲਾਬਾਂ, ਸਰੋਵਰਾਂ ਤੇ ਛੱਪੜਾਂ ਨੂੰ ਬੜਾ ਮਹੱਤਵ ਪ੍ਰਾਪਤ ਰਿਹਾ ਹੈ। ਇਨ੍ਹਾਂ ਵਿਚ ਇਸ਼ਨਾਨ ਕਰਨ ਨਾਲ ਦੁਖ ਦਲਿਦਰ ਦੂਰ ਹੁੰਦਾ ਹੈ। ਭਾਰਤੀ ਸਾਂਸਕ੍ਰਿਤਕ ਵਿਚ ਇਸ਼ਨਾਨ ਸਰੀਰਕ ਤੇ ਆਤਮਕ ਮੁੱਢ ਬਖ਼ਸ਼ਦਾ ਹੈ।

ਲੋਕ-ਧਰਮ ਵਿਚ ਸੁੱਖਾਂ ਸੁੱਖਣ ਦਾ ਬੜਾ ਰਿਵਾਜ ਹੈ। ਜਿਸ ਪੀਰ ਫਕੀਰ ਦੀ ਮਾਨਤਾ ਹੁੰਦੀ ਹੈ, ਉਥੇ ਲੋਕ ਜਾ ਕੇ ਸੁੱਖਾਂ ਸੁੱਖਦੇ ਹਨ। ਵੈਸੇ ਤਾਂ ਪੀਰਾਂ ਫਕੀਰਾਂ ਅਗੇ ਹਰ ਤਰ੍ਹਾਂ ਦੀਆਂ ਸੁੱਖਾਂ ਸੁੱਖੀਆਂ ਜਾਂਦੀਆਂ ਹਨ, ਪਰ ਕੁਝ ਸਥਾਨ ਇਕ ਖ਼ਾਸ ਤਰ੍ਹਾਂ ਦੀ ਸੁੱਖ ਲਈ ਪ੍ਰਸਿਧ ਹਨ। ਜਿਵੇਂ ਕੋਈ ਅਸਥਾਨ, ਪੀਰ ਦੀ ਦਾਤ ਲਈ ਤੇ ਕੋਈ ਸਰੀਰਕ ਰੋਗਾਂ ਤੋਂ ਮੁਕਤ ਹੋਣ ਲਈ ਤੇ ਕੋਈ ਮਾਨਸਿਕ ਰੋਗਾਂ ਤੋਂ ਮੁਕਤ ਹੋਣ ਲਈ। ਚੜ੍ਹਾਵੇ ਵੀ ਵੱਖੋ ਵੱਖਰੇ ਸਥਾਨਾਂ ਲਈ ਵੱਖੋ ਵੱਖਰੇ ਹਨ। ਜਿਵੇਂ ਸਤੀ ਦੇ ਸਥਾਨ ਉਤੇ ਨਵੇਂ ਲਵੇਰੇ ਦੀਆਂ ਪਹਿਲੀਆਂ ਦੁੱਧ ਦੀਆਂ ਦਸ ਧਾਰਾਂ ਭੇਟ ਕਰਨੀਆਂ। ਹੈਦਰ ਸ਼ੇਖ਼ ਦੀ ਸੁੱਖ ਪੂਰੀ ਕਰਨ ਲਈ ਮਿਠੇ ਰੋਟ ਭੇਟ ਕਰਨੇ। ਇਕ ਤਾਂ ਇਹ ਰੋਟ ਬੜਾ ਵਜ਼ਨੀ ਹੁੰਦਾ ਹੈ ਤੇ ਜਿਤਨਾ ਸੁਖਿਆ ਜਾਵੇ ਉਤਨਾ ਇਕੋ ਵਾਰ ਵਿਚ ਪਕਾਇਆ ਜਾਂਦਾ ਹੈ ਤੇ ਉਹ ਵੀ ਧਰਤੀ ਨੂੰ ਤਪਾ ਕੇ। ਇਸੇ ਤਰ੍ਹਾਂ ਫਸਲ ਦੀ ਵਾਢੀ ਵੇਲੇ ਫਸਲ ਦੀ ਕੋਈ ਨੁਕਰ ਨਹੀਂ ਵਢੀ ਜਾਂਦੀ ਤੇ ਬਾਅਦ ਵਿਚ ਇਹ ਪੁੰਨ ਦਾਨ ਵਿਚ ਦੇ ਦਿਤੀ ਜਾਂਦੀ ਹੈ।

ਚੌਕੀਆਂ ਭਰਨਾ ਇਕ ਹੋਰ ਵਿਧੀ ਹੈ ਜੋ ਮੁਲਤਾਨੀਆਂ ਵਿਚ ਕਾਫ਼ੀ ਪ੍ਰਚਲਤ ਰਹੀ ਹੈ। ਜਦੋਂ ਮੁਲਤਾਨੀਆਂ ਦੇ ਸੰਗ ਤੀਰਥ ਯਾਤਰਾ ਲਈ ਜਾਂਦੇ ਹਨ ਤਾਂ ਜਿਥੇ ਕਿਧਰੇ ਰਾਤ ਪੈਂਦੀ ਹੈ ਤਾਂ ਉਥੇ ਰਾਤ ਵੇਲੇ ਚੌਕੀ ਭਰੀ ਜਾਂਦੀ ਹੈ ਤੇ ਆਸ ਪਾਸ ਦੇ ਪਿੰਡਾਂ ਦੇ ਲੋਕ ਵੀ ਆ ਪਹੁੰਚਦੇ ਹਨ, ਤੇ ਸਾਰੀ ਰਾਤ ਕੀਰਤਨ ਹੁੰਦਾ ਹੈ।

ਜਗਰਾਤੇ ਇਕ ਹੋਰ ਵਿਧੀ ਹੈ। ਸਾਰੀ ਰਾਤ ਜਾਗਦੇ ਰਹਿਣਾ ਤੇ ਭਜਨ ਬੰਦਗੀ ਤੇ ਕੀਰਤਨ ਵਿਚ ਰੁਝੇ ਰਹਿਣਾ। ਦੇਵੀ ਦੇ ਭਗਤਾਂ ਵਿਚ ਜਗਰਾਤੇ ਦਾ ਆਮ ਰਿਵਾਜ ਹੈ। ਸਿੱਖਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਲਗਾਤਾਰ ਦੋ ਰਾਤਾਂ ਚਲਦਾ ਹੈ।

ਆਪਣੇ ਇਸ਼ਟ ਦੀ ਆਰਤੀ ਉਤਾਰਨ ਦੀ ਪ੍ਰਥਾ ਵੀ ਪ੍ਰਾਚੀਨ ਕਾਲ ਤੋਂ ਚਲੀ ਆ ਰਹੀ ਹੈ। ਥਾਲ ਵਿਚ ਜੋਤਾਂ ਜਗਾ ਕੇ ਤੇ ਧੂਪ ਦੀਪ ਦੁਆਰਾ ਉਸ ਦੀ ਆਰਤੀ ਉਤਾਰਨੀ। ਕਈ ਸੰਪਰਦਾਵਾਂ ਵਿਚ ਫੁੱਲਾਂ ਦੀ ਵਰਖਾ ਨਾਲ ਆਰਤੀ ਉਤਾਰੀ ਜਾਂਦੀ ਹੈ।

ਲੋਕ-ਧਰਮ ਵਿਚ ਬਲੀ ਦੀ ਵੀ ਮਹੱਤਤਾ ਮੰਨੀ ਗਈ ਹੈ--ਜੀਆਂ ਦਾ ਦਾਨ। ਕੁਝ ਦੇਵਤੇ ਸ਼ਿਵ ਤੇ ਉਸ ਨਾਲ ਸੰਬੰਧਿਤ ਛੋਟੇ ਦਿਉਤੇ ਭੈਰੋ ਆਦਿ ਜੀਆਂ ਦੀ ਬਲੀ ਨਾਲ ਜ਼ਿਆਦਾ ਪ੍ਰਸੰਨ ਹੁੰਦੇ ਹਨ। ਇਸ ਲਈ ਉਨ੍ਹਾਂ ਨਮਿਤ ਅਥਵਾ ਉਨ੍ਹਾਂ ਨੂੰ ਪਤਿਆਣ ਲਈ ਬਲੀ ਦਿਤੀ ਜਾਂਦੀ ਹੈ। ਲੋਕ-ਗੀਤਾਂ ਵਿਚ ਵੀ ਅਜਿਹੀਆਂ ਬਲੀਆਂ ਵਲ ਸੰਕੇਤ ਹੈ :

ਹੁਜਰੇ ਸ਼ਾਹ ਮੁਕੀਮ ਦੇ ਇਕ ਜੱਟੀ ਅਰਜ਼ ਕਰੇ
ਦੇਨੀ ਆਂ ਬਕਰਾ ਪੀਰ ਜੀ ਦੇ ਸਿਰ ਦਾ ਸਾਈਂ ਮਰੇ।

ਆਮ ਤੌਰ ਤੇ ਬਕਰੇ ਜਾਂ ਭੇਡ ਦੀ ਬਲੀ ਦਿਤੀ ਜਾਂਦੀ ਹੈ। ਵੈਦਿਕ ਕਾਲ ਵਿਚ ਅਸ਼ਵਮੇਧ ਯੱਗ ਵੇਲੇ ਘੋੜੇ ਦੀ ਬਲੀ ਦਿਤੀ ਜਾਂਦੀ। ਖੂਹ ਖੋਦਣ ਵੇਲੇ ਕਿਸੇ ਜ਼ਮਾਨੇ ਵਿਚ ਮਨੁੱਖ ਦੀ ਬਲੀ ਦੇਣ ਦਾ ਰਿਵਾਜ ਸੀ, ਮਗਰੋਂ 'ਮਾਨਵ ਬਲੀ' ਦੀ ਥਾਂ ਨਰੇਲ ਨੇ ਲੈ ਲਈ। ਨਰੇਲ ਮਨੁੱਖੀ ਖੋਪਰੀ

ਦੀ ਸ਼ਕਲ ਦਾ ਹੋਣ ਕਰ ਕੇ ਵਧੇਰੇ ਪ੍ਰਚਲਤ ਹੋਇਆ। ਇਸੇ ਤਰ੍ਹਾਂ ਪੱਛਮੀ ਪੰਜਾਬ ਖ਼ਾਸ ਤੌਰ ਤੇ ਮੁਲਤਾਨ ਵਿਚ ਜਿਹੜੇ ਹਿੰਦੂ ਸ਼ਾਕਾਹਾਰੀ ਸਨ, ਉਹ ਬੱਚੇ ਦੇ ਮੁੰਡਨ ਵੇਲੇ ਸਿਹੇ ਤੇ ਬਕਰੇ ਦੀ ਬਲੀ ਦੇਂਦੇ ਸਨ।

ਜਵਾਲਾਮੁਖੀ ਦੀ ਯਾਤਰਾ ਕਰਨ ਵਾਲੇ ਦੇਵੀ ਭਗਤ ਕਈ ਵਾਰ ਆਪਣੀ ਜੀਭ ਦੀ ਬਲੀ ਦਿਤਾ ਕਰਦੇ ਹਨ। ਦੇਵੀ ਨੂੰ ਚੜ੍ਹਾਣ ਲਈ ਕੱਟੀ ਗਈ ਜੀਭ ਕੁਝ ਹੀ ਦਿਨਾਂ ਵਿਚ ਮੁੜ ਨਵੀਂ ਨਰੋਈ ਹੋ ਜਾਂਦੀ। ਹੜ੍ਹ ਦੀ ਤਬਾਹੀ ਨੂੰ ਰੋਕਣ ਲਈ ਬਲਦ ਦੀ ਬਲੀ ਜਲ ਦਿਉਤੇ/ ਖ਼ਵਾਜਾ ਖਿਜ਼ਰ ਨੂੰ ਦੇਣ ਦੀ ਪਰੰਪਰਾ ਵੀ ਹੈ।

ਮਾਲਾ ਤੇ ਤਸਬੀਰ ਫੇਰਨ ਦੀ ਵਿਧੀ ਵੀ ਲੋਕ ਧਰਮ ਦਾ ਹੀ ਅੰਗ ਹੈ। ਬਾਰ ਬਾਰ ਕਿਸੇ ਗੁਰੂ ਪੀਰ ਜਾਂ ਦਿਉਤੇ/ਇਸ਼ਟ ਦੇ ਨਾਂ ਦਾ ਜਾਪ ਕਰਨਾ। ਇਹ ਨਾਮ ਤੋਂ ਨਾਮੀ ਵਲ ਦੀ ਯਾਤਰਾ ਟੂਣਾ ਚਿੰਤਨ ਦੇ ਅਧੀਨ ਆਉਂਦੀ ਹੈ। ਜਿਸ ਦਾ ਨਾਉਂ ਜਪਿਆ ਜਾਵੇ, ਉਹ ਭਗਤ ਦੇ ਵਸ ਵਿਚ ਆ ਜਾਂਦਾ ਹੈ।

ਵਰਤ ਰਖਣਾ ਇਕ ਹੋਰ ਵਿਧੀ ਹੈ ਜਿਸ ਦੁਆਰਾ ਆਪਣੇ ਇਸ਼ਟ ਨੂੰ ਪਤਿਆਇਆ ਜਾਂਦਾ ਹੈ। ਹਿੰਦੂ ਧਰਮ ਵਿਚ ਤਾਂ ਵਰਤਾਂ ਦਾ ਬੜਾ ਮਹਾਤਮ ਮੰਨਿਆ ਗਿਆ ਹੈ। ਕੁਝ ਵਰਤ ਚੰਦਰਮਾ ਨਾਲ ਸੰਬੰਧਿਤ ਹਨ ਜਿਵੇਂ ਇਕਾਦਸ਼ੀ, ਮਸਿਆ ਤੇ ਪੂਰਨਮਾਸ਼ੀ ਦੇ। ਵਰਤ ਬੇਸ਼ੁਮਾਰ ਹਨ ਤੇ ਇਨ੍ਹਾਂ ਸਭਨਾਂ ਦੀਆਂ ਆਪੋ ਆਪਣੀਆਂ ਅਲਗ ਵਿਧੀਆਂ ਤੇ ਮਹਾਤਮ ਹਨ। ਹਰ ਵਰਤ ਨਾਲ ਕੋਈ ਨਾ ਕੋਈ ਕਥਾ ਜੁੜੀ ਹੁੰਦੀ ਹੈ ਜਿਸ ਦਾ ਵਰਤ ਨਾਲ ਸੰਬੰਧ ਹੈ ਤੇ ਜਿਸ ਦਾ ਕੋਈ ਨਾ ਕੋਈ ਮਹਾਤਮ ਹੈ।

ਲੋਕ-ਦਰਸ਼ਨ :

ਆਮ ਤੌਰ ਤੇ ਇਹ ਕਿਹਾ ਜਾਂਦਾ ਹੈ ਕਿ ਲੋਕ-ਧਰਮ ਦਾ ਆਧਾਰ ਕੋਈ ਦਰਸ਼ਨ ਨਹੀਂ ਹੁੰਦਾ, ਇਹ ਕੁਝ ਕਰਮ ਕਾਂਡਾਂ, ਅਨੁਸ਼ਠਾਨਾਂ ਦਾ ਹੀ ਸਮੁੱਚ ਹੁੰਦਾ ਹੈ। ਪਰ ਇਹ ਗੱਲ ਦਰੁਸਤ ਨਹੀਂ। ਜੇ ਇਹ ਮੰਨ ਵੀ ਲਿਆ ਜਾਵੇ ਕਿ ਲੋਕ ਧਰਮ ਕੁਝ ਕੁ ਕਰਮ ਕਾਂਡਾਂ, ਰੀਤਾਂ ਤੇ ਅਨੁਸ਼ਠਾਨਾਂ ਦਾ ਹੀ ਸਮੁੱਚ ਹੈ ਤਾਂ ਵੀ ਇਸ ਨੂੰ ਚਿੰਤਨ ਤੋਂ ਮੁਕਤ ਨਹੀਂ ਕਿਹਾ ਜਾ ਸਕਦਾ। ਕਿਉਂ ਜੋ ਕਰਮ ਕਾਂਡਾਂ, ਰੀਤਾਂ ਤੇ ਅਨੁਸ਼ਠਾਨਾਂ ਦਾ ਆਧਾਰ ਟੂਣਾ ਚਿੰਤਨ ਹੈ। ਟੂਣਾ ਚਿੰਤਨ ਅਨੁਸਾਰ ਮਨੁੱਖ ਟੂਣਿਆਂ, ਮੰਤਰਾਂ ਅਤੇ ਰੀਤਾਂ-ਅਨੁਸ਼ਠਾਨਾਂ ਦੁਆਰਾ ਪ੍ਰਕ੍ਰਿਤੀ ਅਤੇ ਮਾਨਵ ਜੀਵਨ ਦੀ ਗਤੀ ਉਤੇ ਕਾਬੂ ਪਾ ਸਕਦਾ ਹੈ। ਟੂਣਾ ਚਿੰਤਨ ਅਨੁਸਾਰ ਪ੍ਰਕ੍ਰਿਤੀ ਵਿਚ ਹਰੇਕ ਕਾਰਨ ਕਿਸੇ ਕਾਰਜ ਨੂੰ ਜਨਮ ਦੇਂਦਾ ਹੈ ਤੇ ਇਕ ਘਟਨਾ ਪਿਛੋਂ ਦੂਜੀ ਘਟਨਾ ਬਿਨਾਂ ਕਿਸੀ ਦੈਵੀ ਜਾਂ ਅਧਿਆਤਮਕ ਸ਼ਕਤੀ ਦੇ ਦਖ਼ਲ ਦੇ ਆਪਣੇ ਆਪ ਸਹਿਜ ਰੂਪ ਹੀ ਵਾਪਰਦੀ ਹੈ। ਇਸ ਲਈ ਜੋ ਮੰਤਰਾਂ, ਕਰਮ ਕਾਂਡਾਂ ਤੇ ਰੀਤਾਂ ਨਾਲ ਕਾਰਨ ਪੈਦਾ ਕੀਤੇ ਜਾਣ ਤਾਂ ਕਾਰਜ ਆਪੇ ਸਿੱਧ ਹੋ ਜਾਂਦਾ ਹੈ। ਦੂਜਾ, ਕਿਸੇ ਵਸਤੂ ਜਾਂ ਸਥਿਤੀ ਉਤੇ ਕਾਬੂ ਪਾ ਲੈਣ ਦਾ ਭਰਮ ਪੈਦਾ ਕਰਨ ਨਾਲ ਉਹ ਵਸਤੂ ਜਾਂ ਸਥਿਤੀ ਸੱਚਮੁਚ ਹੀ ਵਸ ਵਿਚ ਹੋ ਜਾਂਦੀ ਹੈ। ਮਿਸਾਲ ਲਈ, ਜੇ ਕੋਈ ਬਾਂਝ ਇਸਤ੍ਰੀ ਚਾਹੁੰਦੀ ਹੈ ਕਿ ਉਸ ਦੀ ਕੁੱਖ ਹਰੀ ਹੋ ਜਾਵੇ ਤਾਂ ਉਹ ਕੁਝ ਮੰਤਰਾਂ ਦਾ ਜਾਪ ਕਰਦੀ ਹੋਈ ਕਪੜੇ ਦਾ ਇਕ ਗੁੱਡਾ ਬਣਾ ਕੇ, ਉਸਨੂੰ ਅਸਲੀ ਬੱਚੇ ਵਾਂਗ ਖਿਡਾਵੇ, ਦੁੱਧ ਪਿਲਾਵੇ ਤੇ ਲੋਰੀਆਂ ਦੇਵੇ, ਇਸ ਤਰ੍ਹਾਂ ਉਸਦੇ ਘਰ ਸੁਤੇ ਸਿਧ ਬੱਚਾ ਜਨਮ ਲਏਗਾ। ਇਸ ਵਿਚਾਰ ਉਤੇ ਆਧਾਰਤ ਟੂਣੇ ਨੂੰ ਭੁਲਾਵਾਂ ਜਾਦੂ ਕਹਿੰਦੇ ਹਨ।

ਦੂਜਾ ਟੂਣਾ ਚਿੰਤਨ ਇਹ ਗੱਲ ਵੀ ਮਿਥ ਕੇ ਚਲਦਾ ਹੈ ਕਿ ਕਿਸੇ ਵਸਤੂ ਤੋਂ ਉਸ ਨਾਲੋਂ ਵੱਖ ਕੀਤਾ ਅੰਸ਼ ਹਮੇਸ਼ਾ ਮੂਲ ਦੇ ਨਾਲ ਰਾਬਤਾ ਰਖਦਾ ਹੈ। ਜਿਸ ਸਾਮਗਰੀ ਦਾ ਇਕ ਵਾਰ ਕਿਸੇ ਸ਼ਖ਼ਸ ਨਾਲ ਸੰਪਰਕ ਰਿਹਾ ਹੋਵੇ, ਉਹ ਸਰੀਰਕ ਤੌਰ ਤੇ ਉਸ ਸ਼ਖ਼ਸ ਨਾਲੋਂ ਵੱਖ ਵੀ ਹੋ ਜਾਵੇ ਤਾਂ ਵੀ ਉਸ ਦਾ ਮੂਲ ਨਾਲ ਰਹੱਸਮਈ ਸਬੰਧ ਕਾਇਮ ਰਹਿੰਦਾ ਹੈ, ਜਿਵੇਂ ਨਹੁੰ ਜਾਂ ਸਿਰ ਦੇ ਵਾਲ ਕਟ ਵੀ ਦਿਤੇ ਜਾਣ ਤਾਂ ਵੀ ਇਨ੍ਹਾਂ ਦਾ ਸੰਬੰਧ ਮੂਲ ਸ਼ਖ਼ਸ ਨਾਲੋਂ ਟੁਟਦਾ ਨਹੀਂ। ਤੇ ਇਨ੍ਹਾਂ ਚੀਜ਼ਾਂ ਉਪਰ ਜੇ ਜਾਦੂ ਟੂਣਾ ਕੀਤਾ ਜਾਵੇ, ਉਸ ਦਾ ਅਸਰ ਅਵੱਸ਼ ਉਸ ਸ਼ਖ਼ਸ ਉਤੇ ਪਵੇਗਾ ਜਿਸ ਦੇ ਸਰੀਰ ਦਾ ਕਦੇ ਅੰਗ ਸਨ। ਇਸ ਸਿਧਾਂਤ ਉਤੇ ਆਧਾਰਤ ਜਾਦੂ ਟੂਣੇ ਨੂੰ ਲਾਗਵਾਂ ਟੂਣਾ ਕਹਿੰਦੇ ਹਨ।

ਜਾਦੂ ਤੇ ਧਰਮ ਦਾ ਸੁਭਾਵ ਭਾਵੇਂ ਵੱਖੋ ਵੱਖਰਾ ਹੈ, ਪਰ ਦੋਹਾਂ ਵਿਚ ਬਹੁਤ ਕੁਝ ਸਾਂਝ ਹੈ। ਮਨੁੱਖ ਜਾਤੀ ਦੇ ਮਾਨਸਕ ਵਿਕਾਸ ਵਿਚ ਜਾਦੂ ਦੀ ਭੂਮਿਕਾ ਬੜੀ ਅਹਿਮ ਹੈ। ਜਾਦੂ ਟੂਣਾ ਧਰਮ ਦੇ ਹੇਠਲੇ ਰਲੇ ਹਨ, ਜਿਨ੍ਹਾਂ ਉਤੇ ਧਰਮ ਨਾਲ ਸੰਬੰਧਿਤ ਸਾਰੇ ਅਨੁਸ਼ਠਾਨ, ਕਰਮ ਕਾਂਡ ਤੇ ਰੀਤ ਰਵਾਜਾਂ ਦੀਆਂ ਕੰਧਾਂ ਉਸਰੀਆਂ ਹੋਈਆਂ ਹਨ। ਜੇ ਗਹੁ ਨਾਲ ਵੇਖਿਆ ਜਾਵੇ ਤਾਂ ਧਾਰਮਿਕ ਅਨੁਸ਼ਠਾਨਾਂ ਦੀ ਤਹਿ ਵਿਚ ਜੋ ਚਿੰਤਨ ਕੰਮ ਕਰ ਰਿਹਾ ਹੈ ਉਸ ਦੀ ਸਾਰੀ ਸ਼ਕਤੀ ਦਾ ਆਧਾਰ ਟੂਣਾ ਚਿੰਤਨ ਹੀ ਹੈ।

ਇਥੇ ਗੱਲ ਨੂੰ ਸਪਸ਼ਟ ਕਰਨ ਲਈ ਧਰਮ ਤੇ ਟੂਣਾ ਚਿੰਤਨ ਦੇ ਬੁਨਿਆਦੀ ਅੰਤਰ ਉਤੇ ਵਿਚਾਰ ਕਰਨਾ ਜ਼ਰੂਰੀ ਹੈ। ਟੂਣਾ ਚਿੰਤਨ ਅਨੁਸਾਰ ਪ੍ਰਕ੍ਰਿਤੀ ਦੀ ਤਹਿ ਵਿਚ ਕੰਮ ਕਰ ਰਹੀ ਸ਼ਕਤੀ ਅਚੇਤ ਤੇ ਵਿਅਕਤੀ ਰਹਿਤ ਹੈ ਅਤੇ ਪ੍ਰਾਕ੍ਰਿਤਕ ਸ਼ਕਤੀ ਉਤੇ ਗੁਪਤ ਸਾਧਨਾ ਤੇ ਮੰਤਰਾਂ ਟੂਣਿਆਂ

ਨਾਲ ਦਬਾਅ ਪਾ ਕੇ, ਆਪਣੇ ਮੰਤਵ ਦੀ ਸਿਧੀ ਕੀਤੀ ਜਾ ਸਕਦੀ ਹੈ। ਇਸ ਦੇ ਉਲਟ, ਧਰਮ ਕਿਸੇ ਅਜਿਹੀ ਦੈਵੀ ਸ਼ਕਤੀ ਵਿਚ ਵਿਸ਼ਵਾਸ ਰਖਦਾ ਹੈ ਜਿਸ ਦਾ ਸਾਰੇ ਦਾ ਸਾਰੇ ਬ੍ਰਹਿਮੰਡ ਉਤੇ ਪੂਰਨ ਅਧਿਕਾਰ ਹੈ। ਧਰਮ ਦੇ ਖੇਤਰ ਵਿਚ ਕਿਸੇ ਸੰਕਲਪੀ ਇਛਾ/ਕਾਮਨਾ ਦੀ ਪੂਰਤੀ ਲਈ, ਦੈਵੀ ਸ਼ਕਤੀ ਦੀ ਉਪਾਸਨਾ ਕੀਤੀ ਜਾਂਦੀ ਹੈ ਅਤੇ ਉਸਨੂੰ ਸਿਮਰ ਤੇ ਧਿਆ ਕੇ ਅਰਜੋਈਆਂ ਕੀਤੀਆਂ ਜਾਂਦੀਆਂ ਹਨ। ਧਾਰਮਕ ਪ੍ਰਾਰਥਨਾਵਾਂ ਵਿਚ ਆਪਣੇ ਇਸ਼ਟ ਨੂੰ ਸਿਮਰ ਕੇ ਰੀਝਾਇਆ ਜਾਂਦਾ ਹੈ। ਤੇ ਸੰਕਲਪ/ਕਾਮਨਾ ਪੂਰਤੀ ਦੀ ਸ਼ਕਤੀ ਕੇਵਲ ਇਸ਼ਟ ਦੀ ਬਖ਼ਸ਼ਿਸ਼ ਉਤੇ ਹੈ। ਪਰ ਜਾਦੂ ਟੂਣੇ ਵਿਚ ਮੰਤਵ ਸਿਧੀ ਲਈ ਕਿਸੇ ਦੇਵੀ ਦੇਵਤੇ ਅਗੇ ਝੁਕਿਆ ਨਹੀਂ ਜਾਂਦਾ। ਨਾ ਹੀ ਕਿਸੇ ਅਗੇ ਅਰਜੋਈਆਂ ਕੀਤੀਆਂ ਜਾਂਦੀਆਂ ਹਨ। ਮੰਤਵ ਸਿਧੀ ਦੀ ਸ਼ਕਤੀ ਸਹਿਜ ਰੂਪ ਵਿਚ ਹੀ ਜਾਦੂ ਟੂਣੇ ਤੇ ਮੰਤਰ ਵਿਚ ਹੁੰਦੀ ਮੰਨੀ ਜਾਂਦੀ ਹੈ ਅਥਵਾ ਮੰਤਰ ਪੜ੍ਹਨ ਨਾਲ ਸਿਧੀ ਸੁਭਾਵਕ ਹੈ। ਜਾਦੂ ਕਰਨ ਵਾਲਾ ਜੇ ਕਿਸੇ ਦੇਵੀ ਦੇਵਤੇ (ਭੈਰੋ ਜਾਂ ਕਾਲੀ ਮਾਈ) ਨੂੰ ਮੰਤਰ ਸੰਬੋਧਨ ਵੀ ਕਰੇ ਤਾਂ ਉਹ ਉਸ ਸ਼ਕਤੀ ਨੂੰ ਹੁਕਮ ਦੇ ਰਿਹਾ ਹੁੰਦਾ ਹੈ ਤੇ ਉਹ ਸ਼ਕਤੀ ਉਸ ਦੇ ਅਧੀਨ ਹੁੰਦੀ ਹੈ।

ਧਰਮ ਤੇ ਜਾਦੂ ਦੋਹਾਂ ਦੀ ਇਹ ਧਾਰਨਾ ਹੈ ਕਿ ਕੁਦਰਤ ਦੇ ਨੇਮ ਬਦਲੇ ਜਾ ਸਕਦੇ ਹਨ। ਇਹ ਨੇਮ ਧਰਮ ਅਰਾਧਨਾ ਨਾਲ ਬਦਲਣਾ ਚਾਹੁੰਦਾ ਹੈ, ਪਰ ਜਾਦੂ ਬਲ ਜ਼ੋਰ ਤੇ ਰਹੱਸਮਈ ਸਾਧਨਾ ਦੁਆਰਾ। ਜਿਥੇ ਕੋਈ ਰੀਤ ਇਸ ਨਿਸਚੇ ਨਾਲ ਕੀਤੀ ਜਾਵੇ ਕਿ ਇਸ ਨੂੰ ਪੂਰਨ ਵਿਧੀ ਅਨੁਸਾਰ ਕਰਨ ਨਾਲ ਕਿਸੇ ਇੱਛਾ ਦੀ ਸੁਤੇ ਸਿਧ ਹੀ ਪੂਰਤੀ ਹੋ ਜਾਵੇਗੀ, ਉਥੇ ਜਾਦੂ ਦੀ ਭਾਵਨਾ ਕੰਮ ਕਰਦੀ ਹੈ ਅਤੇ ਜਿਥੇ ਕੋਈ ਰੀਤ ਆਪਣੇ ਇਸ਼ਟ ਦੀ ਬਖ਼ਸ਼ਿਸ਼ ਦੀ ਪ੍ਰਾਪਤੀ ਲਈ ਕੀਤੀ ਜਾਵੇ ਉਥੇ ਧਰਮ ਦੀ ਭਾਵਨਾ ਹੁੰਦੀ ਹੈ। ਮਨੁਖ ਨੂੰ ਜਦੋਂ ਇਹ ਅਹਿਸਾਸ ਹੋਇਆ ਕਿ ਕੋਈ ਵੱਡੀ ਦੈਵੀ ਸ਼ਕਤੀ ਹੈ, ਜਿਸ ਦੇ ਵਸ ਵਿਚ ਬ੍ਰਹਿਮੰਡ ਦੀਆਂ ਪ੍ਰਾਕ੍ਰਿਤਕ ਸ਼ਕਤੀਆਂ ਹਨ, ਤਾਂ ਧਰਮ ਦਾ ਮੁਢ ਬਝਿਆ। ਜਦੋਂ ਮਨੁਖ ਨੇ ਵੇਖਿਆ ਕਿ ਜਾਦੂ ਟੂਣੇ ਨਾਲ ਕੋਈ ਕਾਮਨਾ ਪੂਰੀ ਨਹੀਂ ਕੀਤੀ ਜਾ ਸਕਦੀ ਤਾਂ ਉਸ ਨੇ ਧਰਮ ਦਾ ਆਸਰਾ ਲਿਆ। ਧਰਮ ਵਿਚ ਨਾਮ ਜਪਣ ਦੀ ਕਿਰਿਆ ਪਿਛੇ ਨਾਮ ਤੋਂ ਨਾਮੀ ਤਕ ਪਹੁੰਚਣ ਦੀ ਕਾਰਵਾਈ ਮੂਲ ਵਿਚ ਟੂਣਾ ਚਿੰਤਨ ਤੋਂ ਹੀ ਆਈ ਹੈ। ਇਸ ਤਰ੍ਹਾਂ ਚਰਨ ਧੂੜੀ ਮੱਥੇ ਲਾਉਣੀ, ਸਤਿ ਸੰਗ ਦਾ ਪ੍ਰਤਾਪ, ਪਵਿੱਤਰ ਤੀਰਥਾਂ ਦੀ ਯਾਤਰਾ ਤੇ ਇਸ਼ਨਾਨ, ਅੰਮ੍ਰਿਤ ਜਲ, ਸਭ ਰੂੜ੍ਹੀਆਂ ਟੂਣਾ ਚਿੰਤਨ ਉਤੇ ਆਧਾਰਤ ਹਨ।

ਲੋਕ-ਦਰਸ਼ਨ ਦੇ ਅੰਤਰਗਤ ਦੂਜਾ ਪ੍ਰਭਾਵਸ਼ਾਲੀ ਚਿੰਤਨ ਸਰਵਚੇਤਨਵਾਦ ਹੈ। ਜਿਸ ਦਾ ਭਾਵ ਹੈ ਕਿ ਹਰ ਜੜ੍ਹ ਤੇ ਪ੍ਰਾਣਧਾਰੀ ਵਸਤੂ ਵਿਚ ਇਕ ਆਤਮ-ਤੱਤ ਹੈ ਜੋ ਦੈਵੀ ਸਰੂਪ ਹੈ ਤੇ ਕਦੇ ਨਸ਼ਟ ਨਹੀਂ ਹੁੰਦਾ। ਇਸ ਆਤਮ-ਤੱਤ ਨੂੰ ਅਧਿਕਾਰ (ਟੂਣਾ ਵਿਧੀ ਦੁਆਰਾ) ਵਿਚ ਲਿਆ ਕੇ ਮਨ ਚਾਹੀਆਂ ਮੁਰਾਦਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਇਸ ਸਿਧਾਂਤ ਨੇ ਲੋਕਧਾਰਾ ਨੂੰ ਪ੍ਰਕ੍ਰਿਤੀ ਪੂਜਾ, ਪੱਥਰ/ਜੜ੍ਹ ਪੂਜਾ, ਦਰਿਆ, ਬ੍ਰਿਛ ਪੂਜਾ ਪ੍ਰਦਾਨ ਕੀਤੀ। ਅਨੇਕਾਂ ਸਥਾਨਿਕ ਦਿਉਤੇ ਦਿਤੇ, ਇਸ ਸਿਧਾਂਤ ਅਨੁਸਾਰ ਹਰ ਵਸ਼ਤੂ ਭਾਵੇਂ ਉਹ ਜੜ੍ਹ ਹੈ ਜਾਂ ਕਲਪਿਤ, ਜਾਂ ਸੂਖਮ, ਅਮੂਰਤ ਤੇ ਨਿਰਾਕਾਰ ਹੈ, ਉਸ ਦਾ ਕੋਈ ਨਾ ਕੋਈ ਰਹੱਸਮਈ ਸਰੂਪ ਹੈ ਤੇ ਉਸ ਵਿਚ ਆਤਮ-ਤੱਤ ਦੀ ਹੋਂਦ ਹੈ। ਉਹ ਇਕ ਤਰ੍ਹਾਂ ਪ੍ਰਾਣਧਾਰੀ ਹੈ। ਆਤਮ-ਤੱਤ ਨਾਲ ਯੁਕਤ ਹੋਣ ਕਰ ਕੇ ਚੇਤੰਨ ਹੈ। ਇਹ ਆਤਮ-ਤੱਤ ਹੀ ਉਸ ਦੀ ਸ਼ਕਤੀ ਹੈ। ਨਿਰਜੀਵ ਨੂੰ ਜੀਵ ਵਿਚ ਰਹੱਸਮਈ ਤੌਰ ਤੇ ਬਦਲ ਦੇਣਾ ਇਸ ਆਤਮ-ਤੱਤ ਦੁਆਰਾ ਹੀ ਵਸਤ ਕਾਰਜ ਸਾਧਦੀ ਹੈ, ਉਹ ਵਸਤ ਨਿਜ ਤੱਤ ਦੁਆਰਾ ਕਿਸੇ ਉਤੇ ਮਿਹਰਬਾਨ ਹੋ ਕੇ ਬਖ਼ਸ਼ਿਸ਼ ਕਰਦੀ ਹੈ। ਤੇ ਇਸੇ ਤੱਤ ਸਦਕਾ ਕਰੋਧਵਾਨ ਹੋ ਕੇ ਨੁਕਸਾਨ ਪਹੁੰਚਾਂਦੀ ਹੈ। ਸਰਵਚੇਤਨਵਾਦ ਹੀ ਸਭ ਧਰਮਾਂ ਦਾ ਮੂਲ ਹੈ। ਸਭ ਦੇਵੀ ਦੇਵਤਿਆਂ ਦਾ ਮੁਢ ਇਸੇ ਸੰਕਲਪ ਤੋਂ ਬਝਿਆ। ਇਸ ਸਿਧਾਂਤ ਨੇ ਸੰਸਾਰ ਵਿਚ ਬਿਖਰੀ ਹਰ ਵਸਤੂ ਜੜ੍ਹ, ਨਿਰਜੀਵ, ਸੂਖਮ, ਨਿਰਾਕਾਰੀ ਦਾ ਮਾਨਵੀਕਰਣ ਕੀਤਾ ਜਿਨ੍ਹਾਂ ਵਿਚ ਮਗਰੋਂ ਦੈਵੀਕਰਣ ਹੋ ਗਿਆ। ਹਿੰਦੂਆਂ ਦੇ 33 ਕਰੋੜ ਦਿਉਤੇ ਇਸ ਸਰਵਚੇਤਨਵਾਦ ਦੀ ਅਵਸਥਾ ਸਮੇਂ ਹਰ ਵਸਤੂ ਦਾ ਦੈਵੀਕਰਣ ਵਲ ਸੰਕੇਤ ਕਰਦੇ ਹਨ।

ਲੋਕ ਧਰਮ ਵਿਚ ਪ੍ਰਤਿਰੂਪ ਚਿੰਤਨ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਲੋਕ ਧਰਮ ਨੇ ਇਸ ਸੰਸਾਰ ਦੇ ਪ੍ਰਤਿਰੂਪ ਉਤੇ ਇਕ ਹੋਰ ਅਗਲਾ ਸੰਸਾਰ ਸਿਰਜ ਲਿਆ ਹੈ। ਜੋ ਇਸੇ ਜੀਵਨ/ਸੰਸਾਰ ਦਾ ਪਸਾਰ ਹੈ। ਇਸ ਲੋਕ ਵਿਚੋਂ ਉਸ ਲੋਕ ਵਿਚ ਪ੍ਰਾਣੀ ਇਉਂ ਹੀ ਚਲਾ ਜਾਂਦਾ ਹੈ ਜਿਵੇਂ ਇਕ ਦੇਸ਼ ਵਿਚੋਂ ਦੂਜੇ ਦੇਸ਼ ਵਿਚ। ਮਰਨ ਮਗਰੋਂ ਪ੍ਰਾਣੀ ਪ੍ਰਤਿਰੂਪ ਉਤੇ ਸਿਰਜੇ ਉਸ ਰਹੱਸਮਈ ਲੋਕ ਵਿਚ ਜਾਂਦਾ ਹੈ ਅਤੇ ਉਥੇ ਇਸ ਲੋਕ ਵਿਚ ਕੀਤੇ ਚੰਗੇ ਮੰਦੇ ਕਰਮਾਂ ਦਾ ਫਲ ਭੋਗਦਾ ਹੈ। ਉਸ ਲੋਕ ਦੀ ਸਾਰੀ ਪ੍ਰਕ੍ਰਿਤੀ ਤੇ ਸੁਭਾਅ ਇਸ ਸੰਸਾਰ ਵਰਗਾ ਹੀ ਹੈ। ਫ਼ਰਕ ਸਿਰਫ਼ ਇਤਨਾ ਹੈ ਕਿ ਲੌਕਿਕ ਨੂੰ ਦੈਵੀਕ੍ਰਿਤ ਕਰ ਲਿਆ ਗਿਆ ਹੈ। ਇਸ ਸੰਸਾਰ ਦੇ ਰਾਜੇ/ਪਾਤਸ਼ਾਹ ਦੇ ਪ੍ਰਤਿਰੂਪ ਵਿਚ ਧਰਮਰਾਜ ਹੈ ਜਿਸ ਦਾ ਆਪਣਾ ਦਰਬਾਰ ਲਗਦਾ ਹੈ। ਉਸ ਦੇ ਸਿਪਾਹੀ ਤੇ ਅਹਿਲਦਾਰ ਹਨ, ਉਸ ਦੇ ਮੁਨਸਫ਼ ਥਾਪੇ ਹੋਏ ਹਨ। ਰਾਜੇ ਦੇ ਦੂਤਾਂ ਵਾਂਗ ਧਰਮਰਾਜ ਦੇ ਵੀ ਦੂਤ ਹਨ—ਚਿਤਰਗੁਪਤ ਤੇ ਯਮ। ਚਿਤਰਗੁਪਤ ਚੰਗੇ ਮੰਦੇ ਕਰਮਾਂ ਦਾ ਲੇਖਾ ਰਖਦਾ ਹੈ।

ਅਗਲੇ ਸੰਸਾਰ ਵਿਚ ਨਰਕ ਸੁਰਗ ਦੀ ਹੋਂਦ ਤੇ ਉਸ ਦੇ ਚਰਿਤਰ ਨੂੰ ਵੀ ਇਸੇ ਸੰਸਾਰ ਦੇ ਪ੍ਰਤਿਰੂਪ ਵਿਚ ਢਾਲਿਆ ਗਿਆ ਹੈ। ਨਰਕ ਦੁਖ ਦਲਿਦਰ ਭੋਗਣ ਦੀ ਥਾਂ ਹੈ, ਪ੍ਰਾਣੀ ਇਥੇ ਆਪਣੇ ਮੰਦੇ ਕਰਮਾਂ ਦਾ ਫਲ ਭੋਗਦਾ ਹੈ। ਕਿਸੇ ਨਰਕ ਵਿਚ ਹਰ ਤਰ੍ਹਾਂ ਦੇ ਜ਼ਹਿਰੀਲੇ ਤੇ ਡੰਗ ਮਾਰਨ ਵਾਲੇ ਜ਼ਹਿਰੀਲੇ ਕਿਰਮ ਹਨ ਜੋ ਪਾਪੀਆਂ ਨੂੰ ਤਸੀਹੇ ਦਿੰਦੇ ਹਨ, ਉਸ ਦੇ ਜਿਸਮ ਦਾ ਮਾਸ ਤਰੁਡ ਕੇ ਖਾਂਦੇ ਹਨ ਤੇ ਕਿਸੇ ਨਰਕ ਵਿਚ ਅੱਗ ਦੇ ਭਿਅੰਕਰ ਸ਼ੋਅਲੇ ਉਠ ਰਹੇ ਹਨ। ਤਪਦੇ ਤੇਲ ਦੇ ਕੜਾਹੇ ਹਨ, ਜਿਨ੍ਹਾਂ ਵਿਚ ਦੁਸ਼ਟਾਂ ਦੀਆਂ ਮਾਸ ਦੀਆਂ ਬੋਟੀਆਂ ਤਲ ਤਲ ਕੇ ਖਾਧੀਆਂ ਜਾਂਦੀਆਂ ਹਨ। ਨਰਕ ਵਿਚ ਉਹੋ ਸਾਰੇ ਦੁਖ ਸੰਤਾਪ ਤੇ ਤਸੀਹੇ ਹਨ ਜਿਨ੍ਹਾਂ ਤੋਂ ਪ੍ਰਾਣੀ ਇਸ ਸੰਸਾਰ ਵਿਚ ਭੈਅ ਖਾਂਦਾ ਹੈ ਤੇ ਇਹ ਕਸ਼ਟ ਤਸੀਹੇ ਵਡੇ ਪੈਮਾਨੇ ਉਤੇ ਹਨ। ਇਸ ਤਰ੍ਹਾਂ ਨਰਕਾਂ ਵਿਚ ਲਹੂ ਪਾਕ ਦੇ ਭਰੇ ਦਰਿਆ ਹਨ, ਜਿਨ੍ਹਾਂ ਨੂੰ ਵੇਖ ਕੇ ਘਿਰਣਾ ਆਉਂਦੀ ਹੈ। ਪਰ ਪ੍ਰਾਣੀ ਨੂੰ ਉਨ੍ਹਾਂ ਵਿਚ ਪਰਵਾਹ ਦਿਤਾ ਜਾਂਦਾ ਹੈ।

ਸਵਰਗ ਵੀ ਸੰਸਾਰ ਦੇ ਸੁਖ ਭੋਗਾਂ ਦੇ ਪ੍ਰਤਿਰੂਪ ਵਿਚ ਹੀ ਕਲਪੇ ਗਏ ਹਨ। ਇਥੇ ਸਵਰਗ ਵਿਚ ਨੇਕ ਕਰਮ ਕਰਨ ਵਾਲੇ ਪ੍ਰਾਣੀਆਂ ਨੂੰ ਵੱਡੇ ਪੈਮਾਨੇ ਉਤੇ ਉਹ ਸੁਖ ਪ੍ਰਾਪਤ ਹੁੰਦੇ ਹਨ, ਜਿਨ੍ਹਾਂ ਲਈ ਸੰਸਾਰ ਵਿਚ ਰਹਿੰਦਾ ਹਰ ਪ੍ਰਾਣੀ ਤਾਂਘਦਾ ਹੈ। ਸਵਰਗ ਵਿਚ ਦੁੱਧ, ਘਿਉ, ਸ਼ਹਿਦ ਦੇ ਦਰਿਆ ਵਗਦੇ ਹਨ, ਖਾਣ ਲਈ ਹਰ ਤਰ੍ਹਾਂ ਦੇ ਫਲ ਤੇ ਲਜ਼ੀਜ਼ ਖਾਣੇ, ਭੋਗਣ ਲਈ ਅਪੱਛਰਾਂ/ਹੂਰਾਂ। ਉਥੋਂ ਦੇ ਮਹਿਲ ਮਾੜੀਆਂ, ਬਗ਼ੀਚੇ, ਕਪੜੇ, ਵਰਤੋਂ ਦਾ ਹੋਰ ਸਾਮਾਨ ਸਭ ਖ਼ੂਬਸੂਰਤ ਹੈ, ਪਰ ਸੰਸਾਰ ਦੇ ਪ੍ਰਤਿਰੂਪ ਵਿਚ।

ਇਸ ਸੰਸਾਰ ਤੇ ਉਸ ਸੰਸਾਰ ਨੂੰ ਇਕ 'ਵਾਲੋਂ ਨਿਕੀ ਪੁਰਸਲਾਤ' ਜੋੜਦੀ ਹੈ। ਇਸ ਪੁਲ ਉਪਰੋਂ ਦੀ ਹਲਕੇ ਫੁਲਕੇ (ਭਾਵ ਨੇਕ, ਸੁੱਚੇ ਤੇ ਸਾਊ) ਲੋਕ ਸਹਿਜੇ ਹੀ ਪਾਰ ਹੋ ਜਾਂਦੇ ਹਨ, ਪਰ ਪਾਪੀ, ਝੂਠੇ ਤੇ ਦੰਭੀ ਆਪਣੇ ਮੰਦੇ ਕਰਮਾਂ ਕਰਕੇ ਹੇਠ ਵਗ ਰਹੀ ਲਹੂ ਮਾਸ ਦੀ ਨਦੀ ਵਿਚ ਜਾ ਡਿਗਦੇ ਹਨ। ਇਹ ਮੁਸਲਮਾਨੀ ਧਾਰਨਾ ਹੈ, ਪਰ ਹਿੰਦੂ ਵਿਚਾਰਧਾਰਾ ਅਨੁਸਾਰ ਇਸ ਲੋਕ ਨੂੰ ਉਸ ਲੋਕ ਨਾਲੋਂ ਇਕ ਨਦੀ ਵੈਤਰਣੀ ਨਿਖੇੜਦੀ ਹੈ ਜਿਸ ਵਿਚ 'ਭਾਰੇ ਢਹਿੰਦੇ ਢਹਿ ਪਏ, ਹੌਲੇ ਨਿਕਸੇ ਪਾਰ।'

ਲੋਕ-ਧਰਮ ਵਿਚ ਇਕ ਹਰ ਪ੍ਰਵਿਰਤੀ ਹੈ—ਕਲਪਨਾ ਤੇ ਯਥਾਰਥ ਵਿਚ ਅਭੇਦਤਾ। ਦਿਉਤੇ ਦੇ ਆਕਾਰ ਦੀ ਕਲਪਨਾ ਕੀਤੀ ਗਈ। ਉਸ ਦੀ ਪੱਥਰ ਦੀ ਇਕ ਮੂਰਤੀ ਘੜੀ ਗਈ। ਇਹ ਮੂਰਤੀ ਭਾਵੇਂ ਕਲਪਨਾ ਦੁਆਰਾ ਘੜੀ ਗਈ, ਪਰ ਇਹ ਦਿਉਤੇ ਦਾ ਵਾਸਤਵਿਕ ਰੂਪ ਮੰਨ ਲਈ ਗਈ। ਮੂਰਤੀ ਦੀ ਸਥਾਪਤੀ ਮਗਰੋਂ ਇਸ ਵਿਚ ਦਿਉਤੇ ਦਾ ਪ੍ਰਵੇਸ਼ ਮੰਨਿਆ ਗਿਆ। ਉਸ ਨੂੰ ਪ੍ਰਤੱਖ ਦੇਵ ਸਰੂਪ ਮੰਨ ਕੇ ਇਸ਼ਨਾਨ ਕਰਵਾਣਾ, ਭੋਗ ਲਵਾਣਾ, ਰਾਤ ਨੂੰ ਬਿਸਰਾਮ ਕਰਵਾਣਾ, ਦਿਉਤੇ ਨੂੰ ਸਨਮੁਖ ਸਮਝਣਾ। ਇਸ ਵਿਚ ਇਹੋ ਰੁਚੀ ਕੰਮ ਕਰਦੀ ਹੈ।

ਉਪਰੋਕਤ ਵੇਰਵੇ ਤੋਂ ਸਿਧ ਹੁੰਦਾ ਹੈ ਕਿ ਲੋਕ-ਧਰਮ ਦਰਸ਼ਨ ਤੋਂ ਮੁਕਤ ਨਹੀਂ। ਇਸ ਦੇ ਦਰਸ਼ਨ ਆਧਾਰ ਭਾਵੇਂ ਲੋਕਧਾਰਾ ਦੀਆਂ ਹੀ ਕੁਝ ਪ੍ਰਵਿਰਤੀਆਂ ਹਨ।

ਲੋਕ-ਧਰਮ ਦਾ ਪ੍ਰੀਲਾਜਿਕਲ ਮਾਨਸਿਕਤਾ ਵਿਚ ਨਿੰਮਿਆ ਜਿਸ ਕਰਕੇ ਇਸ ਦੀ ਤਰਕ ਵਿਤਰਕ ਦਾ ਆਧਾਰ ਲੋਕ ਮਾਨਸ ਦੀਆਂ ਪ੍ਰਵਿਰਤੀਆਂ ਹਨ। ਇਸ ਲਈ ਇਸ ਵਿਚ ਜੋ ਦਰਸ਼ਨ ਦੇ ਤੱਤ ਹੋਣਗੇ ਉਹ ਲੋਕ ਮਾਨਸ ਦੀਆਂ ਪ੍ਰਵਿਰਤੀਆਂ ਵਿਚੋਂ ਉਭਰੇ ਹਨ।

ਦੂਜਾ ਆਦਿਮ ਮਾਨਵ ਅਖੰਡ ਰੂਪ ਵਿਚ ਕੋਈ ਗੱਲ ਨਹੀਂ ਕਿਆਸ ਕਰਦਾ। ਉਹ ਖੰਡ ਖੰਡ ਅੰਸ਼ ਅੰਸ਼ ਸੋਚ ਕੇ ਉਸ ਨੂੰ ਜੋੜਦਾ ਤੇ ਇਸ ਤਰ੍ਹਾਂ ਉਸ ਦੀ ਸੋਚ ਕਈ ਪਸਾਰਾਂ ਵਿਚ ਭਟਕ ਜਾਂਦੀ ਹੈ। ਉਸ ਵਿਚ ਇਕਾਈਆਂ ਦੀ ਇਕਾਗਰਤਾ ਨਹੀਂ ਹੁੰਦੀ। ਉਹ ਉਸ ਗੋਦੜੀ ਵਰਗੀ ਹੁੰਦੀ ਹੈ ਜਿਸ ਨੂੰ ਵੰਨ-ਸੁਵੰਨੀਆਂ ਟਾਕੀਆਂ ਲਗੀਆਂ ਹੁੰਦੀਆਂ ਹਨ।

ਲੋਕ-ਧਰਮ ਵਿਚ ਵੰਨ-ਸੁਵੰਨਤਾ ਹੁੰਦੀ ਹੈ, ਵੱਖ ਵੱਖ ਮਾਨਵ ਨੇ ਜਿਵੇਂ ਅਨੁਭਵ ਕੀਤਾ, ਤੇ ਲੋਕਾਂ ਨੇ ਉਸ ਅਨੁਭਵ ਨੂੰ ਸਾਮੂਹਿਕ ਪੱਧਰ ਉਤੇ ਜਿਵੇਂ ਜਿਵੇਂ ਪਰਵਾਨ ਕੀਤਾ, ਉਹ ਸਭ ਰਲ ਕੇ ਖਿਚੜੀ ਜਿਹੀ ਬਣੀ ਹੁੰਦੀ ਹੈ। ਕੋਈ ਧਰਤੀ ਮਾਂ ਨੂੰ ਪੂਜਦਾ ਹੈ, ਕੋਈ ਜਠੇਰੇ ਨੂੰ ਤੇ ਕੋਈ ਪੀਰ ਨੂੰ। ਕਿਸੇ ਦੀ ਆਸਥਾ ਬ੍ਰਿਛਾਂ ਵਿਚ ਹੈ, ਕਿਸੇ ਦੀ ਸੂਰਜ ਵਿਚ, ਕਿਸੇ ਦੀ ਕਾਲ ਵਿਚ। ਪਰ ਉਨ੍ਹਾਂ ਦੀ ਅਨੇਕਤਾ ਵਿਚ ਇਕ ਤਰ੍ਹਾਂ ਦੀ ਏਕਤਾ ਹੁੰਦੀ ਹੈ।

ਲੋਕ-ਧਰਮ ਵਿਚ 'ਸਮੁੱਚ' ਜਿਹਾ ਹੁੰਦਾ ਹੈ। ਸਭ ਕੁਝ ਅਨਿਖੜ ਸਭ ਕੁਝ ਇਕੋ ਵਿਚ ਜੁੜਿਆ ਹੋਇਆ। ਤਾਣੇ ਪੇਟੇ ਵਾਂਗ ਸੰਗਠਿਤ। ਕੁਝ ਵੀ ਇਕ ਦੂਜੇ ਨਾਲੋਂ ਨਿਖੜਿਆ ਨਹੀਂ ਹੁੰਦਾ। ਅਸਲ ਵਿਚ ਜੋ ਕੁਝ ਵੀ ਆਦਿਮ ਹੈ ਉਹ ਮਿੱਟੀ ਦੇ ਉਸ ਢੇਲੇ ਵਾਂਗ ਹੈ ਜਿਸ ਵਿਚ ਮਿੱਟੀ ਤੋਂ ਇਲਾਵਾ ਕਈ ਤਰ੍ਹਾਂ ਦੀਆਂ ਧਾਤਾਂ ਦੇ ਕਿਣਕ, ਅੰਸ਼ ਕੈਮੀਕਲ ਸੰਗਠਤ ਹੋਣ, ਪਰ ਜਿਵੇਂ ਜਿਵੇਂ ਮਨੁੱਖ ਆਧੁਨਿਕ ਹੁੰਦਾ ਜਾਂਦਾ ਹੈ ਉਹ ਨਿਖੇੜਦਾ ਹੈ ਤੇ ਜਿਤਨਾ ਕੋਈ ਸੰਗਠਿਤ ਹੋਵੇਗਾ ਉਤਨਾ ਹੀ ਰਹੱਸਮਈ। ਜੇ ਸਾਰੇ ਤਾਣੇ ਪੇਟੇ ਨਿਖੇੜ ਲਏ ਜਾਣ ਤਾਂ ਉਹ ਰਹੱਸਮਈ ਨਹੀਂ ਰਹਿੰਦਾ।

ਲੋਕ ਧਰਮ ਵਿਚ ਰਹਿਤਾਂ, ਮਨਾਹੀਆਂ ਹੁੰਦੀਆਂ ਹਨ—ਇਹ ਕਰੋ, ਇਹ ਨਾ ਕਰੋ। ਕਰਮ ਕਾਂਡਾਂ ਤੇ ਰੀਤਾਂ ਦੇ ਕਰਨ ਨਾਲ ਫਲ ਮਿਲਦਾ ਹੈ। ਇਹ ਨਾ ਕਰੋ, ਰਖਿਆ ਮਿਲਦੀ

ਹੈ। ਆਦਿਮ ਮਾਨਵ ਦੀ ਮਾਨਸਿਕਤਾ ਆਧੁਨਿਕ ਮਨੁਖ ਨਾਲੋਂ ਬਿਲਕੁਲ ਵੱਖਰੀ ਸੀ। ਉਸ ਵਿਚ ਸਭ ਕੁਝ ਟੁਕੜਿਆਂ ਵਿਚ ਬਿਖਰਿਆ ਹੋਇਆ, ਖੰਡਿਤ, ਬਿਖਰਿਆ ਬਿਖਰਿਆ। ਸੋਚ ਅਗੋਂ ਜਾ ਕੇ ਬਿਖਰ ਜਾਂਦੀ ਹੈ। ਉਹ ਕਿਸੇ ਸੋਚ ਵਿਚ ਬਹੁਤਾ ਡੁਬਦਾ ਨਹੀਂ। ਭੈਅ ਦੀ ਸਥਿਤੀ ਉਸ ਦੇ ਮਨ ਨੂੰ ਟਿਕਣ ਨਹੀਂ ਦੇਂਦੀ। ਕਿਧਰੇ ਉਹ ਸਥਿਰ ਨਹੀਂ ਹੁੰਦਾ। ਇਕ ਗੱਲ ਦੂਜੀ ਵਿਚ ਬਿਨਾਂ ਕਿਸੇ ਸਿਲਸਲੇ ਦੇ ਪਹੁੰਚਾ ਦਿੰਦੀ ਹੈ।

ਲੋਕ-ਧਰਮ ਸਾਮੂਹਿਕ ਹੈ, ਇਹ ਕਿਸੇ ਇਕ ਸੰਪਰਦਾਇ ਨਾਲ ਸੰਬੰਧਿਤ ਨਹੀਂ ਹੁੰਦਾ। ਇਸ ਵਿਚ ਦੂਜਿਆਂ ਸੰਪਰਦਾਵਾਂ ਤੋਂ ਵੀ ਕਾਫ਼ੀ ਕੁਝ ਪ੍ਰਾਪਤ ਕੀਤਾ ਜਾਂਦਾ ਹੈ। ਜਿਥੋਂ ਜੋ ਮਿਲੇ, ਜਿਸ ਦੀ ਪਰੰਪਰਾ ਜਿਥੋਂ ਤਕ ਸਫ਼ਰ ਕਰ ਸਕੇ। ਇਸ ਵਿਚ ਸੋਚ ਦੇ ਸਾਂਝੇ ਪੈਟਰਨ, ਬਹੁਤਿਆਂ ਵਲੋਂ ਪਰਵਾਨੇ ਜਾ ਚੁਕੇ ਹੋਣ, ਪ੍ਰਾਪਤ ਹੁੰਦੇ ਹਨ। ਕਿਸੇ ਵਿਅਕਤੀ ਨੇ ਕੋਈ ਨਵਾਂ ਪੈਟਰਨ ਘੜ ਵੀ ਲਿਆ ਹੋਵੇ ਤਾਂ ਉਹ ਉਦੋਂ ਤਕ ਕਬੂਲਿਆ ਨਹੀਂ ਜਾਂਦਾ ਜਦੋਂ ਤਕ ਸਰਵ-ਪ੍ਰਵਾਨਿਤ ਨਾ ਹੋ ਜਾਵੇ।

ਲੋਕ-ਧਰਮ ਵਿਚ ਸਭ ਕੁਝ ਰਲਗੱਡ ਹੁੰਦਾ ਹੈ। ਸਿੱਖ ਧਰਮ ਵਿਚ ਵਰਤ ਰਖਣਾ, ਮੜ੍ਹੀਆਂ ਪੂਜਣਾ, ਸਤੀਆਂ ਪੂਜਣਾ ਮਰਯਾਦਾ ਵਿਚ ਨਹੀਂ, ਪਰ ਕਈ ਸਿੱਖ ਕਰਦੇ ਹਨ। ਖ਼ਾਸ ਤੌਰ ਤੇ ਜੱਟਾਂ ਵਿਚ ਸਤੀਆਂ ਪੂਜੀਆਂ ਜਾਂਦੀਆਂ ਹਨ, ਕਈ ਜਾਤਾਂ ਗੋਤਾਂ ਵਿਚ ਵਰਤ ਰਖਣੇ ਜਾਇਜ਼ ਹਨ, ਪਿੰਡਾਂ ਵਿਚ ਲੋਕ ਮੜ੍ਹੀਆਂ ਮਸਾਣਾਂ ਨੂੰ ਵੀ ਪੂਜਦੇ ਹਨ।

ਲੋਕ-ਧਰਮ ਵਿਚ ਕੁਝ ਵਸਤੂਆਂ ਨੂੰ ਪਵਿੱਤਰ ਮੰਨ ਲਿਆ ਜਾਂਦਾ ਹੈ, ਕਿਧਰੇ ਬ੍ਰਿਛ ਬੂਟੇ, ਕਿਧਰੇ ਪਾਣੀ, ਕਿਧਰੇ ਅੰਨ, ਭਿੰਨ ਭਿੰਨ ਮਾਤਰਾ ਵਿਚ ਤੇ ਇਨ੍ਹਾਂ ਦੀ ਉਪਾਸਨਾ ਅਥਵਾ ਪੂਜਾ ਕੀਤੀ ਜਾਂਦੀ ਹੈ, ਸ਼ਰਧਾ ਨਾਲ।

ਲੋਕ-ਧਰਮ ਤੇ ਸਥਾਪਿਤ ਧਰਮ ਵਿਚ ਵੱਡਾ ਫ਼ਰਕ ਇਹੋ ਹੈ ਕਿ ਲੋਕ-ਧਰਮ, ਲੋਕ-ਉਪਾਸਨਾ ਕਿਸੇ ਵਸਤੂ/ਦ੍ਰਿਸ਼ਟਮਾਨ ਨੂੰ ਪਵਿੱਤਰ ਮੰਨ ਕੇ ਉਸ ਵਿਚ ਸ਼ਰਧਾ ਰਖਣੀ, ਪਰ ਸਥਾਪਿਤ ਧਰਮ ਵਿਚ ਲੋਕ-ਉਪਾਸਨਾ ਦੇ ਕਈ ਅੰਗ ਵਿਦਮਾਨ ਹਨ। ਸਿੱਖ ਧਰਮ ਨੂੰ ਹੋਂਦ ਵਿਚ ਆਇਆਂ ਅਜੇ ਤਿੰਨ ਸਦੀਆਂ ਵੀ ਪੂਰੀਆਂ ਨਹੀਂ ਹੋਈਆਂ, ਇਸ ਵਿਚ ਚਰਨ ਧੂੜੀ, ਇਸ਼ਨਾਨ, ਪਵਿਤਰ ਸਥਾਨਾਂ ਵਿਚ ਆਸਥਾ ਲੋਕ-ਉਪਾਸਨਾ ਦੇ ਹੀ ਰੂਪ ਹਨ।

ਲੋਕ-ਧਰਮ ਵਿਚ ਸਭ ਵਸਤੂਆਂ ਨੂੰ ਲੌਕਿਕ ਤੇ ਅਲੌਕਿਕ ਵਿਚ ਵੰਡ ਲਿਆ ਜਾਂਦਾ ਹੈ। ਲੌਕਿਕ ਵਸਤੂ ਜੀਵਨ ਦੇ ਵਰਤਾਰੇ ਲਈ ਹਨ। ਇਸ ਵਿਚ ਕੋਈ ਰਹੱਸ ਨਹੀਂ, ਪਰ ਅਲੌਕਿਕ ਰਹੱਸਮਈ ਹਨ। ਲੌਕਿਕ ਵਸਤੂਆਂ ਨੂੰ ਵੀ ਅਲੌਕਿਕ ਸਰੂਪ ਦੇ ਦਿਤਾ ਜਾਂਦਾ ਹੈ, ਉਹ ਪ੍ਰਾਣਧਾਰੀ ਤੇ ਚੇਤੰਨ ਹੋ ਜਾਂਦੀ ਹੈ ਭਾਵੇਂ ਜੜ੍ਹ ਵਸਤੂ ਹੀ ਕਿਉਂ ਨਾ ਹੋਵੇ। ਉਸ ਵਿਚ ਪ੍ਰਾਣਧਾਰੀ ਸ਼ਕਤੀ ਮੰਨ ਲਈ ਜਾਂਦੀ ਹੈ।

ਲੋਕ-ਧਰਮ ਅਥਵਾ ਉਪਾਸਨਾ ਨਾਲ ਜੁੜੇ ਲੋਕਾਂ ਦੀ ਮਾਨਸਿਕਤਾ ਲੋਕਧਾਰਾਈ ਹੁੰਦੀ ਹੈ ਤੇ ਕਸ਼ਟ, ਦੁਖ, ਦਲਿਦਰ ਸੰਕਟ ਜੋ ਵੀ ਕਿਸੇ ਮਨੁੱਖ ਨੂੰ ਭੋਗਣੇ ਪੈਂਦੇ ਹਨ ਉਸ ਦਾ ਕਾਰਨ ਰਹੱਸਮਈ ਮੰਨੇ ਜਾਂਦੇ ਹਨ। ਅਜਿਹੇ ਲੋਕਾਂ ਉਤੇ ਜਾਂ ਤਾਂ ਕਿਸੇ ਦਿਉਤੇ ਦੀ ਕਰੋਪੀ ਹੁੰਦੀ ਹੈ ਜਾਂ ਕਿਸੇ ਜਿੰਨ ਭੂਤ ਦਾ ਪਰਛਾਵਾਂ। ਇਸ ਲਈ ਦਿਉਤੇ/ਭੂਤ ਨੂੰ ਪਤਿਆਣ ਨਾਲ ਰੋਗੀ ਦੇ ਕਸ਼ਟ ਕਟੇ ਜਾਂਦੇ ਹਨ। ਕਈ ਵਾਰ ਕਿਸੇ ਦੇਵੀ ਦਿਉਤੇ ਨਮਿਤ ਵਰਤ ਰਖਣ ਨਾਲ, ਤੇ ਕਈ ਵਾਰ ਆਪਣੀ ਕਿਸੇ ਕੋਤਾਹੀ ਦਾ ਦੰਡ ਭੋਗ ਕੇ ਜਿਵੇਂ ਸੰਗਤ ਦੇ ਜੋੜੇ ਝਾੜਨੇ, ਸੇਵਾ ਕਰਨੀ, ਅਭਿਆਗਤ ਨੂੰ ਤੇਲ ਦੇਣਾ।

ਲੋਕ-ਧਰਮ ਵਿਚ ਸ਼ਕਤੀ ਨੂੰ ਕੋਈ ਮਹਾਨਤਾ ਨਹੀਂ, ਇਹ ਦੁਜੈਲੀ ਹੁੰਦੀ ਹੈ। ਲੋਕ-ਧਰਮ ਆਂਤਰਿਕ ਨਹੀਂ, ਮਾਨਵ ਦੇ ਅੰਦਰ ਦੀਆਂ ਬਿਰਤੀਆਂ ਨੂੰ ਇਕਸੁਰ ਕਰ ਕੇ ਉਨ੍ਹਾਂ ਦੁਆਰਾ ਸ਼ਕਤੀ ਗ੍ਰਹਿਣ ਕਰਨ ਲਈ ਨਹੀਂ, ਨੈਤਿਕਤਾ ਪ੍ਰਧਾਨ ਹੁੰਦਾ ਹੈ। ਹਾਂ, ਸਰੀਰਕ ਸ਼ੁਧਤਾ ਵਲ ਜ਼ਿਆਦਾ ਜ਼ੋਰ ਹੈ। ਆਂਤਰਿਕ ਸ਼ੁਧਤਾ ਵਲ, ਉਂਜ ਵੀ ਅਗਲੇ ਜਗਤ ਦੀ ਲੋਕਾਂ ਵਿਚ ਕੋਈ ਰੁਚੀ ਨਹੀਂ। ਇਸੇ ਜਗਤ ਦੇ ਸੁਖ, ਆਰਾਮ ਲਈ ਕਰਮ-ਕਾਂਡ, ਲੋਕ-ਰੀਤਾਂ ਕੀਤੀਆਂ ਜਾਂਦੀਆਂ ਹਨ।

## (ਲ-86) ਲੋਕ-ਧਾਰਾ ਤੇ ਸਾਹਿੱਤ :

ਲੋਕ-ਧਾਰਾ ਮੂਲ ਵਿਚ ਲੋਕ-ਸੰਸਕ੍ਰਿਤੀ ਦਾ ਹੀ ਭਾਵੁਕ ਤੇ ਬੌਧਿਕ ਪਰਪੰਚ ਹੈ। ਲੋਕ-ਸੰਸਕ੍ਰਿਤੀ ਦੀ ਯਾਤ੍ਰਾ ਸਦਾ ਪਰੰਪਰਾ ਮੁਖ ਰਹੀ ਹੈ ਅਤੇ ਇਸ ਯਾਤ੍ਰਾ ਦਾ ਸਾਰਾ ਅਡੰਬਰ ਲੋਕ-ਧਾਰਾ ਦਾ ਹੀ ਪਾਸਾਰ ਹੈ। ਲੋਕ-ਸੰਸਕ੍ਰਿਤੀ ਦੀ ਹਰ ਮਾਨਸਿਕ ਤੇ ਭੌਤਿਕ ਪ੍ਰਕ੍ਰਿਆ ਦੇ ਵੇਗ ਦਾ ਮੂਲ ਸਰੋਤ ਸਾਮੂਹਿਕ ਚਿੱਤ ਹੁੰਦਾ ਹੈ। ਇਸੇ ਸਾਮੂਹਿਕ ਚਿੱਤ ਨੂੰ ਲੋਕ-ਮਨ ਕਿਹਾ ਜਾਂਦਾ ਹੈ। ਲੋਕ-ਮਨ ਸਦ-ਜਾਗਤ-ਜੋਤ ਹੈ, ਜੋ ਆਦਿ ਜੁਗਾਦਿ ਤੋਂ ਹੁਣ ਤਕ ਹਰ ਮਨ ਵਿਚ ਪ੍ਰਕਾਸ਼ਮਾਨ ਚਲੀ ਆ ਰਹੀ ਹੈ। ਇਹ ਧੁੰਦਲੀ ਤਾਂ ਪੈ ਜਾਂਦੀ ਹੈ, ਪਰ ਕਦੇ ਕਿਸੇ ਮਨ ਵਿਚੋਂ ਬੁਝਦੀ ਨਹੀਂ। ਵਿਗਿਆਨੀ-ਮਨ ਵਿਚ ਵੀ ਲੋਕ-ਮਨ ਕਿਸੇ ਖੂੰਜੇ ਜ਼ਰੂਰ ਸੁੱਤਾ ਪਿਆ ਹੁੰਦਾ ਹੈ। ਲੋਕ-ਮਨ ਦਾ ਪੂਰਾ ਜਲਾਲ ਤਾਂ ਲੋਕ-ਸੰਸਕ੍ਰਿਤੀ ਵਿਚ ਹੀ ਵੇਖਿਆ ਜਾ ਸਕਦਾ ਹੈ। ਲੋਕ-ਮਨ ਦੇ ਅੰਕੁਰ ਹੀ ਲੋਕ-ਸੰਸਕ੍ਰਿਤੀ ਵਿਚ ਬੋਹੜ ਵਾਂਗ ਫੈਲਦੇ ਅਤੇ ਪਰੰਪਰਾ ਦੇ ਪਾਣੀ ਨਾਲ ਮੌਲਦੇ ਹਨ। ਇਹੋ ਬੋਹੜ ਆਪਣੇ ਸਾਰੇ ਪਰਪੰਚ ਤੇ ਪਸਾਰ ਵਿਚ ਲੋਕ-ਧਾਰਾ ਹੈ।

ਲੋਕ-ਧਾਰਾ ਦੀ ਸਾਹਿੱਤ, ਜੀਵਨ ਤੇ ਕਲਾ ਵਿਚ ਸਾਰਥਕਤਾ ਦਾ ਅਨੁਮਾਨ ਇਸ ਤੱਥ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਸਾਡੀਆਂ ਹੁਣ ਤਕ ਦੀਆਂ ਸਾਰੀਆਂ ਦਾਰਸ਼ਨਿਕ, ਸਾਹਿੱਤਕ, ਕਲਾਤਮਿਕ ਤੇ ਭਾਈਚਾਰਕ ਪ੍ਰਾਪਤੀਆਂ ਨੇ ਪਰਾ-ਇਤਿਹਾਸਕ ਕਾਲ ਵਿਚ ਜਿਸ ਬਿੰਦੂ ਤੋਂ ਸਫ਼ਰ ਚਾਲੂ ਕੀਤਾ ਸੀ, ਉਹ ਬਿੰਦੂ ਕੋਈ ਲੋਕ-ਧਾਰਾਈ ਰੂੜ੍ਹੀ ਹੀ ਤਾਂ ਸੀ। ਲੋਕਧਾਰਾ ਨੇ ਹੀ ਜੀਵਨ ਦੀਆਂ ਕਈ ਅਮਰ ਰੂੜ੍ਹੀਆਂ ਦੀ ਸਿਰਜਨਾ ਕੀਤੀ। ਲੋਕ-ਧਾਰਾ ਦੀ ਮਹੱਤਤਾ ਨੂੰ ਸਵੀਕਾਰਦੇ ਹੋਏ ਹੀ ਗੋਰਕੀ ਨੇ ਸਾਹਿੱਤਕਾਰਾਂ ਨੂੰ ਲੋਕ-ਧਾਰਾ ਦਾ ਡੂੰਘਾ ਅਧਿਐਨ ਕਰਨ ਦੀ ਸਲਾਹ ਦਿਤੀ।

ਉਹ ਕਲਾ ਤੇ ਸਾਹਿੱਤ ਦੀ ਚਰਚਾ ਕਰਦਿਆਂ ਲਿਖਦੇ ਹਨ "ਸ਼ਬਦ ਕਲਾ ਦਾ ਮੁੱਢ ਲੋਕ-ਧਾਰਾ ਤੋਂ ਬੱਝਿਆ, ਆਪਣੀ ਲੋਕ-ਧਾਰਾ ਦਾ ਸੰਕਲਨ ਕਰੋ, ਇਸ ਦਾ ਅਧਿਐਨ ਕਰੋ, ਖੋਜ ਕਰੋ। ਲੋਕ-ਧਾਰਾ ਤੋਂ ਸਾਨੂੰ ਕਾਫ਼ੀ ਸਾਰੀ ਸਾਮਗ੍ਰੀ ਪ੍ਰਾਪਤ ਹੋਵੇਗੀ। ਅਤੀਤ ਨੂੰ ਜਿਤਨੀ ਚੰਗੀ ਤਰ੍ਹਾਂ ਅਸੀਂ ਸਮਝਾਂਗੇ, ਉਤਨੀ ਹੀ ਸੂਖੈਨਤਾ, ਡੂੰਘਾਈ ਤੇ ਆਨੰਦ ਨਾਲ ਅਸੀਂ ਉਸ ਵਰਤਮਾਨ ਦੀ ਸਾਰਥਕਤਾ ਨੂੰ ਸਮਝ ਸਕਾਂਗੇ ਜਿਸ ਦੀ ਸਿਰਜਨਾ ਅਸੀਂ ਸਾਰੇ ਕਰ ਰਹੇ ਹਾਂ।" ਲੋਕ-ਧਾਰਾ ਦੀਆਂ ਰੂੜ੍ਹੀਆਂ ਇਤਨੀਆਂ ਸਾਰਥਕ ਤੇ ਗੌਰਵਮਈ ਹਨ ਕਿ ਇਨ੍ਹਾਂ ਤੋਂ ਮੁਕਤ ਹੋ ਕੇ ਕੋਈ ਮਹਾਨ ਸਾਹਿੱਤਕ ਸਿਰਜਨਾ ਕੀਤੀ ਹੀ ਨਹੀਂ ਜਾ ਸਕਦੀ।

ਪੰਜਾਬ ਦਾ ਬਹੁਤ ਸਾਰਾ ਮੱਧਕਾਲੀ ਸਾਹਿੱਤ ਲੋਕ-ਮਨ ਦੀਆਂ ਅਨੁਭੂਤੀਆਂ ਹੋਣ ਕਰਕੇ ਲੋਕ-ਧਾਰਾ ਦੀਆਂ ਰੂੜ੍ਹੀਆਂ ਉਤੇ ਪਲਿਆ ਹੈ। ਜੇ ਇਹਦੇ ਵਿਚੋਂ ਲੋਕ-ਰੂੜ੍ਹੀਆਂ ਛਾਂਗ ਦਈਏ ਤਾਂ ਪਿਛੇ ਟੁੰਡ-ਮਰੁੰਡ ਹੀ ਰਹਿੰਦਾ ਹੈ, ਜਿਸ ਵਿਚ ਪੰਛੀਆਂ ਨੂੰ ਭਰਮਾਣ ਤੇ ਵਿਭੋਰ ਕਰਨ ਦੀ ਸਜੀਵਤਾ ਨਹੀਂ ਹੁੰਦੀ। ਮੱਧਕਾਲ ਦਾ ਬਹੁਤ ਸਾਰਾ ਪੰਜਾਬੀ ਸਾਹਿੱਤ ਤਾਂ ਲੋਕ-ਧਾਰਾ ਦੀ ਹੀ ਸਾਹਿੱਤਕ ਪੱਧਰ ਉਪਰ ਪੁਨਰ-ਸਿਰਜਨਾ ਹੈ। ਕਿਸੇ ਦਾ ਵਸਤੂ ਲੋਕ-ਧਾਰਾਈ ਹੈ ਤੇ ਕਿਸੇ ਦਾ ਰੂਪ-ਢੋਛਨ ਤੇ ਕਿਸੇ ਦਾ ਵਸਤੂ ਤੇ ਰੂਪ ਦੋਵੇਂ ਹੀ। ਸਾਡੀ ਮੱਧਕਾਲੀਨਤਾ ਤਾਂ ਹੈ ਹੀ ਲੋਕ-ਮਨ ਦੀ ਜੋਤ ਦਾ ਵਿਗਾਸ। ਇਸ ਦੇ ਉਲਟ ਆਧੁਨਿਕਤਾ ਲੋਕ-ਮਨ ਤੋਂ ਨਿਜ-ਮਨ ਵਲ ਦੀ ਯਾਤ੍ਰਾ ਹੈ। ਲੋਕ-ਮਨ ਤੋਂ ਬਾਹਰੀ ਹੋ ਕੇ ਨਿਜ-ਮਨ ਦੁਆਰਾ ਰਚਿਆ ਸਾਹਿੱਤ ਹੀ ਆਧੁਨਿਕ ਹੈ। ਇਸ ਲਈ ਜਦੋਂ ਤਕ ਲੋਕ-ਧਾਰਾਈ ਦ੍ਰਿਸ਼ਟੀ ਤੋਂ ਮੱਧਕਾਲੀ ਸਾਹਿੱਤ ਦਾ ਅਧਿਐਨ ਨਹੀਂ ਕੀਤਾ ਜਾਂਦਾ, ਉਦੋਂ ਤਕ ਉਸ ਸਾਹਿੱਤ ਦੀ ਤਹਿ ਵਿਚ ਪ੍ਰਵਾਹਿਤ ਜੀਵਤ ਕਲਾ-ਤੱਤ ਤੇ ਪ੍ਰਵਿਰਤੀਆਂ ਦੀ ਪੂਰੀ ਸੋਝੀ ਨਹੀਂ ਹੋ ਸਕਦੀ। ਮੱਧਕਾਲੀ ਸਾਹਿੱਤ ਦੇ ਹੁਣ ਤਕ ਦੇ ਬਹੁਤੇ ਅਧਿਐਨ ਵਿਚ ਇਹ ਬੁਨਿਆਦੀ ਪੱਖ ਅਣਗੌਲਿਆ ਹੀ ਰਿਹਾ ਹੈ।

ਲੋਕ-ਧਾਰਾ ਸ਼ਬਦ ਭਾਵੇਂ ਨਵਾਂ ਹੈ, ਪਰ ਸਾਡੇ ਮੱਧਕਾਲੀ ਲੇਖਕ ਲੋਕ-ਸੰਸਕ੍ਰਿਤੀ ਦੇ ਭਾਵੁਕ ਤੇ ਬੌਧਕ ਪਰਪੰਚ ਦੇ ਰੂਪ ਵਿਚ ਇਸ ਤੋਂ ਸੁਚੇਤ ਸਨ। ਗੁਰੂ ਨਾਨਕ ਦੇਵ ਜੀ ਜਦੋਂ ਇਹ ਕਹਿੰਦੇ ਹਨ—"ਘਰ ਘਰ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਹਾਰੀ।" ਤਾਂ ਉਹ ਪੰਜਾਬੀ ਲੋਕਾਂ ਨੂੰ ਆਪਣੀ ਬੋਲੀ ਤੇ ਸਭਿਆਚਾਰ ਪ੍ਰਤੀ ਸੁਚੇਤ ਕਰਦੇ ਹੋਏ, ਉਨ੍ਹਾਂ ਦਾ ਮੂੰਹ ਪੰਜਾਬੀ ਲੋਕ-ਧਾਰਾ ਦੀਆਂ ਜੀਵਤ ਰੂੜ੍ਹੀਆਂ ਵਲ ਮੋੜਨਾ ਲੋਚਦੇ ਹਨ। ਇਸ ਦੇ ਉਲਟ ਉਹ ਹੇਠਲੀਆਂ ਪੰਗਤੀਆਂ ਵਿਚ ਲੋਕ-ਧਾਰਾ ਦੀਆਂ ਉਨ੍ਹਾਂ ਪਰੰਪਰਾਗਤ ਰੂੜ੍ਹੀਆਂ ਦਾ ਖੰਡਨ ਕਰਦੇ ਹਨ ਜੋ ਮੁਰਦਾ ਹੋ ਜਾਣ ਕਾਰਨ ਜੀਵਨ ਦੇ ਸਵੱਛ ਉਸਾਰ ਵਿਚ ਬਾਧਕ ਹਨ, ਪਰ ਲੋਕ ਫਿਰ ਵੀ ਉਨ੍ਹਾਂ ਨਾਲ ਬੱਝੇ ਹੋਏ ਹਨ :

ਚਉਕੜਿ ਮੁਲਿ ਅਣਾਈਆ ਬਹਿ ਦਉਕੈ ਪਾਇਆ
ਸਿਖਾ ਕੰਨਿ ਚੜਾਇਆ ਗੁਰੁ ਬ੍ਰਾਹਮਣੁ ਥਿਆ
ਉਹ ਮੁਆ ਉਹੁ ਝੜਿ ਪਇਆ ਵੇਤਗਾ ਗਇਆ।

(ਸਲੋਕ ਆਸਾ ਦੀ ਵਾਰ)

ਇਸੇ ਤਰ੍ਹਾਂ 'ਗਗਨ ਮੈ ਥਾਲ' ਸ਼ਬਦ ਦੀਆਂ ਮੁਢਲੀਆਂ ਪੰਗਤੀਆਂ ਵਿਚ ਗੁਰੂ ਨਾਨਕ ਇਕ ਨਵੀਂ ਮਿਥ ਸਿਰਜ ਕੇ ਲੋਕ-ਭਾਵਨਾ ਨੂੰ ਟੁੰਬ ਰਹੇ ਹਨ। ਮਿਥ ਸਿਰਜਨਾ ਲੋਕ-ਧਾਰਾ ਦੀ ਹੀ ਪ੍ਰਕ੍ਰਿਤੀ ਹੈ।

ਪੰਜਾਬੀ ਦੇ ਬੀਰ, ਸੂਫ਼ੀ, ਗੁਰਮਤਿ ਤੇ ਕਿੱਸਾ-ਕਾਵਿ ਦੀ ਸਿਰਜਨਾ ਲੋਕ-ਧਾਰਾ ਦੇ ਚੇਤਨ-ਅਹਿਸਾਸ ਵਿਚੋਂ ਹੋਈ; ਜਿਸ ਦਾ ਵੱਡਾ ਪਰਮਾਣ ਇਸ ਸਾਹਿੱਤ ਦੀ ਲੋਕ-ਸਭਿਆਚਾਰ ਤੇ ਰੂੜ੍ਹੀਆਂ ਨਾਲ ਇਕਾਗਰਤਾ ਹੈ। ਪੰਜਾਬੀ ਕਾਵਿ ਦੀਆਂ ਇਹ ਪ੍ਰਵਿਰਤੀਆਂ ਲੋਕ-ਸਭਿਆਚਾਰ ਨਾਲ ਕਦਮ ਮੇਚ ਕੇ ਯਾਤ੍ਰਾ ਕਰਦੀਆਂ ਰਹੀਆਂ, ਵਿਛੁੰਨ ਕੇ ਨਹੀਂ। ਇਹੋ ਹਾਲ ਵਾਰਤਕ ਦਾ ਰਿਹਾ। ਮੱਧਕਾਲ ਦਾ ਸਾਰਾ ਕਥਾ-ਸਾਹਿੱਤ ਲੋਕ-ਕਹਾਣੀਆਂ ਦੀਆਂ ਕਥਾਨਿਕ ਰੂੜ੍ਹੀਆਂ ਨਾਲ ਓਪ ਪੋਤ ਹੈ ਅਤੇ ਕਈ ਥਾਈਂ ਤਾਂ ਕਿਸੇ ਲੋਕ-ਕਹਾਣੀ ਦੀ ਪੁਨਰ-ਸਿਰਜਨਾ ਹੀ ਕੀਤੀ ਗਈ ਹੈ।

ਪੰਜਾਬ ਦਾ ਸਭਿਆਚਾਰ ਬੁਨਿਆਦੀ ਤੌਰ ਤੇ ਕੁਝ ਕੁ ਲੋਕ-ਸੰਸਕ੍ਰਿਤੀਆਂ ਦਾ ਹੀ ਸਮੂਹ ਹੈ। ਆਜ਼ਾਦੀ ਮਗਰੋਂ ਭਾਵੇਂ ਵਿਦਿਆ ਦੇ ਫੈਲਾਓ, ਉਦਯੋਗਿਕ ਪਸਾਰ ਤੇ ਵਿਗਿਆਨਕ ਮਨੋ-ਬਿਰਤੀ ਸਦਕਾ ਸਾਡੇ ਸਭਿਆਚਾਰਕ ਜੀਵਨ ਤੇ ਚਿੰਤਨ ਵਿਚ ਭਾਰੀ ਪਰਿਵਰਤਨ ਆਏ, ਪਰ ਤਾਂ ਵੀ ਪੰਜਾਬੀਆਂ ਦਾ ਬੁਨਿਆਦੀ ਸੁਭਾਅ 'ਫੋਕ' ਵਾਲਾ

ਹੀ ਰਿਹਾ ਹੈ। ਲੋਕ-ਮਨ ਅੱਜ ਵੀ ਪੰਜਾਬੀ ਦਿਲਾਂ ਵਿਚ ਇਕ ਜਗਦੀ ਜੋਤ ਹੈ ਜਿਸ ਦਾ ਪ੍ਰਕਾਸ਼ ਤੇ ਨਿੱਘ ਪੰਜਾਬੀਆਂ ਦੀ ਹਰ ਕਿਰਿਆ ਪ੍ਰਕ੍ਰਿਆ ਦੀ ਚਾਲਕ ਹੈ। ਯੁਗਾਂ ਪੁਰਾਣਾ ਦੀਵਾ ਜਿਸ ਦੇ ਜਲੌ ਵਿਚ ਹੜੱਪਾ ਦੀ ਲੋਕ-ਸੰਸਕ੍ਰਿਤੀ ਵਿਗਸੀ ਸੀ, ਅੱਜ ਵੀ ਸਾਡੇ ਵਿਗਸਿਤ ਸ਼ਹਿਰੀ ਜੀਵਨ ਦੀ ਰੂੜ੍ਹੀ ਹੈ ਅਤੇ ਦੀਵਾਲੀ ਵਾਲੀ ਰਾਤ ਦੇ ਰੀਤ-ਸੰਸਕਾਰਾਂ ਸਮੇਂ ਇਸ ਦੀ ਸਾਰਥਕਤਾ ਵੀ ਪ੍ਰਤੱਖ ਮਿਲਦੀ ਹੈ। ਸਾਡੀ ਆਧੁਨਿਕ ਕਲਾ, ਸਾਹਿੱਤ ਤੇ ਚਿੰਤਨ ਵਿਚ ਲੋਕ-ਧਾਰਾ ਦੀਆਂ ਅਨੇਕਾਂ ਰੂੜ੍ਹੀਆਂ ਆਪਣੇ ਜਲਾਲ ਵਿਚ ਫੈਲੀਆਂ ਹੋਈਆਂ ਮਿਲਦੀਆਂ ਹਨ। ਇਨ੍ਹਾਂ ਤੋਂ ਮੁਕਤ ਹੋਣਾ ਪੰਜਾਬੀਆਂ ਦੇ ਵਸ ਦੀ ਗੱਲ ਨਹੀਂ।

ਲੋਕ-ਧਾਰਾ ਤੋਂ ਮੁਕਤ ਸਾਹਿੱਤ ਪੰਜਾਬੀ ਲੋਕਾਂ ਦੇ ਮਨਾਂ ਨੂੰ ਮੋਹ ਹੀ ਨਹੀਂ ਸਕਿਆ। ਹੁਣ ਤਕ ਉਨ੍ਹਾਂ ਦੇ ਲਹੂ ਵਿਚ ਲੋਕ-ਰੂੜ੍ਹੀਆਂ ਵਾਲਾ ਸਾਹਿੱਤ ਹੀ ਰਚਿਆ ਰਿਹਾ ਹੈ। ਆਧੁਨਿਕ ਪੰਜਾਬੀ ਸਾਹਿੱਤ ਜਿਸ ਹੱਦ ਤਕ ਲੋਕ-ਰੂੜ੍ਹੀਆਂ ਤੋਂ ਦੂਰ ਹੈ, ਉਸ ਹੱਦ ਤਕ ਆਮ ਲੋਕ ਉਸ ਤੋਂ ਦੂਰ ਖਲੋਤੇ ਹਨ। ਪੰਜਾਬੀ 'ਫ਼ੋਕ' ਨੇ ਨਾ ਇਸ ਨੂੰ ਅਪਣਾਇਆ ਹੈ ਨਾ ਸਲਾਹਿਆ ਹੈ। ਇਸ ਨੂੰ ਪੜ੍ਹਨ ਵਾਲੀ ਵੀ ਇਕ ਵਿਸ਼ੇਸ਼ ਸ਼੍ਰੇਣੀ ਹੈ ਤੇ ਸਲਾਹੁਣ ਵਾਲੀ ਵੀ। ਇਸਦਾ ਕਾਰਣ ਲੋਕ-ਮਨ ਤੇ ਵਿਗਿਆਨੀ ਮਨ ਦਾ ਅੰਤਰ ਵੀ ਹੋ ਸਕਦਾ ਹੈ। ਲੋਕ-ਮਨ ਦਾ ਸਾਹਿੱਤ ਵਿਗਿਆਨੀ ਮਨ ਦੇ ਰਚੇ ਸਾਹਿੱਤ ਨਾਲੋਂ ਬਿਲਕੁਲ ਵੱਖਰਾ ਹੁੰਦਾ ਹੈ। ਦੋਹਾਂ ਦੇ ਆਪਣੇ ਵੱਖਰੇ ਦਾਇਰੇ ਹਨ। ਸਾਡੇ ਪੰਜਾਬੀ ਲੋਕ ਅਜੇ ਪਹਿਲੇ ਦਾਇਰੇ ਵਿਚ ਸਥਿਤ ਹਨ। ਉਨ੍ਹਾਂ ਦੇ ਜੀਵਨ ਦਾ ਸਾਰਾ ਸਫ਼ਰ ਇਸ ਪਹਿਲੇ ਲੋਕ-ਦਾਇਰੇ ਦੇ ਪ੍ਰਕਾਸ਼ ਵਿਚ ਫੈਲਿਆ ਹੋਇਆ ਹੈ। ਦੂਜੇ ਦਾਇਰੇ ਦਾ ਸਿਰਜਿਆ ਸਾਹਿੱਤ ਪਹਿਲੇ ਦਾਇਰੇ ਦੇ ਹੱਡ ਮਾਸ ਵਿਚ ਕਦੇ ਰਚ ਨਹੀਂ ਸਕਦਾ। ਸਾਡੇ ਪੰਜਾਬੀ ਜੀਵਨ ਦੀਆਂ ਵਾਸਤਵਿਕ ਰੂੜ੍ਹੀਆਂ ਤਾਂ ਲੋਕ-ਰੂੜ੍ਹੀਆਂ ਹਨ ਜਿਨ੍ਹਾਂ ਨੂੰ ਤ੍ਰਿਸਕਾਰ ਕੇ ਕਲਪਿਤ ਰੂੜ੍ਹੀਆਂ ਦੇ ਆਧਾਰ ਉਪਰ ਸਾਹਿੱਤ ਸਿਰਜਨਾ ਇਕ ਭੁਲ ਭੁਲਈਆਂ ਵਿਚ ਭਟਕਣਾ ਹੈ।

**(ਲ-87) ਲੋਕ-ਧਾਰਾ (ਫ਼ੋਕਲੋਰ) ਦਾ ਨਾਮਕਰਣ :**

ਲੋਕਧਾਰਾ ਦਾ ਇਕ ਵੱਖਰੇ ਡਿਸਿਪਲਨ ਦੇ ਰੂਪ ਵਿਚ ਅਧਿਐਨ 19ਵੀਂ ਸਦੀ ਵਿਚ ਆਰੰਭ ਹੋਇਆ, ਜਦੋਂ 1846 ਈਸਵੀ ਵਿਚ ਡਬਲੂ. ਜੇ. ਥਾਮਸਨ ਨੇ ਲੋਕ-ਸਭਿਆਚਾਰ ਦੇ ਸਾਰੇ ਪਰਪੰਚ ਲਈ 'ਫ਼ੋਕਲੋਰ' ਸ਼ਬਦ ਦੀ ਸਿਰਜਨਾ ਕੀਤੀ। ਪੰਜਾਬੀ ਵਿਚ ਇਸ ਡਿਸਿਪਲਨ ਦੇ ਅਧਿਐਨ ਦੀ ਪਿਰਤ ਬਦੇਸ਼ੀ ਪੁਰਾਤੱਤਵ-ਖੋਜੀਆਂ, ਮਾਨਵ-ਸ਼ਾਸਤਰੀਆਂ ਤੇ ਕੁਲ-ਵਿਗਿਆਨੀਆਂ ਨੇ ਪਾਈ, ਜਿਨ੍ਹਾਂ ਵਿਚੋਂ ਸਰ ਜਾਰਜ ਕਨਿੰਘਮ, ਸਰ ਰਿਚਰਡ ਟੈਂਪਲ, ਗਰੀਅਰਸਨ, ਇਬੇਟਸਨ, ਰੋਸ ਤੇ ਵਿਲੀਅਮ ਕਰੁਕ ਦੇ ਨਾਉਂ ਮਹੱਤਵਸ਼ੀਲ ਹਨ।

ਪੰਜਾਬੀ ਦਾ ਪਹਿਲਾ ਬੁਧੀਮਾਨ, ਜੋ ਲੋਕਧਾਰਾ ਵਲ ਰੁਚਿਤ ਹੋਇਆ, ਉਹ ਬਾਬਾ ਬੁਧ ਸਿੰਘ ਸੀ। ਉਨ੍ਹਾਂ ਦੀ ਕ੍ਰਿਤ 'ਰਾਜਾ ਰਸਾਲੂ' ਪੰਜਾਬ ਦੇ ਪ੍ਰਸਿਧ ਲੋਕ-ਨਾਇਕ ਨਾਲ ਸਬੰਧਤ ਦੰਦ-ਕਥਾਵਾਂ ਦਾ ਲੋਕਧਾਰਾਈ ਅਧਿਐਨ ਹੈ, ਜਿਸ ਵਿਚ ਤੱਥ ਤੇ ਮਿਥ ਨੂੰ ਨਿਖੇੜ ਕੇ ਸਮਝਣ ਦੀ ਚੇਸ਼ਟਾ ਕੀਤੀ ਗਈ ਹੈ। ਭਾਵੇਂ ਇਹ ਕ੍ਰਿਤ ਮੁਢਲਾ ਜਿਹਾ ਯਤਨ ਹੈ ਤੇ ਇਸ ਵਿਚ ਪੱਛਮੀ ਲੋਕਧਾਰਕਾਂ ਦੀ ਰਾਜੇ ਰਸਾਲੂ ਬਾਰੇ ਖੋਜ ਦੇ ਸਿੱਟਿਆਂ ਨੂੰ ਵਿਉਂਤਬੱਧ ਕੀਤਾ ਗਿਆ ਹੈ, ਪਰ ਪੰਜਾਬੀ ਵਿਚ ਇਹ ਪ੍ਰਥਮ ਕੰਮ ਹੈ ਤੇ ਅਨੇਕਾਂ ਤਰੁਟੀਆਂ ਦੇ ਬਾਵਜੂਦ ਵੀ ਸ਼ਲਾਘਾਯੋਗ ਹੈ।

'ਰਾਜਾ ਰਸਾਲੂ' ਵਿਚ ਬਾਬਾ ਬੁਧ ਸਿੰਘ ਨੇ ਫ਼ੋਕਲੋਰ ਸ਼ਬਦ ਦੀ ਵਰਤੋਂ ਤਿੰਨ ਵਾਰ ਕੀਤੀ ਹੈ, ਇਕ ਤਾਂ ਫ਼ੋਕਲੋਰ ਨੂੰ ਤਤਸਮ ਰੂਪ ਵਿਚ ਹੀ ਵਰਤ ਕੇ ਕੰਮ ਸਾਰ ਲਿਆ ਹੈ, ਪਰ ਦੂਜੀ ਤੇ ਤੀਜੀ ਵਾਰ ਫ਼ੋਕਲੋਰ ਦਾ ਪੰਜਾਬੀ ਅਨੁਵਾਦ 'ਕਹਾਣੀ' ਕੀਤਾ ਹੈ। ਉਨ੍ਹਾਂ ਤੋਂ ਬਾਅਦ ਪੰਜਾਬੀ ਸਾਹਿੱਤ ਦੇ ਇਤਿਹਾਸਾਂ ਵਿਚ ਵੀ ਕਿਧਰੇ ਕਿਧਰੇ ਫ਼ੋਕਲੋਰ ਸ਼ਬਦ ਦਾ ਪ੍ਰਯੋਗ ਕੀਤਾ ਮਿਲਦਾ ਹੈ। ਕਈ ਵਾਰ ਤਾਂ ਲੋਕ-ਗੀਤ ਨੂੰ ਫ਼ੋਕਲੋਰ ਦੇ ਪਰਿਆਇ ਵਜੋਂ ਵਰਤ ਲਿਆ ਗਿਆ ਹੈ। ਸ਼ਬਦ ਰਚਨਾ ਬਾਰੇ ਉਸ ਸਮੇਂ ਦੇ ਆਪਣੇ ਬੰਧਨ ਤੇ ਕਠਨਾਈਆਂ ਸਨ।

1950 ਵਿਚ ਜਦੋਂ ਮੈਂ 'ਫ਼ੋਕਲੋਰ' ਨੂੰ ਆਪਣੇ ਅਧਿਐਨ ਦਾ ਖੇਤਰ ਚੁਣਿਆ ਤਾਂ ਅਨੇਕਾਂ ਸਮੱਸਿਆਵਾਂ ਦੇ ਨਾਲ ਇਕ ਸਮੱਸਿਆ 'ਫ਼ੋਕਲੋਰ' ਦੇ ਪੰਜਾਬੀ ਪਰਿਆਇ ਦੀ ਉਤਪੰਨ ਹੋਈ। ਫ਼ੋਕਲੋਰ ਦੇ ਸਾਰੇ ਡਿਸਿਪਲਨ ਨੂੰ ਵਿਚਾਰਨ ਤੇ ਉਸ ਦੇ ਬਹੁ-ਬਿਧ ਰੂਪਾਂ ਤੇ ਚਰਿਤ੍ਰ ਨੂੰ ਸਮਝਣ ਮਗਰੋਂ ਮੈਂ 'ਲੋਕ-ਧਾਰਾ' ਦਾ ਸ਼ਬਦ ਸਿਰਜਿਆ। ਉਦੋਂ ਫ਼ੋਕਲੋਰ ਦੇ ਤਿੰਨ ਵਿਸ਼ੇਸ਼ ਤੱਤ ਮੇਰੀ ਦ੍ਰਿਸ਼ਟੀਗੋਚਰ ਸਨ—ਲੋਕ-ਸਭਿਆਚਾਰ, ਪਰੰਪਰਾ ਤੇ ਲੋਕ-ਮਨ। ਫ਼ੋਕਲੋਰ ਲੋਕਾਂ ਦੀ ਸਾਮਗਰੀ ਹੈ, ਲੋਕ-ਮਨ ਦੀ ਅਭਿਵਿਅਕਤੀ ਹੈ ਤੇ ਇਸ ਦਾ ਨਿਰਮਾਣ ਲੋਕਾਂ ਦੀ ਸਾਮੂਹਿਕ ਚੇਤਨਾ ਤੋਂ ਹੋਇਆ, ਇਸ ਲਈ 'ਲੋਕ' ਸ਼ਬਦ ਨੂੰ ਨਵਾਂ ਪਦ ਘੜਨ ਲਈ ਇਕ ਜੁਜ਼ ਬਨਾਉਣਾ ਜ਼ਰੂਰੀ ਸੀ। 'ਧਾਰਾ' ਸ਼ਬਦ ਮੈਨੂੰ ਲੋਕ-ਮਨ ਅਤੇ ਪਰੰਪਰਾ ਦੇ ਅਸੀਮ ਪ੍ਰਵਾਹ ਦਾ ਬੋਧਿਕ ਜਾਪਿਆ। ਹਰ ਧਾਰਾ ਪਿਛੇ ਇਕ ਲੰਮਾ ਇਤਿਹਾਸ ਅਤੇ ਪਰੰਪਰਾ ਦਾ ਪਾਸਾਰ ਹੈ। ਯੁਗਾਂ ਦੀ ਯਾਤਰਾ ਹੈ, ਜੋ ਆਪਣੇ ਨਾਲ ਜੀਵਨ ਦੀ ਹਰ ਜੀਵੰਤ ਸਾਮਗਰੀ ਸਮੇਟਦੀ ਜਾ ਰਹੀ ਹੈ। ਇਕ ਜਗਦੀ ਜੋਤ, ਜੋ ਕਦੇ ਵਿਸਮਦੀ ਨਹੀਂ।

'ਧਾਰਾ' ਦਾ ਇਹੋ ਸੰਕਲਪ ਮੇਰੇ ਮਨ ਵਿਚ ਸੀ। ਦੂਜਾ, ਲੋਕ-ਮਨ ਵੀ ਆਦਿ ਕਾਲ ਤੋਂ ਇਕ ਬਲਵਾਨ ਧਾਰਾ ਦੇ ਰੂਪ ਵਿਚ ਲੋਕਾਂ ਵਿਚ ਪ੍ਰਵਾਹਿਤ ਰਿਹਾ ਹੈ। ਤੀਜਾ, ਫ਼ੋਕਲੋਰ ਜੀਵਨ ਦਾ ਸਹਿਜ ਪਰਪੰਚ ਹੈ ਤੇ ਅਚੇਤ ਰੂਪ ਵਿਚ ਜੀਵਨ ਵਿਚ ਰਚਿਆ ਹੁੰਦਾ ਹੈ, ਇਸ ਨੂੰ ਗ੍ਰਹਿਣ ਕਰਨ ਦੇ ਕਦੇ ਕਿਸੇ ਉਚੇਚੇ ਯਤਨ ਨਹੀਂ ਕੀਤੇ। ਇਹ ਸੁਭਾਵ ਵੀ 'ਧਾਰਾ' ਵਲ ਸੰਕੇਤ ਕਰਦਾ ਹੈ। ਚੌਥਾ, ਧਾਰਾ ਵਿਚ ਆਪਣੇ ਆਪ ਕੁਝ ਰਚਦਾ ਕੁਝ ਵਿਛੁੰਨ ਹੁੰਦਾ ਰਹਿੰਦਾ ਹੈ, ਇਹ ਇਕ ਥਾਂ ਤੋਂ ਦੂਜੀ ਥਾਂ ਉਤੇ ਮੂਲ ਰੂਪ ਵਿਚ ਹੁੰਦਿਆਂ ਵੀ ਵੱਖ ਹੈ। ਉਹ ਵੀ ਹੈ ਤੇ ਕੁਝ ਹੋਰ ਵੀ ਹੈ। ਇਹੋ ਪ੍ਰਵਿਰਤੀ ਫ਼ੋਕਲੋਰ ਦੀ ਹੈ। ਇਕ ਮੂੰਹ ਤੋਂ ਦੂਜੇ ਮੂੰਹ ਤਕ, ਪੀੜ੍ਹੀ ਦਰ ਪੀੜ੍ਹੀ, ਇਹ ਉਹ ਵੀ ਰਹਿੰਦਾ ਹੈ ਤੇ ਹੋਰ ਵੀ ਹੁੰਦਾ ਜਾਂਦਾ ਹੈ। ਪੰਜਵਾਂ, ਫ਼ੋਕਲੋਰ ਪਰੰਪਰਾ ਤੋਂ ਯਾਤਰਾ ਕਰਦਾ ਅੱਜ ਦੇ ਜੀਵਨ ਵਿਚ ਵਿਲੀਨ ਹੋਇਆ ਨਵੀਨ ਵੀ ਰਹਿੰਦਾ ਹੈ ਤੇ ਪ੍ਰਾਚੀਨ ਵੀ। ਨਾ ਇਹ ਨਵਾਂ ਹੈ ਨਾ ਪੁਰਾਣਾ। ਨਾ ਇਹਦਾ ਮੁੱਢਲਾ ਬਿੰਦੂ ਲੱਭਿਆ ਜਾ ਸਕਦਾ ਹੈ ਤੇ ਨਾ ਕਿਧਰੇ ਅੰਤ ਸਿਥਿਆ ਜਾ ਸਕਦਾ ਹੈ। ਹਰ ਧਾਰਾ ਦਾ ਵੀ ਇਹੋ ਚਰਿਤ੍ਰ ਹੈ, ਵਹਿਣ ਵਿਚ ਪਈ ਸਾਮਗਰੀ ਨਾ ਕਦੇ ਪੁਰਾਣੀ ਹੁੰਦੀ ਹੈ ਤੇ ਨਾ ਨਵੀਂ ਰਹਿੰਦੀ ਹੈ। ਫਿਰ ਹਰ ਧਾਰਾ ਆਪਣੇ ਆਪ ਵਿਚ ਇਕ ਪਰੰਪਰਾ ਹੈ। ਇਨ੍ਹਾਂ ਗੱਲਾਂ ਨੂੰ ਮੁਖ ਰਖਦਿਆਂ ਫ਼ੋਕਲੋਰ ਵਾਸਤੇ ਲੋਕਧਾਰਾ ਸ਼ਬਦ ਮੈਨੂੰ ਜਚਿਆ ਅਤੇ ਮੈਂ 1950 ਤੋਂ ਇਕ ਰਸ ਇਸ ਦੀ ਵਰਤੋਂ ਕਰਦਾ ਆ ਰਿਹਾ ਹਾਂ। ਇਹ ਸ਼ਬਦ ਮੇਰੀ ਫ਼ੋਕਲੋਰ ਲਈ ਅਟੁੱਟ ਲਗਨ ਤੇ ਵਰ੍ਹਿਆਂ ਦੀ ਸਾਧਨਾ ਵਿਚੋਂ ਅਚੇਤ ਉਭਰਿਆ ਹੈ, ਮੈਂ ਸਿਰਜਿਆ ਨਹੀਂ। ਤੇ ਇਹੋ ਸ਼ਬਦ ਹਮੇਸ਼ਾਂ ਮੇਰੀ ਫ਼ੋਕਲੋਰ ਚੇਤਨਾ ਦਾ ਅਨਿਖੜ ਅੰਗ ਰਿਹਾ ਹੈ। ਇਸ ਸ਼ਬਦ ਦਾ ਪ੍ਰਯੋਗ ਸਮੇਂ ਸਮੇਂ ਕੁਝ ਹੋਰ ਵਿਦਵਾਨਾਂ ਨੇ ਵੀ ਕੀਤਾ ਤੇ ਕਰ ਰਹੇ ਹਨ।

ਫ਼ੋਕਲੋਰ ਲਈ ਕੁਝ ਹੋਰ ਪਦ ਵੀ ਘੜੇ ਤੇ ਵਰਤੇ ਗਏ ਹਨ, ਜਿਨ੍ਹਾਂ ਵਿਚੋਂ 'ਲੋਕਯਾਨ' ਕਾਫ਼ੀ ਮਕਬੂਲ ਹੋਇਆ ਹੈ। ਇਸ ਸ਼ਬਦ ਦੀ ਸਿਰਜਨਾ ਡਾ: ਐਸ. ਕੇ. ਚੈਟਰਜੀ ਨੇ ਕੀਤੀ ਤੇ ਡਾ: ਕਰਨੈਲ ਸਿੰਘ ਥਿੰਦ ਨੇ ਆਪਣੇ ਖੋਜ ਨਿਬੰਧ 'ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿੱਤ' ਵਿਚ ਇਸ ਨੂੰ ਇਕ ਰਸ ਵਰਤਿਆ। ਡਾ: ਥਿੰਦ ਦੀ ਲੋਕਯਾਨ ਪ੍ਰਤੀ ਦੇਣ ਵਡਮੁੱਲੀ ਹੈ ਅਤੇ ਉਨ੍ਹਾਂ ਨੇ ਲੋਕਯਾਨਿਕ ਅਧਿਐਨ ਨੂੰ ਇਕ ਪਛਾਣ ਦਿਤੀ ਹੈ। ਪਾਕਿਸਤਾਨ ਵਿਚ 'ਫ਼ੋਕਲੋਰ' ਲਈ ਲੋਕ-ਵਿਰਸਾ ਸ਼ਬਦ ਵਰਤਿਆ ਜਾਂਦਾ ਹੈ। ਫ਼ੋਕਲੋਰ ਲਈ ਹਰ ਨਵੇਂ ਸਿਰਜੇ ਸਮਾਨਾਰਥੀ ਸ਼ਬਦ ਦੇ ਕੁਝ ਵਸਫ਼ ਹਨ ਤੇ ਕੁਝ ਊਣਤਾਈਆਂ ਵੀ। ਇਸ ਤਰ੍ਹਾਂ ਦਾ ਘੜਿਆ ਸ਼ਬਦ ਕੋਈ ਵੀ ਪਰੀਪੂਰਨ ਨਹੀਂ ਹੋ ਸਕਦਾ। ਇਸ ਲਈ, ਮੇਰੇ ਵਿਚਾਰ ਵਿਚ ਫ਼ੋਕਲੋਰ ਦੇ ਨਾਮਕਰਣ ਨੂੰ ਬਹੁਤੀ ਅਹਿਮਿਅਤ ਨਹੀਂ ਦੇਣੀ ਚਾਹੀਦੀ। ਪੰਜਾਬੀ ਨੇ ਦੇਸੀ, ਵੈਦਿਕ, ਫ਼ਾਰਸੀ, ਅਰਬੀ ਤੇ ਅੰਗਰੇਜ਼ੀ ਆਦਿ ਕਈ ਪਰੰਪਰਾਵਾਂ ਤੋਂ ਸ਼ਬਦ ਅਪਣਾਏ ਹਨ ਅਤੇ ਪੰਜਾਬੀ ਵਿਚ ਇਕੋ ਭਾਵ ਨੂੰ ਵਿਅਕਤ ਕਰਨ ਲਈ ਦੋ ਤਿੰਨ ਸ਼ਬਦ ਆਮ ਮਿਲ ਜਾਂਦੇ ਹਨ, ਜਿਵੇਂ 'ਮੀਂਹ' ਲਈ ਵਰਖਾ, ਬਰਸਾਤ, ਵਾਛੜ ਆਦਿ। ਇਸ ਵਾਸਤੇ ਫ਼ੋਕਲੋਰ ਲਈ ਵੀ ਦੋਵੇਂ ਸ਼ਬਦ 'ਲੋਕਧਾਰਾ' ਤੇ 'ਲੋਕਯਾਨ' ਅਪਣਾ ਕੇ ਨਾਮਕਰਣ ਦੀ ਰਸਮ ਹੁਣ ਤਿਆਗ ਦੇਣੀ ਚਾਹੀਦੀ ਹੈ। ਸਮੇਂ ਬਾਅਦ ਆਪਣੇ ਆਪ ਕੋਈ ਇਕ ਸ਼ਬਦ ਉਭਰ ਕੇ ਤੇ ਨਿਖਰ ਕੇ ਸਾਹਮਣੇ ਆ ਜਾਵੇਗਾ।

### (ਲ-88) ਲੋਕ-ਧਾਰਾ ਦੀ ਦੇਣ :

ਲੋਕਧਾਰਾ ਮਨੁਖ ਦੇ ਜੀਵਨ, ਸਾਹਿੱਤ ਕਲਾ ਤੇ ਧਰਮ ਵਿਚ ਇਕ ਗਤੀਸ਼ੀਲ ਪ੍ਰਵਾਹ ਵਾਂਗ ਸਮਾਈ ਹੋਈ ਹੈ। ਜੀਵਨ ਦੇ ਵਿਕਾਸ ਵਿਚ ਲੋਕ-ਧਾਰਾ ਨੇ ਭਰਪੂਰ ਤੇ ਮਹੱਤਵਪੂਰਣ ਹਿੱਸਾ ਪਾਇਆ ਹੈ। ਕਲਾ, ਸਾਹਿੱਤ, ਨ੍ਰਿਤ, ਨਾਟ, ਧਰਮ, ਵਿਗਿਆਨ ਆਦਿ ਸਭ ਡਿਸਿਪਲਨ ਲੋਕਧਾਰਾ ਦੀਆਂ ਰੂੜ੍ਹੀਆਂ ਤੋਂ ਉਭਰੇ ਤੇ ਵਿਗਸਿਤ ਹੋਏ ਹਨ। ਲੋਕ-ਧਾਰਾ ਇਕ ਚੂਲ ਹੈ, ਜਿਸ ਦੇ ਦੁਆਲੇ ਮਨੁਖੀ ਜੀਵਨ ਘੁੰਮਦਾ, ਰੇੜਕੇ ਪਿਆ, ਜ਼ਿੰਦਗੀ ਵਿਚੋਂ ਰਹੱਸ ਨਿਤਾਰਦਾ ਰਿਹਾ ਹੈ।

ਲੋਕਧਾਰਾ ਨੇ ਇਕ ਕ੍ਰਿਆਸ਼ੀਲ ਸ਼ਕਤੀ ਦੇ ਰੂਪ ਵਿਚ, ਬਾਲ ਮਨੁਖ ਦੀ ਉਂਗਲ ਫੜ ਕੇ, ਉਸ ਨੂੰ ਯੁਵਾਵਸਥਾ ਤਕ ਪਹੁੰਚਾਇਆ। ਜਦੋਂ ਬਾਲ ਛੋਟਾ ਹੁੰਦਾ ਹੈ ਤਾਂ ਕਿਸੇ ਦਾ ਆਸਰਾ ਲੈ ਕੇ ਜੀਵਨ ਦੀਆਂ ਕਈ ਔਖੀਆਂ ਘਾਟੀਆਂ ਚੜ੍ਹਦਾ ਤੇ ਮੰਜ਼ਲਾਂ ਤੈਅ ਕਰਦਾ ਹੈ, ਪਰ ਜਦੋਂ ਉਸ ਦਾ ਬੌਧਿਕ ਤੇ ਮਾਨਸਿਕ ਵਿਕਾਸ ਹੋ ਜਾਂਦਾ ਹੈ ਤਾਂ ਫਿਰ ਉਸ ਨੂੰ ਕਿਸੇ ਸਹਾਰੇ ਤੇ ਟੇਕ ਦੀ ਲੋੜ ਨਹੀਂ ਰਹਿੰਦੀ। ਬਿਲਕੁਲ ਇਸੇ ਤਰ੍ਹਾਂ ਮਨੁਖ ਨੇ ਆਪਣੇ ਬਚਪਨੇ ਤੇ ਬਾਲ ਅਵਸਥਾ ਵਿਚ ਲੋਕਧਾਰਾ ਦੀ ਉਂਗਲੀ ਫੜ ਕੇ ਮੁਢਲੀਆਂ ਦੁਰਗਮ ਘਾਟੀਆਂ ਤੈਅ ਕੀਤੀਆਂ ਹਨ ਤੇ ਹੁਣ ਜਵਾਨ ਹੋ ਜਾਣ ਉਤੇ ਉਹ ਇਹ ਟੇਕ ਛੱਡ ਰਿਹਾ ਹੈ। ਪਰ ਲੋਕ-ਧਾਰਾ ਉਸ ਦੇ ਜੀਵਨ ਦਾ ਅਜਿਹਾ ਸਾਜ਼ ਬਣ ਚੁਕੀ ਹੈ, ਜਿਸ ਦੇ ਬਿਨਾਂ ਮਨੁਖੀ ਜ਼ਿੰਦਗੀ ਦਾ ਗੀਤ ਬੇ-ਸੁਰਾ ਹੋਣ ਦਾ ਡਰ ਹੈ।

ਲੋਕਧਾਰਾ ਸਾਡੀ ਸਾਰੀ ਸੋਚ, ਕਲਾ, ਸਾਹਿੱਤ ਤੇ ਚਿੰਤਨ ਦੀਆਂ ਰੂੜ੍ਹੀਆਂ ਹਨ। ਧਰਮ ਦੇ ਅਨੇਕਾਂ ਸਿਧਾਂਤ ਤੇ ਰੀਤਾਂ ਲੋਕਧਾਰਾ ਦੀਆਂ ਰੂੜ੍ਹੀਆਂ ਵਿਚੋਂ ਹੀ ਵਿਗਸੀਆਂ ਹਨ। ਕਲਾ ਦੇ ਮੁੱਢਲੇ ਪੈਟਰਨਾਂ ਦੀ ਜਨਮ-ਦਾਤ੍ਰੀ ਲੋਕਧਾਰਾ

ਹੈ। ਸਾਹਿੱਤ ਦੇ ਵਿਭਿੰਨ ਰੂਪ ਮੁਢਲੀਆਂ ਕਾਵਿ ਸ਼ੈਲੀਆਂ, ਕਾਵਿ ਦੇ ਬੁਨਿਆਦੀ ਤੱਤ—ਲੈਅ, ਤਾਲ, ਛੰਦ ਤੇ ਅਲੰਕਾਰ ਆਦਿ ਸਭ ਲੋਕਧਾਰਾ ਵਿਚੋਂ ਹੀ ਨਿੰਮੇ ਹਨ। ਮੁਢਲੇ ਨ੍ਰਿਤ ਤੇ ਨਾਟ ਲੋਕਧਾਰਾ ਦੀਆਂ ਕੁਝ ਰਹੁ-ਰੀਤੀਆਂ ਦਾ ਹੀ ਕਲਾਤਮਿਕ ਸਰੂਪ ਹਨ। ਸ਼ਿਲਪ-ਕਲਾ, ਮੂਰਤੀ-ਕਲਾ ਤੇ ਬੁਤਘਾੜੀ ਦਾ ਉਦੈ ਵੀ ਲੋਕਧਾਰਾ ਦੀਆਂ ਰੀਤੀਆਂ ਤੋਂ ਹੋਇਆ। ਅਜੋਕੀ ਕਥਾ-ਕਹਾਣੀ ਦੀ ਵਡਿਕੀ 'ਮਿਥ' ਲੋਕਧਾਰਾ ਦੀ ਹੀ ਦਾਦੀ ਅੰਮਾਂ ਹੈ। ਲੋਕਧਾਰਾ ਦੀ ਅਮਿੱਟ ਛਾਪ ਜੀਵਨ ਦੀ ਹਰ ਕਲਾ ਵਸਤੂ ਤੇ ਵਿਦਿਆ ਉਤੇ ਰਹੀ ਹੈ, ਭਾਵੇਂ ਉਹ ਚਿਕਿਤਸਾ ਹੈ ਤੇ ਭਾਵੇਂ ਵਿਗਿਆਨ।

ਲੋਕਧਾਰਾ ਦਾ ਘੇਰਾ ਬੜਾ ਵਿਸ਼ਾਲ ਹੈ। ਮੁੱਠੀ ਭਰ ਭਰਮਾਂ ਵਹਿਮਾਂ ਰੀਤਾਂ ਮਨੌਤਾਂ ਤੇ ਰਵਾਇਤਾਂ ਨੂੰ ਹੀ ਲੋਕ-ਧਾਰਾ ਮੰਨ ਲੈਣਾ, ਇਸ ਅਖੁਟ ਕੋਸ਼ ਨਾਲ ਬੇਇਨਸਾਫ਼ੀ ਕਰਨਾ ਹੈ। ਲੋਕ-ਧਾਰਾ ਤਾਂ ਅਸੀਮ ਹੈ ਇਸ ਦਾ ਕਿਧਰੇ ਹੱਦਬੰਨਾ ਨਹੀਂ; ਇਹ ਅਥਾਹ ਅਨੰਤ ਭੰਡਾਰ ਹੈ।

ਕਾਵਿ ਦੇ ਜਨਮ ਤੇ ਵਿਕਾਸ ਵਿਚ ਲੋਕ-ਧਾਰਾ ਨੇ ਮਹੱਤਵਪੂਰਣ ਹਿੱਸਾ ਪਾਇਆ ਹੈ। ਕਾਵਿ ਦਾ ਵਜੂਦ ਲੋਕ-ਧਾਰਾ ਬਿਨਾਂ ਹੋਂਦ ਵਿਚ ਹੀ ਨਹੀਂ ਸੀ ਆ ਸਕਦਾ। ਮੁੱਢ ਵਿਚ ਕਾਵਿ, ਸ਼ੁਧ ਕਾਵਿ ਅਥਵਾ ਨਿਰਾ ਮਨੋਭਾਵਾਂ ਦਾ ਵਿਅਕਤ ਨਹੀਂ ਸੀ। ਸ਼ਬਦ ਨੂੰ ਪ੍ਰਾਣਧਾਰੀ ਮੰਨਿਆ ਜਾਂਦਾ ਸੀ ਤੇ ਕਵਿਤਾ ਉਨ੍ਹਾਂ ਦੀ ਸਹਿਜ-ਸ਼ਕਤੀ ਤੋਂ ਫਲ ਪ੍ਰਾਪਤੀ ਦਾ ਇਕ ਮਾਧਿਅਮ ਸੀ। ਸ਼ਬਦ ਸ਼ਕਤੀ ਨੂੰ ਕਾਵਿ ਦੀ ਕਲਾ ਦੁਆਰਾ ਪ੍ਰਜਵਲਤ ਕਰ ਕੇ ਕਿਸੇ ਸਿੱਧੀ ਲਈ ਵਰਤਿਆ ਜਾਂਦਾ ਸੀ। ਯੁਗ ਤੇ ਪਰਿਸਥਿਤੀਆਂ ਅਨੁਸਾਰ ਉਦੋਂ ਮਨੁੱਖ ਲਈ ਦੇਵੀ ਦੇਵਤਿਆਂ ਦੀ ਬਖ਼ਸ਼ਿਸ਼ ਦੁਆਰਾ ਭੋਇੰ ਤੋਂ ਫਲ ਤੇ ਤੀਵੀਂ ਤੋਂ ਔਲਾਦ ਹੀ ਵੱਡੀ ਪ੍ਰਾਪਤੀ ਸੀ ਤੇ ਕਾਵਿ ਇਸ ਪ੍ਰਾਪਤੀ ਦਾ ਸਾਧਨ ਮਾਤਰ ਸੀ। ਕਾਵਿ ਮੰਤ੍ਰ ਸਨ ਜਿਨ੍ਹਾਂ ਨਾਲ ਦੇਵਤਿਆਂ ਨੂੰ ਪਤਿਆਇਆ ਜਾਂਦਾ ਸੀ; ਕਾਵਿ ਸ਼ਬਦ ਸ਼ਕਤੀ ਦਾ ਟੂਣਾ ਸੀ ਜਿਸ ਨਾਲ ਮਨ-ਇੱਛਤ ਫਲ ਪ੍ਰਾਪਤ ਕੀਤੇ ਜਾ ਸਕਦੇ ਸਨ। ਕਾਵਿ ਦੀ ਸ਼ਕਤੀ, ਨਾਚ ਦੀ ਥਰਕਣ ਤੇ ਸੰਗੀਤ ਦੀਆਂ ਮਧੁਰ ਧੁਨੀਆਂ ਨਾਲ ਇਕਸੁਰ ਹੋ ਕੇ ਵਾਤਾਵਰਣ ਉਤੇ ਜਾਦੂ ਧੂੜ ਦੇਂਦੀ, ਮੀਂਹ ਵਰ੍ਹ ਪੈਂਦਾ, ਵਣ ਤ੍ਰਿਣ ਮੌਲ ਉਠਦਾ, ਤੀਵੀਆਂ ਨੂੰ ਗਰਭ ਠਹਿਰ ਜਾਂਦੇ ਅਤੇ ਬਲਾਵਾਂ ਨੱਸ ਜਾਂਦੀਆਂ ਸਨ। ਸੋ, ਕਾਵਿ ਕਾਮਨਾਵਾਂ ਦੀ ਸਿੱਧੀ ਦਾ ਮਾਧਿਅਮ ਸੀ। ਕਾਵਿ ਇਕ ਪੂਰਕ ਸੀ, ਪੂਰਤੀ ਨਹੀਂ।

ਲੈਅ ਤਾਲ ਕਾਵਿ ਦਾ ਇਕ ਬਲਵਾਨ ਤੱਤ ਹੈ; ਇਕ ਇਕਸੁਰਤਾ ਅਨੇਕਾਂ ਸੁਰਾਂ ਦਾ ਮਿਲ ਕੇ ਇਕ ਰਸ ਹੋਣਾ ਅਤੇ ਅਨੇਕਾਂ ਤੱਤਾਂ ਦਾ ਮਿਲ ਕੇ ਇਕ ਚਾਲ ਪ੍ਰਾਪਤ ਕਰਨਾ। ਆਦਿਮ-ਮਾਨਵ ਤ੍ਰਾਲ ਵਿਚ ਇਕ ਅਜਿਹੀ ਸ਼ਕਤੀ ਮੰਨਦਾ ਸੀ, ਜੋ ਬ੍ਰਹਿਮੰਡ ਨੂੰ ਗਤੀ ਦੇਂਦੀ ਹੈ; ਜੋ ਮਨੁੱਖ ਨੂੰ ਦੇਵ-ਸ਼ਕਤੀਆਂ ਨਾਲ ਜੋੜਦੀ ਹੈ। ਉਸ ਨੂੰ ਪ੍ਰਕ੍ਰਿਤੀ ਵਿਚ ਤਾਲ ਇਕ ਭਾਵਨਾ ਵਾਂਗ ਸਮਾਇਆ ਪ੍ਰਤੀਤ ਹੁੰਦਾ ਸੀ, ਇਸੇ ਨੂੰ ਉਹ ਪ੍ਰਕ੍ਰਿਤੀ ਦੀ ਧੜਕਣ ਤੇ ਜ਼ਿੰਦਗੀ ਦਾ ਰਹੱਸ ਸਮਝਦਾ ਸੀ।

ਪ੍ਰਕ੍ਰਿਤੀ ਦੀ ਇਸ ਅਥਾਹ ਸ਼ਕਤੀ ਨੂੰ ਜੀਵਨ ਪ੍ਰਵਾਹ ਵਿਚ ਰਚਾਣ ਲਈ ਅਥਵਾ ਲੈਅ ਤਾਲ ਦੀ ਪ੍ਰਾਣਧਾਰੀ ਸਕਤੀ ਨੂੰ ਮਨੋ-ਕਾਮਨਾ ਦੀ ਸਿੱਧੀ ਵਾਸਤੇ ਵਰਤਣ ਲਈ, ਲੋਕਧਾਰਾ ਨੇ ਕਾਵਿ ਦੇ ਸ਼ਬਦਾਂ ਵਿਚ ਲੈਅ ਦਾ ਸੰਚਾਰ ਕੀਤਾ। ਪ੍ਰਕ੍ਰਿਤੀ ਦੇ ਤਾਲਾਂ ਤੇ ਲੈਆਂ ਦਾ ਅਨੁਕਰਣ ਨਿਰਤ ਤੇ ਸੰਗੀਤ ਦੀਆਂ ਲੈਆਂ ਵਿਚ ਉਤਾਰਿਆ ਗਿਆ ਤੇ ਨਿਰਤ ਤੇ ਸੰਗੀਤ ਵਿਚੋਂ ਹੀ ਤਾਲ ਤੇ ਲੈਅ ਕਾਵਿ ਨੂੰ ਹੰਢਾਣੇ ਮਿਲੇ।

ਕਾਵਿ ਦੇ ਮੁੱਢਲੇ ਆਦਿਮ-ਤਾਲਾਂ ਤੇ ਲੈਆਂ ਨੇ ਸਹਿਜੇ ਸਹਿਜੇ ਵਿਗਸਿਤ ਹੋ ਕੇ ਛੰਦਾਂ ਦਾ ਰੂਪ ਧਾਰਨ ਕਰ ਲਿਆ। ਛੰਦਾਂ ਵਿਚ ਸ਼ਬਦਾਂ ਤੇ ਮਾਤਰਾਵਾਂ ਦੀ ਗਿਣਤੀ ਤੇ ਗਣ, ਲੈਅ ਤੇ ਤਾਲ ਦੇ ਬੋਧਿਕ ਹਨ। ਛੰਦਾਂ ਦੀਆਂ ਮਾਤਰਾਂ ਨੂੰ ਕਿਸੇ ਖ਼ਾਸ ਸੰਕਲਪ ਤੇ ਮਨੌਤ ਉਤੇ ਨਿਰਧਾਰਤ ਕੀਤਾ ਗਿਆ ਤੇ ਇਸ ਦਾ ਮੂਲ ਆਧਾਰ ਹਨ—ਸੰਖਿਆ ਰੂੜ੍ਹੀਆਂ। ਸੰਖਿਆ ਰੂੜ੍ਹੀਆਂ ਉਹ ਅੰਕ ਹਨ ਜਿਨ੍ਹਾਂ ਨਾਲ ਕਈ ਤਰ੍ਹਾਂ ਦੇ ਸੰਕਲਪ, ਵਿਚਾਰ ਤੇ ਭਾਵਨਾਵਾਂ ਜੁੜੀਆਂ ਹੋਈਆਂ ਹਨ। ਉਦਾਹਰਣ ਵਜੋਂ ਦੋਹਿਰਾ ਛੰਦ ਦੇ ਹਰ ਬੰਦ ਦੀਆਂ ਦੋ ਸੱਤਰਾਂ ਹਨ; ਹਰ ਸੱਤਰ ਵਿਚ 13 ਅਤੇ 11 ਮਾਤਰਾਂ ਉਤੇ ਬਿਸਰਾਮ ਹੁੰਦਾ ਹੈ। ਇਸ ਦੀਆਂ ਦੋ ਸੱਤਰਾਂ ਧਰਤੀ ਤੇ ਆਕਾਸ਼ ਦੇ ਦੋ ਅਸੀਮ ਪੁੜਾਂ ਦਾ ਬੋਧ ਕਰਾਉਂਦੀਆਂ ਹਨ ਅਤੇ 13 ਮਾਤਰਾਂ ਚਾਰ ਵੇਦ, ਛੇ ਸ਼ਾਸਤ੍ਰ ਸਿਮ੍ਰਿਤੀ, ਪੁਰਾਣ ਅਤੇ ਤੰਤ੍ਰ ਸ਼ਾਸਤਰ ਦਾ। ਸੰਗੀਤ ਦੇ ਤਾਲ ਵੀ 13 ਹਨ। ਗਿਆਰਾਂ ਮਾਤ੍ਰਾਂ ਸ਼ਿਵ ਦੀਆਂ ਬੋਧਿਕ ਹਨ, ਕਿਉਂ ਜੋ ਸ਼ਿਵ ਅਥਵਾ ਰੁਦ੍ਰ ਦੇ ਗਿਆਰਾਂ ਨਾਉਂ ਪ੍ਰਚਲਤ ਹਨ। ਸੋ, ਇਸ ਛੰਦ ਵਿਚ ਚਿੰਤਨ ਤੇ ਸੰਗੀਤ ਦੀ ਅਥਾਹ ਸ਼ਕਤੀ ਅਤੇ ਸ਼ਿਵ ਦਾ ਸੰਪੂਰਨ ਗੌਰਵ ਸੰਜਮ ਨਾਲ ਸਮਾਇਆ ਹੋਇਆ ਹੈ। ਲੋਕ-ਮਨ ਅਨੁਸਾਰ ਦੇਵੀ ਦੇਵਤਿਆਂ ਅਤੇ ਗ੍ਰੰਥਾਂ ਆਦਿ ਦੀ ਦੈਵੀ ਸ਼ਕਤੀ ਉਨ੍ਹਾਂ ਦੇ ਨਾਉਂ ਅਤੇ ਨਾਉਂ ਨਾਲ ਸੰਬੰਧਿਤ ਅੰਕਾਂ ਵਿਚ ਅੰਸ਼-ਮਾਤਰ ਸਮਾਈ ਰਹਿੰਦੀ ਸੀ। ਲਾਗਵੇਂ ਟੂਣੇ ਅਨੁਸਾਰ ਕਿਸੇ ਅੰਸ਼ ਤੋਂ ਅੰਸ਼ੀ ਤਕ ਸਹਿਜੇ ਹੀ ਪਹੁੰਚਿਆ ਜਾ ਸਕਦਾ ਸੀ। ਸੋ ਛੰਦ, ਪ੍ਰਾਣੀ ਵਿਚ ਕਿਸੇ ਦੈਵੀ ਸ਼ਕਤੀ ਦੇ ਸੰਚਾਰ ਦਾ ਮਾਧਿਅਮ ਸਨ।

ਇਸ ਤਰ੍ਹਾਂ ਦਾ ਕੋਈ ਭਾਵ ਛੰਦਾਂ ਦੀਆਂ ਮਾਤਰਾਂ ਨਿਸ਼ਚਿਤ ਕਰਨ ਸਮੇਂ, ਲੋਕ-ਮਨ ਦੇ ਸਾਹਮਣੇ ਸੀ।

ਇਸੇ ਤਰ੍ਹਾਂ ਚੌਪਈ ਦੇ ਚਾਰ ਚਰਨ, ਚਾਰ ਦਿਸ਼ਾਵਾਂ ਦਾ ਬੋਧ ਕਰਾਉਂਦੇ ਹਨ। ਚੌਪਈ ਦੀ ਹਰ ਸੱਤਰ ਵਿਚ ਅੱਠ ਤੇ ਸੱਤ ਮਾਤ੍ਰਾਂ ਉਤੇ ਬਿਸਰਾਮ ਹੁੰਦਾ ਹੈ। ਅੱਠ ਦੀ ਸੰਖਿਆ ਅਸ਼ਟ ਲੋਕ ਦੀ ਬੋਧਿਕ ਹੈ ਤੇ ਸੱਤ ਮਾਤ੍ਰਾਂ ਸੱਤ ਗ੍ਰਹਿਆਂ ਦੀਆਂ। ਅਸ਼ਟ ਲੋਕ ਇਸ ਪ੍ਰਕਾਰ ਹਨ: ਬ੍ਰਹਮ ਲੋਕ, ਚੰਦਰ ਲੋਕ, ਇੰਦਰ ਲੋਕ, ਪਿਤਰ ਲੋਕ, ਗੰਧਰਵ ਲੋਕ, ਯਖ ਲੋਕ, ਰਾਖਸ਼ ਲੋਕ, ਪਿਸ਼ਾਚ ਲੋਕ। ਸੋ ਸੰਖਿਆ ਰੂੜ੍ਹੀਆਂ ਦੀ ਪਿਠ-ਭੂਮੀ 'ਚ ਵਿਚਾਰਿਆਂ ਚੌਪਈ ਵਿਚ ਚੁਹਾਂ ਦਿਸ਼ਾਵਾਂ, ਦੀ ਅੱਠਾਂ ਲੋਕਾਂ ਤੇ ਸੱਤਾਂ ਗ੍ਰਹਿਆਂ ਦੀ ਆਤਮ-ਸ਼ਕਤੀ ਸਮਾਈ ਹੋਈ ਹੈ।

ਕੁਝ ਇਸੇ ਤਰ੍ਹਾਂ ਦੇ ਭਾਵ ਮੱਧ-ਕਾਲ ਵਿਚ ਮਾਤਰਾਂ ਦੀ ਗਿਣਤੀ ਤੇ ਛੰਦਾਂ ਦੇ ਚਰਨ ਨਿਸਚਿਤ ਕਰਨ ਲਗਿਆਂ ਅਚੇਤ ਜਾਂ ਸੁਚੇਤ ਰੂਪ ਵਿਚ ਲੋਕ-ਮਨ ਵਿਚ ਸਮਾਏ ਹੋਏ ਸਨ। ਕਾਵਿ ਮੰਤਰ ਸੀ ਤੇ ਇਸ ਦੇ ਛੰਦਾਂ ਦਾ ਮਨੋਰਥ ਮਨੋ-ਸਿੱਧੀ ਲਈ ਸ਼ਕਤੀ ਉਤਪੰਨ ਕਰਨਾ ਸੀ। ਭਾਵੇਂ ਹਰੇਕ ਛੰਦ ਦਾ ਮੂਲ ਉਪ੍ਰੋਕਤ ਭਾਂਤ ਦੀ ਕੋਈ ਧਾਰਨਾ ਨਹੀਂ ਮੰਨੀ ਜਾ ਸਕਦੀ, ਪਰ ਮੁੱਢ ਵਿਚ ਛੰਦਾਂ ਦੀਆਂ ਮਾਤ੍ਰਾਂ ਵਰਣਾਂ ਤੇ ਗੁਣਾਂ ਨੂੰ ਨਿਰਧਾਰਤ ਕਰਨ ਲੱਗਿਆਂ, ਲੋਕ-ਧਾਰਾ ਦਾ ਹੱਥ ਕਿਸੇ ਨਾ ਕਿਸੇ ਰੂਪ ਵਿਚ ਰਿਹਾ ਹੈ, ਖ਼ਾਸ ਤੌਰ ਤੇ ਸੰਖਿਆ ਰੂੜ੍ਹੀਆਂ ਦਾ।

ਲੋਕ-ਕਾਵਿ ਦੇ ਸਾਡੇ ਬਹੁਤੇ ਕਾਵਿ ਰੂਪਾਂ ਦਾ ਸਬੰਧ ਸੰਸਕਾਰ ਪ੍ਰਣਾਲੀ ਅਥਵਾ ਗੀਤਾਂ ਨਾਲ ਹੈ। ਪੰਜਾਬੀ ਦੇ ਬਹੁਤੇ ਕਾਵਿ-ਰੂਪ ਗੀਤ-ਮੁਖ ਸੁਰ ਹਨ, ਕਾਵਿ-ਸੁਰ ਨਹੀਂ। ਪਹਿਲਾਂ ਇਨ੍ਹਾਂ ਵਿਚ ਕਿਸੇ ਗੀਤ ਦੀ ਧੁਨੀ ਗੂੰਜੀ ਮਗਰੋਂ ਕਾਵਿ ਦੀ। ਸਾਡੇ ਕਾਵਿ-ਰੂਪ ਗੀਤਾਂ ਤੋਂ ਕਾਵਿ ਵਲ ਦੀ ਯਾਤ੍ਰਾ ਹਨ। ਪਹਿਲਿਆਂ ਵਿਚ, ਰਹੁ-ਰੀਤਾਂ ਕਿਸੇ ਕਾਮਨਾ ਦੀ ਸਿੱਧੀ ਲਈ ਕੀਤੀਆਂ ਜਾਂਦੀਆਂ ਸਨ; ਅਜਿਹੇ ਸਮੇਂ ਕਾਵਿ ਦੇ ਕੁਝ ਬੰਦਾਂ ਦਾ ਉੱਚਾਰਨ ਕੀਤਾ ਜਾਂਦਾ, ਜਿਸ ਦਾ ਭਾਵ ਰੀਤ ਨਾਲ ਇਕਸੁਰ ਹੁੰਦਾ ਸੀ। ਸੋ ਕਾਵਿ-ਰੂਪ ਗੀਤ-ਮੁਖ ਹੋ ਕੇ ਰਚੇ ਗਏ। ਅੱਜ ਵੀ ਵਿਆਹ ਸ਼ਾਦੀ ਦੀਆਂ ਅਨੇਕਾਂ ਰੀਤਾਂ ਸਮੇਂ ਸਵਾਣੀਆਂ ਉਸ ਰੀਤ ਨਾਲ ਸੰਬੰਧਿਤ ਗੌਣ ਅਲਾਪਦੀਆਂ ਹਨ। ਲਗਪਗ ਹਰ ਰੀਤ ਲਈ ਨਵੇਕਲੇ ਤੇ ਅਨੁਕੂਲ ਗੀਤ ਪ੍ਰਚਲਤ ਹਨ, ਜੋ ਰੀਤ ਦੀ ਭਾਵਨਾ ਨਾਲ ਇਕਸੁਰ ਹੁੰਦੇ ਹਨ। ਇਨ੍ਹਾਂ ਅਨੁਸ਼ਠਾਨਿਕ ਗੀਤਾਂ ਦੇ ਸਜੀਵ ਰੂਪ ਮਗਰੋਂ ਅਜਿਹੇ ਸੱਚੇ ਬਣ ਗਏ ਕਿ ਇਨ੍ਹਾਂ ਨੂੰ ਵਸ਼ਿਸ਼ਟ ਕਵੀਆਂ ਨੇ ਵੀ ਠੁਕ ਜਾਣ ਕੇ, ਆਪਣੇ ਭਾਵਾਂ ਨੂੰ ਪ੍ਰਗਟਾਣ ਲਈ ਵਰਤਣਾ ਸ਼ੁਰੂ ਕਰ ਦਿਤਾ। ਇਨ੍ਹਾਂ ਸੱਚਿਆਂ ਵਿਚ ਢਲੀ ਵਸਤੂ ਹੀ ਲੋਕਾਂ ਵਿਚ ਵਧੇਰੇ ਮਕਬੂਲ ਹੋਈ।

ਕਾਵਿ-ਰੂਪਾਂ ਦਾ ਉਦੇ ਹਮੇਸ਼ਾਂ ਹੀ ਲੋਕ-ਧਾਰਾ ਵਿਚੋਂ ਹੁੰਦਾ ਆਇਆ ਹੈ। ਕਵੀ ਲੋਕ-ਸੱਚਿਆਂ ਨੂੰ ਸਾਹਿੱਤਕ ਸੱਚਿਆਂ ਵਿਚ ਢਾਲ ਕੇ, ਉਨ੍ਹਾਂ ਦੀ ਮਹੱਤਤਾ ਸਵੀਕਾਰ ਕਰਦੇ ਰਹੇ ਹਨ। ਮੱਧਕਾਲੀ ਪੰਜਾਬੀ ਕਾਵਿ ਵਿਚ ਇਕ ਕਾਵਿ ਰੂਪ ਵੀ ਅਜਿਹਾ ਨਹੀਂ ਜਿਸ ਦੀ ਉਤਪਤੀ ਲੋਕ-ਧਾਰਾ ਵਿਚੋਂ ਨਾ ਹੋਈ ਹੋਵੇ। ਕੋਈ ਕਵੀ ਭਾਵੇਂ ਕਿਤਨਾ ਕਲਾਧਾਰੀ ਹੋਵੇ, ਉਹ ਕਿਸੇ ਲੋਕ-ਕਾਵਿ ਰੂਪ ਨੂੰ ਸੋਧ ਕੇ, ਉਸ ਨੂੰ ਕਿਸੇ ਵਧੇਰੇ ਠੁਕ ਸਾਹਿਤਕ ਰੂਪ ਵਿਚ ਤਾਂ ਢਾਲ ਸਕਦਾ ਹੈ, ਪਰ ਨਵਾਂ ਕਾਵਿ ਰੂਪ ਸਹਿਜੇ ਸਿਰਜ ਨਹੀਂ ਸਕਦਾ। ਨਵਾਂ ਕਾਵਿ-ਰੂਪ ਸਿਰਜਨਾ, ਨਵਾਂ ਮੁਹਾਵਰਾ ਸਿਰਜਨ ਵਾਂਗ ਸੌਖਾ ਨਹੀਂ। ਦੋਹਾਂ ਨੂੰ ਲੋਕ-ਸਮੂਹ ਨਿਤ ਦੇ ਜੀਵਨ ਰੇੜਕੇ ਤੇ ਰੀਤਾਂ ਦੇ ਗੇੜ ਵਿਚ ਸਹਿਜੇ ਸਿਰਜ ਲੈਂਦੇ ਹਨ। ਮੱਧਕਾਲ ਵਿਚ ਬੁਨਿਆਦੀ ਕਾਵਿ ਤਾਂ ਲੋਕ ਕਾਵਿ ਰਹੀ ਹੈ, ਸਾਹਿੱਤਕ ਕਾਵਿ ਤਾਂ ਸਦਾ ਉਸ ਦਾ ਅਨੁਕਰਣ ਕਰਦੀ ਰਹੀ ਹੈ। ਪੰਜਾਬੀ ਦੇ ਵਿਸ਼ਿਸ਼ਟ ਕਾਵਿ ਦੀਆਂ ਰਗਾਂ ਵਿਚ ਜੋ ਭਖਦਾ ਲਹੂ ਤੇ ਆਤਮ ਬਲ ਹੈ, ਉਹ ਸਭ ਲੋਕ-ਕਾਵਿ ਨੇ ਸਿੰਚਿਆ ਹੈ। ਬੁਨਿਆਦਾਂ ਲੋਕ-ਕਾਵਿ ਦੀਆਂ ਹਨ, ਪਸਾਰ ਕਲਾਧਾਰੀ ਕਵੀਆਂ ਨੇ ਦਿਤਾ।

ਲੋਕਧਾਰਾ ਦਾ ਅੰਸ਼ ਪੰਜਾਬੀ ਕਾਵਿ ਵਿਚ ਇਤਨੀ ਭਰਪੂਰਤਾ ਨਾਲ ਸਮਾਇਆ ਹੋਇਆ ਸੀ ਕਿ ਇਸ ਬਿਨਾਂ ਪੰਜਾਬੀ ਕਾਵਿ ਦੀ ਹੋਂਦ ਹੀ ਸਥਾਪਿਤ ਨਹੀਂ ਹੋ ਸਕਦੀ। ਮੱਧਕਾਲੀ ਕਾਵਿ ਦਾ ਚਰਿਤ੍ਰ ਲੋਕ-ਕਾਵਿ ਨਾਲ ਮਿਲਣਾ ਤਾਂ ਸੁਭਾਵਿਕ ਹੀ ਸੀ,ਆਧੁਨਿਕ ਵਿਚਾਰਾਂ ਨੂੰ ਵੀ ਕਈ ਕਵੀਆਂ ਨੇ ਲੋਕ-ਕਾਵਿ ਰੂਪਾਂ ਵਿਚ ਪੇਸ਼ ਕੀਤਾ ਹੈ।

ਪੰਜਾਬੀ ਦੇ ਲੋਕ-ਕਾਵਿ ਰੂਪਾਂ ਦਾ ਰਹੁ-ਰੀਤੀਆਂ ਨਾਲ ਸੰਬੰਧ ਦਰਸਾਣ ਲਈ ਇਥੇ ਕੇਵਲ ਦੋ ਉਦਾਹਰਣ ਦਿਤੇ ਜਾਂਦੇ ਹਨ। ਪੰਜਾਬੀ ਦੇ ਦੋ ਲੋਕ-ਕਾਵਿ 'ਮੁੰਦਾਵਣੀ' ਤੇ 'ਸੋਹਿਲਾ'। ਇਹ ਦੋਵੇਂ ਕਾਵਿ ਰੂਪ ਆਦਿ ਗ੍ਰੰਥ ਵਿਚ ਵਰਤੇ ਮਿਲਦੇ ਹਨ। ਆਦਿ ਗ੍ਰੰਥ ਵਿਚ ਦੋ ਮੁੰਦਾਵਣੀਆਂ ਹਨ; ਇਕ ਉਤੇ 'ਮੁੰਦਾਵਣੀ' ਦਾ ਸਿਰਲੇਖ ਨਹੀਂ ਪਰ ਮੂਲ ਰੂਪ ਉਹ ਮੁੰਦਾਵਣੀ ਹੀ ਹੈ। ਦੂਜੀ ਆਦਿ ਗ੍ਰੰਥ ਦੇ ਅੰਤ ਵਿਚ ਗੁਰੂ ਅਰਜਨ ਦੇਵ ਜੀ ਦੀ ਲਿਖੀ ਹੋਈ ਹੈ ਜੋ ਇਸ ਪ੍ਰਕਾਰ ਹੈ:

ਥਾਲ ਵਿਚਿ ਤਿੰਨਿ ਵਸਤੂ ਪਈਓ
ਸਤੁ ਸੰਤੋਖੁ ਵੀਚਾਰੋ।
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ
ਜਿਸ ਕਾ ਸਭਸੁ ਅਧਾਰੋ।
ਜੇ ਕੋ ਖਾਵੈ ਜੇ ਕੋ ਭੁੰਚੈ
ਤਿਸ ਕਾ ਹੋਇ ਉਧਾਰੋ
ਏਹ ਵਸਤੁ ਤਜੀ ਨਹ ਜਾਈ
ਨਿਤ ਨਿਤ ਰਖੁ ਉਰਿਧਾਰੋ

ਤਮ ਸੰਸਾਰੁ ਚਰਨਿ ਲਗਿ ਤਰੀਐ
ਸਭੁ ਨਾਨਕ ਬ੍ਰਹਮ ਪਸਾਰੋ ।
(ਮੁੰਦਾਵਣੀ ਮਹਲਾ ੫)

ਮੁੰਦਾਵਣੀ ਇਕ ਪੁਰਾਣੀ ਰੀਤ ਹੈ, ਜੋ ਜੰਞ ਦੇ ਰੋਟੀ ਖਾਣ ਸਮੇਂ ਪ੍ਰਚਲਤ ਸੀ ਤੇ ਕਿਧਰੇ ਕਿਧਰੇ ਅੱਜ ਵੀ ਸਜੀਵ ਹੈ । ਇਹ ਰੀਤ ਕਿਸੇ ਆਦਿਮ ਭਰਮ ਤੇ ਵਿਚਾਰ ਦੀ ਰਹਿੰਦ ਜਾਪਦੀ ਹੈ । ਪ੍ਰਾਚੀਨ ਕਾਲ ਵਿਚ ਵਿਆਹ ਸਮੇਂ ਜਦੋਂ ਜਾਂਞੀ ਪ੍ਰਸ਼ਾਦਿ ਛਕਣ ਲਈ ਬੈਠਦੇ ਸਨ ਤਾਂ ਦੁਸ਼ਮਣ ਕਬੀਲਿਆਂ ਵਾਲੇ ਖਾਣ ਦੇ ਪਦਾਰਥਾਂ ਨੂੰ ਮੰਤ੍ਰਾਂ ਨਾਲ ਬੰਨ੍ਹ (ਮੁੰਦ) ਦੇਂਦੇ ਸਨ ਅਤੇ ਜਦੋਂ ਤਕ ਜਾਂਞੀਆਂ ਨਾਲ ਆਏ ਓਝੇ ਜਾਂ ਸਾਓਰੀ ਮੰਤ੍ਰ ਪੜ੍ਹ ਕੇ ਖਾਣ ਦੇ ਪਦਾਰਥ ਨੂੰ ਮੰਤ੍ਰਾਂ ਦੇ ਮੰਦ-ਪ੍ਰਭਾਵ ਤੋਂ ਮੁਕਤ ਨਹੀਂ ਸਨ ਕਰ ਲੈਂਦੇ, ਉਦੋਂ ਤਕ ਉਹ ਖਾਣਾ ਵਰਜਿਤ ਹੁੰਦਾ ਸੀ । ਪੋਠੋਹਾਰ ਵਿਚ ਇਸ ਰੀਤ ਨੂੰ 'ਮੁੰਦਾਵਣੀ' ਕਹਿੰਦੇ ਹਨ । ਪੂਰਬੀ ਪੰਜਾਬ ਵਿਚ ਇਸ ਰੀਤ ਨੂੰ 'ਜੰਞ ਬੰਨ੍ਹਣੀ' ਕਹਿੰਦੇ ਹਨ । ਮਾਲਵੇ ਵਿਚ ਇਹ ਰੀਤ ਹੁਣ ਤਕ ਪ੍ਰਚਲਤ ਹੈ । ਕੰਨਿਆਂ ਪੱਖ ਦੀਆਂ ਕੁਝ ਤੀਵੀਆਂ ਕਾਵਿ ਦੁਆਰਾ ਭੋਜਨ ਬੰਨ੍ਹ ਦੇਂਦੀਆਂ ਹਨ ਤੇ ਵਰ ਪੱਖ ਵਾਲੇ ਕਾਵਿ ਦੇ ਬੰਦ ਪੜ੍ਹ ਕੇ ਭੋਜਨ ਖੋਲ੍ਹ ਕੇ ਫਿਰ ਖਾਂਦੇ ਹਨ । ਇਸ ਮੌਕੇ ਉਤੇ ਜੋ ਕਾਵਿ ਮੁੰਦਣ ਜਾਂ ਖੋਲ੍ਹਣ ਲਈ ਉਚਾਰੀ ਜਾਂਦੀ ਹੈ, ਉਸ ਨੂੰ 'ਮੁੰਦਾਵਣੀ' ਕਹਿੰਦੇ ਹਨ । ਮੁੰਦਾਵਣੀ ਦੇ ਕਾਵਿ-ਰੂਪ ਵਿਚ ਥਾਲ ਵਸਤੂ ਤੇ ਖਾਣ ਦੇ ਪਦਾਰਥਾਂ ਦਾ ਵਰਨਣ ਹੁੰਦਾ ਹੈ । ਇਸ ਕਾਵਿ-ਰੂਪ ਵਿਚ ਪਰੰਪਰਾਗਤ ਚਿੰਨ੍ਹਾਂ ਦੁਆਰਾ ਗੁਰੂ ਅਰਜਨ ਦੇਵ ਜੀ ਨੇ ਬੜੇ ਰਹੱਸਮਈ ਤੇ ਗੂੜ੍ਹ ਭਾਵ ਪ੍ਰਗਟ ਕੀਤੇ ਹਨ ।

ਦੂਜਾ ਕਾਵਿ-ਰਪ 'ਸੋਹਿਲਾ' ਬੱਚੇ ਦੇ ਜਨਮ ਵੇਲੇ ਦੀਆਂ ਰੀਤਾਂ ਸਮੇਂ ਗਾਇਆ ਜਾਂਦਾ ਹੈ । ਪਹਿਲਿਆਂ ਵਿਚ ਤਾਂ ਇਹ ਰੀਤ ਕਾਫ਼ੀ ਲੰਮੀ ਚੌੜੀ ਸੀ । ਲੋਕ-ਧਾਰਾ ਅਨੁਸਾਰ ਕੁਲ ਸੋਲਾਂ ਕਲਾਂ ਹਨ । ਸੋਲਾਂ ਕਲਾਂ ਸੰਪੂਰਨ ਬੱਚਾ ਪਰਮ ਜਾਂ ਦੈਵੀ ਮਨੁਖ ਮੰਨਿਆ ਜਾਂਦਾ ਹੈ । ਜਿਵੇਂ ਕ੍ਰਿਸ਼ਨ ਅਵਤਾਰ ਸੋਲਾਂ ਕਲਾਂ ਸੰਪੂਰਨ ਸੀ । ਚੰਦ੍ਰਮਾ ਵੀ ਅਮਾਵਸ ਤੋਂ ਲੈ ਕੇ ਪੂਰਨਮਾਸ਼ੀ ਤਕ ਸੋਲਾਂ ਕਲਾਂ ਪੂਰੀਆਂ ਕਰਦਾ ਹੈ। ਪਹਿਲਿਆਂ ਵਿਚ ਬੱਚੇ ਦੇ ਜਨਮ ਮਗਰੋਂ ਉਸ ਵਿਚ ਸੋਲਾਂ ਕਲਾਂ ਦੀ ਸ਼ਕਤੀ ਸੰਚਾਰਨ ਲਈ ਦੀਵੇ ਬਾਲ ਕੇ ਆਰਤੀ ਉਤਾਰੀ ਜਾਂਦੀ ਸੀ । ਪਹਿਲੇ ਦਿਨ ਥਾਲ ਵਿਚ ਇਕ ਦੀਵਾ ਧਰਿਆ ਜਾਂਦਾ ਸੀ, ਦੂਜੇ ਦਿਨ ਦੋ ਤੇ ਇਸ ਤਰ੍ਹਾਂ ਹਰ ਰੋਜ਼ ਆਰਤੀ ਉਤਾਰਨ ਵੇਲੇ ਇਕ ਦੀਵਾ ਵਧਾ ਦਿਤਾ ਜਾਂਦਾ ਸੀ ਤੇ ਜਦੋਂ ਸੋਲਾਂ ਦੀਵੇ ਪੂਰੇ ਹੋ ਜਾਂਦੇ ਸਨ ਤਾਂ ਇਸ ਮੌਕੇ ਉਤੇ 'ਸੋਹਿਲੇ' ਗਾਉਂਦੇ ਸਨ । ਕਈ ਇਕੋ ਦਿਨ ਹੀ ਆਰਤੀ ਉਤਾਰਦਿਆਂ ਹਰ ਪਰਕਰਮਾ ਵਿਚ ਇਕ ਇਕ ਦੀਵਾ ਵਧਾ ਕੇ, ਅਖ਼ੀਰ ਸੋਲਾਂ ਦੀਵਿਆਂ ਦੀ ਆਰਤੀ ਉਤਾਰਦੇ ਤੇ 'ਸੋਹਿਲੇ' ਗਾਉਂਦੇ ਸਨ । ਸੋਹਿਲੇ ਦਾ ਭਾਵ ਸੀ ਸੋਲਾਂ ਕਲਾਂ ਵਿਚ ਪਰਪੱਕ ਪਰਮ ਮਨੁਖ ਦਾ ਜਸ ਗਾਉਣਾ । ਸੋਲੇ ਤੋਂ ਭਾਵ ਉਹ ਰਚਨਾ ਹੈ, ਜਿਸ ਦੇ ਸੋਲਾਂ ਬੰਦ ਹੋਣ, ਪਰ ਸਾਡੇ ਕਾਵਿ ਵਿਚ ਸੋਹਿਲੇ ਤੇ ਸੋਲੇ ਇਕ ਦੂਜੇ ਵਿਚ ਇਉਂ ਰਚ ਗਏ ਹਨ ਕਿ ਨਿਖੇੜੇ ਨਹੀਂ ਜਾਂਦੇ । ਇਹੋ ਕਾਵਿ-ਰੂਪ ਗੁਰੂ ਗ੍ਰੰਥ ਸਾਹਿਬ ਵਿਚ ਬ੍ਰਹਿਮੰਡ ਦੀ ਉਤਪੱਤੀ ਤੇ ਪ੍ਰਭੂ ਦੀ ਕੀਰਤੀ ਦੇ ਸੰਬੰਧ ਵਿਚ ਵਰਤਿਆ ਗਿਆ ਹੈ । ਇਸੇ ਤਰ੍ਹਾਂ ਬਾਕੀ ਕਾਵਿ-ਰੂਪਾਂ ਨੇ ਵੀ ਲੋਕ-ਕਾਵਿ ਤੋਂ ਹੀ ਸਾਹਿੱਤਕ ਕਾਵਿ ਵਲ ਯਾਤ੍ਰਾ ਕੀਤੀ ।

ਸੁਹਜ ਦਾ ਇਕ ਤੱਤ, ਅਲੰਕਾਰ ਬੁਨਿਆਦੀ ਤੌਰ ਤੇ ਲੋਕ-ਧਾਰਾ ਦੀ ਵਸਤੂ ਹੈ ਤੇ ਇਸ ਦਾ ਆਧਾਰ ਲੋਕ-ਸੰਕਲਪ ਤੇ ਮਨੌਤਾਂ ਹਨ । ਅਲੰਕਾਰਾਂ ਦਾ ਉਦੈ ਆਦਿਮ ਮਾਨਵ ਦੀਆਂ ਕੁਝ ਮੁਢਲੀਆਂ ਪ੍ਰਵਿਰਤੀਆਂ ਤੋਂ ਹੋਇਆ । ਪਹਿਲੀ ਪ੍ਰਵਿਰਤੀ ਤਾਂ ਸਭ ਪਦਾਰਥਾਂ ਵਿਚ ਆਤਮ-ਤੱਤ ਮੰਨਣ ਦੀ ਸੀ । ਆਦਿਮ ਮਾਨਵ ਰੁੱਖਾਂ, ਬਿਰਖਾਂ, ਬੂਟਿਆਂ, ਨਦੀਆਂ, ਨਾਲਿਆਂ, ਚੰਨ, ਸੂਰਜ ਤੇ ਤਾਰਿਆਂ ਅਥਵਾ ਸਭ ਜੜ੍ਹ ਵਸਤੂਆਂ ਵਿਚ ਆਤਮ-ਤੱਤ ਦੀ ਹੋਂਦ ਮੰਨਦਾ ਸੀ ਤੇ ਉਨ੍ਹਾਂ ਨੂੰ ਆਪਣੇ ਵਾਂਙ ਹੀ ਚੇਤੰਨ ਸਮਝਦਾ ਸੀ । ਆਦਿਮ-ਮਾਨਵ ਆਪਣਾ 'ਨਿਜ' ਜੜ੍ਹ ਵਸਤੂ ਵਿਚ ਪਾਸਾਰ ਕੇ ਉਨ੍ਹਾਂ ਵਸਤਾਂ ਦਾ ਵੀ ਕੋਈ 'ਨਿਜ' ਮੰਨਦਾ ਸੀ । ਇਸ ਤਰ੍ਹਾਂ ਜੜ੍ਹ ਵਿਚ ਉਸ ਨੂੰ ਕੋਈ 'ਨਿਜ' ਪ੍ਰਤੀਤ ਹੁੰਦਾ ਤੇ ਇਹੋ ਨਿਜ ਜਦੋਂ ਕਿਸੇ ਵਸਤੂ ਨੂੰ ਪ੍ਰਦਾਨ ਕਰ ਦਿਤਾ ਜਾਵੇ ਤਾਂ ਅਲੰਕਾਰ ਅਥਵਾ ਮਿਥ ਜਨਮ ਲੈਂਦੀ ਹੈ ।

ਦੂਜੀ ਆਦਿਮ ਪ੍ਰਵਿਰਤੀ ਸੀ ਸਭ ਵਸਤੂਆਂ ਨੂੰ ਅਦਵੈਤ ਸਮਝਣਾ । ਜਦੋਂ ਬ੍ਰਹਿਮੰਡ ਦੇ ਹਰ ਕਣ ਅਥਵਾ ਜੜ੍ਹ ਵਿਚ ਆਤਮ-ਤੱਤ ਮੰਨ ਲਏ ਜਾਣ ਤੇ ਫਿਰ ਦਵੈਤ ਭਾਵ ਉਂਜ ਹੀ ਨਹੀਂ ਰਹਿੰਦਾ । ਸੂਰਜ ਜਦੋਂ ਆਦਿਮ ਮਾਨਵ ਨੂੰ ਇਕ ਦੇਵਤਾ ਲਗਦਾ ਸੀ ਤੇ ਪ੍ਰਕ੍ਰਿਤੀ ਸੁਖਦ ਤੇ ਸੁੰਦਰ ਦੇਵੀ, ਤਾਂ ਉਹ ਤੇਜਸਵੀ ਮਨੁਖ ਨੂੰ ਸਹਿਜ ਸੁਭਾ ਸੂਰਜ ਆਖ ਸਕਦਾ ਸੀ ਤੇ ਸੁੰਦਰ ਮੁਟਿਆਰ ਨੂੰ ਵੇਲ । ਆਦਿਮ ਮਾਨਵ ਦਾ ਵਿਸ਼ਵਾਸ ਸੀ ਕਿ ਪ੍ਰਕ੍ਰਿਤੀ ਦਾ ਆਤਮ-ਤੱਤ ਰੂਪ ਪਰਿਵਰਤਨ ਕਰਦਾ ਹੈ ਤੇ ਇੱਛਾ ਅਨੁਸਾਰ ਜੋ ਰੂਪ ਚਾਹੇ ਧਾਰਨ ਕਰ ਲੈਂਦਾ ਹੈ । ਇਸ ਲਈ ਚੇਤੰਨ ਜੀਵ ਦੀ ਜੜ੍ਹ ਪ੍ਰਕ੍ਰਿਤੀ ਨਾਲ ਤੁਲਨਾ ਦੇਣੀ ਆਦਿਮ ਮਨੁਖ ਲਈ ਸੁਭਾਵਿਕ ਗੱਲ ਸੀ । ਫਿਰ ਉਹ ਪ੍ਰਕ੍ਰਿਤੀ ਦੀ ਹਰ ਵਸਤੂ ਦੇ ਨਾਉਂ ਵਿਚ ਉਸ ਵਸਤੂ ਦੀ ਹੋਂਦ ਅੰਸ਼ ਰੂਪ ਵਿਚ ਮੰਨਦਾ ਸੀ । ਇਹ ਵਿਚਾਰ ਲਾਗਵੇਂ ਟੂਣੇ ਉਤੇ ਆਧਾਰਿਤ ਹੈ । ਇਸ ਲਈ ਨਾਉਂ ਦੇ ਅੰਸ਼ ਰਾਹੀਂ ਅੰਸ਼ੀ ਦਾ ਗੁਣ ਗ੍ਰਹਿਣ ਕਰਨ ਦੀ ਭਾਵਨਾ ਨੇ ਰੂਪਕਾਂ ਨੂੰ ਜਨਮ ਦਿਤਾ ।

ਅਲੰਕਾਰਾਂ ਵਿਚ ਲੋਕ-ਮਨ ਹੀ ਆਸਥਾ ਰੱਖ ਸਕਦਾ ਹੈ। ਅੱਜ ਇਕ ਬੁਧੀਵਾਨ ਜਿਨ੍ਹਾਂ ਅਲੰਕਾਰਾਂ ਦਾ ਆਨੰਦ ਕੇਵਲ ਉਨ੍ਹਾਂ ਵਿਚਲੀ ਅਦਭੁਤ ਕਲਪਨਾ ਅਤੇ ਰਸਿਕਤਾ ਸਦਕਾ ਮਾਣਦਾ ਹੈ, ਲੋਕ-ਮਨ ਕਦੇ ਉਹੀ ਆਨੰਦ ਉਨ੍ਹਾਂ ਵਿਚ ਆਸਥਾ ਕਾਰਨ ਮਾਣਦਾ ਸੀ। ਅਲੰਕਾਰ ਦੀ ਸਾਰੀ ਪ੍ਰਣਾਲੀ ਹੀ ਲੋਕ-ਧਾਰਾ ਦੇ ਖੇਤਰ ਦੀ ਚੀਜ਼ ਹੈ ਤੇ ਸਾਹਿੱਤ ਨੇ ਸੁਹਜ ਵਜੋਂ ਇਸ ਨੂੰ ਅਪਣਾ ਲਿਆ ਹੈ। ਮਾਨਵੀਕਰਣ ਵਿਚ ਤਾਂ ਕਿਸੇ ਵਸਤ ਨੂੰ ਆਤਮ-ਤੱਤ ਪ੍ਰਦਾਨ ਕੀਤਾ ਹੁੰਦਾ ਹੈ।

ਧਰਮ ਦੀ ਉਸਾਰੀ ਵੀ ਲੋਕ-ਧਾਰਾ ਦੀਆਂ ਬੁਨਿਆਦਾਂ ਉਤੇ ਹੋਈ। ਹਰ ਧਰਮ ਦੇ ਦਰਸ਼ਨ ਤੇ ਰਹੁ-ਰੀਤੀਆਂ ਵਿਚ ਅਨੇਕਾਂ ਅਜਿਹੀਆਂ ਰੂੜ੍ਹੀਆਂ ਦੇ ਤੱਤ ਮਿਲਦੇ ਹਨ ਜਿਨ੍ਹਾਂ ਦਾ ਆਧਾਰ ਲੋਕ-ਧਾਰਾ ਹੈ। ਲੋਕ-ਧਾਰਾ ਦਾ ਇਕ ਪ੍ਰਸਿੱਧ ਤੱਤ ਜਾਦੂ-ਟੂਣਾ ਹੈ। ਧਰਮ ਦਾ ਸੰਕਲਪ ਉਪਜਿਆ ਹੀ ਜਾਦੂ ਟੂਣੇ ਤੋਂ ਹੈ। ਆਦਿਮ ਮਨੁੱਖ ਮੁਢਲੀ ਅਵਸਥਾ ਵਿਚ ਪ੍ਰਕ੍ਰਿਤੀ ਉਤੇ ਕਾਬੂ ਪਾਉਣ ਲਈ ਜੋ ਜਾਦੂ-ਟੂਣੇ ਤੇ ਕਰਮ-ਕਾਂਡ ਕਰਦਾ ਰਿਹਾ, ਉਨ੍ਹਾਂ ਵਿਚੋਂ ਕੁਝ ਮਗਰੋਂ ਰੀਤਾਂ-ਰਸਮਾਂ ਦਾ ਰੂਪ ਧਾਰ ਕੇ, ਧਾਰਮਿਕ ਤੇ ਸਮਾਜਿਕ ਜੀਵਨ ਦਾ ਅੰਗ ਬਣ ਗਏ। ਟੂਣਾ ਚਿੰਤਨ ਦੋ ਸਿਧਾਂਤਾਂ ਉਤੇ ਆਧਾਰਤ ਸੀ। ਇਕ ਇਹ ਕਿ ਅਨੁਕਰਣ ਦੁਆਰਾ ਮਨ-ਇੱਛਤ ਫਲ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਦੂਜਾ ਅੰਸ਼ ਦੁਆਰਾ ਅੰਸ਼ੀ ਤਕ ਪਹੁੰਚਿਆ ਅਥਵਾ ਉਸ ਉਤੇ ਪ੍ਰਭਾਵ ਪਾਇਆ ਜਾ ਸਕਦਾ ਹੈ। ਇਹ ਦੋਵੇਂ ਸਿਧਾਂਤ ਲੋਕ-ਧਾਰਾ ਦੀਆਂ ਕਈ ਮਨੌਤਾਂ, ਸੰਕਲਪਾਂ ਤੇ ਭਰਮਾਂ ਦੀ ਬੁਨਿਆਦ ਹਨ।

ਭਗਤੀ ਲਹਿਰ ਦੇ ਦੋ ਮੂਲ ਸਿਧਾਂਤ (ੳ) ਨਾਮ ਦੁਆਰਾ ਨਾਮੀ (ਪਰਮਾਤਮਾ) ਵਿਚ ਲੀਨ ਹੋਣਾ ਅਤੇ (ਅ) ਜੀਵ ਦਾ ਆਪਣੇ ਅੰਦਰ ਦੀ ਆਤਮਕ ਜੋਤ (ਆਤਮਾ ਦੀ ਅੰਸ਼) ਦੁਆਰਾ ਸਾਰੇ ਬ੍ਰਹਿਮੰਡ ਦੀ ਪਰਮ ਜੋਤ (ਅੰਸ਼ੀ) ਵਿਚ ਸਮਾ ਕੇ ਮੁਕਤ ਹੋਣ ਦਾ ਸਿਧਾਂਤ, ਮੂਲ ਵਿਚ ਲੋਕਧਾਰਾਈ ਹੀ ਹੈ। ਇਹ ਦੋਵੇਂ ਸਿਧਾਂਤ ਜਾਦੂ ਦੇ ਲਾਗਵੇਂ ਟੂਣੇ ਦੇ ਸਿਧਾਂਤ ਉਤੇ ਆਧਾਰਿਤ ਹਨ, ਜਿਸ ਅਨੁਸਾਰ ਨਾਮ ਤੋਂ ਨਾਮੀ ਤਕ ਅਤੇ ਅੰਸ਼ ਤੋਂ ਅੰਸ਼ੀ ਤਕ ਪਹੁੰਚਿਆ ਜਾ ਸਕਦਾ ਹੈ। ਭਗਤੀ ਲਹਿਰ ਦਾ ਇਹੋ ਸੰਕਲਪ ਗੁਰਮਤਿ ਦਾ ਵੀ ਬੁਨਿਆਦੀ ਸਿਧਾਂਤ ਹੈ।

ਭਾਰਤੀ ਧਰਮਾਂ ਵਿਚ ਇਸ਼ਨਾਨ ਦਾ ਬੜਾ ਮਹੱਤਵ ਹੈ। ਸਾਡੇ ਦੇਸ਼ ਵਿਚ ਹਰ ਵੱਡੇ ਪਾਵਨ ਅਸਥਾਨ ਨਾਲ ਜਲ ਦੇ ਤਾਲ ਜ਼ਰੂਰ ਬਣੇ ਹੁੰਦੇ ਹਨ, ਜਿਥੇ ਯਾਤ੍ਰੀ ਇਸ਼ਨਾਨ ਕਰਨਾ, ਆਪਣਾ ਪਰਮ ਧਰਮ ਸਮਝਦੇ ਹਨ। ਵੈਦਿਕ ਕਾਲ ਤੋਂ ਹੀ ਇਸ਼ਨਾਨ ਨੂੰ ਆਤਮਕ ਸਵੱਛਤਾ ਦਾ ਸਾਧਨ ਮੰਨਿਆ ਜਾਂਦਾ ਰਿਹਾ ਹੈ। ਪਾਣੀ ਵਿਚ ਜਲ ਦੇਵਤੇ ਦਾ ਨਿਵਾਸ ਹੋਣ ਕਰ ਕੇ, ਇਸ਼ਨਾਨ ਕਰਨਾ ਪਵਿਤ੍ਰ ਹੈ, ਕਿਉਂਜੋ ਇਸ਼ਨਾਨ ਕਰਨ ਵਾਲਾ ਜਗਿਆਸੂ ਜਲ ਨੂੰ ਪਿੰਡੇ ਉਤੇ ਪਾ ਕੇ, ਜਲ ਵਿਚ ਵਸਦੀ ਪਾਵਨ ਦੇਵ-ਸ਼ਕਤੀ ਨੂੰ ਗ੍ਰਹਿਣ ਕਰ ਲੈਂਦਾ ਹੈ। ਇਸ਼ਨਾਨ ਦਾ ਸਿਧਾਂਤ ਵੀ ਲਾਗਵੇਂ ਟੂਣੇ ਉਤੇ ਆਧਾਰਿਤ ਹੈ। ਜਿਸ ਅਨੁਸਾਰ ਕਿਸੇ ਅੰਸ਼ ਰਾਹੀਂ ਅੰਸ਼ੀ ਉਤੇ ਪਹੁੰਚਿਆ ਜਾ ਸਕਦਾ ਹੈ। ਤੇ ਉਸ ਦੀ ਸ਼ਕਤੀ ਨੂੰ ਆਪਣੇ ਵਿਚ ਸਿੰਚਿਆ ਜਾ ਸਕਦਾ ਹੈ। ਗੁਰਦਵਾਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਹੇਠ ਜੋ ਜਲ ਧਰਿਆ ਜਾਂਦਾ ਹੈ, ਉਹ ਆਦਿ ਗ੍ਰੰਥ ਅਥਵਾ ਬਾਣੀ ਦੀ ਲਾਗ ਨਾਲ ਪਵਿਤ੍ਰ ਹੋ ਕੇ ਅੰਮ੍ਰਿਤ ਹੋ ਜਾਂਦਾ ਹੈ। ਸ਼ਰਧਾਲੂ ਉਸ ਨੂੰ ਅੰਮ੍ਰਿਤ ਵਾਂਗ ਪੀਂਦੇ ਤੇ ਉਸ ਦੇ ਛੱਟੇ ਕੇਸਾਂ ਵਿਚ ਤੇ ਅੱਖਾਂ ਉਤੇ ਮਾਰਦੇ ਹਨ। ਇਸ ਦਾ ਆਧਾਰ ਵੀ ਟੂਣਾ-ਚਿੰਤਨ ਹੈ।

ਚਰਨ ਧੂੜੀ ਨੂੰ ਪਾਵਨ ਮੰਨਣ ਪਿਛੇ ਵੀ ਉਪ੍ਰੋਕਤ ਬੁਨਿਆਦੀ ਸਿਧਾਂਤ ਹੈ। ਸਾਧ-ਸੰਗਤ ਅਥਵਾ ਕਰਣੀ ਵਾਲੇ ਸੰਤਾਂ ਦੀ ਚਰਨ ਧੂੜੀ ਮੱਥੇ ਉਤੇ ਲਗਾਣ ਨਾਲ ਮਨ ਸ਼ੁੱਧ ਤੇ ਆਤਮਾ ਨਿਰਮਲ ਹੋਣ ਦਾ ਸੰਕਲਪ ਵੀ ਮੂਲ ਵਿਚ ਲੋਕਧਾਰਾਈ ਹੀ ਹੈ, ਤੇ ਇਸ ਦਾ ਮੂਲ ਵੀ ਅੰਸ਼ ਦੁਆਰਾ ਅੰਸ਼ੀ ਦੇ ਗੁਣਾਂ ਨੂੰ ਗ੍ਰਹਿਣ ਕਰਨ ਦਾ ਸੰਕਲਪ ਹੈ। ਸਾਧ ਸੰਗਤ ਅਥਵਾ ਸਾਧਾਂ ਸੰਤਾਂ ਵਿਚ ਜੋ ਅਧਿਆਤਮਕ ਕਣੀ ਹੁੰਦੀ ਹੈ, ਉਸ ਦਾ ਅੰਸ਼ ਮਾਤਰ ਉਨ੍ਹਾਂ ਦੀ ਚਰਨਾਂ ਦੀ ਧੂੜੀ ਵਿਚ ਸਮਾਇਆ ਹੋਣ ਕਰ ਕੇ, ਉਨ੍ਹਾਂ ਦੀ ਚਰਨ ਧੂੜੀ ਵੀ ਉਤਨੀ ਹੀ ਪਵਿਤ੍ਰ ਹੁੰਦੀ ਹੈ ਅਤੇ ਜਦੋਂ ਉਹ ਚਰਨ ਧੂੜੀ ਜਗਿਆਸੂ ਮੱਥੇ ਉਤੇ ਲਗਾਂਦਾ ਹੈ ਤਾਂ ਧੂੜੀ ਵਿਚਲੇ ਪਾਵਨ ਅੰਸ਼ ਦੁਆਰਾ ਅੰਸ਼ੀ ਦੇ ਗੁਣ ਜਗਿਆਸੂ ਵਿਚ ਰਚ ਜਾਂਦੇ ਹਨ।

ਧਰਮ ਨਾਲ ਸੰਬੰਧਿਤ ਅਨੇਕਾਂ ਹੋਰ ਮਨੌਤਾਂ ਤੇ ਸੰਕਲਪ—ਚੌਰਾਸੀ ਲਖ ਜੂਨੀਆਂ, ਕਰਮਾਂ ਦਾ ਫਲ ਭੋਗਣਾ, ਨੇਕ ਬੰਦਿਆਂ ਦੀਆਂ ਅਸੀਸਾਂ, ਸ਼ਬਦ ਬਾਣੀ ਦੇ ਜਾਪੁ ਦੁਆਰਾ ਦੁਖ ਤੇ ਰੋਗਾਂ ਦਾ ਦੂਰ ਹੋਣਾ, ਆਦਿ, ਮੂਲ ਵਿਚ ਲੋਕਧਾਰਾ ਦੀਆਂ ਹੀ ਰੂੜ੍ਹੀਆਂ ਹਨ। ਇਹ ਵਿਸ਼ਾ ਬਹੁਤ ਰੌਚਕ ਤੇ ਵਿਸਥਾਰ ਵਾਲਾ ਹੈ।

· ਕਲਾ ਦੀ ਬੁਨਿਆਦ ਦੇ ਪਹਿਲੇ ਰੱਦੇ ਲੋਕਧਾਰਾ ਉਤੇ ਰਖੇ ਗਏ। ਆਦਿਮ ਮਨੁਖ ਦੇਵੀ ਦੇਵਤਿਆਂ ਨੂੰ ਪਤਿਆਣ ਲਈ ਕੀਤੀਆਂ ਰੀਤਾਂ ਸਮੇਂ ਧਰਤੀ ਉਤੇ ਕਈ ਤਰ੍ਹਾਂ ਦੀਆਂ ਲਕੀਰਾਂ, ਬਿੰਦੀਆਂ ਚੱਕਰ ਤੇ ਚਿਹਨ ਆਦਿ ਉਲੀਕਦਾ, ਜੋ ਦਿਸ਼ਾਵਾਂ, ਚਹੁੰ ਕੂੰਟਾਂ, ਧਰਤੀ ਆਕਾਸ਼, ਚੰਨ ਸੂਰਜ ਤਾਰੇ ਤੇ ਨਛੱਤਰਾਂ ਤੋਂ ਇਲਾਵਾ ਦੇਵੀ ਦੇਵਤਿਆਂ ਦਾ ਬੋਧ ਵੀ ਕਰਾਂਦੀਆਂ ਸਨ। ਲਕੀਰਾਂ ਦਿਸ਼ਾਵਾਂ ਦਾ ਅਤੇ ਚੱਕਰ

ਬ੍ਰਹਿਮੰਡ ਦੀ ਸਭ ਤੋਂ ਵਧ ਤੇਜਸਵੀ ਸ਼ਕਤੀ ਦਾ ਪ੍ਰਤੀਕ ਸਨ। ਆਦਿਮ ਮਾਨਵ ਅਸਲ ਤੇ ਨਕਲ ਅਥਵਾ ਕਲਪਨਾ ਤੇ ਯਥਾਰਥ ਵਿਚ ਕੋਈ ਅੰਤਰ ਨਹੀਂ ਸੀ ਸਮਝਦਾ। ਉਸ ਲਈ ਨਕਲ ਅਸਲ ਦਾ ਅਨੁਕਰਣ ਹੋਣ ਕਾਰਨ, ਅਸਲ ਦਾ ਬੋਧ ਕਰਾਉਣ ਤੋਂ ਇਲਾਵਾ ਅਸਲ ਤਕ ਪਹੁੰਚਾਣ ਤੇ ਅਸਲ ਦੀ ਸ਼ਕਤੀ ਗ੍ਰਹਿਣ ਕਰਨ ਦਾ ਮਾਧਿਅਮ ਵੀ ਸੀ। ਇਹ ਸਿਧਾਂਤ ਸਹਾਨੁਭੂਤੀ ਟੂਣੇ ਉਤੇ ਆਧਾਰਿਤ ਸੀ, ਜਿਸ ਅਨੁਸਾਰ ਅਨੁਕਰਣ ਤੇ ਮੂਲ ਵਿਚ ਕੋਈ ਅੰਤਰ ਨਹੀਂ; ਕੋਈ ਗੁਪਤ ਸ਼ਕਤੀ ਉਨ੍ਹਾਂ ਦੋਹਾਂ ਨੂੰ ਮੇਲੀ ਰਖਦੀ ਹੈ। ਲੋਕ-ਧਾਰਾ ਵਿਚ ਲਕੀਰਾਂ ਤੇ ਚਿੰਨ-ਚਿਹਨਾਂ ਦਾ ਮਹੱਤਵਸ਼ੀਲ ਅਸਥਾਨ ਹੈ। ਰੇਖਾਵਾਂ ਦਿਸ਼ਾਵਾਂ ਦਾ ਬੋਧ ਕਰਾਉਂਦੀਆਂ ਹਨ, ਗੋਲਾਈਆਂ ਗ੍ਰਹਿਆਂ ਦਾ, ਚਿੰਨ-ਚਿਹਨ ਬ੍ਰਹਿਮੰਡ ਦੀਆਂ ਹੋਰ ਸ਼ਕਤੀਆਂ ਦਾ ਅਤੇ ਇਸ ਤਰ੍ਹਾਂ ਲਕੀਰਾਂ ਤੇ ਬਿੰਦੀਆਂ ਆਦਿ ਦੁਆਰਾ ਬ੍ਰਹਿਮੰਡ ਦੀ ਸਾਰੀ ਸ਼ਕਤੀ ਰੀਤਾਂ ਵੇਲੇ ਦੋ ਗਿਠ ਜ਼ਮੀਨ ਉਤੇ ਕੇਂਦਰਤ ਕਰ ਦਿਤੀ ਜਾਂਦੀ ਸੀ। ਫੇਰ ਹੌਲੀ ਹੌਲੀ ਦੇਵੀ ਦੇਵਤਿਆਂ ਦੇ ਚਿਤ੍ਰ ਉਲੀਕੇ ਜਾਣ ਲਗੇ ਤੇ ਉਨ੍ਹਾਂ ਦੀ ਉਪਾਸਨਾ ਕੀਤੀ ਜਾਣ ਲਗੀ।

ਆਦਿਮ ਮਾਨਵ ਲਈ ਕਲਾ, ਕਾਵਿ ਵਾਂਙ, ਪੂਰਕ ਸੀ, ਪੂਰਤੀ ਨਹੀਂ ਸੀ। ਆਦਿਮ ਮਨੁਖ ਜਦੋਂ ਗੁਫਾਵਾਂ ਤੇ ਦਰੱਖ਼ਤਾਂ ਦੀਆਂ ਖੋੜਾਂ ਵਿਚ ਰਹਿੰਦਾ ਸੀ, ਤਾਂ ਭੂਤ-ਪ੍ਰੇਤਾਂ ਅਥਵਾ ਚੰਦਰੀਆਂ ਰੂਹਾਂ ਤੋਂ ਰੱਖਿਆ ਲਈ ਗੁਫਾਵਾਂ ਦੇ ਮੱਥੇ ਉਤੇ ਜਾਂ ਖੋੜ ਦੇ ਬਾਹਰ ਕੁਝ ਚਿੰਨ੍ਹ ਉਲੀਕ ਦਿੰਦਾ। ਇਹੋ ਆਦਿਮ ਪ੍ਰਥਾ ਅੱਜ ਵੀ ਪ੍ਰਚਲਤ ਹੈ। ਅੱਜ ਵੀ ਪਿੰਡਾਂ ਵਿਚ ਆਮ ਘਰਾਂ ਦੇ ਮੁਖ ਦੁਆਰਾਂ ਜਾਂ ਵੱਡੀਆਂ ਹਵੇਲੀਆਂ ਦੇ ਮੱਥਿਆਂ ਉਤੇ ਕੁਝ ਨਕਸ਼ੇ ਤੇ ਚਿੰਨ੍ਹਾਂ, ਜਨੌਰਾਂ, ਵੇਲ ਬੂਟਿਆਂ ਤੇ ਦੇਵੀ ਦੇਵਤਿਆਂ ਦੇ ਚਿਤ੍ਰਾਂ ਨੂੰ ਇਸ ਮਨੋਰਥ ਨਾਲ ਉਲੀਕਿਆ ਜਾਂਦਾ ਹੈ, ਤਾਂ ਜੋ ਘਰ ਵਿਚ ਚੰਦਰੀ ਰੂਹ ਪ੍ਰਵੇਸ਼ ਨਾ ਕਰੇ, ਭਾਵੇਂ ਅੱਜ ਕਲ੍ਹ ਇਨ੍ਹਾਂ ਚਿਤ੍ਰਾਂ ਵਿਚ ਸੁਹਜ ਦੇ ਤੱਤਾਂ ਦਾ ਖ਼ਾਸ ਖ਼ਿਆਲ ਰਖਿਆ ਜਾਂਦਾ ਹੈ।

ਆਦਿਮ ਮਨੁੱਖ ਸ਼ਿਕਾਰ ਕਰ ਕੇ ਆਪਣਾ ਗੁਜ਼ਾਰਾ ਕਰਦਾ ਸੀ। ਜਦੋਂ ਉਹ ਸ਼ਿਕਾਰ ਲਈ ਜਾਂਦਾ ਤਾਂ ਧਰਤੀ ਉਤੇ ਉਨ੍ਹਾਂ ਪਸ਼ੂਆਂ ਦੇ, ਜਿਨ੍ਹਾਂ ਦਾ ਸ਼ਿਕਾਰ ਕਰਨ ਲਈ ਉਹ ਬਿਹਬਲ ਹੁੰਦਾ, ਚਿਤ੍ਰ ਉਲੀਕਦਾ ਤੇ ਇਸ ਨਕਲ ਨੂੰ ਯਥਾਰਥ ਮੰਨ ਕੇ ਤੀਰਾਂ ਤੇ ਭਾਲਿਆਂ ਨਾਲ ਚਿਤ੍ਰਤ ਪਸ਼ੂ ਨੂੰ ਵਿੰਨ੍ਹਦਾ। ਉਸ ਦੀ ਮਨੌਤ ਸੀ ਕਿ ਇਸ ਤਰ੍ਹਾਂ ਦੇ ਕਰਮ-ਕਾਂਡ ਦੁਆਰਾ ਉਸ ਪਸ਼ੂ ਦਾ ਸ਼ਿਕਾਰ ਕਰਨਾ ਸੌਖਾ ਹੋ ਜਾਂਦਾ ਹੈ। ਜੇ ਸ਼ੇਰ ਦਾ ਸ਼ਿਕਾਰ ਕਰਨਾ ਹੋਵੇ ਤਾਂ ਸ਼ੇਰ ਦਾ ਰੇਖਾ-ਚਿਤ੍ਰ ਉਲੀਕਿਆ ਜਾਂਦਾ, ਜੇ ਹਿਰਨ ਦਾ ਕਰਨਾ ਹੁੰਦਾ ਤਾਂ ਹਿਰਨ ਦੀ ਸ਼ਕਲ ਬਣਾ ਲਈ ਜਾਂਦੀ। ਇਸ ਤਰ੍ਹਾਂ ਇਨ੍ਹਾਂ ਰੀਤਾਂ ਵਿਚੋਂ ਕਲਾ ਜਨਮ ਲੈ ਕੇ ਵਿਗਸਣ ਲਗੀ।

ਨਾਚ ਤੇ ਨਾਟ ਦਾ ਉਦੇ ਵੀ ਲੋਕਧਾਰਾ ਵਿਚੋਂ ਹੋਇਆ। ਜਿਵੇਂ ਕਿ ਆਦਿਮ ਮਨੁੱਖ ਅਸਲ ਤੇ ਨਕਲ ਅਥਵਾ ਯਥਾਰਥ ਤੇ ਕਲਪਨਾ ਵਿਚ ਸੋਚ ਦੀ ਪੱਧਰ ਉਤੇ ਕੋਈ ਅੰਤਰ ਨਹੀਂ ਸੀ ਸਮਝਦਾ। ਉਹ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਅਨੁਕਰਣ ਦਾ ਆਸਰਾ ਲੈਂਦਾ ਸੀ। ਆਦਿਮ-ਮਾਨਵ ਦੀ ਧਾਰਨਾ ਸੀ ਕਿ ਪ੍ਰਕ੍ਰਿਤੀ ਵਿਚ ਕੋਈ ਆਤਮ-ਤੱਤ ਹੈ ਜਿਸ ਨੂੰ ਵੱਸ ਵਿਚ ਕੀਤਾ ਜਾ ਸਕਦਾ ਹੈ। ਪਿਛੋਂ ਜਦੋਂ ਮਨੁੱਖ ਇਸੇ ਆਤਮ-ਤੱਤ ਨੂੰ ਉਹ ਵੱਖ ਵੱਖ ਦੇਵਤੇ ਮਿਥ ਕੇ ਪੂਜਣ ਲਗਾ ਤਾਂ ਆਤਮ-ਤੱਤ ਤੋਂ ਮਨ ਇੱਛਤ ਫਲ ਪ੍ਰਾਪਤ ਕਰਨ ਲਈ ਸਭ ਤੋਂ ਵਧ ਟੇਕ ਉਹ ਅਨੁਕਰਣ ਦੀ ਲੈਂਦਾ ਰਿਹਾ। ਜੇ ਕਦੇ ਕਾਫ਼ੀ ਲੰਮੇ ਸਮੇਂ ਮੀਂਹ ਨਾ ਪੈਂਦਾ, ਤਾਂ ਉਹ ਮੀਂਹ ਵਰ੍ਹਣ ਸਮੇਂ ਦੇ ਪ੍ਰਕ੍ਰਿਤਕ ਦ੍ਰਿਸ਼ਟਮਾਨ ਦੀ ਨਕਲ ਉਤਾਰਦਾ। ਕਬੀਲੇ ਦੇ ਸਾਰੇ ਲੋਕ ਇਕੱਠੇ ਹੋ ਕੇ ਨਚਦੇ ਤੇ ਸਵਾਂਗ ਭਰਦੇ। ਨਚਦਿਆਂ ਉਹ ਕਦਮਾਂ ਦੀ ਚਾਪ ਨਾਲ ਮੀਂਹ ਦੀਆਂ ਕਣੀਆਂ ਦੀ ਤਾਲ ਕਢਦੇ ਤੇ ਉਨ੍ਹਾਂ ਵਿਚੋਂ ਕੁਝ ਸ਼ਖ਼ਸ ਘਨਘੋਰ ਸ਼ੂਕਦੇ ਬੱਦਲਾਂ ਦੀ ਆਵਾਜ਼ ਕੱਢਦੇ ਤੇ ਗੜਗੜਾਹਟ ਪੈਦਾ ਕਰਦੇ। ਕਬੀਲੇ ਦਾ ਕੋਈ ਸ਼ਖ਼ਸ ਮੋਰ ਦਾ ਸਵਾਂਗ ਧਾਰ ਲੈਂਦਾ ਤੇ ਆਪਣੀ ਪਿੱਠ ਨਾਲ ਘਾਹ ਦੀਆਂ ਰੱਸੀਆਂ ਵਟ ਕੇ ਮੋਰ ਦੇ ਪੰਖ ਸਜਾ ਲੈਂਦਾ। ਇਸ ਸਮੇਂ ਮੰਤਰਾਂ ਦੇ ਉਚਾਰਨ ਵਿਚ ਜੋ ਨਾਚ ਨਚੇ ਤੇ ਸਵਾਂਗ ਭਰੇ ਜਾਂਦੇ ਉਨ੍ਹਾਂ ਦਾ ਮੰਤਵ ਮੀਂਹ ਪੈਣ ਸਮੇਂ ਦੇ ਵਾਤਾਵਰਣ ਤੇ ਦ੍ਰਿਸ਼ਟਮਾਨ ਦੀ ਇਨ ਬਿਨ ਨਕਲ ਉਤਾਰਨੀ ਹੁੰਦੀ। ਸਭ ਤੋਂ ਪਹਿਲਾਂ ਤਾਲ ਜੋ ਮਨੁੱਖ ਨੇ ਨ੍ਰਿਤ ਰਾਹੀਂ ਪੈਦਾ ਕੀਤਾ, ਉਹ ਮੀਂਹ ਦੇ ਕਿਣ ਮਿਣ ਦੇ ਅਨੁਕਰਣ ਉਤੇ ਸੀ ਅਤੇ ਜੋ ਨਾਟ ਖੇਡਿਆ ਕਰਦਾ, ਉਹ ਬੱਦਲਾਂ ਦੀ ਗੜਗੜਾਹਟ ਤੇ ਮੋਰਾਂ ਦੇ ਨਾਚ ਦਾ ਸਵਾਂਗ ਸੀ। ਇਹ ਨਾਚ ਮਗਰੋਂ ਲੋਕ-ਨਾਚ ਤੇ ਇਹੋ ਨਾਟ ਮਗਰੋਂ ਲੋਕ-ਨਾਟ ਦਾ ਪਿਤਾਮਾ ਬਣੇ।

ਪੰਜਾਬ ਵਿਚ ਭੰਗੜਾ ਪਾਉਣ ਸਮੇਂ ਕਈ ਤਰ੍ਹਾਂ ਦੀਆਂ ਆਵਾਜ਼ਾਂ ਕੱਢਣ ਦੇ ਨਾਲ ਬਕਰਾ ਵੀ ਬੁਲਾਇਆ ਜਾਂਦਾ ਹੈ। ਬਕਰਾ ਬੁਲਾਉਣ ਦੀ ਪ੍ਰਥਾ ਪ੍ਰਾਚੀਨ ਕਾਲ ਵਿਚ ਸ਼ਿਵ ਦੇ ਪੁਜਾਰੀਆਂ ਵਿਚ ਪ੍ਰਚਲਤ ਸੀ। ਬਕਰਾ ਸਤੀ (ਦੁਰਗਾ) ਨੂੰ ਬਹੁਤ ਪਸੰਦ ਹੈ, ਜਿਸ ਕਰ ਕੇ ਇਹ ਸ਼ਿਵ ਦਾ ਪ੍ਰਿਯ ਵੀ ਹੋ ਗਿਆ। ਇਸੇ ਲਈ ਬਕਰੇ ਨੂੰ 'ਸ਼ਿਵ-ਪ੍ਰਿਯ' ਵੀ ਕਹਿੰਦੇ ਹਨ। ਇਸ ਪਿਛੇ ਇਕ ਪੌਰਾਣਿਕ ਕਥਾ ਵੀ ਹੈ : ਸਤੀ ਦੇ ਪਿਤਾ ਦੱਖਸ਼ ਨੇ ਇਕ ਵੱਡਾ ਯੱਗ ਕੀਤਾ, ਜਿਸ ਵਿਚ ਉਸ ਨੇ ਸ਼ਿਵ ਜੀ ਨੂੰ ਨਿਮੰਤ੍ਰਤ ਨਾ ਕੀਤਾ। ਸ਼ਿਵ ਨੇ ਕਰੋਧ ਵਿਚ ਆ ਕੇ ਉਧੜਧੁੰਮੀ ਮਚਾ ਦਿਤੀ, ਜਿਸ ਵਿਚ ਦੱਖਸ਼ ਦਾ ਸਿਰ ਵੱਢਿਆ ਗਿਆ ਅਤੇ ਉਹ ਅੱਗ ਵਿਚ ਡਿੱਗ ਕੇ ਭਸਮ ਹੋ ਗਿਆ। ਮਗਰੋਂ ਸ਼ਿਵ ਨੇ ਅਨੇਕਾਂ ਮਿਰਤਕਾਂ ਨੂੰ ਆਪਣੀ

ਸ਼ਕਤੀ ਨਾਲ ਸੁਰਜੀਤ ਕਰ ਦਿਤਾ। ਦੱਖਸ਼ ਦਾ ਸਿਰ ਨਾ ਲੱਭਣ ਕਰ ਕੇ ਸ਼ਿਵ ਨੇ ਬਕਰੇ ਦਾ ਸਿਰ ਦੱਖਸ਼ ਦੇ ਧੜ ਨਾਲ ਜੋੜ ਕੇ, ਉਸ ਨੂੰ ਮੁੜ ਸੁਰਜੀਤ ਕੀਤਾ। ਉਦੋਂ ਤੋਂ ਸ਼ਿਵ ਨੂੰ ਬਕਰਾ ਚੰਗਾ ਲੱਗਣ ਲੱਗਾ। ਜਦੋਂ ਦੱਖਸ਼ ਬਕਰੇ ਵਾਂਗ ਬੋਲਦਾ ਤਾਂ ਸ਼ਿਵ ਬੜਾ ਪ੍ਰਸੰਨ ਹੁੰਦਾ। ਸੋ, ਸ਼ਿਵ ਦੇ ਉਪਾਸ਼ਕਾਂ ਵਿਚ ਸ਼ਿਵ ਨੂੰ ਪ੍ਰਸੰਨ ਕਰਨ ਲਈ ਬਕਰਾ ਬੁਲਾਉਣ ਦੀ ਪ੍ਰਥਾ ਚਲ ਪਈ। ਭੰਗੜਾ ਪਾਉਣ ਵੇਲੇ ਬਕਰਾ ਬੁਲਾਇਆ ਜਾਂਦਾ ਹੈ। ਹੋ ਸਕਦਾ ਹੈ ਭੰਗੜਾ ਨਾਚ ਸ਼ਿਵ ਦੇ ਪੁਜਾਰੀਆਂ ਵਿਚ ਨੱਚੇ ਤਾਂਡਵ ਨਾਚ ਤੋਂ ਹੀ ਵਿਗਸਿਆ ਹੋਵੇ।

ਲੋਕਧਾਰਾ ਜਾਤੀ ਦੀ ਪ੍ਰਤਿਭਾ ਨੂੰ ਪਛਾਣ ਬਖ਼ਸ਼ਦੀ ਹੈ। ਮੁਸਲਮਾਨ ਮੂੰਹ ਹੱਥ ਧੋਣ ਲਗਿਆਂ ਬਾਹਾਂ ਨੂੰ ਉੱਚਾ ਕਰ ਕੇ ਹੱਥਾਂ ਵਲੋਂ ਕੂਹਣੀ ਵਲ ਪਾਣੀ ਪਾਉਂਦੇ ਹਨ, ਪਰ ਹਿੰਦੂ ਬਾਹਾਂ ਨੂੰ ਨੀਵਾਂ ਕਰ ਕੇ ਕੂਹਣੀ ਵਲੋਂ ਹੱਥਾਂ ਵਲ ਪਾਣੀ ਪਾਵੇਗਾ। ਮੁਸਲਮਾਨਾਂ ਦੇ ਸਲਾਮ ਤੇ ਹਿੰਦੂਆਂ ਦੇ ਨਮਸਕਾਰ ਵਿਚ ਅੰਤਰ ਹੈ। ਹਿੰਦੂਆਂ ਲਈ ਪੂਰਬ ਦਿਸ਼ਾ ਸਭ ਤੋਂ ਵੱਧ ਪਾਵਨ ਹੈ ਤੇ ਮੁਸਲਮਾਨਾਂ ਲਈ ਪੱਛਮ ਦਿਸ਼ਾ, ਜਿੱਧਰ ਮੱਕਾ ਹੈ। ਇਹ ਅੰਤਰ ਧਾਰਮਿਕ ਨਹੀਂ, ਲੋਕਧਾਰਾਈ ਹੈ—ਸੈਮਿਟਿਕ ਲੋਕਧਾਰਾ ਤੇ ਸੰਸਕ੍ਰਿਤੀ ਦਾ ਆਰੀਆਈ ਲੋਕਧਾਰਾ ਤੇ ਸੰਸਕ੍ਰਿਤੀ ਨਾਲ।

ਲੋਕਧਾਰਾ ਦੀ ਮਹੱਤਤਾ ਦੀ ਕਈ ਹੋਰ ਪੱਖੋਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਉਪਰੋਕਤ ਵਿਚਾਰ ਤੋਂ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਲੋਕਧਾਰਾ ਕਿਵੇਂ ਸਾਡੇ ਜੀਵਨ-ਪ੍ਰਵਾਹ ਦੇ ਹਰ ਅੰਗ ਵਿਚ ਸਮਾਈ ਹੋਈ ਹੈ।

### (ਲ-89) **ਲੋਕ-ਨਾਚ—ਗਿੱਧਾ** :

ਗਿੱਧੇ ਵਿਚ ਪੰਜਾਬੀ ਮੁਟਿਆਰਾਂ ਦੀ ਆਤਮਾ ਸਾਹ ਲੈਂਦੀ ਤੇ ਜੋਬਨ ਸਾਣ ਚੜ੍ਹਦਾ ਹੈ। ਇਹ ਨਾਚ ਉਨ੍ਹਾਂ ਦੇ ਅੰਤ੍ਰੀਵ ਭਾਵਾਂ ਦੀ ਥਰਕਦੀ ਤਸਵੀਰ ਹੈ। ਇਸ ਨਾਚ ਵਿਚ ਭੰਗੜੇ ਜਿਤਨਾ ਭਖਦਾ ਉਤਸ਼ਾਹ, ਵਲਵਲਾ ਤੇ ਸਜੀਵਤਾ ਹੈ, ਪਰ ਇਸ ਵਿਚ ਸਰੀਰ ਦੀ ਲਚਕਤਾ, ਜ਼ਨਾਨੇ ਹਾਵ-ਭਾਵ ਤੇ ਧੜਕਣਾਂ ਵੀ ਬੜੀ ਖ਼ੂਬਸੂਰਤੀ ਨਾਲ ਰੂਪਮਾਨ ਹੋਈਆਂ ਹਨ। ਪੰਜਾਬਣਾਂ ਨੇ ਆਪਣੇ ਜੀਵਨ ਦੀ ਸਾਰੀ ਮਿਠਾਸ ਇਸ ਨਾਚ ਵਿਚ ਸਮੋ ਦਿੱਤੀ ਹੈ। ਇਹ ਨਾਚ ਆਮ ਤੌਰ ਉਤੇ ਚਾਨਣੀਆਂ ਰਾਤਾਂ ਵਿਚ ਪਾਇਆ ਜਾਂਦਾ ਹੈ। ਜਦੋਂ ਕੁਲ ਸ੍ਰਿਸ਼ਟੀ ਦੁੱਧ ਵਰਗਾ ਚਿੱਟਾ ਭੋਛਣ ਓੜ੍ਹ ਕੇ ਸਜੀ ਹੁੰਦੀ ਹੈ ਤਾ ਘਰ ਦੇ ਕੰਮਾਂ ਕਾਜਾਂ ਤੋਂ ਵਿਹਲੀਆਂ ਹੋਈਆਂ ਮੁਟਿਆਰਾਂ, ਗਿੱਧਾ ਪਾ ਕੇ, ਮਨ ਦੀ ਖ਼ੁਸ਼ੀ ਕੁਦਰਤ ਰਾਣੀ ਨਾਲ ਇਕਸੁਰ ਕਰ ਲੈਂਦੀਆਂ ਹਨ।

ਸਾਵਣ ਦੀ ਰੁੱਤੇ ਰੂਹ ਨਸ਼ੇ ਵਿਚ ਭਿੱਜੀ ਹੁੰਦੀ ਹੈ ਤੇ ਮਨ ਬੇਕਾਬੂ। ਪਿਆਰ ਦੀ ਇਸ ਰੁੱਤੇ ਬਾਕੀ ਰੁੱਤਾਂ ਨਾਲੋਂ ਵਧੇਰੇ ਗਿੱਧਾ ਪੈਂਦਾ ਹੈ। ਮੁਟਿਆਰਾਂ ਇਸ ਨੂੰ 'ਗਿੱਧੇ ਦੀ ਰੁੱਤ' ਵੀ ਕਹਿੰਦੀਆਂ ਹਨ। ਇਸ ਰੁੱਤੇ ਸਾਵੇਂ ਜਾਂ ਤੀਆਂ ਦਾ ਤਿਉਹਾਰ ਮਨਾਇਆ ਜਾਂਦਾ ਹੈ ਜੋ ਸਾਵਣ ਦੀ ਤੀਜੀ ਤਿੱਥ ਤੋਂ ਪੂਰਨਮਾਸ਼ੀ ਤਕ ਰਹਿੰਦਾ ਹੈ। ਇਹਨੀਂ ਦਿਨੀਂ ਕੁੜੀਆਂ ਚਿੜੀਆਂ ਗੁੱਡੀਆਂ ਪਟੋਲਿਆਂ ਵਾਂਗ ਸ਼ਿੰਗਾਰੀਆਂ, ਪਿੱਪਲਾਂ ਤੇ ਬੋਹੜਾਂ ਉਤੇ ਪੀਂਘਾਂ ਝੂਟਦੀਆਂ ਹਨ ਅਤੇ ਮੀਂਹ ਦੀ ਕਿਣਮਿਣ ਵਿਚ ਗਿੱਧੇ ਵੀ ਪਾ ਲੈਂਦੀਆਂ ਹਨ। ਸਾਵਣ ਦੀ ਕਿਣਮਿਣ ਵਿਚ ਕੁੜੀਆਂ ਦਾ ਮਚਲਿਆ ਮਨ ਨੱਚ ਨੱਚ ਕੇ ਬਉਰਾ ਹੋਇਆ ਹੁੰਦਾ ਹੈ। ਬੱਦਲਾਂ ਦੀ ਘਨਘੋਰ ਤੇ ਕਣੀਆਂ ਦੇ ਤਾਲ ਵਿਚ, ਮੋਰਾਂ ਵਾਂਗ ਪੈਲਾਂ ਪਾਉਂਦੀਆਂ ਮੁਟਿਆਰਾਂ, ਜੰਗਲ ਦੀਆਂ ਹਿਰਨੀਆਂ ਹੀ ਲਗਦੀਆਂ ਹਨ। ਤੀਆਂ ਦੇ ਗਿੱਧੇ ਨੂੰ 'ਤੀਹਾਂ ਨੱਚਣਾ' ਵੀ ਕਹਿੰਦੇ ਹਨ। ਵਿਆਹੀਆਂ ਤੇ ਮੁਕਲਾਵੇ ਗਈਆਂ ਕੁੜੀਆਂ, ਤੀਆਂ ਨੱਚਣ ਲਈ ਉਚੇਚਾ ਪੇਕੇ ਆਉਂਦੀਆਂ ਹਨ, ਕਿਉਂ ਜੋ ਉਹ ਨੱਚਣ ਕੁੱਦਣ ਦਾ ਸ਼ੌਕ ਪੇਕੇ ਹੀ ਖੁਲ੍ਹ ਕੇ ਪੂਰਾ ਕਰ ਸਕਦੀਆਂ ਹਨ। ਸਹੁਰੇ ਪਿੰਡ ਤਾਂ ਉਨ੍ਹਾਂ ਨੂੰ ਘੁੰਡ ਵਿਚ ਰਹਿਣਾ ਪੈਂਦਾ ਹੈ। ਵਿਆਹ ਸ਼ਾਦੀਆਂ ਤੇ ਹੋਰ ਮੰਗਲ ਕਾਰਜਾਂ ਉਤੇ ਮੁਟਿਆਰਾਂ ਗਿੱਧਾ ਨੱਚਣ ਲਈ ਕੁਝ ਸਮਾਂ ਰਾਖਵਾਂ ਕਰ ਲੈਂਦੀਆਂ ਹਨ। ਮਾਲਵੇ ਵਿਚ ਵਿਆਹ ਉਤੇ ਗਿੱਧਾ ਪਾਉਣ ਦਾ ਬੜਾ ਰਵਾਜ ਹੈ ਤੇ ਇਸ ਨੂੰ 'ਵਿਆਹੁਲਾ ਗਿੱਧਾ' ਵੀ ਕਹਿੰਦੇ ਹਨ।

ਗਿੱਧਾ ਪਾਉਣ ਵੇਲੇ ਕੁੜੀਆਂ ਇਕ ਵੱਡਾ ਸਾਰਾ ਘੇਰਾ ਬਣਾ ਲੈਂਦੀਆਂ ਹਨ। ਇਕ ਕੁੜੀ ਢੋਲਕੀ ਲੈ ਕੇ ਪਿੜ ਦੇ ਵਿਚਕਾਰ ਬਹਿ ਜਾਂਦੀ ਹੈ। ਜੇ ਢੋਲਕੀ ਨਾ ਹੋਵੇ ਤਾਂ ਮੂਧੇ ਘੜੇ ਉਤੇ, ਗੀਟਾ ਮਾਰ ਕੇ, ਕੰਮ ਸਾਰ ਲਿਆ ਜਾਂਦਾ ਹੈ। ਢੋਲਕੀ ਦੇ ਤਾਲ ਉਤੇ ਕੁੜੀਆਂ ਠੁਮਕਦੀਆਂ ਤੇ ਮੋਰਾਂ ਵਾਂਗ ਪੈਲਾਂ ਪਾਉਂਦੀਆਂ ਹਨ। ਫਿਰ ਕੋਈ ਇਕ ਕੁੜੀ ਪਿੜ ਵਿਚ ਆ ਕੇ ਬੋਲੀ ਪਾਉਂਦੀ ਹੈ :

ਹੱਸ ਕੇ ਨਿਹੁੰ ਨਾ ਲਾਈਂ ਬਿਸ਼ਨੀਏਂ
ਸੁਣ ਲੈ ਨਿਹੁੰ ਦੇ ਝੇੜੇ
ਕੱਚਾ ਭੂਤਨਾ ਬਣ ਕੇ ਚਿੰਬੜਦਾ
ਨਿਹੁੰ ਨੂੰ ਜਿਹੜਾ ਛੇੜੇ
ਛੱਤੀ ਕੋਠੜੀਆਂ, ਨੌਂ ਦਰਵਾਜ਼ੇ
ਜਿਥੇ ਨਿਹੁੰ ਦੇ ਡੇਰੇ
ਸੋਹਣੀ ਪੁੱਛੇ ਮਹੀਂਵਾਲ ਨੂੰ,
ਕੀ ਹਾਲ ਆ ਗਭਰੂਆ ਤੇਰੇ।

ਜਦੋਂ ਉਹ ਬੋਲੀ ਦਾ ਅਖ਼ੀਰਲਾ ਟੱਪਾ ਗਾਉਂਦੀ ਹੈ ਤਾਂ ਬਾਕੀ ਸਭ ਕੁੜੀਆਂ ਉਸ ਟੱਪੇ ਨੂੰ ਚੁਕ ਲੈਂਦੀਆਂ ਹਨ

ਅਤੇ ਤਾੜੀਆਂ ਮਾਰਦੀਆਂ ਹੋਈਆਂ ਘੇਰੇ ਵਿਚ ਨੱਚਣ ਲਗਦੀਆਂ ਹਨ। ਇਹ ਨਾਚ ਭਾਵੇਂ ਸਿੱਧਾ ਸਾਦਾ ਹੁੰਦਾ ਹੈ, ਪਰ ਝਾਂਜਰਾਂ ਦੀ ਛਣਕਾਰ, ਪੈਰਾਂ ਦੀ ਠੁੰਮਕ, ਢੋਲਕੀ ਦਾ ਤਾਲ ਤੇ ਤਾੜੀਆਂ ਦੀ ਲੈਅ ਸਭ ਰਲ ਕੇ ਅਨੂਠਾ ਸਮਾਂ ਬੰਨ੍ਹਦੇ ਹਨ। ਗਿੱਧੇ ਦੀਆਂ ਕੁੜੀਆਂ ਕਿਸੇ ਨੇਮਬਧ ਜਾਂ ਬਝਵੇਂ ਪੈਟਰਨ ਵਿਚ ਨਹੀਂ ਨੱਚਦੀਆਂ। ਉਹ ਸਭੋ ਇਕੋ ਛਬੀ ਵਿਚ ਕਦੇ ਪੀਂਘ ਵਾਂਗ ਸਰੀਰ ਨੂੰ ਲਚਕਾਂਦੀਆਂ ਤੇ ਹੁਲਾਰੇ ਲੈਂਦੀਆਂ, ਕਦੇ ਸੱਪਣੀ ਵਾਂਗ ਵਲ ਖਾਂਦੀਆਂ, ਕਦੇ ਬਾਹਵਾਂ ਨੂੰ ਉਲਾਰ ਕੇ ਲਹਿਰਾਂ ਵਾਂਗ ਲਹਿਰਾਂਦੀਆਂ, ਕਦੇ ਟਹਿਣ ਵਾਂਗ ਲਿਫਦੀਆਂ, ਤਾੜੀਆਂ ਮਾਰਦੀਆਂ ਘੁੰਮਦੀਆਂ ਜਾਂਦੀਆਂ ਹਨ। ਸਰੀਰ ਇਸ ਤਰ੍ਹਾਂ ਲਚਕਾਰੇ ਲੈਂਦਾ ਹੈ ਜਿਵੇਂ ਉਹ ਰਬੜ ਦੀਆਂ ਬਣੀਆਂ ਗੁੱਡੀਆਂ ਹੋਣ।

ਗਿੱਧੇ ਵਿਚ ਨੱਚਦੀਆਂ ਕੁੜੀਆਂ, ਅੰਗ-ਲਹਿਰੀਆਂ ਤੇ ਸੰਕੇਤਾਂ ਨਾਲ ਪੰਜਾਬੀ ਜੀਵਨ ਦੀਆਂ ਕਈ ਝਾਕੀਆਂ ਰਚ ਲੈਂਦੀਆਂ ਹਨ, ਜਿਵੇਂ ਚਰਖਾ ਕੱਤਣਾ, ਖੂਹ ਵਿਚੋਂ ਪਾਣੀ ਭਰਨਾ, ਚੱਕੀ ਪੀਹਣੀ, ਭੱਤਾ ਲੈ ਕੇ ਖੇਤਾਂ ਨੂੰ ਜਾਣਾ। ਦ੍ਰਿਸ਼ ਨੂੰ ਸਿਰਜਨ ਲਗਿਆਂ, ਢੁਕਵੀਂ ਬੋਲੀ ਪਾ ਕੇ, ਉਸ ਦ੍ਰਿਸ਼ ਨੂੰ ਕਾਵਿਕ ਭਾਵਨਾ ਨਾਲ ਰਸਾ ਲਿਆ ਜਾਂਦਾ ਹੈ। ਕਈ ਅਨੁਭਵੀ ਕੁੜੀਆਂ ਨੱਚਦਿਆਂ ਅੰਗ-ਲਹਿਰੀਆਂ ਤੇ ਇਸ਼ਾਰਿਆਂ ਨਾਲ ਬਲਦਾਂ ਨੂੰ ਹਿੱਕਣ, ਭੋਇੰ ਵਿਚ ਬੀਜ ਸੁੱਟਣ, ਗੋਡੀ ਕਰਨ ਤੇ ਫ਼ਸਲਾਂ ਵੱਢਣ ਦੀ ਸਾਰੀ ਕਿਰਸਾਨੀ ਝਾਕੀ ਸਾਕਾਰ ਕਰ ਦੇਂਦੀਆਂ ਹਨ।

ਕੁੜੀਆਂ ਦੇ ਜੋਟੇ, ਪਿੜ ਵਿਚ ਨਿੱਤਰ ਕੇ, ਸਵਾਂਗ ਵੀ ਭਰਦੇ ਹਨ, ਜਿਸ ਵਿਚ ਕਾਟ, ਮਸ਼ਕਰੀ ਤੇ ਵਿਅੰਗ ਹੁੰਦਾ ਹੈ। ਇਕ ਕੁੜੀ, ਚੁੰਨੀ ਨੂੰ ਸਿਰ ਉਤੇ ਵਲ੍ਹੇਟ ਕੇ, ਬੁੱਢਾ ਖੌਂਦ ਬਣ ਜਾਂਦੀ ਹੈ ਅਤੇ ਦੂਜੀ ਕੁੜੀ ਉਸ ਦੀ ਜਵਾਨ ਵਹੁਟੀ ਬਣ ਕੇ ਉਸ ਨਾਲ ਝੇੜਾ ਕਰਦੀ ਹੈ। ਕਦੇ ਇਕ ਕੁੜੀ ਝਗੜਾਲੂ ਨਨਾਣ ਤੇ ਦੂਜੀ ਕੁੜੀ ਭਰਜਾਈ ਬਣ ਕੇ, ਇਕ ਦੂਜੇ ਨਾਲ ਝਈਆਂ ਲੈਂਦੀਆਂ ਹਨ। ਕਦੇ ਇਕ ਕੁੜੀ ਬੁੱਢੇ ਸਹੁਰੇ ਦਾ ਸਵਾਂਗ ਭਰਦੀ ਹੋਈ ਖਹੂੰ ਖਹੂੰ ਕਰਦੀ ਹੈ ਅਤੇ ਦੂਜੀ ਕੁੜੀ ਉਸ ਦੀ ਨੂੰਹ ਬਣ ਕੇ ਲੰਮਾ ਘੁੰਡ ਕੱਢਦੀ ਹੋਈ ਇਹ ਟੱਪਾ ਬੋਲਦੀ ਹੈ:

ਕੋਰੀ ਕੋਰੀ ਕੂੰਡੀ ਵਿਚ ਮਿਰਚਾਂ ਰਗੜਾਂ
ਸਹੁਰੇ ਦੀ ਅੱਖ ਵਿਚ ਪਾ ਦੇਨੀ ਆਂ
ਘੁੰਡ ਕਢਣੇ ਦੀ ਅਲਖ ਮੁਕਾ ਦੇਨੀ ਆਂ।

ਇਨ੍ਹਾਂ ਸਵਾਂਗਾਂ ਵਿਚ ਸਾਡੇ ਸਮਾਜਕ ਜੀਵਨ ਦੀਆਂ ਕਈ ਝਾਕੀਆਂ ਨੂੰ ਤਿੱਖੇ ਵਿਅੰਗ ਨਾਲ ਰੂਪਮਾਨ ਕੀਤਾ ਹੁੰਦਾ ਹੈ। ਇਨ੍ਹਾਂ ਝਾਕੀਆਂ ਵਿਚ ਦੱਬੇ ਘੁਟੇ ਜਜ਼ਬੇ ਸੂਰਜ ਵਾਂਗ ਖੁਲ੍ਹੇ ਪ੍ਰਕਾਸ਼ ਵਿਚ ਆਉਂਦੇ ਹਨ।

ਗਿੱਧੇ ਵੇਲੇ ਜੋ ਟੱਪੇ ਬੋਲੇ ਜਾਂਦੇ ਹਨ, ਉਹ ਬੋਲੀਆਂ ਅਖਵਾਉਂਦੇ ਹਨ। ਇਹ ਬੋਲੀਆਂ ਮੁਟਿਆਰਾਂ ਦੇ ਦਿਲਾਂ ਦੀ ਆਵਾਜ਼ ਹਨ, ਜਿਨ੍ਹਾਂ ਵਿਚ ਉਨ੍ਹਾਂ ਆਪਣੇ ਮਨੋਭਾਵਾਂ ਨੂੰ ਬਿਨਾਂ ਝਿਝਕ ਤੇ ਸੰਙ ਦੇ ਪ੍ਰਗਟ ਕੀਤਾ ਹੁੰਦਾ ਹੈ। ਗਿੱਧੇ ਦੀਆਂ ਬੋਲੀਆਂ ਤਾਂ ਤੀਵੀਆਂ ਦੇ ਦਿਲਾਂ ਦੀ ਤੱਪਦੀ ਭੱਠੀ ਦੇ ਉਬਾਲ ਹਨ।

(ਲ-90) **ਲੋਕ-ਨਾਟ - ਰਾਸ ਲੀਲਾ :**

ਰਾਸ ਲੀਲਾ ਦਾ ਮੁਢ, ਭਗਤੀ ਲਹਿਰ ਵੇਲੇ, ਉਸ ਧਾਰਮਿਕ ਨਿਰਤ ਤੋਂ ਬਝਿਆ, ਜੋ ਵੈਸ਼ਨਵ ਮਤ ਵਾਲੇ, ਬ੍ਰਿਜ ਦੇ ਮੰਦਰਾਂ ਵਿਚ ਕ੍ਰਿਸ਼ਨ ਦੀਆਂ ਮੂਰਤੀਆਂ ਦਵਾਲੇ, ਨਚਿਆ ਕਰਦੇ ਸਨ। ਇਸ ਨਿਰਤ ਦੇ ਨਾਲ ਨਾਲ ਇਕ ਤਾਂ ਭਗਤੀ ਭਾਵਨਾ ਵਿਚ ਰੰਗੇ ਗੀਤ ਗਾਏ ਜਾਂਦੇ ਸਨ, ਦੂਜਾ ਕ੍ਰਿਸ਼ਨ ਦੀ ਬਾਲ-ਲੀਲਾ ਤੇ ਪ੍ਰੇਮ-ਲੀਲਾ ਦੇ ਸਵਾਂਗ ਭਰੇ ਜਾਂਦੇ ਸਨ। ਧਰਮ ਦੀ ਭਾਵਨਾ ਕਲਾ ਵਿਚ ਰਸ ਕੇ, ਉਪਾਸ਼ਕਾਂ ਨੂੰ ਮਾਨਸਿਕ ਤ੍ਰਿਪਤੀ ਦੇਣ ਲੱਗੀ। ਇਹੋ ਭਜਨ, ਨਿਰਤ ਤੇ ਸਵਾਂਗ ਜਦੋਂ ਮੰਦਰਾਂ ਤੋਂ ਬਾਹਰ, ਖੁਲ੍ਹੀਆਂ ਸੱਥਾਂ ਵਿਚ ਰੰਗ ਜਮਾਣ ਲਗੇ ਤਾਂ ਕਸਬੀ ਕਲਾਕਾਰਾਂ ਨੇ, ਲੋਕਾਂ ਦੀ ਧਾਰਮਿਕ ਭਾਵਨਾ ਤੇ ਸੁਹਜ-ਰੁਚੀਆਂ ਦਾ ਲਾਭ ਉਠਾਂਦਿਆਂ, ਇਨ੍ਹਾਂ ਨਾਚਾਂ ਨੂੰ ਇਕ ਵੱਖਰੇ ਕਲਾਤਮਿਕ ਰੂਪ ਵਿਚ ਢਾਲ ਲਿਆ, ਤਾਂ ਇਹ ਰਾਸ-ਲੀਲਾ ਅਖਵਾਏ।

ਪੰਜਾਬ ਵਿਚ, ਪੰਦਰਵੀਂ ਸਦੀ ਵਿਚ, ਰਾਸ ਲੀਲਾ ਦਾ ਰਵਾਜ ਆਮ ਸੀ ਤੇ ਲੋਕੀਂ ਰਾਸਾਂ ਨੂੰ ਧਾਰਮਿਕ ਭਾਵਨਾ ਨਾਲ, ਆਤਮਿਕ ਤ੍ਰਿਪਤੀ ਲਈ ਵੇਖਿਆ ਕਰਦੇ ਸਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ, ਰਾਸਾਂ ਵਲ ਸੰਕੇਤ ਮਿਲਦੇ ਹਨ।

ਰਾਸ ਲੀਲਾ ਵਿਚ ਭਗਤੀ ਤੇ ਸ਼ਿੰਗਾਰ ਦੀ ਮਿਸ ਹੈ। ਕ੍ਰਿਸ਼ਨ ਸਭ ਅਵਤਾਰਾਂ ਨਾਲੋਂ ਵਧੇਰੇ ਨਟ ਖਟ ਤੇ ਛਬੀਲਾ ਹੈ। ਉਸ ਦਾ ਚਰਿਤ੍ਰ ਬੜਾ ਰੰਗੀਲਾ ਤੇ ਜੀਵਨ ਘਟਨਾਵਾਂ ਬੜੀਆਂ ਰਸੀਲੀਆਂ ਹਨ। ਬਾਲ ਅਵਸਥਾ ਵਿਚ ਉਹ ਪਾਣੀ ਭਰਨ ਜਾਂਦੀਆਂ ਗੋਪੀਆਂ ਦੇ ਘੜੇ ਭੰਨਦਾ ਤੇ ਉਨ੍ਹਾਂ ਦੀਆਂ ਚਾਟੀਆਂ ਵਿਚੋਂ ਮੱਖਣ ਚੁਰਾਉਂਦਾ ਹੈ; ਜਵਾਨ ਹੋ ਕੇ, ਉਹ ਗੋਪੀਆਂ ਨਾਲ, ਕਈ ਤਰ੍ਹਾਂ ਦੇ ਚੁਹਲ ਕਰਦਾ, ਕਦੇ ਰੁਸਦਾ ਕਦੇ ਮਨੀਂਦਾ ਹੈ। ਗੋਪੀਆਂ ਕ੍ਰਿਸ਼ਨ ਦੇ ਵਿਛੋੜੇ ਵਿਚ, ਬਿਹਬਲ ਹੋਈਆਂ ਕਦੇ ਤੜਪਦੀਆਂ ਤੇ ਕਦੇ ਮੇਲ ਦੀਆਂ ਘੜੀਆਂ ਵਿਚ ਉਨਮਾਦ ਵਿਚ ਆ ਜਾਂਦੀਆਂ ਹਨ। ਗੋਪੀਆਂ ਤੇ ਕ੍ਰਿਸ਼ਨ ਦੀ ਪ੍ਰੇਮ-ਲੀਲਾ ਵਿਚ ਤੜਪ ਦੇ ਨਾਲ ਆਤਮਾ ਦੀ ਪ੍ਰਮਾਤਮਾ ਵਿਚ ਲੀਨ ਹੋਣ ਦੀ ਤਾਂਘ ਵੀ ਇਕਰਸ ਹੈ। ਇਸੇ ਸਰਗੁਣ ਭਗਤੀ ਦਾ ਅਧਿਆਤਮਕ ਰਸ ਮਾਣਨ ਲਈ ਦਰਸ਼ਕ ਜੁੜਦੇ ਹਨ।

ਪੰਜਾਬ ਵਿਚ, ਰਾਸਾਂ ਪਾਉਣ ਵਾਲਿਆਂ ਨੂੰ, ਰਾਸਧਾਰੀਏ

ਕਹਿੰਦੇ ਹਨ। ਇਨ੍ਹਾਂ ਦੀਆਂ ਟੋਲੀਆਂ ਵਿਚ ਸਾਜ਼ਿੰਦੇ, ਗਵੱਈਏ ਤੇ ਛੋਟੀ ਉਮਰ ਦੇ ਕੁਝ ਨਚਾਰ ਮੁੰਡੇ; ਅਤੇ ਇਕ ਹੱਸਮੁਖ ਪਾਤਰ ਵੀ ਹੁੰਦਾ ਹੈ, ਜਿਸ ਨੂੰ ਮਖ਼ੌਲ ਨਾਲ 'ਨਾਰਦ' ਕਿਹਾ ਜਾਂਦਾ ਹੈ। ਇਕ ਨਚਾਰ ਨੂੰ, ਜੋ ਰਤਾ ਸੁਨੱਖਾ ਤੇ ਮਨਮੋਹਣਾ ਹੁੰਦਾ ਹੈ, ਕ੍ਰਿਸ਼ਨ ਬਣਾਇਆ ਜਾਂਦਾ ਹੈ ਤੇ ਉਸ ਨੂੰ ਬੜੀ ਰੀਝ ਤੇ ਮਿਹਨਤ ਨਾਲ ਸ਼ਿੰਗਾਰਿਆ ਜਾਂਦਾ ਹੈ। ਅੱਖਾਂ ਵਿਚ ਕਜਲ਼ੇ ਦੀਆਂ ਮੋਟੀਆਂ ਧਾਰਾਂ ਤੇ ਪਿਪਣੀਆਂ ਤੋਂ ਉਪਰ ਟਿਮਕਣੇ ਜਿਹੇ ਬਣਾ ਕੇ, ਉਸ ਦੇ ਚਿਹਰੇ ਨੂੰ ਨਿਖਾਰਿਆ ਤੇ ਨਕਸ਼ਾਂ ਨੂੰ ਤਿੱਖਾ ਕੀਤਾ ਜਾਂਦਾ ਹੈ, ਉਸ ਦੇ ਸਿਰ ਉਤੇ ਮੋਰ-ਮੁਕਟ ਸਜਾਇਆ ਜਾਂਦਾ ਹੈ ਤੇ ਹੱਥ ਵਿਚ ਬੰਸਰੀ। ਉਸ ਦਾ ਪਹਿਰਾਵਾ ਤੇ ਛਬੀ ਉਸੇ ਤਰ੍ਹਾਂ ਦੀ ਦਿਲ-ਖਿਚਵੀਂ ਹੁੰਦੀ ਹੈ, ਜਿਹੋ ਜਿਹੀ ਆਮ ਤਸਵੀਰਾਂ ਵਿਚ ਕ੍ਰਿਸ਼ਨ ਦੀ ਵੇਖਣ ਵਿਚ ਆਉਂਦੀ ਹੈ। ਨਚਾਰਾਂ ਵਿਚੋਂ ਕੋਈ ਇਕ ਹੋਰ ਮੁੰਡਾ, ਜਿਸ ਦੇ ਨਕਸ਼ਾਂ ਵਿਚ, ਜ਼ਨਾਨੇ ਨਕਸ਼ਾਂ ਦੀ ਪਰਛਾਈਂ ਹੋਵੇ, ਰਾਧਾ ਬਣਦਾ ਹੈ। ਰਾਧਾ ਦਾ ਸਵਾਂਗ ਵੀ ਕ੍ਰਿਸ਼ਨ ਵਾਂਗ ਬੜਾ ਆਕਰਸ਼ਿਤ ਹੁੰਦਾ ਹੈ। ਰਾਸਾਂ ਵਿਚ ਗੋਪੀਆਂ ਦਾ ਅਭਿਨੈ ਲਵੇ ਮੁੰਡੇ ਹੀ ਕਰਦੇ ਹਨ। ਰਾਧਾ ਤੇ ਕ੍ਰਿਸ਼ਨ ਦੇ ਪ੍ਰੇਮ ਦੀ ਲੀਲਾ ਮੰਚ ਉਤੇ ਅਜਿਹੇ ਢੰਗ ਨਾਲ ਖੇਡੀ ਜਾਂਦੀ ਹੈ ਕਿ ਇਸ ਵਿਚੋਂ ਭਗਤੀ ਭਾਵਨਾ ਦੇ ਨਾਲ ਸੌਹਜ-ਰਸ ਵੀ ਮਿਲਦਾ ਹੈ। ਕ੍ਰਿਸ਼ਨ ਤੇ ਰਾਧਾ ਦੀ ਪ੍ਰੇਮ ਕਹਾਣੀ ਲੋਕਾਂ ਦੇ ਦਿਲਾਂ ਵਿਚ ਰਸੀ ਹੋਈ *ਹੈ ਤੇ ਇਹ ਕਥਾ ਉਨ੍ਹਾਂ ਦੇ ਭਾਵਾਂ ਨੂੰ ਸਦਾ ਟੁੰਬਦੀ ਰਹੀ* ਹੈ। ਰਾਸ ਲੀਲਾ ਵਿਚ ਭਜਨ, ਸੰਗੀਤ, ਨਾਚ ਤੇ ਅਭਿਨੈ ਨੂੰ ਇਕ ਦੂਜੇ ਵਿਚ ਸਮੋ ਕੇ ਪੇਸ਼ ਕੀਤਾ ਜਾਦਾ ਹੈ। ਕ੍ਰਿਸ਼ਨ ਦੇ ਜੀਵਨ ਦੀਆਂ ਕਈ ਹੋਰ ਰੌਚਿਕ ਝਾਕੀਆਂ ਵੀ ਪੇਸ਼ ਕੀਤੀਆਂ ਜਾਂਦੀਆਂ ਹਨ।

ਮੁਢ ਵਿਚ ਰਾਸਾਂ ਦਾ ਵਿਸ਼ਾ ਕ੍ਰਿਸ਼ਨ ਦੀ ਕੋਈ ਲੀਲਾ ਹੀ ਹੁੰਦਾ ਸੀ, ਪਰ ਪਿਛੋਂ, ਰਾਸਾਂ ਦੁਆਰਾ ਪੰਜਾਬ ਦੇ ਲੋਕ-ਨਾਇਕਾਂ ਦੇ ਜੀਵਨ ਦਾ ਕੋਈ ਰਸੀਲਾ ਪੱਖ ਵੀ ਪੇਸ਼ ਕੀਤਾ ਜਾਣ ਲੱਗਾ। ਪੂਰਨ ਭਗਤ, ਗੋਪੀ ਚੰਦ ਤੇ ਪ੍ਰਹਿਲਾਦ ਭਗਤ ਦੀਆਂ ਭਾਵਨਾ ਵਾਲੀਆਂ ਕਥਾਵਾਂ ਦੇ ਨਾਲ ਨਾਲ ਹੀਰ ਰਾਂਝਾ, ਸੋਹਣੀ ਮਹੀਂਵਾਲ ਤੇ ਮਿਰਜ਼ਾ ਸਾਹਿਬਾਂ ਦੇ ਪ੍ਰੇਮ ਚੁਹਲ ਵੀ ਰਾਸਾਂ ਦੇ ਵਿਸ਼ੇ ਬਣ ਗਏ।

ਰਾਸਾਂ ਆਮ ਤੌਰ ਤੇ ਚਾਨਣੀਆਂ ਰਾਤਾਂ ਵਿਚ ਖੇਡੀਆਂ ਜਾਂਦੀਆਂ ਹਨ। ਪਰ ਜਨਮ ਅਸ਼ਟਮੀ ਦੇ ਅਗੇ ਪਿਛੇ ਰਾਸਾਂ ਕੁਝ ਵਧੇਰੇ ਹੀ ਜੋਸ਼ ਤੇ ਭਾਵਨਾ ਨਾਲ ਪਾਈਆਂ ਜਾਂਦੀਆਂ ਹਨ। ਹੁਣ ਇਨ੍ਹਾਂ ਦਾ ਰਵਾਜ ਘਟਦਾ ਜਾ ਰਿਹਾ ਹੈ।

## (ਲ-91) ਲੋਕ-ਮਨ ਤੇ ਕਾਵਿ-ਸੰਸਕਾਰ :

ਕਾਵਿ ਨੂੰ ਵਿਰਸੇ ਵਿਚ ਆਦਿਮ ਮਾਨਵ ਤੋਂ ਕੁਝ ਅਜਿਹੇ ਸੰਸਕਾਰ ਪ੍ਰਾਪਤ ਹੋਏ ਹਨ ਜੋ ਅਜ ਵੀ ਕਾਵਿ ਦੀ ਬੁਨਿਆਦੀ ਚੇਤਨਾ ਦਾ ਭਾਗ ਹਨ। ਇਹ ਸੰਸਕਾਰ ਕਾਵਿ ਦੇ ਸੁਭਾਵ ਵਿਚ ਸਹਿਜ ਰੂਪ ਵਿਚ ਰਚੇ ਹੋਣ ਕਰ ਕੇ, ਉਸ ਦੀ ਪ੍ਰਵਿਰਤੀ ਬਣ ਚੁਕੇ ਹਨ। ਭਾਵੇਂ ਯੁਗਾਂ ਦੀ ਲੰਮੀ ਯਾਤਰਾ ਵਿਚ, ਕਾਵਿ ਵਿਕਾਸ ਦੀਆਂ ਕਈ ਮੰਜ਼ਲਾਂ ਤੈਅ ਕਰਦੀ ਹੋਈ, ਅੱਜ ਬੌਧਿਕ ਜਗਤ ਵਿਚ ਵਧੇਰੇ ਪੈਰ ਪਸਾਰਦੀ ਜਾ ਰਹੀ ਹੈ ਅਤੇ ਨਵੀਂ ਚੇਤਨਾ ਦੇ ਅਨੁਕੂਲ ਨਵੇਂ ਲੱਛਣ, ਸਰੂਪ ਤੇ ਨੁਹਾਰ ਗ੍ਰਹਿਣ ਕਰ ਰਹੀ ਹੈ, ਫਿਰ ਵੀ ਜੋ ਸੰਸਕਾਰ ਬੀਜ ਰੂਪ ਵਿਚ ਕਵਿਤਾ ਦੀ ਹੋਣੀ ਬਣ ਗਏ ਹਨ, ਉਨ੍ਹਾਂ ਨੂੰ ਤਿਆਗਣ ਤੋਂ ਉਹ ਅਸਮਰਥ ਹੈ। ਜੇ ਰਤਾ ਗਹੁ ਨਾਲ ਵੇਖਿਆ ਜਾਵੇ ਤਾਂ ਕਾਵਿ ਉਦੋਂ ਕਾਲ ਵਿਚ ਗ੍ਰਹਿਣ ਕੀਤੇ ਸੰਸਕਾਰਾਂ ਤੋਂ ਕਦੇ ਵੀ ਮੁਕਤ ਨਹੀਂ ਹੋ ਸਕਦੀ, ਕਿਉਂਕਿ ਕਾਵਿ ਦੀ ਹੋਂਦ ਅਤੇ ਵਿਲੱਖਣਤਾ ਉਨ੍ਹਾਂ ਸੰਸਕਾਰਾਂ ਸਦਕਾ ਹੀ ਕਾਇਮ ਹੈ, ਜੋ ਸਹਿਜ ਪ੍ਰਵਿਰਤੀਆਂ ਦੇ ਰੂਪ ਵਿਚ ਕਾਵਿ ਦੀ ਕਾਇਆ ਵਿਚ ਲੀਨ ਹੋ ਚੁਕੇ ਹਨ।

ਕਾਵਿ ਦਾ ਜਨਮ ਲੋਕ-ਮਨ ਦੀ ਅਭਿਵਿਅਕਤੀ ਦੇ ਰੂਪ ਵਿਚ ਹੋਇਆ। ਇਸ ਲਈ ਕਾਵਿ ਵਿਚ ਲੋਕ-ਮਨ ਦੀਆਂ ਮੂਲ ਪ੍ਰਵਿਰਤੀਆਂ ਦਾ ਸੰਸਕਾਰ ਬਣ ਕੇ ਫੈਲਰਨਾ ਇਕ ਸੁਭਾਵਿਕ ਕਰਮ ਸੀ। ਆਦਿਮ ਅਵਸਥਾ ਵਿਚ ਕਾਵਿ ਦੀ ਆਪਣੀ ਕੋਈ ਨਵੇਕਲੀ ਹੋਂਦ ਨਹੀਂ ਸੀ ਅਤੇ ਨਾ ਹੀ ਉਹ ਆਪਣੇ ਆਪ ਵਿਚ ਕੋਈ ਸਹਿਜ ਸੁਤੰਤਰ ਕਲਾ ਹੀ ਸੀ। ਕਾਵਿ ਆਦਿਮ ਮਨੁਖ ਦੀਆਂ ਕਈ ਬੁਨਿਆਦੀ ਲੋੜਾਂ ਦੀ ਪੂਰਕ ਸੀ। ਕਾਵਿ ਇਕ ਮਾਧਿਅਮ ਸੀ, ਜਿਸ ਦੁਆਰਾ ਆਦਿਮ ਮਾਨਵ ਦੇਵਤਿਆਂ ਨੂੰ ਪਤਿਆਂਦਾ, ਇਕ ਮੰਤਰ ਸ਼ਕਤੀ ਸੀ ਜਿਸ ਦੁਆਰਾ ਉਹ ਹੋਣੀ ਨਾਲ ਸੰਘਰਸ਼ ਕਰਦਾ ਤੇ ਆਪਣੀਆਂ ਕਾਮਨਾਵਾਂ ਪੂਰੀਆਂ ਕਰਨ ਦੀ ਚੇਸ਼ਟਾ ਕਰਦਾ; ਇਕ ਜੀਵਨ-ਵਿਹਾਰ ਤੇ ਸਮੂਹ ਅਭਿਵਿਅਕਤੀ ਸੀ, ਜਿਸ ਦੁਆਰਾ ਉਹ ਕਈ ਸਮਾਜਿਕ ਕਰਮ-ਕਾਂਡ ਨਿਬਾਹੁੰਦਾ। ਕਾਵਿ ਇਕ ਸ਼ਬਦ-ਸੰਗੀਤ ਤੋਂ ਉਪਜੀ ਲੈਅ ਸੀ, ਜਿਸ ਦੁਆਰਾ ਆਦਿਮ ਮਾਨਵ ਬ੍ਰਹਿਮੰਡ ਦੀ ਵਿਰਾਟ ਲੈਅ, ਵਸਤੂ-ਸ਼ਕਤੀ ਅਤੇ ਪ੍ਰਾਕ੍ਰਿਤਕ ਹੋਂਦ ਨਾਲ ਇਕਸੁਰ ਹੋ ਕੇ ਉਸ ਵਿਚਲੀ ਆਤਮਿਕਤਾ ਨੂੰ ਆਪਣੀ ਇੱਛਾ ਅਨੁਕੂਲ ਕੁਝ ਕਰਨ ਲਈ ਪ੍ਰੇਰਦਾ। ਇਸ ਤਰ੍ਹਾਂ ਕਾਵਿ ਇਕ ਪੂਰਕ ਸੀ, ਪੂਰਤੀ ਨਹੀਂ।

ਜੇ ਉਪ੍ਰੋਕਤ ਦ੍ਰਿਸ਼ਟੀ ਤੋਂ ਵੇਖੀਏ ਤਾਂ ਕਾਵਿ ਦੀ ਉਤਪਤੀ ਇਕ ਮਿੱਥ ਦੇ ਰੂਪ ਵਿਚ ਮਨੁਖ ਦੀਆਂ ਕਿਰਿਆਤਮਕ ਅਤੇ ਭਾਵਾਤਮਕ ਲੋੜਾਂ ਦੀ ਪੂਰਤੀ ਵਜੋਂ

ਹੋਈ। ਮਿੱਥ ਦੀ ਸਿਰਜਨਾ ਆਦਿਮ ਮਾਨਵ ਦੀਆਂ ਮਨੌਤਾਂ, ਪਰਾ-ਕਲਪਨਾ, ਜਾਤੀ ਅਨੁਭਵ ਅਤੇ ਬਿੰਬਕ ਭਰਮ ਭੁਲਾਵੇ ਦੇ ਸੰਜੋਗ ਤੋਂ ਹੋਈ ਅਤੇ ਇਸ ਦੇ ਉਦਭਵ ਵਿਚ ਆਦਿਮ-ਮਨ ਦੀ ਪ੍ਰਮੁਖ ਪ੍ਰਵਿਰਤੀ ਆਤਮਸ਼ੀਲ ਚਿੰਤਨ ਨੂੰ ਪ੍ਰਧਾਨਤਾ ਪ੍ਰਾਪਤ ਹੈ। ਆਤਮਸ਼ੀਲ ਚਿੰਤਨ ਲੋਕ-ਮਨ ਦੀ ਇਕ ਪ੍ਰਵਿਰਤੀ ਹੈ ਜੋ ਆਦਿਮ ਮਾਨਵ ਦੀ ਅਭਿਵਿਅਕਤੀ ਵਿਚ ਗੌਰਵਮਈ ਸਥਾਨ ਰਖਦੀ ਸੀ। ਲੋਕ-ਮਨ ਹਰ ਵਸਤੂ ਨੂੰ ਭਾਵੇਂ ਉਹ ਸੂਖਮ ਹੋਵੇ ਜਾਂ ਸਥੂਲ, ਚਾਹੇ ਰੂਪ ਰਹਿਤ ਕੋਈ ਨਿਰਾਕਾਰ ਹੋਵੇ ਅਤੇ ਚਾਹੇ ਕੋਈ ਮਨੁਖੀ ਬਿਰਤੀ ਜਾਂ ਭਾਵ, ਉਹ ਹਮੇਸ਼ਾਂ ਉਸ ਨੂੰ ਰੂਪ ਵਿਚ ਹੀ ਕਲਪਦਾ ਹੈ। ਜਿਸ ਵਸਤੂ ਦਾ ਨਾਂ ਹੈ, ਉਸ ਦੀ ਕੋਈ ਕਾਇਆ ਜਾਂ ਸਰੂਪ ਵੀ ਹੈ। ਜਿਸ ਦੀ ਕਾਇਆ ਹੈ, ਉਹ ਪ੍ਰਾਣਧਾਰੀ ਵੀ ਹੈ। ਕਿਉਂ ਜੋ ਇਸੇ ਚਿੰਤਨ ਅਨੁਸਾਰ ਪ੍ਰਕ੍ਰਿਤੀ ਦੀ ਹਰ ਵਸਤੂ ਚਾਹੇ ਉਹ ਜੜ੍ਹ ਰੂਪ ਹੈ ਜਾਂ ਨਿਰਾਕਾਰ, ਉਸ ਵਿਚ ਚੇਤੰਨਤਾ ਦਾ ਪ੍ਰਵਾਹ ਹੈ। ਜਿਸ ਵਸਤੂ/ਭਾਵ ਦਾ ਕੋਈ ਪ੍ਰਾਣਧਾਰੀ ਰੂਪ ਨਹੀਂ, ਉਸ ਅਮੂਰਤ ਦੀ ਕੋਈ ਹੋਂਦ ਨਹੀਂ। ਅਣਹੋਂਦ ਦਾ ਹੀ ਕੋਈ ਨਾਉਂ ਨਹੀਂ ਹੁੰਦਾ, ਜੇ ਨਾਉਂ ਹੈ ਤਾਂ ਆਕਾਰ ਯੁਕਤ ਚੇਤੰਨ ਹੋਂਦ ਵੀ ਲਾਜ਼ਮੀ ਹੈ। ਇਸ ਲਈ ਸਭ ਨਾਉਂ ਸਮੂਰਤ, ਕਾਇਆਧਾਰੀ ਅਤੇ ਪ੍ਰਾਣਧਾਰੀ ਹਨ। ਨਾਉਂ ਤਾਂ ਮੂਲ ਸਮੁਚ ਦਾ ਅੰਸ਼ ਮਾਤਰ ਹੈ, ਮੂਲ ਨਾਮੀ ਤਾਂ ਜਿਉਂਦੀ ਹੋਂਦ ਦੇ ਰੂਪ ਵਿਚ ਸਥਿਰ ਹੈ, ਭਾਵੇਂ ਅਸੀਂ ਉਸ ਨੂੰ ਦ੍ਰਿਸ਼ਟੀਗੋਚਰ ਨਾ ਵੀ ਕਰ ਸਕੀਏ। ਸੋ ਨਾਮ ਨੂੰ ਪ੍ਰਾਣਧਾਰੀ ਆਕਾਰ ਯੁਕਤ ਰੂਪ ਵਿਚ ਸਮਝਣ ਦੀ ਬਿਰਤੀ ਲੋਕ-ਮਨ ਦੀ ਹੈ, ਜੋ ਮਿੱਥ ਵਿਚ ਪ੍ਰਜਵਲਤ ਹੋ ਕੇ ਮਗਰੋਂ ਕਾਵਿ ਦਾ ਸੰਸਕਾਰ ਬਣ ਗਈ। ਇਸੇ ਮਿੱਥਕ ਬਿਰਤੀ ਅਨੁਸਾਰ ਸਮਾਂ, ਗ਼ੁੱਸਾ ਆਦਿ ਭਾਵਵਾਚਕ ਵਸਤੂਆਂ : ਊਸ਼ਾ, ਰੁੱਤ, ਮੀਂਹ ਆਦਿ ਪ੍ਰਾਕ੍ਰਿਤਕ ਦ੍ਰਿਸ਼ਟਮਾਨ, ਹੋਣੀ, ਕਾਲ ਆਦਿ ਸੰਕਲਪ ਸਭ ਰੂਪ ਵਿਚ ਵਿਚਰਦੇ ਹਨ। ਇਥੋਂ ਤਕ ਕਿ ਕਾਵਿ ਦਾ ਆਪਣਾ ਵੀ ਪ੍ਰਾਣਧਾਰੀ ਰੂਪ ਹੈ। ਸੰਸਕ੍ਰਿਤ ਦੇ ਪ੍ਰਸਿੱਧ ਸਾਹਿੱਤਕਾਰ ਰਾਜ ਸ਼ੇਖਰ ਨੇ 'ਕਾਵਿ ਮੀਮਾਂਸਾ' ਵਿਚ ਕਾਵਿ ਦੀ ਉਤਪਤੀ ਬਾਰੇ ਇਕ ਕਥਾ ਇਉਂ ਵਰਨਣ ਕੀਤੀ ਹੈ : ਸਤਿਜੁਗ ਸਮੇਂ ਸਰਸਵਤੀ ਦੇਵੀ ਦੇ ਮਨ ਵਿਚ ਪੁੱਤਰ ਦੀ ਚੇਸ਼ਟਾ ਪੈਦਾ ਹੋਈ। ਦੈਵੀ ਸੰਜੋਗ ਨਾਲ ਉਸ ਦੇ ਉਦਰ ਤੋਂ ਕਾਵਿ ਪੁਰਸ਼ ਪੈਦਾ ਹੋਇਆ, ਜੋ ਜੰਮਦਿਆਂ ਸਾਰ ਹੀ ਕਵਿਤਾ ਵਿਚ ਗੱਲਾਂ ਕਰਨ ਲੱਗਾ। ਇਸ ਤੇ ਉਸ ਦਾ ਨਾਂ ਕਾਵਿ ਪੁਰਸ਼ ਰਖਿਆ ਗਿਆ। ਸ਼ਬਦ, ਨਾਂਵ, ਵਿਸ਼ੇਸ਼ਣ, ਕਿਰਿਆ ਆਦਿ ਉਸ ਦੇ ਅੰਗ ਹਨ। ਭੂਤ, ਭਵਿੱਖ ਅਤੇ ਵਰਤਮਾਨ ਉਸ ਦੇ ਪੈਰ, ਸੱਤ ਵਿਭਕਤੀਆਂ ਉਸ ਦੇ ਹੱਥ ਅਤੇ ਦੋ ਤਰ੍ਹਾਂ ਦੇ ਸ਼ਬਦ ਨਿੱਤ ਅਤੇ ਅਨਿੱਤ ਉਸ ਦਾ ਸਿਰ ਅਤੇ ਦਿਮਾਗ਼ ਹਨ। ਕਾਵਿ ਦਾ ਅਜਿਹਾ ਸਮੂਰਤੀਕਰਣ ਲੋਕ-ਮਨ ਦਾ ਹੀ ਸਿਰਜਣ-ਸੱਚ ਹੈ।

ਇਹ ਮਿੱਥਕ ਬਿਰਤੀ ਸਦੀਆਂ ਬੀਤਣ ਮਗਰੋਂ ਅੱਜ ਵੀ ਕਾਵਿ ਦੀ ਹੋਂਦ ਵਿਚ ਸੰਸਕਾਰ ਬਣ ਕੇ ਸਮਾਈ ਹੋਈ ਹੈ। ਸੂਖਮ ਅਤੇ ਭਾਵਵਾਚਕ ਨੂੰ ਸਮੂਰਤ ਰੂਪ ਵਿਚ ਅਤੇ ਪ੍ਰਾਕ੍ਰਿਤਕ ਦ੍ਰਿਸ਼ਟਮਾਨ ਨੂੰ ਪ੍ਰਾਣਧਾਰੀ ਅਤੇ ਮਾਨਵ ਸੰਸਕ੍ਰਿਤੀ ਦੇ ਪ੍ਰਤਿਰੂਪ ਵਿਚ ਚਿਤਵਣ ਦੀ ਲੋਕ-ਅਭਿਵਿਅਕਤੀ ਅੱਜ ਵੀ ਕਾਵਿ ਦੀ ਖ਼ਸਲਤ ਹੈ। ਮੱਧਕਾਲੀ ਕਾਵਿ ਦੀ ਇਹ ਪ੍ਰਧਾਨ ਬਿਰਤੀ

ਜਿੰਦ ਵਹੁਟੀ ਮਰਣ ਵਰ ਲੈ ਜਾਸੀ ਪਰਨਾਇ

—ਬਾਬਾ ਫਰੀਦ

ਅੱਜ ਵੀ ਕਾਵਿ ਦੀ ਕਾਇਆ ਵਿਚ ਵਿਦਮਾਨ ਹੈ। ਭਾਈ ਵੀਰ ਸਿੰਘ ਜਦੋਂ ਸਜਣ ਦੇ ਹੱਥ ਲੱਗੀ ਮਹਿੰਦੀ ਦੀ ਕਲਪਣਾ ਇਕ ਪ੍ਰਾਣਧਾਰੀ ਹੋਂਦ ਦੇ ਰੂਪ ਵਿਚ ਕਰਦਾ ਹੈ ਤਾਂ ਇਹੋ ਸੰਸਕਾਰ ਬਲਵਾਨ ਰੂਪ ਵਿਚ ਉਜਾਗਰ ਹੁੰਦਾ ਹੈ—

ਆਪੇ ਨੀ ਅਜ ਰਾਤ ਸਜਨ ਨੇ
ਸਾਨੂੰ ਫੜ ਘੁਟ ਰਖਿਆ।
ਵਸਲ ਮਾਹੀ ਦਾ, ਮਿਹਰ ਮਾਹੀ ਦੀ
ਅਜ ਅਸਾਂ ਨੇ ਲਖਿਆ।
ਜਿੰਦੜੀ ਸਾਡੀ ਅੰਗ ਸਮਾ ਲਈ
ਵੇਖ ਵੇਖ ਖੁਸ਼ ਹੋਵੇ।
ਕਿਉਂ ਸਹੀਓ ! ਕੁਈ ਸ੍ਵਾਦ ਸੱਜਣ ਨੇ
ਛੁਹ ਸਾਡੀ ਦਾ ਭਿ ਚਖਿਆ ?

ਕਾਵਿ ਦੀ ਇਕ ਵਿਸ਼ੇਸ਼ ਪ੍ਰਗਟਾ ਵਿਧੀ ਪ੍ਰਤੀਕ ਹੈ। ਕਾਵਿ-ਸੰਸਾਰ ਵਿਚ ਸ਼ਬਦ ਆਪਣੇ ਮੂਲ ਅਰਥ ਤਿਆਗ ਕੇ ਨਵੇਂ ਪ੍ਰਤੀਕਾਤਮਕ ਅਰਥ ਗ੍ਰਹਿਣ ਕਰਦੇ ਹਨ। ਕਾਵਿ ਦੀ ਕਾਇਆ ਵਿਚ ਪ੍ਰਵੇਸ਼ ਕਰਦਿਆਂ ਵਸਤੂ ਅਤੇ ਸ਼ਬਦ ਦੋਵੇਂ ਆਪਣੀ ਪ੍ਰਾਕ੍ਰਿਤਕ ਹੋਂਦ ਤਿਆਗ ਕੇ ਪ੍ਰਤੀਕ ਰੂਪ ਵਿਚ ਉਜਾਗਰ ਹੁੰਦੇ ਹਨ। ਪ੍ਰਤੀਕ ਮਿੱਥਕ ਭਾਵਨਾ ਦਾ ਹੀ ਪਾਸਾਰ ਹਨ, ਇਨ੍ਹਾਂ ਨੂੰ ਭਾਵਾਂ ਦੀ ਸਮੂਰਤ ਵਿਆਖਿਆ ਕਿਹਾ ਜਾ ਸਕਦਾ ਹੈ। ਪ੍ਰਤੀਕਾਂ ਦੁਆਰਾ ਅਮੂਰਤ ਵਸਤੂ ਜਾਂ ਸੰਕਲਪ ਸਮੂਰਤ ਰੂਪ ਵਿਚ ਵਿਚਰਦੇ ਹੋਏ ਭਾਵੁਕ ਅਤੇ ਬੌਧਿਕ ਅਰਥ ਗ੍ਰਹਿਣ ਕਰ ਲੈਂਦੇ ਹਨ। ਪ੍ਰਤੀਕਾਂ ਦੀ ਸਿਰਜਨਾ ਮਿੱਥਕ ਚੇਤਨਾ ਵਿਚੋਂ ਸਹਿਜ ਭਾਵ ਵਿਚ ਹੋਈ। ਪ੍ਰਤੀਕ ਮਨੁਖ ਦੇ ਅੰਦਰ ਦਾ ਕੋਈ ਵਿਸ਼ੇਸ਼ ਰੰਗ ਹੈ, ਜੋ ਕਿਸੇ ਵਸਤੂ ਵਿਚ ਜੀਰ ਕੇ ਉਸ ਨੂੰ ਵਿਲੱਖਣ ਬਣਾ ਦਿੰਦਾ ਹੈ। ਮਨੁਖ ਦੀ ਆਪਣੀ ਹੋਂਦ ਦਾ ਪਾਸਾਰ, ਜੋ ਕਿਸੇ ਵਸਤੂ ਭਾਵ ਨੂੰ ਨਵਾਂ ਅਸਤਿਤਵ ਬਖ਼ਸ਼ ਦਿੰਦਾ ਹੈ। ਇਕ ਅਜਿਹਾ ਨਿਰਲੇਪ ਅਸਤਿਤਵ ਜੋ ਉਸ ਵਸਤੂ ਨੇ ਮੂਲ ਵਿਚ ਕਦੇ ਭੋਗਿਆ ਨਹੀਂ ਹੁੰਦਾ। ਸੋ ਪ੍ਰਤੀਕਾਂ ਵਿਚ ਵਸਤੂ ਦੀ ਪ੍ਰਾਕ੍ਰਿਤਕ ਹੋਂਦ ਦਾ ਰੂਪ-ਪ੍ਰੀਵਰਤਨ ਹੋ ਜਾਂਦਾ ਹੈ। ਰੂਪ-ਪ੍ਰੀਵਰਤਨ ਦਾ ਸਾਰਾ ਸੰਕਲਪ ਅਤੇ ਪ੍ਰਕ੍ਰਿਆ ਮਿੱਥਕ ਹੋਣ ਸਦਕਾ ਪ੍ਰਤੀਕਾਂ

ਵਿਚ ਸੂਖਮ ਰੂਪ ਵਿਚ ਮਿਥ ਭਾਵਨਾ ਹੀ ਲੁਪਿਤ ਹੁੰਦੀ ਹੈ। ਪ੍ਰਤੀਕ ਤੇ ਮਿਥ ਵਿਚ ਸੂਖਮ ਜਿਹਾ ਅੰਤਰ ਹੈ। ਕਿਸੇ ਵਸਤੂ ਨਾਲ ਅਜਿਹੇ ਕਲਪਿਤ ਗੁਣ ਜਾਂ ਰੂਪ ਸੰਜੁਗਤ ਕਰ ਦਿਤੇ ਜਾਣ ਜੋ ਉਸ ਦੀ ਪ੍ਰਕ੍ਰਿਤੀ ਨਹੀਂ ਤਾਂ ਪ੍ਰਤੀਕ ਉਦੈ ਹੁੰਦਾ ਹੈ, ਪਰ ਜੇ ਉਸ ਨਾਲ ਪ੍ਰਾਣ, ਸਰੂਪ ਅਤੇ ਸ਼ਰਧਾ ਸੰਜੁਗਤ ਕਰ ਦਿਤੀ ਜਾਵੇ ਤਾਂ ਮਿਥ ਜਨਮ ਲੈਂਦੀ ਹੈ। ਪ੍ਰਤੀਕ ਦਾ ਨਿਆਇ ਵਾਂਗ ਤਰਕ-ਪੂਰਵਕ ਹੋਣ ਕਰ ਕੇ ਲੋਕ-ਮਨ ਦਾ ਹੀ ਨਿਆਇ ਹੈ।

ਵਸਤੂਆਂ ਉਪਰ ਕੋਈ ਗੁਣ, ਕੋਈ ਲੋਕ-ਅਭਿਵਿਅਕਤੀ ਤੇ ਕੋਈ ਮਾਨਸਿਕਤਾ ਥੋਪ ਕੇ ਉਸ ਨੂੰ ਨਵਾਂ ਅਸਤਿਤਵ ਬਖ਼ਸ਼ਣ ਦੀ ਰੁਚੀ ਆਦਿਮ-ਮਾਨਵ ਦੀ ਸੀ। ਉਹ ਇਸ ਸਿਰਜਣ-ਸੱਚ ਨੂੰ ਹੀ ਵਸਤੂ-ਸੱਚ ਮੰਨ ਕੇ ਜੀਵਨ ਦਾ ਯਥਾਰਥ ਬਣਾ ਲੈਂਦਾ ਸੀ। ਉਦਾਹਰਣ ਲਈ ਸਵਾਸਤਿਕ ਨੂੰ ਲਓ, ਜੋ ਸੂਰਜ ਦਾ ਪ੍ਰਤੀਕ ਮਿਥ ਲਿਆ ਗਿਆ। ਸੂਰਜ ਅਤੇ ਸਵਾਸਤਿਕ ਵਿਚ ਰੂਪ, ਆਕਾਰ, ਸੁਭਾਵ ਦੀ ਕੋਈ ਸਾਂਝ ਨਹੀਂ, ਦੋਹਾਂ ਵਿਚ ਵਾਹਿਦ ਸਾਂਝ ਸਭ ਦਿਸ਼ਾਵਾਂ ਵਿਚ ਫੈਲਰਨ ਦੀ ਹੈ। ਲੋਕ-ਮਨ ਅਨੁਸਾਰ ਸਵਾਸਤਿਕ ਦਾ ਚਿੰਨ੍ਹ ਸੂਰਜ ਦਾ ਪ੍ਰਤੀਕ ਹੋਣ ਕਰ ਕੇ ਸੂਰਜ ਦੀ ਸਮੁਚੀ ਕਾਇਆ ਦਾ ਇਕ ਅੰਸ਼ ਹੈ। ਲੋਕ-ਮਨ ਨਕਲ/ਪ੍ਰਤੀਕ ਨੂੰ ਅਸਲ ਦਾ ਅੰਸ਼ ਮੰਨਦੀ ਹੋਈ ਦੋਹਾਂ ਵਿਚ ਕੋਈ ਅਦ੍ਰਿਸ਼ਟ ਏਕਤਾ ਸਵੀਕਾਰਦੀ ਹੈ। ਟੂਣਾ-ਚਿੰਤਨ ਜੋ ਲੋਕ-ਮਨ ਦੀ ਹੀ ਇਕ ਪ੍ਰਵਿਰਤੀ ਹੈ, ਅਨੁਸਾਰ ਅੰਸ਼ ਵਿਚ ਅੰਸ਼ੀ (ਮੂਲ ਵਸਤੂ) ਅਦ੍ਰਿਸ਼ਟ ਰੂਪ ਵਿਚ ਵਿਦਮਾਨ ਰਹਿੰਦਾ ਹੈ। ਇਸ ਲਈ ਜਦੋਂ ਸਵਾਸਤਿਕ ਦਾ ਚਿੰਨ੍ਹ ਦਰਵਾਜ਼ੇ ਉਪਰ ਜਾਂ ਸੰਸਕਾਰਾਂ ਵੇਲੇ ਨੌਂ ਗ੍ਰਹਿਆਂ ਦੇ ਚੌਕ ਵਿਚ ਚਿਤ੍ਰਿਆ ਜਾਵੇ ਤਾਂ ਤੇਜਵਾਨ ਸੂਰਜ ਅੰਸ਼ ਰੂਪ ਵਿਚ ਉਸ ਸਥਾਨ ਉਤੇ ਵਿਦਮਾਨ ਹੋਵੇਗਾ। ਫਲਸਰੂਪ ਹਨੇਰੇ ਦੀਆਂ ਤਾਕਤਾਂ ਨਸ਼ਟ ਹੋ ਜਾਂਦੀਆਂ ਅਥਵਾ ਇਲ-ਬਲਾ, ਭੂਤ-ਪ੍ਰੇਤ ਨੇੜੇ ਨਹੀਂ ਢੁਕਦੇ। ਇਹ ਧਾਰਨਾ ਲੋਕ-ਮਨ ਦੀ ਉਪ੍ਰੋਕਤ ਤਰਕ-ਪੂਰਵ ਚਿੰਤਨ ਦੀ ਹੈ। ਇਹ ਪ੍ਰਤੀਕ ਲੋਕ-ਜੀਵਨ ਜਾਂ ਧਰਮ ਦਾ ਯਥਾਰਥ ਹੋਣ ਕਰ ਕੇ ਲੋਕ-ਸੱਚ ਹੈ। ਸੋ ਪ੍ਰਤੀਕ ਸ਼ੁਧ ਰੂਪ ਵਿਚ ਲੋਕ-ਮਨ ਦੀ ਵਸਤੂ ਹਨ। ਪ੍ਰੰਤੂ ਪ੍ਰਤੀਕ ਅੱਜ ਵੀ ਕਾਵਿ ਦੀ ਕਾਇਆ ਵਿਚ ਆਤਮਾ ਬਣ ਕੇ ਸਮਾਏ ਹੋਏ ਹਨ।

ਹੁਣ ਅਸੀਂ ਕਾਵਿ ਦੇ ਇਕ ਵਿਸ਼ੇਸ਼ ਸੁਹਜ ਤੱਤ ਅਲੰਕਾਰ ਨੂੰ ਲੈਂਦੇ ਹਾਂ। ਭਾਰਤੀ ਅਲੰਕਾਰ ਸ਼ਾਸਤ੍ਰੀਆਂ ਅਨੁਸਾਰ ਅਲੰਕਾਰ ਕਾਵਿ ਦੀ ਆਤਮਾ ਹਨ। ਪਰ ਜਿਵੇਂ ਕਿ ਅਸੀਂ ਅਗੇ ਚਲ ਕੇ ਵੇਖਾਂਗੇ ਅਲੰਕਾਰ ਬੁਨਿਆਦੀ ਤੌਰ 'ਤੇ ਲੋਕਧਾਰਾ ਦੀ ਵਸਤੂ ਹਨ ਅਤੇ ਇਨ੍ਹਾਂ ਦਾ ਆਧਾਰ ਵੀ ਲੋਕ-ਸੰਕਲਪ ਅਤੇ ਮਨੌਤਾਂ ਹਨ। ਅਲੰਕਾਰ ਦਾ ਉਦੈ ਵੀ ਆਦਿਮ ਮਾਨਵ ਦੀਆਂ ਕੁਝ ਮੁਢਲੀਆਂ ਪ੍ਰਵਿਰਤੀਆਂ ਵਿਚੋਂ ਹੋਇਆ। ਪਹਿਲੀ ਪ੍ਰਵਿਰਤੀ ਤਾਂ ਸਭ ਪਦਾਰਥਾਂ ਵਿਚ ਆਤਮ ਤੱਤ ਮੰਨਣ ਦੀ ਸੀ। ਜਿਵੇਂ ਕਿ ਉਪਰ ਚਰਚਾ ਕਰ ਆਏ ਹਾਂ ਆਦਿਮ ਮਾਨਵ ਰੁੱਖਾਂ ਬਿਰਖਾਂ, ਨਦੀ ਨਾਲਿਆਂ, ਚੰਨ-ਸੂਰਜ ਅਥਵਾ ਸਭ ਜੜ੍ਹ ਵਸਤੂਆਂ ਵਿਚ ਕਿਸੇ ਆਤਮ-ਤੱਤ ਦੀ ਹੋਂਦ ਸਵੀਕਾਰਦਾ ਹੋਇਆ ਉਸ ਨੂੰ ਆਪਣੇ ਵਾਂਗ ਹੀ ਚੇਤਨ ਤੇ ਪ੍ਰਾਣਧਾਰੀ ਸਮਝਦਾ ਸੀ। ਦੂਜਾ, ਆਦਿਮ ਮਾਨਵ ਆਪਣਾ ਆਪਾ ਤੇ ਸੰਸਕ੍ਰਿਤੀ ਜੜ੍ਹ ਵਸਤੂ ਵਿਚ ਪਾਸਾਰ ਕੇ, ਆਪਣੀ ਸੋਚ, ਜੀਵਨ-ਕਰਮ ਤੇ ਸੰਸਾਰ ਦੇ ਪ੍ਰਤਿਰੂਪ ਉਸ ਦਾ ਵੀ ਇਕ ਸੰਸਾਰ ਤੇ ਸੰਸਕ੍ਰਿਤੀ ਕਲਪ ਲੈਂਦਾ ਸੀ। ਇਸੇ ਆਪੇ ਦਾ ਪਾਸਾਰ ਕਰ ਕੇ ਜਦੋਂ ਕਿਸੇ ਅਨੁਭਵ ਵਸਤੂ ਉਤੇ ਕਲਪਿਤ ਹੋਂਦ ਆਰੋਪਿਤ ਕਰ ਦਿਤੀ ਜਾਵੇ ਤਾਂ ਅਲੰਕਾਰਾਂ (ਰੂਪਕਾਂ ਆਦਿ) ਦਾ ਉਦੈ ਹੁੰਦਾ ਹੈ।

ਕਾਵਿ ਦੀ ਪ੍ਰਕ੍ਰਿਤੀ ਮੁਢ ਕਦੀਮ ਤੋਂ ਇਹੋ ਰਹੀ ਹੈ ਕਿ ਕਵੀ ਵਸਤੂ ਨੂੰ ਵਸਤੂ ਦੇ ਰੂਪ ਵਿਚ ਨਹੀਂ ਪੇਸ਼ ਕਰਦੇ, ਉਹ ਵਸਤੂ ਦੇ ਨਿਜ ਅਨੁਭਵ ਨੂੰ ਰੂਪਮਾਨ ਕਰਦਾ ਹੈ, ਉਸ ਵਿਚ ਆਪਣਾ ਆਪਾ ਸਮੋ ਕੇ ਜਾਂ ਆਪਣੇ ਵਿਅਕਤਿਤਵ ਦੇ ਵਿਸਥਾਰ ਦੁਆਰਾ ਉਸ ਨੂੰ ਇਕ ਨਵੀਂ ਹੋਂਦ ਬਖ਼ਸ਼ ਦਿੰਦਾ ਹੈ ਜੋ ਉਸ ਦਾ ਅਰਥ ਤਾਂ ਹੈ ਪਰ ਯਥਾਰਥ ਨਹੀਂ। ਕਿਸੇ ਵਸਤੂ ਵਿਚ ਆਪਣੇ ਨਿਜੀ ਵਿਅਕਤਿਤਵ ਦੀ ਪ੍ਰਛਾਈਂ ਵੇਖਣੀ ਲੋਕ-ਮਨ ਦੀ ਹੀ ਅਭਿਵਿਅਕਤੀ ਰਹੀ ਹੈ।

ਲੋਕ-ਮਨ ਵਿਚ ਆਪਾ ਪਰਕਾ ਸਭ ਮਿਟਿਆ ਹੁੰਦਾ ਹੈ। ਵਸਤੂ, ਭਾਵ ਅਤੇ ਦ੍ਰਿਸ਼ਟਮਾਨ ਆਦਿ ਸ਼ੁਧ ਰੂਪ ਵਿਚ ਵਸਤੂ ਆਦਿ ਨਾ ਰਹਿ ਕੇ ਉਸ ਦਾ ਆਪਣਾ ਪ੍ਰਤਿਰੂਪ ਬਣ ਜਾਂਦੇ ਹਨ। ਪਰ ਭਾਵੇਂ ਜੜ੍ਹ ਹੋਵੇ ਜਾਂ ਚੇਤੰਨ ਲੋਕ-ਮਨ ਨੂੰ ਆਪਣੇ ਸਮਾਨ ਹੀ ਸੋਚਦਾ, ਸਮਝਦਾ, ਪ੍ਰਕ੍ਰਿਆ ਕਰਦਾ ਅਤੇ ਆਪਣੇ ਵਰਗੀਆਂ ਬਿਰਤੀਆਂ, ਇੰਦਰਿਆਂ ਅਤੇ ਸੰਸਕ੍ਰਿਤੀ ਦਾ ਧਾਰਨੀ ਮੰਨਦਾ ਹੈ। ਭਾਈ ਵੀਰ ਸਿੰਘ ਦੀ ਕਵਿਤਾ 'ਕੇਲੋਂ ਦੇ ਗਲ ਲਗੀ ਵੇਲ' ਇਸੇ ਪ੍ਰਕ੍ਰਿਤੀ ਦਾ ਵਧੀਆ ਪ੍ਰਮਾਣ ਹੈ। ਭਾਈ ਵੀਰ ਸਿੰਘ ਨੇ ਵੇਲ ਦੀ ਵਿਆਕੁਲਤਾ ਨੂੰ ਆਪਣਾ ਨਿਜ ਤੇ ਸੰਸਕ੍ਰਿਤੀ ਪ੍ਰਦਾਨ ਕਰ ਦਿਤੀ ਹੈ। ਵੇਲ ਇਕ ਸਾਧਾਰਨ ਪ੍ਰਾਕ੍ਰਿਤਕ ਵਸਤੂ ਨਾ ਰਹਿ ਕੇ ਉਹ ਇਕ ਵਿਸ਼ੇਸ਼ ਪ੍ਰੇਮਕਾ/ਜਗਿਆਸੂ ਬਣ ਗਈ ਜੋ ਪ੍ਰੇਮੀ/ਗੁਰੂ ਤੋਂ ਅਲਹਿਦਾ ਹੋ ਕੇ ਵਿਗਸ ਨਹੀਂ ਸਕਦੀ। ਇਹ ਸੰਸਕਾਰ ਕਾਵਿ ਨੇ ਲੋਕ-ਮਨ ਤੋਂ ਗ੍ਰਹਿਣ ਕੀਤਾ।

ਤੀਜੀ ਆਦਿਮ ਪ੍ਰਵਿਰਤੀ ਸੀ ਵਸਤੂਆਂ ਨੂੰ ਅਦਵੈਤ ਰੂਪ ਵਿਚ ਸਵੀਕਾਰਨਾ। ਜਦੋਂ ਬ੍ਰਹਿਮੰਡ ਦੇ ਹਰ ਕਣ ਵਿਚ ਚਾਹੇ ਉਹ ਜੜ੍ਹ ਹੈ ਤੇ ਚਾਹੇ ਚੇਤੰਨ, ਆਤਮ-ਤਤ

ਦੀ ਹੋਂਦ ਮੰਨ ਲਈ ਜਾਵੇ ਤਾਂ ਫਿਰ ਜੜ੍ਹ ਚੇਤੰਨ ਵਿਚ ਉਂਜ ਵੀ ਦਵੈਤ ਨਹੀਂ ਰਹਿੰਦਾ। ਸੂਰਜ ਜਦੋਂ ਆਦਿਮ ਮਾਨਵ ਨੂੰ ਇਕ ਸ਼ਕਤੀਵਾਨ ਵਿਅਕਤੀ ਲਗਦਾ ਸੀ ਅਤੇ ਬਨਸਪਤੀ ਇਕ ਸੁਘੜ ਤੇ ਮਨਮੋਹਣੀ ਯੁਵਤੀ ਤਾਂ ਆਦਿਮ ਮਾਨਵ ਤੇਜਸਵੀ ਸ਼ਖ਼ਸ ਨੂੰ ਸਹਿਜ ਸੁਭਾ ਸੂਰਜ ਆਖ ਸਕਦਾ ਸੀ ਅਤੇ ਰੂਪਮਤੀ ਇਸਤ੍ਰੀ ਨੂੰ ਵੇਲ। ਉਪਮੇਯ ਅਤੇ ਉਪਮਾਨ ਦੀ ਅਦਵੈਤਤਾ ਉਤੇ ਹੀ ਰੂਪਕਾਂ ਦੀ ਹੋਂਦ ਕਾਇਮ ਹੈ। ਇਹ ਅਦਵੈਤ ਚੇਤੰਨਤਾ ਲੋਕ-ਮਨ ਦੀ ਖਸਲਤ ਰਹੀ ਹੈ।

ਆਦਿਮ ਮਾਨਵ ਦਾ ਵਿਸ਼ਵਾਸ ਸੀ ਕਿ ਪ੍ਰਕ੍ਰਿਤੀ ਦੇ ਆਤਮ-ਤੱਤ ਵਿਚ ਰੂਪ-ਪ੍ਰੀਵਰਤਨ ਦੀ ਸਹਿਜ ਸ਼ਕਤੀ ਹੈ ਅਤੇ ਉਹ ਇਛਾ ਅਨੁਸਾਰ ਜੋ ਰੂਪ ਚਾਹੇ ਧਾਰਨ ਕਰ ਸਕਦੀ ਹੈ। ਇਸ ਲਈ ਰੂਪਕ ਵਿਧੀ ਦੁਆਰਾ ਕਿਸੇ ਵਸਤੂ ਦਾ ਰੂਪ ਪ੍ਰੀਵਰਤਨ ਉਸ ਦੀ ਲੋਕ-ਅਭਿਵਿਅਕਤੀ ਲਈ ਸੁਭਾਵਕ ਸੱਚ ਸੀ। ਫਿਰ ਆਦਿਮ ਮਾਨਵ ਪ੍ਰਕ੍ਰਿਤੀ ਦੀ ਹਰ ਵਸਤੂ ਦੇ ਨਾਉਂ ਵਿਚ ਉਸ ਵਸਤੂ ਦੀ ਹੋਂਦ ਅੰਸ਼ ਰੂਪ ਵਿਚ ਵਿਦਮਾਨ ਮੰਨਦਾ ਸੀ। ਇਸ ਲਈ ਨਾਉਂ ਦੇ ਅੰਸ਼ ਦੁਆਰਾ ਅੰਸ਼ੀ ਦੇ ਗੁਣ ਗ੍ਰਹਿਣ ਕਰਨ ਦੀ ਭਾਵਨਾ ਵੀ ਰੂਪਕਾਂ ਵਿਚ ਲੁਪਿਤ ਸੀ। ਇਨ੍ਹਾਂ ਬੁਨਿਆਦੀ ਗੱਲਾਂ ਤੋਂ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਅਲੰਕਾਰਾਂ ਦਾ ਉਦੈ ਲੋਕ-ਮਨ ਦੀ ਅਭਿਵਿਕਤੀ ਦੇ ਰੂਪ ਵਿਚ ਹੀ ਹੋਇਆ।

ਕਾਵਿ ਨੂੰ ਵਿਰਸੇ ਵਿਚ ਆਦਿਮ ਮਾਨਵ ਤੋਂ ਜੋ ਸੰਸਕਾਰ ਮਿਲੇ ਹਨ, ਉਨ੍ਹਾਂ ਨੂੰ ਪੂਰੇ ਜਲੌ ਵਿਚ ਬਾਣੀ ਵਿਚ ਵੇਖਿਆ ਜਾ ਸਕਦਾ ਹੈ। ਬਾਣੀ ਦਾ ਸੰਸਾਰ ਸ਼ੁਧ ਰੂਪ ਵਿਚ ਹੈ ਹੀ ਲੋਕ-ਮਨ ਦਾ ਸੰਸਾਰ। ਮੌਤ ਤੋਂ ਬਾਅਦ ਦੇ ਅਣਡਿਠੇ ਸੰਸਾਰ ਦੀ ਕਲਪਨਾ, ਵਿਰਾਟ ਬ੍ਰਹਿਮੰਡ ਵਿਚ ਕਿਸੇ ਅਸੀਮ ਤੇ ਅਜਰ-ਅਮਰ ਸ਼ਕਤੀ ਦੀ ਹੋਂਦ ਮਿਥਣਾ, ਆਤਮਾ ਦੀ ਅਮਰ ਹੋਂਦ ਆਦਿ ਸਭ ਮਿਥਕ ਬਿਰਤੀ ਦਾ ਸਿਰਜਣ ਸੱਚ ਹੈ ਅਤੇ ਲੋਕ-ਮਨ ਦੀ ਅਭਿਵਿਅਕਤੀ। ਬਾਣੀ ਸੰਸਾਰ ਦਾ ਸਾਰਾ Rationale ਮਿਥ ਜਗਤ ਵਾਂਗ ਤਰਕ ਮੁਕਤ ਅਥਵਾ ਰਹੱਸਮਈ ਹੈ। ਵਿਗਿਆਨੀ ਮਨ ਤਾਂ ਬ੍ਰਹਿਮੰਡੀ ਪਸਾਰੇ ਵਿਚ ਕਿਸੇ ਸਰਬ ਸਮਰੱਥ ਸ਼ਕਤੀਮਾਨ ਪਾਰਬ੍ਰਹਮ ਦੀ ਹੋਂਦ ਹੀ ਨਹੀਂ ਸਵੀਕਾਰਦਾ। ਪਰ ਲੋਕ-ਮਨ ਇਸ ਸੰਸਾਰ ਤੋਂ ਪਰੋਖੇ ਇਕ ਹੋਰ ਅਦ੍ਰਿਸ਼ਟ ਪਰਾ-ਸੰਸਾਰ ਨੂੰ ਮੰਨਦਾ ਤੇ ਉਸੇ ਨੂੰ ਇਸ ਸੰਸਾਰ ਦੀ ਚਾਲਕ ਸ਼ਕਤੀ ਸਵੀਕਾਰ ਕੇ ਉਸ ਵਿਚ ਪੂਰੀ ਆਸਥਾ ਰਖਦਾ ਹੈ। ਇਸ ਲਈ ਬਾਣੀ ਦੀ ਹੋਂਦ ਸਹਿਜੇ ਹੀ ਲੋਕ-ਮਨ ਵਿਚ ਮਿਥੀ ਜਾ ਸਕਦੀ ਹੈ ਅਤੇ ਇਸ ਦਾ ਸਿਰਜਨ ਸੱਚ ਲੋਕ-ਮਨ ਦੀਆਂ ਬਿਰਤੀਆਂ ਵਿਚ ਲੱਭਿਆ ਜਾ ਸਕਦਾ ਹੈ। ਇਹ ਵਿਸ਼ਾ ਵੱਖਰੇ ਲੇਖ ਦੀ ਮੰਗ ਕਰਦਾ ਹੈ।

ਲੋਕ-ਮਨ ਸ਼ਬਦਾਂ ਵਿਚ ਦੈਵੀ ਸ਼ਕਤੀ ਮੰਨਦਾ ਹੈ। ਸ਼ਬਦ ਬਾਣੀ ਵਿਚ ਪ੍ਰਾਕ੍ਰਿਤਕ ਹੋਂਦ ਵਾਲੇ ਸਾਧਾਰਨ ਸ਼ਬਦ ਨਹੀਂ, ਇਕ ਰਹੱਸਮਈ ਸ਼ਕਤੀਸ਼ਾਲੀ ਮਾਧਿਅਮ ਹਨ, ਜੋ ਲੋਕ ਨੂੰ ਪਰਲੋਕ ਨਾਲ, ਪ੍ਰਾਣੀ ਨੂੰ ਬ੍ਰਹਮ ਨਾਲ, ਦ੍ਰਿਸ਼ਟ ਨੂੰ ਅਦ੍ਰਿਸ਼ਟ ਨਾਲ ਜੋੜਦੇ ਹਨ। ਇਕ ਰਹੱਸਮਈ ਸੰਚਾਰ ਹਨ ਜਿਨ੍ਹਾਂ ਦੀ ਪ੍ਰਕ੍ਰਿਤੀ ਟੂਣਾ ਚਿੰਤਨ ਵਾਲੀ ਹੈ। ਬਾਣੀ ਦਾ ਹਰ ਸ਼ਬਦ ਇਕ ਦੈਵੀ ਅੰਸ਼ ਹੈ, ਜਿਸ ਦੁਆਰਾ ਮੂਲ ਅੰਸ਼ੀ ਪਾਰਬ੍ਰਹਮ ਤਕ ਯਾਤ੍ਰਾ ਇਕ ਸੁਭਾਵਿਕ ਕਰਮ ਮਿਥਿਆ ਗਿਆ ਹੈ। ਨਾਮ ਦੁਆਰਾ ਨਾਮੀ ਤਕ ਅਤੇ ਸਰੀਰ ਵਿਚ ਵਿਦਮਾਨ 'ਅੰਸ਼ ਜੋਤ' ਤੋਂ 'ਪਰਮ ਜੋਤ' ਤਕ ਪਹੁੰਚਣ ਦਾ ਜੋ ਰਹੱਸਮਈ ਕਰਮ ਬਾਣੀ ਦਾ ਸੁਭਾਵ ਹੈ ਉਹ ਜਾਦੂ-ਮੰਤਰਾਂ ਦੀ ਬੁਨਿਆਦੀ ਪ੍ਰਕ੍ਰਿਤੀ ਨਾਲ ਕਾਫ਼ੀ ਮੇਲ ਖਾਂਦਾ ਹੈ। ਧਰਮ ਦੇ ਅਨੇਕਾਂ ਕਰਮ-ਕਾਂਡ ਮੂਲ ਵਿਚ ਜਾਦੂ ਟੂਣੇ ਦੇ ਹੀ ਸੋਧੇ ਜਾਂ ਦੈਵੀਕ੍ਰਿਤ ਕੀਤੇ ਰੂਪ ਹਨ। ਇਸ ਤਰ੍ਹਾਂ ਬਾਣੀ ਦਾ ਮੂਲ ਸੱਚ ਕੁਝ ਹੱਦ ਤਕ ਲੋਕ-ਮਨ ਦਾ ਹੀ ਸੱਚ ਕਿਹਾ ਜਾ ਸਕਦਾ ਹੈ।

ਕਾਵਿ ਦੇ ਉਪ੍ਰੋਕਤ ਆਦਿਮ ਸੰਸਕਾਰ ਕਵਿਤਾ ਦੀ ਹੋਣੀ ਬਣੇ ਹੋਏ ਹਨ। ਇਹ ਹੋਣੀ ਕਵਿਤਾ ਨੂੰ ਆਪਣੀ ਅਵਧੀ ਪੂਰੀ ਹੋਣ ਤਕ ਅਵੱਸ਼ ਭੋਗਣੀ ਪਏਗੀ। ਕਾਵਿ ਦੀ ਸਿਰਜਨਾ ਵੇਲੇ ਚੇਤੰਨ ਮਨ ਨਾਲੋਂ ਅਵਚੇਤਨ ਮਨ ਵਧੇਰੇ ਕ੍ਰਿਆਸ਼ੀਲ ਹੁੰਦਾ ਹੈ। ਜੇ ਵੇਖਿਆ ਜਾਵੇ ਤਾਂ ਕਾਵਿ ਅਵਚੇਤਨ ਵਿਚ ਉਦੈ ਹੋਏ ਮਨੋ-ਚਿਤਰਾਂ ਦਾ ਕਲਾਤਮਿਕ ਸੰਗਠਨ ਹੈ। ਕਵਿਤਾ ਦੀ ਸਿਰਜਣ-ਛਿਨ ਵੇਲੇ ਸਿਰਜਕ ਭਾਵੇਂ ਕਿਤਨਾ ਵੀ ਸੁਚੇਤ ਹੋਣ ਦਾ ਯਤਨ ਕਰੇ, ਉਸ ਦਾ ਆਪਣੇ ਮਨ ਦੀਆਂ ਵਾਗਾਂ ਉਪਰ ਕਦੇ ਪੂਰਾ ਵਸ ਨਹੀਂ ਹੁੰਦਾ। ਕਵੀ ਦੀ ਵਿਅਕਤੀਗਤ ਚੇਤਨਾ ਉਨ੍ਹਾਂ ਕਰਮ ਛਿਣਾਂ ਵਿਚ ਅਵਚੇਤਨ ਦੇ ਵੇਗ ਤੇ ਪ੍ਰਕਾਸ਼ ਵਿਚ ਧੁੰਦਲੀ ਹੋ ਜਾਂਦੀ ਹੈ। ਇਸੇ ਸ਼ਖ਼ਸੀ ਅਵਚੇਤਨ ਦੀ ਤਹਿ ਵਿਚ ਆਦਿਮ (ਲੋਕ) ਮਨ ਸੰਸਕਾਰ ਬਣ ਕੇ ਘੇਸ ਮਾਰੀ ਪਿਆ ਹੁੰਦਾ ਹੈ ਅਤੇ ਕਾਵਿ ਦੀ ਸਿਰਜਨ ਪ੍ਰਕ੍ਰਿਆ ਵਿਚ ਇਹੋ ਅਵਚੇਤਨ ਸੁਤੇ ਸਿਧ ਆਪਣਾ ਚਮਤਕਾਰ ਵਿਖਾ ਜਾਂਦਾ ਹੈ।

ਆਦਿਮ ਮਨ ਹਰ ਮਨੁੱਖ ਵਿਚ ਭਾਵੇਂ ਉਹ ਕਿਤਨਾ ਵੀ ਸਭਿਅਕ ਅਤੇ ਬੁਧੀਜੀਵੀ ਹੋਵੇ, ਸੂਖਮ ਮਨੋ-ਭਾਵਾਂ ਦੇ ਰੂਪ ਵਿਚ ਟਿਕਿਆ ਹੁੰਦਾ ਹੈ। ਕਾਵਿ ਸਿਰਜਨਾ ਵੇਲੇ ਇਹ ਅਵਚੇਤਨ ਵਿਚੋਂ ਉਭਰ ਕੇ ਚੇਤਨ ਵਿਚ ਪਸਰ ਜਾਂਦਾ ਅਤੇ ਵਿਅਕਤੀ ਨਿਆਇ ਮੁਕਤ ਜਾਂ ਪ੍ਰੀਲਾਜੀਕਲ

ਮਨੋਵਸਥਾ ਵਿਚ ਵਿਚਰਨ ਲਗਦਾ ਹੈ। ਇਹ ਮਨੋਸਥਿਤੀ ਸ਼ੁਧ ਲੋਕ-ਮਨ ਵਾਲੀ ਮਨੋਸਥਿਤੀ ਹੁੰਦੀ ਹੈ। ਇਸ ਲਈ ਕਵੀ ਨੂੰ ਆਦਿਮ ਸੰਸਕਾਰ ਤਿਆਗਣੇ ਅਸੰਭਵ ਹੋ ਜਾਂਦੇ ਹਨ। ਜਦੋਂ ਕਵੀ ਸਾਰੀ ਸ੍ਰਿਸ਼ਟੀ ਨੂੰ ਚੇਤੰਨ ਮੰਨ ਕੇ ਚਸ਼ਮੇ ਨੂੰ ਸੁਆਲ ਕਰਦਾ ਅਤੇ ਚਸ਼ਮਾ ਅਗੋਂ ਉੱਤਰ ਦਿੰਦਾ ਹੈ:

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ,
ਓ ਕਰ ਆਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ?
ਓ ਦਿਨੇ ਰਾਤ ਪਏ ਵਹਿੰਦੇ।
ਇਕੋ ਲਗਨ ਲਗੀ ਲਈ ਜਾਂਦੀ ਹੈ,
ਟੋਰ ਅਨੰਤ ਉਨ੍ਹਾਂ ਦੀ।
ਵਸਲੋਂ ਉਰੇ ਮੁਕਾਮ ਨ ਕੋਈ,
ਸੋ ਚਾਲ ਪਏ ਨਿਤ ਰਹਿੰਦੇ।

ਤਾਂ ਕਵੀ ਦੇ ਅਵਚੇਤਨ ਵਿਚੋਂ ਇਹੋ ਆਦਿਮ-ਮਨ ਉਦੈ ਹੋ ਕੇ ਆਪਣੇ ਚਮਤਕਾਰ ਵਿਖਾ ਰਿਹਾ ਹੁੰਦਾ ਹੈ।

(ਲ-92) **ਲੋਟਾ** :

ਫ਼ਸਲ ਦਾ ਉਹ ਹਿੱਸਾ, ਜੋ ਪੀਰਾਂ ਫ਼ਕੀਰਾਂ ਦੀਆਂ ਖ਼ਾਨਗਾਹਾਂ ਨੂੰ ਖ਼ੈਰਾਤ ਵਿਚ ਦਿਤਾ ਜਾਂਦਾ ਹੈ। ਮੁਲਤਾਨ ਦੇ ਜ਼ਿਲੇ ਵਿਚ ਫਸਲਾਂ ਨੂੰ ਗਾਹਣ ਮਗਰੋਂ ਕੁਝ ਦਾਣੇ ਖ਼ਾਨਗਾਹਾਂ ਨੂੰ ਭੇਜੇ ਜਾਂਦੇ ਹਨ, ਖ਼ਾਸ ਤੌਰ ਤੇ ਬਹਾਵਲਪੁਰ ਤੇ ਮਖ਼ਦੂਮ ਦੀਆਂ ਦਰਗਾਹਾਂ ਨੂੰ। ਇਹ ਅੰਨ ਲੋਟਾ ਅਖਵਾਉਂਦਾ ਹੈ ਤੇ ਇਹ ਇਸ ਆਸ ਨਾਲ ਦਿਤਾ ਜਾਂਦਾ ਹੈ ਕਿ ਪੀਰ ਉਨ੍ਹਾਂ ਦੀ ਫ਼ਸਲ ਉਤੇ ਕ੍ਰਿਪਾ ਦੀ ਦ੍ਰਿਸ਼ਟੀ ਰਖੇਗਾ।

(ਲ-93) **ਲੋਟਾ (ਸਾਜ਼)** :

ਲੋਟੇ ਦੀ ਸ਼ਕਲ ਦਾ ਇਕ ਸਾਜ਼, ਜੋ ਮੀਆਂਵਾਲੀ ਦੇ ਇਲਾਕੇ ਵਿਚ ਬੜਾ ਪ੍ਰਚਲਤ ਹੈ। ਮਿੱਟੀ ਦੇ ਬਣੇ ਲੋਟੇ ਦੇ ਮੂੰਹ ਉਤੇ ਝਿੱਲੀ ਚੜ੍ਹਾ ਦਿਤੀ ਜਾਂਦੀ ਹੈ। ਝਿੱਲੀ ਦੇ ਅੰਦਰੋਂ ਇਕ ਤੰਦੀ ਲੰਘਾ ਕੇ ਲੋਟੇ ਦੇ ਗਲ ਦੁਆਲੇ ਵਲ ਦਿਤੀ ਜਾਂਦੀ ਹੈ। ਇਕ ਹੋਰ ਤੰਦੀ ਝਿੱਲੀ ਦੇ ਉਤੇ ਬੰਨ੍ਹੀ ਜਾਂਦੀ ਹੈ। ਇਸ ਤੰਦੀ ਨਾਲ ਨਿਕੇ ਨਿਕੇ ਘੁੰਗਰੂ ਬੱਝੇ ਹੁੰਦੇ ਹਨ। ਇਸ ਸਾਜ਼ ਨੂੰ ਖੱਬੀ ਬਗਲ ਵਿਚ ਦਬਾ ਲਿਆ ਜਾਂਦਾ ਹੈ ਅਤੇ ਸੱਜੇ ਹੱਥ ਵਿਚ ਡੰਡੀ ਫੜ ਕੇ ਤੰਦੀ ਨੂੰ ਵਜਾਇਆ ਜਾਂਦਾ ਹੈ।

ਮੀਆਂਵਾਲੀ ਵਿਚ ਪਿੰਡ ਦੇ ਪਰ੍ਹੇ ਵਿਚ ਕਵੀਸ਼ਰ ਜਦੋਂ ਦੋਹੇ ਗਾਉਂਦੇ ਹਨ, ਤਾਂ ਗਾਇਕ ਪਿੰਡ ਵਿਚਕਾਰ ਇਹੋ ਸਾਜ਼ ਵਜਾਉਂਦਾ ਹੈ। ਇਸ ਵਿਚ ਮੀਂਹ ਦੀਆਂ ਕਣੀਆਂ ਵਰਗੀ ਬੜੀ ਮਧੁਰ ਆਵਾਜ਼ ਨਿਕਲਦੀ ਹੈ।

(ਲ-94) **ਲੌਹ** :

ਮੁਸਲਮਾਨੀ ਅਕੀਦੇ ਅਨੁਸਾਰ ਅੱਲ੍ਹਾ ਦੇ ਪਾਸ ਅਰਸ਼ ਵਿਚ ਇਕ ਵੱਡੀ ਸਾਰੀ ਤਖ਼ਤੀ ਹੈ, ਜਿਸ ਨੂੰ ਲੌਹ ਕਿਹਾ ਜਾਂਦਾ ਹੈ। ਇਸ ਤਖ਼ਤੀ ਉਤੇ ਸੰਸਾਰ ਦੇ ਸਾਰੇ ਜੀਵਾਂ ਦੇ ਚੰਗੇ ਮੰਦੇ ਕਰਮ ਅੰਕਿਤ ਰਹਿੰਦੇ ਹਨ। ਇਸ ਤਖ਼ਤੀ ਉਤੇ, ਅੱਲ੍ਹਾ ਆਪਣੀ ਕਲਮ ਨਾਲ, ਜਿਸ ਨੂੰ 'ਲੌਹ ਕਲਮ' ਕਹਿੰਦੇ ਹਨ, ਸੰਸਾਰ ਦੇ ਸਭ ਜੀਵਾਂ ਦੀ ਤਕਦੀਰ ਲਿਖਦਾ ਹੈ। ਲੌਹ ਤੇ ਲਿਖੀ ਤਕਦੀਰ ਮਿਟਦੀ ਨਹੀਂ।

ਮੁਸਲਮਾਨਾਂ ਦੇ ਵਿਸ਼ਵਾਸ ਅਨੁਸਾਰ ਕੁਰਾਨ ਦੀਆਂ ਸਾਰੀਆਂ ਆਇਤਾਂ ਧੁਰ ਦਰਗਾਹੋਂ ਲੌਹ ਉਤੇ ਲਿਖੀਆਂ ਪਈਆਂ ਹਨ ਅਤੇ ਇਥੋਂ ਹੀ ਜਬਰਾਈਲ ਫ਼ਰਿਸ਼ਤੇ ਨੇ ਵਹੀ ਦੇ ਰੂਪ ਵਿਚ, ਹਜ਼ਰਤ ਮੁਹੰਮਦ ਨੂੰ, ਲਿਆ ਕੇ ਦਿਤੀਆਂ। ਇਸ ਗੱਲ ਦਾ ਸੰਕੇਤ ਕੁਰਾਨ ਦੀਆਂ ਆਇਤਾਂ ਵਿਚ ਵੀ ਮਿਲਦਾ ਹੈ। ਇਹ ਤਖ਼ਤੀ ਅੱਲ੍ਹਾ ਨੇ ਬੜੀ ਹਿਫ਼ਾਜ਼ਤ ਨਾਲ ਰਖੀ ਹੋਈ ਹੈ ਤੇ ਇਸੇ ਲਈ ਇਸ ਨੂੰ 'ਲੌਹ-ਅਲ ਮਹਫ਼ੂਜ਼' ਵੀ ਕਹਿੰਦੇ ਹਨ।

(ਲ-95) **ਲੌਹ ਕਲਮ** :

ਅੱਲ੍ਹਾ ਦੀ ਕਲਮ, ਜਿਸ ਨਾਲ ਉਸ ਨੇ ਲੌਹ ਦੀ ਤਖ਼ਤੀ ਉਤੇ ਸੰਸਾਰ ਦੇ ਸਭ ਜੀਵਾਂ ਦੀ ਤਕਦੀਰ ਲਿਖੀ ਹੋਈ ਹੈ ਤੇ ਜੋ ਅਮਿੱਟ ਹੈ (ਵੇਖੋ : ਲੌਹ)।

(ਲ-96) **ਲੌਂਗ** :

(ੳ) ਇਕ ਦਰੱਖ਼ਤ ਦਾ ਫਲ, ਜੋ ਗਰਮ ਮਸਾਲੇ ਵਿਚ ਵਰਤਿਆ ਜਾਂਦਾ ਹੈ। ਲੌਂਗ ਕਾਮ-ਸ਼ਕਤੀ ਨੂੰ ਵਧਾਉਂਦਾ ਹੈ, ਇਸ ਲਈ ਲੌਂਗ ਨੂੰ ਕਾਮ-ਚੇਸ਼ਟਾ ਦੀ ਪੂਰਤੀ ਲਈ ਟੂਣੇ ਵਜੋਂ ਵਰਤਿਆ ਜਾਂਦਾ ਹੈ। ਕਹਿੰਦੇ ਹਨ, ਜੇ ਕੋਈ ਮਰਦ ਆਪਣੀ ਔਰਤ ਤੋਂ ਸੱਤ ਮਸਿਆ ਲਗਾਤਾਰ ਲੌਂਗ ਵਾਰ ਕੇ ਖਾਵੇ, ਤਾਂ ਉਹ ਔਰਤ ਉਸ ਮਰਦ ਦੀ ਕਾਮ-ਲੋਚਾ ਦਾ ਸ਼ਿਕਾਰ ਬਣਨ ਲਈ ਰਜ਼ਾਮੰਦ ਹੋ ਜਾਂਦੀ ਹੈ।

ਲੌਂਗ ਵਿਆਹ ਦਾ ਨਿਉਤਾ ਦੇਣ ਲਈ ਵੀ ਵਰਤਿਆ ਜਾਂਦਾ ਹੈ। ਬਹਾਵਲਪੁਰ ਦੇ ਇਲਾਕੇ ਦੇ ਹਿੰਦੂ ਵਿਆਹ ਦਾ ਨਿਉਤਾ ਭੇਜਣ ਲਈ ਨਾਈ ਹੱਥ ਲੌਂਗ ਭੇਜਿਆ ਕਰਦੇ ਸਨ (ਬਹਾਵਲਪੁਰ ਗਜ਼ਟੀਅਰ, ਪੰਨਾ 1(8)। ਲੌਂਗ ਕੇਵਲ ਉਨ੍ਹਾਂ ਅੰਗਾਂ ਸਾਕਾਂ ਨੂੰ ਹੀ ਭੇਜਦੇ ਸਨ, ਜਿਨ੍ਹਾਂ ਤੰਬੋਲ ਨਹੀਂ ਦੇਣਾ ਹੁੰਦਾ।

(ਅ) ਲੌਂਗ ਦੀ ਸ਼ਕਲ ਦਾ ਇਕ ਗਹਿਣਾ, ਜੋ ਤੀਵੀਆਂ ਨੱਕ ਵਿਚ ਪਹਿਨਦੀਆਂ ਹਨ। ਲੌਂਗ ਪਹਿਨਣ ਲਈ ਪਹਿਲਾਂ ਨੱਕ ਦੇ ਨਥਨੇ ਵਿਚ ਸੁਰਾਖ਼ ਕੀਤਾ ਜਾਂਦਾ ਹੈ।

ਤੇਰੇ ਲੌਂਗ ਦਾ ਪਿਆ ਲਿਸ਼ਕਾਰਾ
ਤੇ ਹਾਲੀਆਂ ਨੇ ਹਲ ਡਕ ਲਏ। — ਲੋਕ-ਗੀਤ

(ਲ-97) **ਲੌਂਦਾ ਵੇਲਾ :**

ਸੂਰਜ ਦੇ ਪੱਛਮ ਵਲ ਢਲਣ ਦਾ ਸਮਾਂ, ਦਿਨ ਦਾ ਤੀਜਾ ਪਹਿਰ; ਇਸ ਨੂੰ ਤ੍ਰੈਕਾਲਾਂ ਤੇ ਛੋਟਾ ਵੇਲਾ ਵੀ ਕਿਹਾ ਜਾਂਦਾ ਹੈ ।

ਜਦੋਂ ਸੂਰਜ ਛੁਪਣ ਲੱਗਦਾ ਹੈ, ਤਾਂ ਇਸ ਸਮੇਂ ਨੂੰ 'ਅੰਦਰ-ਬਾਹਰ' ਦਾ ਵੇਲਾ ਕਹਿੰਦੇ ਹਨ । ਧਾਰਨਾ ਹੈ ਕਿ ਇਸ ਸਮੇਂ ਪੁੱਠੇ ਸਿੱਧੇ ਹੱਥ ਨਹੀਂ ਮਾਰਨੇ ਚਾਹੀਦੇ । ਤਾਸ਼ ਦੀ ਖੇਡ ਜਾਂ 'ਪੰਚ ਗੀਟੜਾ' ਵੀ ਨਹੀਂ ਖੇਡਣਾ ਚਾਹੀਦਾ ।

(ਲ-98) **ਲੌਂਦ :**

ਚੰਦਰ-ਮਾਸ ਸੂਰਜ-ਮਾਸ ਨਾਲੋਂ ਛੋਟੇ ਹੁੰਦੇ ਹਨ ਅਤੇ ਹਰ ਤੀਜੇ ਸਾਲ ਇਨ੍ਹਾਂ ਵਿਚ ਇਕਸਾਰਤਾ ਲਿਆਉਣ ਲਈ ਚੰਦਰ-ਮਾਸ ਦਾ ਇਕ ਮਹੀਨਾ ਵਧਾ ਦਿਤਾ ਜਾਂਦਾ ਹੈ, ਜਿਸ ਨੂੰ ਮੁਸਲਮਾਨ ਤੇਹਰਵਾਂ ਮਹੀਨਾ ਅਤੇ ਹਿੰਦੂ 'ਲੌਂਦ' ਕਹਿੰਦੇ ਹਨ । ਇਸ ਨੂੰ 'ਮਲ-ਮਾਸ' ਵੀ ਕਿਹਾ ਜਾਂਦਾ ਹੈ ਅਤੇ ਇਸ ਮਹੀਨੇ ਵਿਚ ਸੰਗਰਾਂਦ ਨਹੀਂ ਪੈਂਦੀ । ਹਿੰਦੂ ਧਾਰਨਾ ਅਨੁਸਾਰ ਇਹ ਮਹੀਨਾ ਸ਼ੁਭ ਨਹੀਂ ਹੁੰਦਾ ਤੇ ਇਸ ਵਿਚ ਕੋਈ ਮੰਗਲ ਕਾਰਜ ਅਥਵਾ ਵਿਆਹ ਸ਼ਾਦੀ ਨਹੀਂ ਕੀਤੀ ਜਾਂਦੀ (ਵੇਖੋ : ਮਲ-ਮਾਸ) ।

(ਵ-1) **ਵੰਸ਼ :**

ਵੰਸ਼ ਗੋਤਰ ਤੇ ਪਰਿਵਾਰ ਦੇ ਵਿਚਕਾਰ ਦੀ ਚੀਜ਼; ਗੋਤਰ ਵਧੇਰੇ ਵਿਆਪਕ ਸਮੂਹ ਹੈ ਤੇ ਪਰਿਵਾਰ ਸੀਮਤ। ਗੋਤਰ ਕਈ ਵੰਸ਼ਾਂ ਦਾ ਸਮੂਹ ਹੈ ਅਤੇ ਗੋਤਰ ਅਗੋਂ ਕਈ ਵੰਸ਼ਾਂ ਵਿਚ ਖਿਲਰ ਜਾਂਦੀ ਹੈ। ਕੁਝ ਖ਼ਾਸ ਪਰਿਵਾਰਾਂ ਦੇ ਵੱਡੇ ਸਮੂਹ, ਜਿਨ੍ਹਾਂ ਦਾ ਵਡਿੱਕਾ ਪਿਛਲੀਆਂ ਕੁਝ ਕੁ ਪੀੜ੍ਹੀਆਂ ਤੋਂ ਇਕੋ ਹੋਵੇ, ਵੰਸ਼ ਅਖਵਾਉਂਦੇ ਹਨ। ਜੇ ਵੰਸ਼ ਦਾ ਸਬੰਧ ਪਿਤਾ ਨਾਲ ਹੋਵੇ ਤਾਂ ਇਸ ਨੂੰ ਪਿੱਤਰੀ-ਵੰਸ਼ ਤੇ ਜੇ ਮਾਤਾ ਨਾਲ ਹੋਵੇ ਤਾਂ ਇਸ ਨੂੰ ਮਾਤ੍ਰ-ਵੰਸ਼ ਕਹਿੰਦੇ ਹਨ। ਵੰਸ਼ ਦਾ ਵਡਿੱਕਾ ਇਤਿਹਾਸਕ ਵਿਅਕਤੀ ਹੁੰਦਾ ਹੈ। ਪਰ ਕੁਝ ਵੰਸ਼ਾਂ ਮਿਥਕ ਪੂਰਵਜਾਂ ਜਾਂ ਪੁਰਾਣਿਕ ਪੂਰਵਜਾਂ ਉਤੇ ਵੀ ਅਧਾਰਤ ਹਨ। ਜਿਵੇਂ ਸੂਰਜ-ਵੰਸ਼ ਸੂਰਜ ਦੇਵਤੇ ਅਤੇ ਚੰਦ੍ਰ-ਵੰਸ਼ ਚੰਦ੍ਰ ਦੇਵਤੇ ਨੂੰ ਆਪਣਾ ਪੂਰਵਜ ਮੰਨਦੀ ਹੈ। ਪਹਿਲੇ ਵੰਸ਼ ਵਿਚ ਰਾਮ ਚੰਦਰ ਜੀ ਹੋਏ ਤੇ ਦੂਜੀ ਵਿਚ ਕ੍ਰਿਸ਼ਨ ਮਹਾਰਾਜ। ਰਾਜਪੂਤਾਂ ਦੀਆਂ ਕੁਝ ਅਗਨੀ ਵੰਸ਼ਾਂ ਆਪਣਾ ਪੂਰਵਜ 'ਅਗਨੀ' ਨੂੰ ਮੰਨਦੀਆਂ ਹਨ, ਜਿਸ ਵਿਚੋਂ ਉਨ੍ਹਾਂ ਦਾ ਉਦਭਵ ਹੋਇਆ। ਪਰ ਇਨ੍ਹਾਂ ਵੰਸ਼ਾਂ ਵਿਚ ਵੀ, ਕੁਝ ਪੀੜ੍ਹੀਆਂ ਤੋਂ ਮਗਰੋਂ, ਇਤਿਹਾਸਕ ਵਿਅਕਤੀਆਂ ਦੀ ਬੰਸਾਵਲੀ ਚਲ ਪੈਂਦੀ ਹੈ। ਪੁਰਾਣਾਂ ਵਿਚ ਅਨੇਕਾਂ ਵੰਸ਼ਾਂ ਦੀਆਂ ਬੰਸਾਵਲੀਆਂ ਦਾ ਉਲੇਖ ਹੈ। ਲੋਕ-ਨਾਇਕ ਤੇ ਨਾਇਕਾਵਾਂ ਦੀਆਂ ਬੰਸਾਵਲੀਆਂ ਵੀ ਮਿਲਦੀਆਂ ਹਨ, ਜਿਨ੍ਹਾਂ ਦੁਆਰਾ ਅਸੀਂ ਲੋਕ-ਨਾਇਕ ਨੂੰ ਇਤਿਹਾਸ ਵਿਚ ਕਿਸੇ ਇਕ ਸਮੇਂ ਤੇ ਸਥਿਤ ਕਰ ਸਕਦੇ ਹਾਂ।

(ਵ-2) **ਵਹਾਬੀ :**

ਮੁਸਲਮਾਨਾਂ ਦਾ ਇਕ ਫ਼ਿਰਕਾ, ਇਨ੍ਹਾਂ ਨੂੰ ਅਹਿਲੇ-ਹਦੀਸ ਵੀ ਕਿਹਾ ਜਾਂਦਾ ਹੈ। ਪੰਜਾਬ ਵਿਚ ਵਹਾਬੀ ਮੁਲਤਾਨ ਦੇ ਜ਼ਿਲੇ ਵਿਚ ਕਾਫ਼ੀ ਗਿਣਤੀ ਵਿਚ ਮਿਲਦੇ ਹਨ। ਵਹਾਬੀ ਮੁਖੀ ਰੂਪ ਵਿਚ ਦੂਜੇ ਮੁਸਲਮਾਨਾਂ ਨਾਲੋਂ ਕੁਝ ਗੱਲਾਂ ਵਿਚ ਵੱਖਰੇ ਹਨ—ਇਹ ਤਾੜ੍ਹੀਆ ਕੱਢਣ ਦੇ ਸਖ਼ਤ ਵਿਰੁਧ ਹਨ ਅਤੇ ਮੱਕੇ ਤੋਂ ਬਿਨਾਂ, ਹੋਰ ਕਿਸੇ ਯਾਤ੍ਰਾ ਦੇ ਵਿਰੁਧ ਹਨ। ਇਸ ਲਈ ਮਦੀਨੇ ਦੀ ਯਾਤ੍ਰਾ ਲਈ ਨਹੀਂ ਜਾਂਦੇ। ਵਹਾਬੀ ਖ਼ਾਨਗਾਹਾਂ ਤੇ ਹੋਰ ਪੀਰਾਂ ਫ਼ਕੀਰਾਂ ਨਾਲ ਸਬੰਧਿਤ ਸਥਾਨਾਂ ਤੋਂ ਨਫ਼ਰਤ ਕਰਦੇ ਹਨ। ਉਨ੍ਹਾਂ ਦੇ ਨਿਮਾਜ਼ ਦੇ ਢੰਗ ਵੀ ਕੁਝ ਵਿਲੱਖਣ ਹਨ। ਮੁਲਤਾਨ ਵਿਚ ਇਨ੍ਹਾਂ ਦੀਆਂ ਵੱਖਰੀਆਂ ਮਸਜਿਦਾਂ ਹਨ, ਪਰ ਬਹੁਤੀ ਥਾਈਂ ਵੱਖਰੀਆਂ ਮਸਜਿਦਾਂ ਨਹੀਂ।

(ਵ-3) **ਵਹਿਤਰਨੀ ਧੇਨੂ :**

ਮ੍ਰਿਤੂ ਤੋਂ ਪਿਛੋਂ ਜੀਵਾਤਮਾ ਨੂੰ ਯੱਮ ਨਗਰ ਵਿਚ ਪਹੁੰਚਣ ਲਈ, ਰਾਹ ਦੇ ਭਿਆਵਲੇ ਪੰਧ ਵਿਚ ਇਕ ਨਦੀ ਵੈਤਰਨੀ ਤੈਰਨੀ ਪੈਂਦੀ ਹੈ। ਜੇ ਮਰਨ ਵੇਲੇ ਪ੍ਰਾਣੀ ਦੇ ਹੱਥ ਛੁਹਾ ਕੇ, ਗਊ ਦਾਨ ਕਰ ਦਿਤੀ ਜਾਵੇ (ਪਹਿਲਿਆਂ ਵਿਚ ਬਲੀ ਦਿਤੀ ਜਾਂਦੀ ਸੀ) ਤਾਂ ਇਹ ਜੀਵਾਤਮਾ ਗਊ ਦੀ ਪੂਛ ਫੜ ਕੇ, ਵਹਿਤਰਨੀ ਨਦੀ ਨੂੰ ਸਹਿਜੇ ਹੀ ਪਾਰ ਕਰ ਜਾਂਦੀ ਹੈ। ਪ੍ਰਾਣੀ ਦੀ ਮ੍ਰਿਤੂ ਸਮੇਂ, ਗਊ ਦੇ ਦਾਨ ਕਰਨ ਦੀ ਰੀਤ ਨੂੰ 'ਵਹਿਤਰਨੀ ਧੇਨੂ' ਕਿਹਾ ਜਾਂਦਾ ਹੈ।

(ਵ-4) **ਵਹੀ :**

ਉਹ ਰਜਿਸਟਰ, ਜਿਸ ਵਿਚ ਕਿਸੇ ਕੁੱਲ ਜਾਂ ਪਰਿਵਾਰ ਦੇ ਦੂਜੇ ਪਰਿਵਾਰਾਂ ਨਾਲ, ਲੈਣ ਦੇਣ ਦਾ ਵੇਰਵਾ ਦਰਜ ਹੁੰਦਾ ਹੈ। ਕਈ ਪਰਿਵਾਰਾਂ ਵਿਚ ਤਾਂ ਇਹ ਵਹੀਆਂ ਪੀੜ੍ਹੀਆਂ ਤਕ ਚਲਦੀਆਂ ਰਹਿੰਦੀਆਂ ਹਨ। ਵਹੀ ਰੱਖਣ ਦਾ ਰਵਾਜ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਸਭਨਾਂ ਵਿਚ ਰਿਹਾ ਹੈ।

ਵਹੀ ਵਿਚ ਆਮ ਤੌਰ ਤੇ ਨਿਉਂਦਰੇ ਤੇ ਰੋਟੀ ਦਾ ਵੇਰਵਾ ਹੀ ਦਿਤਾ ਹੁੰਦਾ ਹੈ। ਲੜਕੇ ਜਾਂ ਲੜਕੀ ਦੇ ਵਿਆਹ ਉਤੇ ਬਰਾਦਰੀ ਤੇ ਭਾਈਚਾਰੇ ਦੇ ਲੋਕ, ਜੋ ਨਿਉਂਦਰਾ ਦੇਂਦੇ ਹਨ, ਉਸ ਦਾ ਪੂਰਾ ਵੇਰਵਾ ਦਰਜ ਹੁੰਦਾ ਹੈ, ਕਿਉਂ ਜੋ ਬਰਾਦਰੀ ਜਾਂ ਭਾਈਚਾਰੇ ਵਿਚ, ਜਦੋਂ ਕਿਸੇ ਦੇ ਧੀ-ਪੁੱਤਰ

ਦਾ ਵਿਆਹ ਹੋਵੇ ਤਾਂ ਉਸ ਦੀ ਪਾਈ ਭਾਜੀ ਦੇ ਮੁਤਾਬਕ, ਉਸ ਨੂੰ ਨਿਉਂਦਰਾ ਦੇਣ ਦੀ ਪਰੰਪਰਾ ਹੈ।

ਇਸ ਤੋਂ ਬਿਨਾਂ ਰੋਟੀ ਦਾ ਵੀ ਹਿਸਾਬ ਹੁੰਦਾ ਹੈ। ਰੋਟੀਆਂ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ। ਇਕ ਕੌੜੀ, ਦੂਜੀ ਮਿੱਠੀ। ਕੌੜੀ ਰੋਟੀ ਕਿਸੇ ਬਜ਼ੁਰਗ ਦੇ ਕਾਲਵਸ ਹੋ ਜਾਣ 'ਤੇ ਦਿਤੀ ਜਾਂਦੀ ਹੈ ਤੇ ਇਸ ਰੋਟੀ ਸਮੇਂ ਹੋਏ ਸਾਰੇ ਖ਼ਰਚੇ ਦਾ ਵੇਰਵਾ ਵਹੀ ਵਿਚ ਦਰਜ ਕੀਤਾ ਜਾਂਦਾ ਹੈ। ਮਿੱਠੀ ਰੋਟੀ ਵਿਆਹ ਉਤੇ ਦਿਤੀ ਜਾਂਦੀ ਹੈ।

ਵਿਆਹ ਦੇ ਅਵਸਰ ਉਤੇ ਕੰਮੀਆਂ ਅਥਵਾ ਲਾਗੀਆਂ ਨੂੰ ਜੋ ਵਿਦੈਗੀ ਦਿਤੀ ਜਾਂਦੀ ਹੈ, ਉਸ ਦਾ ਵੇਰਵਾ ਵੀ ਵਹੀ ਵਿਚ ਦਰਜ ਕਰ ਲਿਆ ਜਾਂਦਾ ਹੈ।

ਵਹੀ ਦੇ ਇਕ ਸਿਰੇ ਕੁੱਲ ਜਾਂ ਪਰਿਵਾਰ ਨੇ ਜੋ ਰਕਮ ਬਰਾਦਰੀ ਤੋਂ ਲਈ ਹੁੰਦੀ ਹੈ, ਉਸ ਦਾ ਅੰਦਰਾਜ ਕੀਤਾ ਜਾਂਦਾ ਹੈ ਅਤੇ ਦੂਜੇ ਧਿਰ ਜੋ ਰਕਮ ਵਿਆਹਾਂ ਸ਼ਾਦੀਆਂ ਉਤੇ ਭਾਈਚਾਰੇ ਦੇ ਲੋਕਾਂ ਨੂੰ ਦਿਤੀ ਜਾਂਦੀ ਹੈ, ਉਸ ਦਾ ਅੰਦਰਾਜ ਵੀ ਕੀਤਾ ਹੁੰਦਾ ਹੈ। ਕਈ ਲੋਕ ਕੇਵਲ ਉਸੇ ਰਕਮ ਨੂੰ ਦਰਜ ਕਰਦੇ ਹਨ, ਜੋ ਉਨ੍ਹਾਂ ਨੇ ਬਰਾਦਰੀ ਤੋਂ ਲਈ ਹੁੰਦੀ ਹੈ, ਆਪਣੇ ਦੇਣ ਦਾ ਖਾਤਾ ਨਹੀਂ ਰਖਿਆ ਜਾਂਦਾ।

ਧਾਰਨਾ ਹੈ ਕਿ ਜੀਵ ਜੋ ਚੰਗੇ ਮੰਦੇ ਕਰਮ ਇਸ ਦੁਨੀਆਂ ਵਿਚ ਕਰਦਾ ਹੈ, ਉਸ ਦਾ ਹਿਸਾਬ ਇਕ ਰਜਿਸਟਰ ਵਿਚ ਰਖਿਆ ਜਾਂਦਾ ਹੈ। ਇਸ ਰਜਿਸਟਰ ਨੂੰ ਵੀ ਵਹੀ ਕਿਹਾ ਜਾਂਦਾ ਹੈ।

## (ਵ-5) ਵਹੀ ਪੂਜਨ :

ਪੰਜਾਬ ਵਿਚ ਬਾਣੀਏਂ ਤੇ ਸ਼ਾਹੂਕਾਰਾਂ ਵਿਚ ਵਹੀ-ਪੂਜਨ ਦੀ ਰੀਤ ਪ੍ਰਚਲਤ ਹੈ। ਉਹ ਘਰ ਵਿਚ ਕੁਝ ਬ੍ਰਾਹਮਣਾਂ ਨੂੰ ਨਿਉਤਾ ਦੇਂਦੇ ਹਨ ਤੇ ਇਕ ਥਾਲ ਵਿਚ ਕੁਝ ਦੀਵੇ, ਫੁੱਲ ਫਲ ਤੇ ਲਖਸ਼ਮੀ ਦੀ ਮੂਰਤੀ ਸਥਾਪਿਤ ਕਰਦੇ ਹਨ ਅਤੇ ਮੂਰਤੀਆਂ ਦੇ ਸਾਹਮਣੇ ਆਪਣੀਆਂ ਵਹੀਆਂ ਧਰ ਦੇਂਦੇ ਹਨ। ਬ੍ਰਾਹਮਣ ਪੂਜਾ ਕਰਨ ਪਿਛੋਂ ਕੇਸਰ ਨਾਲ ਕੁਝ ਨਿਸ਼ਾਨ ਹਰ ਵਹੀ ਦੇ ਪਹਿਲੇ ਸਫ਼ੇ ਉਤੇ ਵਾਹ ਦੇਂਦਾ ਹੈ। ਇਹ ਵਹੀ ਪੂਜਾ ਦੀਵਾਲੀ ਸਮੇਂ ਕੀਤੀ ਜਾਂਦੀ ਹੈ। ਪੰਜਾਬ ਦੇ ਅਗਰਵਾਲ ਬਨੀਏ ਦੁਸਹਿਰੇ ਉਤੇ ਵਹੀ ਪੂਜਦੇ ਹਨ।

ਪੱਛਮੀ ਪੰਜਾਬ ਦੇ ਹਿੰਦੂ ਸ਼ਾਹੂਕਾਰ ਜਦੋਂ ਨਵੀਆਂ ਵਹੀਆਂ ਸ਼ੁਰੂ ਕਰਦੇ ਹਨ ਤਾਂ ਵਹੀ ਦੇ ਸਤਵੇਂ ਪੰਨੇ ਉਤੇ ਕਿਸੇ ਪਾਂਧੇ ਤੋਂ ਗਣੇਸ਼ ਤੇ ਉਸ ਦੇ ਵਾਹੁਣ ਚੂਹੇ ਦਾ ਰੰਗਦਾਰ ਚਿਤ੍ਰ ਰਚਵਾਂਦੇ ਹਨ ਤੇ ਹੇਠਾਂ 'ਓਮ ਸਵਸਤੀ ਗਨੇਸ਼ਯ ਨਮ:' ਉਕਰਦੇ ਹਨ। ਇਸ ਤਰ੍ਹਾਂ ਕੰਮ ਵਿਚ ਵਾਧਾ ਹੁੰਦਾ ਹੈ ਤੇ ਬਰਕਤ ਪੈਂਦੀ ਹੈ।

## (ਵ-6) ਵੱਛੇ ਦੀ ਪੂਛ ਫੜਨੀ :

ਜਲੰਧਰ ਜ਼ਿਲੇ ਦੇ ਕੁਝ ਮੁਸਲਮਾਨ ਰਾਜਪੂਤਾਂ ਵਿਚ, ਬੱਚੇ ਦੇ ਜਨਮ ਉਤੇ ਇਕ ਅਨੋਖੀ ਰਸਮ ਪ੍ਰਚਲਤ ਹੈ। ਜਣਨੀ ਦੀ ਧੀ ਜਾਂ ਉਸ ਦੇ ਪਤੀ ਦੇ ਨਜ਼ਦੀਕੀ ਸਾਕ-ਸਬੰਧੀਆਂ ਵਿਚੋਂ ਕੋਈ ਇਕ ਇਸਤ੍ਰੀ ਵੱਛੇ ਜਾਂ ਵਛੇਰੀ ਨੂੰ ਜਣਨੀ ਕੋਲ ਲੈ ਆਉਂਦੀ ਹੈ ਤੇ ਜਣਨੀ ਉਸ ਦੀ ਪੂਛਲ ਪਕੜਦੀ ਹੈ। ਇਸ ਪਿਛੋਂ ਵੱਛੇ ਨੂੰ ਬਾਹਰ ਲਿਜਾਇਆ ਜਾਂਦਾ ਹੈ। ਇਹ ਰਸਮ (ਜਲੰਧਰ ਗਜ਼ਟੀਅਰ, 54) ਨਵੇਂ ਬਣੇ ਮੁਸਲਮਾਨਾਂ ਵਿਚ ਗਊ ਪੂਜਾ ਦਾ ਆਦਰ ਭਾਵਨਾ ਸਦਕਾ ਪ੍ਰਚਲਤ ਰਹੀ। ਗਊ ਦਾਨ ਨੂੰ ਇਕ ਨਵੇਂ ਰੂਪ ਵਿਚ ਬਰਕਰਾਰ ਰਖਣ ਦੀ ਹੀ ਰੁਚੀ ਹੈ।

## (ਵ-7) ਵਜਰੇਸ਼ਵਰੀ ਦੇਵੀ ਦਾ ਮੰਦਰ :

ਕਾਂਗੜੇ ਵਿਚ ਨਗਰ ਕੋਟ ਵਿਚ ਇਕ ਪ੍ਰਸਿਧ ਮੰਦਰ। ਵਜਰੇਸ਼ਵਰੀ ਦੇਵੀ ਨੂੰ ਲੋਕ ਮਾਤਾ ਕਹਿ ਕੇ ਪੂਜਦੇ ਹਨ। ਸ਼ਕਤੀ ਦੀ ਪੂਜਾ ਕਰਨ ਵਾਲੇ ਵਜਰੇਸ਼ਵਰੀ ਦੇਵੀ ਦਾ ਬੜਾ ਆਦਰ ਸਤਿਕਾਰ ਕਰਦੇ ਹਨ।

ਮੰਦਰ ਦੇ ਬਾਹਰ ਇਕ ਖੁਲ੍ਹੇ ਵਿਹੜੇ ਵਿਚ ਇਕ ਪੱਥਰ ਦੇ ਥੰਮਾਂ ਦਾ ਚਬੂਤਰਾ ਹੈ। ਇਸ ਚਬੂਤਰੇ ਵਿਚ ਇਕ ਸੰਗਮਰਮਰ ਦਾ ਪੱਥਰ ਹੈ, ਜਿਸ ਉਤੇ ਲੋਕ ਸਹੁੰ ਚੁਕਦੇ ਹਨ। ਕਈ ਸ਼ਰਧਾਲੂ ਆਪਣੀਆਂ ਜੀਭਾਂ ਕੱਟ ਕੇ ਦੇਵੀ ਦੀ ਭੇਟਾ ਚਾੜ੍ਹਦੇ ਹਨ। ਪੁਰਾਣੇ ਸਮੇਂ ਵਿਚ ਜੀਭ ਭੇਟ ਕਰਨ ਦਾ ਰਵਾਜ ਬਹੁਤ ਜ਼ਿਆਦਾ ਸੀ। ਅੱਜ ਕਲ੍ਹ ਕੋਈ ਵਿਰਲਾ ਸਰਧਾਲੂ, ਜੀਭਾਂ ਭੇਟ ਕਰਦਾ ਹੈ। ਲੋਕਾ ਦਾ ਵਿਸ਼ਵਾਸ ਹੈ ਕਿ ਜਿਹੜੇ ਸ਼ਰਧਾਲੂ ਆਪਣੀ ਜੀਭ ਇਥੇ ਕਟ ਕੇ ਭੇਟਾ ਕਰਦੇ ਹਨ, ਉਨ੍ਹਾਂ ਦੀਆਂ ਜੀਭਾਂ ਤਿੰਨ ਚਾਰ ਦਿਨਾਂ ਵਿਚ ਫਿਰ ਵਧ ਜਾਂਦੀਆਂ ਹਨ ਤੇ ਕਈ ਵਾਰ ਇਸ ਤੋਂ ਵੀ ਘਟ ਸਮੇਂ ਵਿਚ। ਨਗਰ ਕੋਟ ਦੇ ਇਸ ਮੰਦਰ ਦਾ ਵਰਨਣ ਅਬੁਅਲ ਫ਼ਜ਼ਲ ਨੇ ਵੀ ਕੀਤਾ ਹੈ, ਜੋ ਇਸ ਦੀ ਪ੍ਰਾਚੀਨਤਾ ਦਾ ਬੋਧਿਕ ਹੈ।

## (ਵ-8) ਵਜ਼ੀਫਾ :

ਕੁਰਾਨ ਦੀਆਂ ਆਇਤਾਂ, ਜਿਨ੍ਹਾਂ ਨੂੰ ਮੰਤਰਾਂ ਦੇ ਰੂਪ ਵਿਚ, ਕਿਸੇ ਮਨੋਕਾਮਨਾ ਦੀ ਪੂਰਤੀ ਲਈ ਪੜ੍ਹਿਆ ਜਾਂਦਾ ਹੈ। ਪੱਛਮੀ ਪੰਜਾਬ ਵਿਚ ਜਿਥੇ ਮੁਸਲਮਾਨਾਂ ਵਿਚ ਪੀਰਾਂ ਦੀ ਕਾਫ਼ੀ ਮਾਨਤਾ ਹੈ, ਪੀਰ ਆਪਣੇ ਮੁਰੀਦਾਂ ਦੀ ਮਨੋਕਾਮਨਾ ਦੀ ਪੂਰਤੀ ਲਈ, ਕਿਸੇ 'ਵਜ਼ੀਫੇ' ਦਾ ਵਿਰਦ ਕਰਨ ਲਈ ਦੇਂਦੇ ਹਨ ਅਤੇ ਨਾਲ ਹੀ ਕੁਝ ਪਰਹੇਜ਼ ਕਰਨ ਲਈ ਵੀ ਦਸਦੇ ਹਨ।

(ਵ-9) **ਵੰਝਲੀ :**

ਪੰਜਾਬੀਆਂ ਦਾ ਇਕ ਪ੍ਰਸਿਧ ਸਾਜ਼। ਵੰਝਲੀ ਦਾ ਸਬੰਧ ਰਾਂਝੇ ਨਾਲ ਜੋੜਿਆ ਜਾਂਦਾ ਹੈ। ਇਕ ਰਵਾਇਤ ਅਨੁਸਾਰ ਵੰਝਲੀ ਦੀ ਘਾੜਤ ਰਾਂਝੇ ਨੇ ਖ਼ੁਦ ਕੀਤੀ। ਜਦੋਂ ਇੰਦਰ ਨੂੰ ਕਿਸੇ ਰਿਸ਼ੀ ਦੇ ਸਰਾਪ ਕਾਰਨ ਰਾਂਝੇ ਦੇ ਰੂਪ ਵਿਚ ਅਵਤਾਰ ਧਾਰਨ ਲਈ, ਇੰਦਰਪੁਰੀ ਵਿਚੋਂ ਸੰਸਾਰ ਤੇ ਭੇਜਿਆ ਗਿਆ ਤਾਂ ਇੰਦਰ ਨੇ ਬ੍ਰਹਮਾ ਅਗੇ ਬੇਨਤੀ ਕੀਤੀ ਕਿ ਜਿਵੇਂ ਵਿਸ਼ਨੂੰ ਨੇ ਜਦੋਂ ਕ੍ਰਿਸ਼ਨ ਦੇ ਰੂਪ ਵਿਚ ਅਵਤਾਰ ਧਾਰਨ ਕੀਤਾ ਸੀ, ਤਾਂ ਉਸ ਨੂੰ ਸਵਰਗ ਵਿਚੋਂ ਬੰਸਰੀ ਲਿਜਾਣ ਦੀ ਆਗਿਆ ਮਿਲ ਗਈ ਸੀ। ਇਸੇ ਤਰ੍ਹਾਂ ਰਾਂਝੇ ਨੂੰ ਵੀ ਕੋਈ ਸਾਜ਼ ਬਖ਼ਸ਼ਿਆ ਜਾਵੇ. ਜਿਸ ਦੀ ਸ਼ਕਤੀ ਨੂੰ ਉਹ ਭੀੜਾ ਸਮੇਂ ਵਰਤ ਸਕੇ। ਪਰ ਬ੍ਰਹਮਾ ਨੇ ਇੰਦਰ ਨੂੰ ਕਿਹਾ ਕਿ ਿਸ਼ਨੂੰ ਨੇ ਜਗਤ ਦੇ ਉਧਾਰ ਲਈ ਅਵਤਾਰ ਧਾਰਨ ਕੀਤਾ ਸੀ ਤੇ ਉਸ ਨੂੰ ਦੈਵੀ ਬੰਸਰੀ ਦੇਣੀ ਜ਼ਰੂਰੀ ਸੀ। ਇੰਦਰ ਤਾਂ ਰਿਸ਼ੀ ਦੇ ਸਰਾਪ ਕਾਰਨ ਜਨਮ ਲੈ ਰਿਹਾ ਹੈ। ਪਰ ਇੰਦਰ ਦੇ ਜ਼ੋਰ ਦੇਣ 'ਤੇ ਬ੍ਰਹਮਾ ਨੇ ਬਚਨ ਦਿਤਾ ਕਿ ਉਸ ਨੂੰ ਵੀ ਕੋਈ ਸਾਜ਼ ਮਿਲੇਗਾ। ਕਹਿੰਦੇ ਹਨ ਜਦੋਂ ਰਾਂਝਾ ਪੇਟ ਪਿਆ ਤਾਂ ਉਸ ਦੀ ਮਾਂ ਨੇ ਇਕ ਵਾਂਸ ਆਪਣੇ ਘਰ ਦੇ ਪਿਛਵਾੜੇ ਬੀਜਿਆ ਤੇ ਜਦੋਂ ਰਾਂਝਾ ਜ਼ਰਾ ਵੱਡਾ ਹੋਇਆ ਤਾਂ ਉਸ ਨੇ ਇਸੇ ਵਾਂਸ ਤੋਂ ਵੰਝਲੀ ਬਣਾਈ ਤੇ ਉਸ ਦੀਆਂ ਸੁਰਾਂ ਨਾਲ ਸਭ ਨੂੰ ਮੋਹਿਤ ਕੀਤਾ।

ਵੰਝਲੀ ਦਾ ਸੰਕਲਪ ਕ੍ਰਿਸ਼ਨ ਦੀ ਬੰਸਰੀ ਤੋਂ ਹੀ ਉਪਜਿਆ ਹੈ। ਰਾਂਝੇ ਨੂੰ ਜਦੋਂ ਭੀੜ ਪੈਂਦੀ, ਉਹ ਵੰਝਲੀ ਵਜਾ ਕੇ. ਦੈਵੀ ਸ਼ਕਤੀ ਨੂੰ ਪ੍ਰੇਰਦਾ। ਇਸ ਵੰਝਲੀ ਨੂੰ ਰਾਂਝੇ ਨੇ ਉਮਰ ਭਰ ਨਾਲ ਰਖਿਆ। ਹੀਰ ਨੂੰ ਪਹਿਲੀ ਮਿਲਣੀ ਉਤੇ ਹੀ, ਰਾਂਝੇ ਨੇ ਵੰਝਲੀ ਵਜਾ ਕੇ, ਆਪਣੀ ਅਗੰਮੀ ਸ਼ਕਤੀ ਦਾ ਚਮਤਕਾਰ ਵਿਖਾਇਆ ਸੀ।

ਤਾ ਰਾਂਝੇ ਹੱਥ ਵੰਝਲੀ ਕੀਤੀ ਕੇਹੀਆਂ ਸੁਰਾਂ ਅਲ੍ਹਾਈਆਂ
ਸ਼ਕਨ ਕਾਹਿ ਕੁਕਾਇ ਬੰਬੂਲਾਂ ਸ਼ੁਕਨ ਬੂਟੇ ਲਾਈਆਂ
ਸ਼ੀਂਹ ਬਿਰੰਡੇ ਚੀਤੇ ਮੋਨੀ ਸਭ ਜਾਗ ਆਈਆਂ
ਆਖ ਦਮੋਦਰ ਕੀਕਣ ਦਿਸਣ ਜਾਣ
ਈਦੇ ਸਿਜਦੇ ਪਾਈਆਂ।

ਰਾਂਝਾ ਵੰਝਲੀ ਵਿਚੋਂ ਹਰੇਕ ਰਾਗ ਕੱਢ ਲੈਂਦਾ ਸੀ ਤੇ ਸੰਗੀਤ ਵਿਚ ਬੜਾ ਮਾਹਿਰ ਸੀ। ਜਦੋਂ ਰਾਂਝੇ ਨੇ ਝਨਾਂ ਦੇ ਕੰਢੇ ਵੰਝਲੀ ਵਿਚੋਂ ਲਲਿਤ ਰਾਗ ਕਢਿਆ, ਤਾਂ ਪੰਜ ਪੀਰ ਉਸ ਦੀ ਕਲਾ ਉਤੇ ਮੋਹਿਤ ਹੋ ਗਏ ਸਨ।

ਰਾਂਝਾ ਜਦੋਂ ਵੰਝਲੀ ਵਜਾਇਆ ਕਰਦਾ, ਤਾਂ ਉਸ ਦੀ ਰਸ ਭਰੀ ਸੁਰ ਸੁਣ ਕੇ ਜੰਗਲ ਦੇ ਪਸ਼ੂ ਵੀ ਮਸਤ ਹੋ ਜਾਇਆ ਕਰਦੇ ਸਨ। ਧੀਦੋ ਦੀ ਵੰਝਲੀ ਦੀ ਸੁਰ ਸੁਣ ਕੇ ਸਭ ਜਨੌਰ ਉਸ ਦੇ ਕੋਲ ਘੇਰਾ ਪਾ ਕੇ ਬਹਿ ਜਾਂਦੇ।

(ਵ-10) **ਵਟਣਾ :**

ਵਟਣਾ ਚੰਦਨ, ਤਿਲ, ਚਰੌਂਜੀ, ਸਰ੍ਹੋਂ ਆਦਿ ਵਸਤਾਂ ਦਾ ਬਣਾਇਆ ਜਾਂਦਾ ਆਟਾ ਜਿਹਾ ਹੁੰਦਾ ਹੈ, ਜਿਸ ਦੇ ਮਲਣ ਨਾਲ ਸਰੀਰ ਕੂਲਾ ਤੇ ਸੁਗੰਧਿਤ ਹੁੰਦਾ ਤੇ ਨਿਖਰਦਾ ਹੈ। ਪੰਜਾਬ ਵਿਚ ਵਟਣਾ ਵਿਆਹ ਦਾ ਚਿੰਨ੍ਹ ਬਣ ਗਿਆ ਹੈ। ਅਨੇਕਾਂ ਗੀਤ ਵਟਣੇ ਨਾਲ ਸਬੰਧਿਤ ਹਨ। ਵਟਣਾ ਮਲਣ ਦੀ ਰਸਮ ਸਮੇਂ, ਜੋ ਗੀਤ ਗਾਏ ਜਾਂਦੇ ਹਨ 'ਵਟਣੇ ਦੇ ਗੀਤ' ਅਖਵਾਉਂਦੇ ਹਨ। ਵਟਣਾ ਮਲਣ ਤੋਂ ਪਹਿਲਾਂ ਘੜੋਲੀ ਭਰੀ ਜਾਂਦੀ ਹੈ ਤੇ ਉਸ ਪਾਣੀ ਨਾਲ ਲਾੜੀ ਲਾੜੇ ਨੂੰ ਆਪੋ ਆਪਣੇ ਘਰ ਨਵ੍ਹਾਇਆ ਜਾਂਦਾ ਹੈ।

(ਵ-11) **ਵਟਣਾ ਮਲਣਾ :**

ਵਿਆਹ ਤੋਂ ਇਕ ਦਿਨ ਪਹਿਲਾਂ ਮੁੰਡੇ ਤੇ ਕੁੜੀ ਦੇ ਪਿੰਡੇ ਉਤੇ ਵਟਣਾ ਮਲਿਆ ਜਾਂਦਾ ਹੈ। ਕੁੜੀ ਮਾਈਏਂ ਬੈਠੀ ਹੁੰਦੀ ਹੈ ਤੇ ਉਸ ਨੇ ਕਪੜੇ ਵੀ ਰਤਾ ਮੈਲੇ ਜਿਹੇ ਹੀ ਪਾਏ ਹੁੰਦੇ ਹਨ। ਭਾਵੇਂ ਅੱਜ ਕਲ੍ਹ ਮਾਈਏਂ ਪੈਣ ਦਾ ਰਿਵਾਜ ਘਟ ਗਿਆ ਹੈ। ਕੁੜੀ ਨੂੰ ਮਾਮੇ ਚੂੜਾ ਚਾੜ੍ਹਦੇ ਹਨ, ਤੇ ਕੁੜੀ ਦੇ ਸਹੁਰਿਆਂ ਵਲੋਂ ਕੋਈ ਬੰਦਾ 'ਕੁਆਰ ਧੋਤੀ' ਅਥਵਾ ਤ੍ਰੇਵਰ ਤੇ ਹੋਰ ਚੀਜ਼ਾਂ ਦੇਣ ਲਈ ਆਇਆ ਬੈਠਾ ਹੁੰਦਾ ਹੈ। ਉਦੋਂ ਕੁੜੀ ਨੂੰ ਵਟਣਾ ਮਲ ਕੇ ਨਵ੍ਹਾਇਆ ਜਾਂਦਾ ਹੈ। ਇਹ ਸ਼ਗਨ ਵਜੋਂ ਮਲਿਆ ਜਾਂਦਾ ਹੈ। ਵਟਣਾ ਮਲਣ ਸਮੇਂ ਗੀਤ ਗਾਏ ਜਾਂਦੇ ਹਨ। ਵਟਣੇ ਦੇ ਗੀਤ :

ਵਾਹਵਾ ਕਟੋਰਾ ਵਟਣੇ ਦਾ
ਵਾਹਵਾ ਮੇਲਦੀਆਂ ਦੋ ਜਣੀਆਂ
ਵਾਹਵਾ ਦਰਾਨੜੀ ਜਠਾਨੜੀਆਂ
ਵਾਹਵਾ ਕਿ ਸਖੀਆਂ ਭੈਣੜੀਆਂ

* * *

ਵਾਹਵਾ ਕਿ ਪੂਲੀ ਧਾਨਾਂ ਦੀ
ਵਾਹਵਾ ਕਿ ਧਮਕ ਜਵਾਨਾਂ ਦੀ
ਵਾਹਵਾ ਕਿ ਸੂਰਤ ਪਤਲੇ ਦੀ
ਵਾਹਵਾ ਕਿ ਮੂਰਤ ਕਾਨ੍ਹਾਂ ਦੀ
ਵਟਣਾ ਮਲੇਂਦੀਆਂ ਦੋ ਜਣੀਆਂ।

ਕੁੜੀ ਨੂੰ ਵਟਣਾ ਮਲ ਕੇ ਇਸ਼ਨਾਨ ਕਰਵਾਣ ਪਿਛੋਂ, 'ਕੁਆਰ ਧੋਤੀ' ਵਿਚ ਆਏ ਕਪੜੇ ਪਹਿਨਾਏ ਜਾਂਦੇ ਹਨ।

ਲੜਕੇ ਨੂੰ ਜੰਞ ਚੜ੍ਹਨ ਵਾਲੇ ਦਿਨ, ਜਦੋਂ ਇਸ਼ਨਾਨ ਕਰਵਾਇਆ ਜਾਂਦਾ ਹੈ ਤਾਂ ਉਸ ਨੂੰ ਵੀ ਸ਼ਗਨ ਵਜੋਂ ਵਟਣਾ ਮਲਿਆ ਜਾਂਦਾ ਹੈ।

ਕੁੜੀ ਤੇ ਮੁੰਡੇ ਨੂੰ ਇਸ਼ਨਾਨ ਕਰਵਾਣ ਲਈ ਜੋ ਪਾਣੀ ਵਰਤਿਆ ਜਾਂਦਾ ਹੈ, ਉਹ ਵੀ ਸ਼ਗਨਾਂ ਨਾਲ ਕਿਸੇ ਖੂਹ ਜਾਂ ਟੋਬੇ ਤੋਂ ਲਿਆਇਆ ਜਾਂਦਾ ਹੈ ਤੇ ਇਸ ਨੂੰ ਘੜੋਲੀ

ਭਰਨੀ ਆਖਦੇ ਹਨ (ਵੇਖੋ : ਘੜੋਲੀ ਭਰਨੀ)।

ਲੜਕੇ ਨੂੰ ਨਵ੍ਹਾਣ ਲਗਿਆਂ ਇਕ ਚੌਕੀ ਉਤੇ ਬਿਠਾਇਆ ਜਾਂਦਾ ਹੈ। ਚੌਕੀ ਉਪਰ ਇਕ ਵੱਡਾ ਸਾਰਾ 'ਚੋਪ' ਤਾਨਿਆ ਜਾਂਦਾ ਹੈ ਜਿਸ ਦੀਆਂ ਚਾਰੇ ਕੰਨੀਆਂ ਚਾਰ ਦੋਸਤ ਫੜਦੇ ਹਨ। ਚੌਕੀ ਦੇ ਕੋਲ ਵੜੇਵੇਂ ਤੇ ਆਟੇ ਦਾ ਛਾਣ ਛੂਣੀਆਂ ਵਿਚ ਰਖਿਆ ਜਾਂਦਾ ਹੈ, ਮੁੰਡਾ ਇਸ਼ਨਾਨ ਕਰ ਕੇ ਛੂਣੀਆਂ ਨੂੰ ਠੁੱਡੇ ਮਾਰਦਾ ਹੈ।

## (ਵ-12) ਵਟਵਾਣੀ :

ਮੁਸਲਮਾਨ ਪਿਸ਼ਾਬ ਕਰਨ ਤੋਂ ਪਿਛੋਂ, ਮਿੱਟੀ ਦੇ ਕਿਸੇ ਰੋੜੇ ਨਾਲ ਇੰਦਰੀ ਨਾਲ ਰਹਿ ਗਈਆਂ ਬੂੰਦਾਂ ਖ਼ੁਸ਼ਕ ਕਰਦੇ ਹਨ। ਮੁਸਲਮਾਨਾਂ ਦੇ ਧਾਰਮਿਕ ਵਿਸ਼ਵਾਸ ਅਨੁਸਾਰ ਮਲ-ਮੂਤਰ ਦੀ ਬੂੰਦ ਸਰੀਰ ਜਾਂ ਕਪੜੇ ਨਾਲ ਛੁਹ ਜਾਣ ਨਾਲ ਬੰਦਾ ਪਲੀਤ ਹੋ ਜਾਂਦਾ ਹੈ ਤੇ ਫਿਰ ਨਿਮਾਜ਼ ਪੜ੍ਹਨ ਦੇ ਯੋਗ ਨਹੀਂ ਰਹਿੰਦਾ। ਇਸ ਤਰ੍ਹਾਂ ਪਿਸ਼ਾਬ ਨੂੰ ਸੁਕਾਣ ਦੀ ਕਿਰਿਆ ਨੂੰ ਵਟਵਾਣੀ ਕਹਿੰਦੇ ਹਨ। ਕਿਉਂ ਜੋ ਇਹ ਕਿਰਿਆ ਮਿੱਟੀ ਦੇ ਢੇਲੇ ਨਾਲ ਕੀਤੀ ਜਾਂਦੀ ਹੈ, ਇਸ ਲਈ ਇਸ ਨੂੰ 'ਢੇਲਾ ਕਰਨਾ' ਵੀ ਕਿਹਾ ਜਾਂਦਾ ਹੈ।

## (ਵ-13) ਵਟੇ ਸਟਾ :

ਇਕ ਤਰ੍ਹਾਂ ਦਾ ਵਿਆਹ ਜਿਸ ਵਿਚ ਇਕ ਧਿਰ ਆਪਣੀ ਲੜਕੀ ਦੂਜੀ ਧਿਰ ਨੂੰ ਤਾਂ ਦੇਂਦੀ ਹੈ, ਜੇ ਦੂਜੀ ਧਿਰ ਪਹਿਲੀ ਧਿਰ ਨੂੰ ਵਟੇ ਵਿਚ ਧੀ ਦਾ ਰਿਸ਼ਤਾ ਦੇਵੇ। ਇਹ ਵਿਆਹ ਇਕ ਤਰ੍ਹਾਂ ਦਾ ਸਮਝੌਤਾ ਹੁੰਦੇ ਹਨ। ਇਸ ਵਿਆਹ ਦੀਆਂ ਕਈ ਵੰਨਗੀਆਂ ਹਨ, ਕਈ ਵਾਰ ਇਕ ਧਿਰ ਆਪਣੀ ਧੀ ਦਾ ਰਿਸ਼ਤਾ ਦੇ ਕੇ ਦੂਜੀ ਧਿਰ ਤੋਂ ਆਪਣੇ ਲੜਕੇ ਲਈ ਧੀ ਲੈਂਦੀ ਹੈ, ਭਾਵ ਬਰਾਬਰ ਦਾ ਰਿਸ਼ਤਾ ਹੁੰਦਾ ਹੈ। ਕਈ ਵਾਰ ਜੇ ਦੂਜੇ ਧਿਰ ਦੀ ਧੀ ਦੀ ਉਮਰ ਪਹਿਲੀ ਧਿਰ ਦੇ ਲੜਕੇ ਨਾਲ ਮੇਲ ਨਾ ਖਾਂਦੀ ਹੋਵੇ, ਤਾਂ ਉਹ ਆਪਣੀ ਭੈਣ ਜਾਂ ਭਤੀਜੀ ਦਾ ਰਿਸ਼ਤਾ ਦੇਂਦਾ ਹੈ।

ਇਹ ਵਿਆਹ ਧਨ ਪੋਠੋਹਾਰ ਦੇ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਵਿਚ ਆਮ ਪ੍ਰਚਲਤ ਰਹੇ ਹਨ। ਹਿੰਦੂ-ਸਿੱਖ ਇਸ ਨੂੰ ਦੁਵਾਠੀ ਕਹਿੰਦੇ ਹਨ। ਇਸ ਵਿਆਹ ਦਾ ਸਭ ਤੋਂ ਵੱਡਾ ਫ਼ਾਇਦਾ ਇਹ ਹੁੰਦਾ ਹੈ ਕਿ ਬਰਾਬਰ ਦਾ ਰਿਸ਼ਤਾ ਹੋਣ ਕਰ ਕੇ, ਇਕ ਧਿਰ ਦੂਜੀ ਨੂੰ ਤੰਗ ਨਹੀਂ ਕਰ ਸਕਦੀ।

## (ਵ-14) ਵੱਡਾ ਐਤਵਾਰ :

ਭਾਦਰੋਂ ਦੇ ਮਹੀਨੇ ਹਰੀਤਾਲਕਾ ਦੇ ਪਿਛੋਂ, ਜੋ ਐਤਵਾਰ ਆਉਂਦਾ ਹੈ, ਉਸ ਨੂੰ ਵੱਡਾ ਐਤਵਾਰ ਕਹਿੰਦੇ ਹਨ। ਇਸੇ ਪਾਵਨ ਤਿੱਥੀ ਨੂੰ ਸੂਰਜ ਨਰਾਇਣ ਦਾ ਜਨਮ ਹੋਇਆ। ਇਸ ਦਿਨ ਸਨਾਤਨੀ ਹਿੰਦੂ ਵਰਤ ਰਖਦੇ ਹਨ ਅਤੇ ਭਗਵਾਨ ਸੂਰਜ ਨੂੰ ਅਰਗਾਹ ਦੇ ਕੇ ਪਾਠ ਕਰਦੇ ਹਨ। ਇਸ ਦਿਨ ਦਾਨ ਕਰਨਾ ਸ਼ੁਭ ਹੁੰਦਾ ਹੈ। ਸੂਰਜ ਡੁਬਣ ਤੋਂ ਪਹਿਲਾਂ, ਬਿਨਾਂ ਲੂਣ ਦੇ ਤਿਆਰ ਕੀਤਾ ਭੋਜਨ, ਦਿਨ ਵਿਚ ਇਕ ਵਾਰ ਕੀਤਾ ਜਾਂਦਾ ਹੈ।

## (ਵ-15) ਵਡੇਰਾ :

ਖੱਤ੍ਰੀਆਂ ਦੀ ਇਕ ਜਾਤੀ; ਇਨ੍ਹਾਂ ਦੇ ਇਕ ਵਡ੍ਹਿਕਾ ਬਾਬਾ ਤੋਂਬਾ ਹੋਇਆ ਹੈ। ਇਸ ਵਡੇਰੇ ਦੀ ਮੜ੍ਹੀ ਉਤੇ ਇਸ ਗੋਤ ਦੇ ਬੱਚੇ ਦੇ ਪਹਿਲੀ ਵਾਰ ਚੋਲਾ ਪਾਉਣ ਦੀ ਰਸਮ ਸਮੇਂ ਲੁੱਚੀਆਂ ਭੇਟ ਕਰਦੇ ਹਨ। ਚੋਲੇ ਦੀ ਰਸਮ ਸਵਾ ਸਾਲ ਦੀ ਉਮਰ ਵਿਚ ਕੀਤੀ ਜਾਂਦੀ ਹੈ। ਜੇ ਇਲ ਭੇਟ ਕੀਤੇ ਪਦਾਰਥਾਂ ਵਿਚੋਂ ਕੁਝ ਲੈ ਜਾਵੇ, ਤਾਂ ਸ਼ੁਭ ਸ਼ਗਨ ਮੰਨਦੇ ਹਨ। ਪਿਤਰਾਂ ਦੀ ਪੂਜਾ ਵੀ ਕੀਤੀ ਜਾਂਦੀ ਹੈ।

ਪਹਿਲੀ ਵਾਰ ਜੁੱਤੇ ਪਹਿਨਣ ਦੀ ਰਸਮ ਛੇ ਸਾਲ ਦੀ ਉਮਰ ਵਿਚ ਕਰਦੇ ਹਨ, ਇਸ ਮੌਕੇ ਉਤੇ ਬਕਰੇ ਦਾ ਕੰਨ ਕਟਿਆ ਜਾਂਦਾ ਹੈ ਤੇ ਬਕਰੇ ਉਤੇ ਪਾਣੀ ਦਾ ਛੱਟਾ ਮਾਰਿਆ ਜਾਂਦਾ ਹੈ, ਜੇ ਬਕਰਾ ਕੰਬੇ ਤਾਂ ਸ਼ਗਨ ਚੰਗਾ। ਇਸ ਮੌਕੇ ਉਤੇ ਵੀ ਪਿਤਰਾਂ ਦੀ ਪੂਜਾ ਕੀਤੀ ਜਾਂਦੀ ਹੈ।

ਮੁੰਡਨ ਸੰਸਕਾਰ ਗਿਆਰਵੇਂ ਸਾਲ ਕੀਤਾ ਜਾਂਦਾ ਹੈ। ਪਹਿਲੇ ਲੜਕੇ ਦੇ ਮੁੰਡਨ ਸਮੇਂ ਲੜਕੇ ਦੀ ਮਾਂ ਘਰੋਂ ਰੁਸ ਕੇ ਕਿਸੇ ਰਿਸ਼ਤੇਦਾਰ ਦੇ ਘਰ ਚਲੀ ਜਾਂਦੀ ਹੈ, ਤੇ ਓਦੋਂ ਤਕ ਨਹੀਂ ਆਉਂਦੀ ਜਦੋਂ ਤਕ, ਉਸ ਦਾ ਪਤੀ, ਜੰਞ ਲਿਆ ਕੇ ਦੂਜੀ ਵਾਰ ਉਸ ਨਾਲ ਵਿਆਹ ਦੀ ਰਸਮ ਨਹੀਂ ਕਰ ਲੈਂਦਾ। ਮੁੰਡਨ ਸਮੇਂ ਲੜਕਾ ਤਿਆਗੀ ਬਣ ਕੇ ਜੰਗਲਾਂ ਵਿਚ ਸਿਖਸ਼ਾ ਪੜ੍ਹਨ ਦਾ ਐਲਾਨ ਕਰਦਾ ਹੈ, ਪਰ ਉਸ ਦੀਆਂ ਭੈਣਾਂ ਵਾਪਸ ਮੋੜ ਲਿਆਂਦੀਆਂ ਹਨ।

## (ਵ-16) ਵਣਜਾਰਾ (ਬਨਜਾਰਾ) :

ਇਕ ਜਾਤੀ ਜੋ ਘੁੰਮ ਫਿਰ ਕੇ ਤੀਵੀਆਂ ਦੇ ਹਾਰ-ਸ਼ਿੰਗਾਰ ਦੀਆਂ ਚੀਜ਼ਾਂ—ਕੰਘੀ, ਸੁਰਮਾ, ਦੰਦਾਸਾ, ਵੰਗਾਂ ਆਦਿ ਵੇਚਦੀ ਹੈ। ਬਨਜਾਰਾ ਸ਼ਬਦ ਦਾ ਮੂਲ ਸੰਸਕ੍ਰਿਤ ਦਾ 'ਬਨਿਜ' ਹੈ, ਜਿਸ ਦਾ ਅਰਥ 'ਵਿਪਾਰ' ਤੋਂ ਹੈ। 'ਸ਼ੈਕਸਪੀਰੀਅਨ ਡਿਕਸ਼ਨਰੀ' ਅਨੁਸਾਰ ਬਨਜਾਰਾ ਸ਼ਬਦ ਫ਼ਾਰਸੀ ਦੇ ਬਰਿੰਜਅਰ ਤੋਂ ਬਣਿਆ ਹੈ ਜਿਸ ਦੇ ਅਰਥ ਹਨ : ਚਾਵਲ ਢੋਣ ਵਾਲੇ। ਬਨਜਾਰਾ ਸ਼ਬਦ ਬੜਾ ਹੀ ਪੁਰਾਣਾ ਹੈ ਅਤੇ ਫ਼ਾਰਸੀ ਬੋਲੀ ਦੇ ਪ੍ਰਚਲਤ ਹੋਣ ਤੋਂ ਪਹਿਲਾਂ ਹੀ ਦੇਸ਼ ਵਿਚ ਬਨਜਾਰੇ ਕਾਫ਼ੀ ਮਾਤ੍ਰਾ ਵਿਚ ਮਿਲਦੇ ਸਨ।

ਡੰਡੀ ਰਚਿਤ 'ਦਸ ਕਮਾਰਾ ਚਰਿਤ੍' ਵਿਚ, ਰਮਤੀ ਦੀ ਕਥਾ ਵਿਚ, ਬਨਜਾਰਿਆਂ ਦੇ ਟਾਂਡੇ ਵਿਚ ਹੋਈ ਕੁਕੜਾਂ ਦੀ ਲੜਾਈ ਵਲ ਸੰਕੇਤ ਹੈ ਤੇ ਡੰਡੀ ਕਾਲੀਦਾਸ ਤੋਂ ਵੀ ਪਹਿਲਾਂ ਹੋਇਆ ਮੰਨਿਆ ਜਾਂਦਾ ਹੈ। ਆਰੀਅਨ ਨੇ ਵੀ ਆਪਣੀਆਂ ਲਿਖਤਾਂ ਵਿਚ ਬਨਜਾਰਿਆਂ ਦਾ ਜ਼ਿਕਰ ਕੀਤਾ ਹੈ।

ਬਨਜਾਰਿਆਂ ਦਾ ਮੂਲ ਸਥਾਨ ਮੁਲਤਾਨ ਜਾਂ ਇਸ ਦੇ ਨੇੜੇ ਤੇੜੇ ਦਸਿਆ ਜਾਂਦਾ ਹੈ ਅਤੇ ਉਹ ਸ਼ਹਾਬ-ਉਦੀਨ ਗੌਰੀ ਦੇ ਸਮੇਂ ਮੁਸਲਮਾਨ ਬਣੇ।

ਕਈ ਬਨਜਾਰਿਆਂ ਨੂੰ ਚਰਨ ਅਥਵਾ ਭੱਟ ਮੰਨਦੇ ਹਨ। ਜਿਨ੍ਹਾਂ ਨੇ ਖ਼ਾਨਾਬਦੋਸ਼ੀ ਜੀਵਨ ਨੂੰ ਅਪਨਾ ਲਿਆ ਅਤੇ ਆਪਣਾ ਜੱਦੀ ਕੰਮ ਚਰਨਾਂ (ਭੱਟਾਂ) ਵਾਲਾ ਤਿਆਗ ਦਿਤਾ। ਹੌਲੀ ਹੌਲੀ ਕਈ ਹੋਰ ਜਾਤੀਆਂ ਦੇ ਲੋਕ ਵੀ ਬਨਜਾਰਿਆਂ ਦੀ ਬਰਾਦਰੀ ਵਿਚ ਰਲਦੇ ਗਏ ਤੇ ਕਈ ਜਾਤੀਆਂ ਦਾ ਖ਼ੂਨ ਇਨ੍ਹਾਂ ਵਿਚ ਰਲ ਮਿਲ ਗਿਆ।

ਬਨਜਾਰਿਆਂ ਦੇ ਕਈ ਟਾਂਡੇ ਪੰਜਾਬ ਵਿਚ ਮਿਲਦੇ ਹਨ। 'ਟਾਂਡੇ' ਉਹ ਅਬਾਦੀਆਂ ਹਨ, ਜਿਥੇ ਬਨਜਾਰੇ ਰਹਿੰਦੇ ਸਨ। ਹੁਣ ਵੀ ਕਈ ਥਾਵਾਂ ਦੇ ਨਾਂ ਟਾਂਡੇ ਹਨ, ਜਿਥੇ ਕਦੇ ਬਨਜਾਰਿਆਂ ਦੀ ਅਬਾਦੀ ਹੁੰਦੀ ਸੀ। ਪੱਛਮੀ ਪੰਜਾਬ ਦੇ ਗੁਜਰਾਤ ਜ਼ਿਲੇ ਵਿਚ ਇਕ ਵੱਡਾ ਸਾਰਾ ਪਿੰਡ ਟਾਂਡਾ ਅਖਵਾਉਂਦਾ ਹੈ। ਜੋ ਝਨਾਂ ਦਰਿਆ ਦੇ ਪਹਾੜਾਂ ਵਿਚੋਂ ਨਿਕਲਣ ਦੇ ਸਥਾਨ ਤੋਂ ਕੁਝ ਮੀਲਾਂ ਦੀ ਵਿੱਥ ਉਤੇ ਹੈ, ਜਿਥੇ ਦੇਸ਼ ਦੀ ਵੰਡ ਤੋਂ ਪਹਿਲਾਂ ਲੁਬਾਣੇ ਵਸਦੇ ਸਨ। ਲਬਾਣੇ ਵਣਜਾਰੇ ਹੀ ਹੁੰਦੇ ਹਨ। ਇਸੇ ਤਰ੍ਹਾਂ ਹੁਸ਼ਿਆਰਪੁਰ ਦੇ ਜ਼ਿਲੇ ਵਿਚ 'ਉਰਮਲ ਟਾਂਡਾ' ਇਕ ਕਸਬਾ ਹੈ।

ਬਨਜਾਰਿਆਂ ਦੀਆਂ ਕਈ ਜਾਤੀਆਂ ਹਨ, ਜਿਨ੍ਹਾਂ ਵਿਚੋਂ ਲੁਬਾਣਾ ਗੋਤ ਵਾਲੇ ਬਨਜਾਰੇ ਪੰਜਾਬ ਵਿਚ ਕਾਫ਼ੀ ਮਿਲਦੇ ਹਨ। ਇਨ੍ਹਾਂ ਦੀਆਂ 11 ਗੋਤਾਂ ਹਨ। ਇਨ੍ਹਾਂ ਦੇ ਆਪਣੇ ਕਥਨ ਅਨੁਸਾਰ ਇਹ ਗੌੜ ਬ੍ਰਾਹਮਣਾਂ ਦੀ ਵੰਸ਼ ਹਨ। ਬਨਜਾਰਿਆਂ ਦੀਆਂ ਕੁਝ ਹੋਰ ਉਪਜਾਤੀਆਂ ਹਨ। ਤੁਰਕਾਂਆ ਬਨਜਾਰੇ, ਜਿਨ੍ਹਾਂ ਦੇ 36 ਕਬੀਲੇ ਹਨ। ਬਯੱਦ ਬਨਜਾਰੇ, ਜੋ ਭਟਨੇਰ ਤੋਂ ਪੀਲੀਭੀਤ ਆਦਿ ਆਏ; ਮੁਕਰੀ ਬਨਜਾਰੇ, ਜੋ ਬਰੇਲੀ ਦੇ ਉਤਰੀ ਪਰਗਨੇ ਵਿਚ ਰਹਿੰਦੇ ਹਨ। ਬਹੁਰੂਪੀਆ ਬਨਜਾਰੇ, ਜੋ ਨਵੇਂ ਨਵੇਂ ਰੂਪ ਧਾਰ ਕੇ ਵਿਚਰਦੇ ਹਨ। ਬਨਜਾਰਿਆਂ ਦੀਆਂ ਆਪਣੀਆਂ ਪੰਚਾਇਤਾਂ ਹਨ, ਜੋ ਉਨ੍ਹਾਂ ਦੇ ਝਗੜਿਆਂ ਦੇ ਫ਼ੈਸਲੇ ਕਰਦੀਆਂ ਹਨ।

**(ਵ-17) ਵਦੀ :**

ਚੰਦਰਮਾਸ ਦਾ ਕ੍ਰਿਸ਼ਨਾ ਪੱਖ, ਪੂਰਨਮਾਸ਼ੀ ਤੋਂ ਲੈ ਕੇ ਮੱਸਿਆ ਤਕ ਦੀਆਂ ਤਿੱਥਾਂ, ਵਦੀ ਦੀਆਂ ਤਿੱਥਾਂ ਅਖਵਾਉਂਦੀਆਂ ਹਨ, ਕਿਉਂ ਜੋ ਇਨ੍ਹਾਂ ਵਿਚ ਚੰਦ ਨਿਤਾਪ੍ਰਤੀ ਘਟਦਾ ਜਾਂਦਾ ਹੈ।

**(ਵ-18) ਵਦੀ ਤੀਜ :**

ਮਹੇਸ਼ਵਰੀ ਜਾਤੀ ਦੀਆਂ ਤੀਵੀਆਂ ਦਾ ਇਕ ਪੁਰਬ, ਜੋ ਉਹ ਭਾਦਰੋਂ ਦੀ ਹਨੇਰੇ-ਪੱਖ ਦੀ ਤੀਜ ਨੂੰ ਮਨਾਂਦੀਆਂ ਹਨ। ਇਸ ਦਿਨ ਤੀਵੀਆਂ ਵਰਤ ਰਖਦੀਆਂ ਅਤੇ ਆਪਣੇ ਪਤੀ ਦੀ ਦੀਰਘ ਆਯੂ ਲਈ ਪ੍ਰਾਰਥਨਾ ਕਰਦੀਆਂ ਹਨ। ਕਈ ਘਰਾਂ ਵਿਚ ਕੰਨਿਆਵਾਂ ਵੀ ਇਹ ਵਰਤ ਰਖਦੀਆਂ ਹਨ ਤੇ ਨੇਕ, ਪ੍ਰਾਕਰਮੀ ਤੇ ਸਦਾਚਾਰੀ ਪਤੀ ਦੀ ਪ੍ਰਾਪਤੀ ਲਈ ਪ੍ਰਾਰਥਨਾ ਕਰਦੀਆਂ ਹਨ। ਤ੍ਰਿਕਾਲਾਂ ਵੇਲੇ ਸੱਤੂ ਦੇ ਪਿੰਡ ਤਿਆਰ ਕੀਤੇ ਜਾਂਦੇ ਹਨ। ਇਨ੍ਹਾਂ ਪਿੰਡਾਂ ਨੂੰ ਪਹਿਲਾਂ ਮਰਦ ਕੁਟਦੇ ਹਨ ਤੇ ਫਿਰ ਤੀਵੀਆਂ ਪੂਜਾ ਕਰ ਕੇ ਇਨ੍ਹਾਂ ਨਾਲ ਵਰਤ ਤੋੜਦੀਆਂ ਹਨ।

**(ਵ-19) ਵਧਾਵਾ ਲਿਆਉਣਾ :**

(1) ਬੱਚੇ ਦੇ ਜਨਮ ਮਗਰੋਂ, ਛੱਟੀ ਵਾਲੇ ਦਿਨ, ਬੱਚੇ ਦੀ ਭੂਆ ਵਧਾਈ ਦੇਣ ਲਈ ਆਉਂਦੀ ਹੈ ਤਾਂ ਆਪਣੇ ਨਾਲ ਕੁਝ ਵਸਤ੍ਰ, ਗਹਿਣੇ, ਮੇਵਾ ਮਠਿਆਈ ਤੇ ਖਿਲੌਣੇ ਆਦਿ ਲਿਆਉਂਦੀ ਹੈ, ਇਸ ਨੂੰ 'ਨਨਾਣ ਦਾ ਵਧਾਵਾ' ਕਿਹਾ ਜਾਂਦਾ ਹੈ। ਛੱਟੀ ਵਾਲੇ ਦਿਨ ਜਣਨੀ ਦੀ ਨਨਾਣ, ਘਰ ਦੀ ਕਿਸੇ ਕੰਧ ਉਤੇ ਗੋਹੇ ਤੇ ਜੌਆਂ ਦੇ ਆਟੇ ਦਾ ਸਵਾਸਤਿਕ ਉਲੀਕਦੀ ਹੈ ਅਤੇ ਇਸ ਮੌਕੇ ਉਤੇ ਸੋਹਿਲੇ ਤੇ ਸਿੱਠਾਂ ਵੀ ਗਾਈਆਂ ਜਾਂਦੀਆਂ ਹਨ। ਸੋਹਿਲਿਆਂ ਵਿਚ ਪੇਕੇ ਘਰ ਦੀ ਵਡਿਆਈ ਗਾਈ ਜਾਂਦੀ ਹੈ ਤੇ ਨਵਜੰਮੇ ਬਾਲ ਦੇ ਜੱਸ ਦੇ ਨਾਲੋ ਨਾਲ ਮਾਂ-ਪਿਉ, ਭੈਣਾਂ-ਭਰਾਵਾਂ ਦੀਆਂ ਕਾਮਨਾਵਾਂ ਤੇ ਲਾਗ ਦਾ ਵਰਨਣ ਵੀ ਹੁੰਦਾ ਹੈ। ਸਿੱਠਾਂ ਵਿਚ ਮਿਹਣੇ ਤਾਨੇ ਹੁੰਦੇ ਹਨ, ਸੁੰਦਰ ਬਾਲ ਜੰਮ ਕੇ ਵੀ ਭਰਜਾਈ ਨੇ ਨਨਾਣ ਦੀਆਂ ਸੱਧਰਾਂ ਨਹੀਂ ਪੂਰੀਆਂ ਕੀਤੀਆਂ ਤੇ ਉਸ ਨੂੰ ਉਸ ਦੇ ਮਨ-ਪਸੰਦ ਦੇ ਕਪੜੇ ਤੇ ਗਹਿਣੇ ਆਦਿ ਲਾਗ ਵਜੋਂ ਨਹੀਂ ਦਿਤੇ। ਸਿੱਠਾਂ ਵਿਚ ਕਈ ਸਾਕ ਸਬੰਧੀਆਂ ਉਤੇ ਵਿਅੰਗ ਹੁੰਦਾ ਹੈ।

(2) ਵਿਆਹ ਸ਼ਾਦੀ, ਮੁੰਡਨ ਆਦਿ ਮੰਗਲ ਕਾਰਜਾਂ ਵੇਲੇ ਵਧਾਈ ਦੇਣ ਆਏ ਅੰਗ-ਸਾਕ ਜੋ ਵਸਤਰ ਗਹਿਣੇ ਤੇ ਮਠਿਆਈ ਆਦਿ ਲਿਆਉਂਦੇ ਹਨ, ਉਨ੍ਹਾਂ ਨੂੰ ਵੀ 'ਵਧਾਵਾ' ਲਿਆਉਣਾ ਕਹਿੰਦੇ ਹਨ।

**(ਵ-20) ਵਧਾਵੇ (ਵਧਾਵੜੇ) :**

ਖ਼ੁਸ਼ੀ ਦੇ ਗੀਤ ਜੋ ਬੱਚੇ ਦੇ ਜਨਮ ਸਮੇਂ ਵਧਾਈ ਦੇ ਤੌਰ ਤੇ ਗਾਏ ਜਾਂਦੇ ਹਨ :

ਘਰ ਨਨਦ ਦੇ ਮਿਲਣ ਵਧਾਈਆਂ,
ਜੀ, ਘਰ ਨਨਦ ਦੇ,
ਅੱਧੀ ਰਾਤੀਂ ਮੇਰਾ ਗੋਬਿੰਦਾ ਜੰਮਿਆ,
ਜੱਗ ਵਿਚ ਧੁੰਮਾਂ ਪਾਈਆਂ।
ਇਕ ਹੋਰ ਗੀਤ 'ਹਰਿਆ' ਹੈ—
ਹਰਿਆ ਨੀ ਮਾਏ ਹਰਿਆ ਨੀ ਭੈਣੇ
ਹਰਿਆ ਨੀ ਭਾਗੀਂ ਭਰਿਆ
ਜਿੱਤ ਦਿਹਾੜੇ ਮੇਰਾ ਹਰਿਆ ਨੀ ਜੰਮਿਆ
ਸੋਈਓ ਦਿਹਾੜਾ ਮੇਰਾ ਭਾਗੀਂ ਭਰਿਆ।
(ਵੇਖੋ : ਹਰਿਆ)।

(ਵ-21) **ਵਧੋ ਮਹਾਰਾਜ** :

ਕਿਸੇ ਦੀ ਮ੍ਰਿਤੂ ਉਤੇ ਜਿਹੜੇ ਮਾਤਮ ਕਰਨ ਵਾਲੇ ਅਰਥੀ ਦੇ ਨਾਲ ਸ਼ਮਸ਼ਾਨ ਘਾਟ ਨੂੰ ਮੁਰਦੇ ਨੂੰ ਫੂਕਣ ਲਈ ਜਾਂਦੇ ਹਨ, ਉਹ ਵਾਪਸੀ ਉਤੇ ਇਸ਼ਨਾਨ ਕਰ ਕੇ ਤੇ ਨਾਈ ਤੋਂ 'ਵਧੋ ਮਹਾਰਾਜ' ਦੀ ਅਸੀਸ ਲੈ ਕੇ ਘਰ ਪਰਤਦੇ ਹਨ। ਸ਼ੁਧੀ ਲਈ ਨਹਾਉਣਾ ਜ਼ਰੂਰੀ ਹੈ ਤੇ 'ਵਧੋ ਮਹਾਰਾਜ' ਅਖਵਾਣਾ ਮੌਤ ਦੇ ਪਰਛਾਵੇਂ ਤੋਂ ਬਚਣ ਲਈ ਮੂਲ ਮੰਤਰ ਹੈ।

(ਵ-22) **ਵਬਾਈ ਰੋਗ** :

ਵਬਾਈ ਰੋਗ ਕਿਸੇ ਨਾ ਕਿਸੇ ਪ੍ਰੇਤ ਆਤਮਾ ਦੁਆਰਾ ਫੈਲਾਏ ਮੰਨੇ ਜਾਂਦੇ ਹਨ। ਪਸ਼ੂਆਂ ਦੀਆਂ ਵਬਾਈ ਬੀਮਾਰੀਆਂ ਵੀ ਪ੍ਰੇਤ ਆਤਮਾ ਨਾਲ ਜੋੜੀਆਂ ਜਾਂਦੀਆਂ ਹਨ। ਬਹੁਤੀ ਪੁਰਾਣੀ ਗੱਲ ਨਹੀਂ ਕਿ ਗੁੜਗਾਵਾਂ ਵਿਚ ਇਕ ਆਦਮੀ ਖੇਤਾਂ ਵਿਚ ਸੁਤਿਆਂ ਹੋਇਆਂ, ਨੇ ਇਕ ਪ੍ਰੇਤ ਨੂੰ ਜੰਤੂ ਦੇ ਰੂਪ ਵਿਚ ਪਸ਼ੂਆਂ ਵਲ ਰੀਂਗਦਾ ਵੇਖਿਆ। ਦਾਅ ਲਗਾ ਕੇ ਉਹ ਪ੍ਰੇਤ ਨੂੰ ਆਪਣੀ ਢਾਲ ਹੇਠਾਂ ਪਕੜਨ ਵਿਚ ਸਫਲ ਹੋ ਗਿਆ ਅਤੇ ਉਦੋਂ ਤਕ ਨਾ ਛਡਿਆ ਜਦੋਂ ਤਕ ਉਸ ਨੇ ਇਹ ਸਹੁੰ ਨਾ ਖਾਧੀ ਕਿ ਉਹ ਉਦੋਂ ਤਕ ਪਿੰਡ ਵਿਚ ਨਹੀਂ ਵੜੇਗਾ ਜਦੋਂ ਤਕ ਪਕੜਨ ਵਾਲਾ ਤੇ ਉਸ ਦੇ ਉਤਰ-ਅਧਿਕਾਰੀ ਪਿੰਡ ਵਿਚ ਵਸਦੇ ਹਨ। ਹੁਣ ਤਕ ਜਦੋਂ ਪਸ਼ ਦੀ ਮਹਾਮਾਰੀ ਪੈਂਦੀ ਹੈ ਤਾਂ ਇਸ ਪਰਿਵਾਰ ਦੇ ਬੰਦੇ ਪ੍ਰੇਤ ਨੂੰ ਆਪਣਾ ਬਚਨ ਪਾਲਣ ਲਈ ਕਹਿੰਦੇ ਹਨ।

ਕਾਂਗੜੇ ਦੇ ਗੱਦੀ ਗਡਰੀਏ ਪਸ਼ੂਆਂ ਦੀ ਮਹਾਮਾਰੀ ਸਮੇਂ, 'ਗੁੱਗਾ ਪੀਰ' ਦੀ ਅਰਾਧਨਾ ਕਰਦੇ ਹਨ। ਗੁੱਗਾ ਪਸ਼ੂਆਂ ਦੀ ਪ੍ਰੇਤ ਆਤਮਾ ਹੈ। ਉਹ ਇਸ ਨੂੰ ਭੇਟਾ ਤੇ ਚੜ੍ਹਾਵੇ ਚਾੜ੍ਹਦੇ ਹਨ ਅਤੇ ਲੋਹੇ ਦਾ ਇਕ ਮੁੜਿਆ ਹੋਇਆ ਟੁਕੜਾ ਜੋ ਪ੍ਰੇਤ ਆਤਮਾ ਦਾ ਬਿੰਬ ਸਮਝਿਆ ਜਾਂਦਾ ਹੈ, ਪਸ਼ੂਆਂ ਦੇ ਵਾੜੇ ਵਿਚ ਲਿਜਾਇਆ ਜਾਂਦਾ ਹੈ। ਵੀਰਵਾਰ ਨੂੰ ਉਹ ਅਗਨੀ ਜਲਾ ਕੇ ਇਸ ਦੀ ਪੂਜਾ ਕਰਦੇ ਹਨ। ਬਕਰੇ ਦੀ ਬਲੀ ਦਿਤੀ ਜਾਂਦੀ ਹੈ ਅਤੇ ਉਸ ਦੇ ਲਹੂ ਦੇ ਕੁਝ ਛਿੱਟੇ ਲੋਹੇ ਉਤੇ ਮਾਰੇ ਜਾਂਦੇ ਹਨ।

(ਵ-23) **ਵਰਜਿਤ ਕੰਮ** :

ਪੰਜਾਬ ਦੀਆਂ ਕੁਝ ਲੋਕ-ਕਹਾਣੀਆਂ ਵਿਚ ਨਾਇਕ ਨੂੰ ਕਿਸੇ ਖ਼ਾਸ ਕੰਮ ਨੂੰ ਕਰਨ, ਕਿਸੇ ਫਲ ਜਾਂ ਵਸਤੂ ਨੂੰ ਖਾਣ, ਜਾਂ ਕਿਸੇ ਖ਼ਾਸ ਦਿਸ਼ਾ ਵਲ ਜਾਣ ਅਥਵਾ ਕਿਸੇ ਖ਼ਾਸ ਸਮੇਂ ਕੋਈ ਕੰਮ ਕਰਨ ਤੋਂ ਵਰਜਿਤ ਕੀਤਾ ਜਾਂਦਾ ਹੈ। ਇਹ ਵਰਜਨਾ ਜਾਂ ਤਾਂ ਕੋਈ ਸਾਧੂ ਫ਼ਕੀਰ ਕਰਦਾ ਹੈ, ਜਾਂ ਕੋਈ ਸਹਾਇਕ ਜਨੌਰ ਜਾਂ ਕੋਈ ਹੋਰ। ਨਾਇਕ ਤੋਂ ਕਈ ਵਾਰ ਸਹਿਜ ਭਾਵ ਵਿਚ ਹੀ ਇਸ ਦੀ ਉਲੰਘਣਾ ਹੋ ਜਾਂਦੀ ਹੈ ਅਤੇ ਕਈ ਵਾਰ ਉਤਕੰਠਾ ਵਸ ਉਹ ਜਾਣ ਬੁਝ ਕੇ, ਇਸ ਦਾ ਫਲ ਵੇਖਣ ਲਈ ਉਲੰਘਣਾ ਕਰਦਾ ਹੈ। ਵਰਜਿਤ ਗੱਲ ਕਰਨ ਨਾਲ ਨਾਇਕ ਕਿਸੇ ਨਾ ਕਿਸੇ ਸੰਕਟ ਵਿਚ ਫਸ ਜਾਂਦਾ ਹੈ।

ਸੰਸਾਰ ਦੀਆਂ ਅਨੇਕਾਂ ਲੋਕ-ਕਥਾਵਾਂ ਵਿਚ ਇਹ ਕਥਾਨਿਕ ਰੂੜ੍ਹੀ ਮਿਲਦੀ ਹੈ। ਇਸ ਰੂੜ੍ਹੀ ਦਾ ਸਭ ਤੋਂ ਪ੍ਰਾਚੀਨ ਰੂਪ ਬਾਈਬਲ ਵਿਚ ਹੈ। ਬਾਈਬਲ ਅਨੁਸਾਰ ਆਦਮ ਨੇ ਹਵਾ ਦੇ ਕਹਿਣ ਉਤੇ ਵਰਜਿਤ ਵਾੜੀ ਵਿਚੋਂ ਫਲ ਖਾਧੇ, ਜਿਸ ਲਈ ਖ਼ੁਦਾ ਨੇ ਉਸ ਨੂੰ ਬਹਿਸ਼ਤ ਵਿਚੋਂ ਕੱਢ ਦਿਤਾ। ਰੇਯੰਡ ਡੇਲਾਮ ਜੇਮਸਨ ਦਾ ਵਿਚਾਰ ਹੈ ਕਿ ਇਸ ਕਥਾ ਰੂੜ੍ਹੀ ਦਾ ਮੁਢ ਬਾਈਬਲ ਦੀ 'ਆਦਮ-ਹਵਾ' ਦੀ ਕਥਾ ਹੀ ਜਾਪਦੀ ਹੈ।

ਕੁਝ ਕਥਾ-ਕਹਾਣੀਆਂ ਵਿਚ ਕਿਸੇ ਖ਼ਾਸ ਸਮੇਂ ਕੋਈ ਕੰਮ ਸ਼ੁਰੂ ਕਰਨਾ ਵਰਜਿਤ ਹੁੰਦਾ ਹੈ, ਜਿਵੇਂ ਰਾਜਾ ਰਸਾਲੂ ਦੀ ਇਕ ਕਥਾ ਵਿਚ, ਬੁੱਢੀ ਮਾਈ ਰਾਜੇ ਰਸਾਲੂ ਨੂੰ ਕਹਿੰਦੀ ਹੈ ਕਿ ਅਮੁਕੇ ਬਨ ਵਿਚ ਸੂਰਜ ਡੁਬਣ ਮਗਰੋਂ ਸਫ਼ਰ ਕਰਨਾ ਵਰਜਿਤ ਹੈ। ਦਿਨ ਵੇਲੇ ਕੋਈ ਡਰ ਨਹੀਂ। ਜਿਥੇ ਸੂਰਜ ਡੁਬੇ ਉਥੇ ਹੀ ਪੜਾ ਕਰ ਲੈਣਾ, ਪਰ ਰਾਜਾ ਰਸਾਲੂ ਇਸ ਗੱਲ ਦੀ ਪਰਵਾਹ ਨਹੀਂ ਕਰਦਾ ਤੇ ਸੂਰਜ ਡੁਬਣ ਤੋਂ ਮਗਰੋਂ ਵੀ ਸਫ਼ਰ ਚਾਲੂ ਰਖਦਾ ਹੈ ਤੇ ਇਸ ਦੀ ਉਲੰਘਣਾ ਕਾਰਨ ਉਸ ਉਤੇ ਭਾਰੀ ਸੰਕਟ ਪੈਂਦਾ ਹੈ। ਜਿਵੇਂ ਹੀ ਉਹ ਸੂਰਜ ਡੁਬਣ ਮਗਰੋਂ ਤੁਰਦਾ ਹੈ, ਰਸਤੇ ਵਿਚ ਇਕ ਡੈਣ ਪ੍ਰਗਟ ਹੋ ਜਾਂਦੀ ਹੈ ਤੇ ਉਸ ਦਾ ਰਾਹ ਰੋਕ ਲੈਂਦੀ ਹੈ ਤੇ ਮੰਤ੍ਰ ਮਾਰ ਕੇ ਰਾਜੇ ਰਸਾਲੂ ਤੇ ਉਸ ਦੇ ਸਾਰੇ ਸਾਥੀਆਂ ਨੂੰ ਪੱਥਰ ਬਣਾ ਦੇਂਦੀ ਹੈ।

(ਵ-24) **ਵਰਜਿਤ ਖੂਹ** :

ਪੰਜਾਬੀ ਕਥਾਵਾਂ ਦੀ ਇਕ ਕਥਾਨਿਕ ਰੂੜ੍ਹੀ, ਕਈ ਕਥਾਵਾਂ ਵਿਚ ਨਾਇਕ ਜਾਂ ਕਿਸੇ ਹੋਰ ਪਾਤਰ ਨੂੰ ਕਿਸੇ ਖ਼ਾਸ

ਖੂਹ ਦਾ ਪਾਣੀ ਪੀਣ ਤੋਂ ਵਰਜਿਤ ਕੀਤਾ ਜਾਂਦਾ ਹੈ। ਜੇ ਉਹ ਵਰਜਿਤ ਖੂਹ ਦਾ ਪਾਣੀ ਪੀ ਲਏ ਜਾਂ ਇਸ਼ਨਾਨ ਕਰ ਲਏ ਤਾਂ ਉਹ ਕਿਸੇ ਸੰਕਟ ਦਾ ਸ਼ਿਕਾਰ ਹੋ ਜਾਂਦਾ ਹੈ। ਪੰਜਾਬੀ ਦੀ ਇਕ ਪਰੀ ਕਹਾਣੀ ਵਿਚ, ਨਾਇਕ ਕਿਸੇ ਸੁੰਦਰੀ ਨੂੰ ਪ੍ਰਾਪਤ ਕਰਨ ਲਈ ਉਸ ਜਿੰਨ ਨੂੰ ਮਾਰਨ ਲਈ ਪਰਬਤ ਵਲ ਜਾਂਦਾ ਹੈ, ਜਿਸ ਨੇ ਉਸ ਸੁੰਦਰੀ ਨੂੰ ਵਸ ਵਿਚ ਕੀਤਾ ਹੋਇਆ ਹੈ। ਸੁੰਦਰੀ ਉਸ ਨੂੰ ਪਹਿਲਾਂ ਤੋਂ ਹੀ ਚੇਤਾਵਨੀ ਦੇ ਦੇਂਦੀ ਹੈ ਕਿ ਰਾਹ ਵਿਚ ਸੱਤ ਖੂਹ ਆਉਣਗੇ, ਪਰ ਉਹ ਪਹਿਲੇ ਛੇ ਖੂਹਾਂ ਦਾ ਪਾਣੀ ਨਾ ਪੀਵੇ। ਜੇ ਉਹ ਪਾਣੀ ਪੀ ਗਿਆ ਤਾਂ ਪਹਿਲੇ ਖੂਹ ਦੇ ਪਾਣੀ ਪੀਣ ਨਾਲ ਮੱਛੀ, ਦੂਜੇ ਦੇ ਪਾਣੀ ਪੀਣ ਨਾਲ ਕਾਂ, ਤੀਜੇ ਦਾ ਪਾਣੀ ਪੀਣ ਨਾਲ ਬਿੱਲੀ, ਚੌਥੇ ਨਾਲ ਕੁੱਤਾ, ਪੰਜਵੇਂ ਨਾਲ ਗਿੱਦੜ ਤੇ ਛੇਵੇਂ ਵਿਚੋਂ ਪਾਣੀ ਪੀਣ ਨਾਲ ਖੋਤਾ ਬਣ ਜਾਵੇਗਾ। ਇਨ੍ਹਾਂ ਸਭਨਾਂ ਖੂਹਾਂ ਦਾ ਪਾਣੀ ਵਰਜਿਤ ਹੈ, ਸਤਵੇਂ ਦਾ ਪਾਣੀ ਪੀਣ ਦਾ ਕੋਈ ਹਰਜ ਨਹੀਂ। ਪਰ ਨਾਇਕ ਨੂੰ ਰਾਹ ਵਿਚ ਇਤਨੀ ਪਿਆਸ ਲੱਗਦੀ ਹੈ ਕਿ ਉਹ ਛੇਵੇਂ ਖੂਹ ਤੇ ਮਜਬੂਰ ਹੋ ਕੇ ਘੁਟ ਪਾਣੀ ਪੀ ਲੈਂਦਾ ਹੈ ਤੇ ਖੋਤਾ ਬਣ ਜਾਂਦਾ ਹੈ।

ਇਸ ਤਰ੍ਹਾਂ ਵਰਜਿਤ ਬਾਵਲੀ ਵਿਚੋਂ ਇਸ਼ਨਾਨ ਕਰਨ ਵਾਲਾ ਸ਼ਖ਼ਸ, ਜਲ ਵਿਚ ਤਰਨ ਵਾਲੀ ਮਛਲੀ, ਮੁਰਗਾਬੀ ਜਾਂ ਕਿਸੇ ਹੋਰ ਜੀਵ ਜੰਤ ਦਾ ਰੂਪ ਧਾਰਨ ਕਰ ਲੈਂਦਾ ਹੈ ਤੇ ਉਦੋਂ ਤਕ ਅਸਲੀ ਰੂਪ ਵਿਚ ਨਹੀਂ ਆਉਂਦਾ ਜਦੋਂ ਤਕ ਉਸ ਉਤੇ ਨਾਇਕ ਜਾਂ ਕੋਈ ਹੋਰ ਸ਼ਖ਼ਸ ਅੰਮ੍ਰਿਤ ਦੇ ਛੱਟੇ ਨਹੀਂ ਮਾਰਦਾ ਜਾਂ ਮੰਤ੍ਰ ਸਰਾਪ ਦਾ ਸਮਾਂ ਪੂਰਾ ਨਹੀਂ ਹੁੰਦਾ।

(ਵ-25) **ਵਰਜਿਤ ਦਿਸ਼ਾ :**

ਲੋਕ ਕਥਾਵਾਂ ਦੀ ਇਕ ਪ੍ਰਸਿਧ ਕਥਾਨਿਕ ਰੂੜ੍ਹੀ; ਨਾਇਕ ਜਾਂ ਕਿਸੇ ਹੋਰ ਪਾਤਰ ਨੂੰ ਇਕ ਖ਼ਾਸ ਦਿਸ਼ਾ ਵਲ ਜਾਣ ਤੋਂ ਵਰਜਿਆ ਜਾਂਦਾ ਹੈ। ਜੇ ਉਹ ਉਸ ਦਿਸ਼ਾ ਵਲ ਉਲੰਘਣਾ ਕਰਦਾ ਹੋਇਆ ਜਾਂਦਾ ਹੈ ਤਾਂ ਉਸ ਉਤੇ ਭਾਰੀ ਸੰਕਟ ਪੈਂਦਾ ਹੈ। ਵਰਜਿਤ ਦਿਸ਼ਾ ਦੀ ਰੂੜ੍ਹੀ ਕਈ ਪਰੀ ਕਹਾਣੀਆਂ ਵਿਚ ਮਿਲਦੀ ਹੈ। ਆਮ ਤੌਰ ਤੇ ਦੱਖਣ ਦੀ ਦਿਸ਼ਾ ਵਰਜਿਤ ਹੁੰਦੀ ਹੈ। ਸ਼ਾਇਦ ਇਸ ਲਈ ਕਿ ਦੱਖਣ ਦੀ ਦਿਸ਼ਾ ਯਮ ਦੀ ਦਿਸ਼ਾ ਹੈ ਤੇ ਇਸੇ ਤੋਂ ਹੀ ਇਹ ਦਿਸ਼ਾ ਵਰਜਿਤ ਦਿਸ਼ਾ ਬਣ ਗਈ ਹੈ। ਮੀਰ ਸ਼ਿਕਾਰੀ ਦੀ ਕਥਾ ਵਿਚ ਮੀਰ ਸ਼ਿਕਾਰੀ ਵਰਜਿਤ ਦਿਸ਼ਾ ਵਲ ਜਾਂਦਾ ਹੈ ਅਤੇ ਹਿਰਨ ਨੂੰ ਤੀਰ ਮਾਰਨ ਲਗਿਆਂ, ਉਸ ਦੇ ਪੈਰਾਂ ਵਿਚ ਸੱਪ ਲੜ ਜਾਂਦਾ ਹੈ। ਮੀਰ ਸ਼ਿਕਾਰੀ ਦੇ ਹਥੋਂ ਕਮਾਨ ਡਿਗ ਪੈਂਦੀ ਹੈ ਤੇ ਸੱਪ ਦੇ ਸਿਰ ਵਿਚ ਜਾ ਲਗਦੀ ਹੈ ਤੇ ਉਹ ਵੀ ਮਰ ਜਾਂਦਾ ਹੈ।

(ਵ-26) **ਵਰਜਿਤ ਬ੍ਰਿਛ :**

ਪੰਜਾਬੀ ਲੋਕ-ਕਥਾਵਾਂ ਦੀ ਇਕ ਕਥਾਨਿਕ ਰੂੜ੍ਹੀ। ਕਈ ਕਥਾਵਾਂ ਵਿਚ ਨਾਇਕ ਅਥਵਾ ਕਿਸੇ ਹੋਰ ਪਾਤਰ ਨੂੰ ਕਿਸੇ ਖ਼ਾਸ ਬ੍ਰਿਛ ਦਾ ਫਲ ਖਾਣ ਤੋਂ ਵਰਜ ਦਿਤਾ ਜਾਂਦਾ ਹੈ। ਜੇ ਨਾਇਕ ਇਸ ਦੀ ਉਲੰਘਣਾ ਕਰੇ ਤਾਂ ਉਹ ਕਿਸੇ ਸੰਕਟ ਵਿਚ ਫਸ ਜਾਂਦਾ ਹੈ। ਅਜਿਹੇ ਬ੍ਰਿਛ ਉਤੇ ਕਿਸੇ ਦੇਵ, ਜਿੰਨ ਜਾਂ ਪ੍ਰੇਤ ਸ਼ਕਤੀ ਨੇ ਟੂਣਾ ਕੀਤਾ ਹੁੰਦਾ ਹੈ। ਇਸ ਬ੍ਰਿਛ ਦਾ ਫਲ ਖਾਣ ਵਾਲਾ ਅਥਵਾ ਇਸ ਬ੍ਰਿਛ ਉਤੇ ਚੜ੍ਹਨ ਵਾਲਾ ਜਾਂ ਛਾਂ ਵਿਚ ਅਰਾਮ ਕਰਨ ਵਾਲਾ ਸ਼ਖ਼ਸ, ਪੰਛੀ ਅਥਵਾ ਜਨੌਰ ਬਣ ਜਾਂਦਾ ਹੈ ਤੇ ਕਈ ਹਾਲਤਾਂ ਵਿਚ ਉਲੰਘਣਾ ਕਰਨ ਵਾਲਾ ਮਰ ਵੀ ਜਾਂਦਾ ਹੈ।

ਇਕ ਲੋਕ-ਕਥਾ ਵਿਚ ਨਾਇਕ ਦਾ ਭਰਾ ਵਰਜਿਤ ਬ੍ਰਿਛ ਦਾ ਫਲ ਖਾਂਦਾ ਹੈ ਤੇ ਪੰਛੀ ਬਣ ਕੇ ਉਸ ਜੰਗਲ ਵਿਚ ਰਹਿਣ ਲਗਦਾ ਹੈ। ਪਿਛੋਂ ਜਦੋਂ ਨਾਇਕ ਉਸ ਨੂੰ ਢੂੰਡਦਾ ਹੋਇਆ ਉਥੇ ਪਹੁੰਚਦਾ ਹੈ ਤਾਂ ਉਹ ਉਸ ਦੇ ਸਿਰ ਉਤੇ ਉਡਾਰੀ ਮਾਰ ਕੇ ਉਸ ਨੂੰ ਵਰਜਿਤ ਬ੍ਰਿਛ ਦੇ ਨੇੜੇ, ਜਾਣ ਤੋਂ ਰੋਕਦਾ ਹੈ। ਇਸ ਤੋਂ ਨਾਇਕ ਅਨੁਮਾਨ ਲਗਾ ਲੈਂਦਾ ਹੈ ਕਿ ਇਹ ਪੰਛੀ ਉਸ ਦਾ ਗੰਮਿਆ ਹੋਇਆ ਭਰਾ ਹੀ ਹੈ। ਤੇ ਉਹ ਉਸ ਨੂੰ ਆਪਣੇ ਨਾਲ ਲੈ ਲੈਂਦਾ ਹੈ ਤੇ ਪਿਛੋਂ ਅੰਮ੍ਰਿਤ ਦੇ ਖੂਹ ਵਿਚੋਂ ਜਲ ਦੇ ਛੱਟਿਆਂ ਨਾਲ ਉਸ ਨੂੰ ਮਨੁੱਖੀ ਸ਼ਕਲ ਵਿਚ ਲਿਆਉਂਦਾ ਹੈ।

(ਵ-27) **ਵਰਜਿਤ ਵਣ :**

ਲੋਕ-ਕਥਾਵਾਂ ਦੀ ਇਕ ਕਥਾਨਿਕ ਰੂੜ੍ਹੀ; ਅਜਿਹੀ ਕਥਾ ਵਿਚ ਨਾਇਕ ਨੂੰ ਕਿਸੇ ਖ਼ਾਸ ਵਣ ਜਾਂ ਵਾੜੀ ਵਿਚ ਜਾਣ ਤੋਂ ਵਰਜਿਆ ਜਾਂਦਾ ਹੈ, ਜਿਸ ਦੀ ਉਲੰਘਣਾ ਕਰਕੇ, ਉਹ ਸੰਕਟ ਵਿਚ ਪੈਂਦਾ ਹੈ।

(ਵ-28) **ਵਰਣ :**

ਵੈਦਿਕ ਮਿਥਕ ਕਥਾਵਾਂ ਅਨੁਸਾਰ ਦੇਵਤਿਆਂ ਦਾ ਮੁਖੀ ਰਾਜਾ; ਵਰਣ ਬ੍ਰਹਿਮੰਡ ਦੇ ਵਿਧਾਨ ਦਾ ਰਖਿਅਕ ਹੈ। ਇਹ ਭੂਮੀ ਉਤੇ ਮੀਂਹ ਵਰਸਾਂਦਾ ਹੈ। ਵੈਦਿਕ ਕਾਲ ਦੇ ਦੇਵਤਿਆਂ ਵਿਚੋਂ ਵਰਣ ਹੀ ਸਭ ਤੋਂ ਪ੍ਰਾਚੀਨ ਮੰਨਿਆ ਜਾਂਦਾ ਹੈ।

ਬ੍ਰਾਹਮਣੀ ਕਾਲ ਵਿਚ, ਵਰਣ ਦੇ ਕਈ ਕਰਤੱਵ ਜਿਹਾ ਕਿ ਸ੍ਰਿਸ਼ਟੀ ਦੀ ਉਤਪਤੀ ਤੇ ਮੁਖੀ ਦੇਵਤਾ, ਪਰਜਾਪਤੀ ਨਾਲ ਜੋੜ ਦਿਤੇ ਗਏ। ਤੇ ਇਸ ਦਾ ਅਧਿਕਾਰ ਕੇਵਲ ਜਲ ਤੇ ਪੱਛਮ ਦਿਸ਼ਾ ਉਤੇ ਹੀ ਰਹਿ ਗਿਆ। ਜਮਨਾ ਤੇ ਗੰਗਾ ਇਸ ਦੀਆਂ ਪਤਨੀਆਂ ਮੰਨੀਆਂ ਜਾਂਦੀਆਂ ਹਨ।

(ਵ-29) **ਵਰਤ :**

ਕਿਸੇ ਦੇਵੀ ਦੇਵਤੇ ਨੂੰ ਖ਼ੁਸ਼ ਕਰ ਕੇ, ਮਨ ਦੀਆਂ ਭਾਵਨਾਵਾਂ ਨੂੰ ਪ੍ਰਾਪਤ ਕਰਨ ਲਈ ਵਰਤ ਰਖੇ ਜਾਂਦੇ ਹਨ ਤੇ ਸਾਰਾ ਦਿਨ ਅੰਨ-ਪਾਣੀ ਖਾਧਾ ਪੀਤਾ ਨਹੀਂ ਜਾਂਦਾ। ਵਰਤ ਮਰਦ ਤੀਵੀਆਂ ਬੱਚੇ ਬੁੱਢੇ ਸਭ ਰਖਦੇ ਹਨ, ਪਰ ਕੁਝ ਵਰਤ ਇਸ ਕਿਸਮ ਦੇ ਵੀ ਹੁੰਦੇ ਹਨ ਜੋ ਕੇਵਲ ਤੀਵੀਆਂ ਹੀ ਰਖਦੀਆਂ ਹਨ। ਮਰਦ ਆਮ ਤੌਰ ਉਤੇ ਪੂਰਨਮਾਸ਼ੀ, ਇਕਾਦਸ਼ੀ ਜਾਂ ਮੰਗਲਵਾਰ ਨੂੰ ਵਰਤ ਰਖਦੇ ਹਨ, ਪਰ ਤੀਵੀਆਂ ਦੇ ਵਰਤਾਂ ਦੀ ਤਾਂ ਕੋਈ ਗਿਣਤੀ ਹੀ ਨਹੀਂ। ਪਹਿਲਾਂ ਤਾਂ ਹਰ ਪੂਰਨਮਾਸ਼ੀ, ਸਤਵੀਂ, ਨੌਵੀਂ ਤੇ ਦਸਵੀਂ ਨੂੰ ਵਰਤ ਰਖੇ ਜਾਂਦੇ ਸਨ। ਦਿਨ-ਦਿਹਾੜਿਆਂ ਦੇ ਵਰਤ ਇਨ੍ਹਾਂ ਤੋਂ ਵੱਖਰੇ ਹਨ ਤੇ ਜਿਵੇਂ ਨੌਰਾਤਿਆਂ ਦੇ ਨੌਂ ਵਰਤ ਸੁਹਾਗਣਾਂ-ਭਾਗਣਾਂ ਦੇ ਵਰਤ ਆਦਿ।

ਵਰਤ ਦਾ ਮੁਢ ਸ਼ਾਇਦ 'ਅਲਪ ਅਹਾਰ' ਦੇ ਉਦੇਸ਼ ਨੂੰ ਮੁਖ ਰਖ ਕੇ ਬਝਿਆ ਸੀ, ਕਿਉਂ ਜੋ ਭੁੱਖਾ ਰਹਿਣ ਨਾਲ ਸਰੀਰ ਸਾਧਿਆ ਜਾਂਦਾ ਹੈ ਤੇ ਇੰਦਰੀਆਂ ਨੂੰ ਸੰਜਮ ਵਿਚ ਰੱਖਿਆ ਜਾ ਸਕਦਾ ਹੈ ਪਰ ਅੱਜ ਕਲ੍ਹ ਵਰਤ ਰਖਣ ਵਾਲੇ, ਵਰਤ ਰਖਣ ਤੋਂ ਪਹਿਲਾਂ ਇਤਨੇ ਪਦਾਰਥ ਦੁੱਧ, ਸੇਵੀਆਂ ਤੇ ਫਲ ਮਿਠਾਈ ਆਦਿ ਖਾ ਲੈਂਦੇ ਹਨ ਕਿ ਆਮ ਦਿਨ ਇਤਨਾ ਨਹੀਂ ਖਾਧਾ ਹੁੰਦਾ, ਇਸ ਲਈ ਵਰਤ ਹੁਣ ਪੁਰਾਣੇ ਸੰਸਕਾਰਾਂ ਦੀ ਇਕ ਰਸਮ ਹੀ ਰਹਿ ਗਏ ਹਨ। ਇਸ ਲਈ ਅਖਾਣ ਪ੍ਰਚਲਤ ਹੈ : ਅਜ ਕਰਾੜੀ ਵਰਤ ਹੈ, ਪੰਜਾਹ ਰੁਪਏ ਖਰਚ ਹੈ।

ਵਰਤ ਕਈ ਮਨੋਰਥਾਂ ਦੀ ਸਿੱਧੀ ਲਈ ਵੀ ਰਖੇ ਜਾਂਦੇ ਹਨ, ਕਈ ਸੁੱਖਣਾ ਦੇਣ ਲਈ, ਕਈ ਦੇਵੀ ਦੇਵਤਿਆਂ ਨੂੰ ਪ੍ਰਸੰਨ ਕਰ ਕੇ ਭਾਵਨਾ ਪ੍ਰਾਪਤ ਕਰਨ ਲਈ। ਕਈਆਂ ਦਾ ਖ਼ਿਆਲ ਹੈ ਕਿ ਵਰਤ ਰਖਣ ਵਾਲੇ ਦਿਨ ਦਾ ਅੰਨ ਜਲ ਸਵਰਗਾਂ ਵਿਚ ਵਸਦੇ ਪਿਤਰਾਂ ਨੂੰ ਮਿਲਦਾ ਹੈ।

ਵਰਤ ਕਈ ਕਿਸਮਾਂ ਦੇ ਹੁੰਦੇ ਹਨ, ਕਈਆਂ ਵਰਤਾਂ ਵਿਚ ਸਾਰਾ ਦਿਨ ਅੰਨ ਪਾਣੀ ਮੂੰਹ ਨਹੀਂ ਲਗਾਇਆ ਜਾਂਦਾ। ਕਈ ਹੋਰ ਵਰਤਾਂ ਵਿਚ ਪਾਣੀ ਪੀਤਾ ਜਾ ਸਕਦਾ ਹੈ।

ਕੁਝ ਵਰਤਾਂ ਵਿਚ ਵਰਤ ਖੋਲ੍ਹਣ ਤੋਂ ਪਹਿਲਾਂ, ਵਰਤ ਦੇ ਮਹਾਤਮ ਦੀ ਕਥਾ ਸੁਣਨੀ ਲਾਜ਼ਮੀ ਹੈ।

ਸ੍ਰੀ ਰਾਮ ਪ੍ਰਤਾਪ ਤ੍ਰਿਪਾਠੀ ਅਨੁਸਾਰ 'ਵਰਤ ਅਧਿਆਤਮ ਅਥਵਾ ਮਾਨਸਿਕ ਸ਼ਕਤੀ ਦੀ ਦ੍ਰਿੜਤਾ ਲਈ, ਭਗਤੀ ਤੇ ਸ਼ਰਧਾ ਦੇ ਵਿਕਾਸ ਲਈ, ਵਾਤਾਵਰਨ ਨੂੰ ਪਵਿਤਰ ਕਰਨ ਲਈ ਦੂਜਿਆਂ ਉਤੇ ਆਪਣਾ ਪ੍ਰਭਾਵ ਜਮਾਣ ਲਈ ਤੇ ਆਪਣੇ ਵਿਚਾਰਾਂ ਨੂੰ ਉੱਚੇ ਤੇ ਸੁਧ ਰਖਣ ਲਈ ਤੇ ਰੋਗ ਤੇ ਸਵੱਸਥ ਦੀ ਪ੍ਰਗਤੀ ਲਈ ਰਖੇ ਜਾਂਦੇ ਹਨ।

ਵਰਤ ਦਾ ਅਰਥ 'ਉਪਵਾਸ' ਹੈ। ਉਪਵਾਸ ਦੇ ਅਰਥ ਹਨ ਚੰਗੇ ਗੁਣਾਂ ਵਿਚ ਆਤਮਾ ਦਾ ਨਿਵਾਸ ਕਰਾਉਣਾ। ਇੰਜ ਵਰਤ ਦਾ ਅਰਥ ਸਿਰਫ਼ ਭੁੱਖਾ ਰਹਿਣਾ ਹੀ ਨਹੀਂ ਸਗੋਂ ਸਦਾਚਾਰਕ ਨੂੰ ਗ੍ਰਹਿਣ ਕਰਨਾ ਵੀ ਹੈ।

ਹਿੰਦੂਆਂ ਵਿਚ ਵਰਤਾਂ ਦੀ ਬੜੀ ਮਹਾਨਤਾ ਹੈ ਤੇ ਅਜਿਹਾ ਕੋਈ ਵੀ ਮਹੀਨਾ ਨਹੀਂ, ਜਿਸ ਵਿਚ ਚਾਰ ਪੰਜ ਵਰਤ ਨਾ ਆ ਜਾਂਦੇ ਹੋਣ। ਪਹਿਲਾਂ ਤਾਂ ਸੱਤਾਂ ਦਿਨਾਂ ਵਿਚੋਂ ਹਰੇਕ ਦਿਨ ਵਰਤ ਰਖਣ ਦੀ ਆਪੋ ਆਪਣੀ ਮਹੱਤਾ ਹੈ। ਫਿਰ ਹਰ ਮਹੀਨੇ ਦੀ ਸੰਗਰਾਂਦ, ਇਕਾਦਸ਼ੀ, ਅਮਾਵਸ ਤੇ ਪੂਰਨਮਾਸ਼ੀ ਨੂੰ ਵੀ ਵਰਤ ਰਖਣ ਦੀ ਆਪੋ ਆਪਣੀ ਮਹੱਤਾ ਹੈ। ਇਸ ਤੋਂ ਬਿਨਾਂ ਮਹੀਨੇ ਵਿਚ ਕੁਝ ਤਿੱਥੀਆਂ ਅਜਿਹੀਆਂ ਆ ਜਾਂਦੀਆਂ ਹਨ, ਜਿਨ੍ਹਾਂ ਦਾ ਸਬੰਧ ਕਿਸੇ ਦੇਵੀ ਦੇਵਤੇ, ਅਵਤਾਰ ਤੇ ਰਿਸ਼ੀ ਮੁਨੀ ਨਾਲ ਹੁੰਦਾ ਹੈ ਤੇ ਇਨ੍ਹਾਂ ਤਿੱਥੀਆਂ ਉਤੇ ਵਰਤ ਰਖਣ ਦਾ ਆਪਣਾ ਵਿਸ਼ੇਸ਼ ਮਹੱਤਵ ਹੈ।

ਵਰਤ ਦੋ ਤਰ੍ਹਾਂ ਦੇ ਹਨ ਇਕ 'ਕਾਮਯ' ਤੇ ਦੂਜਾ 'ਨਿਤਯ'। 'ਕਾਮਯ' ਉਨ੍ਹਾਂ ਵਰਤਾਂ ਨੂੰ ਕਹਿੰਦੇ ਹਨ ਜੋ ਕਿਸੇ ਵਿਸ਼ੇਸ਼ ਕਾਮਨਾ ਨੂੰ ਮੁਖ ਰਖ ਕੇ ਰਖੇ ਜਾਂਦੇ ਹਨ ਤੇ 'ਨਿਤਯ' ਉਹ ਵਰਤ ਹਨ, ਜੋ ਭਗਤੀ ਭਾਵਨਾ ਜਾਂ ਅਧਿਆਤਮ ਪ੍ਰੇਰਣਾ ਸਦਕਾ ਨਿਰੋਲ ਮਨ ਦੀ ਸੁਧੀ ਤੇ ਸੰਕਲਪ ਦੀ ਦ੍ਰਿੜਤਾ ਲਈ ਕੀਤੇ ਜਾਂਦੇ ਹਨ।

ਹਿਦੂਆਂ ਦੇ ਧਰਮ ਸ਼ਾਸਤਰਾਂ ਵਿਚ ਭਿੰਨ ਭਿੰਨ ਵਰਤਾਂ ਦੇ ਅਨੇਕਾਂ ਮਹਾਤਮ ਮੰਨੇ ਜਾਂਦੇ ਹਨ। ਫਿਰ ਹਰੇਕ ਵਰਤ ਨਾਲ ਉਸ ਦੇ ਮਹੱਤਵ ਦਰਸਾਣ ਲਈ, ਕਈ ਲੋਕ-ਕਥਾਵਾਂ ਮਿੱਥਕ ਜਾਂ ਪੁਰਾਣਿਕ ਕਥਾਵਾਂ ਵੀ ਮਿਲਦੀਆਂ ਹਨ।

ਵਰਤ ਦੇ ਨਾਲ ਸਰੀਰ ਤੇ ਆਤਮਾ ਦੀ ਸੁਧਤਾ ਉਤੇ ਵੀ ਬੜਾ ਬਲ ਦਿਤਾ ਗਿਆ ਹੈ। ਸਰੀਰ ਦੀ ਸੁਧੋਤਾ ਲਈ ਇਸ਼ਨਾਨ ਤੇ ਮਨ-ਆਤਮਾ ਦੀ ਸੁਧਤਾ ਲਈ ਪੂਜਾ ਪਾਠ ਅਵੱਸ਼ਕ ਹਨ। ਵਰਤ ਦੀ ਪੂਜਾ ਘਰ ਵਿਚ ਵੀ ਕੀਤੀ ਜਾ ਸਕਦੀ ਹੈ ਤੇ ਬਾਹਰ ਕਿਸੇ ਪਾਵਨ ਨਦੀ ਦੇ ਕੰਢੇ ਜਾਂ ਬ੍ਰਿਛ ਹੇਠ ਜਾਂ ਦੇਵ ਮੰਦਰ ਵਿਚ। ਬਹੁਤੇ ਵਰਤ ਘਰ ਹੀ ਪੂਜੇ ਜਾਂਦੇ ਹਨ।

ਪੁਰਾਣਾਂ ਤੇ ਗ੍ਰੰਥਾਂ ਵਿਚ ਕੁਝ ਵਰਤਾਂ ਦੇ ਸਬੰਧ ਵਿਚ ਇਹ ਵੀ ਦਸਿਆ ਗਿਆ ਹੈ ਕਿ ਸਰੀਰ ਦੀ ਸੁਧੀ ਲਈ ਕਿਤਨਾ ਦਾਤਨ, ਕਿਸ ਚੀਜ਼ ਦਾ ਵੱਟਣਾ ਤੇ ਕਿਹੜਾ ਤੇਲ ਵਰਤਿਆ ਜਾਵੇ।

ਹਰ ਵਰਤ ਦੇ ਰੱਖਣ ਤੋਂ ਪਹਿਲਾਂ ਸੰਕਲਪ ਕਰਨਾ ਜ਼ਰੂਰੀ ਹੈ। ਸੰਕਲਪ ਲੈਣ ਦੀ ਆਮ ਵਿਧੀ ਇਹ ਹੈ ਕਿ ਪਵਿਤਰ ਜਲ, ਅੰਨ, ਕੁਸ਼ਾ ਘਾਹ ਤੇ ਤਾਂਬੇ ਦਾ ਪੈਸਾ ਲੈ ਕੇ ਪੂਰਬ ਅਥਵਾ ਉੱਤਰ ਵਲ ਮੂੰਹ ਕਰ ਕੇ, ਵਰਤ ਨੂੰ

ਹਰ ਪੱਖ ਤੋਂ ਪੂਰਾ ਕਰਨ ਦੀ ਪ੍ਰਤਿਗਿਆ ਕੀਤੀ ਜਾਵੇ।

ਹਰ ਵਰਤ ਦਾ ਅਧਿਦੇਵਤਾ ਕਲਪਿਤ ਕੀਤਾ ਗਿਆ ਹੈ ਤੇ ਉਸ ਦੇ ਪੁਰਾਣਿਕ ਗੁਣਾਂ ਦੇ ਅਧਾਰ ਉਤੇ, ਪੂਜਾ ਦੀ ਸਮਿਗਰੀ ਵੀ ਨਿਸਚਤ ਕੀਤੀ ਗਈ ਹੈ। ਇਸ ਲਈ ਹਰ ਵਰਤ ਦੀ ਪੂਜਾ ਸਮਿਗਰੀ ਤੇ ਪੁੰਨ ਦਾਨ ਦੀਆਂ ਵਸਤਾਂ ਵੀ ਇਕਸਾਰ ਨਹੀਂ, ਕਿਉਂ ਜੋ ਕਿਸੇ ਦੇਵਤੇ ਨੂੰ ਫਲ ਭਾਂਵਦੇ ਹਨ ਤੇ ਕਿਸੇ ਨੂੰ ਫੁੱਲ।

ਵਰਤਾਂ ਦੀ ਪੂਜਾ ਦੇ ਸਬੰਧ ਵਿਚ ਸੋਲਾਂ ਪ੍ਰਕਾਰ ਦੇ ਉਪਚਾਰ ਦਸੇ ਜਾਂਦੇ ਹਨ: ਇਨ੍ਹਾਂ ਨੂੰ ਸੋਡਸ-ਉਪਚਾਰ ਕਿਹਾ ਜਾਂਦਾ ਹੈ। ਕਿਸੇ ਵਰਤ ਵਿਚ ਪੂਰੇ 16 ਉਪਚਾਰ ਜ਼ਰੂਰੀ ਹਨ ਤੇ ਕਿਸੇ ਹੋਰ ਵਿਚ ਘੱਟ ਵੀ।

ਵਰਤ ਸਮੇਂ ਕਲਸ਼ ਦੀ ਸਥਾਪਨਾ ਅਥਵਾ ਕੁੰਭ ਪੂਰਨਾ ਵੀ ਜ਼ਰੂਰੀ ਹੁੰਦਾ ਹੈ। ਘੜਾ ਆਮ ਤੌਰ ਤੇ ਮਿੱਟੀ ਦਾ ਹੀ ਹੁੰਦਾ ਹੈ ਤੇ ਉਸ ਲਈ ਲੰਬਾਈ ਚੌੜਾਈ ਨਿਸਚਿਤ ਹੈ। ਘੜੇ ਵਿਚ ਜਲ ਭਰ ਕੇ ਉਪਰ ਇਕ ਕਟੋਰਾ ਰਖਿਆ ਜਾਂਦਾ ਹੈ। ਘੜੇ ਦੇ ਅੰਦਰ, ਹੇਠ ਤੇ ਮੱਧ ਜਾਂ ਮੂੰਹ ਵਾਲੇ ਹਿੱਸੇ ਵਿਚ ਬ੍ਰਹਮਾ, ਵਿਸ਼ਨੂੰ ਤੇ ਸ਼ੰਕਰ ਦੇ ਨਿਵਾਸ ਦੀ ਕਲਪਨਾ ਕੀਤੀ ਜਾਂਦੀ ਹੈ ਤੇ ਦਖਸ਼ਣਾ ਕਟੋਰੇ ਵਿਚ ਪਾਈ ਜਾਂਦੀ ਹੈ।

ਫਿਰ ਮੂਰਤੀ ਜਾਂ ਚਿੱਤਰ ਦੀ ਸਥਾਪਨਾ ਕੀਤੀ ਜਾਂਦੀ ਹੈ, ਕਿਉਂ ਜੋ ਮੂਰਤੀ ਜਾਂ ਚਿੱਤਰ ਬਿਨਾਂ ਪੂਜਾ ਅਧੂਰੀ ਹੈ। ਇਹ ਮੂਰਤੀ ਵਿਤ-ਅਨੁਸਾਰ ਕਿਸੇ ਵੀ ਧਾਤ ਦੀ ਹੋ ਸਕਦੀ ਹੈ। ਕਈ ਲੋਕ ਵਰਤਾਂ ਦੀ ਪੂਜਾ ਸਮੇਂ ਹਵਨ ਵੀ ਕਰਦੇ ਹਨ।

ਵਰਤ ਦਾ ਸੰਕਲਪ ਗ੍ਰਹਿਣ ਕਰਨ ਪਿਛੋ ਵਰਤ ਦਾ ਖੰਡਨ ਹੋਣਾ ਠੀਕ ਨਹੀਂ ਹੁੰਦਾ। ਖੰਡਨ ਹੋਇਆ ਵਰਤ ਸਭ ਪਹਿਲੇ ਸੰਚੇ ਪੁੰਨ-ਕਰਮ ਨਸ਼ਟ ਕਰ ਦੇਂਦਾ ਹੈ।

### (ਵ-30) **ਵਰਤਨ ਭਾਜੀ :**

ਪੰਜਾਬੀਆਂ ਦੇ ਸਮਾਜਕ ਜੀਵਨ ਵਿਚ ਵਰਤਨ ਭਾਜੀ ਦੀ ਸੰਸਥਾ ਬੜਾ ਮਹੱਤਵ ਰਖਦੀ ਹੈ। ਸਾਰੇ ਅੰਗ ਸਾਕ ਅਥਵਾ ਬਰਾਦਰੀ 'ਵਰਤਨ ਭਾਜੀ' ਦੀਆਂ ਤੰਦਾਂ ਨਾਲ ਇਕ ਦੂਜੇ ਨਾਲ ਬੱਝੇ ਹੁੰਦੇ ਹਨ। ਜਿਤਨਾ ਕੋਈ ਵਧੇਰੇ ਬਰਾਦਰੀ ਨਾਲ ਵਰਤਦਾ ਹੈ ਅਥਵਾ ਲੈਣ ਦੇਣ ਕਰਦਾ ਹੈ, ਉਤਨਾ ਹੀ ਉਸ ਦਾ ਗੌਰਵ ਅਥਵਾ 'ਨਕ' ਵਧਦਾ ਹੈ। ਭਾਵੇਂ ਕੋਈ ਕਿਤਨਾ ਵੀ ਰਜਿਆ ਪੁਜਿਆ ਹੋਵੇ, ਜੇ ਉਹ ਬਰਾਦਰੀ ਨਾਲ ਲੈਣ ਦੇਣ ਸੁਚੱਜਾ ਨਹੀਂ ਕਰਦਾ, ਉਸ ਦੀ ਕੌਡੀ ਇਜ਼ਤ ਮਾਣ ਨਹੀਂ ਹੁੰਦੀ।

ਵਰਤਣ-ਭਾਜੀ ਉਹ ਲੈਣ ਦੇਣ ਹੈ, ਜੋ ਰੋਟੀ, ਕਪੜੇ, ਸੁਗਾਤਾਂ ਜਾਂ ਨਕਦੀ ਦੇ ਰੂਪ ਵਿਚ, ਹਰਖ ਸੋਗ ਦੇ ਕਾਰਜਾਂ ਸਮੇਂ ਅੰਗਾਂ-ਸਾਕਾਂ ਨਾਲ ਕੀਤਾ ਜਾਂਦਾ ਹੈ। ਇਸ ਲਈ ਕਈ ਵਾਰ ਸਿਰਫ਼ ਭਾਜੀ ਸ਼ਬਦ ਵੀ ਵਰਤ ਲਿਆ ਜਾਂਦਾ ਹੈ। ਭਾਜੀ ਸ਼ਬਦ ਸੰਸਕ੍ਰਿਤ ਦੇ ਸ਼ਬਦ 'ਭਜ' ਤੋਂ ਬਣਿਆ ਹੈ ਜਿਸ ਦਾ ਅਰਥ ਹੈ ਵੰਡਣਾ। ਆਮ ਤੌਰ ਤੇ ਇਹ ਸ਼ਬਦ ਵਿਆਹ ਸ਼ਾਦੀ ਆਦਿ ਦੇ ਮੌਕੇ ਤੇ ਭਾਈਚਾਰੇ ਵਿਚ ਵੰਡੀ ਮਠਿਆਈ ਲਈ ਵਰਤਿਆ ਜਾਂਦਾ ਹੈ। ਪਰ ਵਿਸਤ੍ਰਿਤ ਰੂਪ ਵਿਚ ਇਹ ਸ਼ਬਦ ਦੁਖ ਸੁਖ ਦੇ ਹਰ ਮੌਕੇ ਉਤੇ ਰੁਪਏ ਪੈਸੇ ਨੇਂਦਰਾ, ਕਪੜੇ, ਵਸਤ, ਰੋਟੀ, ਫਲ, ਮਠਿਆਈ ਆਦਿ ਦੇ ਲੈਣ ਦੇਣ ਲਈ ਵਰਤਿਆ ਜਾਂਦਾ ਹੈ। ਪੱਛਮੀ ਪੰਜਾਬ ਵਿਚ ਤਾਂ 'ਮਾਂਗ' ਦੇ ਲੈਣ ਦੇਣ ਦੀ ਵੀ ਭਾਜੀ ਚਲਦੀ ਹੈ। ਜੇ ਇਕ ਜ਼ਿਮੀਂਦਾਰ ਨੂੰ ਕਿਸੇ ਭੀੜਾ ਸਮੇਂ ਕਾਮਿਆਂ ਦੀ ਲੋੜ ਹੈ ਤਾਂ ਉਹ ਦੂਜੇ ਜ਼ਿਮੀਂਦਾਰ, ਜਿਸ ਨਾਲ ਉਸ ਦੀ ਵਰਤਨ ਭਾਜੀ ਹੈ, 'ਮਾਂਗ' ਵਜੋਂ ਕਾਮਿਆਂ ਨੂੰ ਮੰਗਵਾ ਲੈਂਦਾ ਹੈ।

ਵਰਤਨ ਭਾਜੀ ਅੰਗਾਂ ਸਾਕਾਂ ਤੇ ਭਾਈਚਾਰੇ ਨਾਲ ਦੋਪਾਸੜ ਹੁੰਦੀ ਹੈ। ਜਿਤਨੀ ਕੁ ਗਿਣਤੀ ਮਿਣਤੀ ਵਿਚ ਕੋਈ ਵਰਤ ਜਾਂਦਾ ਹੈ, ਉਤਨੀ ਹੀ ਗਿਣਤੀ ਮਿਣਤੀ ਵਿਚ ਉਸ ਨਾਲ ਵਰਤ ਲਿਆ ਜਾਂਦਾ ਹੈ। ਪ੍ਰਥਾ ਇਹ ਹੈ ਕਿ ਜਿਤਨੀ ਭਾਜੀ ਕੋਈ ਚਾੜ੍ਹੇ ਦੂਜਾ ਸਵਾਈ ਕਰ ਕੇ ਉਤਾਰੇ, ਪਰ ਜੇ ਸਵਾਈ ਨਾ ਦੇ ਸਕੇ ਤਾਂ ਬਰਾਬਰ ਤਾਂ ਦੇਣੀ ਹੀ ਬਣਦੀ ਹੈ, ਭਾਵੇਂ ਉਸਦੀ ਤੌਫ਼ੀਕ ਹੋਵੇ ਜਾਂ ਨਾ।

ਪਰ ਧੀ ਨਾਲ ਵਰਤਨ-ਭਾਜੀ ਇਕ ਧਿਰੀ ਹੁੰਦੀ ਹੈ। ਧੀ ਦਾ, ਮਾਂ ਪਿਉ ਤੋਂ ਲੈਣ ਦਾ ਜਨਮ-ਸਿਧ ਅਧਿਕਾਰ ਹੈ। ਧੀ ਦੀ ਮਾਪਿਆਂ ਨਾਲ ਵਰਤਨ ਭਾਜੀ ਨਹੀਂ ਹੁੰਦੀ। ਦੇਣ ਦੀ ਭਾਜੀ ਉਹ ਆਪਣੇ ਭੈਣਾਂ-ਭਰਾਵਾਂ ਨਾਲ ਰਖਦੀ ਹੈ, ਮਾਂ ਪਿਉ ਨਾਲ ਨਹੀਂ। ਧੀ ਤਾਂ ਜਦੋਂ ਵੀ ਪੇਕੇ ਆਵੇ, ਸੱਖਣੀ ਨਹੀਂ ਜਾਣੀ ਚਾਹੀਦੀ। ਲੋਕੀਂ ਆਖਦੇ ਹਨ ਧੀ ਘਰੋਂ ਸੱਖਣੀ ਜਾਵੇ ਤਾਂ ਘਰ ਦੀਆਂ ਚਾਰੇ ਕੰਧਾ ਹਿਲ ਜਾਂਦੀਆਂ ਹਨ। ਭਾਵ ਬੜੀ ਵੱਡੀ ਬਦਸਗਣੀ ਹੁੰਦੀ ਹੈ। ਵਿਆਹ ਆਦਿ ਖ਼ੁਸ਼ੀ ਦੇ ਮੌਕਿਆਂ ਉਤੇ ਮਠਿਆਈ, ਕਪੜਿਆਂ ਤੇ ਨਕਦ ਭਾਜੀ, ਸਭ ਤੋਂ ਵਧ ਧੀ ਨੂੰ ਦਿਤੀ ਜਾਂਦੀ ਹੈ। ਸਿਰਫ਼ ਧੀ ਨੂੰ ਹੀ ਨਹੀਂ ਉਸ ਦੇ ਸਹੁਰੇ ਪਰਵਾਰ ਨੂੰ ਵੀ ਅਜਿਹੇ ਮੌਕਿਆਂ 'ਤੇ ਮਠਿਆਈ, ਕਪੜੇ ਤੇ ਨਕਦ ਭਾਜੀ ਦਿਤੀ ਜਾਂਦੀ ਹੈ। ਧੀ ਨੂੰ ਦਿਤੀਆਂ ਵਸਤਾਂ ਮੂਲ ਮਾਪ ਦੰਡ ਹਨ ਤੇ ਬਾਕੀ ਅੰਗ ਸਾਕਾਂ ਨੂੰ ਉਸ ਨਾਲੋਂ ਹਮੇਸ਼ਾ ਘਟ ਦਿਤਾ ਜਾਂਦਾ ਹੈ। ਧੀ ਨਾਲ ਕਿਸੇ ਦਾ ਬਰ ਨਹੀਂ ਮੇਚਿਆ ਜਾਂਦਾ।

ਆਮ ਤੌਰ ਤੇ ਹਿੰਦੂਆਂ ਵਿਚ ਵਰਤਨ ਭਾਜੀ ਦੇ ਤਿੰਨ ਖ਼ੁਸ਼ੀ ਦੇ ਮੌਕੇ ਹਨ, ਜਨਮ, ਮੁੰਡਨ ਸੰਸਕਾਰ ਅਤੇ ਵਿਆਹ। ਕਿਸੇ ਬਜ਼ੁਰਗ ਦੀ ਮੌਤ ਉਤੇ ਵੀ ਲੈਣ ਦੇਣ ਕੀਤਾ ਜਾਂਦਾ

ਹੈ। ਪਰ ਇਸ ਨੂੰ ਕੌੜੀ ਭਾਜੀ ਕਿਹਾ ਜਾਂਦਾ ਹੈ।

ਵਿਆਹ ਅਤੇ ਖ਼ੁਸ਼ੀ ਦੇ ਹੋਰ ਮੌਕਿਆਂ ਉਤੇ ਗਲੀ ਮਹੱਲੇ ਤੇ ਪਿੰਡ ਦੇ ਲੋਕਾਂ ਵਿਚ ਵੀ ਮਠਿਆਈ, ਜਾਂ ਕੋਈ ਹੋਰ ਵਸਤੂ ਵੰਡੀ ਜਾਂਦੀ ਹੈ। ਇਹ ਮਠਿਆਈ ਆਦਿ ਵੀ ਅੰਗ-ਸਾਕਾਂ ਤੋਂ ਬਾਹਰ ਉਨ੍ਹਾਂ ਘਰਾਂ ਵਿਚ ਵੰਡੀ ਜਾਂਦੀ ਹੈ, ਜਿਨ੍ਹਾਂ ਨਾਲ ਭਾਜੀ ਲੈਣ ਦੇਣ ਬਣੀ ਹੁੰਦੀ ਹੈ ਤੇ ਜਿਨ੍ਹਾਂ ਘਰਾਂ ਵਿਚੋਂ ਸ਼ੁਭ ਮੌਕਿਆਂ ਤ ਭਾਜੀ ਆਉਂਦੀ ਜਾਂਦੀ ਰਹਿੰਦੀ ਹੈ।

ਕੁਝ ਵਰਤਨ ਭਾਜੀ ਆਪਣੀ ਜ਼ਾਤ ਗੋਤ ਦੀਆਂ ਧੀਆਂ, ਪਿੰਡ ਦੀਆਂ ਧੀਆਂ, ਪਿੰਡ ਦੇ ਮਿਰਾਸੀਆਂ ਤੇ ਲਾਗੀਆਂ ਦੀਆਂ ਧੀਆਂ, ਦੂਜੇ ਪਿੰਡਾਂ ਦੇ ਲਾਗੀਆਂ ਨਾਲ ਵੀ ਹੁੰਦੀ ਹੈ, ਜਿਸ ਨੂੰ 'ਧਿਆਣ', 'ਚੁਲ੍ਹ' ਤੇ 'ਰਾਠਾਚਾਰੀ' ਕਹਿੰਦੇ ਹਨ। ਧਿਆਣ ਪਿੰਡ ਦੀਆਂ ਧੀਆਂ ਨੂੰ ਦਿਤੀ ਜਾਂਦੀ ਹੈ। ਜਦੋਂ ਜੰਞ ਕੰਨਿਆਂ ਪੱਖ ਦੇ ਪਿੰਡ ਪਹੁੰਚਦੀ ਹੈ, ਤਾਂ ਦੂਲ੍ਹੇ ਦੇ ਪਿਡ ਤੇ ਜਾਤ ਗੋਤ ਦੀਆਂ ਧੀਆਂ, ਜੋ ਇਸ ਪਿੰਡ ਵਿਆਹੀਆਂ ਹੁੰਦੀਆਂ ਹਨ, ਨੂੰ ਥਾਲਾਂ ਵਿਚ ਕੁਝ ਮਠਿਆਈ ਜਾਂ ਕੜਾਹ ਪੂੜੀ ਪਾ ਕੇ ਤੇ ਨਾਲ ਕੁਝ ਨਕਦ ਰੁਪਏ ਰਖ ਕੇ ਭੇਜੇ ਜਾਂਦੇ ਹਨ। ਧੀ ਧਿਆਣਾਂ ਅਗਲੇ ਦਿਨ ਦੁਲ੍ਹਨ ਨੂੰ ਸ਼ਗਨ ਤੇ ਸਲਾਮੀ ਦੇ ਜਾਂਦੀਆਂ ਹਨ। ਸ਼ਗਨ ਤਾਂ ਰਖ ਲਿਆ ਜਾਂਦਾ ਹੈ, ਪਰ ਸਲਾਮੀ ਨਹੀਂ, ਕਿਉਂ ਜੋ ਧੀ ਧਿਆਣਾਂ ਦੀ ਸਲਾਮੀ ਰਖਣ ਦੀ ਪ੍ਰਥਾ ਨਹੀਂ। ਇਸੇ ਤਰ੍ਹਾਂ ਵਰ ਪੱਖ ਵਾਲੇ ਕੰਨਿਆਂ ਪੱਖ ਦੇ ਕੰਮੀਆਂ ਨੂੰ ਕੁਝ ਰਕਮ ਦੇਂਦੇ ਹਨ ਜੋ 'ਚੁਲ੍ਹ' ਅਖਵਾਉਂਦੀ ਹੈ। ਰਾਠਾਚਾਰੀ ਆਪਣੇ ਪਿੰਡਾਂ ਦੀਆਂ ਨੂੰਹਾਂ ਨੂੰ ਦਿਤੀ ਜਾਂਦੀ ਹੈ ਜਿਹੜੀਆਂ ਉਸ ਪਿੰਡ ਵਿਚ ਵਿਆਹੀਆਂ ਹੁੰਦੀਆਂ ਹਨ, ਜਿਥੇ ਬਰਾਤ ਗਈ ਹੁੰਦੀ ਹੈ। ਉਨ੍ਹਾਂ ਦੇ ਮਿਰਾਸੀਆਂ ਨੂੰ ਵੀ ਲਾਗ ਦਿਤੀ ਜਾਂਦੀ ਹੈ। ਇਹ ਤਿੰਨ ਵਰਤਨ ਭਾਜੀਆਂ ਪਿੰਡ ਦੇ ਪੱਧਰ ਤੇ ਹੁੰਦੀਆਂ ਹਨ ਤੇ ਦੋਹਾਂ ਪਿੰਡਾਂ ਦੀ ਸਾਂਝ ਪੱਕਦੀ ਹੈ ਤੇ ਮਾਣ ਮਰਯਾਦਾ ਵਧਦੀ ਹੈ।

ਵਰਤਨ ਭਾਜੀ ਦਾ ਮੂਲ ਆਧਾਰ ਆਪਸੀ ਲੈਣ ਦੇਣ ਹੈ। ਭਾਜੀ ਜਿਸ ਸ਼ਕਲ ਵਿਚ ਵੀ ਦਿਤੀ ਜਾਂਦੀ ਹੈ, ਨਕਦੀ, ਕਪੜੇ, ਮਠਿਆਈ ਆਦਿ ਵਿਚ, ਉਸੇ ਹੀ ਸ਼ਕਲ ਵਿਚ ਉਸੇ ਤਰ੍ਹਾਂ ਦੇ ਮੌਕੇ ਉਤੇ ਮੋੜੀ ਜਾਂਦੀ ਹੈ। ਇਹ ਦਾਨ ਨਹੀਂ, ਜੋ ਕਿਸੇ ਤੋਂ ਲੈ ਕੇ ਰਖ ਲਿਆ ਜਾਵੇ ਤੇ ਮੋੜਿਆ ਨਾ ਜਾਵੇ। ਗਰੀਬ ਆਦਮੀ ਵੀ ਭਾਜੀ ਔਖੇ ਸੌਖੇ ਹੋ ਕੇ ਮੋੜਦੇ ਹਨ। ਆਰਥਿਕ ਮੰਦਹਾਲੀ ਦੇ ਦਿਨੀਂ ਵੀ ਲਈ ਭਾਜੀ ਮੋੜੀ ਜਾਂਦੀ ਹੈ। ਜਿਨ੍ਹਾਂ ਦਾ ਭਾਜੀ ਦਾ ਲੈਣ ਦੇਣ ਠੀਕ ਹੁੰਦਾ ਹੈ, ਉਨ੍ਹਾਂ ਦਾ ਬਰਾਦਰੀ ਵਿਚ ਬੜਾ ਨਾਮਣਾ ਹੁੰਦਾ ਹੈ।

ਭਾਜੀ ਮੋੜਨ ਲਗਿਆਂ ਜ਼ਰੂਰੀ ਹੈ ਕਿ ਜੋ ਕੋਈ ਦੇ ਗਿਆ ਹੈ, ਉਸ ਤੋਂ ਵਧ ਵਾਪਿਸ ਦਿਤਾ ਜਾਵੇ, ਜੇ ਕਿਸੇ ਕਾਰਨ ਵਧ ਨਾ ਦਿਤਾ ਜਾ ਸਕੇ ਤਾਂ ਘਟ ਦੇ ਦੇਣੀ ਚਾਹੀਦੀ ਹੈ, ਬਰਾਬਰ ਦੀ ਭਾਜੀ, ਉਦੋਂ ਹੀ ਦਿਤੀ ਜਾਂਦੀ ਹੈ, ਜਦੋਂ ਭਾਜੀ ਮੁਕਾਈ ਜਾਵੇ ਤੇ ਅਗੋਂ ਲੈਣ ਦੇਣ ਨਾ ਕਰਨਾ ਹੋਵੇ। ਪਰ ਅੱਜ ਕਲ੍ਹ ਸ਼ਹਿਰਾਂ ਵਿਚ ਗਲੀ ਮਹੱਲੇ ਵਿਚ ਵਰਤਨ ਵਿਹਾਰ ਕਰਨ ਲਗਿਆਂ ਬਰਾਬਰ ਦੀ ਭਾਜੀ ਦਾ ਰਵਾਜ ਪੈ ਗਿਆ ਹੈ, ਜੋ ਕੋਈ ਕਿਸੇ ਮੌਕੇ ਉਤੇ ਦੇ ਗਿਆ ਹੈ, ਉਹ ਕੁਝ ਉਹੋ ਜਿਹੇ ਮੌਕੇ ਉਤੇ ਉਸ ਦੇ ਘਰ ਦੇ ਦਿਤਾ ਜਾਂਦਾ ਹੈ।

ਵਿਆਹ ਸ਼ਾਦੀ ਉਤੇ ਭਾਜੀ ਦੇਣ ਵਾਲਿਆਂ ਨੂੰ ਘਰੋਂ ਖ਼ਾਲੀ ਨਹੀਂ ਜਾਣ ਦਿਤਾ ਜਾਂਦਾ। ਵਿਦਾ ਕਰਨ ਲਗਿਆਂ ਰਿਸ਼ਤੇ ਤੇ ਭਾਜੀ ਅਨੁਸਾਰ ਉਸ ਨੂੰ ਕੁਝ ਮਠਿਆਈ ਜਾਂ ਕਪੜੇ ਦਿਤੇ ਜਾਂਦੇ ਹਨ, ਪਰ ਇਹ ਲੈਣ ਦੇਣ ਦੀ ਭਾਜੀ ਵਿਆਹ ਦੀ ਮੂਲ ਭਾਜੀ ਨਾਲੋਂ ਵੱਖਰੀ ਹੁੰਦੀ ਹੈ, ਮੋੜਵੀਂ ਨਹੀਂ। ਇਸ ਤਰ੍ਹਾਂ ਇਸ ਮੌਕੇ ਤੇ ਦੋ ਭਾਜੀਆਂ ਹੋ ਜਾਂਦੀਆਂ ਹਨ, ਜੋ ਦੋਵੇਂ ਧਿਰਾਂ ਉਸੇ ਤਰ੍ਹਾਂ ਦੇ ਬਣੇ ਮੌਕੇ 'ਤੇ ਉਤਾਰਦੀਆਂ ਹਨ।

ਆਮ ਤੌਰ ਤੇ ਭਾਜੀ ਵਖਰੇ ਘਰ-ਬਾਰ ਵਾਲੇ ਨਾਲ ਰਖੀ ਜਾਂਦੀ ਹੈ। ਸਾਂਝੇ ਪਰਿਵਾਰ ਦੇ ਹਰ ਜੀਅ ਨਾਲ ਵੱਖਰੀ ਭਾਜੀ ਨਹੀਂ ਹੁੰਦੀ, ਪਰ ਜਦੋਂ ਸਾਂਝੇ ਪਰਿਵਾਰ ਦਾ ਕੋਈ ਸ਼ਖ਼ਸ ਪਰਿਵਾਰ ਨਾਲੋਂ ਵੱਖਰਾ ਹੋ ਜਾਂਦਾ ਹੈ, ਤਾਂ ਬਰਾਦਰੀ ਦੇ ਲੋਕ ਉਸ ਨਾਲ ਵੱਖਰੀ ਭਾਜੀ ਸ਼ੁਰੂ ਕਰ ਦੇਂਦੇ ਹਨ। ਵਰਤਨ ਭਾਜੀ ਵਿਚ ਮਰਦਾਂ ਨਾਲੋਂ ਇਸਤ੍ਰੀਆਂ ਵਧੇਰੇ ਦਿਲਚਸਪੀ ਰਖਦੀਆਂ ਹਨ ਤੇ ਉਨ੍ਹਾਂ ਨੂੰ ਪੁਰਾਣਾ ਸਭ ਲੈਣ ਦੇਣ ਜ਼ਬਾਨੀ ਯਾਦ ਹੁੰਦਾ ਹੈ।

ਵਰਤਨ ਭਾਜੀ ਕਈ ਰੂਪਾਂ ਵਿਚ ਹੁੰਦੀ ਹੈ, ਪਰ ਕੁਝ ਕੁ ਲੈਣ ਦੇਣ ਨਿਉਂਦਰਾ, ਰਾਠਾਚਾਰੀ, ਧਿਆਣ, ਚੁਲ੍ਹ, ਵੇਲ, ਸਲਾਮੀ ਆਦਿ ਨਾਉਂ ਨਾਲ ਪ੍ਰਸਿਧ ਹਨ। ਨਿੱਕੇ ਨਿੱਕੇ ਹੋਰ ਕਈ ਮੌਕੇ ਹਨ, ਜਿਵੇਂ 'ਵਾਗ ਫੜਾਈ', 'ਮਹਿੰਦੀ' ਤੇ 'ਖਾਰਾ ਲਹਾਈ' ਵੇਲੇ ਵੀ ਲਾਗ/ਸ਼ਗਨ ਦੇਣ ਦੀ ਭਾਜੀ ਚਲਦੀ ਹੈ।

(ਵ-31) **ਵਰਾਹਾ** :

ਵਿਸ਼ਨੂੰ ਦਾ ਇਕ ਅਵਤਾਰ ਜੋ ਜੰਗਲੀ ਸੂਰ ਦੀ ਸ਼ਕਲ ਦਾ ਸੀ। ਵਿਸ਼ਨੂੰ ਨੇ ਇਹ ਅਵਤਾਰ ਸੰਸਾਰ ਨੂੰ ਹਰਨਾਕਸ਼ ਦੈਂਤ ਤੋਂ ਬਚਾਣ ਲਈ ਧਾਰਿਆ। ਹਰਨਾਕਸ਼ ਧਰਤੀ ਨੂੰ ਚੁਕ ਕੇ, ਸਮੁੰਦਰ ਦੀ ਤਹਿ ਵਿਚ ਡੋਬਣ ਲਈ ਲੈ ਗਿਆ ਸੀ। ਹਰਨਾਕਸ਼ ਤੇ ਵਰਾਹਾ ਵਿਚ ਇਕ ਹਜ਼ਾਰ ਸਾਲ ਤਕ ਯੁੱਧ ਹੁੰਦਾ ਰਿਹਾ ਤੇ ਅਖ਼ੀਰ ਵਰਾਹਾ ਨੇ ਦੈਂਤ ਉਤੇ ਵਿਜੇ ਪਾਈ ਤੇ ਧਰਤੀ ਨੂੰ ਸਮੁੰਦਰ ਦੀ ਤਹਿ ਵਿਚੋਂ ਬਾਹਰ

ਕਢਿਆ ਤੇ ਸਤੱਹ ਉਪਰ ਲਿਆਂਦਾ।

ਹਿੰਦੂਆਂ ਅਨੁਸਾਰ ਵਰਾਹਾ ਵਿਸ਼ਨੂੰ ਦਾ ਤੀਜਾ ਅਵਤਾਰ ਸੀ।

ਪੌਰਾਣਿਕ ਕਥਾਵਾਂ ਅਨੁਸਾਰ ਧਰਤੀ ਨੂੰ ਵਰਾਹਾ ਨੇ ਹੀ ਆਪਣੇ ਸਿੰਙਾਂ ਉਤੇ ਚੁਕਿਆ ਹੋਇਆ ਹੈ, ਅਤੇ ਜਦੋਂ ਉਹ ਇਕ ਸਿੰਙ ਤੋਂ ਦੂਜੇ ਸਿੰਙ ਉਤੇ ਭਾਰ ਬਦਲਦਾ ਹੈ ਤਾਂ ਭੂਚਾਲ ਆਉਂਦਾ ਹੈ।

### (ਵ-32) **ਵਰੀ (ਵਰੀ ਸੂਹੀ)** :

ਵਿਆਹ ਸਮੇਂ, ਜੋ ਕਪੜੇ ਤੇ ਗਹਿਣੇ ਮੁੰਡੇ ਵਾਲੇ ਕੁੜੀ ਲਈ ਲਿਆਉਂਦੇ ਹਨ ਉਨ੍ਹਾਂ ਨੂੰ 'ਵਰੀ' ਜਾਂ 'ਵਰੀ ਸੂਹੀ' ਕਿਹਾ ਜਾਂਦਾ ਹੈ। ਵਰੀ ਸ਼ਬਦ ਵਰ ਤੋਂ ਬਣਿਆ ਹੈ, ਸੂਹੀ ਇਸ ਲਈ ਕਿਹਾ ਜਾਂਦਾ ਹੈ ਕਿ ਇਸ ਵਿਚ ਘੱਟੋ ਘੱਟ ਇਕ ਸੂਹਾ ਜੋੜਾ ਜ਼ਰੂਰ ਹੁੰਦਾ ਹੈ। ਸੂਹਾ ਜਾਂ ਲਾਲ ਰੰਗ ਸ਼ਗਨਾਂ ਦਾ ਰੰਗ ਗਿਣਿਆ ਜਾਂਦਾ ਹੈ। ਕੁੜੀ ਫੇਰਿਆਂ ਜਾਂ ਲਾਵਾਂ ਵੇਲੇ ਵਰੀ ਦੇ ਹੀ ਕਪੜੇ ਤੇ ਗਹਿਣੇ ਪਹਿਨਦੀ ਹੈ।

ਵਰੀ ਸੂਹੀ ਵਿਚ ਸੱਤ, ਨੌਂ, ਗਿਆਰਾਂ ਜਾਂ ਤੇਰਾਂ ਤ੍ਰੇਵਰ (ਕਮੀਜ਼ ਸਲਵਾਰ ਤੇ ਚੁੰਨੀ) ਹੁੰਦੇ ਹਨ। ਕੁੜੀ ਵਾਲੇ ਆਪਣੇ ਸਾਕਾਂ ਤੇ ਗਲੀ ਮਹੱਲੇ ਦੀਆਂ ਕੁੜੀਆਂ ਤੇ ਤੀਵੀਆਂ ਨੂੰ ਸੱਦ ਕੇ ਵਰੀ ਵਿਖਾਂਦੀਆਂ ਹਨ। ਵਰੀ ਵਿਚ, ਗੋਟੇ ਕਿਨਾਰੀ ਤੇ ਸਿਲਮੇ ਸਿਤਾਰੇ ਦਾ ਭਾਰਾ ਕੰਮ ਕੀਤਾ ਹੁੰਦਾ ਹੈ। ਵਰੀ ਵਿਖਾਉਣ ਸਮੇਂ ਵੀ ਸਿਠਣੀਆਂ ਬੋਲੀਆਂ ਜਾਂਦੀਆਂ ਹਨ, ਤੇ ਵਰੀ ਦੀਆਂ ਵਸਤੂਆਂ ਨੂੰ ਨਿੰਦਿਆ ਜਾਂਦਾ ਹੈ।

ਫੁੱਲ ਝੜੀ ਕੁੜੇ
ਪੁਰਾਣੀ ਲਿਆਂਦੀ ਵਰੀ ਕੁੜੇ
ਟਟਹਿਣੇ ਕੁੜੇ ਨੀ ਟਟਹਿਣੇ
ਪੁਰਾਣੇ ਢੋਏ ਨੇ ਗਹਿਣੇ।

### (ਵ-33) **ਵਰ੍ਹੀਣਾ** :

ਹਿੰਦੂਆਂ ਸਿੱਖਾਂ ਵਿਚ, ਕਿਸੇ ਪ੍ਰਾਣੀ ਦੀ ਮ੍ਰਿਤੂ ਦੇ ਸਾਲ ਮਗਰੋਂ ਇਕ ਰਸਮ ਕੀਤੀ ਜਾਂਦੀ ਹੈ, ਜਿਸ ਨੂੰ 'ਵਰ੍ਹੀਣਾ' ਆਖਦੇ ਹਨ। ਇਸ ਦਿਨ ਸਿੱਖ ਅਖੰਡ ਪਾਠ ਦਾ ਭੋਗ ਪਵਾਂਦੇ ਤੇ ਦਾਨ ਕਰਦੇ ਹਨ, ਜੋ ਵਿਛੜੇ ਪ੍ਰਾਣੀ ਨੂੰ ਸ਼ਾਂਤੀ ਮਿਲੇ। ਹਿੰਦੂ ਇਸ ਦਿਨ ਬ੍ਰਾਹਮਣਾਂ ਨੂੰ ਦਾਨ ਦੇਂਦੇ ਹਨ।

ਮੁਸਲਮਾਨ ਇਸ ਰਸਮ ਨੂੰ ਬਰਸੀ ਆਖਦੇ ਹਨ ਤੇ ਉਹ ਇਸ ਦਿਨ ਮਰ ਗਏ ਪ੍ਰਾਣੀ ਦੇ ਨਾਂ ਉਤੇ ਉਚੇਚਾ ਦਾਨ ਕਰਦੇ ਹਨ।

### (ਵ-34) **ਵਰੂਥਿਨੀ ਇਕਾਦਸ਼ੀ** :

ਵਿਸਾਖ ਮਹੀਨੇ ਦੇ ਹਨੇਰੇ ਪੱਖ ਦੀ ਇਕਾਦਸ਼ੀ ਨੂੰ ਵਰੂਥਿਨੀ ਇਕਾਦਸ਼ੀ ਆਖਦੇ ਹਨ। ਇਸ ਦਿਨ ਵਿਧੀ ਪੂਰਵਕ ਵਰਤ ਰਖਣ ਨਾਲ ਦੋਵੇਂ ਲੋਕ ਸੁਹੇਲੇ ਹੋ ਜਾਂਦੇ ਹਨ। ਇਸ ਲੋਕ ਵਿਚ ਵੀ ਸੁਖ ਮਿਲਦਾ ਹੈ ਤੇ ਅਗਲੇ ਵੀ। ਜੀਵ ਦੇ ਅੰਦਰ ਮੋਹ ਤੇ ਪਾਪ ਦਾ ਨਾਸ ਹੋ ਜਾਂਦਾ ਹੈ।

ਇਸੇ ਇਕਾਦਸ਼ੀ ਨੂੰ ਵਰਤ ਰਖਣ ਨਾਲ ਮਾਨਧਾਤਾ ਨੂੰ ਸਵਰਗ ਪ੍ਰਾਪਤ ਹੋਇਆ ਸੀ।

ਪੂਰਵ ਕਾਲ ਵਿਚ, ਸਰਸਵਤੀ ਦੇ ਕੰਢੇ ਭਦ੍ਰਾਵਤੀ ਨਗਰੀ ਦੇ ਰਾਜੇ ਦੁਰਤੀਮਾਨ ਦੇ ਪੰਜ ਪੁੱਤਰ ਸਨ। ਛੋਟਾ ਧ੍ਰਿਸ਼ਟ ਬੁਧੀ ਰਾਜੇ ਨੂੰ ਬਹੁਤ ਪਿਆਰਾ ਲਗਦਾ ਸੀ। ਪਰ ਉਹ ਕੁਸੰਗ ਕਾਰਨ ਵੇਸਵਾਵਾਂ ਵਿਚ ਦਿਲਚਸਪੀ ਰਖਣ ਲੱਗਾ। ਇਕ ਵੇਸਵਾ ਦੇ ਪ੍ਰੇਮ ਵਿਚ, ਉਸ ਨੇ ਧਨ, ਮਾਲ, ਇਜ਼ਤ ਸਭ ਨਸ਼ਟ ਕਰ ਦਿਤਾ। ਰਾਜੇ ਨੇ ਦੁਖੀ ਹੋ ਕੇ ਉਸ ਨੂੰ ਦੇਸ ਨਿਕਾਲਾ ਦੇ ਦਿਤਾ। ਉਹ ਹੋਰ ਵਿਗੜ ਗਿਆ ਤੇ ਡਾਕੇ ਮਾਰਨ ਲੱਗਾ। ਇਕ ਦਿਨ ਉਸ ਦਾ ਮੇਲ ਕੌਂਡਕੇ ਰਿਸ਼ੀ ਨਾਲ ਹੋਇਆ, ਜਿਸ ਦੀ ਪ੍ਰੇਰਣਾ ਉਤੇ ਉਸ ਨੇ 'ਵਰੂਥਿਨੀ ਇਕਾਦਸ਼ੀ' ਦਾ ਵਰਤ ਰਖਿਆ। ਜਿਸ ਨਾਲ ਉਸ ਦੇ ਸਭ ਪਾਪ ਧੋਤੇ ਗਏ ਤੇ ਉਹ ਮੁੜ ਨੇਕ-ਆਚਰਨ ਵਾਲਾ ਬਣ ਗਿਆ। ਫਲਸਰੂਪ ਰਾਜੇ ਨੇ ਮੁੜ ਉਸ ਨੂੰ ਆਪਣੇ ਕੋਲ ਸੱਦ ਲਿਆ।

### (ਵ-35) **ਵਰ੍ਹੇ ਗੰਢ** :

ਜਨਮ ਦਿਨ 'ਤੇ ਮਨਾਇਆ ਜਾਣ ਵਾਲਾ ਉਤਸਵ। ਪਹਿਲਿਆਂ ਵਿਚ, ਘਰਾਂ ਵਿਚ ਹਰੇਕ ਘਰ ਦੇ ਜੀਅ ਦੀਆਂ, ਕਿਸੇ ਕਿੱਲੀ ਨਾਲ, ਰੱਸੀਆਂ ਲਟਕਾ ਦਿਤੀਆਂ ਜਾਂਦੀਆਂ ਸਨ ਤੇ ਜਦੋਂ ਉਨ੍ਹਾਂ 'ਚੋਂ ਕਿਸੇ ਜੀਅ ਦਾ ਜਨਮ ਦਿਨ ਆਉਂਦਾ ਤਾਂ ਇਕ ਗੰਢ ਹੋਰ ਮਾਰ ਦਿਤੀ ਜਾਂਦੀ ਸੀ। ਇਸ ਤਰ੍ਹਾਂ ਗੰਢਾਂ ਦੀ ਗਿਣਤੀ ਰਾਹੀਂ ਉਸ ਦੀ ਉਮਰ ਦਾ ਹਿਸਾਬ ਲਗਾਇਆ ਜਾਂਦਾ।

ਜਦੋਂ ਘਰ ਵਿਚ ਨਵਾਂ ਬੱਚਾ ਜਨਮ ਲੈਂਦਾ ਸੀ ਤਾਂ ਘਰ ਦੀ ਕਿਸੇ ਕੜੀ ਨਾਲ ਇਕ ਡੋਰੀ, ਜਿਸ ਨੂੰ 'ਜੇਵੜੀ' ਕਹਿੰਦੇ ਸਨ, ਬੰਨ੍ਹ ਦਿਤੀ ਜਾਂਦੀ ਸੀ। ਹਰ ਸਾਲ ਬੱਚੇ ਦੇ ਜਨਮ ਦਿਵਸ ਨੂੰ ਕਿਸੇ ਸੁਭ ਘੜੀ ਇਸ ਨੂੰ ਗੰਢ ਦਿਤੀ ਜਾਂਦੀ ਤੇ ਬਰਾਦਰੀ ਵਿਚ ਲੱਡੂ ਵੰਡੇ ਜਾਂਦੇ। ਮੱਧਕਾਲ ਵਿਚ ਤਾਂ ਪਹਿਲੀ ਵਰ੍ਹੇ ਗੰਢ ਉਤੇ ਭਾਈਚਾਰੇ ਨੂੰ ਸੱਦਾ ਦਿਤਾ ਜਾਂਦਾ ਅਤੇ ਬੱਚੇ ਨੂੰ ਚੌਕ ਪੂਰ ਕੇ ਬਠਾਇਆ ਜਾਂਦਾ। ਪਰੋਹਿਤ ਮੰਤਰਾਂ ਦਾ ਗਾਇਨ ਕਰਦਾ ਹੋਇਆ ਡੋਰੀ ਨੂੰ ਧੂਪ ਦੇ ਕੇ, ਗੰਢ ਮਾਰਦਾ; ਘਰ ਵਿਚ ਦੀਵੇ ਜਗਾਏ ਜਾਂਦੇ ਸਨ। ਜਦੋਂ ਕੁੜੀ ਵਿਆਹ ਕੇ ਸਹੁਰੇ ਘਰ ਜਾਣ ਲਗਦੀ

ਤਾਂ ਇਹ ਗੰਢਾਂ ਵਾਲੀ ਰੱਸੀ, ਦਾਜ ਨਾਲ ਹੀ ਜਾਇਆ ਕਰਦੀ। ਪਿਛੋਂ ਜਦੋਂ ਲਿਖਣ ਦਾ ਰਵਾਜ ਸ਼ੁਰੂ ਹੋ ਗਿਆ ਤਾਂ ਜੇਵੜੀ ਦਾ ਰਵਾਜ ਘਟਦਾ ਗਿਆ। ਪਰ ਜਨਮ ਦਿਵਸ ਲਈ ਵਰ੍ਹੇ-ਗੰਢ ਸ਼ਬਦ ਦਾ ਪ੍ਰਯੋਗ ਪੱਕਾ ਹੋ ਗਿਆ। ਉਰਦੂ ਵਿਚ ਵੀ ਇਸੇ ਨਾਲ ਮਿਲਦਾ ਜੁਲਦਾ ਸ਼ਬਦ ਸਾਲ-ਗਿਰਹ ਵਰਤਿਆ ਜਾਂਦਾ ਹੈ।

(ਵ-36) **ਵਰ੍ਹੇ ਗੰਢ ਸੂਤਰ** :

ਕਿਸੇ ਵੇਲੇ ਪ੍ਰਾਣੀ ਦੀ ਉਮਰ ਦਾ ਹਿਸਾਬ ਰਖਣ ਲਈ, ਰੱਸੀ ਤੋਂ ਕੰਮ ਲਿਆ ਜਾਂਦਾ ਸੀ। ਹਰ ਸਾਲ ਉਸ ਪ੍ਰਾਣੀ ਦੇ ਜਨਮ ਦਿਨ 'ਤੇ ਉਸ ਰੱਸੀ ਉਤੇ ਇਕ ਗੰਢ ਮਾਰ ਦਿਤੀ ਜਾਂਦੀ। ਜਦ ਉਸ ਪ੍ਰਾਣੀ ਦੀ ਉਮਰ ਜਾਣਨੀ ਹੁੰਦੀ, ਗੰਢਾਂ ਗਿਣ ਲਈਆਂ ਜਾਂਦੀਆਂ। ਕਈ ਘਰਾਂ ਵਿਚ ਹਰੇਕ ਪ੍ਰਾਣੀ ਲਈ ਇਕ ਵੱਖਰੀ ਰੱਸੀ ਹੁੰਦੀ। ਕਈ ਪਿੰਡਾਂ ਵਿਚ ਅਜੇ ਵੀ ਰੱਸੀ ਨੂੰ ਗੰਢ ਮਾਰ ਕੇ, ਵਰ੍ਹਿਆਂ ਦੇ ਹਿਸਾਬ ਰਖਣ ਦਾ ਰਵਾਜ ਪ੍ਰਚਲਤ ਹੈ। ਇਸ ਰੱਸੀ ਨੂੰ 'ਵਰ੍ਹੇ ਗੰਢ ਸੂਤਰ' ਕਹਿੰਦੇ ਹਨ।

(ਵ-37) **ਵਲੀ** :

ਪਹੁੰਚਿਆ ਹੋਇਆ ਫ਼ਕੀਰ; ਵਲੀ (ਅਰਬੀ) ਦੇ ਅਰਥ ਹਨ ਰਖਿਅਕ, ਪਾਲਕ, ਉਪਕਾਰੀ। ਕੁਰਾਨ ਅਨੁਸਾਰ ਵਲੀ ਅੱਲ੍ਹਾ ਦਾ ਮਿਤ੍ਰ ਹੈ, ਜਿਸ ਨੂੰ ਕਿਸੇ ਗੱਲ ਦਾ ਭੈਅ ਨਹੀਂ। ਨਾ ਹੀ ਉਸ ਨੂੰ ਕੋਈ ਗ਼ਮ ਹੁੰਦਾ ਹੈ (ਕੁਰਾਨ, 10 : 63)। ਵਲੀ ਸ਼ਬਦ ਅੱਲ੍ਹਾ ਵਾਸਤੇ ਵੀ ਵਰਤਿਆ ਜਾਂਦਾ ਹੈ। ਮੁਸਲਮਾਨ ਤਸਬੀ ਫੇਰਨ ਵੇਲੇ ਜਿਨ੍ਹਾਂ ਨਾਵਾਂ ਦਾ ਵਿਰਦ ਕਰਦੇ ਹਨ, ਉਨ੍ਹਾਂ ਵਿਚ ਅੱਲ੍ਹਾ ਦਾ ਨਾਉਂ 'ਵਲੀ' ਵੀ ਲੈਂਦੇ ਹਨ।

ਕੁਰਾਨ ਵਿਚ ਅਨੇਕ ਥਾਈਂ ਵਲੀ ਤੇ ਔਲਿਯਾ ਦਾ ਜ਼ਿਕਰ ਆਉਂਦਾ ਹੈ। ਔਲਿਯਾ ਵਲੀ ਦਾ ਬਹੁ-ਵਚਨ ਹੈ। ਵਲੀ ਰੱਬ ਤਕ ਪਹੁੰਚੇ ਮੰਨੇ ਜਾਂਦੇ ਹਨ ਅਤੇ ਧਾਰਨਾ ਹੈ ਕਿ ਇਨ੍ਹਾਂ ਪਾਸ ਕਰਾਮਾਤ ਵਿਖਾਣ ਦੀ ਵੀ ਸ਼ਕਤੀ ਹੁੰਦੀ ਹੈ। ਇਹ ਚਾਹੁਣ ਤਾਂ ਸੁਕੀਆਂ ਟਹਿਣਾਂ ਹਰੀਆਂ ਹੋ ਜਾਂਦੀਆਂ ਹਨ, ਮਾਰੂਥਲ ਪ੍ਰਵਾਹ ਵਿਚ ਬਦਲ ਸਕਦੇ ਹਨ। ਸੋਕੇ ਦੇ ਦਿਨਾਂ ਵਿਚ ਇਨ੍ਹਾਂ ਦੀ ਬਰਕਤ ਨਾਲ ਮੀਂਹ ਪੈ ਸਕਦਾ ਹੈ ਤੇ ਮਿੱਟੀ ਗੁੜ ਵਿਚ ਵਟ ਸਕਦੀ ਹੈ। ਕਈ ਵਲੀ ਤਾਂ ਲੋਕਾਂ ਦੇ ਦਿਲਾਂ ਦੀ ਗੱਲ ਬੁਝ ਲੈਂਦੇ ਹਨ, ਮੁਰਦੇ ਜਿਵਾ ਸਕਦੇ ਹਨ ਤੇ ਮਰਨ ਤੋਂ ਮਗਰੋਂ ਖ਼ੁਦ ਵੀ ਕਬਰਾਂ ਵਿਚੋਂ ਉਠ ਕੇ ਘੁੰਮ ਫਿਰ ਸਕਦੇ ਹਨ।

(ਵ-38) **ਵਲੀ ਕੰਧਾਰੀ ਦੀ ਖ਼ਾਨਗਾਹ** :

ਇਹ ਖ਼ਾਨਗਾਹ ਹਸਨ ਅਬਦਾਲ (ਪੰਜਾ ਸਾਹਿਬ) ਦੀ ਪਹਾੜੀ ਉਤੇ, ਜੋ 2346 ਫ਼ੁਟ ਉੱਚੀ ਹੈ, ਸਥਿਤ ਹੈ। ਇਥੇ ਸ਼ਰਧਾਲੂ ਹਰ ਵੀਰਵਾਰ ਨੂੰ ਜ਼ਿਆਰਤ ਲਈ ਆਉਂਦੇ ਹਨ ਅਤੇ ਵੀਰਵਾਰ ਦੀ ਸਾਰੀ ਰਾਤ ਇਸ ਖ਼ਾਨਗਾਹ ਉਤੇ ਦੀਵਾ ਬਲਦਾ ਰਖਿਆ ਜਾਂਦਾ ਹੈ। ਵਿਸ਼ਵਾਸ ਹੈ ਕਿ ਇਹ ਦੀਵਾ ਨਾ ਬਾਰਸ਼ ਤੇ ਨਾ ਝੱਖੜ ਬੁਝਾ ਸਕਦਾ ਹੈ।

ਹਸਨ ਅਬਦਾਲ ਵਿਖੇ ਗੁਰਦਵਾਰੇ ਦੇ ਸਾਹਮਣੇ ਇਕ ਪੁਰਾਣੀ ਮਸਜਿਦ ਨਾਲ ਇਕ ਕੋਠੀ ਜਿਹੀ ਬਣੀ ਹੈ, ਜਿਥੇ ਕਿਹਾ ਜਾਂਦਾ ਹੈ ਕਿ ਬਾਬਾ ਵਲੀ ਕੰਧਾਰੀ ਨੇ 40 ਦਿਨ ਵਰਤ ਰਖਿਆ ਸੀ। ਇਥੇ ਹਰ ਜੁਮੇਂਰਾਤ ਨੂੰ ਸ਼ਾਮ ਵੇਲੇ ਦੀਵਾ ਬਾਲਿਆ ਜਾਂਦਾ ਹੈ।

ਕਈ ਵਿਦਵਾਨ ਵਲੀ ਕੰਧਾਰੀ ਦਾ ਹੀ ਅਸਲੀ ਨਾਉਂ ਹਸਨ ਅਬਦਾਲ ਦਸਦੇ ਹਨ। ਪਰ ਜਨਰਲ ਕਨਿੰਘਮ ਅਨੁਸਾਰ ਬਾਬਾ ਵਲੀ ਕੰਧਾਰੀ ਕੰਧਾਰ ਦਾ ਰਹਿਣ ਵਾਲਾ ਸੀ, ਜਿਸ ਦੀ ਜ਼ਿਆਰਤ ਪਹਾੜੀ ਦੀ ਚੋਟੀ ਉਤੇ ਹੈ, ਪਰ ਹਸਨ ਜਿਸ ਦਾ ਉਪਨਾਮ ਅਬਦਾਲ ਸੀ, ਜ਼ਾਤ ਵਲੋਂ ਗੁਜਰ ਸੀ। ਇਸ ਦੀ ਮਜ਼ਾਰ ਪਹਾੜ ਦੇ ਪੈਰਾਂ ਵਿਚ ਹੈ।

(ਵ-39) **ਵੜੇ ਟੁਕਣਾ ਨਿਸ਼ੇਧ** :

ਖੱਤਰੀਆਂ ਦੀ ਇਕ ਉਪਜਾਤੀ, ਨਿਝਰ ਵਿਚ 'ਵੜੇ ਟੁਕਣਾ' ਨਿਸ਼ੇਧ ਹੈ। ਵੜੇ ਬਨਾਉਣ ਲਈ, ਮੂੰਗ ਜਾਂ ਮਾਹ ਦੀ ਦਾਲ ਨੂੰ ਭਿਉਂ ਕੇ, ਪੀਠ ਲਿਆ ਜਾਂਦਾ ਹੈ। ਫਿਰ ਇਸ ਵਿਚ ਮਸਾਲੇ ਰਲਾ ਕੇ, ਪੀਠੀ ਨੂੰ ਟੁਕ ਕੇ ਤੇ ਕਿਸੇ ਫੂਹੜੀ ਉਤੇ ਪਾ ਕੇ ਸੁਕਾ ਲਿਆ ਜਾਂਦਾ ਹੈ, ਇਸ ਕਿਰਿਆ ਨੂੰ 'ਵੜੇ ਟੁਕਣਾ' ਕਹਿੰਦੇ ਹਨ।

ਨਿਝਰ ਆਪਣਾ ਮੂਲ ਅਸਥਾਨ ਉਚ (ਬਹਾਵਲਪੁਰ) ਦਸਦੇ ਹਨ।

(ਵ-40) **ਵਾਸੁਕ (ਬਾਸੁਕ) ਨਾਗ** :

ਹਿੰਦੂ ਮਿੱਥਕ ਕਥਾਵਾਂ ਅਨੁਸਾਰ ਉਨ੍ਹਾਂ ਤਿੰਨ ਪ੍ਰਮੁਖ ਨਾਗ-ਰਾਜਿਆਂ ਵਿਚੋਂ ਇਕ, ਜੋ ਪਤਾਲ ਵਿਚ ਨਾਗਿਆਂ ਉਤੇ ਰਾਜ ਕਰਦੇ ਹਨ। ਜਦੋਂ ਦੇਵਤਿਆਂ ਨੇ ਰਾਖਸ਼ਾਂ ਨਾਲ ਰਲ ਕੇ ਸਮੁੰਦਰ ਰਿੜਕਿਆ ਸੀ, ਤਾਂ ਵਾਸੁਕ ਨਾਗ ਦਾ ਹੀ ਨੇਤ੍ਰਾ ਬਣਾ ਕੇ ਮੰਦਾਰਾ ਪਹਾੜ ਦੇ ਮਧਾਣੇ ਨਾਲ ਬੰਨ੍ਹਿਆ ਸੀ। ਪੁਰਾਣਾਂ ਅਨੁਸਾਰ ਵਾਸੁਕ ਨਾਗ ਨੇ ਆਪਣੇ ਫਣਾਂ ਉਤੇ ਧਰਤੀ ਨੂੰ ਚੁਕਿਆ ਹੋਇਆ ਹੈ।

(ਵ-41) **ਵਾਸੂ** :

ਪੁਰਾਣਾਂ ਅਨੁਸਾਰ ਅੱਠ ਦੈਵੀ ਜੀਵਾਂ ਵਿਚੋਂ ਇਕ;

ਅਦਿਤੀ ਦੇ ਬੱਚੇ ਤੇ ਇੰਦਰ ਦੇ ਸੇਵਾਦਾਰ ਪ੍ਰਕ੍ਰਿਤਕ ਦ੍ਰਿਸ਼ਟਮਾਨ ਹਨ, ਜੋ ਪ੍ਰਕ੍ਰਿਤੀ ਪੂਜਾ ਸਮੇਂ ਪੂਜੇ ਜਾਂਦੇ ਸਨ।

(ਵ-42) **ਵਾਹ** :

ਰਾਵਲਪਿੰਡੀ ਦੇ ਨੇੜੇ ਇਕ ਰਮਣੀਕ ਸਥਾਨ। ਰਵਾਇਤ ਹੈ ਕਿ ਅਕਬਰ ਜਦੋਂ ਕਸ਼ਮੀਰ ਜਾਂਦਿਆਂ ਇਥੋਂ ਲੰਘਿਆ ਸੀ ਤਾਂ ਇਥੋਂ ਦੀ ਪ੍ਰਾਕ੍ਰਿਤਕ ਖ਼ੂਬਸੂਰਤੀ ਤੋਂ ਪ੍ਰਭਾਵਿਤ ਹੋ ਕੇ, ਸਹਿਜੇ ਹੀ ਉਸ ਦੇ ਮੂੰਹੋਂ 'ਵਾਹ' ਸ਼ਬਦ ਨਿਕਲ ਗਿਆ ਸੀ, ਜਿਸ ਤੋਂ ਇਸ ਇਲਾਕੇ ਦਾ ਨਾਂ ਵਾਹ ਪੈ ਗਿਆ। ਇਥੇ ਕਈ ਸੁੰਦਰ ਚਸ਼ਮੇ ਹਨ।

(ਵ-43) **ਵਾਹਣ** :

ਦੇਵੀ ਦੇਵਤੇ, ਜਿਨ੍ਹਾਂ ਪਸ਼ੂਆਂ ਉਤੇ ਸਵਾਰੀ ਕਰਦੇ ਹਨ, ਉਨ੍ਹਾਂ ਨੂੰ ਵਾਹਣ ਕਿਹਾ ਜਾਂਦਾ ਹੈ। ਹਰੇਕ ਦੇਵੀ ਦੇਵਤੇ ਦਾ ਇਕ ਖ਼ਾਸ ਵਾਹਣ ਮਿਥਿਆ ਗਿਆ ਹੈ। ਪੁਰਾਣਾਂ ਅਨੁਸਾਰ ਭਿੰਨ ਭਿੰਨ ਦੇਵੀ ਦੇਵਤਿਆਂ ਦੇ ਇਹ ਵਾਹਣ ਹਨ :

ਬ੍ਰਹਮਾ ਦਾ ਹੰਸ, ਵਿਸ਼ਨੂੰ ਦਾ ਗਰੁੜ, ਸ਼ਿਵ ਦਾ ਨੰਦੀ ਬੈਲ, ਇੰਦ੍ਰ ਦਾ ਏਰਾਵਤ ਹਾਥੀ, ਕਾਰਤਿਕੇਯ ਦਾ ਮੋਰ, ਯਮ ਦਾ ਝੋਟਾ, ਕਾਮਦੇਵ ਦਾ ਤੋਤਾ, ਗਣੇਸ਼ ਦਾ ਚੂਹਾ, ਮੰਗਲ ਦਾ ਮੀਢਾ, ਸ਼ਨੀ ਤੇ ਰਾਹੂ ਦਾ ਗਿਰਝ, ਬੁੱਧ ਦਾ ਸ਼ੇਰ ਤੇ ਭੈਰਵ ਦਾ ਕੁੱਤਾ।

ਇਸੇ ਤਰ੍ਹਾਂ ਦੇਵੀਆਂ ਦੇ ਵੀ ਵਾਹਣ ਪ੍ਰਸਿਧ ਹਨ : ਸਰਸਵਤੀ ਦਾ ਹੰਸ, ਦੁਰਗਾ ਦਾ ਸ਼ੇਰ, ਸੀਤਲਾ ਦਾ ਗਧਾ, ਮਨਸਾ ਦੇਵੀ ਦਾ ਸੱਪ।

ਇਸ਼ਟ ਦੇ ਨਾਲ ਨਾਲ ਸ਼ਰਧਾਲੂ ਵਾਹਣ ਵਿਚ ਵੀ ਸ਼ਰਧਾ ਰਖਦੇ ਹਨ।

(ਵ-44) **ਵਾਹਰ** :

ਕਿਸੇ ਚੋਰ, ਡਾਕੂ ਲੁਟੇਰੇ ਜਾਂ ਭੱਜੇ ਜਾਂਦੇ ਦਾ ਸ਼ਸਤ੍ਰਬਧ ਹੋ ਕੇ ਪਿੱਛਾ ਕਰਨ ਵਾਲਾ ਜੱਥਾ। ਪੁਰਾਣੇ ਜ਼ਮਾਨੇ ਵਿਚ ਜਦੋਂ ਵੀ ਕਿਸੇ ਪਿੰਡ ਵਿਚ ਚੋਰੀ ਡਾਕਾ ਪੈਂਦਾ ਜਾਂ ਉਧਾਲਾ ਹੁੰਦਾ ਤਾਂ ਪਿੰਡ ਦੇ ਚੋਣਵੇਂ ਗਭਰੂ ਹਥਿਆਰਾਂ ਨਾਲ ਲੈਸ ਹੋ ਕੇ ਉਨ੍ਹਾਂ ਦਾ ਪਿੱਛਾ ਕਰਦੇ। ਕਿਸੇ ਗਵਾਚੇ ਨੂੰ ਢੂੰਡਣ ਲਈ ਵੀ, ਵਾਹਰਾਂ ਭੇਜੀਆਂ ਜਾਂਦੀਆਂ। ਵਾਹਰਾਂ ਵਿਚ ਪਿੰਡ ਦੇ ਚੋਣਵੇਂ ਜਵਾਨ ਹੁੰਦੇ ਸਨ।

(ਵ-45) **ਵਾਹੀ ਖੇਤੀ ਸਬੰਧੀ ਭਰਮ ਵਹਿਮ** :

ਪੰਜਾਬ ਵਿਚ ਬਹੁਤੇ ਲੋਕਾਂ ਦਾ ਧੰਧਾ ਵਾਹੀ ਖੇਤੀ ਹੈ ਅਤੇ ਇਸ ਨਾਲ ਅਨੇਕਾਂ ਭਰਮ ਵਹਿਮਾਂ ਦਾ ਜੁੜ ਜਾਣਾ, ਇਕ ਸੁਭਾਵਕ ਗੱਲ ਹੈ। ਕਿਰਸਾਨੀ ਨਾਲ ਸਬੰਧਿਤ ਵਹਿਮਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ।

ਹਲ ਵਾਹੁਣ ਜਾਂ ਬੀਜਾਈ ਦਾ ਕੰਮ ਬੁੱਧਵਾਰ ਸ਼ੁਰੂ ਕਰਨਾ ਚੰਗਾ ਸਮਝਿਆ ਜਾਂਦਾ ਹੈ। ਇਹ ਕੰਮ ਸੋਮਵਾਰ ਜਾਂ ਸਨਿਚਰਵਾਰ ਨੂੰ ਆਰੰਭ ਨਹੀਂ ਕਰਨਾ ਚਾਹੀਦਾ। ਕਿਉਂ ਜੋ ਸੋਮਵਾਰ ਠੰਡਾ ਦਿਨ ਗਿਣਿਆ ਜਾਂਦਾ ਹੈ। ਜੇ ਇਸ ਦਿਨ ਕੋਈ ਕੰਮ ਛੁਹਿਆ ਜਾਵੇ ਤਾਂ ਉਹ ਛੇਤੀ ਨਾਲ ਮੁਕਦਾ ਨਹੀਂ। ਹਰ ਮਹੀਨੇ ਦੀ ਪਹਿਲੀ ਤੇ ਗਿਆਰਵੀਂ ਤਾਰੀਖ਼ ਕੰਮ ਸ਼ੁਰੂ ਕਰਨਾ ਚੰਗਾ ਨਹੀਂ ਰਹਿੰਦਾ।

ਗੋਡੀ ਇਕ, ਦੋ, ਤਿੰਨ ਜਾਂ ਪੰਜ ਵਾਰ ਕਰਨੀ ਚੰਗੀ ਰਹਿੰਦੀ ਹੈ, ਪਰ ਚਾਰ ਵਾਰ ਕੀਤੀ ਗੋਡੀ ਅਸ਼ੁਭ ਗਿਣੀ ਜਾਂਦੀ ਹੈ। ਵਾਢੀ ਮੰਗਲ (ਮੰਗਲ ਦਾਤੀ) ਨੂੰ ਸ਼ੁਰੂ ਕਰ ਕੇ, ਬੁੱਧਵਾਰ, ਤਕ ਖ਼ਤਮ ਕਰਨੀ ਚਾਹੀਦੀ ਹੈ। ਫ਼ਸਲ ਦਾ ਅਖ਼ੀਰਲਾ ਮੁੱਢ ਭੋਇੰ ਨੂੰ ਦਾਨ ਕਰ ਦੇਣਾ ਚਾਹੀਦਾ ਹੈ ਤੇ ਇਹ ਵੱਢਣਾ ਨਹੀਂ ਚਾਹੀਦਾ।

ਅਨਾਜ ਨੂੰ ਛਾਂਟਣ ਲੱਗਿਆਂ ਵੀ ਦਿਨਾਂ ਅਥਵਾ ਤਿੱਥਾਂ ਵਲ ਉਚੇਚਾ ਧਿਆਨ ਦਿਤਾ ਜਾਂਦਾ ਹੈ। ਸ਼ੁਕਰਵਾਰ ਛਟਾਈ ਨਹੀਂ ਕੀਤੀ ਜਾਂਦੀ, ਕਿਉਂ ਜੋ ਇਸ ਦਿਨ ਭੂਤ ਪ੍ਰੇਤ ਛੁੱਟੀ ਮਨਾਂਦੇ ਹਨ ਅਤੇ ਫ਼ਸਲ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਦਾਣੇ ਘੱਟ ਨਿਕਲਣ ਦਾ ਡਰ ਹੁੰਦਾ ਹੈ। ਅਨਾਜ ਦੀ ਛਟਾਈ ਵੇਲੇ ਚੁਪ ਰਹਿਣਾ ਚੰਗਾ ਹੁੰਦਾ ਹੈ।

ਅਨਾਜ ਨੂੰ ਤੋਲਣ ਲੱਗਿਆਂ ਵੀ ਕਈ ਗੱਲਾਂ ਦਾ ਖ਼ਿਆਲ ਰਖਿਆ ਜਾਂਦਾ ਹੈ। ਨਵੇਂ ਚੰਨ ਜਾਂ ਪੂਰਨਮਾਸ਼ੀ ਵਾਲੇ ਦਿਨ ਅਨਾਜ ਨੂੰ ਤੋਲਣਾ ਠੀਕ ਨਹੀਂ ਸਮਝਿਆ ਜਾਂਦਾ। ਸਨਿਚਰਵਾਰ ਦਾ ਦਿਨ ਵੀ ਚੰਗਾ ਨਹੀਂ ਹੁੰਦਾ। ਅਨਾਜ ਦੇ ਤੋਲਣ ਦਾ ਕੰਮ ਸਰਘੀ ਵੇਲੇ, ਦੁਪਹਿਰ ਸੂਰਜ ਛੁਪਣ ਵੇਲੇ ਜਾਂ ਅੱਧੀ ਰਾਤ ਵੇਲੇ ਸ਼ੁਰੂ ਕੀਤਾ ਜਾਵੇ, ਕਿਉਂਜੋ ਇਸ ਵੇਲੇ ਬਦਰੂਹਾਂ ਰੁਝੀਆਂ ਹੁੰਦੀਆਂ ਹਨ ਤੇ ਖੇਤਾਂ ਵਿਚੋਂ ਗਈਆਂ ਹੁੰਦੀਆਂ ਹਨ। ਤੋਲਣ ਤੋਂ ਪਹਿਲਾਂ ਇਕ ਰਾਮਕਾਰ ਜਾਂ ਚੱਕਰ ਬਣਾ ਲਿਆ ਜਾਂਦਾ ਹੈ। ਉਸ ਵਿਚ ਇਕ ਪਾਣੀ ਦਾ ਭਰਿਆ ਕੁੰਭ ਰਖਿਆ ਜਾਂਦਾ ਹੈ। ਉਸ ਚੱਕਰ ਵਿਚ ਉਦੋਂ ਤਕ ਕਿਸੇ ਨੂੰ ਨਹੀਂ ਆਉਣ ਦਿਤਾ ਜਾਂਦਾ, ਜਦੋਂ ਤਕ ਤੋਲਣ ਦਾ ਕੰਮ ਮੁਕੰਮਲ ਨਹੀਂ ਹੋ ਜਾਂਦਾ। ਤੋਲਣ ਵਾਲੇ ਦਾ ਮੂੰਹ ਉੱਤਰ ਵਲ ਹੋਣਾ ਚਾਹੀਦਾ ਹੈ। ਧਾਰਨਾ ਦੀ ਗਿਣਤੀ ਉੱਚੀ ਸੁਰ ਵਿਚ ਨਹੀਂ ਕਰਨੀ ਚਾਹੀਦੀ।

ਪਸ਼ੂਆਂ ਸਬੰਧੀ ਵੀ ਅਨੇਕਾਂ ਭਰਮ ਵਹਿਮ ਕੀਤੇ ਜਾਂਦੇ ਹਨ। ਸਨਿਚਰਵਾਰ ਤੇ ਐਤਵਾਰ ਨੂੰ ਕੋਈ ਸਿੰਙ ਵਾਲਾ ਪਸ਼ੂ ਖ਼ਰੀਦਣਾ ਜਾਂ ਵੇਚਣਾ ਚੰਗਾ ਨਹੀਂ ਸਮਝਿਆ ਜਾਂਦਾ। ਕਈ ਲੋਕ ਤਾਂ ਇਨ੍ਹਾਂ ਦੋ ਦਿਨਾਂ ਵਿਚ ਪਸ਼ੂਆਂ ਨਾਲ ਸਬੰਧਿਤ ਕੋਈ ਵੀ ਚੀਜ਼ ਜਿਵੇਂ ਘਿਉ, ਮੱਖਣ, ਚਮੜਾ ਆਦਿ ਖ਼ਰੀਦਣਾ ਵੀ ਚੰਗਾ ਨਹੀਂ ਸਮਝਦੇ।

(ਵ-46) **ਵਾਕਦਾਨ :**

ਬਚਨਾਂ ਅਥਵਾ ਸ਼ਬਦਾਂ ਦੁਆਰਾ ਕੀਤਾ ਦਾਨ। ਹਿੰਦੂਆਂ ਵਿਚ ਸਗਾਈ ਨਾਲ ਸਬੰਧਿਤ ਇਕ ਰਸਮ। ਜਦੋਂ ਕੰਨਿਆਂ ਦੀ ਸਗਾਈ ਕੀਤੀ ਜਾਂਦੀ ਹੈ ਤਾਂ ਗਣੇਸ਼ ਦੀ ਪੂਜਾ ਕੀਤੀ ਜਾਂਦੀ ਹੈ। ਪਹਿਲਾਂ ਕੁਝ ਚਾਵਲ ਗਣੇਸ਼ ਦੀ ਮੂਰਤੀ ਅਤੇ ਵਰ ਪੱਖ ਵਾਲਿਆਂ ਉਤੇ ਸੁਟੇ ਜਾਂਦੇ ਹਨ, ਫਿਰ ਕੰਨਿਆਂ ਪੱਖ ਵਾਲੇ ਇਕ ਭਾਂਡੇ ਵਿਚ ਰੰਗ ਘੋਲ ਕੇ, ਵਰ ਪੱਖ ਵਾਲਿਆਂ ਦੇ ਕਪੜਿਆਂ 'ਤੇ ਛੱਟੇ ਮਾਰਦੇ ਹਨ। ਇਸ ਮਗਰੋਂ ਕੰਨਿਆਂ ਦਾ ਪਿਉ ਐਲਾਨ ਕਰਦਾ ਹੈ ਕਿ ਉਸ ਨੇ ਆਪਣੀ ਕੰਨਿਆਂ ਨੂੰ ਫਲਾਣੇ ਲੜਕੇ ਨਾਲ, ਜੋ ਫਲਾਣੇ ਆਦਮੀ ਦਾ ਪੁਤਰ ਹੈ, ਮੰਗ ਦਿਤਾ ਹੈ। ਇਸ ਐਲਾਨ ਨੂੰ 'ਵਾਕਦਾਨ' ਕਿਹਾ ਜਾਂਦਾ ਹੈ, ਕਿਉਂ ਜੋ ਇਸ ਵਾਕ ਨੂੰ ਉਚਾਰਨ ਮਗਰੋਂ ਉਹ ਬਚਨਬਧ ਹੋ ਜਾਂਦਾ ਹੈ ਅਤੇ ਇਹ ਸਗਾਈ ਟੁਟ ਨਹੀਂ ਸਕਦੀ। ਵਾਕਦਾਨ ਬਿਨਾਂ ਹਿੰਦੂਆਂ ਵਿਚ ਕੁੜਮਾਈ ਦੀ ਰਸਮ ਪੂਰੀ ਨਹੀਂ ਹੁੰਦੀ।

(ਵ-47) **ਵਾਗ ਫੜਾਈ :**

ਜਦੋਂ ਲਾੜ੍ਹਾ ਘੋੜੀ 'ਤੇ ਸਵਾਰ ਹੋ ਕੇ, ਜੰਞ ਨਾਲ ਜਲੂਸ ਦੀ ਸ਼ਕਲ ਵਿਚ ਤੁਰਨ ਲਗਦਾ ਹੈ ਤਾਂ ਉਸ ਦੀਆਂ ਭੈਣਾਂ (ਸਕੀਆਂ ਤੇ ਚਾਚੇ ਤਾਏ, ਮਾਸੀਆਂ ਤੇ ਮਾਮੀਆਂ ਤੇ ਫੂਫੀਆਂ ਦੀਆਂ ਧੀਆਂ) ਉਸ ਦੀ ਘੋੜੀ ਦੀ ਵਾਗ ਫੜ ਲੈਂਦੀਆਂ ਹਨ ਅਤੇ ਇਸ ਮੰਗਲ ਸਮੇਂ ਲਾੜ੍ਹਾ ਉਨ੍ਹਾਂ ਨੂੰ ਕੁਝ ਰੁਪਏ ਸ਼ਗਨ ਵਜੋਂ ਦੇਂਦਾ ਹੈ। ਇਸ ਰਕਮ ਨੂੰ 'ਵਾਗ ਫੜਾਈ' ਕਿਹਾ ਜਾਂਦਾ ਹੈ।

ਇਸ ਸ਼ਗਨ ਸਮੇਂ ਗੀਤ ਗਾਏ ਜਾਂਦੇ ਹਨ :

ਕੀ ਕੁਛ ਦੇਣਾ ਵੀਰ ਵਾਗ ਫੜਾਈ
ਕੀ ਕੁਛ ਵੀਰਾ ਦਾਲ ਚੜ੍ਹਾਈ।

(ਵ-48) **ਵਾਚ :**

ਧਾਰਨਾ ਹੈ ਕਿ ਵਾਚ ਦੇਵੀ ਨੇ ਸੰਸਕ੍ਰਿਤ ਭਾਸ਼ਾ ਰਚੀ ਅਤੇ ਦੇਵਨਾਗਰੀ ਲਿਪੀ ਦਾ ਮੁੱਢ ਬੰਨ੍ਹਿਆ। ਵਾਚ ਦੇਵੀ ਬ੍ਰਹਮਾ ਦੀ ਪਤਨੀ ਹੈ ਤੇ ਵਾਚ ਸਰਸਵਤੀ ਦਾ ਹੀ ਇਕ ਨਾਂ ਹੈ।

ਵੇਦਾਂ ਵਿਚ, ਵਾਚ ਦੇਵੀ ਦੀ ਮਹਿਮਾ ਵਿਚ, ਕੁਝ ਰਿਚਾਂ ਨਿਕਲਦੀਆਂ ਹਨ। ਰਿਗ ਵੇਦ ਦੀ ਇਕ ਰਿਚ ਵਿਚ, ਵਾਚ ਦੇਵੀ ਵਲ ਸੰਕੇਤ ਮਿਲਦਾ ਹੈ। ਵੈਦਿਕ ਕਾਲ ਵਿਚ, ਵਾਚ ਦੇਵੀ ਨੂੰ, ਦੇਵ ਮਾਲਾ ਵਿਚ ਬੜਾ ਉੱਚਾ ਸਥਾਨ ਪ੍ਰਾਪਤ ਸੀ।

(ਵ-49) **ਵਾਮਨ ਦੁਵਾਦਸ਼ੀ :**

ਭਾਦਰੋਂ ਦੇ ਮਹੀਨੇ ਦੇ ਚਾਨਣ ਪੱਖ ਦੀ ਦੁਵਾਦਸ਼ੀ; ਇਸੇ ਤਿੱਥ ਨੂੰ ਵਿਸ਼ਨੂੰ ਦੇਵਤੇ ਨੇ, ਵਾਮਨ ਦਾ ਅਵਤਾਰ ਧਾਰਨ ਕੀਤਾ ਸੀ। ਵਿਸ਼ਨੂੰ ਭਗਤ ਇਸ ਤਿੱਥ ਨੂੰ ਵਰਤ ਰਖਦੇ ਤੇ ਫਲਾਂ ਤੋਂ ਬਿਨਾਂ ਹੋਰ ਕੋਈ ਚੀਜ਼ ਨਹੀਂ ਖਾਂਦੇ। ਦੁਪਹਿਹ ਵੇਲੇ ਵਾਮਨ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਮਿੱਟੀ ਦੇ ਭਾਂਡੇ ਵਿਚ ਦਹੀਂ ਚਾਵਲ ਤੇ ਸ਼ਕਰ ਪਾ ਕੇ, ਪਾਣੀ ਦੇ ਭਰੇ ਕੁੰਭ ਸਮੇਤ ਦਾਨ ਕਰਦੇ ਹਨ। ਇਸ ਦਿਨ ਦਾਨ ਦੇਣ ਦਾ ਬੜਾ ਮਹਾਤਮ ਹੈ ਅਤੇ ਕਈ ਗੁਣਾ ਵਧ ਹੋ ਕੇ ਫਲਦਾ ਹੈ।

ਰਾਤ ਵੇਲੇ ਵਾਮਨ ਅਵਤਾਰ ਦੀ ਕਥਾ ਸੁਣੀ ਜਾਂਦੀ ਹੈ ਜੋ ਇਸ ਪ੍ਰਕਾਰ ਹੈ :

ਦੈਂਤਾਂ ਦਾ ਰਾਜਾ ਬਲ ਬੜਾ ਪ੍ਰਾਕਰਮੀ, ਉਦਾਰ-ਚਿਤ ਤੇ ਦਾਨੀ ਰਾਜਾ ਸੀ। ਉਸ ਨੇ ਆਪਣੀ ਭਗਤੀ ਤੇ ਤਪਸਿਆ ਦੇ ਬਲ ਨਾਲ ਤਿੰਨਾਂ ਲੋਕਾਂ ਉਤੇ ਅਧਿਕਾਰ ਪ੍ਰਾਪਤ ਕਰ ਲਿਆ ਸੀ। ਦੇਵਤਿਆਂ ਨੇ ਵਿਸ਼ਨੂੰ ਅਗੇ ਪ੍ਰਾਰਥਨਾ ਕੀਤੀ ਕਿ ਕਿਸੇ ਤਰ੍ਹਾਂ ਰਾਜੇ ਬਲ ਨੂੰ ਨਸ਼ਟ ਕੀਤਾ ਜਾਵੇ, ਪਰ ਵਿਸ਼ਨੂੰ ਨੇ ਕਿਹਾ ਕਿ ਜਦੋਂ ਤਕ ਬਲ ਦਾ ਪੁੰਨ ਖੀਣ ਨਹੀਂ ਹੁੰਦਾ, ਉਦੋਂ ਤਕ ਉਸ 'ਤੇ ਵਿਜੈ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਦੇਵਤਿਆਂ ਦੇ ਕਹਿਣ 'ਤੇ ਵਿਸ਼ਨੂੰ ਨੇ, ਕਸ਼ਯਪ ਤੇ ਅਦਿਤੀ ਦੇ ਘਰ, ਵਾਮਨ ਰੂਪ ਵਿਚ ਜਨਮ ਲਿਆ। ਇਕ ਵਾਰ ਰਾਜੇ ਬਲ ਨੇ ਯੱਗ ਕੀਤਾ, ਜਿਸ ਵਿਚ ਉਸ ਨੇ ਲੋਕਾਂ ਨੂੰ ਬੜਾ ਦਾਨ ਦਿਤਾ। ਇਸ ਯੱਗ ਤੇ ਵਾਮਨ ਵੀ ਪੁੱਜਾ ਤੇ ਉਸ ਨੇ ਰਾਜੇ ਬਲ ਤੋਂ ਆਪਣੇ ਰਹਿਣ ਲਈ ਢਾਈ ਕਦਮ ਧਰਤੀ ਮੰਗੀ। ਬਲ ਦਾ ਗੁਰੂ ਸ਼ੁਕਰ ਵਾਮਨ ਨੂੰ ਦੇਖ ਕੇ ਝਟ ਸਮਝ ਗਿਆ ਕਿ ਇਹ ਰਾਜੇ ਨੂੰ ਛਲਣ ਆਇਆ ਹੈ। ਸੋ ਸ਼ੁਕਰ ਨੇ ਰਾਜੇ ਬਲ ਨੂੰ ਇਨਕਾਰ ਕਰਨ ਲਈ ਸੰਕੇਤ ਕੀਤਾ। ਪਰ ਦਾਨੀ ਰਾਜੇ ਨੇ ਵਾਮਨ ਦੀ ਬੇਨਤੀ ਮੰਨ ਲਈ। ਵਾਮਨ ਨੇ ਉਸੇ ਵੇਲੇ ਵਿਰਾਟ ਰੂਪ ਧਾਰਨ ਕਰ ਲਿਆ ਅਤੇ ਇਕ ਕਦਮ ਨਾਲ ਧਰਤੀ ਮਿਣ ਲਈ ਤੇ ਦੂਜੇ ਨਾਲ ਆਕਾਸ਼ ਅਤੇ ਤੀਜੇ ਅੱਧੇ ਕਦਮ ਲਈ ਹੋਰ ਥਾਂ ਮੰਗੀ। ਬਲ ਨੇ ਆਪਣੀ ਪਿੱਠ ਅਗੇ ਕਰ ਦਿਤੀ। ਵਾਮਨ ਨੇ ਉਸ ਉਤੇ ਪੈਰ ਰਖ ਕੇ ਅਜਿਹਾ ਦਬਾਇਆ ਕਿ ਬਲ ਰਾਜਾ ਪਾਤਾਲ ਲੋਕ ਵਿਚ ਜਾ ਪੁਜਾ। ਵਾਮਨ ਨੇ ਬਲ ਦੀ ਦਾਨਸ਼ੀਲਤਾ ਦਾ ਖ਼ਿਆਲ ਕਰਦਿਆਂ, ਪਾਤਾਲ ਦੀ ਪਾਤਸ਼ਾਹੀ ਉਸ ਦੇ ਹਵਾਲੇ ਕਰ ਦਿਤੀ।

ਇਕ ਮੱਤ ਅਨੁਸਾਰ ਜਿਸ ਦਿਨ ਵਾਮਨ ਨੇ ਰਾਜੇ ਬਲ ਨੂੰ ਛਲਿਆ ਸੀ, ਉਸ ਦਿਨ ਭਾਦਰੋਂ ਦੀ ਸ਼ੁਕਲ ਦੁਵਾਦਸ਼ੀ ਸੀ, ਜਿਸ ਕਰ ਕੇ ਇਸ ਦਾ ਨਾਂ 'ਵਾਮਨ ਦੁਵਾਦਸ਼ੀ' ਪਿਆ।

(ਵ-50) **ਵਾਮ ਮਾਰਗੀ :**

ਦੇਵੀ ਉਪਾਸ਼ਕਾਂ ਦੀ ਇਕ ਸ਼ਾਖ਼। ਇਸ ਸੰਪਰਦਾਇ ਵਾਲੇ ਕਾਲੀ ਦੇਵੀ ਨਮਿਤ ਪਸ਼ੂਆਂ ਦੀ ਬਲੀ ਦੇਂਦੇ ਹਨ ਅਤੇ ਆਪਣੀਆਂ ਧਾਰਮਿਕ ਰਹੁ-ਰੀਤਾਂ ਵਿਚ ਮਾਸ ਤੇ ਸ਼ਰਾਬ ਦੀ ਵਰਤੋਂ ਕਰਦੇ ਹਨ। ਵਾਮ ਮਾਰਗੀ ਯੂਨੀ ਦੀ ਪੂਜਾ ਕਰਦੇ ਹਨ ਅਤੇ ਇਨ੍ਹਾਂ ਦੇ ਪੂਜਾ ਦੇ ਢੰਗ ਬਿਲਕੁਲ ਗੁਪਤ ਹਨ। ਵਾਮ ਮਾਰਗੀ ਮਨੁੱਖ ਦੀ ਬਲੀ ਵੀ ਦੇਂਦੇ ਹਨ। 18ਵੀਂ ਸਦੀ ਦੇ ਪਿਛਲੇ ਅੱਧ ਵਿਚ, ਵਾਮ ਮਾਰਗੀਆਂ ਨੇ ਕਈ ਮਨੁੱਖਾਂ ਦੀਆਂ ਬਲੀਆਂ ਵੀ ਦਿਤੀਆਂ।

(ਵ-51) **ਵਾਰ :**

ਬੀਰਤਾ ਪੰਜਾਬੀਆਂ ਦੇ ਹੱਡ-ਮਾਸ ਵਿਚ ਲਹੂ ਵਾਂਗ ਰਚੀ ਹੋਈ ਹੈ। ਸੰਘਰਸ਼ ਇਨ੍ਹਾਂ ਦੇ ਜੀਵਨ ਦਾ ਬੁਨਿਆਦੀ ਤੱਥ ਰਿਹਾ ਹੈ। ਆਦਿ-ਕਾਲ ਤੋਂ ਹੀ ਪੰਜਾਬੀ ਪ੍ਰਗਤੀ ਤੇ ਸਵੈਮਾਨ ਲਈ ਜੂਝਦੇ ਰਹੇ ਹਨ। ਇਕ ਲੰਮੇ ਸਮੇਂ ਤਕ, ਪੰਜਾਬ ਭਾਰਤ ਦਾ ਦਵਾਰ ਬਣਿਆ ਰਿਹਾ ਤੇ ਬਾਹਰੋਂ ਆਏ ਹਮਲਾਵਰਾਂ ਨਾਲ ਪਹਿਲੋਂ ਪੰਜਾਬੀਆਂ ਨੂੰ ਹੀ ਲੋਹਾ ਲੈਣਾ ਪਿਆ। ਸੋ, ਪੰਜਾਬੀਆਂ ਦੀਆਂ ਬੀਰ ਭਾਵਨਾਵਾਂ ਸਦਾ ਪ੍ਰਜਵਲਤ ਰਹੀਆਂ ਹਨ।

ਸਾਹਿੱਤ ਵਿਚ ਇਹ ਭਾਵਨਾ 'ਵਾਰ' ਦੇ ਕਾਵਿ ਰੂਪ ਵਿਚ ਪ੍ਰਗਟ ਹੋਈ ਅਤੇ ਭੱਟਾਂ, ਢਾਡੀਆਂ ਤੇ ਮਰਾਸੀਆਂ ਨੇ ਇਸ ਕਾਵਿ ਰੂਪ ਨੂੰ ਆਪਣੇ ਲਹੂ ਨਾਲ ਸਿੰਜਿਆ। ਵਾਰ ਦਾ ਕਾਵਿ ਰੂਪ ਬੁਨਿਆਦੀ ਤੌਰ ਉਤੇ ਲੋਕ-ਕਾਵਿ ਹੈ, ਕਿਉਂ ਜੋ ਇਕ ਤਾਂ ਵਾਰਾਂ ਲੋਕ-ਗੀਤਾਂ ਵਾਂਗ ਭੱਟਾਂ, ਮਰਾਸੀਆਂ ਦੀ ਸਾਮੂਹਿਕ ਰਚਨਾ ਹਨ, ਜਿਸ ਵਿਚ ਉਨ੍ਹਾਂ ਦੀਆਂ ਕਈ ਪੀੜ੍ਹੀਆਂ ਦਾ ਅਨੁਭਵ ਘੁਲਿਆ ਹੋਇਆ ਹੈ। ਦੂਜਾ ਇਨ੍ਹਾਂ ਵਿਚ ਲੋਕ-ਭਾਵਨਾ ਤੇ ਮਰਯਾਦਾ ਦਾ ਅੰਸ਼ ਪ੍ਰਬਲ ਹੈ।

ਪੰਜਾਬੀ ਦੀ ਵਾਰ ਪਰੰਪਰਾ ਢੇਰ ਪੁਰਾਣੀ ਹੈ। ਇਥੋਂ ਦੇ ਹਰ ਕਬੀਲੇ ਤੇ ਜਾਤੀ ਦਾ ਦੰਦ-ਕਥਾਵੀ ਇਤਿਹਾਸ, ਉਸ ਕਬੀਲੇ ਤੇ ਜਾਤੀ ਦੀਆਂ ਵਾਰਾਂ ਵਿਚ, ਭੱਟ ਤੇ ਮਿਰਾਸੀ ਸੰਭਾਲਦੇ ਰਹੇ, ਪਰ ਇਹ ਵਾਰਾਂ ਸਾਡੇ ਤਕ ਪਹੁੰਚ ਨਹੀਂ ਸਕੀਆਂ। ਸਾਡੇ ਤਕ ਕੇਵਲ ਉਹੋ ਪੁਰਾਣੀਆਂ ਲੋਕ-ਵਾਰਾਂ ਪਹੁੰਚੀਆਂ ਹਨ, ਜਿਨ੍ਹਾਂ ਦੀਆਂ ਧੁਨੀਆਂ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹੀਆਂ ਮਿਲਦੀਆਂ ਹਨ। ਪੰਜਾਬੀ ਦੀਆਂ ਉਪਲਬਧ ਵਾਰਾਂ ਵਿਚੋਂ, ਸਭ ਤੋਂ ਪ੍ਰਾਚੀਨ ਵਾਰ, ਟੁੰਡੇ ਅਸਰਾਜੇ ਦੀ ਵਾਰ ਵਿਚੋਂ ਇਕ ਨਮੂਨਾ ਦਿੱਤਾ ਜਾਂਦਾ ਹੈ—

ਭਬਕਿਓ ਸ਼ੇਰ ਸਰਦੂਲ ਰਾਇ ਰਣ ਮਾਰੂ ਬੱਜੇ।<br>
ਖ਼ਾਨ ਸੁਲਤਾਨ ਬਡ ਸੂਰਮੇ ਵਿਚ ਰਣ ਦੇ ਗੱਜੇ।<br>
ਖ਼ਤ ਲਿਖੇ ਟੁੰਡੇ ਅਸਰਾਜ ਨੂੰ ਪਾਤਸ਼ਾਹੀ ਅੱਜੇ।<br>
ਟਿੱਕਾ ਸਾਰੰਗ ਬਾਪ ਨੇ ਦਿੱਤਾ ਭਰ ਲੱਜੇ।<br>
ਫ਼ਤਹ ਪਾਈ ਅਸਰਾਇ ਜੀ, ਸ਼ਾਹੀ ਘਰ ਸੱਜੇ।

(ਵ-52) **ਵਾਰ ਸ਼ਮਸੁਦੀਨ :**

ਕਸ਼ਮੀਰ ਵਿਚ ਪ੍ਰਚਲਤ ਇਕ ਪੰਜਾਬੀ ਲੋਕ-ਵਾਰ। ਸ਼ਮਸੁਦੀਨ ਇਕ ਸੂਦਾਰ ਸੀ, ਜਿਸ ਨੇ ਡੋਗਰਾ ਰਾਜ ਦੇ ਸ਼ੁਰੂ ਵਿਚ ਬਗ਼ਾਵਤ ਕੀਤੀ, ਜੋ ਸਖ਼ਤੀ ਨਾਲ ਦਬਾ ਦਿਤੀ ਗਈ। ਇਸ ਬਗ਼ਾਵਤ ਨੂੰ ਦਬਾਣ ਲਈ ਡੋਗਰਾ ਰਾਜੇ ਨੇ ਦੀਵਾਨ ਧੰਨੋ ਨੂੰ ਭੇਜਿਆ। ਵਾਰ ਦੇ ਹੇਠਲੇ ਟੋਟੇ ਵਿਚ ਦੀਵਾਨ ਧੰਨੋ ਤੇ ਸ਼ਮਸੁਦੀਨ ਦੇ ਸਿਪਾਹੀ, ਆਪੋ ਵਿਚ ਇਉਂ ਵਾਦ-ਵਿਵਾਦ ਕਰਦੇ ਹਨ—

ਸੁਣਿਆ ਵੇ ਮਹਾਰਾਜ ਖ਼ੁਫਗੀ ਬਹੁਤੀ ਸਾਰੀ ਆਹੀ।<br>
ਚੜ੍ਹਿਆ ਦੀਵਾਨ ਧੰਨੋ ਪੰਜ ਸੌ ਫੌਜਾਂ ਦਾ ਹਮਰਾਹੀ।<br>
ਜਾ ਪਹੁੰਚਿਆ ਵਿਚ ਮੈਦਾਨ, ਉਸ ਨਜ਼ਰ ਚਾ ਬਟਾਈ।<br>
ਤੂੰ ਹੈਂ ਦੀਵਾਨ ਧੰਨੋ ਤੇ ਮੈਂ ਹਾਂ ਸਮਸ ਦਾ ਸਪਾਹੀ।<br>
ਮਾਰਾਂਗਾ ਤਲਵਾਰ ਤੇ ਗੱਲਾਂ ਕਰੇ ਕੁਲ ਲੁਕਾਈ।<br>
ਮੈਂ ਮਾਰਾਂ ਤਲਵਾਰ ਤੇਰੇ ਪੰਖੇ ਦੇਵਾਂ ਉਡਾਈ।<br>
ਨੱਠਾ ਦੀਵਾਨ ਧੰਨੋ ਤੇ ਛੋੜਿਆ ਛੋੜਿਓ ਬਿਨ ਲਾਈ।<br>
ਜਾ ਪਹੁੰਚਿਆ ਵਿਚ ਜੰਮੂ ਉਸ ਦਿਤੀ ਏ ਦੁਹਾਈ।

(ਵ-53) **ਵਾਰ ਰਾਜਾ ਭੁੱਟਾ :**

ਰਾਜਾ ਭੁੱਟਾ, ਅਰਾਈਆਂ ਦਾ ਵਡਿੱਕਾ ਹੋਇਆ ਹੈ। ਇਹ ਰਾਜਾ ਕਰਨ ਦੀ ਵੰਸ਼ ਵਿਚੋਂ ਪੰਜਵਾਂ ਸੀ। ਇਹ ਰਾਜਾ ਸੈਨੀ ਜਾਂ ਕੰਬੋ ਦੋ ਜਾਤੀ ਦਾ ਸੀ ਤੇ ਹਿੰਦੂ ਸੀ, ਪਰ ਮੁਸਲਮਾਨਾਂ ਦੇ ਹੱਲਿਆਂ ਸਮੇਂ, ਖ਼ਾਸ ਤੌਰ ਤੇ ਮੁਹੰਮਦ ਗ਼ਜ਼ਨੀ ਦੇ ਵੇਲੇ ਇਨ੍ਹਾਂ ਨੇ ਮੁਸਲਮਾਨੀ ਮੱਤ ਧਾਰਨ ਕੀਤਾ। ਭੱਟਾਂ ਵਿਚ ਇਨ੍ਹਾਂ ਦੀ ਇਕ ਵਾਰ ਪ੍ਰਚਲਤ ਹੈ, ਜਿਸ ਦੀਆਂ ਕੁਝ ਤੁਕਾਂ ਹੇਠ ਦਿਤੀਆਂ ਜਾਂਦੀਆਂ ਹਨ —

ਉੱਚ ਨ ਦਿਤੇ ਭੁਟੀਆਂ ਚਟਾ ਬਸੰਤੀ ਨਾਰ<br>
ਦਾਨਾ ਪਾਣੀ ਚੁੱਗ ਗਿਆ, ਚੱਬਨ ਮੋਤੀ ਹਾਰ।

ਰਾਜਾ ਭੁੱਟਾ ਤੋਂ ਅਰਾਈਆਂ ਦੀ ਇਕ ਗੋਤ 'ਭੁੱਟਾ' ਚੱਲੀ।

(ਵ-54) **ਵਾਰਾ ਕਰਨਾ :**

ਸਾਂਸੀਆਂ ਦੇ ਵਿਆਹ ਨਾਲ ਸਬੰਧਿਤ ਇਕ ਰੀਤ; ਬਰਾਤ ਦੇ ਖਾਣਾ ਖਾ ਲੈਣ ਮਗਰੋਂ, ਕੰਨਿਆਂ ਦਾ ਪਿਉ ਕੁਝ ਬੰਦਿਆਂ ਨਾਲ ਬਰਾਤ ਦੇ ਠਹਿਰਨ ਵਾਲੀ ਥਾਂ ਜਾਂਦਾ ਹੈ ਅਤੇ ਵਰ ਦੇ ਪਿਉ ਨੂੰ ਕਹਿੰਦਾ ਹੈ ਕਿ ਹੁਣ ਤੁਸੀਂ ਆਪਣਾ ਵਾਰਾ ਕਰੋ ਅਥਵਾ ਕੁਝ ਕਰਨੀ ਕਰੋ, ਜਿਸ ਦਾ ਭਾਵ ਹੁੰਦਾ ਹੈ ਕਿ ਜਿਵੇਂ 'ਅਸਾਂ ਮਿਲਣੀ ਵੇਲੇ ਕੁੜਮਾਂ ਨੂੰ ਸ਼ਗਨ

ਵਜੋਂ ਪੱਗਾਂ-ਪੈਸੇ ਦਿਤੇ ਹਨ, ਤੁਸੀਂ ਵੀ ਦਿਉ।' ਲਾੜੇ ਦਾ ਪਿਉ ਰਸਮ ਵਜੋਂ ਕੰਨਿਆਂ ਪੱਖ ਦੇ ਹਰੇਕ ਵਿਆਹੇ ਹੋਏ ਸ਼ਖ਼ਸ ਨੂੰ ਕੁਝ ਰੁਪਏ ਵਿਤ ਅਨੁਸਾਰ ਦੇਂਦਾ ਹੈ। ਬਹੁਤਿਆਂ ਵਿਚ ਇਹ ਰਕਮ ਰਖੀ ਨਹੀਂ ਜਾਂਦੀ ਤੇ ਉਸੇ ਵੇਲੇ ਮੋੜ ਦਿਤੀ ਜਾਂਦੀ ਹੈ, ਪਰ ਕਈ ਸਾਮੀ ਇਹ ਰਕਮ ਰਖ ਵੀ ਲੈਂਦੇ ਹਨ।

(ਵ-55) **ਵਾਲਮੀਕੀ** :

ਇਕ ਪ੍ਰਸਿਧ ਰਿਸ਼ੀ, ਜਿਸ ਨੂੰ ਰਾਮਾਇਣ ਦਾ ਕਰਤਾ ਮੰਨਿਆ ਜਾਂਦਾ ਹੈ। ਪੰਜਾਬ ਵਿਚ ਕਈ ਪਛੜੀਆਂ ਜਾਤੀਆਂ ਵਾਲਮੀਕੀ ਨੂੰ ਆਪਣਾ ਗੁਰੂ ਮੰਨਦੀਆਂ ਹਨ ਤੇ ਇਨ੍ਹਾਂ ਦੀਆਂ ਬਸਤੀਆਂ ਵਿਚ ਇਸ ਦੇ ਛੋਟੇ ਛੋਟੇ ਮੰਦਰ ਮਿਲਦੇ ਹਨ। ਚੂਹੜਿਆਂ ਦੇ ਗੁਰੂ 'ਲਾਲ ਬੇਗ' ਨੂੰ ਕਈ ਵਾਲਮੀਕੀ ਨਾਲ ਜੋੜਦੇ ਹਨ।

(ਵ-56) **ਵਾ-ਵਰੋਲੇ** :

ਵਾ-ਵਰੋਲੇ ਤੇ ਝੱਖੜ ਹਨੇਰੀਆਂ ਬਾਰੇ ਕਈ ਵਿਸ਼ਵਾਸ ਤੇ ਭਰਮ ਲੋਕਾਂ ਵਿਚ ਪ੍ਰਚਲਤ ਹਨ। ਇਨ੍ਹਾਂ ਦੇ ਪਿਛੇ ਜਿੰਨ ਭੂਤ ਪ੍ਰੇਤ ਆਦਿ ਕੰਮ ਕਰਦੇ ਮੰਨੇ ਜਾਂਦੇ ਹਨ। ਜੇ ਕੋਈ ਬੱਚਾ ਇਨ੍ਹਾਂ ਦੇ ਚੱਕਰ ਵਿਚ ਫਸ ਜਾਵੇ, ਤਾਂ ਉਸਨੂੰ ਚੁਕ ਕੇ ਲੈ ਜਾਂਦੇ ਹਨ। ਕਈ ਬੱਚਿਆਂ ਦੇ ਇਸ ਤਰ੍ਹਾਂ ਉੱਡ ਜਾਣ ਦੀਆਂ ਕਥਾਵਾਂ ਲੋਕਾਂ ਵਿਚ ਪ੍ਰਚਲਤ ਹਨ। ਜਿਹੜਾ ਆਦਮੀ ਵਾ-ਵਰੋਲੇ ਦੀ ਲਪੇਟ ਵਿਚ ਆ ਜਾਵੇ, ਪ੍ਰੇਤ ਸ਼ਕਤੀ ਉਸ ਦਾ ਵਿਨਾਸ਼ ਕਰ ਦੇਂਦੀ ਹੈ।

ਨਿਸਚਾ ਹੈ ਕਿ ਵਾ-ਵਰੋਲੇ, ਗਰਮੀਆਂ ਵਿਚ ਭਾਈ ਫੇਰੂ ਪੈਦਾ ਕਰਦਾ ਹੈ। ਭਾਈ ਫੇਰੂ ਸਖੀ ਸਰਵਰ ਦਾ ਚੇਲਾ ਤੇ ਜ਼ਾਤ ਦਾ ਬ੍ਰਾਹਮਣ ਸੀ। ਅਕਬਰ ਨੇ ਭਾਈ ਫੇਰੂ ਨੂੰ ਇਕ ਜ਼ਿਲੇ ਦਾ ਮੁਖੀਆ ਥਾਪ ਦਿਤਾ ਅਤੇ ਭਾਈ ਫਰੂ ਨੇ ਸਖੀ ਸਰਵਰ ਦੀ ਭਗਤੀ ਛੱਡ ਦਿਤੀ, ਜਿਸ ਕਰ ਕੇ ਉਹ ਕੋਹੜਾ ਹੋ ਗਿਆ। ਫਿਰ ਭਾਈ ਫੇਰੂ ਦੁਬਾਰਾ ਸਖੀ ਸਰਵਰ ਦੇ ਚਰਨਾਂ ਉਤੇ ਜਾ ਡਿਗਿਆ। ਸਖੀ ਸਰਵਰ ਨੇ, ਇਸ ਨੂੰ ਕੁਝ ਮੰਤ੍ਰੀ ਹੋਈ ਮਿੱਟੀ, ਖਾਣ ਲਈ ਦਿਤੀ ਤੇ ਭਾਈ ਫੇਰੂ ਨਵਾਂ ਨਰਆ ਹੋ ਗਿਆ। ਉਸ ਦਿਨ ਪਿਛੋਂ ਉਹ ਸਖੀ ਸਰਵਰ ਦਾ ਪੱਕਾ ਚੇਲਾ ਬਣ ਗਿਆ। ਇਸ ਦੀ ਇਕ ਸਮਾਧ ਲਾਹੌਰ ਜ਼ਿਲ ਵਿਚ ਮਿਆਨਕੀ ਵਿਚ ਹੈ।

ਜ ਕੋਈ ਸ਼ਖ਼ਸ ਵਾ-ਵਰੋਲ ਦੇ ਚੱਕਰ ਵਿਚ ਘਿਰ ਜਾਵ, ਜਾ ਵਾ-ਵਰੋਲੇ ਨੂੰ ਨੇੜ ਆਉਂਦਾ ਵੇਖੇ, ਤਾਂ ਉਹ ਝਟ ਭਾਈ ਫੇਰੂ ਦੀ ਅਰਾਧਨਾ ਕਰਦਾ ਹੋਇਆ, 'ਭਾਈ ਫੇਰੂ, ਤੇਰੀ ਕਾਰ' ਕਹਿੰਦਾ ਹੈ। ਇਸ ਤਰ੍ਹਾਂ ਵਾ-ਵਰਲਾ ਕੋਈ ਨੁਕਸਾਨ ਨਹੀਂ ਪਹੁੰਚਾਂਦਾ।

ਹਿੰਦੂ ਇਸ ਸਮੇਂ ਹਨੂਮਾਨ ਦੀ ਅਰਾਧਨਾ ਕਰਦੇ ਹੋਏ ਕਹਿੰਦੇ ਹਨ 'ਹਨੂਮਾਨ ਯੋਧੇ, ਤੇਰੀ ਕਾਰ।'

ਪੰਜਾਬ ਦੇ ਸ਼ਾਹਪੁਰ (ਪਾਕਿਸਤਾਨ) ਜ਼ਿਲੇ ਵਿਚ ਇਕ ਖ਼ਾਨਗਾਹ ਪੀਰ ਰਹਿਮੇ ਦੀ ਹੈ। ਇਕ ਵਾਰ ਇਲਾਕੇ ਦੇ ਲੋਕਾਂ, ਕਣਕ ਦੀ ਵਾਢੀ ਦੇ ਦਿਨੀਂ, ਇਸ ਦੀ ਅਰਾਧਨਾ ਕਰਨੀ ਭੁਲ ਗਏ। ਪੀਰ ਨੇ ਕਹਿਰ ਵਿਚ ਆ ਕੇ 'ਵਾ-ਵਰੋਲੇ' ਝੁਲਾ ਦਿਤੇ ਅਤੇ 9 ਦਿਨ ਲਗਾਤਾਰ ਵਾ-ਵਰੋਲੇ ਝੁਲਦੇ ਰਹੇ। ਉਦੋਂ ਤੋਂ ਇਸ ਇਲਾਕੇ ਦੇ ਲੋਕ, ਇਸ ਪੀਰ ਦੀ ਬੜੇ ਆਦਰ ਨਾਲ ਅਰਾਧਨਾ ਕਰਦੇ ਹਨ।

(ਵ-57) **ਵਿਆਸ** :

ਇਕ ਰਿਸ਼ੀ, ਜਿਸ ਨੇ ਵੇਦਾਂ ਦਾ ਸੰਕਲਨ ਕੀਤਾ। ਇਹ ਰਿਸ਼ੀ ਵਧੇਰੇ ਕਰ ਕੇ ਵੇਦ ਵਿਆਸ ਦੇ ਨਾਂ ਨਾਲ ਪ੍ਰਸਿਧ ਹੋਇਆ। ਵਿਆਸ ਸੱਤਯਵਤੀ ਦੇ ਉਦਰ ਤੋਂ ਪਰਾਸ਼ਰ ਦਾ ਪੁੱਤਰ ਸੀ। ਮਹਾਨ ਕੋਸ਼ ਅਨੁਸਾਰ ਇਹ ਮਤਸਯੋਦਰੀ ਦੇ ਉਦਰ ਤੋਂ ਪੈਦਾ ਹੋਇਆ। ਇਸ ਦਾ ਜਨਮ ਜਮਨਾ ਦੇ ਇਕ ਦਵੀਪ (ਟਾਪੂ) ਵਿਚ ਹੋਇਆ ਅਤੇ ਇਹ ਰੰਗ ਦਾ ਕਾਲਾ ਸੀ। ਕਾਲੇ ਰੰਗ ਕਰਕੇ ਇਸਨੂੰ ਕ੍ਰਿਸ਼ਨ ਅਤੇ ਦਵੀਪ ਵਿਚ ਜੰਮਣ ਕਰ ਕੇ, ਦਵੈਪਾਯਨ ਕਿਹਾ ਜਾਣ ਲੱਗਾ। ਇਸ ਦੀ ਮਾਂ ਸੱਤਯਵਤੀ ਨੇ, ਮਗਰੋਂ ਰਾਜੇ ਸ਼ਾਂਤਨੂੰ ਨਾਲ ਵਿਆਹ ਕਰਵਾ ਲਿਆ। ਜਿਸ ਤੋਂ ਉਸ ਦੀ ਕੁਖੋਂ ਦੋ ਹੋਰ ਪੁੱਤਰ ਜੰਮੇ। ਵੱਡਾ ਪੁੱਤਰ ਤਾਂ ਜਵਾਨੀ ਵਿਚ ਹੀ ਇਕ ਯੁੱਧ ਵਿਚ ਮਾਰਿਆ ਗਿਆ। ਪਰ ਛੋਟਾ ਵਿਚਿਤ੍ਰਵੀਰਯ ਮਰਨ ਵੇਲੇ ਪਿਛੇ ਦੋ ਨਿਰਸੰਤਾਨ ਵਿਧਵਾ ਛੱਡ ਗਿਆ। ਵਿਆਸ ਤਿਆਗੀ ਤੇ ਬ੍ਰਹਮਚਾਰੀ ਦਾ ਜੀਵਨ ਬਤੀਤ ਕਰਦਾ ਸੀ, ਪਰ ਮਾਂ ਸੱਤਯਵਤੀ ਦੀ ਬੇਨਤੀ ਮੰਨ ਕੇ, ਇਸ ਨੇ, ਆਪਣੇ ਭਰਾ ਵਿਚਿਤ੍ਰਵੀਰਯ ਦੀਆਂ, ਦੋ ਵਿਧਵਾਵਾਂ ਨਾਲ ਨਿਯੋਗ ਕਰਨਾ ਪਰਵਾਨ ਕਰ ਲਿਆ ਤੇ ਉਨ੍ਹਾਂ ਤੋਂ ਧ੍ਰਿਤਰਾਸ਼ਟਰ, ਪਾਂਡੂ ਤੇ ਵਿਦੁਰ ਨਾਂ ਦੇ ਪੁੱਤਰ ਪੈਦਾ ਕੀਤੇ।

ਵੇਦ ਵਿਆਸ ਬੜਾ ਬੁਧੀਮਾਨ ਤੇ ਉੱਚ ਕੋਟੀ ਦਾ ਲੇਖਕ ਸੀ। ਵੇਦਾਂਤ ਸੂਤ੍ਰ ਇਸੇ ਦੀ ਰਚਨਾ ਮੰਨੀ ਜਾਂਦੀ ਹੈ।

ਪੰਜਾਬ ਵਿਚ ਪ੍ਰਾਚੀਨ ਕਾਲ ਵਿਚ ਵਿਆਸ ਰਿਸ਼ੀ ਦੀ ਉਪਾਸਨਾ ਆਮ ਪ੍ਰਚਲਤ ਸੀ। ਕੁਲੂ ਵਿਚ ਵਿਆਸ ਦਰਿਆ ਦੇ ਕੰਢੇ ਵਸ਼ਿਸ਼ਟ ਦੇ ਨੇੜ ਰਿਸ਼ੀ ਵਿਆਸ ਦਾ ਮੰਦਰ ਹੈ, ਜਿਥੇ ਮੂਰਕਰਾਫਟ ਅਨੁਸਾਰ ਰਿਸ਼ੀ ਵਿਆਸ ਦੀ ਇਕ ਮੂਰਤੀ ਸਥਾਪਿਤ ਸੀ, ਜ ਡਢ ਫੁਟ ਉੱਚੀ ਸੀ (ਜਰਨੀ ਟੂ ਲਦਾਖ ਜਿਲਦ 1,190)।

ਵਿਆਸ ਅਸਥਲ, ਜਿਸ ਨੂੰ ਹੁਣ ਬਸਤਾਲੀ ਕਹਿੰਦੇ ਹਨ, ਕੁਰਖੇਤਰ ਵਿਚ ਹੈ। ਇਹ ਰਿਸ਼ੀ ਵਿਆਸ ਦਾ ਨਿਵਾਸ

ਅਸਥਾਨ ਸੀ। ਜੀਵਨ ਦੇ ਅੰਤਲੇ ਦਿਨੀਂ ਸਿਹਤ ਦੀ ਖ਼ਰਾਬੀ ਕਾਰਨ ਰਿਸ਼ੀ ਵਿਆਸ ਗੰਗਾ ਦਾ ਇਸ਼ਨਾਨ ਕਰਨ ਤੋਂ ਅਸਮਰਥ ਸੀ। ਰਵਾਇਤ ਹੈ ਕਿ ਗੰਗਾ ਨਦੀ, ਧਰਤੀ ਵਿਚਲੇ ਗੁਪਤ ਰੌਆਂ ਦੁਆਰਾ, ਇਥੋਂ ਵਗਣ ਲੱਗੀ ਤਾਂ ਜੋ ਰਿਸ਼ੀ ਵਿਆਸ ਇਸ਼ਨਾਨ ਦੀ ਇੱਛਾ ਪੂਰੀ ਕਰ ਲੈਣ। ਵਿਆਸ ਨੇ ਇਹ ਜਾਣਨ ਲਈ ਕਿ ਇਸ ਰੌਂ ਵਿਚ ਸੱਚਮੁਚ ਹੀ ਗੰਗਾ ਦਾ ਪਾਣੀ ਵਗਦਾ ਹੈ, ਆਪਣਾ ਲੋਟਾ ਤੇ ਲੰਗੋਟੀ ਦਰਿਆ ਵਿਚ ਛੱਡ ਆਏ, ਜੋ ਉਨ੍ਹਾਂ ਨੂੰ ਮਗਰੋਂ ਇਸ ਰੌਂ ਦੇ ਪਾਣੀ ਵਿਚੋਂ ਲੱਭੇ।

ਵਿਆਸ ਨਾਂ ਦੇ ਕਈ ਰਿਸ਼ੀ ਹੋਏ ਹਨ। ਜੌਨ ਡੌਸਨ ਅਨੁਸਾਰ ਪੁਰਾਣਾਂ ਵਿਚ ਘੱਟੋ ਘੱਟ 20 ਵਿਆਸਾਂ ਦਾ ਵਰਨਣ ਹੈ ਜਿਹੜੇ ਵਿਸ਼ਨੂੰ ਜਾਂ ਬ੍ਰਹਮਾ ਦੇ ਅਵਤਾਰ ਹਨ ਅਤੇ ਜਿਹੜੇ ਸਮੇਂ ਸਮੇਂ ਵੇਦਾਂ ਨੂੰ ਸੰਗ੍ਰਹਿ ਕਰਨ ਅਤੇ ਪ੍ਰਚਾਰਨ ਲਈ ਧਰਤੀ ਉਤੇ ਪ੍ਰਗਟ ਹੁੰਦੇ ਰਹੇ।

(ਵ-58) **ਵਿਆਹ ਦੀਆਂ ਰਸਮਾਂ** :

ਵਿਆਹ ਜੀਵਨ ਦੀ ਇਕ ਮਿੱਠੀ ਤੇ ਸੁਹਾਵਣੀ ਘਟਨਾ ਹੈ, ਜੋ ਉਠਦੀ ਜਵਾਨੀ ਵਿਚ ਲਏ ਕਈ ਸੁਪਨੇ ਸਾਕਾਰ ਕਰਦੀ ਹੈ। ਪੰਜਾਬੀ ਵਿਆਹ ਦੀ ਹਰ ਰਸਮ ਨੂੰ ਬੜੇ ਚਾਵਾਂ ਮਲ੍ਹਾਰਾਂ ਤੇ ਰੀਝਾਂ ਨਾਲ ਮਨਾਂਦੇ ਹਨ। ਵਿਆਹ ਇਕ ਦਾ ਹੁੰਦਾ ਹੈ, ਪਰ ਲਾੜ੍ਹੇ ਸਾਰੇ ਬਣੇ ਫਿਰਦੇ ਹਨ। ਸਭ ਤੋਂ ਵਧ ਰਸਮਾਂ ਰੀਤਾਂ ਵੀ ਵਿਆਹ ਵੇਲੇ ਕੀਤੀਆਂ ਜਾਂਦੀਆਂ ਹਨ। ਜੋ ਖ਼ੁਸ਼ੀ ਤੇ ਉਤਸ਼ਾਹ ਨੂੰ ਭਖਦਾ ਰੱਖਣ ਦੇ ਨਾਲ, ਵਿਆਹ ਨੂੰ ਇਕ ਦਿਲਚਸਪ ਲੀਲਾ ਬਣਾ ਦੇਂਦੀਆਂ ਹਨ। ਜਿਸ ਵਿਚ ਪ੍ਰਵਾਰ ਦੇ ਸਭ ਜੀਆਂ ਦਾ ਕੋਈ ਨਾ ਕੋਈ ਉਭਰਵਾਂ ਤੇ ਨਿਵੇਕਲਾ ਕਰਦਾਰ ਹੁੰਦਾ ਹੈ ਤੇ ਸਭ ਆਪਣੇ ਵੇਲੇ ਸਿਰ ਵਿਆਹ ਦੇ ਮੰਚ ਉਤੇ ਸਜ ਧਜ ਤੇ ਗੌਰਵਤਾ ਨਾਲ ਆਉਂਦੇ ਹਨ। ਵਿਆਹ ਨਾਲ ਸਬੰਧਿਤ ਰੀਤਾਂ ਵਧੇਰੇ ਕਰ ਕੇ ਜੋੜੀ ਦੀ ਚਿਰੰਜੀਵਤਾ, ਸਦੀਵੀ ਹੁਲਾਸ, ਵੰਸ਼ ਪਰੰਪਰਾ ਨੂੰ ਤੁਰਦੇ ਰਖਣ ਤੇ ਚੰਦਰੀਆਂ ਰੂਹਾਂ ਤੋਂ ਰਖਿਆ ਦੀ ਭਾਵਨਾ ਨਾਲ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਵਿਚੋਂ ਬਹੁਤੀਆਂ ਰੀਤਾਂ ਦਾ ਆਧਾਰ ਸਹਾਨੁਭੂਤੀ ਟੂਣਾ ਹੈ।

ਆਮ ਤੌਰ 'ਤੇ ਵਰ ਦੀ ਚੋਣ ਵਿਚ, ਕੁੜੀ ਦੀ ਮਰਜ਼ੀ ਨਹੀਂ ਪੁੱਛੀ ਜਾਂਦੀ। ਵਰ ਦੀ ਭਾਲ ਤੇ ਮੁੱਢਲੀ ਗੱਲ-ਕਥ ਨਾਈ, ਪਰੋਹਿਤ ਜਾਂ ਵਿਚੋਲੇ ਦੁਆਰਾ ਕੀਤੀ ਜਾਂਦੀ ਹੈ। ਜੇ ਵਰ ਕੰਨਿਆਂ ਦੇ ਮਾਂ ਪਿਉ ਨੂੰ ਪਸੰਦ ਆ ਜਾਵੇ, ਤਾਂ ਰਿਸ਼ਤਾ ਸਿਰੇ ਚੜ ਜਾਂਦਾ ਹੈ। ਸ਼ਹਿਰਾਂ ਵਿਚ ਪੜ੍ਹੀ ਲਿਖੀ ਸ਼੍ਰੇਣੀ ਵਿਚ ਮੁੰਡੇ ਕੁੜੀ ਦੀ ਮਰਜ਼ੀ ਨੂੰ ਵੀ ਧਿਆਨ ਵਿਚ ਰਖ ਲਿਆ ਜਾਂਦਾ ਹੈ ਅਤੇ ਦੋਵੇਂ ਇਕ ਦੂਜੇ ਨੂੰ ਵੇਖ ਵੀ ਲੈਂਦੇ ਹਨ, ਪਰ ਇਹ ਬਹੁਤ ਹੱਦ ਤਕ ਰਸਮੀ ਹੀ ਹੁੰਦਾ ਹੈ। ਸ਼ਹਿਰਾਂ ਵਿਚ ਕਿਧਰੇ ਕਿਧਰੇ ਪ੍ਰੀਤ-ਵਿਆਹ ਵੀ ਹੋਣ ਲੱਗ ਪਏ ਹਨ।

**ਵਿਆਹ ਤੇ ਗੋਤ :** ਰਿਸ਼ਤਾ ਕਰਨ ਵੇਲੇ ਜਿਸ ਗੱਲ ਨੂੰ ਸਭ ਤੋਂ ਵੱਧ ਧਿਆਨ ਵਿੱਚ ਰਖਿਆ ਜਾਂਦਾ ਹੈ, ਉਹ ਹੈ—ਜਾਤਪਾਤ ਤੇ ਗੋਤ। ਆਪਣੀ ਜਾਤ ਬਰਾਦਰੀ ਤੋਂ ਬਾਹਰ ਵਿਆਹ ਨਹੀਂ ਕੀਤੇ ਜਾਂਦੇ। ਖੱਤਰੀ ਖੱਤਰੀਆਂ ਨਾਲ ਰਿਸ਼ਤਾ ਜੋੜਦੇ ਹਨ ਤੇ ਜੱਟ ਜੱਟਾਂ ਨਾਲ। ਗੋਤ ਨੂੰ ਬੜੀ ਮਹੱਤਾ ਦਿਤੀ ਜਾਂਦੀ ਹੈ। ਖੱਤਰੀਆਂ ਦੀਆਂ ਕਈ ਜਾਤ-ਬਰਾਦਰੀਆਂ ਹਨ ਤੇ ਹਰ ਗੋਤ ਆਪਣੀ ਜਾਤ ਬਰਾਦਰੀ ਦੇ ਘੇਰੇ ਵਿੱਚ ਹੀ ਰਿਸ਼ਤੇ ਕਰਦੀ ਹੈ। ਇਹ ਜਾਤ-ਬਰਾਦਰੀਆਂ, ਜੋ 'ਢਾਈ ਘਰੇ', 'ਚਾਰਜਾਤੀ', 'ਖੁਖਰੈਣਾਂ', 'ਬਾਹਰੀ' ਤੇ 'ਬਵਿੰਜਾਈ' ਨਾਵਾਂ ਨਾਲ ਪ੍ਰਸਿੱਧ ਹਨ, ਕੁਝ ਖ਼ਾਸ ਗੋਤਾਂ ਦੇ ਸਮੂਹ ਹਨ। ਢਾਈ ਘਰੇ ਵਿਚ ਸਿਰਫ਼ ਤਿੰਨ ਗੋਤਾਂ—ਕਪੂਰ, ਖੰਨੇ ਤੇ ਮਹਿਰੇ ਆਉਂਦੇ ਹਨ, ਜੋ ਆਪੋ ਵਿੱਚ ਹੀ ਰਿਸ਼ਤੇ ਕਰਦੇ ਹਨ। ਇਸੇ ਤਰ੍ਹਾਂ ਖੁਖਰੈਣਾਂ, ਬਾਹਰੀ ਤੇ ਬਵਿੰਜਾਈ ਦੇ ਘੇਰੇ ਵਿੱਚ ਤਰਤੀਬਵਾਰ ਅੱਠ, ਬਾਹਰਾਂ ਤੇ ਬਵੰਜਾ ਨਿਸਚਿਤ ਗੋਤਾਂ ਸ਼ਾਮਲ ਹਨ, ਜਿਨ੍ਹਾਂ ਤੋਂ ਬਾਹਰ ਉਹ ਰਿਸ਼ਤੇ ਨਹੀਂ ਕਰਦੇ। ਖੱਤਰੀ ਅਰੋੜਿਆਂ ਦੇ ਘਰੋਂ ਕੰਨਿਆਂ ਤਾਂ ਲੈ ਲੈਂਦੇ ਹਨ, ਪਰ ਦੇਂਦੇ ਨਹੀਂ। ਜੱਟਾਂ ਵਿੱਚ ਵੀ ਰਿਸ਼ਤਾ ਤੈਅ ਕਰਨ ਲਗਿਆਂ, ਗੋਤਾਂ ਵੱਲ ਉਚੇਚਾ ਧਿਆਨ ਦਿਤਾ ਜਾਂਦਾ ਹੈ। ਕੁਝ ਬਰਾਦਰੀਆਂ ਵਿੱਚ ਮਾਂ ਪਿਉ ਦੀਆਂ ਦੋ ਗੋਤਾਂ ਵਿੱਚ ਵਿਆਹ ਵਰਜਿਤ ਹਨ ਤੇ ਕੁਝ ਵਿੱਚ ਮਾਂ ਪਿਉ ਤੋਂ ਇਲਾਵਾ ਨਾਨੀ, ਦਾਦੀ ਦੀਆਂ ਗੋਤਾਂ ਅਥਵਾ ਚਾਰ ਗੋਤਾਂ ਵਿੱਚ ਨਹੀਂ ਕੀਤੇ ਜਾਂਦੇ। ਰਾਜਪੂਤ ਬਰਾਦਰੀ ਕਈ ਵੰਸ਼ਾਂ, ਖਾਂਪਾਂ, ਨਖਾਂ ਤੇ ਗੋਤਾਂ ਵਿੱਚ ਵੰਡੀ ਹੋਈ ਹੈ ਤੇ ਇਨਾਂ ਵਿੱਚ ਪਿਉ ਦੀ ਗੋਤ ਛੱਡ ਕੇ ਬਾਕੀ ਸਭਨਾਂ ਵਿੱਚ ਰਿਸ਼ਤਾ ਕਰ ਲਿਆ ਜਾਂਦਾ ਹੈ। ਅਖੌਤੀ ਨੀਵੀਆਂ ਜਾਤੀਆਂ ਵਿੱਚ ਕੋਈ ਖ਼ਾਸ ਬੰਦਸ਼ ਨਹੀਂ, ਜਿਥੋਂ ਵੀ ਰਿਸ਼ਤਾ ਮਿਲ ਜਾਵੇ, ਕਰ ਲਿਆ ਜਾਂਦਾ ਹੈ।

ਰਿਸ਼ਤੇ ਨਾਤੇ ਕਰਨ ਲਗਿਆਂ, ਭੂਗੋਲਿਕ ਖੇਤਰ ਨੂੰ ਵੀ ਧਿਆਨ ਵਿੱਚ ਰਖਿਆ ਜਾਂਦਾ ਹੈ। ਆਪਣੇ ਪਿੰਡ ਵਿੱਚ ਹੀ, ਮੁੰਡੇ ਕੁੜੀ ਦਾ ਵਿਆਹ ਕਰਨ ਦੀ ਪ੍ਰਥਾ ਨਹੀਂ। ਪਿੰਡ ਦੀ ਧੀ ਸਾਂਝੀ ਧੀ ਧਿਆਣੀ ਹੁੰਦੀ ਹੈ ਤੇ ਉਸ ਨਾਲ ਵਿਆਹ ਕਰਨਾ ਲੋਕਾਚਾਰ ਦੇ ਵਿਰੁਧ ਰਿਹਾ ਹੈ। ਪਰ ਰਿਸ਼ਤੇ ਨੇੜੇ ਦੇ ਪਿੰਡਾਂ ਵਿੱਚ ਹੀ ਕੀਤੇ ਜਾਂਦੇ ਹਨ। ਜੇ ਦੂਰ ਵੀ ਕਰਨੇ ਪੈ ਜਾਣ, ਤਾਂ ਇਲਾਕੇ ਤੋਂ ਬਾਹਰ ਨਹੀਂ ਜਾਂਦੇ, ਜਿਵੇਂ ਦੁਆਬੀਏ, ਦੁਆਬੇ ਦੇ ਖੇਤਰ ਤੋਂ ਬਾਹਰ ਮਾਲਵੇ ਜਾਂ ਮਾਝੇ ਵਿੱਚ ਵਿਆਹ ਨਹੀਂ ਕਰਦੇ।

ਜਦੋਂ ਦੋਵੇਂ ਧਿਰਾਂ ਆਪਸ ਵਿੱਚ ਨਾਤੇ ਲਈ ਰਜ਼ਾਮੰਦ ਹੋ ਜਾਂਦੀਆਂ ਹਨ, ਤਾਂ ਖੱਤਰੀਆਂ ਤੇ ਅਰੋੜਿਆਂ ਵਿੱਚ ਸਭ ਤੋਂ ਪਹਿਲਾਂ 'ਠਾਕੇ' ਦੀ ਰੀਤ ਕੀਤੀ ਜਾਂਦੀ ਹੈ ਅਤੇ ਜੱਟਾਂ ਰਾਜਪੂਤਾਂ ਵਿੱਚ 'ਮੰਗਣੇ' ਦੀ ਰੀਤ। 'ਠਾਕੇ' ਨੂੰ 'ਦੁੱਧ ਪਿਲਾਉਣਾ' ਵੀ ਕਿਹਾ ਜਾਂਦਾ ਹੈ। ਇਹ ਰੀਤ ਕੁੜੀ ਵਾਲਿਆਂ ਦੇ ਘਰ ਕੀਤੀ ਜਾਂਦੀ ਹੈ। ਮੁੰਡੇ ਦੇ ਨਜ਼ਦੀਕੀ ਰਿਸ਼ਤੇਦਾਰ ਨਿਸਚਤ ਦਿਨ ਕੁੜੀ ਵਾਲਿਆਂ ਦੇ ਘਰ ਜਾਂਦੇ ਹਨ, ਤਾਂ ਕੁੜੀ ਦੀ ਮਾਂ ਮੁੰਡੇ ਤੇ ਉਸ ਦੇ ਸਾਕ-ਸਬੰਧੀਆਂ ਨੂੰ ਬਦਾਮਾਂ ਤੇ ਛੁਹਾਰਿਆਂ ਵਾਲਾ ਦੁੱਧ ਪੀਣ ਲਈ ਦੇਂਦੀ ਹੈ। ਇਸੇ ਮੌਕੇ 'ਤੇ ਕੁੜੀ ਵਾਲੇ ਸ਼ਗਨ ਵਜੋਂ ਮਠਿਆਈ ਦੇ ਕੁਝ ਥਾਲ ਤੇ ਨਕਦ ਰੁਪਏ ਲੜਕੇ ਅਤੇ ਉਸ ਦੇ ਰਿਸ਼ਤੇਦਾਰਾਂ ਨੂੰ ਦੇਂਦੇ ਹਨ। ਲੜਕੇ ਵਾਲੇ ਉਸੇ ਦਿਨ ਜਾਂ ਕਿਸੇ ਹੋਰ ਦਿਨ ਆ ਕੇ ਲੜਕੀ ਨੂੰ 'ਤ੍ਰੇਵਰ', 'ਮੁੰਦਰੀ', 'ਮੌਲੀ' ਅਤੇ 'ਮਹਿੰਦੀ', ਖੰਡ ਚਾਵਲ ਤੇ ਛੁਹਾਰੇ ਆਦਿ ਭੇਟ ਕਰਦੇ ਹਨ। ਉਸ ਨੂੰ 'ਚੁੰਨੀ ਚਾੜ੍ਹਨਾ' ਕਹਿੰਦੇ ਹਨ।

ਅਗਲੀ ਰਸਮ ਕੁੜਮਾਈ ਦੀ ਹੁੰਦੀ ਹੈ। ਕਿਸੇ ਨਿਸਚਿਤ ਤਿੱਥ ਨੂੰ ਕੰਨਿਆਂ ਦੀ ਧਿਰ ਦੇ, ਆਪਣੇ ਕੁਝ ਸਕੇ ਰਿਸ਼ਤੇਦਾਰਾਂ ਨਾਲ, ਲੜਕੇ ਦੇ ਘਰ ਜਾਂਦੇ ਹਨ ਅਤੇ ਉਥੇ ਬਰਾਦਰੀ ਸਾਹਮਣੇ ਲੜਕੇ ਦੇ ਮੱਥੇ ਉਤੇ ਕੇਸਰ ਤੇ ਚਾਵਲਾਂ ਦਾ ਟਿੱਕਾ, ਲਗਾਇਆ ਜਾਂਦਾ ਹੈ। ਮੁੰਡੇ ਦੇ ਮੂੰਹ ਛੁਹਾਰਾ ਜਾਂ ਕੋਈ ਹੋਰ ਮਿੱਠੀ ਚੀਜ਼ ਲਗਾਈ ਜਾਂਦੀ ਹੈ। ਇਸ ਮੌਕੇ 'ਤੇ ਕੁੜੀ ਵਾਲੇ ਸ਼ਗਨ ਵਜੋਂ ਫਲ ਮਠਿਆਈ ਤੇ ਕੁਝ ਨਕਦੀ ਭੇਟਾ ਕਰਦੇ ਹਨ। ਇਸ ਮੌਕੇ ਉਤੇ, ਹਿੰਦੂ, ਕੁਲ-ਪ੍ਰੋਹਤ ਨੂੰ ਸੱਦ ਲੈਂਦੇ ਹਨ। ਪ੍ਰੋਹਤ ਚੌਕ ਪੂਰ ਕੇ ਲੜਕੇ ਨੂੰ ਸਾਹਮਣੇ ਬਿਠਾ ਕੇ, ਮੰਤਰਾਂ ਦਾ ਉੱਚਾਰਨ ਕਰਦਾ ਹੈ ਤੇ ਫਿਰ ਲੜਕੇ ਨੂੰ ਤਿਲਕ ਲਗਾਇਆ ਜਾਂਦਾ ਹੈ। ਸਿੱਖ ਗੁਰਦਵਾਰੇ ਦੇ ਭਾਈ ਨੂੰ ਬੁਲਾ ਲੈਂਦੇ ਹਨ, ਜੋ ਜਪੁਜੀ ਸਾਹਿਬ ਦੀਆਂ ਪੰਜ ਪਉੜੀਆਂ ਦਾ ਪਾਠ ਕਰਦਾ ਹੈ ਤੇ ਫਿਰ ਕੇਸਰ ਘੋਲ ਕੇ ਮੁੰਡੇ ਦੇ ਮੱਥੇ 'ਤੇ ਟਿੱਕਾ ਲਗਾਇਆ ਜਾਂਦਾ ਹੈ। ਸ਼ਗਨ ਵੇਲੇ ਕੰਨਿਆਂ ਪੱਖ ਵਾਲੇ ਥੋੜਾ ਜਿਹਾ ਕੇਸਰ, ਪਾਣੀ ਵਿਚ ਘੋਲ ਕੇ ਵਰ ਦੀ ਧਿਰ ਦੇ ਮੇਲੀਆਂ ਦੇ ਕਪੜਿਆਂ ਉਤੇ ਤਰੌਂਕਦੇ ਹਨ। ਕਈ ਲੋਕਾਂ ਵਿੱਚ ਕੁੜਮਾਈ ਦੀ ਰਸਮ ਕੁੜੀ ਦੇ ਘਰ ਕੀਤੀ ਜਾਂਦੀ ਹੈ ਤੇ ਮੁੰਡੇ ਵਾਲੇ ਆਪਣੇ ਕੁਝ ਨਜ਼ਦੀਕੀ ਸਾਕ-ਸਬੰਧੀਆਂ ਨਾਲ ਕੰਨਿਆਂ ਪੱਖ ਵਾਲਿਆਂ ਦੇ ਘਰ ਜਾਂਦੇ ਹਨ,ਬਾਕੀ ਰਸਮ ਉਸੇ ਤਰ੍ਹਾਂ ਹੀ ਹੈ।

ਜੱਟਾਂ ਵਿਚ ਮੰਗਣੇ ਦੀ ਰਸਮ ਬੜੀ ਸਿੱਧੀ ਸਾਦੀ ਹੈ। ਕੰਨਿਆਂ ਪੱਖ ਵਾਲੇ ਕੇਸਰ, ਖੋਪਾ, ਪੰਜ ਛੁਹਾਰੇ, ਮਿਸ਼ਰੀ ਦੇ ਕੁੱਜੇ, ਗੁੜ ਤੇ ਨਕਦ ਰੁਪਿਆ ਨਾਈ ਦੇ ਹੱਥ, ਮੁੰਡੇ ਦੇ ਘਰ ਭੇਜਦੇ ਹਨ। ਨਾਈ ਦੇ ਪਹੁੰਚਣ ਉਤੇ, ਮੁੰਡੇ ਦਾ ਪਿਉ ਸਾਰੀ ਬਰਾਦਰੀ ਨੂੰ ਸੱਦਾ ਭੇਜਦਾ ਹੈ ਅਤੇ ਭਾਈਚਾਰੇ ਤੇ ਪੰਚਾਇਤ ਦੀ ਹਜ਼ੂਰੀ ਵਿਚ, ਮੁੰਡੇ ਨੂੰ ਚੌਕੀ ਉਤੇ ਬਿਠਾ ਕੇ, ਸ਼ਗਨ ਵਿਚ ਆਈਆਂ ਸਭ ਚੀਜ਼ਾਂ, ਉਸ ਦੀ ਝੋਲੀ ਵਿਚ ਪਾ ਦਿਤੀਆਂ ਜਾਂਦੀਆਂ ਹਨ। ਇਸ ਪਿਛੋਂ ਉਸ ਦੇ ਮੱਥੇ 'ਤੇ ਕੇਸਰ ਦਾ ਤਿਲਕ ਲਗਾ ਦਿਤਾ ਜਾਂਦਾ ਹੈ। ਸ਼ਗਨ ਵਜੋਂ ਮੁੰਡੇ ਦੇ ਮੂੰਹ ਮਿਸ਼ਰੀ ਜਾਂ ਛੁਹਾਰਾ ਲਗਾਇਆ ਜਾਂਦਾ ਹੈ। ਮੁੰਡੇ ਵਾਲੇ, ਉਸੇ ਨਾਈ ਦੇ ਹੱਥ, ਕੰਨਿਆਂ ਲਈ ਖੰਡ, ਚਾਵਲ, ਮਹਿੰਦੀ, ਛੁਹਾਰੇ, ਮੌਲੀ ਤੇ ਪਰਾਂਦੀ ਤੋਂ ਇਲਾਵਾ ਕੁਝ ਰੁਪਏ ਤੇ ਇਕ ਅੱਧ ਗਹਿਣਾ ਭੇਜਦੇ ਹਨ। ਕੁੜੀ ਦਾ ਪਿਉ, ਕਿਸੇ ਸ਼ੁਭ ਦਿਹਾੜੇ ਪਿੰਡ ਦੀ ਨੈਣ ਨੂੰ ਸੱਦ ਕੇ 'ਮੰਗਣੇ ਦੀ ਰਸਮ' ਕਰਦਾ ਹੈ। ਕੰਨਿਆਂ ਨੂੰ ਇਸ਼ਨਾਨ ਕਰਵਾ ਕੇ, ਮੁੰਡੇ ਦੇ ਘਰੋਂ ਆਏ ਕਪੜੇ ਤੇ ਗਹਿਣੇ ਪਹਿਨਾ ਦਿਤੇ ਜਾਂਦੇ ਹਨ। ਫਿਰ ਉਸ ਦੇ ਹੱਥਾਂ ਵਿਚ ਮਹਿੰਦੀ ਰਚਾ ਕੇ, ਚੜ੍ਹਦੇ ਵਲ ਮੂੰਹ ਕਰਵਾ ਕੇ ਪੀੜ੍ਹੇ ਉਤੇ ਬਿਠਾ ਦਿਤਾ ਜਾਂਦਾ ਹੈ। ਨੈਣ ਸ਼ਗਨ ਦੀਆਂ ਚੀਜ਼ਾਂ ਕੰਨਿਆਂ ਦੀ ਝੋਲੀ ਵਿਚ ਪਾਉਂਦੀ ਹੈ ਤੇ ਉਸਦੇ ਮੂੰਹ ਖੰਡ ਤੇ ਛੁਹਾਰੇ ਲਗਾਂਦੀ ਹੈ। ਇਸ ਤਰ੍ਹਾਂ ਮੰਗਣੇ ਦੀ ਰਸਮ ਦੋਹਾਂ ਧਿਰਾਂ ਵਲੋਂ ਪੂਰੀ ਹੁੰਦੀ ਹੈ।

ਸ਼ਗਨ ਤੋਂ ਪਿਛੋਂ ਵਿਆਹ ਦੀ ਤਿੱਥ ਮਿੱਥੀ ਜਾਂਦੀ ਹੈ। ਸਨਾਤਨੀ ਵਿਚਾਰਾਂ ਦੇ ਲੋਕ, ਪਾਂਧੇ ਤੋਂ ਪੱਤਰੀ ਖੁਲ੍ਹਾ ਕੇ ਕਿਸੇ ਸ਼ੁਭ ਮਹੀਨੇ ਦੀ ਸ਼ੁਭ ਤਿੱਥ ਨੀਅਤ ਕਰਦੇ ਹਨ, ਇਸ ਨੂੰ 'ਸਾਹਾ ਕਢਵਾਣਾ' ਕਹਿੰਦੇ ਹਨ।

ਅੱਜ ਕਲ੍ਹ ਤਿੱਥ ਘੜੀ ਦਾ ਕੋਈ ਵਿਚਾਰ ਨਹੀਂ। ਦੋਹਾਂ ਧਿਰਾਂ ਦੀ ਸਹੂਲਤ ਨੂੰ ਧਿਆਨ ਵਿਚ ਰਖ ਕੇ, ਕੋਈ ਦਿਨ ਮੁਕਰਰ ਕਰ ਲਿਆ ਜਾਂਦਾ ਹੈ। ਕੱਤਕ ਤੇ ਪੋਹ ਦੇ ਮਹੀਨੇ ਲਗਨ ਨਹੀਂ ਕੀਤਾ ਜਾਂਦਾ। ਸਰਾਧ ਤੇ ਅਮਾਵਸ ਦੀਆਂ ਤਿੱਥਾਂ ਵੀ ਲਗਨ ਲਈ ਸ਼ੁਭ ਨਹੀਂ ਸਮਝੀਆਂ ਜਾਂਦੀਆਂ। ਸੰਗਰਾਂਦ, ਪੂਰਨਮਾਸ਼ੀ ਤੇ ਇਕਾਦਸ਼ੀ ਦੀ ਤਿੱਥ ਲਗਨ ਲਈ ਬਹੁਤ ਚੰਗੀ ਸਮਝੀ ਜਾਂਦੀ ਹੈ।

ਸਾਹਾ ਕਢਵਾਣ ਪਿਛੋਂ, ਕੰਨਿਆਂ ਦਾ ਪਿਉ, ਮੁੰਡੇ ਵਾਲਿਆਂ ਨੂੰ ਇਕ ਰਸਮੀ ਚਿੱਠੀ, ਜਿਸ ਨੂੰ 'ਸਾਹਾ ਚਿੱਠੀ' ਆਖਦੇ ਹਨ, ਦੁਆਰਾ ਸ਼ੁਭ ਤਿੱਥ ਤੇ ਘੜੀ ਦੀ ਸੂਚਨਾ ਦੇਂਦਾ ਹੈ। ਇਹ ਚਿੱਠੀ ਪਾਂਧੇ ਤੋਂ ਕੇਸਰ ਦੀ ਸਿਆਹੀ ਨਾਲ ਲਿਖਵਾਈ ਜਾਂਦੀ ਹੈ। ਕਈ ਵਾਰ ਚਿੱਠੀ ਨੂੰ ਸਾਧਾਰਨ ਸਿਆਹੀ ਨਾਲ ਲਿਖ ਕੇ, ਉਪਰ ਕੇਸਰ ਦਾ ਛੱਟਾ ਤਰੌਂਕ ਦਿਤਾ ਜਾਂਦਾ ਹੈ। ਜਦੋਂ ਲਾਗੀ ਇਹ ਚਿੱਠੀ ਮੁੰਡੇ ਦੇ ਪਿਉ ਨੂੰ ਦੇਂਦਾ ਹੈ ਤਾਂ ਉਹ ਭਾਈਚਾਰੇ ਨੂੰ ਸੱਦ ਕੇ, ਰਸਮੀ ਢੰਗ ਨਾਲ ਚਿੱਠੀ ਪੜ੍ਹਾਉਂਦਾ ਤੇ ਵਧਾਈਆਂ ਲੈਂਦਾ ਹੈ। ਇਸ ਮੌਕੇ ਤੇ ਲਾਗੀ ਨੂੰ ਲਾਗ ਦਿਤੀ ਜਾਂਦੀ ਹੈ। ਭਾਈਚਾਰੇ ਦਾ ਮੂੰਹ ਮਿੱਠਾ ਕੀਤਾ ਜਾਂਦਾ ਹੈ।

ਫਿਰ ਸਕੇ ਸਬੰਧੀਆਂ ਨੂੰ ਵਿਆਹ ਵਿਚ ਸ਼ਾਮਲ ਹੋਣ ਲਈ ਸੱਦਾ ਭੇਜਿਆ ਜਾਂਦਾ ਹੈ, ਜਿਸ ਨੂੰ 'ਗੰਢ ਫੇਰਨਾ' ਆਖਦੇ ਹਨ। ਇਸ ਰਸਮ ਵੇਲੇ ਭਾਈਚਾਰੇ ਵਿਚ ਗੁੜ ਜਾਂ ਖੰਡ ਦੀ ਭਾਜੀ ਵੰਡੀ ਜਾਂਦੀ ਹੈ। ਪਹਿਲਿਆਂ ਵਿਚ, ਜਦੋਂ ਲੋਕ ਅੱਖਰ ਵਿਦਿਆ ਤੋਂ ਅਣਜਾਣ ਹੁੰਦੇ ਸਨ ਤਾਂ ਮੌਲੀ ਦੇ ਧਾਗੇ ਨੂੰ ਖ਼ਾਸ ਤਰ੍ਹਾਂ ਦੀਆਂ ਸੱਤ ਗੰਢਾਂ ਮਾਰ ਕੇ, ਲਾਗੀ ਹੱਥ ਭੇਜਿਆ ਜਾਂਦਾ ਸੀ। ਇਹੋ ਮੌਲੀ ਲਗਨ ਦੀ ਪ੍ਰਤੀਕ ਬਣ ਗਈ। ਜਿਸ ਤੋਂ ਇਸ ਰਸਮ ਦਾ ਨਾਂ ਵੀ 'ਗੰਢ ਫੇਰਨਾ' ਪੈ ਗਿਆ। ਇਹ ਰੀਤ ਦੋਹਾਂ ਧਿਰਾਂ ਵਲੋਂ ਕੀਤੀ ਜਾਂਦੀ ਹੈ। ਇਸ ਰੀਤ ਪਿਛੋਂ ਵਿਆਹ ਦੀਆਂ ਤਿਆਰੀਆਂ ਆਰੰਭ ਦਿਤੀਆਂ ਜਾਂਦੀਆਂ ਹਨ।

ਵਿਆਹ ਦੀਆਂ ਰੀਤਾਂ ਵਿਚ 'ਸੱਤਾਂ ਸੁਹਾਗਣਾਂ' ਦਾ ਖ਼ਾਸ ਮਹੱਤਵ ਹੈ। ਵਿਆਹ ਦੇ ਦਿਨੀਂ ਆਟਾ ਤੇ ਮੈਦਾ ਪੀਹਣ, ਦਾਲ ਦਲਣ ਤੇ ਵੜੀਆਂ ਟੁੱਕਣ, ਤੇ ਹੋਰ ਨਿੱਕੇ-ਵਡੇ ਕੰਮ, ਸੱਤ ਸੁਹਾਗਣਾਂ ਰਲ ਕੇ ਕਰਦੀਆਂ ਹਨ। ਜਦੋਂ ਤਕ ਸੱਤ ਸੁਹਾਗਣਾਂ ਇਕੱਠੀਆਂ ਨਾ ਹੋਣ, ਕੋਈ ਵੀ ਕੰਮ ਨਹੀਂ ਛੋਹਿਆ ਜਾਂਦਾ। ਇਹ ਸੱਤ ਸੁਹਾਗਣਾਂ ਰਿਸ਼ਤੇਦਾਰਾਂ ਤੇ ਗਲੀ-ਗੁਆਂਢ ਵਿਚੋਂ ਚੁਣੀਆਂ ਜਾਂਦੀਆਂ ਹਨ। ਸਭ ਤੋਂ ਪਹਿਲੀ ਰੀਤ 'ਚੱਕੀਆਂ ਲਾਉਣ' ਦੀ ਹੈ। ਸੱਤ ਵਸਦੇ ਰਸਦੇ ਘਰਾਂ ਵਿਚੋਂ ਚੱਕੀਆਂ ਮੰਗਵਾ ਕੇ, ਕਿਸੇ ਇਕ ਕਮਰੇ ਵਿਚ, ਲਿੰਬ ਪੋਚ ਕੇ ਲਗਾ ਦਿਤੀਆਂ ਜਾਂਦੀਆਂ ਹਨ। ਫਿਰ ਸੱਤ ਸੁਹਾਗਣਾਂ ਇਕੱਠੀਆਂ ਹੀ ਸੱਤ ਮੁੱਠਾਂ ਅੰਨ, ਸੱਤਾਂ ਗਾਲਿਆਂ ਵਿਚ ਪੀਂਹਦੀਆਂ ਹਨ। ਪਹਿਲਾਂ ਮਾਂਹ ਦੀ ਦਾਲ ਦਲੀ ਜਾਂਦੀ ਹੈ ਤੇ ਫਿਰ ਵੜੀਆਂ ਟੁੱਕੀਆਂ ਜਾਂਦੀਆਂ ਹਨ। ਪਹਿਲੀ ਵੜੀ ਵਿਚ ਦੱਬ ਕੇ ਪਵਿਤ੍ਰ ਘਾਹ ਦੀਆਂ ਪੱਤੀਆਂ ਤੇ ਮੌਲੀ ਦਾ ਧਾਗਾ, ਸ਼ਗਨ ਵਜੋਂ, ਲਗਾ ਦਿਤਾ ਜਾਂਦਾ ਹੈ। ਇਸ ਮੌਕੇ ਤੇ ਉਬਲੀ ਹੋਈ ਕਣਕ ਵਿੱਚ ਸ਼ਕਰ ਰਲਾ ਕੇ ਵੰਡੀ ਜਾਂਦੀ ਹੈ, ਜਿਸ ਨੂੰ 'ਘੁੰਗਣੀਆਂ' ਕਹਿੰਦੇ ਹਨ। ਕੇਂਦਰੀ ਪੰਜਾਬ ਵਿੱਚ ਇਸ ਰਸਮ ਨੂੰ 'ਬਕਲੀਆਂ ਵੰਡਣਾ' ਕਹਿੰਦੇ ਹਨ। ਇਹ ਰਸਮ ਵਿਆਹ ਤੋਂ ਸੱਤ ਜਾਂ ਗਿਆਰਾਂ ਦਿਨ ਪਹਿਲਾਂ ਕੀਤੀ ਜਾਂਦੀ ਹੈ ਤੇ ਇਸ ਸ਼ੁਭ ਅਵਸਰ ਤੇ ਤੀਵੀਆਂ ਰਲ ਕੇ ਗੀਤ ਵੀ ਗਾਉਂਦੀਆਂ ਹਨ :

ਸੱਤ ਸੁਹਾਗਣਾਂ ਸੱਤ ਗਾਲੇ
ਚੱਕੀ ਹੱਥ ਲੁਆ।

ਕੋਈ ਹੋਰ ਤੀਵੀਂ ਅਗਲੀ ਸੱਤਰ ਛੁਹ ਦੇਂਦੀ ਹੈ :

ਕਿਥੋਂ ਲਿਆਂਦੀ ਚੱਕੀ ਨੀ ਰਾਣੀਏ
ਕਿਥੋਂ ਲਿਆਂਦਾ ਹੱਥਾ।
ਧੁਰ ਲਾਹੌਰੋਂ ਚੱਕੀ ਲਿਆਂਦੀ
ਪਟਿਆਲਿਉਂ ਲਿਆਂਦਾ ਹੱਥਾ।

ਇਸੇ ਦਿਨ ਤੋਂ ਵਰ ਤੇ ਕੰਨਿਆਂ ਨੂੰ, ਆਪਣੇ ਘਰ ਤੋਂ ਬਾਹਰ ਪੈਰ ਨਹੀਂ ਕੱਢਣ ਦਿੱਤਾ ਜਾਂਦਾ। ਘਰ ਵਿਚ ਵੀ ਉਸ ਨੂੰ ਇਕੱਲਾ ਨਹੀਂ ਛਡਿਆ ਜਾਂਦਾ। ਵਰ ਨਾਲ ਉਸ ਦਾ ਕੋਈ ਜਿਗਰੀ ਦੋਸਤ, ਜਿਸ ਨੂੰ 'ਸਬਾਲਾ' ਕਹਿੰਦੇ ਹਨ, ਤੇ ਕੰਨਿਆਂ ਨਾਲ ਉਸ ਦੀ ਕੋਈ ਸਹੇਲੀ, ਜਿਸ ਨੂੰ 'ਸਬਾਲੀ' ਕਹਿੰਦੇ ਹਨ, ਹਰ ਵੇਲੇ ਪਰਛਾਵੇਂ ਵਾਂਗ ਨਾਲ ਰਹਿੰਦੇ ਹਨ। ਇਸ ਰੀਤ ਨੂੰ 'ਮਾਈਏਂ ਪੈਣਾ' ਕਿਹਾ ਜਾਂਦਾ ਹੈ। ਇਸ ਰੀਤ ਵੇਲੇ ਵਰ ਨੂੰ ਚੌਕੀ ਉਤੇ ਬਿਠਾਇਆ ਜਾਂਦਾ ਹੈ। ਚਾਰ ਕੁੜੀਆਂ, ਕਿਸੇ ਪੀਲੀ ਚਾਦਰ ਦੀਆਂ ਚਾਰ ਕੰਨੀਆਂ ਫੜ ਕੇ, ਚੌਕੀ ਉਤੇ, ਚੰਦੋਏ ਵਾਂਗ ਤਾਣ ਕੇ, ਖਲੋ ਜਾਂਦੀਆਂ ਹਨ। ਕੇਂਦਰੀ ਪੰਜਾਬ ਵਿਚ ਇਸ ਮੌਕੇ ਉਤੇ ਵੱਟਣਾ ਮਲਿਆ ਜਾਂਦਾ ਹੈ, ਪਰ ਪੱਛਮੀ ਪੰਜਾਬ ਵਿਚ ਮੁੰਡੇ ਦੀ ਸੱਜੀ ਤੇ ਕੁੜੀ ਦੀ ਖੱਬੀ ਬਾਂਹ ਉਤੇ ਕੰਗਣਾ ਜਾਂ ਗਾਨਾ ਬੰਨ੍ਹਦੇ ਹਨ। ਮੌਲੀ ਦੇ ਧਾਗੇ ਨਾਲ ਕੌਡੀ, ਲੋਹੇ ਦਾ ਕੜਾ ਜਾਂ ਛੱਲਾ ਤੇ ਇਕ ਪੋਟਲੀ, ਜਿਸ ਵਿਚ ਚਾਵਲਾਂ ਦੇ ਕੁਝ ਦਾਣੇ ਤੇ ਖੰਡ ਸ਼ੱਕਰ ਹੁੰਦੀ ਹੈ, ਵੀਣੀ ਉਤੇ ਬੰਨ੍ਹੀ ਹੁੰਦੀ ਹੈ, ਇਸੇ ਨੂੰ 'ਕੰਗਣਾ' ਕਹਿੰਦੇ ਹਨ। ਇਹ ਇਕ ਤਰ੍ਹਾਂ ਦਾ ਜੰਤਰ ਹੈ, ਜੋ ਵਿਆਹ ਦੇ ਦਿਨਾਂ ਵਿੱਚ, ਵਰ/ਕੰਨਿਆਂ ਦੀ ਪ੍ਰੇਤ ਰੂਹਾਂ ਅਤੇ ਚੰਦਰੀ ਨਜ਼ਰ ਤੋਂ ਰਖਿਆ ਕਰਦਾ ਹੈ। ਇਹ ਰੀਤ ਦੋਹਾਂ ਘਰਾਂ ਵਿਚ ਕੀਤੀ ਜਾਂਦੀ ਹੈ।

ਲਗਨ ਤੋਂ ਇਕ ਦਿਨ ਪਹਿਲਾਂ, ਜਾਂ ਉਸੇ ਦਿਨ ਵੱਟਣਾ ਮਲਣ ਦੀ ਰੀਤ ਕੀਤੀ ਜਾਂਦੀ ਹੈ। ਵਰ ਨੂੰ ਇਕ ਚੌਕੀ ਉਤੇ ਬਿਠਾ ਦਿਤਾ ਜਾਂਦਾ ਹੈ ਅਤੇ ਚਾਰ ਕੁੜੀਆਂ ਪੀਲੀ ਜਾਂ ਸੂਹੀ ਚਾਦਰ ਦੀਆਂ ਚਾਰੇ ਕੰਨੀਆਂ ਚੰਦੋਆ ਵਾਂਗ ਤਾਣ ਕੇ ਖਲੋ ਜਾਂਦੀਆਂ ਹਨ। ਵੱਟਣਾ ਜੌਂ ਦੇ ਆਟੇ ਵਿੱਚ ਹਲਦੀ ਤੇ ਸਰਹੋਂ ਦਾ ਤੇਲ ਆਦਿ ਮਿਲਾ ਕੇ ਬਣਾਇਆ ਜਾਂਦਾ ਹੈ। ਵਰ ਇਸ਼ਨਾਨ ਕਰ ਕੇ ਚੌਕੀ ਤੋਂ ਉਤਰਨ ਲਗਿਆਂ ਸੱਤ ਠੂਠੀਆਂ ਨੂੰ, ਜੋ ਪਹਿਲਾਂ ਹੀ ਇਸੇ ਮੰਤਵ ਲਈ ਚੌਕੀ ਕੋਲ ਧਰੀਆਂ ਹੁੰਦੀਆਂ ਹਨ, ਪੈਰ ਮਾਰ ਕੇ ਭੰਨਦਾ ਹੈ। ਇਨ੍ਹਾਂ ਠੂਠੀਆਂ ਦਾ ਭੰਨਣਾ ਸ਼ੁਭ ਗਿਣਿਆ ਜਾਂਦਾ ਹੈ। ਇਸ ਦਾ ਭਾਵ ਪਿਛਲੇ ਜੀਵਨ ਨਾਲੋਂ ਨਾਤਾ ਤੋੜਨਾ ਤੇ ਗ੍ਰਿਹਸਤ ਜੀਵਨ ਨਾਲ ਜੋੜਨਾ ਹੈ। ਪਿਛੋਂ ਵਰ ਨੂੰ ਨਾਨਕੇ ਕਪੜੇ ਪਹਿਨਾਏ ਜਾਂਦੇ ਹਨ। ਪੱਛਮੀ ਪੰਜਾਬ ਵਿਚ ਵੱਟਣਾ ਕੇਵਲ ਇਕੋ ਦਿਨ ਮਲਿਆ ਜਾਂਦਾ ਹੈ। ਪਰ ਕੇਂਦਰੀ ਪੰਜਾਬ ਵਿੱਚ 'ਮਾਈਏਂ' ਵਾਲੇ ਦਿਨ ਤੋਂ ਸ਼ੁਰੂ ਕਰ ਕੇ ਵਿਆਹ ਦੇ ਦਿਨ ਤਕ, ਹਰ ਰੋਜ਼ ਵੱਟਣਾ ਮਲਦੇ ਹਨ। ਇਹ ਰੀਤ ਦੋਹਾਂ ਘਰਾਂ ਵਿਚ ਕੀਤੀ ਜਾਂਦੀ ਹੈ। ਵੱਟਣੇ ਸਮੇਂ ਤੀਵੀਆਂ ਵੱਟਣੇ ਦੇ ਗੀਤ ਗਾਉਂਦੀਆਂ ਹਨ ;

ਵੱਟਣਾ ਮੈਂ ਨਹੀਂ ਮਲਣਾ, ਸ਼ਾਵਾ !
ਕਿਉਂ ਕੁੜੀਏ, ਤੂੰ ਕਿਉਂ ਨਹੀਂ ਮਲਦੀ, ਸ਼ਾਵਾ !
ਦਾਦੇ ਦੀ ਸਹੁੰ, ਬਾਬੇ ਦੀ ਸਹੁੰ,
ਤੇਰੀ ਸਹੁੰ ਨਾ ਮਲਦੀ, ਸ਼ਾਵਾ !
ਲੋਕਾਂ ਦੀ ਬਦਨਾਮੀ ਕੋਲੋਂ
ਅੰਦਰੋ ਅੰਦਰੀ ਡਰਦੀ, ਸ਼ਾਵਾ !
ਵੱਟਣਾ ਮੈਂ ਨਾ ਮਲਦੀ ।

ਇਕ ਵੱਟਣਾ, ਦੂਜਾ ਜਵਾਂ ਦਾ ਆਟਾ,
ਪੀਠਾ ਚੱਕੀ ਭਲੇਰੀ, ਸ਼ਾਵਾ !
ਜਾਂ ਵੱਟਣੇ ਦਾ ਵੇਲਾ ਹੋਇਆ,
ਝੁਲ ਪਈ ਹਨੇਰੀ, ਸ਼ਾਵਾ !
ਵੱਟਣਾ ਮੈਂ ਨਾ ਮਲਦੀ ।

ਬਾਬਲਾ ਵਰ ਕਿਹਾ ਦਿਤਾ ਈ,
ਲੰਮਾ ਲੰਮ ਸਲੰਮਾ, ਸ਼ਾਵਾ !
ਇਕੀ ਮੰਜੀ ਤੇ ਸਿਰ ਰਖਦਾ,
ਦੂਜੀ ਮੰਜੀ ਤੇ ਟੰਗਾਂ, ਸ਼ਾਵਾ !
ਵੱਟਣਾ ਮੈਂ ਨਾ ਮਲਦੀ ।

ਬਾਬਲਾ ਵਰ ਕਿਹਾ ਦਿਤਾ ਈ,
ਮੱਧਰਾ ਮੈਂ ਨਾ ਭਾਵੇ, ਸ਼ਾਵਾ !
ਚੜ੍ਹ ਕੋਠੇ ਤੇ ਦੇਖਣ ਲਗੇ,
ਗੀਟਾ ਰਿੜ੍ਹਦਾ ਆਵੇ, ਸ਼ਾਵਾ !
ਵੱਟਣਾ ਮੈਂ ਨਾ ਮਲਦੀ ।

ਬਾਬਲਾ ਵਰ ਕਿਹਾ ਦਿਤਾ ਈ,
ਕਾਲਾ ਮੈਂ ਨਾ ਭਾਵੇ, ਸ਼ਾਵਾ !
ਚੜ੍ਹ ਕੋਠੇ ਤੇ ਵੇਖਣ ਲਗੇ,
ਸਾਵਣ ਦੀ ਘਟ ਆਵੇ, ਸ਼ਾਵਾ !
ਵੱਟਣਾ ਮੈਂ ਨਾ ਮਲਦੀ ।

ਬਾਬਲ ਵਰ ਕਿਹਾ ਦਿਤਾ ਈ,
ਮੈਂ ਨਾ ਮੇਰੇ ਜੇਹਾ, ਸ਼ਾਵਾ !
ਦਸ ਪਕਾਵਾਂ, ਵੀਹ ਪਕਾਵਾਂ,
ਟੁਕਰ ਨਾ ਰਹਿੰਦਾ ਬੇਹਾ, ਸ਼ਾਵਾ !
ਵੱਟਣਾ ਮੈਂ ਨਾ ਮਲਦੀ ।

ਬਾਬਲ ਵਰ ਕਿਹਾ ਦਿਤਾ ਈ,
ਮੈਂ ਨਾ ਮੇਰਾ ਹਾਣੀ, ਸ਼ਾਵਾ !
ਜੀਂਦਿਆਂ ਦੀਆਂ ਹੱਡੀਆਂ ਸਾੜੇ,
ਮੋਇਆਂ ਨਾ ਦੇਂਦਾ ਪਾਣੀ, ਸ਼ਾਵਾ !
ਵੱਟਣਾ ਮੈਂ ਨਾ ਮਲਦੀ, ਸ਼ਾਵਾ ।

ਇਨ੍ਹਾਂ ਗੀਤਾਂ ਵਿੱਚ ਕੰਨਿਆਂ ਦੇ ਮਨ ਦੀ ਗੱਲ ਵੱਟਣੇ ਦੇ ਮਾਧਿਅਮ ਦੁਆਰਾ ਆਖੀ ਜਾਂਦੀ ਹੈ ।

ਲਗਨ ਦੇ ਦਿਨ ਦੀ ਪੂਰਵ-ਸੰਧਿਆ ਨੂੰ 'ਮਹਿੰਦੀ ਦੀ ਰਾਤ' ਕਿਹਾ ਜਾਂਦਾ ਹੈ। ਵਰ ਨੂੰ ਕਿਸੇ ਦੀਵਾਰ ਦੇ ਨੇੜੇ, ਚੌਕੀ ਉਤੇ ਪੂਰਬ ਦਿਸ਼ਾ ਵਲ ਮੂੰਹ ਕਰਾ ਕੇ, ਬਿਠਾ ਦਿਤਾ ਜਾਂਦਾ ਹੈ। ਫਿਰ ਤੀਵੀਆਂ ਗੀਤ ਗਾਉਂਦੀਆਂ ਹੋਈਆਂ ਮਹਿੰਦੀ ਨੂੰ ਘੋਲ ਕੇ, ਉਸ ਦੇ ਹੱਥਾਂ ਨੂੰ ਲਗਾਂਦੀਆਂ ਹਨ। ਵਰ ਆਪਣੇ ਦੋਵੇਂ ਹੱਥ ਪਿਛੇ ਵਲ ਉਚੇ ਕਰਕੇ ਕੰਧ ਨਾਲ 'ਥਾਪਾ' ਲਾਉਂਦਾ ਹੈ। ਇਹ 'ਥਾਪਾ' ਵਿਆਹ ਤੋਂ ਬਾਅਦ ਵੀ ਕਈ ਵਰ੍ਹਿਆਂ ਤਕ ਕੰਧਾਂ ਉਤੇ ਲੱਗਾ ਰਹਿੰਦਾ ਹੈ। ਇਸ ਰੀਤ ਪਿਛੋਂ ਘਰ ਦੀਆਂ ਬਾਕੀ ਤੀਵੀਆਂ ਆਪਣੇ ਹੱਥਾ ਉਤੇ ਮਹਿੰਦੀ ਲਗਾਂਦੀਆਂ ਹਨ। ਇਸੇ ਤਰ੍ਹਾਂ ਦੀ ਰੀਤ ਕੰਨਿਆਂ ਦੇ ਘਰ ਵੀ ਕੀਤੀ ਜਾਂਦੀ ਹੈ। ਇਸ ਵੇਲੇ ਜੋ ਗੀਤ ਗਾਏ ਜਾਂਦੇ ਹਨ, ਉਨ੍ਹਾਂ ਨੂੰ 'ਮਹਿੰਦੀ ਦੇ ਗੀਤ' ਕਿਹਾ ਜਾਂਦਾ ਹੈ।

ਕਈ ਜਾਤਾਂ ਵਿਚ ਲਗਨ ਵੇਲੇ ਵਰ ਨਾਨਕੀ ਪੁਸ਼ਾਕ ਪਹਿਨਦਾ ਹੈ, ਪਰ ਕਈਆਂ ਜਾਤਾਂ ਗੋਤਾਂ ਵਿਚ ਇਸ ਬਾਰੇ ਕੋਈ ਬੰਧਨ ਨਹੀਂ। ਕੇਂਦਰੀ ਪੰਜਾਬ ਵਿਚ ਪਗੜੀ ਤੇ ਪਟਕੇ ਦਾ ਰੰਗ ਪੀਲਾ ਹੁੰਦਾ ਹੈ। ਖੱਤਰੀਆਂ ਵਿਚ ਪਗੜੀ ਕੇਸਰੀ ਰੰਗ ਦੀ ਬੰਨ੍ਹੀ ਜਾਂਦੀ ਹੈ। ਪੁਸ਼ਾਕ ਪਹਿਨਣ ਤੋਂ ਬਾਅਦ ਮੁੰਡੇ ਦੀਆਂ ਭੈਣਾਂ ਮੁੰਡੇ ਦੇ ਸਿਰ ਉਤੇ, ਤਿੱਲੇ ਦੀਆਂ ਤਾਰਾਂ ਵਾਲਾ ਸਿਹਰਾ ਅਤੇ ਮੁਕਟ ਸਜਾਂਦੀਆਂ ਹਨ। ਇਸ ਮੌਕੇ ਉਤੇ 'ਸਿਹਰੇ ਦੇ ਗੀਤ' ਵੀ ਗਾਏ ਜਾਂਦੇ ਹਨ।

ਜਦੋਂ ਦੂਲ੍ਹਾ ਘੋੜੀ ਚੜ੍ਹਦਾ ਹੈ, ਤਾਂ ਵੱਡੀ ਭਰਜਾਈ ਉਸ ਦੀਆਂ ਅੱਖਾਂ ਵਿਚ ਸੁਰਮਾ ਪਾਉਂਦੀ ਹੈ। ਭੈਣਾਂ ਘੋੜੀ ਨੂੰ ਦਾਲ ਚਰਾਂਦੀਆਂ ਹਨ। ਇਨ੍ਹਾਂ ਸ਼ਗਨਾਂ ਵੇਲੇ ਭਰਜਾਈਆਂ ਤੇ ਭੈਣਾਂ ਗੀਤ ਗਾਂਦੀਆਂ ਹਨ ਅਤੇ ਦੂਲ੍ਹਾ ਸ਼ਗਨ ਵਜੋਂ, ਉਨ੍ਹਾਂ ਨੂੰ ਕੁਝ ਨਕਦ ਰੁਪਏ ਦੇਂਦਾ ਹੈ।

ਜਦੋਂ ਜੰਞ ਤੁਰਦੀ ਹੈ, ਤਾਂ ਰਾਹ ਵਿਚ ਦੂਲਾ 'ਜੰਡੀ ਵੱਢਣ' ਦੀ ਰੀਤ ਕਰਦਾ ਹੈ। ਗਾਤਰੇ ਵਿਚ ਪਈ ਤਲਵਾਰ ਨਾਲ, ਉਹ ਕਿਸੇ ਜੰਡੀ ਦੇ ਰੁੱਖ ਨਾਲੋਂ ਕੁਝ ਟਹਿਣੀਆਂ ਰਸਮੀ ਤੌਰ 'ਤੇ ਵੱਢਦਾ ਹੈ। ਇਹ ਵਿਜੈ ਦਾ ਸ਼ਗਨ ਹੈ। ਇਸ ਰੀਤ ਪਿਛੋਂ ਜੱਟਾਂ ਵਿਚ ਦੂਲ੍ਹਾ ਜਠੇਰਿਆਂ ਨੂੰ ਮੱਥਾ ਟੇਕਦਾ ਹੈ।

ਜਦੋਂ ਜੰਞ ਕੰਨਿਆਂ ਪੱਖ ਵਾਲਿਆਂ ਦੇ ਘਰ ਪਹੁੰਚਦੀ ਹੈ ਤਾਂ ਗਲੀ ਵਿਚ ਸਵਾਗਤ ਲਈ ਬਣਾਏ ਦਰਵਾਜ਼ੇ ਅਗੇ ਰੋਕ ਲਈ ਜਾਂਦੀ ਹੈ। ਇਥੇ ਹੀ ਮਿਲਣੀ ਦੀ ਰਸਮ ਕੀਤੀ ਜਾਂਦੀ ਹੈ। ਜੇ ਬਰਾਤ ਕਿਸੇ ਪਿੰਡ ਜਾਣੀ ਹੋਵੇ, ਤਾਂ ਪਿੰਡ ਪਹੁੰਚਣ ਉਤੇ, ਪੰਚਾਇਤ ਉਸ ਦਾ ਸਵਾਗਤ ਕਰਦੀ ਹੈ।

ਮਿਲਣੀ ਦੀ ਰਸਮ ਬਾਅਦ ਵਿਚ, ਡੇਰੇ ਜਾਂ ਪਿੰਡ ਦੇ ਵਡੇ ਦਰਵਾਜ਼ੇ ਅਗੇ ਕੀਤੀ ਜਾਂਦੀ ਹੈ। ਮਿਲਣੀ ਕਰਨ ਵੇਲੇ ਦੋਹਾਂ ਧਿਰਾਂ ਦੇ ਰਿਸ਼ਤੇਦਾਰ ਬਰਾਬਰ ਦੇ ਸਾਕਾਂ ਨੂੰ ਜੱਫੀਆਂ ਪਾ ਕੇ ਮਿਲਦੇ ਤੇ ਇਕ ਦੂਜੇ ਦੇ ਗਲੇ ਵਿਚ, ਫੁੱਲਾਂ ਦਾ ਹਾਰ ਪਾਉਂਦੇ ਹਨ। ਵਰ ਤੇ ਕੰਨਿਆਂ ਦੇ ਪਿਉ/ਵਡਿੱਕੇ ਇਕ ਦੂਜੇ ਨੂੰ ਗਲਵਕੜੀ ਪਾ ਕੇ ਮਿਲਦੇ ਹਨ। ਅਤੇ ਕੰਨਿਆਂ ਦਾ ਪਿਉ, ਵਰ ਦੇ ਪਿਉ ਨੂੰ ਸ਼ਗਨ ਵਜੋਂ ਥਾਲ ਵਿਚ, ਕੁਝ ਮਠਿਆਈ ਤੇ ਰੁਪਏ ਦੇਂਦਾ ਹੈ, ਕਈਆਂ ਵਿਚ ਮਿਲਣੀ ਵੇਲੇ ਕਪੜੇ ਜਾਂ ਪਗੜੀ ਜਾਂ ਨਕਦ ਦੇਣ ਦਾ ਵੀ ਰਵਾਜ ਹੈ।

ਮਿਲਣੀ ਵੇਲੇ ਕੰਨਿਆਂ ਪੱਖ ਦੀਆਂ ਤੀਵੀਆਂ ਤੇ ਮੇਲਣਾਂ, ਬਰਾਤੀਆਂ ਨੂੰ ਸਿਠਣੀਆਂ ਦੇਂਦੀਆਂ ਹਨ (ਵੇਖੋ : ਸਿਠਣੀ)। ਸਿੱਠਣੀਆਂ ਵਿਚ ਹਾਸਾ ਠੱਠਾ ਤੇ ਮਸ਼ਕਰੀ ਹੁੰਦੀ ਹੈ। ਵਰ ਦੇ ਧਿਰ ਦੀ ਕਿਸੇ ਕਮਜ਼ੋਰੀ ਦਾ ਮਜ਼ਾਕ ਉਡਾਇਆ ਹੁੰਦਾ ਹੈ, ਇਨ੍ਹਾਂ ਗੀਤਾਂ ਦਾ ਕੋਈ ਬੁਰਾ ਨਹੀਂ ਮਨਾਂਦਾ। ਮਜ਼ਾਕ ਝੂਠ ਨੂੰ ਸੱਚ ਬਣਾ ਕੇ ਮਸ਼ਕਰੀ ਵੀ ਕਰ ਲਈਆਂ ਜਾਂਦੀਆਂ ਹਨ ਤੇ ਕਈ ਵਾਰ ਕੌੜਾ ਸੱਚ ਸਹਿਜ ਭਾ ਕਹਿ ਜਾਂਦੀਆਂ ਹਨ।

ਮਿਲਣੀ ਪਿਛੋਂ, ਸ਼ਹਿਰਾਂ ਵਿਚ ਤਾਂ ਬਰਾਤ ਖਾਣੇ ਲਈ ਬੈਠ ਜਾਂਦੀ ਹੈ। ਪਰ ਪਿੰਡਾਂ ਵਿਚ ਜੇ ਖਾਣਾ ਖਾਣ ਦਾ ਸਮਾਂ ਨਾ ਹੋਵੇ ਤਾਂ ਬਰਾਤ ਡੇਰੇ ਜਾ ਕੇ ਅਰਾਮ ਕਰਦੀ ਹੈ। ਦੁਲ੍ਹੇ ਨੂੰ ਕੰਨਿਆਂ ਪੱਖ ਵਾਲੇ ਆਪਣੇ ਘਰ ਲੈ ਜਾਂਦੇ ਹਨ। ਘਰ ਦੇ ਮੋਹਰਲੇ ਦਰਵਾਜ਼ੇ ਉਤੇ ਵੀ ਕੁਝ ਰੀਤਾਂ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਵਿਚ ਬਹੁਤ ਪ੍ਰਸਿਧ 'ਛਾਨਣੀ ਦੀਵੇ' ਦੀ ਰੀਤ ਹੈ। ਦਰਵਾਜ਼ੇ ਦੀ ਉਪਰਲੀ ਬਾਹੀ ਨਾਲ ਇਕ ਛਾਨਣੀ ਬੰਨ੍ਹ ਕੇ ਉਸ ਵਿਚ ਦੀਵਾ ਰਖ ਦਿਤਾ ਜਾਂਦਾ ਹੈ। ਦੁਲ੍ਹਾ ਛੜੀ ਨਾਲ ਦੀਵੇ ਨੂੰ ਛਾਨਣੀ ਵਿਚੋਂ ਚੁਕਦਾ ਹੈ, ਇਹ ਬੜੀ ਕਠਨ ਰੀਤ ਹੈ ਤੇ ਦੁਲ੍ਹੇ ਨੇ ਪਹਿਲਾਂ ਘਰ ਅਭਿਆਸ ਕੀਤਾ ਹੁੰਦਾ ਹੈ।

ਕਈ ਖੱਤਰੀਆਂ ਤੇ ਅਰੋੜਿਆਂ ਦੀਆਂ ਗੋਤਾਂ ਵਿਚ ਇਸ ਮੌਕੇ ਉਤੇ 'ਕਪਾਹ ਫੁੱਟੀ' ਦੀ ਰੀਤ ਵੀ ਕੀਤੀ ਜਾਂਦੀ ਹੈ। ਕੁੜੀ ਦਾ ਪਿਉ ਕਪਾਹ ਦੀ ਫੁੱਟੀ ਸੱਤ ਵਾਰ ਕੰਨਿਆਂ ਦੇ ਸਿਰ ਉਤੇ ਰਖਦਾ ਹੈ ਅਤੇ ਦੁਲ੍ਹਾ ਹਰ ਵਾਰ ਛੱਟੀ ਨਾਲ, ਫੁੱਟੀ ਨੂੰ, ਕੰਨਿਆਂ ਦੇ ਸਿਰ ਤੋਂ ਪਰੇ ਸੁਟ ਦੇਂਦਾ ਹੈ। ਇਸ ਰੀਤ ਦਾ ਭਾਵ ਇਹ ਹੈ ਕਿ ਸੱਤਾਂ ਗੁਨਾਹਾਂ ਦੇ ਬਾਵਜੂਦ ਵੀ ਵਰ ਕੰਨਿਆਂ ਨੂੰ ਵਿਆਹੁਣ ਲਈ ਤਿਆਰ ਹੈ। ਕੁਝ ਖੱਤਰੀਆਂ ਵਿਚ ਇਹ ਰਸਮ ਛੰਦਲੀਆਂ ਉਤੇ ਕੀਤੀ ਜਾਂਦੀ ਹੈ, ਜਿਥੇ ਕੰਨਿਆਂ ਤਿੰਨ ਕੁੰਭ ਕੋਲ ਧਰ ਕੇ ਸਹੇਲੀਆਂ ਨਾਲ ਬੈਠੀ ਹੁੰਦੀ ਹੈ। ਇਨ੍ਹਾਂ ਕੁੰਭਾਂ ਉਤੇ ਚੌਮੁਖੀਏ ਦੀਵੇ ਬਲ ਰਹੇ ਹੁੰਦੇ ਹਨ। ਕਈ ਜ਼ਾਤਾਂ ਵਿਚ ਛੰਦਲੀਆਂ ਉਤੇ ਹੀ ਵਰ ਤੇ ਕੰਨਿਆਂ ਦੀ ਪਹਿਲੀ ਮਿਲਣੀ ਹੁੰਦੀ ਹੈ ਤੇ ਇਥੇ ਹੀ ਜੈ ਮਾਲਾ ਦੀ ਰਸਮ ਕੀਤੀ ਜਾਂਦੀ ਹੈ। ਇਸ ਰਸਮ ਪਿਛੋਂ ਦੁਲ੍ਹਾ 'ਛੰਦ' ਬੋਲਦਾ ਹੈ।

ਹਿੰਦੂਆਂ ਵਿਚ ਲਗਨ ਦਾ ਮਹੂਰਤ ਰਾਤ ਦਾ ਹੁੰਦਾ ਹੈ। ਫੇਰੇ ਤਾਰਿਆਂ ਦੀ ਛਾਂਵੇਂ ਹੋਣੇ ਲਾਜ਼ਮੀ ਸਮਝੇ ਜਾਂਦੇ ਹਨ। ਆਮ ਤੌਰ ਤੇ ਘਰ ਵਿਚ ਹੀ ਕਿਸੇ ਗੁਠੇ, ਚਾਰ ਬਾਂਸ ਗੱਡ ਕੇ ਵੇਦੀ ਰਚ ਲਈ ਜਾਂਦੀ ਹੈ। ਕੁੱਲ-ਪਰੋਹਤ ਆਟੇ ਨਾਲ ਚੌਕ ਪੂਰਦਾ ਹੈ। ਵਰ ਤੇ ਕੰਨਿਆਂ ਨੂੰ ਚੌਕ ਦੇ ਕੋਲ, ਪੂਰਬ ਦਿਸ਼ਾ ਵਲ ਮੂੰਹ ਕਰ ਕੇ, ਖਾਰਿਆਂ ਤੇ ਬਿਠਾ ਦਿਤਾ ਜਾਂਦਾ ਹੈ। ਫੇਰਿਆਂ ਤੋਂ ਪਹਿਲਾਂ ਬ੍ਰਾਹਮਣ ਹਵਨ ਕਰਦਾ ਹੈ। ਦੋਹਾਂ ਧਿਰਾਂ ਦੇ ਕੁੱਲ-ਪਰੋਹਤ ਆਪਣੀ ਧਿਰ ਦਾ ਗੋਤਰਾਚਾਰ ਪੜ੍ਹਦੇ ਹਨ। ਇਸ ਪਿਛੋਂ ਕੰਨਿਆਂ ਦਾਨ ਦੀ ਰੀਤ ਕੀਤੀ ਜਾਂਦੀ ਹੈ। ਕੰਨਿਆਂ ਦਾ ਪਿਉ ਮੰਤਰਾਂ ਦਾ ਉਚਾਰਨ ਕਰਦਿਆਂ ਕੰਨਿਆਂ ਦਾ ਹੱਥ ਵਰ ਦੇ ਹੱਥਾਂ ਵਿਚ ਫੜਾਉਂਦਾ ਹੈ। ਫਿਰ ਵਰ ਤੇ ਕੰਨਿਆਂ ਦੋਵੇਂ ਅਗੇ ਪਿਛੇ ਹੋ ਕੇ ਅਗਨੀ ਦੁਆਲੇ ਫੇਰੇ ਲੈਂਦੇ ਹਨ, ਕਿਧਰੇ ਚਾਰ ਫੇਰਿਆਂ ਦੀ ਪ੍ਰਥਾ ਹੈ ਤੇ ਕਿਧਰੇ ਸੱਤਾਂ ਦੀ। ਕੁਝ ਫੇਰਿਆਂ ਵਿਚ ਵਰ ਅਗੇ ਹੁੰਦਾ ਹੈ ਤੇ ਕੁਝ ਵਿਚ ਕੰਨਿਆਂ। ਫੇਰਿਆਂ ਪਿਛੋਂ ਕੁੜੀ ਦਾ ਮਾਮਾ, ਕੁੜੀ ਨੂੰ ਖਾਰਿਆਂ ਤੋਂ ਚੁਕ ਕੇ ਅੰਦਰ ਲੈ ਜਾਂਦਾ ਹੈ।

ਸਿੱਖਾਂ ਵਿਚ ਪਹਿਲਾਂ ਸਨਾਤਨੀ ਢੰਗ ਨਾਲ ਵੇਦੀ ਦੁਆਲੇ ਫੇਰੇ ਲੈਣ ਦੀ ਪ੍ਰਥਾ ਸੀ, ਪਰ ਸਿੰਘ ਸਭਾ ਲਹਿਰ ਵੇਲੇ ਆਨੰਦ ਕਾਰਜ ਦੀ ਰੀਤ ਪ੍ਰਚਲਤ ਹੋ ਗਈ। ਸਿੱਖਾਂ ਵਿਚ ਫੇਰੇ ਅੰਮ੍ਰਿਤ ਵੇਲੇ ਹੁੰਦੇ ਹਨ। ਵਰ ਤੇ ਕੰਨਿਆਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠ ਜਾਂਦੇ ਹਨ। 'ਆਸਾ ਦੀ ਵਾਰ' ਤੇ ਕੀਰਤਨ ਪਿਛੋਂ ਰਾਗੀ 'ਪਲੇ ਤੈਡੇ ਲਾਗੀ' ਸ਼ਬਦ ਪੜ੍ਹਦੇ ਹਨ। ਅਤੇ ਕੰਨਿਆਂ ਦਾ ਪਿਉ ਕੰਨਿਆਂ ਦਾ ਪੱਲਾ ਵਰ ਦੇ ਹੱਥ ਫੜਾਂਦਾ ਹੈ, ਇਹੋ ਕੰਨਿਆਂ ਦਾਨ ਹੈ। ਇਸ ਪਿਛੋਂ ਗ੍ਰੰਥੀ ਗੁਰੂ ਗ੍ਰੰਥ ਸਾਹਿਬ ਵਿਚੋਂ ਪਹਿਲੀ ਲਾਵ ਦਾ ਪਾਠ ਕਰਦਾ ਹੈ। ਫਿਰ ਲਾਵ ਦੇ ਸ਼ਬਦ ਨੂੰ ਕੀਰਤਨੀਏ ਗਾ ਕੇ ਪੜ੍ਹਦੇ ਹਨ। ਇਸੇ ਵਕਫ਼ੇ ਵਿਚ ਵਰ ਤੇ ਕੰਨਿਆਂ ਗੁਰੂ ਗ੍ਰੰਥ ਸਾਹਿਬ ਦੀ ਪਰਕਰਮਾ ਪੂਰੀ ਕਰਦੇ ਹਨ। ਇਸੇ ਤਰ੍ਹਾਂ ਚਾਰ ਲਾਵਾਂ ਪੜ੍ਹੀਆਂ ਜਾਂਦੀਆਂ ਹਨ ਤੇ ਹਰ ਵਾਰ ਵਰ ਤੇ ਕੰਨਿਆਂ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਰਮਾ ਕਰਦੇ ਹੋਏ ਹਜ਼ੂਰੀ ਵਿਚ ਮੱਥਾ ਟੇਕਦੇ ਹਨ।

ਫੇਰਿਆਂ ਪਿਛੋਂ ਭਰੀ ਬਰਾਦਰੀ ਵਿਚ ਦੋਵੇਂ ਧਿਰਾਂ ਵਰੀ ਤੇ ਦਾਜ ਦਾ ਵਿਖਾਲਾ ਕਰਦੀਆਂ ਹਨ। ਵਰੀ ਲੜਕੇ ਵਾਲੇ ਢੋਂਦੇ ਹਨ। ਵਰੀ ਵਿਚ ਕੰਨਿਆਂ ਦੇ ਕਪੜੇ,

ਗਹਿਣੇ ਤੇ ਹਾਰ ਸ਼ਿੰਗਾਰ ਆਦਿ ਹੁੰਦਾ ਹੈ। ਕੰਨਿਆਂ ਪੱਖ ਵਾਲੇ ਵਰੀ ਵਿਖਾ ਕੇ ਆਪਣੇ ਗਹਿਣੇ ਤੇ ਵਸਤੂਆਂ ਦੇਂਦੇ ਹਨ, ਉਨ੍ਹਾਂ ਨੂੰ 'ਦਾਜ' ਕਿਹਾ ਜਾਂਦਾ ਹੈ। ਇਸ ਵਿਚ ਵਰ ਤੇ ਕੰਨਿਆਂ ਦੇ ਕਪੜਿਆਂ ਤੋਂ ਇਲਾਵਾ ਕੰਨਿਆਂ ਦੇ ਸਹੁਰੇ ਪਰਿਵਾਰ ਲਈ ਵੀ ਕੁਝ ਕਪੜੇ ਅਥਵਾ ਤ੍ਰੇਵਰ ਹੁੰਦੇ ਹਨ। ਦਾਜ ਵਿਚ ਨਿਤ ਵਰਤੋਂ ਦੀਆਂ ਚੀਜ਼ਾਂ ਭਾਂਡੇ, ਪਲੰਘ, ਪੀੜ੍ਹਾ ਆਦਿ ਵੀ ਦਿਤੇ ਜਾਂਦੇ ਹਨ।

ਹਿੰਦੂਆਂ ਵਿਚ, ਲਾਵਾਂ ਫੇਰਿਆਂ ਤੋਂ ਪਿਛੋਂ, ਰਾਤ ਵੇਲੇ ਹੀ ਡੋਲੀ ਵਿਦਾ ਹੋ ਜਾਂਦੀ ਹੈ। ਪਰ ਸਿੱਖਾਂ ਵਿਚ ਦਿਨ ਦੇ ਤੀਜੇ ਪਹਿਰ ਕੁੜੀ ਦਾ ਮਾਮਾ/ਭਰਾ ਕੁੜੀ ਨੂੰ ਡੋਲੀ ਵਿਚ ਬਿਠਾਂਦਾ ਹੈ। ਡੋਲੀ ਵਿਚ ਬੈਠਣ ਤੋਂ ਪਹਿਲਾਂ ਕੁੜੀ ਇਕ ਥਾਲੀ ਵਿਚੋਂ, ਜਿਸ ਵਿਚ ਮੇਵੇ ਤੇ ਜੌਂ ਰਲੇ ਹੁੰਦੇ ਹਨ, ਬੁੱਕਾਂ ਭਰ ਭਰ ਕੇ, ਪਿੱਛੇ ਪਾਸੇ ਵੱਲ ਸੁਟਦੀ ਹੈ। ਪਿੱਛੇ ਉਸ ਦੇ ਪੇਕੇ ਪਰਿਵਾਰ ਦੇ ਬੰਦੇ ਝੋਲੀ ਅੱਡ ਕੇ ਖਲੋਤੇ ਹੋਂਦੇ ਹਨ। ਇਸ ਰੀਤ ਨੂੰ 'ਘਰ ਵਧਾਣਾ' ਆਖਦੇ ਹਨ ਤੇ ਇਸ ਦਾ ਮੰਤਵ ਪੇਕੇ ਪਰਿਵਾਰ ਦੀ ਸੁਖ ਮੰਗਣਾ ਹੈ। ਕਈਆਂ ਗੋਤਾਂ ਵਿਚ ਕੰਨਿਆਂ ਦੀਵਾ ਬਾਲ ਕੇ ਘਰੋਂ ਜਾਂਦੀ ਹੈ ਤਾਂ ਜੋ ਪਿਛੋਂ ਘਰ ਵਧੇ ਫੁਲੇ।

ਕੰਨਿਆਂ ਨੂੰ ਵਿਦਾ ਕਰਨ ਦੀ ਝਾਕੀ ਬੜੀ ਮਾਰਮਿਕ ਤੇ ਦਰਦ ਭਰੀ ਹੁੰਦੀ ਹੈ। ਕੰਨਿਆਂ ਦੇ ਅੰਗਾਂ ਸਾਕਾਂ ਦੀਆਂ ਅੱਖਾਂ ਅਥਰੂਆਂ ਨਾਲ ਭਿੱਜੀਆਂ ਹੁੰਦੀਆਂ ਹਨ ਤੇ ਹਰ ਕੋਈ ਭਾਵਨਾਵਾਂ ਵਿਚ ਡੁੱਬਾ ਹੁੰਦਾ ਹੈ। ਕੰਨਿਆਂ ਦੀਆਂ ਪੇਕੀਆਂ 'ਡੋਲੀ ਦੇ ਗੀਤ' ਗਾ ਕੇ ਵਾਤਾਵਰਨ ਨੂੰ ਹੋਰ ਕਰੁਣਾਮਈ ਬਣਾ ਦੇਂਦੀਆਂ ਹਨ :

ਗਲੀਆਂ ਤਾਂ ਹੋਈਆਂ ਬਾਬਲਾ ਭੀੜੀਆਂ,  
ਮੈਨੂੰ ਅੰਗਣਾ ਹੋਇਆ ਪ੍ਰਦੇਸ ਵੇ।  
ਸਾਂਭ ਬਾਬਲ ਘਰ ਆਪਣਾ,  
ਧੀ ਚੱਲੀ ਬਿਗਾਨੇ ਦੇਸ ਵੇ।  
ਦੇਸਾਂ ਦਾ ਰਾਜਾ ਬਾਪ ਛੋੜਿਆ,  
ਮਾਂ ਮਹਿਲਾਂ ਦੀ ਰਾਣੀ ਵੇ।  
ਪਟੀਆਂ ਲਿਖਦੇ ਵੀਰ ਛੱਡੇ,  
ਛੱਡਿਆ ਸਭ ਘਰ ਬਾਰ ਵੇ।  
ਆਲੇ ਤੇ ਭੋਲੇ ਮੇਰੀਆਂ ਗੁੱਡੀਆਂ,  
ਲੱਥਾ ਨਹੀਂ ਖੇਡਣ ਦਾ ਚਾਓ ਵੇ।  
ਸਖੀਆਂ ਸਹੇਲੀਆਂ ਵਿਛੜੀਆਂ,  
ਮੇਰੇ ਰੋਂਦੇ ਨੇ ਭੈਣ ਭਰਾਓ ਵੇ।

ਰੋਂਦੀ ਕੰਨਿਆਂ ਨੂੰ ਚੁਪ ਕਰਾਉਣ ਲਈ, ਵਿਚੋਂ ਹੀ ਕੋਈ ਗਾ ਉਠਦੀ ਹੈ :

ਤੇਰੀ ਡੋਲੀ ਦਾ ਵਾਣ ਪੁਰਾਣਾ  
ਨਾ ਰੋ ਬੇਟੀਏ, ਧੀਆਂ ਦਾ ਧਨ ਬਿਗਾਨਾ।

ਇਹ ਸਾਰੇ ਗੀਤ ਕਰੁਣਾ ਰਸ ਨਾਲ ਭਰੇ ਹੋਏ ਹੁੰਦੇ ਹਨ।

ਦੁਲ੍ਹੇ ਦਾ ਪਿਉ ਡੋਲੀ ਤੋਂ ਚਾਂਦੀ ਤੇ ਤਾਂਬੇ ਦੇ ਸਿੱਕੇ ਵਾਰ ਕੇ ਸੁਟਦਾ ਹੈ। ਇਸ ਨੂੰ 'ਸੋਟ' ਕਹਿੰਦੇ ਹਨ।

ਕੁਝ ਜਾਤਾਂ ਵਿਚ ਡੋਲੀ ਦੇ ਨਾਲ ਨਾਇਣ ਜਾਂ ਦਾਈ ਨੂੰ ਭੇਜਣ ਦੀ ਪ੍ਰਥਾ ਹੈ। ਇਹ ਰਵਾਜ ਉਨ੍ਹਾਂ ਦਿਨਾਂ ਤੋਂ ਚਲਿਆ ਆ ਰਿਹਾ ਹੈ, ਜਦੋਂ ਕੰਨਿਆਂ ਨੂੰ ਛੋਟੀ ਉਮਰ ਵਿਚ ਹੀ ਵਿਆਹ ਦਿਤਾ ਜਾਂਦਾ ਸੀ ਤੇ ਉਸ ਨੂੰ ਕਿਸੇ ਜਾਣੀ ਪਛਾਣੀ ਔਰਤ ਦੇ ਸਾਥ ਦੀ ਲੋੜ ਰਹਿੰਦੀ ਸੀ। ਹੁਣ ਇਹ ਰਵਾਜ ਘਟਦਾ ਜਾ ਰਿਹਾ ਹੈ।

ਜਦੋਂ ਡੋਲੀ ਦੁਲ੍ਹੇ ਦੇ ਘਰ ਪਹੁੰਚਦੀ ਹੈ ਤਾਂ ਉਸ ਘਰ ਦੀਆਂ ਤੀਵੀਆਂ ਵਧਾਈ ਦੇ ਗੀਤਾਂ ਨਾਲ, ਉਸ ਦਾ ਸਵਾਗਤ ਕਰਦੀਆਂ ਹਨ। ਸਭ ਤੋਂ ਪਹਿਲਾਂ ਸੱਸ ਕੰਨਿਆਂ ਨੂੰ ਡੋਲੀ ਵਿਚ ਬੈਠਿਆਂ ਹੀ ਲਾਲ ਖੁਮਣੀ ਵਿਚ ਬੱਧੀ, ਗੁੜ ਦੀ ਭੇਲੀ ਦੇਂਦੀ ਹੈ ਤੇ ਉਸ ਦਾ ਮੂੰਹ ਮਿੱਠਾ ਕਰਦੀ ਹੈ। ਕੰਨਿਆਂ ਨੂੰ ਰਸਮੀ ਢੰਗ ਨਾਲ ਡੋਲੀ ਤੋਂ ਉਤਾਰ ਕੇ, ਘਰ ਦੇ ਅੰਦਰ ਲਿਜਾਇਆ ਜਾਂਦਾ ਹੈ, ਦਲ੍ਹੀਜ਼ ਟੱਪਣ ਤੋਂ ਪਹਿਲਾਂ ਤੇਲ ਚੋਇਆ ਜਾਂਦਾ ਹੈ। ਫਿਰ 'ਪਾਣੀ ਵਾਰਨ' ਦੀ ਰੀਤ ਕੀਤੀ ਜਾਂਦੀ ਹੈ। ਕਿਸੇ ਮੋਕਲੇ ਭਾਂਡੇ ਵਿਚ ਕੱਚੀ ਲੱਸੀ ਘੋਲ ਲਈ ਜਾਂਦੀ ਹੈ। ਕੰਨਿਆਂ ਦੀ ਸੱਸ, ਨਨਾਣਾਂ ਤੇ ਜਠਾਣੀਆਂ ਵਾਰੋ ਵਾਰ ਦਰਜੇ ਅਨੁਸਾਰ ਕੰਨਿਆਂ ਦੇ ਸਿਰ ਤੋਂ ਤਿੰਨ ਤਿੰਨ ਵਾਰ, ਪਾਣੀ ਵਾਰ ਕੇ ਪੀਣ ਦਾ ਸਵਾਂਗ ਭਰਦੀਆਂ ਹਨ। ਹਰ ਵਾਰ ਜਦੋਂ ਉਹ ਲੋਟਾ ਮੂੰਹ ਦੇ ਨੇੜੇ ਲਿਜਾਂਦੀਆਂ ਹਨ ਤਾਂ ਦੁਲ੍ਹਾ ਹੱਥ ਵਧਾ ਕੇ ਉਨ੍ਹਾਂ ਨੂੰ ਪਾਣੀ ਪੀਣੋਂ ਰੋਕ ਲੈਂਦਾ ਹੈ। ਇਸ ਰੀਤ ਪਿਛੇ ਇਹ ਵਿਸ਼ਵਾਸ ਹੈ ਕਿ ਸੱਸ ਤੇ ਘਰ ਦੀਆਂ ਹੋਰ ਤੀਵੀਆਂ ਕੰਨਿਆਂ ਦੀਆਂ ਸਾਰੀਆਂ ਬਲਾਵਾਂ ਦੂਰ ਰੱਖਣ ਲਈ ਖ਼ੁਦ ਦੁਖ ਝਾਗਣ ਲਈ ਤਿਆਰ ਹਨ। ਇਸ ਰੀਤ ਸਮੇਂ ਗੀਤ ਵੀ ਗਾਏ ਜਾਂਦੇ ਹਨ :

ਜੇ ਤੂੰ ਆਂਦੜੀ, ਵੇ ਮਲਾ!  
ਪਾਰੋਂ ਦੀ ਕਵਾਰ  
ਮਾਊ ਪਾਣੀ ਪੀਤਾ ਵਾਰ  
ਭਾਬੀ ਇਕ ਨਨਾਣਾਂ ਚਾਰ  
ਬੁਰਕੀਆਂ ਦੇਂਦੀਆਂ ਵਾਰੋ ਵਾਰ।

ਇਸ ਰੀਤ ਪਿਛੋਂ ਨਵੀਂ ਵਹੁਟੀ ਨੂੰ, ਘਰ ਵਿਚ ਕਿਸੇ ਸਜੀ ਤੇ ਸ਼ਿੰਗਾਰੀ ਹੋਈ ਥਾਂ, ਪੀਹੜੇ ਉਤੇ ਬਿਠਾ ਦਿਤਾ ਜਾਂਦਾ ਹੈ। ਦੁਲ੍ਹਾ ਵੀ ਉਸ ਦੇ ਕੋਲ ਸਜ ਜਾਂਦਾ ਹੈ। ਅੰਗ ਸਾਕ, ਸ਼ਗਨ ਵਜੋਂ, ਵਹੁਟੀ ਨੂੰ ਕੁਝ ਰੁਪਏ ਦੇਂਦੇ ਹਨ। ਵਹੁਟੀ ਵੱਡਿਆਂ ਨੂੰ ਮੱਥਾ ਟੇਕਦੀ ਹੈ ਤੇ ਬਰਾਬਰ ਦੀਆਂ ਅੱਗੇ ਹੱਥ ਜੋੜਦੀ ਹੈ।

ਵਿਆਹ ਨਾਲ ਸਬੰਧਿਤ ਰੀਤਾਂ ਰਸਮਾਂ ਦਾ ਚੱਕਰ ਬੜਾ ਲੰਮਾ ਤੇ ਰੌਚਕ ਹੈ। ਇਸੇ ਜਾਂ ਅਗਲੇ ਦਿਨ ਕਈ ਹੋਰ ਰੀਤਾਂ 'ਕੰਗਣਾ ਖੇਡਣਾ', 'ਛਿਟੀਆਂ ਖੇਡਣਾ' ਤੇ 'ਗੋਤ ਕੁਨਾਲ' ਆਦਿ ਕੀਤੀਆਂ ਜਾਂਦੀਆਂ ਹਨ। ਕੰਗਣਾ ਖੇਡਣ ਲਗਿਆਂ ਇਕ ਪਰਾਤ ਵਿਚ ਚਾਵਲ ਤੇ ਹਲਦੀ ਨੂੰ ਪਾਣੀ ਵਿਚ ਘੋਲ ਲਿਆ ਜਾਂਦਾ ਹੈ। ਫਿਰ ਇਸ ਵਿਚ ਇਕ ਕੰਗਣ ਜਾਂ ਮੁੰਦਰੀ ਸੁਟ ਦਿਤੀ ਜਾਂਦੀ ਹੈ। ਜਿਸ ਨੂੰ ਵਰ ਤੇ ਕੰਨਿਆਂ ਉਂਗਲਾਂ ਨਾਲ ਟਟੋਲਦੇ ਤੇ ਇਕ ਦੂਜੇ ਤੋਂ ਖੋਹ ਖਿੰਜ ਵੀ ਕਰਦੇ ਹਨ। ਜਿਸ ਹੱਥ ਕੰਗਣ ਆ ਜਾਵੇ ਉਸ ਦਾ ਜੀਵਨ ਭਰ ਪਲੜਾ ਭਾਰੀ ਰਹਿੰਦਾ ਹੈ। ਇਹ ਖੇਡ ਤਿੰਨ ਵਾਰ ਖੇਡੀ ਜਾਂਦੀ ਹੈ।

'ਛਿਟੀਆਂ ਖੇਡਣ' ਦੀ ਰੀਤ ਆਮ ਤੌਰ ਉਤੇ ਡੋਲੀ ਆਉਣ ਤੋਂ ਅਗਲੇ ਦਿਨ ਕੀਤੀ ਜਾਂਦੀ ਹੈ। ਇਸ ਖੇਡ ਸਮੇਂ, ਪਹਿਲਾਂ ਦੁਲ੍ਹੇ ਦੇ ਦੁਪੱਟੇ ਤੇ ਵਹੁਟੀ ਦੀ ਚੁੰਨੀ ਦੇ ਪੱਲੇ ਨੂੰ, ਗੰਢ ਮਾਰ ਕੇ, ਅਥਵਾ ਅੱਗੇ ਲਾੜ੍ਹਾ ਤੇ ਪਿੱਛੇ ਲੜ੍ਹੀ ਨੂੰ ਲੈ ਕੇ ਜਠੇਰਿਆਂ ਜਾਂ ਸਤੀਆਂ ਦੀ ਪੂਜਾ ਕੀਤੀ ਜਾਂਦੀ ਹੈ। ਇਸ ਪਿਛੋਂ ਦੁਲ੍ਹਾ ਤੇ ਵਹੁਟੀ ਛਿਟੀਆਂ ਖੇਡਦੇ ਹਨ, ਦੋਵੇਂ ਹੱਥਾਂ ਵਿਚ ਛਿਟੀਆਂ ਲੈ ਕੇ ਇਕ ਦੂਜੇ ਨੂੰ ਸੱਤ ਵਾਰ ਮਾਰਦੇ ਹਨ। ਲੋਕਾਂ ਦਾ ਵਿਸ਼ਵਾਸ ਹੈ ਕਿ ਇਸ ਤਰ੍ਹਾਂ ਕਰਨ ਨਾਲ ਸੋਤ ਉਤਰ ਜਾਂਦੀ ਹੈ।

'ਗੋਤ ਕੁਨਾਲ' ਦੀ ਰੀਤ ਬੜੀ ਸਾਧਾਰਨ ਜਿਹੀ ਹੈ। ਦੁਲ੍ਹੇ ਦੀ ਗੋਤ ਦੀਆਂ ਸਭ ਤੀਵੀਆਂ ਨਵੀਂ ਵਹੁਟੀ ਨਾਲ ਬੈਠ ਕੇ, ਇਕੋ ਭਾਂਡੇ ਵਿਚ ਖਾਣਾ ਖਾਂਦੀਆਂ ਹਨ ਅਤੇ ਉਹ ਸਭ ਤੀਵੀਆਂ ਵਹੁਟੀ ਦੇ ਮੂੰਹ ਵਿਚ ਤੇ ਵਹੁਟੀ ਉਨ੍ਹਾਂ ਦੇ ਮੂੰਹ ਵਿਚ ਬੁਰਕੀਆਂ ਪਾਉਂਦੀ ਹੈ। ਇਸ ਰੀਤ ਦਾ ਮੰਤਵ ਨਵੀਂ ਵਿਆਹੀ ਕੁੜੀ ਨੂੰ ਆਪਣੀ ਜਾਤ ਬਰਾਦਰੀ ਵਿਚ ਰਲਾਣਾ ਹੁੰਦਾ ਹੈ। ਅਥਵਾ ਰੋਟੀ ਦੀ ਸਾਂਝ ਕਾਇਮ ਕਰਨੀ ਹੁੰਦੀ ਹੈ।

ਜਦੋਂ ਸਹੁਰੇ ਘਰ ਸਭ ਰਸਮਾਂ ਰੀਤਾਂ ਪੂਰੀਆਂ ਹੋ ਜਾਂਦੀਆਂ ਹਨ, ਤਾਂ ਵਹੁਟੀ ਆਪਣੇ ਪਤੀ ਨਾਲ, ਪੇਕੇ ਘਰ ਪਹਿਲਾ ਫੇਰਾ ਪਾਉਣ ਲਈ ਜਾਂਦੀ ਹੈ। ਵਾਪਸ ਆਉਣ ਵੇਲੇ ਵਹੁਟੀ ਦੇ ਮਾਪੇ ਵਿਤ ਮੂਜਬ ਧੀ ਜਵਾਈ ਦੋਹਾਂ ਨੂੰ ਹੀ ਕਪੜੇ ਤੇ ਕੁਝ ਨਕਦੀ ਦੇਂਦੇ ਹਨ। ਪਹਿਲਿਆਂ ਵਿਚ ਜਦੋਂ ਬੱਚੇ ਛੋਟੀ ਉਮਰ ਵਿਚ ਵਿਆਹ ਦਿਤੇ ਜਾਂਦੇ ਸਨ ਤਾਂ ਫੇਰੇ ਪਿਛੋਂ ਕੰਨਿਆਂ ਲੰਮੇ ਸਮੇਂ ਤਕ, ਪੇਕੇ ਘਰ ਹੀ ਰਹਿੰਦੀ ਸੀ ਤੇ ਉਮਰ ਅਨੁਸਾਰ ਤੀਜੇ, ਪੰਜਵੇਂ, ਸੱਤਵੇਂ, ਨਾਵੇਂ ਜਾਂ ਗਿਆਰਵੇਂ ਵਰ੍ਹੇ ਉਸ ਦਾ ਮੁਕਲਾਵਾ ਤੋਰਿਆ ਜਾਂਦਾ ਸੀ। ਮੁਕਲਾਵੇ ਵੇਲੇ ਕੰਨਿਆਂ ਦੇ ਮਾਪੇ ਕਪੜੇ, ਗਹਿਣੇ ਤੇ ਨਿਤ ਵਰਤੋਂ ਦੀਆਂ ਕਈ ਚੀਜ਼ਾਂ ਦਿੱਤਾ ਕਰਦੇ ਸਨ।

ਭਾਵੇਂ ਸੰਜੋਗ ਧੁਰੋਂ ਲਿਖੇ ਮੰਨੇ ਜਾਂਦੇ ਹਨ, ਪਰ ਇਸ ਨੂੰ ਰੂਪ ਬੰਦਾ ਆਪ ਹੀ ਦੇਂਦਾ ਹੈ। ਸੋ, ਵਿਆਹ ਕਈ ਤਰ੍ਹਾਂ ਦੇ ਹਨ, ਸਭ ਤੋਂ ਉੱਚੇ ਦਰਜੇ ਦਾ ਵਿਆਹ 'ਪੁੰਨ' ਦਾ ਹੈ, ਜਿਸ ਵਿਚ ਕੰਨਿਆਂ ਦੇ ਮਾਪੇ, ਵਰ ਪੱਖ ਵਾਲਿਆਂ ਤੋਂ, ਕੋਈ ਵੀ ਰਕਮ, ਕਿਸੇ ਵੀ ਰੂਪ ਵਿਚ, ਵੀ ਨਹੀਂ ਲੈਂਦੇ। ਦੂਜਾ ਵਿਆਹ 'ਦੁਆਠੀ' ਦਾ ਹੈ, ਜੋ ਇਕ ਤਰ੍ਹਾਂ ਦਾ ਸਮਝੌਤਾ ਹੁੰਦਾ ਹੈ, ਜਿਸ ਵਿਚ ਇਕ ਪ੍ਰਵਾਰ ਦੂਜੇ ਪ੍ਰਵਾਰ ਨੂੰ ਆਪਣੀ ਧੀ/ਭੈਣ ਦਾ ਰਿਸ਼ਤਾ ਦੇ ਕੇ, ਉਸ ਪ੍ਰਵਾਰ ਤੋਂ ਵੱਟੇ ਵਿਚ ਆਪਣੀ ਕੁੱਲ ਦੇ ਕਿਸੇ ਗਭਰੂ ਦਾ ਰਿਸ਼ਤਾ ਲੈਂਦਾ ਹੈ। ਅਜਿਹੇ ਵਿਆਹ ਹੇਠਲੇ ਮੱਧ-ਵਰਗ ਵਿਚ ਆਮ ਹਨ। ਜਿਸ ਵਿਆਹ ਵਿਚ ਵਰ ਦੀ ਧਿਰ ਵਾਲੇ ਕੰਨਿਆਂ ਪੱਖ ਨੂੰ ਮਿੱਥੀ ਹੋਈ ਰਕਮ ਨਕਦ ਦੇਂਦੇ ਹਨ ਜਾਂ ਵਿਆਹ ਦੇ ਖ਼ਰਚੇ ਲਈ ਮਾਇਕ ਸਹਾਇਤਾ ਕਰਦੇ ਹਨ,ਉਸਨੂੰ 'ਟਕਾ' ਵਿਆਹ ਕਹਿੰਦੇ ਹਨ। ਇਸ ਤਰ੍ਹਾਂ ਦੇ ਰਿਸ਼ਤੇ ਹੇਠਲੇ ਸਮਾਜਕ ਵਰਗ ਵਿਚ ਹੀ ਕੀਤੇ ਜਾਂਦੇ ਹਨ।

ਕਈ ਕਬੀਲਿਆਂ ਵਿਚ ਵਿਆਹ ਸਮੇਂ ਬਲੀ ਦੇਣ ਦੀ ਪ੍ਰਥਾ ਅਜੇ ਵੀ ਪ੍ਰਚਲਤ ਹੈ। ਕਈ ਕਬੀਲਿਆਂ ਵਿਚ ਤਾਂ ਇਹ ਪ੍ਰਥਾ ਚਿੰਨ੍ਹਾਤਮਿਕ ਰੂਪ ਧਾਰਨ ਕਰ ਗਈ ਹੈ। ਪੰਜਾਬ ਵਿਚ ਜੱਟਾਂ ਦੇ ਵਿਆਹ ਉਤੇ ਭੇਡੂ ਜਾਂ ਦੁੰਬੇ ਨੂੰ ਖਰੀਦਿਆ ਜਾਂਦਾ ਹੈ ਤੇ ਕਈ ਵਾਰ ਮਾਲਕ ਤੋਂ ਭਾੜੇ ਉਤੇ ਹੀ ਲੈ ਲਿਆ ਜਾਂਦਾ ਹੈ ਅਤੇ ਲਾੜ੍ਹਾ ਉਸ ਦੇ ਕੰਨ ਦਾ ਇਕ ਨਿੱਕਾ ਜਿਹਾ ਅੰਗ ਕਟ ਕੇ ਲਹੂ ਵਗਾਂਦਾ ਹੈ ਤੇ ਉਂਗਲ ਨਾਲ ਲਹੂ ਲਗਾ ਕੇ ਆਪਣੇ ਮੱਥੇ ਉਤੇ ਸਜਾ ਲੈਂਦਾ ਹੈ।

**(ਵ-59) ਵਿਆਹ ਬਾਅਦ ਪਹਿਲੀ ਮਾਹਵਾਰੀ :**

ਮੰਡੀ ਵਿਖੇ ਵਿਆਹ ਤੋਂ ਬਾਅਦ ਪਹਿਲੀ ਮਾਹਵਾਰੀ ਸਮੇਂ ਇਸਤ੍ਰੀ ਨੂੰ ਕਈ ਰਹਿਤਾਂ ਰਖਣੀਆਂ ਪੈਂਦੀਆਂ ਹਨ। ਉਹ ਨਾ ਕਿਸੇ ਨੂੰ ਛੋਹੇ ਅਤੇ ਨਾ ਹੀ ਕਿਸੇ ਨੂੰ ਵੇਖੇ; ਇਸ ਲਈ ਉਸ ਨੂੰ ਕਿਸੇ ਹਨੇਰੀ ਕੋਠਰੀ ਵਿਚ ਬੰਦ ਕਰ ਦਿਤਾ ਜਾਂਦਾ ਹੈ। ਦੁੱਧ, ਤੇਲ ਤੇ ਮਾਸ ਮੱਛੀ ਦੀ ਵਰਤੋਂ ਕਰਨ ਦੀ ਵੀ ਮਨਾਹੀ ਹੈ। ਮਾਹਵਾਰੀ ਜਦੋਂ ਖ਼ਤਮ ਹੁੰਦੀ ਹੈ ਤਾਂ ਇਕ ਰੀਤ ਕੀਤੀ ਜਾਂਦੀ ਹੈ। ਕਿਸੇ ਸ਼ੁਭ ਦਿਨ, ਜੋ ਬ੍ਰਾਹਮਣ ਨੇ ਸ਼ੁਭ ਦਸਿਆ ਹੋਵੇ, ਗਰਭਵਤੀ ਦੀਆਂ ਸਾਕ-ਸਬੰਧਣਾਂ ਇਕੱਠੀਆਂ ਹੁੰਦੀਆਂ ਹਨ ਤੇ ਗੋਤਰ ਨਾਲ ਗਰਭਵਤੀ ਦਾ ਸਿਰ ਧੋਂਦੀਆਂ ਹਨ। ਨਹਾਣ ਧੋਣ ਪਿਛੋਂ ਆਟੇ ਦੀਆਂ ਪੰਜ ਰੋਟੀਆਂ, ਖਰੋਟ ਤੇ ਅਨਾਰ ਗਰਭਵਤੀ ਦੀ ਝੋਲੀ ਪਾਈਆਂ ਜਾਂਦੀਆਂ ਹਨ ਤੇ ਨਾਲ ਹੀ ਅਸੀਸ ਦਿਤੀ ਜਾਂਦੀ ਹੈ—ਸੋਹਣਾ ਜਿਹਾ ਲੜਕਾ ਉਸ ਦੇ ਘਰ ਜੰਮੇ। ਉਹ ਬੱਚੇ ਦੇ ਚਿਹਰੇ ਵਲ ਤੱਕ ਕੇ, ਉਸ ਨੂੰ ਕੁਝ ਰੁਪਏ ਜੋ ਰੋਟ੍ਹ ਦੇਂਦੀ ਹੈ। ਇਸ ਪਿਛੋਂ ਪ੍ਰੋਹਤ ਗਣਪਤੀ ਦੀ ਪੂਜਾ

ਕਰਵਾਉਂਦਾ ਹੈ। ਪੂਜਾ ਦੀ ਭੇਟ ਪ੍ਰੋਹਤ ਲੈ ਜਾਂਦਾ ਹੈ। ਇਸ ਰੀਤ ਵੇਲੇ ਤੀਵੀਆਂ ਗੀਤ ਗਾਂਦੀਆਂ ਹਨ।

**(ਵ-60) ਵਿਸ-ਕੰਨਿਆਂ :**

ਪੰਜਾਬ ਵਿਚ ਪ੍ਰਚਲਤ ਕਈ ਲੋਕ-ਕਹਾਣੀਆਂ ਵਿਚ ਵਿਸ-ਕੰਨਿਆਂ ਦਾ ਵਰਨਣ ਆਉਂਦਾ ਹੈ, ਜਿਨ੍ਹਾਂ ਨਾਲ ਲੇਟਣ ਜਾਂ ਭੋਗ ਵਿਲਾਸ ਕਰਨ ਵਾਲਾ ਪ੍ਰਾਣੀ ਹਮੇਸ਼ਾਂ ਦੀ ਨੀਂਦ ਸੌਂ ਜਾਂਦਾ ਹੈ। ਵਿਸ-ਕੰਨਿਆਂ ਦੀ ਪਰੰਪਰਾ ਬੜੀ ਹੀ ਪੁਰਾਣੀ ਹੈ ਤੇ ਨਾ ਸਿਰਫ਼ ਭਾਰਤ ਵਿਚ ਹੀ ਸਗੋਂ ਸਾਮੀ ਤੇ ਯੂਰਪੀ ਲੋਕ-ਧਾਰਾ ਵਿਚ ਵੀ, ਵਿਸ-ਕੰਨਿਆਵਾਂ ਦਾ ਵਰਨਣ ਮਿਲਦਾ ਹੈ। ਸੋਮਦੇਵ ਦੀ ਰਚਿਤ ਕਥਾ-ਸਰਿਤ-ਸਾਗਰ 'ਓਸ਼ਨ ਆਫ਼ ਸਟੋਰੀਜ਼' 2,91 ਵਿਚ ਜ਼ਿਕਰ ਆਉਂਦਾ ਹੈ ਕਿ ਰਾਜੇ ਬ੍ਰਹਮਦਤ ਦੇ ਮੰਤਰੀ ਯੋਗ-ਕਰੰਡਕਾ ਨੇ ਰਾਜਾ ਵਾਤਸਾ ਦਾ ਨਾਸ਼ ਕਰਨ ਲਈ, ਦੁਸ਼ਮਣ ਦੇ ਵੱਲ ਵਿਸ-ਕੰਨਿਆਵਾਂ ਨੱਚਣ ਲਈ ਭੇਜੀਆਂ। ਸੰਸਕ੍ਰਿਤ ਦੇ ਪ੍ਰਸਿਧ ਨਾਟਕ 'ਮੁਦਰਾ ਰਾਖਸ਼' ਜੋ ਸੱਤਵੀਂ ਸਦੀ ਈਸਵੀ ਦੇ ਨੇੜੇ ਤੇੜੇ ਵਿਸਾਖਦਤਾ ਨੇ ਲਿਖਿਆ, ਉਸ ਵਿਚ ਇਕ ਵਿਸ-ਕੰਨਿਆਂ ਵੱਲ ਇਸ਼ਾਰਾ ਹੈ, ਜੋ ਇਕ ਰਾਖਸ਼ ਨੇ ਚੰਦਰ ਗੁਪਤ ਨੂੰ ਮਾਰਨ ਲਈ ਭੇਜੀ ਸੀ।

ਇਸੇ ਤਰ੍ਹਾਂ ਇਕ ਹੋਰ ਰਵਾਇਤ ਹੈ (ਉਹੀ) ਕਿ ਪਰਵਤ ਨੰਦਾ ਨੇ ਇਕ ਕੰਨਿਆਂ ਨੂੰ ਜਨਮ ਤੋਂ ਹੀ ਜ਼ਹਿਰ ਉਤੇ ਪਾਲਨਾ ਸ਼ੁਰੂ ਕਰ ਦਿਤਾ ਸੀ ਤੇ ਜਦੋਂ ਚੰਦਰ ਗੁਪਤ ਪਰਵਤ ਨੰਦਾ ਦੇ ਮਹਿਲ ਵਿਚ, ਉਸ ਦੇ ਮਹਾਨ ਖ਼ਜ਼ਾਨੇ ਨੂੰ ਵੰਡਣ ਲਈ ਗਏ ਤਾਂ ਉਥੇ ਉਨ੍ਹਾਂ ਨੇ ਇਕ ਬੜੀ ਖ਼ੂਬਸੂਰਤ ਕੰਨਿਆਂ ਵੇਖੀ। ਪਰਵਤ ਨੰਦਾ ਵੇਖਦਿਆਂ ਸਾਰ ਕੀਲਿਆ ਗਿਆ। ਚੰਦਰਗੁਪਤ ਦੇ ਗੁਰੂ ਚਾਣਕੀਆ ਨੇ ਉਨ੍ਹਾਂ ਦੋਹਾਂ ਦਾ ਉਸੇ ਵੇਲੇ ਵਿਆਹ ਕਰ ਦੇਣਾ ਚਾਹਿਆ, ਪਰ ਹੱਥ ਪਕੜਨ ਦੀ ਰਸਮ ਸਮੇਂ ਹਵਨ ਦੀ ਅੱਗ ਕਾਰਨ ਪੈਦਾ ਹੋਈ ਗਰਮੀ ਨਾਲ ਦੋਹਾਂ ਦਾ ਪਸੀਨਾ ਇਕ ਦੂਜੇ ਦੇ ਹੱਥਾਂ ਨਾਲ ਛੂਹ ਗਿਆ ਤੇ ਇਸ ਨਾਲ ਪਰਵਤ ਨੰਦਾ ਦੇ ਅੰਦਰ ਜ਼ਹਿਰ ਚਲਾ ਗਿਆ। ਪਰਵਤ ਨੰਦਾ ਨੂੰ ਬੜੀ ਪੀੜਾ ਹੋਈ ਤੇ ਉਹ ਵੇਖਦੇ ਵੇਖਦੇ ਤੜਫ ਤੜਫ ਕੇ ਮਰ ਗਿਆ।

ਸਿਰਫ਼ ਭਾਰਤੀ ਕਥਾ ਸਾਹਿੱਤ ਵਿਚ ਹੀ, ਵਿਸ-ਕੰਨਿਆਵਾਂ ਦਾ ਜ਼ਿਕਰ ਨਹੀਂ ਮਿਲਦਾ, ਸਗੋਂ ਲਾਤੀਨੀ ਭਾਸ਼ਾ ਵਿਚ ਉਪਲਬਧ ਇਕ ਪੁਸਤਕ, ਜੋ ਅਰਬੀ ਵਿਚੋਂ ਅਨੁਵਾਦ ਕੀਤੀ ਗਈ, ਵਿਚ ਵੀ ਵਿਸ-ਕੰਨਿਆਵਾਂ ਦਾ ਵਰਨਣ ਹੈ। ਰਵਾਇਤ ਹੈ ਕਿ ਇਹ ਪੁਸਤਕ ਉਨ੍ਹਾਂ ਗੁਪਤ ਰੂਪ ਵਿਚ ਭੇਜੇ ਸੰਦੇਸ਼ਾਂ ਦਾ ਸਮੂਹ ਹੈ, ਜੋ ਅਰਸਤੂ ਨੇ ਬੁੱਢੇ ਵਾਰੇ ਮਹਾਨ ਸਿਕੰਦਰ ਨੂੰ ਭੇਜੇ। ਇਹ ਰਚਨਾ ਸੱਤਵੀਂ ਸਦੀ ਦੀ ਕਿਰਤ ਮੰਨੀ ਜਾਂਦੀ ਹੈ। ਇਸ ਰਚਨਾ ਵਿਚ ਇਕ ਥਾਂ ਅਰਸਤੂ ਵੱਲੋਂ ਮਹਾਨ ਸਿਕੰਦਰ ਨੂੰ ਚਿਤਾਵਨੀ ਦਿਤੀ ਹੈ ਕਿ ਉਹ ਵਿਸ-ਕੰਨਿਆਂ ਤੋਂ ਆਪਣੇ ਆਪ ਨੂੰ ਬਚਾ ਕੇ ਰਖੇ।

ਇਸੇ ਤਰ੍ਹਾਂ ਇਕ ਹੋਰ ਥਾਈਂ ਵੀ (ਉਹੀ) ਜ਼ਿਕਰ ਮਿਲਦਾ ਹੈ ਕਿ ਇਕ ਹੁਸੀਨਾ, ਜਿਸ ਨੂੰ 'ਉੱਤਰ ਦੀ ਮਲਕਾ' ਕਿਹਾ ਜਾਂਦਾ ਸੀ, ਨੇ ਸਿਕੰਦਰ ਦੀ ਬੀਰਤਾ ਬਾਰੇ ਸੁਣ ਰਖਿਆ ਸੀ ਤੇ ਉਸ ਨੇ ਆਪਣੀ ਲੜਕੀ ਦੀ ਪਾਲਨਾ ਪੋਸਨਾ ਜ਼ਹਿਰ ਨਾਲ ਕੀਤੀ ਤੇ ਉਸ ਨੂੰ ਸਿਕੰਦਰ ਕੋਲ ਭੇਜਿਆ। ਇਸੇ ਪੁਸਤਕ ਤੋਂ ਵਿਸ-ਕੰਨਿਆਂ ਦਾ ਸੰਕਲਪ ਸੰਸਾਰ ਦੇ ਹੋਰ ਕਥਾ-ਸਾਹਿੱਤਾਂ ਵਿਚ ਪ੍ਰਵੇਸ਼ ਕਰ ਗਿਆ।

ਰਾਜੇ, ਜਿਸ ਕੰਨਿਆਂ ਨੂੰ ਵਿਸ-ਕੰਨਿਆਂ ਬਨਾਉਣਾ ਚਾਹੁੰਦੇ ਉਨ੍ਹਾਂ ਦੀ ਪਾਲਨਾ ਜਨਮ ਤੋਂ ਹੀ ਕਰਦੇ ਸਨ। ਕੁਝ ਸੁੰਦਰ ਨੈਣਾਂ ਨਕਸ਼ਾਂ ਵਾਲੀਆਂ ਕੰਨਿਆਵਾਂ ਚੁਣ ਲਈਆਂ ਜਾਂਦੀਆਂ। ਫਿਰ ਉਹ ਉਨ੍ਹਾਂ ਦੇ ਮਾਪਿਆਂ ਤੋਂ ਖ਼ਰੀਦ ਲਈਆਂ ਜਾਂਦੀਆਂ। ਜਨਮ ਤੋਂ ਹੀ ਉਨ੍ਹਾਂ ਨੂੰ ਜ਼ਹਿਰ ਉਤੇ ਪਾਲਿਆ ਜਾਂਦਾ। ਪਹਿਲਾਂ ਇਹ ਜ਼ਹਿਰ ਪੋਸਤ, ਧਤੂਰਾ, ਅਫ਼ੀਮ ਆਦਿ ਦੇ ਰੂਪ ਵਿਚ ਥੋੜੀ ਮਿਕਦਾਰ ਵਿਚ ਦਿੱਤਾ ਜਾਂਦਾ। ਜਦੋਂ ਉਸ ਦੇ ਖ਼ੂਨ ਨਾਲ ਜ਼ਹਿਰ ਇਕ ਰੂਪ ਹੋ ਜਾਂਦਾ, ਤਾਂ ਹੌਲੇ ਹੌਲੇ ਇਸ ਦੀ ਮਾਤਰਾ ਵਧਾਈ ਜਾਂਦੀ। ਇਸ ਤਰ੍ਹਾਂ ਕਈ ਸਾਲ ਵਿਹੁਲੀਆਂ ਵਸਤੂਆਂ ਦਾ ਭੋਗ ਕਰ ਕੇ, ਉਹ ਯੁਵਤੀ ਮੁਟਿਆਰ ਹੋਣ ਤਕ, ਇਤਨੀ ਜ਼ਹਿਰੀਲੀ ਹੋ ਜਾਂਦੀ ਕਿ ਉਸ ਦਾ ਮੂੰਹ ਚੁੰਮਣ, ਭੋਗ ਬਿਲਾਸ ਕਰਨ, ਪਸੀਨਾ ਜਾਂ ਸਾਹ ਨਾਲ ਸਾਹ ਰਲਾਣ ਨਾਲ ਵੀ ਦੂਜੇ ਪ੍ਰਾਣੀ ਉਤੇ ਜ਼ਹਿਰ ਦਾ ਅਸਰ ਹੋ ਜਾਂਦਾ ਤੇ ਵੇਖਦੇ ਵੇਖਦੇ ਤੜਪ ਤੜਪ ਕੇ ਮਰ ਜਾਂਦਾ। ਇਨ੍ਹਾਂ ਵਿਸ-ਕੰਨਿਆਵਾਂ ਨੂੰ ਬੜੀਆਂ ਮਨ-ਮੋਹਣੀਆਂ ਬਣਾਇਆ ਜਾਂਦਾ। ਨੈਣਾਂ ਨਕਸ਼ਾਂ ਨੂੰ ਤਿੱਖਾ ਤੇ ਸ਼ੋਖ਼ ਕੀਤਾ ਜਾਂਦਾ। ਤੇ ਜਨਮ ਤੋਂ ਲੈ ਕੇ ਮੁਟਿਆਰ ਹੋਣ ਤਕ, ਵਿਸ-ਕੰਨਿਆਵਾਂ ਨੂੰ ਵਧ ਤੋਂ ਵਧ ਸੁੰਦਰ ਤੇ ਜ਼ਹਿਰੀਲਾ ਬਨਾਉਣ ਉਤੇ ਲਗਾਇਆ ਜਾਂਦਾ। ਜਿਨ੍ਹਾਂ ਕੰਨਿਆਵਾਂ ਨੂੰ, ਵਿਸ-ਕੰਨਿਆਂ ਬਨਾਉਣ ਲਈ ਚੁਣਿਆਂ ਜਾਂਦਾ, ਉਨ੍ਹਾਂ ਵਿਚੋਂ ਕਈ ਤਾਂ ਬਚਪਨ ਵਿਚ ਹੀ ਮਰ ਜਾਂਦੀਆਂ, ਕਈ ਜਵਾਨ ਹੋਣ ਤੋਂ ਪਹਿਲਾਂ ਅਤੇ ਕੋਈ ਵਿਰਲੀ ਕੰਨਿਆਂ ਹੀ ਨੇਪਰੇ ਚੜ੍ਹਦੀ।

ਵਿਸ-ਕੰਨਿਆਵਾਂ ਕਈ ਕਿਸਮ ਦੀਆਂ ਹੁੰਦੀਆਂ ਸਨ। ਕਈਆਂ ਦਾ ਸਾਹ ਇਤਨਾ ਜ਼ਹਿਰੀਲਾ ਹੁੰਦਾ ਕਿ ਜਿਸ ਦੇ ਸਾਹਮਣੇ ਖਲੋ ਕੇ, ਉਹ ਕੁਝ ਛਿਣ ਸਾਹ ਲੈਂਦੀਆਂ, ਉਸ ਦੇ ਅੰਦਰ ਸਾਹ ਰਾਹੀਂ ਜ਼ਹਿਰ ਚਲਾ ਜਾਂਦਾ। ਕਈ ਵਿਸ-ਕੰਨਿਆਵਾਂ ਦਾ ਪਸੀਨਾ ਇਤਨਾ ਜ਼ਹਿਰੀਲਾ ਹੁੰਦਾ ਕਿ ਜਦੋਂ ਪਸੀਨਾ ਗਲਵਕੜੀ ਪਾਉਂਦਿਆਂ ਜਾਂ ਹੱਥ ਘੁਟਦਿਆਂ ਦੂਜੇ ਪ੍ਰਾਣੀ ਦੇ ਹੱਥਾਂ ਨਾਲ ਲਗਦਾ ਅਥਵਾ

ਮੁਸਾਮਾਂ ਰਾਹੀਂ ਅੰਦਰ ਜਾਂਦਾ, ਤਾਂ ਦੂਜੇ ਅੰਦਰ ਜ਼ਹਿਰ ਪ੍ਰਵੇਸ਼ ਕਰ ਜਾਂਦਾ। ਇਸੇ ਤਰ੍ਹਾਂ ਕੁਝ ਵਿਸ-ਕੰਨਿਆਵਾਂ ਚੁੰਬਣ ਜਾਂ ਭੋਗ-ਬਿਲਾਸ ਦੁਆਰਾ ਹੀ ਦੂਜਿਆਂ ਦੀ ਮੌਤ ਦਾ ਕਾਰਨ ਬਣਦੀਆਂ।

ਵਿਸ-ਕੰਨਿਆਵਾਂ ਬਾਰੇ ਐਨ. ਐਮ. ਪੈਂਜਰ (ਉਹੀ) ਲਿਖਦਾ ਹੈ ਕਿ ਵਿਸ-ਕੰਨਿਆਂ ਦੀਆਂ ਕਥਾ-ਰੂੜ੍ਹੀਆਂ ਦਾ ਮੁੱਢ ਭਾਰਤ ਵਿਚ ਹਜ਼ਰਤ ਈਸਾ ਤੋਂ ਬਝਿਆ। ਵਾਸਤਵ ਰੂਪ ਵਿਚ ਵਿਸ-ਕੰਨਿਆਂ ਦੀ ਕੋਈ ਹੋਂਦ ਨਹੀਂ, ਪਰ ਇਹ ਰੂੜ੍ਹੀ ਕੇਵਲ ਕਥਾਕਾਰਾਂ ਦੀ ਕਲਪਨਾ ਜਾਪਦੀ ਹੈ। ਭਾਰਤ ਦੀਆਂ ਕਥਾਵਾਂ ਦੇ ਨਾਲ ਨਾਲ ਵਿਸ-ਕੰਨਿਆਂ ਦਾ ਸੰਕਲਪ ਪੱਛਮ ਵਿਚ ਵੀ ਜਾ ਪਹੁੰਚਿਆ।

ਪੰਜਾਬ ਦੀਆਂ ਲੋਕ-ਕਥਾਵਾਂ ਵਿਚ, ਵਿਸ-ਕੰਨਿਆਂ ਦਾ ਸੰਕਲਪ ਇਕ ਹੋਰ ਰੂਪ ਵਿਚ ਮਿਲਦਾ ਹੈ। ਵਿਸ-ਕੰਨਿਆਂ ਦੇ ਪੇਟ ਵਿਚ ਸਰਪ ਨਿਵਾਸ ਕਰਦਾ ਹੈ ਤੇ ਜਦੋਂ ਉਸ ਨਾਲ ਰਾਤ ਨੂੰ ਕੋਈ ਮਰਦ ਭੋਗ ਬਿਲਾਸ ਲਈ ਲੇਟਦਾ ਹੈ ਤਾਂ ਸੱਪ ਕੰਨਿਆਂ ਦੇ ਮੂੰਹ ਵਿਚੋਂ ਨਿਕਲ ਕੇ, ਉਸ ਨਾਲ ਲੇਟੇ ਪ੍ਰਾਣੀ ਨੂੰ ਡਸ ਜਾਂਦਾ ਹੈ। ਇਕ ਲੋਕ-ਕਹਾਣੀ 'ਲਾਹੇਵੰਦਾ ਸੌਦਾ' ਵਿਚ ਵਿਸ-ਕੰਨਿਆਂ ਦਾ ਇਹੋ ਰੂਪ ਮਿਲਦਾ ਹੈ। ਵਿਸ-ਕੰਨਿਆਂ ਦੇ ਪੇਟ ਵਿਚੋਂ ਸੱਪ ਨਿਕਲ ਕੇ ਜਦੋਂ ਸੌਦਾਗਰ ਨੂੰ ਡੱਸਣ ਲਗਦਾ ਹੈ, ਤਾਂ ਉਸ ਦਾ ਨੌਕਰ ਸੱਪ ਨੂੰ ਮਾਰ ਕੇ ਮਾਲਕ ਨੂੰ ਬਚਾ ਲੈਂਦਾ ਹੈ। ਇਹ ਕਥਾ-ਰੂੜ੍ਹੀ ਸੰਸਾਰ ਦੇ ਕਈ ਦੇਸ਼ਾਂ ਦੀਆਂ ਕਥਾਵਾਂ ਵਿਚ ਮਿਲਦੀ ਹੈ।

ਇਸ ਕਥਾ-ਰੂੜ੍ਹੀ ਦੇ ਕਈ ਦ੍ਰਿਸ਼ਟਾਂਤ ਮਿਲਦੇ ਹਨ, ਜੋ ਬੁਲਗਾਰੀਅਨ, ਸਾਈਬੇਰੀਅਨ, ਰੂਸੀ, ਸਰਬੀਅਨ, ਜਿਪਸੀ, ਆਰਮੇਨੀਅਨ ਆਦਿ ਕਥਾਵਾਂ ਵਿਚੋਂ ਲਏ ਗਏ ਹਨ। ਭਾਵੇਂ ਨਿੱਕੇ ਨਿੱਕੇ ਵੇਰਵੇ ਵਿਚ ਕੁਝ ਫ਼ਰਕ ਹੈ, ਪਰ ਬਹੁਤੀਆਂ ਕਥਾਵਾਂ ਵਿਚ ਤੀਵੀਂ ਦੇ ਮੁਖ ਜਾਂ ਕਿਸੇ ਹੋਰ ਹਿੱਸੇ ਵਿਚੋਂ ਨਿੱਕੇ ਨਿੱਕੇ ਸੱਪ ਜਾਂ ਵੱਡਾ ਸੱਪ ਨਿਕਲਦਾ ਦਸਿਆ ਹੈ।

## (ਵ-61) **ਵਿਸ਼ਨੂੰ :**

ਹਿੰਦੂਆਂ ਦੇ ਤਿੰਨ ਪ੍ਰਮੁਖ ਦੇਵਤਿਆਂ (ਤ੍ਰੈਮੂਰਤੀ) ਵਿਚੋਂ ਇਕ। ਬ੍ਰਹਮਾ ਸੰਸਾਰ ਦੀ ਉਤਪਤੀ ਕਰਦਾ ਹੈ ਤੇ ਵਿਸ਼ਨੂੰ ਸੰਸਾਰ ਦੀ ਪਾਲਨਾ। ਵਿਸ਼ਨੂੰ ਭਗਤ ਵਿਸ਼ਨੂੰ ਨੂੰ ਬ੍ਰਹਮਾ ਤੇ ਸ਼ਿਵ ਦੋਹਾਂ ਤੋਂ ਉੱਚਾ ਰੁਤਬਾ ਦੇਂਦੇ ਹਨ। ਵਿਸ਼ਨੂੰ ਬਾਕੀ ਦੇਵਤਿਆਂ ਨਾਲੋਂ ਸੁਭਾਵ ਵਿਚ ਵਧੇਰੇ ਨਿਮਰਤਾ ਵਾਲਾ ਹੋਣ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ : ਇਕ ਵਾਰ ਦੇਵਤਿਆਂ ਨੇ ਰਿਸ਼ੀ ਭਿਰਗੂ ਤੋਂ ਪੁਛਿਆ ਕਿ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਵਿਚੋਂ ਕਿਹੜਾ ਦੇਵਤਾ ਵੱਡਾ ਹੈ ਤਾਂ ਭਿਰਗੂ ਨੇ ਉੱਤਰ ਦਿਤਾ, ਜਿਹੜਾ ਸਭ ਤੋਂ ਵਧ ਹਲੀਮੀ ਵਾਲਾ ਹੈ। ਫਿਰ ਉਹ ਇਹ ਗੱਲ ਜਾਨਣ ਲਈ ਵਾਰੋ ਵਾਰੀ ਬ੍ਰਹਮਾ, ਸ਼ਿਵ ਤੇ ਵਿਸ਼ਨੂੰ ਕੋਲ ਗਿਆ। ਪਹਿਲਾਂ ਬ੍ਰਹਮਾ ਕੋਲ ਗਿਆ ਤੇ ਬਿਨਾਂ ਆਦਰ ਪ੍ਰਨਾਮ ਦੇ ਉਸ ਕੋਲ ਜਾ ਬੈਠਾ। ਇਸ ਉਤੇ ਬ੍ਰਹਮਾ ਕਰੋਧ ਵਿਚ ਆ ਗਿਆ ਤੇ ਭਿਰਗੂ ਨੇ ਖਿਮਾ ਮੰਗੀ। ਫਿਰ ਉਹ ਸ਼ਿਵ ਕੋਲ ਗਿਆ ਤੇ ਉਥੇ ਵੀ ਉਸ ਨੇ ਸ਼ਿਵ ਦਾ ਲੋੜੀਂਦਾ ਆਦਰ ਨਾ ਕੀਤਾ, ਜਿਸ ਉਤੇ ਸ਼ਿਵ ਵੀ ਖ਼ਫ਼ਾ ਹੋ ਗਿਆ ਤੇ ਭਿਰਗੂ ਨੇ ਕਰੋਧ ਤੋਂ ਬਚਣ ਲਈ ਖਿਮਾ ਮੰਗੀ। ਫਿਰ ਭਿਰਗੂ ਵਿਸ਼ਨੂੰ ਕੋਲ ਗਿਆ। ਉਦੋਂ ਵਿਸ਼ਨੂੰ ਸੁੱਤੇ ਪਏ ਸਨ। ਭਿਰਗੂ ਨੇ ਲੰਘਦਿਆਂ ਜਾਣ ਬੁਝ ਕੇ ਠੋਕਰ ਮਾਰੀ। ਵਿਸ਼ਨੂੰ ਜਾਗ ਪਏ ਤੇ ਝਟ ਭਿਰਗੂ ਦਾ ਪੈਰ ਫੜ ਕੇ ਕਹਿਣ ਲਗੇ, "ਕਿਧਰੇ ਪੈਰਾਂ ਉਤੇ ਸੱਟ ਤਾਂ ਨਹੀਂ ਲੱਗੀ।" ਭਿਰਗੂ ਨੇ ਸਭ ਦੇਵਤਿਆਂ ਨੂੰ ਆ ਕੇ ਦਸਿਆ ਕਿ ਵਿਸ਼ਨੂੰ ਸਭ ਤੋਂ ਵੱਡਾ ਦੇਵਤਾ ਹੈ।

ਵਿਸ਼ਨੂੰ ਦੇ ਚਾਰ ਹੱਥ ਹਨ। ਉਨ੍ਹਾਂ ਦੇ ਹੱਥਾਂ ਵਿਚ ਸੰਖ, ਚੱਕਰ, ਗੱਦਾ ਤੇ ਪਦਮ ਫੜਿਆ ਹੋਇਆ ਹੈ। ਵਿਸ਼ਨੂੰ ਦਾ ਵਾਹਨ ਗਰੁੜ ਹੈ। ਹਿੰਦੂ ਗਰੁੜ ਨੂੰ ਇਸੇ ਲਈ ਪੂਜਨੀਕ ਮੰਨਦੇ ਹਨ।

ਕਈ ਤਸਵੀਰਾਂ ਵਿਚ ਵਿਸ਼ਨੂੰ ਦੇ ਨਾਭੀ ਵਿਚੋਂ ਕੇਵਲ ਨਿਕਲਦਾ ਵਿਖਾਇਆ ਜਾਂਦਾ ਹੈ। ਇਸੇ ਕੰਵਲ ਦੀ ਨਾਭੀ ਵਿਚੋਂ ਬ੍ਰਹਮਾ ਉਪਜਿਆ ਸੀ। ਵਿਸ਼ਨੂੰ ਕਈ ਵਾਰ ਸ਼ੇਸ਼ਨਾਗ ਦੇ ਫਨ ਉਤੇ ਸਿਰ ਅਤੇ ਬਾਕੀ ਧੜ ਉਤੇ ਸਰੀਰ ਟਿਕਾ ਕੇ ਲੇਟਿਆ ਵਿਖਾਇਆ ਗਿਆ ਹੈ।

ਵਿਸ਼ਨੂੰ ਦਾ ਰੰਗ ਕਾਲਾ ਹੈ। ਇਸ ਦੇ ਸਵਰਗ ਧਾਮ ਨੂੰ ਬੈਕੁੰਠ ਕਹਿੰਦੇ ਹਨ। ਵਿਸ਼ਨੂੰ ਦੇਵਤੇ ਦੇ 1008 ਉਪਨਾਮ ਤਥਾ ਉਪਾਧੀਆਂ ਹਨ। ਇਨ੍ਹਾਂ ਸਭਨਾਂ ਨਾਵਾਂ ਦਾ ਜਾਪ ਕਰਨ ਨਾਲ, ਵੈਸ਼ਨੋ ਭਗਤਾਂ ਦਾ ਨਿਸਚਾ ਹੈ ਕਿ ਉਨ੍ਹਾਂ ਨੂੰ ਮੁਕਤੀ ਮਿਲ ਜਾਂਦੀ ਹੈ।

ਵਿਸ਼ਨੂੰ ਪੁਰਾਣ ਵਿਚ ਵਿਸ਼ਨੂੰ ਦੇ ਜੀਵਨ ਨਾਲ ਸਬੰਧਿਤ ਅਨੇਕਾਂ ਮਿੱਥਕ ਕਥਾਵਾਂ ਮਿਲਦੀਆਂ ਹਨ। ਲਖਸ਼ਮੀ ਵਿਸ਼ਨੂੰ ਦੀ ਪਤਨੀ ਹੈ।

ਪੰਜਾਬ ਵਿਚ ਵਿਸ਼ਨੂੰ ਉਪਾਸ਼ਕ, 'ਵੈਸ਼ਨੋ' ਕਾਫ਼ੀ ਗਿਣਤੀ ਵਿਚ ਹਨ।

## (ਵ-62) **ਵਿਸ਼ਨੂੰ ਉਪਾਸ਼ਕ, ਵੈਸ਼ਨੋ :**

ਵਿਸ਼ਨੂੰ ਦੇਵਤੇ ਦੇ ਉਪਾਸ਼ਕ ਵੈਸ਼ਨੋ ਅਖਵਾਉਂਦੇ ਹਨ। ਇਨ੍ਹਾਂ ਦੇ ਸੇਵਕ ਪੰਜਾਬ ਵਿਚ ਕਾਫ਼ੀ ਗਿਣਤੀ ਵਿਚ ਮਿਲਦੇ ਹਨ। ਵਿਸ਼ਨੂੰ ਹਿੰਦੂਆਂ ਦੀ ਤ੍ਰੈਮੂਰਤੀ ਦਾ ਇਕ ਪ੍ਰਮੁਖ ਦੇਵਤਾ ਹੈ, ਜੋ ਸ੍ਰਿਸ਼ਟੀ ਦੀ ਪਾਲਨਾ ਕਰਦਾ ਹੈ। ਪੰਜਾਬ

ਵਿਚ ਸਭ ਦੇਵੀ ਦੇਵਤਿਆਂ ਵਿਚੋਂ ਵਿਸ਼ਨੂੰ ਦੇ ਹੀ ਵਧ ਪੁਜਾਰੀ ਮਿਲਦੇ ਹਨ। ਵਿਸ਼ਨੂੰ ਨੇ ਕਈ ਅਵਤਾਰ ਧਾਰਨ ਕੀਤੇ, ਜਿਨ੍ਹਾਂ ਵਿਚੋਂ ਦੋ ਅਵਤਾਰ ਰਾਮ ਤੇ ਕ੍ਰਿਸ਼ਨ ਵਧੇਰੇ ਪ੍ਰਸਿਧ ਹਨ ਅਤੇ ਪੰਜਾਬ ਵਿਚ ਰਾਮ ਤੇ ਕ੍ਰਿਸ਼ਨ ਦੀ ਹੀ ਵਧੇਰੇ ਭਗਤੀ ਕੀਤੀ ਜਾਂਦੀ ਹੈ।

ਵੈਸ਼ਨੋ ਮਤ ਵਾਲਿਆਂ ਦੇ ਆਪਣੇ ਵੱਖਰੇ ਮੰਦਰ ਹਨ, ਜਿਨ੍ਹਾਂ ਵਿਚ ਵਿਸ਼ਨੂੰ ਦੀ ਮੂਰਤੀ ਦੀ ਪੂਜਾ ਕੀਤੀ ਜਾਂਦੀ ਹੈ। ਵਿਸ਼ਨੂੰ ਦੀ ਮੂਰਤੀ ਦੇ ਨਾਲ ਹੀ ਰਾਮ ਤੇ ਕ੍ਰਿਸ਼ਨ ਦੀਆਂ ਮੂਰਤੀਆਂ ਵੀ ਰਖੀਆਂ ਜਾਂਦੀਆਂ ਹਨ। ਵੈਸ਼ਨੋ ਮਾਸ ਤੋਂ ਪਰਹੇਜ਼ ਕਰਦੇ ਹਨ ਤੇ ਕਈ ਅਨੁਯਾਈ ਤਾਂ ਪਿਆਜ਼, ਥੋਮ ਤੇ ਸ਼ਰਾਬ ਨੂੰ ਵੀ ਨਹੀਂ ਛੂਹੰਦੇ। ਵੈਸ਼ਨੋ ਗਊ ਦਾ ਬੜਾ ਆਦਰ ਕਰਦੇ ਹਨ। ਕਈ ਵੈਸ਼ਨੋ ਤਾਂ ਕਿਸੇ ਦੂਜੇ ਦੇ ਹੱਥ ਦਾ ਪਕਿਆ ਭੋਜਨ ਵੀ ਨਹੀਂ ਖਾਂਦੇ।

ਇਨ੍ਹਾਂ ਦੇ ਧਾਰਮਿਕ ਗ੍ਰੰਥ ਚਾਰ ਵੇਦ, ਵਿਸ਼ਨੂੰ ਪੁਰਾਣ, ਰਾਮਾਇਣ, ਮਹਾਂਭਾਰਤ ਤੇ ਭਾਗਵਤ ਗੀਤਾ ਹਨ ਅਤੇ ਇਨ੍ਹਾਂ ਦੇ ਪਵਿਤਰ ਤੀਰਥ ਜਗਨ ਨਾਥ, ਦਵਾਰਕਾ ਨਾਥ, ਬਿੰਦਰਾਬਨ, ਮਥਰਾ, ਗਿਆ, ਗੰਗਾ, ਹਰਦੁਆਰ, ਪ੍ਰਯਾਗ ਤੇ ਕਾਂਸ਼ੀ ਆਦਿ ਹਨ।

ਵੈਸ਼ਨੋ ਸੰਸਕਾਰਾਂ ਨੂੰ ਵਿਧੀ ਪੂਰਵਕ ਕਰਦੇ ਤੇ ਇਕਾਦਸ਼ੀ ਉਤੇ ਵਰਤ ਰਖਦੇ ਹਨ। ਇਹ ਜੰਞੂ ਪਹਿਨਦੇ ਤੇ ਬੋਦੀ ਧਾਰਨ ਕਰਦੇ ਹਨ। ਵੈਸ਼ਨੋ ਵਧੇਰੇ ਕਰਕੇ ਖੱਤਰੀ, ਅਰੋੜੇ ਤੇ ਬ੍ਰਾਹਮਣ ਜਾਤੀ ਵਿਚ ਮਿਲਦੇ ਹਨ।

(ਵ-63) **ਵਿਸ਼ਨੂੰ ਪੁਰਾਣ :**

ਇਕ ਪੁਰਾਣ ਜੋ ਹਿੰਦੂ ਗ੍ਰੰਥਾਂ ਵਿਚ ਬੜਾ ਮਹੱਤਾ ਰਖਦਾ ਹੈ। ਇਸ ਪੁਰਾਣ ਵਿਚ ਵੈਸ਼ਨੋ ਮਤ ਦੇ ਸਿਧਾਂਤਾਂ ਬਾਰੇ ਵਿਸਥਾਰ ਨਾਲ ਚਰਚਾ ਮਿਲਦੀ ਹੈ। 'ਪੰਚਰਾਤਰ' ਸੰਪਰਦਾਇ ਵਾਲੇ ਵੀ ਇਸ ਪੁਰਾਣ ਪ੍ਰਤੀ ਆਦਰ ਭਾਵ ਰਖਦੇ ਹਨ।

ਵਿਲਸਨ ਇਸ ਪੁਰਾਣ ਦੀ ਮਹੱਤਤਾ ਬਾਰੇ ਇਉਂ ਲਿਖਦਾ ਹੈ : "ਸਾਰੇ ਪੁਰਾਣਾਂ ਵਿਚੋਂ ਵਿਸ਼ਨੂੰ ਪੁਰਾਣ ਹੀ ਪੁਰਾਣਾਂ ਦੀ ਪੰਚ ਲਕਸ਼ਣਾਂ ਦੀ ਪ੍ਰੀਭਾਸ਼ਾ ਦੇ ਨੇੜੇ ਤੇੜੇ ਪੁਜਦਾ ਹੈ ਅਥਵਾ ਇਸ ਵਿਚ ਪੰਜ ਵਿਸ਼ੇਸ਼ ਵਿਸ਼ਿਆਂ— ਸ੍ਰਿਸ਼ਟੀ ਦੀ ਆਰੰਭਕ ਰਚਨਾ, ਪਿਛਲੇਰੀ ਰਚਨਾ, ਦੇਵਤਿਆਂ ਤੇ ਕੁਲਪਤੀਆਂ ਦੀ ਵੰਸ਼ਾਵਲੀ, ਮਨੂਆਂ ਦੇ ਰਾਜ, ਇਤਿਹਾਸ ਆਦਿ ਅਨੇਕਾਂ ਵਿਸ਼ਿਆਂ ਦਾ ਵਰਨਣ ਕੀਤਾ ਗਿਆ ਹੈ। ਭਾਵੇਂ ਇਸ ਪੁਰਾਣ ਵਿਚ ਹੋਰ ਬਾਹਰਲੀਆਂ ਤੇ ਸੰਪਰਦਾਇਕ ਗੱਲਾਂ ਵੀ ਦਰਜ ਹਨ, ਪਰ ਇਹ ਬੜੀ ਜ਼ਬਤ ਤੇ ਸਿਆਣਪ ਨਾਲ ਲਿਆਂਦੀਆਂ ਗਈਆਂ ਹਨ ਅਤੇ ਕਿਸੇ ਧਾਰਮਿਕ ਭਾਵਨਾ ਦੇ ਅਧੀਨ ਮਿਥੇ ਰਾਹ ਤੋਂ ਬਹੁਤੀ ਦੂਰ ਨਹੀਂ ਗਈਆਂ।" ਇਸ ਪੁਰਾਣ ਵਿਚ 23000 ਸ਼ਲੋਕ ਹਨ।

ਵਿਸ਼ਨੂੰ ਪੁਰਾਣ ਵਿਚ ਕਈ ਪ੍ਰਸਿਧ ਪੁਰਾਣਿਕ ਕਥਾਵਾਂ ਧਰੂ ਭਗਤ, ਪ੍ਰਹਿਲਾਦ ਆਦਿ ਦੀਆਂ ਮਿਲਦੀਆਂ ਹਨ। ਭਾਵੇਂ ਇਹ ਕਥਾਵਾਂ ਭਾਗਵਤ ਪੁਰਾਣ ਵਿਚ ਵੀ ਦਰਜ ਹਨ, ਪਰ ਵਿਸ਼ਨੂੰ ਪੁਰਾਣ ਵਿਚ ਇਹ ਕਥਾਵਾ ਵਧੇਰੇ ਸਾਰ ਤੇ ਪ੍ਰਾਚੀਨ ਰੂਪ ਵਿਚ ਹਨ। ਭਾਗਵਤ ਪੁਰਾਣ ਵਿਚ ਇਨ੍ਹਾਂ ਦਾ ਵਰਨਣ ਵਿਸਥਾਰ ਪੂਰਵਕ ਹੈ।

ਵਿਸ਼ਨੂੰ ਪੁਰਾਣ ਅਨੁਸਾਰ, ਕ੍ਰਿਸ਼ਨ ਵਿਸ਼ਨੂੰ ਦੇ ਇਕ ਵਾਲ ਤੋਂ ਅਵਤਰਣ ਹੋਇਆ। ਜਿਸ ਦਾ ਭਾਵ ਹੈ ਕਿ ਕ੍ਰਿਸ਼ਨ ਵਿਚ ਵਿਸ਼ਨੂੰ ਦਾ ਰਿਣਕੁ ਅੰਸ਼ ਹੀ ਅਵਤਰਣ ਹੋਇਆ ਸੀ, ਪਰ ਭਾਗਵਤ ਪੁਰਾਣ ਵਿਚ ਕ੍ਰਿਸ਼ਨ ਨੂੰ ਹੀ ਭਾਗਵਤ ਮੰਨਿਆ ਗਿਆ ਹੈ।

ਵਿਦਵਾਨਾਂ ਦਾ ਆਮ ਮਤ ਹੈ ਕਿ ਇਹ ਪੁਰਾਣ ਪੰਜਵੀਂ ਸਦੀ ਈਸਵੀ ਦੇ ਨੇੜੇ ਰਚਿਆ ਗਿਆ ਕਿਉਂ ਜੋ ਇਸ ਵਿਚ ਬੁੱਧ ਮਤ ਅਤੇ ਜੈਨ ਮਤ ਬਾਰੇ ਜੋ ਵਿਚਾਰ ਦਰਜ ਹਨ ਉਹ ਬ੍ਰਾਹਮਣੀ ਮਤ ਦੀ ਪੁਨਰ ਸਥਾਪਤੀ ਤੇ ਗੌਰਵ ਸਮੇਂ ਹੀ ਲਿਖੇ ਜਾ ਸਕਦੇ ਸਨ। ਪਰ ਸੀ. ਵੀ. ਵੈਦਿਆ ਨੇ ਇਹ ਸਿਧ ਕਰਨ ਦਾ ਯਤਨ ਕੀਤਾ ਹੈ ਕਿ ਵਿਸ਼ਨੂੰ ਪੁਰਾਣ ਨੌਵੀਂ ਸਦੀ ਈਸਵੀ ਤੋਂ ਪਹਿਲਾਂ ਦੀ ਰਚਨਾ ਨਹੀਂ।

ਵਿਸ਼ਨੂੰ ਪੁਰਾਣ ਤੇ ਭਾਗਵਤ ਪੁਰਾਣ ਦੀ ਤੁਲਨਾ ਕੀਤੀ ਜਾਵੇ ਤਾਂ ਵਿਸ਼ਨੂੰ ਪੁਰਾਣ ਵਿਚ ਕੁਝ ਕਥਾਵਾਂ, ਜੋ ਸਾਰ ਤੇ ਪ੍ਰਾਚੀਨ ਰੂਪ ਵਿਚ ਉਪਲਬਧ ਹਨ, ਭਾਗਵਤ ਵਿਚ ਵਿਸਥਾਰ ਨਾਲ ਮਿਲਦੀਆਂ ਹਨ, ਜਿਸ ਤੋਂ ਅਨੁਮਾਨ ਲਗਾਇਆ ਗਿਆ ਹੈ ਕਿ 'ਵਿਸ਼ਨੂੰ ਪੁਰਾਣ' 'ਭਾਗਵਤ ਪੁਰਾਣ' ਤੋਂ ਪਹਿਲਾਂ ਦੀ ਕ੍ਰਿਤ ਹੈ। ਭਾਗਵਤ ਪੁਰਾਣ ਬਾਰੇ ਵਿਦਵਾਨ ਸਹਿਮਤ ਹਨ ਕਿ ਇਹ ਛੇਵੀਂ ਸਦੀ ਤੋਂ ਪਹਿਲਾਂ ਦੀ ਰਚਨਾ ਹੈ। ਸੋ, ਵਿਸ਼ਨੂੰ ਪੁਰਾਣ ਪੰਜਵੀਂ ਸਦੀ ਜਾਂ ਇਸ ਤੋਂ ਪਹਿਲਾਂ ਦੀ ਕ੍ਰਿਤ ਹੈ। ਕਈ ਵਿਦਵਾਨਾਂ ਨੇ ਇਹ ਸਿਧ ਕੀਤਾ ਕਿ ਵਿਸ਼ਨੂੰ ਪੁਰਾਣ ਤੀਜੀ ਸਦੀ ਈਸਵੀ ਦੇ ਅਖ਼ੀਰਲੇ ਪੰਜੀਵੇਂ ਜਾਂ ਚੌਥੀ ਸਦੀ ਦੇ ਪਹਿਲੇ ਪੰਜੀਵੇਂ ਵਿਚ ਰਚਿਆ ਗਿਆ।

(ਵ-64) **ਵਿਸ਼ਵਕਰਮਾ :**

ਇਕ ਦੇਵਤਾ, ਜਿਸ ਨੇ ਸਭ ਤੋਂ ਪਹਿਲਾਂ ਖੱਡੀ ਤੇ ਚਰਖਾ ਆਦਿ ਬਣਾਇਆ ਤੇ ਮਨੁੱਖ ਨੂੰ ਕੱਤ ਬੁਣ ਕੇ ਆਪਣਾ ਤਨ ਢੱਕਣਾ ਸਿਖਾਇਆ। ਕਾਰੀਗਰ ਵਿਸ਼ਵਕਰਮਾ ਦੀ ਪੂਜਾ ਦੀਵਾਲੀ ਤੋਂ ਅਗਲੇ ਦਿਨ ਕਰਦੇ ਹਨ।

**(ਵ-65) ਵਿਸਾਖ :**

ਪੁਰਾਣਾਂ ਵਿਚ ਇਸ ਮਹੀਨੇ ਦਾ ਨਾਂ ਮਾਧਵ ਮਾਸ ਹੈ ਅਤੇ ਇਸ ਮਹੀਨੇ ਦੇ ਇਸ਼ਨਾਨ ਤੇ ਵਰਤ ਦੇ ਮਹਾਤਮ ਦਾ ਉਲੇਖ ਵੀ ਪੁਰਾਣਾਂ ਵਿਚ ਮਿਲਦਾ ਹੈ।

**(ਵ-66) ਵਿਸਾਖ ਇਸ਼ਨਾਨ :**

ਵਿਸਾਖ ਦੇ ਮਹੀਨੇ ਵਿਚ ਕਿਸੇ ਪਾਵਨ ਤੀਰਥ, ਨਦੀ ਜਾਂ ਸਰੋਵਰ ਵਿਚ ਇਸ਼ਨਾਨ ਕਰਨ ਦਾ ਬੜਾ ਮਹੱਤਵ ਹੈ। ਇਹ ਇਸ਼ਨਾਨ ਚੇਤਰ ਦੀ ਪੂਰਨਮਾ ਤੋਂ ਆਰੰਭ ਹੋ ਕੇ ਵਿਸਾਖ ਦੀ ਪੂਰਨਮਾ ਤਕ ਚਲਦਾ ਹੈ। ਵੈਸ਼ਨੋ ਮਤ ਵਾਲੇ ਇਸ਼ਨਾਨ ਵਿਚਾਲੇ ਵਿਸ਼ਨੂੰ ਦੀ ਮੂਰਤੀ ਦੀ ਪੂਜਾ ਕਰਦੇ ਤੇ ਉਸ ਨੂੰ ਤੁਲਸੀ ਦੇ ਪੱਤੇ ਭੇਟ ਚਾੜ੍ਹਦੇ ਹਨ। ਇਸ਼ਨਾਨ ਤੋਂ ਵਿਹਲੇ ਹੋ ਕੇ, ਪਿੱਪਲ ਦੇ ਬ੍ਰਿਛ ਨੂੰ, ਪਾਣੀ ਦੇ ਕੇ, ਸੱਤ ਪ੍ਰਕਰਮਾ ਕਰਦੇ ਹਨ ਤੇ ਭੇਟਾ ਚਾੜ੍ਹਦੇ ਹਨ। ਪਿੱਪਲ ਦੇ ਬ੍ਰਿਛ ਹੇਠਾਂ ਹੀ ਪਿੱਤਰਾਂ ਵਲ ਧਿਆਨ ਧਰ ਕੇ ਤਰਪਣ ਕਰਨ ਅਤੇ ਸੰਧਿਆ ਤੇ ਗਾਇਤਰੀ ਦੇ ਜਾਪ ਕਰਨ ਦਾ ਬੜਾ ਮਹੱਤਵ ਹੈ। ਇਸ ਉਪਰੰਤ ਭੋਜਨ ਖਾਧਾ ਜਾਂਦਾ ਹੈ।

ਵਿਸਾਖ ਦੇ ਮਹੀਨੇ ਜਲ ਦਾਨ, ਸੂਤਰ ਦਾਨ, ਪੱਖਾ, ਚਟਾਈ ਦਾ ਦਾਨ ਵਿਸ਼ੇਸ਼ ਫਲਦਾਇਕ ਮੰਨਿਆ ਜਾਂਦਾ ਹੈ।

ਜੇ ਕੋਈ ਕਿਸੇ ਕਾਰਨਵਸ ਸਾਰਾ ਮਹੀਨਾ ਇਸ਼ਨਾਨ ਨਾ ਕਰ ਸਕੇ, ਤਾਂ ਉਹ ਚਾਨਣ ਪੱਖ ਦੀਆਂ ਅਖ਼ੀਰਲੀਆਂ ਤਿੰਨ ਤਿੱਥੀਆਂ—ਤ੍ਰਯੋਦਸ਼ੀ, ਚਤੁਰਦਸ਼ੀ ਤੇ ਪੂਰਨਮਾਸ਼ੀ ਨੂੰ ਵਿਧੀ ਪੂਰਵਕ ਇਸ਼ਨਾਨ ਕਰੇ ਤਾਂ ਸਾਰੇ ਮਹੀਨੇ ਦੇ ਇਸ਼ਨਾਨ ਦਾ ਫਲ ਮਿਲਦਾ ਹੈ।

ਵਿਸਾਖ ਇਸ਼ਨਾਨ ਦਾ ਮਹਾਤਮ ਵਧਾਉਣ ਲਈ ਕਈ ਸ਼ਰਧਾਲੂ ਵਰਤ ਵੀ ਰਖਦੇ ਹਨ।

**(ਵ-67) ਵਿਸਾਖ ਸੁਦੀ ਤਿੰਨ :**

ਗੁਰੂ ਨਾਨਕ ਦੇਵ ਜੀ ਦਾ ਜਨਮ, ਪੁਰਾਤਨ ਜਨਮ ਸਾਖੀ ਅਨੁਸਾਰ, ਵਿਸਾਖ ਸੁਦੀ ਤਿੰਨ ਸੰਮਤ 1526 ਬਿਕ੍ਰਮੀ ਨੂੰ, ਰਾਇ ਭੋਇੰ ਦੀ ਤਲਵੰਡੀ, ਜ਼ਿਲਾ ਸ਼ੇਖ਼ੂਪੁਰਾ ਵਿਚ ਹੋਇਆ। ਅੰਗਰੇਜ਼ੀ ਵਰ੍ਹੇ ਅਨੁਸਾਰ ਇਹ ਤਾਰੀਖ਼ 15 ਅਪ੍ਰੈਲ ਸੰਨ 1469 ਈਸਵੀ ਬਣਦੀ ਹੈ। ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ ਹਰ ਸਾਲ ਕੱਤਕ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ। ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਨੂੰ ਲਿਖਿਆ ਹੋਇਆ ਹੈ। ਕਰਮ ਸਿੰਘ ਹਿਸਟੋਰੀਅਨ ਨੇ 'ਕਤਕਿ ਕਿ ਵਿਸਾਖ' ਨਾਉਂ ਦੀ ਪੁਸਤਕ ਵਿਚ, ਇਤਿਹਾਸਕ ਸਬੂਤ ਪੇਸ਼ ਕਰਦਿਆਂ ਸਿੱਧ ਕੀਤਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਕੱਤਕ ਦੀ ਥਾਂ ਵਿਸਾਖ ਵਿਚ ਜਨਮ ਧਾਰਨ ਕੀਤਾ ਸੀ। ਹੁਣ ਸਾਰੇ ਸਿੱਖ ਇਤਿਹਾਸਕਾਰ ਇਸ ਗੱਲ ਨਾਲ ਸਹਿਮਤ ਹਨ। ਪਰ ਗੁਰੂ ਨਾਨਕ ਦੇਵ ਜੀ ਦਾ ਜਨਮ ਉਤਸਵ ਕੱਤਕ ਦੀ ਪੂਰਨਮਾਸ਼ੀ ਨੂੰ ਮਨਾਉਣ ਦੀ ਪਰੰਪਰਾ ਚਲੀ ਆ ਰਹੀ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਪਰੰਪਰਾ ਕਈ ਵਾਰ ਇਤਿਹਾਸਕ ਸੱਚਾਈ ਨਾਲੋਂ ਵੀ ਵਧੇਰੇ ਪ੍ਰਬਲ ਹੁੰਦੀ ਹੈ।

**(ਵ-68) ਵਿਸਾਖ ਦੀ ਸੰਗਰਾਂਦ :**

ਜੇ ਵਿਸਾਖ ਦੀ ਸੰਗਰਾਂਦ ਨੂੰ,ਦਿਨ ਦੇ ਪਹਿਲੇ ਦੋ ਪਹਿਰ ਮੌਸਮ ਸਾਫ਼ ਤੇ ਸ਼ਾਂਤ ਹੋਵੇ, ਤਾਂ ਇਸ ਨੂੰ ਚੰਗਾ ਸ਼ਗਨ ਮੰਨਿਆ ਜਾਂਦਾ ਹੈ ਅਤੇ ਜੋ ਸਬਜ਼ੀਆਂ, ਪਿਛਲੇ ਸਾਲ ਦੇ ਅੰਤ ਵਿਚ ਬੀਜੀਆਂ ਹੁੰਦੀਆਂ ਹਨ, ਇਨ੍ਹੀਂ ਦਿਨੀਂ ਪੱਕਦੀਆਂ ਹਨ ਅਥਵਾ ਫੁੱਲ ਪੈਂਦੇ ਹਨ, ਉਹ ਕਾਫ਼ੀ ਮਾਤਰਾ ਵਿਚ ਹੁੰਦੀਆਂ ਹਨ। ਜੇ ਦਿਨ ਦੇ ਪਹਿਲੇ ਪਹਿਰਾਂ ਵਿਚ ਝੱਖੜ ਝੁਲੇ ਅਥਵਾ ਮੌਸਮ ਖ਼ਰਾਬ ਹੋਵੇ, ਤਾਂ ਫ਼ਸਲ ਬਹੁਤ ਨਹੀਂ ਹੁੰਦੀ। ਪੱਛਮੀ ਪੰਜਾਬ ਦੇ ਗੁਜਰਾਤ ਜ਼ਿਲੇ ਵਿਚ ਇਹ ਵਿਸ਼ਵਾਸ ਆਮ ਪ੍ਰਚਲਤ ਹੈ।

ਇਕ ਹੋਰ ਧਾਰਨਾ ਅਨੁਸਾਰ ਜੇ ਵਿਸਾਖ ਸੁਦੀ ਇਕ ਨੂੰ ਮੀਂਹ ਵਸੇ ਅਤੇ ਬਿਜਲੀ ਚਮਕੇ ਤਾਂ ਫਸਲ ਬੜੀ ਬਹੁਤਾਤ ਵਿਚ ਹੁੰਦੀ ਹੈ। ਪਹਿਲੀ ਵਿਸਾਖ ਨੂੰ ਜੇ ਵੀਰਵਾਰ ਤੇ ਰੋਹਣੀ ਨਛਤ੍ਰ ਦਾ ਯੋਗ ਹੋਵੇ, ਤਾਂ ਅੰਨ ਬਹੁਤ ਹੁੰਦਾ ਹੈ।

**(ਵ-69) ਵਿਸਾਖਾ :**

ਸਤਾਈ ਨਛਤ੍ਰਾਂ ਵਿਚੋਂ ਸੋਲਵਾਂ ਨਛਤ੍ਰ; ਵਿਸਾਖਾ ਮੰਗਲ ਕਾਰਜਾਂ ਲਈ ਬੜਾ ਸ਼ੁਭ ਮੰਨਿਆ ਜਾਂਦਾ ਹੈ।

**(ਵ-70) ਵਿਸਾਖੀ :**

ਵਿਸਾਖੀ ਇਕ ਰਾਸ਼ਟਰੀ ਤਿਉਹਾਰ ਹੈ, ਜੋ ਪਹਿਲੀ ਵਿਸਾਖ ਨੂੰ ਪੰਜਾਬ ਵਿਚ ਬੜੇ ਚਾਅ ਨਾਲ ਮਨਾਇਆ ਜਾਂਦਾ ਹੈ। ਇਸ ਦਾ ਮੁੱਢ ਪ੍ਰਕ੍ਰਿਤੀ ਪੂਜਾ ਨਾਲ ਹੋਇਆ। ਇਹ ਬੜਾ ਪ੍ਰਾਚੀਨ ਹੈ। ਜਦੋਂ ਕਦੇ ਪਹਿਲੀ ਵਾਰ, ਪੰਜਾਬ ਦੇ ਵਾਸੀਆਂ ਨੇ ਭੋਇੰ ਤੋਂ ਅੰਨ ਪ੍ਰਾਪਤ ਕੀਤਾ, ਉਦੋਂ ਤੋਂ ਹੀ ਇਸ ਨੂੰ ਮਨਾਇਆ ਜਾ ਰਿਹਾ ਹੈ।

ਵਿਸਾਖੀ ਵਿਸਾਖ ਦੇ ਪਹਿਲੇ ਦਿਨ ਮਨਾਈ ਜਾਂਦੀ ਹੈ। ਵਿਸਾਖ ਦੇ ਮਹੀਨੇ ਦਾ ਨਾਂ ਵਿਸਾਖਾ ਨਖਸ਼ਤਰ ਤੋਂ ਰਖਿਆ ਗਿਆ ਹੈ, ਕਿਉਂ ਜੋ ਪੰਜਾਬ ਵਿਚ ਮਹੀਨਿਆਂ ਦੇ ਨਾਂ ਨਖਸ਼ਤਰਾਂ ਉਤੇ ਰਖੇ ਗਏ ਹਨ। ਵਿਸਾਖੀ ਸੂਰਜ ਵਰਸ਼ ਦਾ ਪਹਿਲਾ ਦਿਨ ਹੈ। ਇਸ ਦਿਨ ਸੂਰਜ ਪਹਿਲੀ

ਰਾਸ਼ੀ ਮੇਖ ਵਿਚ ਪ੍ਰਵੇਸ਼ ਕਰਦਾ ਹੈ। ਇਸੇ ਲਈ ਇਸ ਦਿਨ ਨੂੰ ਮੇਖ ਸਕਰਾਂਤੀ (ਸੰਗਰਾਂਦ) ਵੀ ਕਿਹਾ ਜਾਂਦਾ ਹੈ। ਧਾਰਨਾ ਹੈ ਵਿਸਾਖੀ ਵਾਲੇ ਦਿਨ ਦਿਨ-ਰਾਤ ਇਕ-ਬਰਾਬਰ ਹੁੰਦੇ ਹਨ, ਇਸ ਲਈ ਵਿਸਾਖੀ ਨੂੰ ਸੰਵਤਸਰ ਵੀ ਕਿਹਾ ਜਾਂਦਾ ਹੈ।

ਪਦਮ ਪੁਰਾਣ ਅਨੁਸਾਰ ਵਿਸਾਖੀ ਦਾ ਦਿਵਸ ਬੜਾ ਮਹੱਤਵਪੂਰਨ ਹੈ ਤੇ ਇਸ ਨੂੰ 'ਮਾਧਵ ਮਾਸ' ਕਿਹਾ ਗਿਆ ਹੈ। ਭਗਵਾਨ ਨੂੰ ਇਹ ਦਿਵਸ ਬੜਾ ਪਿਆਰਾ ਹੈ, ਇਸੇ ਲਈ ਇਸ ਦਿਨ ਵੱਡੇ ਵੱਡੇ ਤੀਰਥਾਂ ਉਤੇ ਕੁੰਭ ਲਗਦੇ ਹਨ। ਵਿਸਾਖੀ ਨੂੰ ਥਾਂ ਥਾਂ ਮੇਲੇ ਭਰਦੇ ਹਨ ਤੇ ਭੰਗੜੇ ਪਾਏ ਜਾਂਦੇ ਹਨ।

ਵਿਸਾਖੀ ਦੀ ਇਤਿਹਾਸਕ ਮਹੱਤਾ ਵੀ ਹੈ। ਇਸੇ ਸ਼ੁਭ ਦਿਵਸ ਉਤੇ ਗੁਰੂ ਗੋਬਿੰਦ ਸਿੰਘ ਜੀ ਨੇ 1699 ਨੂੰ ਖ਼ਾਲਸਾ ਧਰਮ ਦੀ ਸਾਜਨਾ ਕੀਤੀ ਸੀ ਅਤੇ ਸੰਸਾਰ ਵਿਚ ਇਕ ਨਵਾਂ ਧਰਮ ਹੋਂਦ ਵਿਚ ਆਇਆ।

(ਵ-71) **ਵਿਸਾਖੀ (ਬਲਦਾਂ ਦੀ ਦੌੜ)** :

ਪੰਜਾਬ ਵਿਚ ਦਾਂਦਾਂ (ਬਲਦਾਂ) ਦੀ ਦੌੜ ਇਕ ਵਿਸ਼ੇਸ਼ ਮਨ-ਪਰਚਾਵਾ ਰਿਹਾ ਹੈ। ਇਸ ਦੌੜ ਨੂੰ ਮੁਜ਼ਫਰਗੜ੍ਹ ਜ਼ਿਲੇ ਵਿਚ 'ਵਿਸਾਖੀ' ਕਿਹਾ ਜਾਂਦਾ ਹੈ (ਮੁਜ਼ਫ਼ਰਗੜ੍ਹ ਗਜ਼ਟੀਅਰ)। ਮੁੱਢ ਵਿਚ ਇਹ ਦੌੜ ਵਿਸਾਖ ਦੇ ਮਹੀਨੇ ਹੁੰਦੀ ਸੀ, ਜਦੋਂ ਜੱਟ ਹਾੜੀ ਦੀ ਫਸਲ ਤੋਂ ਵਿਹਲੇ ਹੁੰਦੇ ਸਨ। ਇਸੇ ਤੋਂ ਇਸ ਦਾ ਨਾਂ ਵਿਸਾਖੀ ਪੈ ਗਿਆ। ਦਾਂਦਾਂ ਦੀ ਜੋੜੀ ਨੂੰ ਖੂਹ ਨਾਲ ਜੋਤ ਦਿਤਾ ਜਾਂਦਾ ਸੀ ਅਤੇ ਫਿਰ ਅੱਧੇ ਘੰਟੇ ਲਈ ਤੇਜ਼ੀ ਨਾਲ ਉਸ ਨੂੰ ਹੱਕਿਆ ਜਾਂਦਾ। ਫਿਰ ਵਾਰੋ ਵਾਰੀ, ਦੂਜੀਆਂ ਜੋੜੀਆਂ ਵੀ ਖੂਹ ਨਾਲ, ਜੋਤ ਕੇ ਹੱਕੀਆਂ ਜਾਂਦੀਆਂ। ਫਿਰ ਦਰਸ਼ਕ ਫ਼ੈਸਲਾ ਕਰਦੇ ਕਿ ਕਿਹੜੀ ਜੋੜੀ ਸਭ ਤੋਂ ਤੇਜ਼ ਰਹੀ ਹੈ। ਕਈ ਵਾਰ ਖੁਲ੍ਹੇ ਖੇਤਾਂ ਵਿਚ ਵੀ ਦਾਂਦਾਂ ਦੀ ਦੌੜ ਲਗਾਈ ਜਾਂਦੀ ਹੈ। ਪੰਜਾਬ ਦੇ ਹੋਰ ਇਲਾਕਿਆਂ ਵਿਚ ਵੀ ਦਾਂਦਾਂ ਦੀ ਦੌੜ ਦਾ ਰਿਵਾਜ ਆਮ ਸੀ।

(ਵ-72) **ਵਿਹੁ ਦੇਣਾ** :

ਵਿਹੁ ਦੇ ਕੇ ਮਾਰਨ ਦਾ ਅਪਰਾਧ ਭਾਰਤ ਵਿਚ ਬੜਾ ਪ੍ਰਾਚੀਨ ਹੈ। ਜ਼ਹਿਰ ਦਾ ਵਿਪਾਰ ਕਰਨਾ ਵੀ ਚੰਗਾ ਨਹੀਂ ਸੀ ਸਮਝਿਆ ਜਾਂਦਾ। ਉਚ-ਸ਼੍ਰੇਣੀ ਦਾ ਕੋਈ ਬੰਦਾ, ਜੇ ਜ਼ਹਿਰ ਦਾ ਵਿਪਾਰ ਕਰੇ, ਤਾਂ ਉਹ ਸੱਤਾਂ ਦਿਨਾਂ ਵਿਚ ਹੀ ਡਿਗ ਕੇ ਵੈਸ਼ ਦੀ ਪਦਵੀ ਉਤੇ ਆ ਜਾਂਦਾ ਹੈ।

ਸ਼ਿਵ ਨੇ 'ਸਾਗਰ ਮੰਥਨ' ਦੇ ਵੇਲੇ ਸਮੁੰਦਰ ਦਾ ਸਾਰਾ ਵਿਹੁ ਪੀ ਕੇ, ਆਪਣੇ ਗਲੇ ਵਿਚ ਟਿਕਾ ਲਿਆ ਤੇ ਸੰਸਾਰ ਨੂੰ ਖ਼ਤਮ ਹੋਣ ਤੋਂ ਬਚਾ ਲਿਆ। ਇਸੇ ਲਈ ਸ਼ਿਵ ਨੂੰ ਨੀਲ ਕੰਠ ਵੀ ਕਹਿੰਦੇ ਹਨ। ਪੁਰਾਣਾਂ ਅਨੁਸਾਰ ਕ੍ਰਿਸ਼ਨ ਨੂੰ ਪੂਤਨਾ ਨੇ ਜ਼ਹਿਰ ਦੇ ਕੇ ਮਾਰਨ ਦੀ ਇੱਛਾ ਨਾਲ ਆਪਣਾ ਦੁੱਧ ਚੁੰਘਾਇਆ, ਪਰ ਕ੍ਰਿਸ਼ਨ ਨੇ ਦੁੱਧ ਚੁੰਘਦਿਆਂ ਉਸ ਦੀ ਜਿੰਦ ਹੀ ਖਿਚ ਲਈ।

ਵਿਸ-ਕੰਨਿਆਂ ਰਾਹੀਂ ਵੀ ਜ਼ਹਿਰ ਦੇਣ ਦਾ ਰਵਾਜ ਰਿਹਾ ਹੈ। ਰਾਜੇ ਖ਼ੂਬਸੂਰਤ ਵਿਸ-ਕੰਨਿਆਂ ਨੂੰ ਆਪਣੇ ਦੁਸ਼ਮਨਾਂ ਦਾ ਨਾਸ਼ ਕਰਨ ਲਈ ਵਰਤਦੇ ਸਨ (ਵੇਖੋ : ਵਿਸ-ਕੰਨਿਆਂ)।

ਕਿਹਾ ਜਾਂਦਾ ਹੈ ਕਿ ਮੁਹੰਮਦ ਗ਼ਜ਼ਨੀ ਨੇ ਇਕ ਵਾਰ ਸੇਬਾਂ ਨਾਲ ਲੱਦੇ ਊਠ ਦੇ ਸਾਰੇ ਸੇਬ ਜ਼ਹਿਰੀਲੇ ਕਰ ਕੇ, ਡਾਕੂਆਂ ਦੇ ਇਕ ਟੋਲੇ ਤੋਂ ਛੁਟਕਾਰਾ ਪਾਇਆ ਸੀ।

ਸ਼ਾਹਜਹਾਨ ਨੇ ਆਪਣੇ ਇਕ ਦਰਬਾਰੀ ਨੂੰ ਭਰੇ ਦਰਬਾਰ ਵਿਚ ਪਾਨ ਦਾ ਜ਼ਹਿਰੀਲਾ ਪੱਤਾ ਖਵਾ ਕੇ ਮਾਰ ਦਿਤਾ।

ਮਹਿਲਾਂ ਦੇ ਜ਼ਨਾਨਖ਼ਾਨੇ ਵਿਚ ਅਣਚਾਹੀਆਂ ਤੀਵੀਆਂ ਨੂੰ ਸਹਿਜੇ ਹੀ ਜ਼ਹਿਰ ਮਿਲਾ ਕੇ ਦੇ ਦਿਤਾ ਜਾਂਦਾ ਤੇ ਪਿਛੋਂ ਪੇਟ ਪੀੜ ਜਾਂ ਹੈਜ਼ੇ ਨਾਲ ਮਰਨ ਦੀ ਗੱਲ ਉਡਾ ਦਿਤੀ ਜਾਂਦੀ ਰਹੀ।

ਪਸ਼ੂਆਂ ਨੂੰ ਆਮ ਤੌਰ ਤੇ 'ਰੱਤੀਆਂ' ਖਵਾ ਦਿਤੀਆਂ ਜਾਂਦੀਆਂ ਹਨ।

ਠੱਗ ਮਠਿਆਈ ਵਿਚ ਧਤੂਰਾ ਆਦਿ ਮਿਲਾ ਕੇ ਮੁਸਾਫ਼ਰਾਂ ਨੂੰ ਖਵਾ ਦੇਂਦੇ ਤੇ ਫਿਰ ਉਨ੍ਹਾਂ ਦਾ ਮਾਲ ਲੁੱਟ ਲੈਂਦੇ ਸਨ।

ਕਰਨਲ ਟਾਡ ਨੇ ਅਜਿਹੀਆਂ ਕਥਾਵਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਵਿਚ ਕਈ ਸ਼ਹਿਜ਼ਾਦੇ ਰਾਜਪੂਤਾਨੇ 'ਚ ਕੇਵਲ ਜ਼ਹਿਰੀਲੇ ਕਪੜੇ ਪਹਿਨਣ ਨਾਲ ਮਰ ਜਾਂਦੇ। ਕੱਚ ਪੀਹ ਕੇ ਜਾਂ ਹੀਰੇ ਦੀ ਸਵਾਹ ਵੀ ਜ਼ਹਿਰ ਵਜੋਂ ਦਿਤੀ ਜਾਂਦੀ ਰਹੀ।

(ਵ-73) **ਵਿਹੁ ਪ੍ਰੀਖਿਆ** :

ਸੱਚ ਤੇ ਝੂਠ ਦਾ ਨਿਰਨਾ ਕਰਨ ਲਈ ਕੁਲੂ ਦੇ ਇਲਾਕੇ ਵਿਚ ਵਿਹੁ-ਪ੍ਰੀਖਿਆ ਦਾ ਰਵਾਜ ਸੀ। ਦੋਵੇਂ ਧਿਰਾਂ ਇਕ ਇਕ ਬਕਰੀ ਚੁਣ ਲਿਆਉਂਦੀਆਂ ਸਨ। ਪੁਜਾਰੀ ਇਨ੍ਹਾਂ ਦੀ ਖਲੜੀ ਵਿਚ ਜ਼ਹਿਰ ਦੀ ਪੁਠ ਲਗਾ ਦੇਂਦਾ ਸੀ। ਇਸ ਜ਼ਹਿਰ ਕਾਰਨ ਦੋਵੇਂ ਬਕਰੀਆਂ ਮਰ ਜਾਂਦੀਆਂ ਸਨ, ਪਰ ਜਿਸ ਦੀ ਬਕਰੀ ਪਹਿਲਾਂ ਮਰ ਜਾਂਦੀ, ਉਸ ਨੂੰ ਦੋਸ਼ੀ ਮੰਨ ਲਿਆ ਜਾਂਦਾ।

(ਵ-74) **ਵਿਹੰਮ** :

ਬਹਾਵਲਪੁਰ ਸਟੇਟ ਦੇ ਮੁਸਲਮਾਨਾਂ ਵਿਚ ਪ੍ਰਚਲਤ ਇਕ ਰਸਮ। ਬੱਚੇ ਦੇ ਜੰਮਣ ਤੋਂ ਬਾਅਦ 8ਵੇਂ, 21ਵੇਂ ਤੇ

40ਵੇਂ ਦਿਨ, ਜਦੋਂ ਜਣਨੀ ਇਸ਼ਨਾਨ ਕਰਦੀ ਹੈ ਤਾਂ ਉਸ ਦੇ ਮਾਂ ਪਿਉ ਉਸ ਨੂੰ ਘਿਉ, ਆਟੇ ਤੇ ਗੁੜ ਦੀਆਂ ਬਣੀਆਂ ਪਿੰਨੀਆਂ, ਇਕ ਤ੍ਰੇਵਰ ਜਣਨੀ ਲਈ ਤੇ ਇਕ ਬੱਚੇ ਲਈ, ਜੇ ਲੜਕਾ ਹੋਵੇ ਤਾਂ ਇਕ ਦੁਪੱਟਾ, ਇਕ ਟੋਪੀ ਤੇ ਇਕ ਚੋਲਾ, ਪਰ ਜੇ ਲੜਕੀ ਹੋਵੇ ਤਾਂ ਇਕ ਘੱਗਰੀ ਤੇ ਇਕ ਚੁੰਨੀ ਦਿਤੀ ਜਾਂਦੀ ਹੈ। ਜੇ ਮਾਪੇ ਅਮੀਰ ਹੋਣ ਤਾਂ ਉਹ ਚਾਂਦੀ ਦੇ ਕੜੇ, ਹੱਸਲੀ ਤੇ ਸੋਨੇ ਦੀ ਮੋਹਰ ਵੀ ਬੱਚੇ ਨੂੰ ਦੇਂਦੇ ਹਨ (ਬਹਾਵਲਪੁਰ ਗਜ਼ਟੀਅਰ, 95)।

ਹਿੰਦੂਆਂ ਵਿਚ ਇਹ ਰਸਮ 'ਰੀਤ' ਅਖਵਾਉਂਦੀ ਹੈ ਜੋ ਕੁਝ ਵੱਖਰੀ ਹੈ।

(ਵ-75) **ਵਿਕਰਮ** :

ਭਾਰਤੀ ਲੋਕ-ਕਥਾਵਾਂ ਦਾ ਇਕ ਪ੍ਰਸਿਧ ਲੋਕ-ਨਾਇਕ। ਭਾਰਤ ਦੇ ਦੋ ਪੁਰਾਣੇ ਲੋਕ-ਕਥਾਵਾਂ ਦੇ ਸੰਗ੍ਰਹਿ 'ਬੇਤਾਲ ਪਚੀਸੀ' ਤੇ 'ਸਿੰਘਾਸਨ ਬਤੀਸੀ' ਦੀਆਂ ਕਥਾਵਾਂ ਦਾ ਨਾਇਕ।

ਵਿਕਰਮ ਇਤਿਹਾਸਕ ਵਿਅਕਤੀ ਹੈ ਜਾਂ ਮਿਥਕ? ਨਿਰਨੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਇਤਿਹਾਸ ਵਿਚ ਵਿਕਰਮ ਕਈ ਹੋਏ ਹਨ ਤੇ ਕਈ ਰਾਜਿਆਂ ਤੇ ਪਾਤਸ਼ਾਹਾਂ ਨੇ, 'ਵਿਕਰਮ' ਦੀ ਉਪਾਧੀ ਆਪਣੇ ਨਾਂ ਨਾਲ ਜੋੜੀ, ਇਸ ਲਈ ਇਹ ਲੱਭਣਾ ਹੋਰ ਵੀ ਕਠਨ ਹੋ ਜਾਂਦਾ ਹੈ ਕਿ ਅਸਲੀ ਵਿਕਰਮ ਕੌਣ ਹੈ।

ਇਕ ਵਿਕਰਮ ਦਾ ਜ਼ਿਕਰ ਜੈਨੀ ਸਾਹਿਤ ਵਿਚ ਆਮ ਮਿਲਦਾ ਹੈ। ਇਕ ਵਿਕਰਮ, ਜੋ ਇਤਿਹਾਸ ਵਿਚ ਬੜਾ ਪ੍ਰਸਿਧ ਹੈ 57 ਜਾਂ 58 ਬੀ.ਸੀ. ਵਿਚ ਹੋਇਆ, ਜਿਸ ਨੇ ਵਿਕਰਮੀ ਸੰਮਤ ਆਰੰਭ ਕੀਤਾ। ਹੋ ਸਕਦਾ ਹੈ ਕਿ ਜੈਨ ਸਾਹਿਤ ਵਿਚ ਜਿਸ ਵਿਕਰਮ ਦਾ ਜ਼ਿਕਰ ਆਉਂਦਾ ਹੈ, ਉਹ ਇਹੋ ਵਿਕਰਮ ਹੋਵੇ, ਜਿਸ ਨੇ ਵਿਕਰਮੀ ਸੰਮਤ ਆਰੰਭ ਕੀਤਾ। ਇਸ ਗੱਲ ਦੇ ਕੁਝ ਸਬੂਤ ਵੀ ਮਿਲਦੇ ਹਨ। ਪਰ ਇਸ ਦਾ ਇਹ ਮਤਲਬ ਵੀ ਨਹੀਂ ਲਿਆ ਜਾ ਸਕਦਾ ਕਿ 'ਵਿਕਰਮ' ਦੇ ਨਾਂ ਨਾਲ ਜੋ ਲੋਕ-ਕਥਾਵਾਂ ਪ੍ਰਚਲਤ ਹਨ, ਉਹ ਇਸੇ ਵਿਕਰਮ ਬਾਰੇ ਹੋਣ।

ਇਨ੍ਹਾਂ ਕਥਾਵਾਂ ਵਿਚਲਾ 'ਵਿਕਰਮ' ਕਿਹੜਾ ਹੋ ਸਕਦਾ ਹੈ, ਇਸ ਸਬੰਧੀ ਕਈ ਵਿਕਰਮਾਂ ਦੇ ਨਾਂ ਸਮੇਂ ਸਮੇਂ ਲਏ ਜਾਂਦੇ ਰਹੇ। ਪਹਿਲਾਂ ਉਸ ਵਿਕਰਮਾਦਿਤੀਆ ਨੂੰ ਹੀ ਮੂਲ ਸਮਝਿਆ ਗਿਆ, ਜਿਸ ਨੇ 544 ਈਸਵੀ ਵਿਚ ਹੂਨਾਂ ਨੂੰ ਭਾਰੀ ਹਾਰ ਦਿਤੀ। ਪਰ ਛੇਤੀ ਹੀ ਇਹ ਵਿਚਾਰ ਨਵੀਂ ਇਤਿਹਾਸਕ ਖੋਜ ਕਾਰਨ ਰੱਦ ਹੋ ਗਿਆ। ਫਿਰ ਕੁਸ਼ਨ ਬਾਦਸ਼ਾਹ ਕਨਿਸ਼ਕ ਦਾ ਨਾਂ ਕੁਝ ਵਿਦਵਾਨਾਂ ਨੇ ਤਜਵੀਜ਼ ਕੀਤਾ ਪਰ ਸਰ ਜੋਨ ਮਾਰਸ਼ਲ ਨੇ ਸਬੂਤਾਂ ਦੇ ਆਧਾਰ 'ਤੇ ਸਿਧ ਕਰ ਦਿਤਾ ਕਿ ਕਨਿਸ਼ਕ 58 ਬੀ.ਸੀ. ਵਿਚ ਨਹੀਂ ਸੀ ਹੋਇਆ। ਸਰ ਜੋਨ ਮਾਰਸ਼ਲ ਅਨੁਸਾਰ ਨਵਾਂ ਸੰਮਤ ਗੰਧਾਰ ਦੇ ਸਾਕਾ ਬਾਦਸ਼ਾਹ ਨੇ ਆਰੰਭ ਕੀਤਾ। ਪਰ ਸਰ ਜੋਨ ਮਾਰਸ਼ਲ ਦਾ ਇਹ ਵਿਚਾਰ ਤਕਸ਼ਿਲਾ ਵਿਚੋਂ ਲੱਭੀ ਇਕ ਸ਼ਿਲਾਲੇਖ ਉਤੇ ਆਧਾਰਤ ਹੈ। ਪਰ ਇਹ ਵਿਚਾਰ ਵੀ ਰੱਦ ਕਰ ਦਿਤਾ ਗਿਆ।

ਜਾਪਦਾ ਹੈ ਕਿ ਭਾਰਤ ਦਾ ਕੋਈ ਬਾਦਸ਼ਾਹ, ਜੋ ਆਪਣੇ ਨਾਂ ਨਾਲ, ਵਿਕਰਮ ਦੀ ਉਪਾਧੀ ਵਰਤਦਾ ਸੀ ਅਤੇ ਬੜਾ ਪ੍ਰਸਿਧ ਸੀ, ਉਸ ਦੇ ਨਾਂ ਨਾਲ ਹੀ ਇਹ ਕਥਾਵਾਂ ਸਬੰਧਿਤ ਕਰ ਦਿਤੀਆਂ ਗਈਆਂ ਹਨ। ਵਿਕਰਮ ਦੀ ਉਪਾਧੀ ਗੁਪਤ ਘਰਾਣੇ ਦੇ ਚੰਦਰ ਗੁਪਤ ਦੂਜੇ ਨੇ ਵਰਤੀ ਸੀ ਤੇ ਉਸ ਦਾ ਜ਼ਮਾਨਾ ਇਤਿਹਾਸ ਵਿਚ ਸੁਨਹਿਰੀ ਜ਼ਮਾਨੇ ਨਾਲ ਪ੍ਰਸਿਧ ਹੈ। ਉਸ ਨੇ 388 ਤੋਂ 401 ਈਸਵੀ ਵਿਚਕਾਰ ਅਨੇਕਾਂ ਵੈਰੀਆਂ 'ਤੇ, ਜਿਨ੍ਹਾਂ ਵਿਚ ਸਾਕਾ ਵੀ ਸ਼ਾਮਲ ਸਨ, ਜਿੱਤ ਪ੍ਰਾਪਤ ਕੀਤੀ।

ਇਹ ਵੀ ਹੋ ਸਕਦਾ ਹੈ ਕਿ 'ਵਿਕਰਮ' ਦੇ ਨਾਂ ਨਾਲ ਰਵਾਇਤਾਂ ਜੁੜਦੀਆਂ ਗਈਆਂ ਹੋਣ। ਇਹ 'ਵਿਕਰਮ' ਨਿਰਾ ਕਲਪਿਤ ਵਿਅਕਤੀ ਹੋਵੇ, ਜਿਸ ਨੂੰ ਕੁਝ ਸ਼ਕਤੀ ਜੈਨੀ ਸਾਹਿੱਤ ਵਿਚਲੀਆਂ ਪਰੰਪਰਾਵਾਂ ਤੋਂ ਮਿਲੀ ਹੋਵੇ ਤੇ ਕੁਝ ਗੁਪਤ ਘਰਾਣੇ ਦੇ, ਚੰਦਰ ਗੁਪਤ ਦੂਜੇ ਤੋਂ, ਜਿਸ ਨੇ ਆਪਣੀ ਉਪਾਧੀ ਵਿਕਰਮਾਦਿਤੀਆ (ਸੂਰਜ ਦੀ ਸ਼ਕਤੀ) ਰੱਖੀ ਤੇ ਇਸ ਤਰ੍ਹਾਂ ਇਕ ਅਰਧ-ਕਲਪਿਤ ਅਰਧ-ਇਤਿਹਾਸਕ ਨਾਇਕ, ਲੋਕ-ਭਾਵਨਾ ਵਿਚ ਉਘੜ ਖਲੋਤਾ ਹੋਵੇ।

ਵਿਕਰਮ ਨਾਲ ਅਨੇਕਾਂ ਕਥਾਵਾਂ ਜੁੜੀਆਂ ਮਿਲਦੀਆਂ ਹਨ। ਵਿਕਰਮ ਦੀਆਂ ਅਨੇਕਾਂ ਸਾਹਸ ਭਰੀਆਂ ਕਥਾਵਾਂ ਵਿਕਰਮਾਦਿਤੀਆ ਦੀਆਂ ਕਥਾਵਾਂ ਦੇ ਨਾਂ ਨਾਲ ਪ੍ਰਸਿਧ ਹਨ ਤੇ ਇਹ ਕਥਾਵਾਂ ਸਾਰੇ ਭਾਰਤ ਵਿਚ ਪ੍ਰਚਲਤ ਹਨ। ਇਕ ਕਥਾ ਅਨੁਸਾਰ, ਵਿਕਰਮਾਦਿਤੀਆ ਸਾਲ ਵਿਚ ਛੇ ਮਹੀਨੇ ਰਾਜ ਕਰਦਾ ਸੀ ਤੇ ਛੇ ਮਹੀਨੇ ਇਕਾਂਤਵਾਸ ਵਿਚ ਰਹਿੰਦਾ ਸੀ। ਇਕਾਂਤਵਾਸ ਦੇ ਦਿਨੀਂ, ਇਸ ਨਾਲ ਅਨੇਕਾਂ ਘਟਨਾਵਾਂ ਵਾਪਰੀਆਂ, ਜੋ ਕਥਾਵਾਂ ਦੇ ਰੂਪ ਵਿਚ ਪ੍ਰਚਲਤ ਹਨ। ਵਿਕਰਮਾਦਿਤੀਆ ਨੇ ਕਾਲੀ ਦੇਵੀ ਦੀ ਉਪਾਸਨਾ ਕਰ ਕੇ, ਉਸ ਤੋਂ ਇਕ ਸੌ ਸਾਲ ਰਾਜ ਕਰਨ ਦਾ ਵਰ ਪ੍ਰਾਪਤ ਕੀਤਾ। ਇਸ ਵਰ ਬਾਰੇ ਉਸ ਨੇ ਆਪਣੇ ਵਜ਼ੀਰ ਭੱਟੀ ਨੂੰ ਦਸਿਆ। ਭੱਟੀ ਬੜਾ ਦੂਰ-ਦ੍ਰਿਸ਼ਟੀ ਵਾਲਾ ਸੀ, ਝਟ ਕਹਿਣ ਲੱਗਾ ਕਿ ਉਹ ਇਸ ਦੀ ਮਿਆਦ ਸੌ ਸਾਲ ਤੋਂ ਦੋ ਸੌ ਸਾਲ ਕਰ ਸਕਦਾ ਹੈ। ਵਿਕਰਮਾਦਿਤੀਆ ਛੇ ਮਹੀਨੇ ਰਾਜ ਕਰੇ ਤੇ ਫਿਰ ਭੱਟੀ ਨੂੰ ਰਾਜ ਸੌਂਪ ਕੇ ਖ਼ੁਦ ਛੇ ਮਹੀਨੇ ਦੇਸ਼ ਨਿਕਾਲਾ ਲੈ ਲਏ ਤੇ ਇਸ ਤਰ੍ਹਾਂ ਉਸ ਦੇ ਜੀਵਨ ਦੀ ਅਵੱਧੀ ਦੂਣੀ ਹੋ ਜਾਵੇਗੀ। ਸੋ, ਇਸੇ ਤਰ੍ਹਾਂ ਹੋਇਆ।

**(ਵ-76) ਵਿਜ :**

ਖੱਤ੍ਰੀਆਂ ਦੀ ਇਕ ਗੋਤ, ਜੋ ਪੰਜ ਜਾਤਾਂ ਵਿਚੋਂ ਇਕ ਹਨ। ਕਈ ਵਿਜਾਂ ਨੂੰ ਬੁੰਜਾਹੀਆਂ ਵਿਚੋਂ ਇਕ ਗੋਤ ਮੰਨਦੇ ਹਨ।

**(ਵ-77) ਵਿਜੇ ਇਕਾਦਸ਼ੀ :**

ਫੱਗਣ ਦੇ ਮਹੀਨੇ ਦੀ ਹਨੇਰੇ ਪੱਖ ਦੀ ਇਕਾਦਸ਼ੀ; ਵੈਸ਼ਨੋ ਮੱਤ ਅਨੁਸਾਰ ਇਸ ਤਿੱਥ ਨੂੰ ਵਰਤ ਰੱਖਣ ਨਾਲ ਦੁਸ਼ਮਣ ਉਤੇ ਫ਼ਤਹਿ ਪ੍ਰਾਪਤ ਹੁੰਦੀ ਹੈ। ਰਵਾਇਤ ਹੈ ਕਿ ਰਾਮ ਚੰਦਰ ਨੇ ਲੰਕਾ ਉਤੇ ਧਾਵਾ ਬੋਲਣ ਤੋਂ ਪਹਿਲਾਂ ਵਿਜੇ ਇਕਾਦਸ਼ੀ ਵਾਲੇ ਦਿਨ ਵਿਧੀ ਪੂਰਵਕ ਵਰਤ ਰਖਿਆ।

ਇਹ ਵਰਤ ਇਸ ਪ੍ਰਕਾਰ ਰਖਿਆ ਜਾਂਦਾ ਹੈ : ਦਸਵੀਂ ਵਾਲੇ ਦਿਨ, ਵਿਤ ਮੂਜਬ ਸੋਨੇ, ਚਾਂਦੀ, ਤਾਂਬੇ ਜਾਂ ਮਿੱਟੀ ਦਾ ਘੜਿਆ ਕੁੰਭ ਪਾਣੀ ਨਾਲ ਭਰ ਕੇ ਪੂਰਿਆ ਜਾਵੇ। ਘੜੇ ਦੇ ਹੇਠ ਸਤਨਾਜਾ ਰਖ ਕੇ, ਉਪਰ ਜੌਂ ਦਾ ਛੱਟਾ ਮਾਰਿਆ ਜਾਵੇ। ਕੁੰਭ ਪੂਰਨ ਮਗਰੋਂ ਲਖਸ਼ਮੀ ਨਾਰਾਇਣ ਦੀ ਮੂਰਤੀ ਬਣਾ ਕੇ, ਕੁੰਭ ਉਤੇ ਸਥਾਪਿਤ ਕੀਤੀ ਜਾਵੇ। ਇਕਾਦਸ਼ੀ ਵਾਲੇ ਦਿਨ ਇਸ਼ਨਾਨ ਮਗਰੋਂ ਵਰਤ ਦਾ ਸੰਕਲਪ ਕਰ ਕੇ ਕੁੰਭ ਤੇ ਲਖਸ਼ਮੀ ਨਾਰਾਇਣ ਦੀ ਮੂਰਤੀ ਪੂਜੀ ਜਾਵੇ ਅਤੇ ਫਲ ਆਦਿ ਭੇਟ ਕੀਤੇ ਜਾਣ। ਰਾਤ ਵੇਲੇ ਭਾਗਵਤ ਕਥਾ ਤੇ ਕੀਰਤਨ ਸੁਣੇ ਅਤੇ ਜਗਰਾਤਾ ਕੱਟੇ। ਦੁਆਦਸ਼ੀ ਵਾਲੇ ਦਿਨ ਸਵੇਰੇ ਫਿਰ ਪੂਜਾ ਕੀਤੀ ਜਾਵੇ ਤੇ ਮਗਰੋਂ ਮੂਰਤੀ ਤੇ ਧਾਤ ਦਾ ਕੁੰਭ ਕਿਸੇ ਬ੍ਰਾਹਮਣ ਨੂੰ ਭੇਟ ਕੀਤਾ ਜਾਵੇ। ਜੇ ਕੁੰਭ ਮਿੱਟੀ ਦਾ ਹੋਵੇ, ਤਾਂ ਜਲ-ਪ੍ਰਵਾਹ ਕੀਤਾ ਜਾਂਦਾ ਹੈ।

**(ਵ-78) ਵਿਜੇ ਦਸ਼ਮੀ :**

ਅੱਸੂ ਦੇ ਚਾਨਣ ਪੱਖ ਦੀ ਦਸਵੀਂ ਤਿੱਥ; ਇਸ ਤਿੱਥ ਨੂੰ ਰਾਮ ਚੰਦਰ ਨੇ ਰਾਵਣ ਉਤੇ ਵਿਜੇ ਪ੍ਰਾਪਤ ਕੀਤੀ ਸੀ। ਇਸ ਦਿਨ ਉੱਤਰੀ ਭਾਰਤ ਵਿਚ ਦੁਸਹਿਰੇ ਦਾ ਪੁਰਬ ਮਨਾਇਆ ਜਾਂਦਾ ਹੈ (ਵੇਖੋ : ਦੁਸਹਿਰਾ)।

**(ਵ-79) ਵਿਠਲ (ਬਿਠਲ) :**

ਵਿਠਲ ਇਕ ਮਨਮੁਖ ਸੀ, ਜਿਸ ਦਾ ਅਸਲੀ ਨਾਂ ਪੁੰਡਲੀਕ ਸੀ। ਪੁੰਡਲੀਕ ਵਲੋਂ ਪ੍ਰਾਸਚਿਤ ਕਰਨ ਕਰ ਕੇ, ਵਿਸ਼ਨੂੰ ਉਸ 'ਤੇ ਇਤਨੇ ਪ੍ਰਸੰਨ ਹੋਏ ਕਿ ਉਨ੍ਹਾਂ ਇਸ ਨੂੰ ਆਪਣੇ ਦੈਵੀ ਗੁਣਾਂ ਦਾ ਕੁਝ ਅੰਸ਼ ਪ੍ਰਦਾਨ ਕਰ ਦਿਤਾ। ਇਸ ਤੋਂ ਪੁੰਡਲੀਕ ਦਾ ਨਾਂ ਵਿਠਲ ਪੈ ਗਿਆ। ਇਸ ਨਾਲ ਸਬੰਧਿਤ ਕਥਾ ਇਸ ਪ੍ਰਕਾਰ ਹੈ :

ਪੁੰਡਲੀਕ ਬ੍ਰਾਹਮਣ ਦੱਖਣ ਵਿਚ ਰਹਿੰਦਾ ਸੀ ਤੇ ਇਹ ਆਪਣੇ ਬੁੱਢੇ ਮਾਂ-ਪਿਉ ਤੇ ਪਤਨੀ ਨੂੰ, ਨਾਲ ਲੈ ਕੇ ਬਨਾਰਸ ਤੀਰਥ ਯਾਤ੍ਰਾ ਲਈ ਗਿਆ। ਪੁੰਡਲੀਕ ਤੇ ਉਸ ਦੀ ਪਤਨੀ ਤਾਂ ਘੋੜੀ ਉਤੇ ਚੜ੍ਹ ਬੈਠੇ, ਪਰ ਪੁੰਡਲੀਕ ਦੇ ਬੁੱਢੇ ਮਾਂ-ਪਿਉ ਪੈਦਲ ਹੀ ਯਾਤ੍ਰਾ ਕਰਦੇ ਰਹੇ। ਪੁੰਡਲੀਕ ਆਪਣੇ ਮਾਂ-ਪਿਉ ਦੀ ਸਦਾ ਅਨਾਦਰੀ ਕਰਦਾ ਤੇ ਉਨ੍ਹਾਂ ਨਾਲ ਹਮੇਸ਼ਾ ਦੁਰ-ਵਿਹਾਰ ਕਰਦਾ ਸੀ। ਜਦੋਂ ਇਹ ਪਰਿਵਾਰ ਪੰਧਰਪੁਰ ਪਹੁੰਚਿਆ, ਤਾਂ ਉਥੇ ਉਹ ਇਕ ਬ੍ਰਾਹਮਣ ਦੇ ਘਰ ਠਹਿਰਿਆ। ਉਹ ਬ੍ਰਾਹਮਣ ਆਪਣੇ ਮਾਂ-ਪਿਉ ਦੀ ਬੜੀ ਸੇਵਾ ਕਰਦਾ ਸੀ। ਸਵੇਰੇ ਜਦੋਂ ਪੁੰਡਲੀਕ ਦੀ ਅੱਖ ਖੁਲ੍ਹੀ, ਤਾਂ ਉਸ ਨੇ ਤਿੰਨ ਸੁੰਦਰ ਤੀਵੀਆਂ, ਸਫ਼ੈਦ ਕਪੜਿਆਂ ਵਿਚ, ਗਹਿਣਿਆਂ ਨਾਲ ਸ਼ਿੰਗਾਰੀਆਂ ਵੇਖੀਆਂ। ਪੁੱਛਣ ਉਤੇ ਕਿ ਉਹ ਕੌਣ ਹਨ, ਉਨ੍ਹਾਂ ਪੁੰਡਲੀਕ ਨੂੰ ਦਸਿਆ ਕਿ ਉਹ ਤੇਰੇ ਜਿਹੇ ਚੰਡਾਲ ਨਾਲ ਗੱਲ ਨਹੀਂ ਕਰਦੀਆਂ। ਪਰ ਪੁੰਡਲੀਕ ਦੇ ਦੱਸਣ 'ਤੇ ਕਿ ਉਹ ਬ੍ਰਾਹਮਣ ਹੈ, ਚੰਡਾਲ ਨਹੀਂ। ਉਨ੍ਹਾਂ ਕਿਹਾ ਕਿ ਜੋ ਬ੍ਰਾਹਮਣ ਆਪਣੇ ਮਾਤਾ ਪਿਤਾ ਨਾਲ ਚੰਗਾ ਸਲੂਕ ਨਹੀਂ ਕਰਦਾ, ਉਹ ਚੰਡਾਲ ਹੈ। ਫਿਰ ਉਨ੍ਹਾਂ ਦਸਿਆ ਕਿ ਉਹ ਤਿੰਨੇ ਤੀਵੀਆਂ ਗੰਗਾ, ਜਮਨਾ ਤੇ ਸਰਸਵਤੀ ਹਨ ਤੇ ਇਸ ਬ੍ਰਾਹਮਣ ਦੇ ਘਰ ਝਾੜੂ ਦੇ ਰਹੀਆਂ ਹਨ, ਕਿਉਂਕਿ ਇਹ ਬ੍ਰਾਹਮਣ ਆਪਣੇ ਮਾਂ-ਪਿਉ ਦਾ ਬੜਾ ਆਦਰ ਕਰਦਾ ਹੈ। ਜੋ ਸ਼ਖ਼ਸ ਮਾਂ-ਪਿਉ ਦੀ ਸੇਵਾ ਨਹੀਂ ਕਰਦਾ, ਉਸ ਦੀ ਤੀਰਥ ਯਾਤ੍ਰਾ ਕਦੇ ਸਫਲ ਨਹੀਂ ਹੁੰਦੀ।

ਪੁੰਡਲੀਕ ਬੜਾ ਸ਼ਰਮਿੰਦਾ ਹੋਇਆ ਤੇ ਉਸ ਨੇ ਬਨਾਰਸ ਜਾਣ ਦਾ ਵਿਚਾਰ ਛੱਡ ਦਿਤਾ ਤੇ ਪੰਧਰਪੁਰ ਵਿਚ ਹੀ ਰਹਿ ਕੇ ਮਾਂ-ਪਿਉ ਦੀ ਇਤਨੀ ਸੇਵਾ ਕੀਤੀ ਕਿ ਵਿਸ਼ਨੂੰ ਨੇ ਪ੍ਰਸੰਨ ਹੋ ਕੇ ਉਸ ਨੂੰ ਆਪਣੀ ਦੈਵੀ ਸ਼ਕਤੀ ਦਾ ਕੁਝ ਅੰਸ਼ ਦਾਨ ਵਜੋਂ ਦਿਤਾ।

**(ਵ-80) ਵਿੰਦਣਾ :**

ਕਿਸੇ ਵਸਤੂ, ਦਿਨ, ਤਿੱਥ ਆਦਿ ਨੂੰ ਕਿਸੇ ਧਾਰਮਿਕ ਭਾਵਨਾ ਜਾਂ ਭਰਮ ਵਹਿਮ ਅਧੀਨ ਹਮੇਸ਼ਾ ਲਈ ਤਿਆਗ ਦੇਣਾ। ਵਿੰਦਣ ਦਾ ਸਬੰਧ ਜ਼ਰੂਰੀ ਨਹੀਂ ਭਾਈਚਾਰੇ ਜਾਂ ਸਮਾਜ ਨਾਲ ਹੋਵੇ, ਕਈ ਹਾਲਤਾਂ ਵਿਚ ਕੋਈ ਵਸਤੂ ਜਾਂ ਤਿੱਥ ਕੋਈ ਸ਼ਖ਼ਸ ਵਿਅਕਤੀਗਤ ਰੂਪ ਵਿਚ 'ਵਿੰਦ' ਛੱਡਦਾ ਹੈ। ਕਈ ਵਾਰ ਕੁਲ ਜਾਂ ਘਰਾਣੇ ਵਲੋਂ ਕੋਈ ਚੀਜ਼ ਕਿਸੇ ਭਰਮ ਵਹਿਮ ਕਰ ਕੇ ਵਿੰਦ ਦਿੱਤੀ ਜਾਂਦੀ ਹੈ।

ਕਈ ਹਿੰਦੂ ਜਦੋਂ ਤੀਰਥ ਯਾਤ੍ਰਾ 'ਤੇ ਹਰਦੁਆਰ ਜਾਂਦੇ ਹਨ ਤਾਂ ਉਥੇ ਕੋਈ ਇਕ ਚੀਜ਼, ਹਮੇਸ਼ਾ ਲਈ 'ਵਿੰਦ' ਆਉਂਦੇ ਹਨ, ਜਿਵੇਂ ਆਲੂ, ਮਾਸ, ਕੇਲਾ ਆਦਿ। ਕੋਈ ਚੀਜ਼ ਜ਼ਿੰਦਗੀ ਭਰ ਮੂੰਹ ਨਹੀਂ ਲਗਾਉਣ ਦਾ ਪ੍ਰਣ ਕਰਦੇ ਹਨ। ਫਿਰ ਵਿੰਦੀ ਹੋਈ ਚੀਜ਼, ਉਸ ਵਿਅਕਤੀ ਲਈ

ਵਰਜਨ ਹੋ ਜਾਂਦੀ ਹੈ। ਜੇ ਉਹ ਉਸ ਵਿੰਦੀ ਚੀਜ਼ ਨੂੰ, ਕਦੇ ਵਰਤੇ ਤਾਂ ਜਿਸ ਦੇਵੀ ਦੇਵਤੇ ਅਗੇ ਵਿੰਦੀ ਸੀ, ਉਸ ਦੀ ਕਰੋਪੀ ਦਾ ਡਰ ਰਹਿੰਦਾ ਹੈ। ਵਿਅਕਤੀ ਤੋਂ ਇਹ ਵਸਤੂ ਕਈ ਵਾਰ ਸਾਰੇ ਕੁਟੰਬ ਵੱਲੋਂ ਹੀ ਵਿੰਦੀ ਜਾਂਦੀ ਹੈ। ਕਈ ਵਾਰ ਤਾਂ ਉਸ ਦੀ ਅਗਲੀ ਵੰਸ਼ ਵੀ, ਉਸ ਚੀਜ਼ ਦੀ ਵਰਤੋਂ ਨਹੀਂ ਕਰਦੀ। ਇਸ ਤਰ੍ਹਾਂ ਵਿੰਦੀ ਹੋਈ ਚੀਜ਼ ਵਿਅਕਤੀ ਤੋਂ ਕੁਟੰਬ ਤੇ ਵੰਸ਼ ਤਕ ਵਿੰਦੀ ਰਹਿੰਦੀ ਹੈ।

ਕੁਝ ਵਸਤੂਆਂ ਨੂੰ ਵਿੰਦਣ ਦਾ ਕਾਰਨ ਵਿਸ਼ਵਾਸ਼ ਤੇ ਵਹਿਮ ਹਨ। ਜੇ ਕਿਸੇ ਚੀਜ਼ ਨੂੰ ਖਾਣ ਨਾਲ ਕਿਸੇ ਵਿਅਕਤੀ/ਕੁਟੰਬ/ਵੰਸ਼ ਨੂੰ ਹਾਨੀ ਪਹੁੰਚੀ ਹੋਵੇ, ਤਾਂ ਉਹ ਵਿਅਕਤੀ/ਕੁਟੰਬ/ਵੰਸ਼ ਉਸ ਵਸਤੂ ਵਿਸ਼ੇਸ਼ ਨੂੰ, ਹਮੇਸ਼ਾ ਲਈ ਵਿੰਦ ਛੱਡਦਾ ਹੈ। ਜਿਵੇਂ ਕੁਝ ਸਹਿਗਲਾਂ ਵਿਚ ਬੈਂਗਣ ਵਿੰਦੇ ਹੋਏ ਹਨ, ਉਹ ਵੈਂਗਣ ਕਦੇ ਨਹੀਂ ਪਕਾਂਦੇ। ਰਵਾਇਤ ਹੈ ਕਿ ਸਹਿਗਲ ਦੇ ਵੰਸ਼ ਦੀਆਂ ਕੁਝ ਨੂੰਹਾਂ-ਧੀਆਂ, ਵੈਂਗਣਾਂ ਦੇ ਖੇਤ ਵਿਚ ਪੇਟ ਹੌਲਾ ਕਰ ਰਹੀਆਂ ਸਨ ਕਿ ਇਕ ਫਨੀਅਰ ਦੇ ਜੋੜੇ ਨੇ ਕੁਝ ਤੀਵੀਆਂ ਨੂੰ ਡਸ ਲਿਆ। ਉਦੋਂ ਤੋਂ ਸਹਿਗਲਾਂ ਦੀ ਇਸ ਵੰਸ਼ ਨੇ ਵੈਂਗਣ ਹਮੇਸ਼ਾ ਲਈ ਵਿੰਦ ਛੱਡੀ।

ਕੁਝ ਕੁਟੰਬਾਂ ਵਿਚ, ਕੋਈ ਦਿਨ, ਤਿੱਥ ਜਾਂ ਵਾਰ ਨੂੰ ਵਿੰਦ ਛੱਡਦੇ ਹਨ। ਕੁਝ ਕੁਟੰਬਾਂ ਵਿਚ ਐਤਵਾਰ ਨੂੰ ਕੋਈ ਮੰਗਲ ਕਾਰਜ ਨਹੀਂ ਕਰਦੇ, ਨਾ ਧੀ ਭੈਣ ਨੂੰ ਸਹੁਰੇ ਭੇਜਦੇ ਹਨ, ਨਾ ਵਿਆਹ ਰਚਾਂਦੇ ਹਨ, ਕਿਉਂ ਜੋ ਉਨ੍ਹਾਂ ਦੇ ਕੁਟੰਬ/ਕੁੱਲ ਵਿਚ ਐਤਵਾਰ ਨੂੰ ਕਈ ਮੌਤਾਂ ਹੋਈਆਂ, ਜਿਸ ਤੋਂ ਇਹ ਵਾਰ ਉਨ੍ਹਾਂ ਨੂੰ ਨਹਿਸ ਜਾਪਣ ਲੱਗਾ।

**(ਵ-81) ਵਿਦਿਆਰੰਭ ਸੰਸਕਾਰ :**

ਜਦੋਂ ਬੱਚਾ ਵਿਦਿਆ ਪੜ੍ਹਨ ਦੇ ਯੋਗ ਸਮਝਿਆ ਜਾਂਦਾ, ਤਾਂ ਆਰੀਆ ਜਾਤੀ ਵਿਚ ਇਕ ਸੰਸਕਾਰ ਵਿਦਿਆਰੰਭ ਕੀਤਾ ਜਾਂਦਾ। ਇਸੇ ਸੰਸਕਾਰ ਨੂੰ 'ਅਖਸ਼ਰਾਰੰਭ' ਤੇ 'ਅਖਸ਼ਰ ਸਵੀਕਰਣ' ਆਦਿ ਵੀ ਕਿਹਾ ਜਾਂਦਾ। ਇਹ ਸੰਸਕਾਰ ਉਪਨਯਨ ਤੋਂ ਪਹਿਲਾਂ ਕੀਤਾ ਜਾਂਦਾ ਸੀ (ਵੇਖੋ:ਉਪਨਯਨ)। ਇਸ ਸੰਸਕਾਰ ਦਾ ਜ਼ਿਕਰ ਗ੍ਰਿਹ ਸੂਤਰਾਂ, ਧਰਮ ਸੂਤਰਾਂ ਤੇ ਮੁਢਲੀਆਂ ਸਿਮਰਤੀਆਂ ਵਿਚ ਨਹੀਂ ਮਿਲਦਾ। ਪੁਰਾਣੀਆਂ ਪੁਸਤਕਾਂ ਵਿਚ ਇਸ ਸੰਸਕਾਰ ਦਾ ਨਾ ਮਿਲਣਾ ਇਸ ਗੱਲ ਦਾ ਸਬੂਤ ਹੈ ਕਿ ਇਹ ਸੰਸਕਾਰ ਬਹੁਤਾ ਪ੍ਰਾਚੀਨ ਨਹੀਂ। ਵਿਸ਼ਵਾਮਿਤਰ ਅਨੁਸਾਰ ਇਹ ਸੰਸਕਾਰ ਪੰਜਵੇਂ ਵਰ੍ਹੇ ਵਿਚ ਕਰਨਾ ਚਾਹੀਦਾ ਹੈ। ਇਸ ਰੀਤ ਲਈ ਯੋਗ ਸਮਾਂ ਮੱਘਰ ਤੋਂ ਜੇਠ ਤਕ ਗਿਣਿਆ ਜਾਂਦਾ ਸੀ। ਹਾੜ ਤੋਂ ਕੱਤਕ ਮਹੀਨੇ ਤਕ ਦਾ ਸਮਾਂ, ਜਦੋਂ ਲੋਕ-ਵਿਸ਼ਵਾਸ ਅਨੁਸਾਰ ਵਿਸ਼ਨੂੰ ਨਿੰਦਰਾ ਅਵਸਥਾ ਵਿਚ ਹੁੰਦੇ ਹਨ, ਇਸ ਸੰਸਕਾਰ ਲਈ ਠੀਕ ਨਹੀਂ। ਜਦੋਂ ਸੂਰਜ ਉਤਰਾਇਣ ਵਿਚ ਹੁੰਦਾ, ਤਾਂ ਕਿਸੇ ਸ਼ੁਭ ਦਿਵਸ 'ਤੇ ਸੰਸਕਾਰ ਕੀਤਾ ਜਾਂਦਾ। ਪਹਿਲੋਂ ਬੱਚੇ ਨੂੰ ਨਹਾ ਧੁਵਾ ਕੇ ਸ਼ਿੰਗਾਰਿਆ ਜਾਂਦਾ। ਫਿਰ ਵਿਨਾਇਕ ਸਰਸਵਤੀ ਤੇ ਕੁੱਲ ਦੀਆਂ ਦੇਵੀਆਂ ਤੇ ਬ੍ਰਿਹਸਪਤੀ ਦੀ ਪੂਜਾ ਕੀਤੀ ਜਾਂਦੀ। ਨਾਰਾਇਣ ਤੇ ਲਖਸ਼ਮੀ ਅਤੇ ਕੁੱਲ ਦੀ ਰੀਤੀ ਅਨੁਸਾਰ, ਕਈ ਹੋਰ ਦੇਵੀ ਦੇਵਤਿਆਂ ਨੂੰ ਪੂਜਿਆ ਜਾਂਦਾ। ਇਸ ਪਿਛੋਂ 'ਹੋਮ' ਕੀਤਾ ਜਾਂਦਾ। ਬੱਚਾ ਪੱਛਮ ਵਲ ਮੂੰਹ ਕਰ ਕੇ ਬੈਠਦਾ ਸੀ ਤੇ ਗੁਰੂ ਪੂਰਬ ਵਲ ਤੇ ਫਿਰ 'ਅਖਸ਼ਰਾਰੰਭ' ਕੀਤਾ ਜਾਂਦਾ। ਲਿਖਣ ਤੇ ਪੜ੍ਹਨ ਦੇ ਦੋਵੇਂ ਕੰਮ ਅਰੰਭੇ ਜਾਂਦੇ ਸਨ। ਕਿਸੇ ਚਾਂਦੀ ਦੇ ਥਾਲ ਵਿਚ ਕੇਸਰ ਖਿਲਾਰ ਦਿਤਾ ਜਾਂਦਾ ਸੀ ਤੇ ਸੋਨੇ ਦੀ ਕਲਮ ਨਾਲ ਅੱਖਰ ਲਿਖੇ ਜਾਂਦੇ। ਪਰ ਆਮ ਲੋਕੀਂ, ਚਾਵਲਾਂ ਨੂੰ ਬਿਖੇਰ ਕੇ, ਕਿਸੇ ਕਲਮ ਨਾਲ ਅੱਖਰ ਲਿਖਾਂਦੇ ਸਨ। ਪਹਿਲੀ ਲਿਖਣੀ ਵਿਚ ਗਣੇਸ਼, ਸਰਸਵਤੀ ਤੇ ਕੁੱਲ ਦੇ ਦੇਵੀ ਦੇਵਤੇ ਨੂੰ ਪਰਨਾਮ ਆਦਿ ਵਾਕ ਲਿਖੇ ਜਾਂਦੇ ਸਨ। ਸ਼ਿਸ਼ੂ ਗੁਰੂ ਨੂੰ ਪੂਜਦਾ ਤੇ ਉਸ ਨੂੰ ਤਿੰਨ ਵਾਰ ਲਿਖਤ ਪੜ੍ਹਾਉਂਦਾ। ਫਿਰ ਸ਼ਿਸ਼ੂ ਗੁਰੂ ਨੂੰ ਕਪੜੇ ਤੇ ਗਹਿਣੇ ਆਦਿ ਭੇਟ ਕਰਦਾ ਤੇ ਤਿੰਨ ਪ੍ਰਕਰਮਾ ਹਵਨ ਦੁਆਲੇ ਕਰਦਾ। ਬ੍ਰਾਹਮਣਾਂ ਨੂੰ ਭੋਜ ਛਕਾਇਆ ਜਾਂਦਾ। ਸੁਹਾਗਣ ਤੀਵੀਆਂ ਦੀਵੇ ਨਾਲ ਆਰਤੀ ਉਤਾਰਦੀਆਂ। ਅਖ਼ੀਰ ਗੁਰੂ ਨੂੰ ਪਗੜੀ ਭੇਟਾ ਕੀਤੀ ਜਾਂਦੀ।

ਮੁਸਲਮਾਨਾਂ ਵਿਚ ਵੀ ਇਹੋ ਜਿਹੀ ਰਸਮ ਪ੍ਰਚਲਤ ਸੀ। ਰਾਜਬਾਲੀ ਪਾਂਡੇ (ਹਿੰਦੂ ਸੰਸਕਾਰ) ਅਨੁਸਾਰ ਮੁਗ਼ਲ ਸਮਰਾਟ ਹਿਮਾਯੂੰ ਨੂੰ ਇਕ ਮਕਤਬ ਵਿਚ ਬਿਠਾਇਆ ਗਿਆ, ਜਦੋਂ ਉਹ ਚਾਰ ਸਾਲ, ਚਾਰ ਮਹੀਨੇ ਤੇ ਚਾਰ ਦਿਨਾਂ ਦਾ ਸੀ। ਇਸ ਸਮੇਂ ਅਨੇਕਾਂ ਰਸਮਾਂ ਕੀਤੀਆਂ ਗਈਆਂ।

**(ਵ-82) ਵਿਦੁਰ :**

(ੳ) ਵਿਆਸ ਦਾ ਪੁੱਤਰ, ਜੋ ਵਿਚਿਤ੍ਰਵੀਰਯ ਦੀ ਦਾਸੀ, ਸੁਦੇਸ਼ਣਾ ਦੇ ਉਦਰ ਤੋਂ ਜੰਮਿਆ। ਮਹਾਂਭਾਰਤ ਅਨੁਸਾਰ ਵਿਦੁਰ ਧਰਮਰਾਜ ਦਾ ਅਵਤਾਰ ਸੀ। ਮਾਂਡਵਯ ਰਿਸ਼ੀ ਜੋ ਬੜਾ ਸਦਾਚਾਰੀ ਤੇ ਧਰਮਾਤਮਾ ਸੀ, ਦੇ ਆਸ਼ਰਮ ਵਿਚ ਕੁਝ ਚੋਰ, ਚੋਰੀ ਕਰ ਕੇ ਆਣ ਛੁਪੇ। ਰਾਜੇ ਦੇ ਦੂਤਾਂ ਨੇ ਜਦੋਂ ਉਨ੍ਹਾਂ ਦਾ ਪਿੱਛਾ ਕੀਤਾ, ਤਾਂ ਉਹ ਚੋਰ ਮਾਂਡਵਯ ਦੇ ਆਸ਼ਰਮ ਵਿਚ ਚੋਰੀ ਦਾ ਮਾਲ ਛੱਡ ਕੇ ਨੱਸ ਗਏ। ਦੂਤਾਂ ਨੇ ਮਾਂਡਵਯ ਰਿਸ਼ੀ ਨੂੰ ਚੋਰ ਜਾਣ ਕੇ ਰਾਜੇ ਦੇ ਪੇਸ਼ ਕੀਤਾ। ਰਾਜੇ ਨੇ ਸੂਲੀ ਚਾੜ੍ਹਨ ਦਾ ਹੁਕਮ ਦਿਤਾ। ਜਦੋਂ ਮਾਂਡਵਯ ਧਰਮਰਾਜ ਦੇ ਦਰਬਾਰ ਵਿਚ ਹਾਜ਼ਰ ਹੋਇਆ ਤਾਂ ਉਸ ਨੇ ਧਰਮਰਾਜ ਤੋਂ ਪੁਛਿਆ ਕਿ ਉਸ ਨੂੰ ਬਿਨਾਂ ਕਸੂਰ ਸੂਲੀ ਚਾੜ੍ਹਨ ਦਾ ਦੁਖ ਕਿਉਂ ਦਿਤਾ ਗਿਆ। ਇਸ 'ਤੇ ਧਰਮਰਾਜ

ਨੇ ਦਸਿਆ ਕਿ ਉਸ ਨੇ ਬਾਲੜੀ ਉਮਰ ਵਿਚ ਇਕ ਟਿੱਡੇ ਨੂੰ ਸੂਲੀ ਨਾਲ ਵਿੰਨ੍ਹਿਆ ਸੀ। ਇਸ 'ਤੇ ਮਾਂਡਵਯ ਨੇ ਧਰਮਰਾਜ ਨੇ ਸਰਾਪ ਦਿਤਾ ਕਿ ਉਹ ਸ਼ੂਦਰ ਦੇ ਰੂਪ ਵਿਚ ਜਨਮ ਲਏ।

ਵਿਦੁਰ ਬੜਾ ਨੀਤੀਵੇਤਾ ਤੇ ਬੁਧੀਮਾਨ ਸੀ। ਇਸ ਨੇ ਮਹਾਂਭਾਰਤ ਦੇ ਯੁੱਧ ਤੋਂ ਪਹਿਲਾਂ ਕੌਰਵਾਂ ਤੇ ਪਾਂਡਵਾਂ ਨੂੰ ਯੁੱਧ ਨਾ ਕਰਨ ਲਈ ਸਮਝਾਇਆ। ਪਰ ਯੁੱਧ ਵਿਚ ਵਿਦੁਰ ਨੇ ਕੌਰਵਾਂ ਦਾ ਸਾਥ ਦਿਤਾ।

(ਅ) ਵਿਦੁਰ ਸ਼ਬਦ ਉਸ ਬੱਚੇ ਲਈ ਵੀ ਵਰਤਿਆ ਜਾਂਦਾ ਹੈ, ਜੋ ਸ਼ੂਦਰ ਦੇ ਸੰਜੋਗ ਤੋਂ ਬ੍ਰਾਹਮਣੀ ਦੇ ਉਦਰ ਤੋਂ ਪੈਦਾ ਹੋਏ।

(ਵ-83) **ਵਿਦੋਗੀ** :

ਕੰਮੀਆਂ ਨੂੰ ਵਿਦਾ ਕਰਨ ਲਗਿਆਂ ਦਿੱਤੀ ਲਾਗ। ਵਿਆਹ ਸੁਧਾਨ ਪਿਛੋਂ ਦੋਵੇਂ ਧਿਰਾਂ ਆਪਣੇ ਅੰਗਾਂ ਸਾਕਾਂ ਨੂੰ ਲਾਗੀਆਂ ਦੁਆਰਾ ਸੱਦਾ-ਪਤ੍ਰ ਅਥਵਾ 'ਗੰਡਾਂ' ਭੇਜਦੇ ਹਨ। ਇਹ ਕੰਮ ਆਮ ਤੌਰ ਉਤੇ ਨਾਈ ਦੇ ਜ਼ਿੰਮੇ ਹੁੰਦਾ ਹੈ। ਨਾਈ ਅੰਗਾਂ-ਸਾਕਾਂ ਦੇ ਘਰ ਜਾ ਕੇ, ਉਨ੍ਹਾਂ ਨੂੰ ਸ਼ਗਨ ਵਜੋਂ ਪਤਾਸ਼ੇ, ਗੁੜ ਜਾਂ ਮਠਿਆਈ ਭੇਟ ਕਰਦਾ ਤੇ ਵਿਆਹ ਵਿਚ ਸ਼ਾਮਲ ਹੋਣ ਦੀ ਬੇਨਤੀ ਕਰਦਾ ਹੈ। ਜੇ ਪਿੰਡ ਨੇੜੇ ਦਾ ਹੋਵੇ ਤਾਂ ਨਾਈ ਉਸੇ ਦਿਨ ਵਾਪਸ ਆ ਜਾਂਦਾ ਹੈ ਤੇ ਜੇ ਪਿੰਡ ਦੂਰ ਦੁਰਾਡੇ ਦਾ ਹੋਵੇ, ਤਾਂ ਰਾਤ ਉਥੇ ਰਹਿ ਕੇ ਅਗਲੇ ਦਿਨ ਵਾਪਸ ਆ ਜਾਂਦਾ ਹੈ। ਜਾਣ ਲਗਿਆਂ ਲਾਗੀ ਨੂੰ ਵਿਦਾ ਕੀਤਾ ਜਾਂਦਾ ਹੈ ਤੇ ਉਸ ਨੂੰ ਕੁਝ ਨਕਦ ਰੁਪਏ, ਦੋ ਤੋਂ ਲੈ ਕੇ ਗਿਆਰਾਂ ਤਕ, ਲਾਗ ਦਿਤੀ ਜਾਂਦੀ ਹੈ। ਕਈ ਧਨੀ ਤਾਂ ਲਾਗੀ ਨੂੰ ਵਿਦਾ ਕਰਨ ਲਗਿਆਂ ਜੋੜਾ ਵੀ ਦੇਂਦੇ ਹਨ। ਇਹ ਰੁਪਏ ਅਥਵਾ ਜੋੜਾ ਨਾਈ ਹੀ ਆਪਣੇ ਕੋਲ ਰਖ ਲੈਂਦਾ ਹੈ। ਪਰ ਉਹ ਵਾਪਸ ਆ ਕੇ ਆਪਣੇ ਜਜਮਾਨਾਂ ਨੂੰ ਹਰੇਕ ਗੱਲ ਦਾ ਵੇਰਵਾ ਦੇਂਦਾ ਹੈ।

ਕਈ ਧਨੀ ਲੋਕ, ਵਿਆਹ ਸ਼ਾਦੀ 'ਤੇ, ਆਪਣੇ ਕੁਝ ਕੰਮੀਂ ਅਥਵਾ ਨਾਈ ਵਿਆਹ ਵਾਲੇ ਘਰ ਨਾਲ ਹੀ ਲੈ ਜਾਂਦੇ ਹਨ। ਵਿਆਹ ਵਾਲੇ ਘਰ ਵਲੋਂ ਇਨ੍ਹਾਂ ਨੂੰ ਵਿਦਾ ਹੋਣ ਵੇਲੇ ਵਿਦੋਗੀ ਮਿਲਦੀ ਹੈ।

ਪੰਜਾਬ ਵਿਚ ਅਜੇ ਵੀ ਨੇੜੇ ਤੇੜੇ ਦੇ ਸਾਕ-ਸਬੰਧੀਆਂ ਨੂੰ ਵਿਆਹ ਦੀ ਖ਼ਬਰ ਲਾਗੀ ਦੁਆਰਾ ਦਿਤੀ ਜਾਂਦੀ ਹੈ। ਕੇਵਲ ਦੂਰ ਰਹਿੰਦੇ ਸਾਕਾਂ ਨੂੰ ਹੀ ਚਿੱਠੀਆਂ ਭੇਜੀਆਂ ਜਾਂਦੀਆਂ ਹਨ। ਪੱਛਮੀ ਪੰਜਾਬ ਵਿਚ ਤਾਂ ਪੰਜ ਮੀਲਾਂ ਦੇ ਘੇਰੇ ਵਿਚ ਰਹਿੰਦੇ ਹਰ ਅੰਗ ਸਾਕ ਨੂੰ ਵਿਆਹ ਦਾ ਸੱਦਾ ਨਾਈ ਹੀ ਦੇ ਕੇ ਆਉਂਦਾ ਸੀ।

(ਵ-84) **ਵ੍ਰਿੰਦਾ** :

ਜਾਲੰਧਰ ਦੈਂਤ ਦੀ ਪਤਨੀ, ਜੋ ਸਤਿ ਧਰਮ ਵਿਚ ਬੜੀ ਦ੍ਰਿੜ੍ਹ ਸੀ। ਵ੍ਰਿੰਦਾ ਕਾਲਨੇਮੀ ਦੀ ਕੰਨਿਆਂ ਸੀ। ਇਕ ਪੁਰਾਣਿਕ ਕਥਾ ਅਨੁਸਾਰ ਜਦੋਂ ਜਾਲੰਧਰ ਦੈਂਤ ਨੇ ਇੰਦਰਪੁਰੀ ਤੇ ਕਬਜ਼ਾ ਕਰ ਲਿਆ ਤਾਂ ਸ਼ਿਵਜੀ ਨਾਲ ਯੁੱਧ ਛਿੜ ਪਿਆ ਤੇ ਇਹ ਲੜਾਈ ਕਈ ਸਾਲ ਹੁੰਦੀ ਰਹੀ। ਸ਼ਿਵ ਜੀ ਆਪਣਾ ਸਾਰਾ ਵਾਹ ਲਗਾ ਚੁਕੇ, ਪਰ ਜਾਲੰਧਰ ਦੈਂਤ ਨੂੰ ਜਿੱਤ ਨਾ ਸਕੇ। ਇਸ ਦਾ ਕਾਰਨ ਇਹ ਸੀ ਕਿ ਦੈਂਤ ਦੀ ਪਤਨੀ ਵ੍ਰਿੰਦਾ, ਆਪਣੇ ਪਤੀਬ੍ਰਤ ਧਰਮ ਤੇ ਤੱਪ ਬਲ ਨਾਲ ਪਤੀ ਦੀ ਸਹਾਇਤਾ ਕਰ ਰਹੀ ਸੀ ਤੇ ਉਹ ਪਤੀ ਦੀ ਵਿਜੈ ਲਈ ਬ੍ਰਹਮਾ ਦੀ ਪੂਜਾ ਕਰ ਰਹੀ ਸੀ। ਇਕ ਪ੍ਰਸੰਗ ਅਨੁਸਾਰ ਵਿਸ਼ਨੂੰ ਨੇ ਜਾਲੰਧਰ ਦੈਂਤ ਦਾ ਰੂਪ ਧਾਰ ਕੇ ਇਸ ਪੂਜਾ ਵਿਚ ਵਿਘਨ ਪਾਇਆ ਤੇ ਜਾਲੰਧਰ ਦੀ ਹਾਰ ਹੋਈ। ਜਾਲੰਧਰ ਮਾਰਿਆ ਗਿਆ।

ਪਦਮ ਪੁਰਾਣ ਅਨੁਸਾਰ ਵ੍ਰਿੰਦਾ ਆਪਣੇ ਪਤੀ ਜਾਲੰਧਰ ਨਾਲ ਸਤੀ ਹੋਈ, ਵਿਸ਼ਨੂੰ ਦੇ ਵਰ ਨਾਲ ਵ੍ਰਿੰਦਾ ਦੀ ਭਸਮ ਤੋਂ ਤੁਲਸੀ, ਪਿੱਪਲ, ਆਉਲਾ ਤੇ ਪਲਾਸ਼ ਚਾਰ ਬ੍ਰਿਛ ਪੈਦਾ ਹੋਏ।

(ਵ-85) **ਵਿਰਾਸਤ** :

ਜਦੋਂ ਤਕ ਪਿਉ ਜੀਊਂਦਾ ਹੈ, ਬੱਚਿਆਂ ਦਾ ਭਾਵੇਂ ਉਹ ਪਿਉ ਦੇ ਨਾਲ ਰਹਿੰਦੇ ਹੋਣ ਤੇ ਭਾਵੇਂ ਵੱਖ, ਉਸ ਦੀ ਜਾਇਦਾਦ ਉਤੇ ਕੋਈ ਹੱਕ ਨਹੀਂ ਹੁੰਦਾ। ਬਹੁਤੀਆਂ ਹਾਲਤਾਂ ਵਿਚ ਪਿਉ ਦੇ ਜੀਊਂਦਿਆਂ ਬੱਚੇ ਉਸ ਦੇ ਨਾਲ ਹੀ ਰਹਿੰਦੇ ਹਨ।

ਪਿਉ ਦੀ ਮ੍ਰਿਤੂ ਤੋਂ ਪਿਛੋਂ, ਪਹਿਲਾਂ ਤਾਂ ਕੇਵਲ ਪਤਨੀ ਤੇ ਪੁੱਤਰਾਂ ਦਾ ਹੀ ਜਾਇਦਾਦ ਉਤੇ ਅਧਿਕਾਰ ਹੁੰਦਾ ਸੀ, ਪਰ ਹੁਣ ਭਾਰਤ ਸਰਕਾਰ ਦੇ ਕਾਨੂੰਨ (ਹਿੰਦੂ ਕੋਡ ਬਿਲ) ਅਨੁਸਾਰ ਧੀਆਂ, ਪੁੱਤਰਾਂ ਤੇ ਪਤਨੀ ਦਾ ਇਕੋ ਜਿਹਾ ਹੱਕ ਹੋ ਗਿਆ ਹੈ।

ਕਈ ਵਾਰ ਜੇ ਪਿਉ ਦੀ ਚੋਖੀ ਸਾਰੀ ਜਾਇਦਾਦ ਹੋਵੇ ਤੇ ਪੁੱਤਰਾਂ ਦੇ ਵਿਆਹ ਕਾਰਨ ਪਰਵਾਰ ਫੈਲਦਾ ਜਾਵੇ ਤਾਂ ਉਹ ਵਿਆਹੇ ਲੜਕਿਆਂ ਨੂੰ ਜਾਇਦਾਦ ਤੇ ਹੋਰ ਦੂਜੀਆਂ ਮਲਕੀਅਤਾਂ ਵਿਚੋਂ ਕੁਝ ਹਿੱਸਾ ਦੇ ਕੇ ਵੱਖ ਕਰ ਦੇਂਦਾ ਹੈ, ਪਰ ਇਹ ਉਸ ਦੀ ਆਪਣੀ ਮਰਜ਼ੀ ਹੈ, ਕਾਨੂੰਨ ਦਾ ਇਸ ਵਿਚ ਕੋਈ ਦਖ਼ਲ ਨਹੀਂ।

ਵਿਰਾਸਤ ਦੀ ਵੰਡ-ਪਗਵੰਡ ਤੇ ਚੂਣੇ-ਵੰਡ ਦੁਆਰਾ ਵੀ ਕੀਤੀ ਜਾਂਦੀ ਹੈ। ਕਈ ਕਬੀਲੇ ਪਹਿਲੀ ਵੰਡ ਨੂੰ ਅਪਣਾਂਦੇ ਹਨ ਤੇ ਕਈ ਦੂਜੀ ਵੰਡ ਨੂੰ। ਪਗਵੰਡ ਅਨੁਸਾਰ ਸਾਰੇ ਲੜਕਿਆਂ ਵਿਚ ਪਿਉ ਦੀ ਜਾਇਦਾਦ ਇਕੋ ਮਾਤਰਾ ਵਿਚ ਵੰਡ ਦਿਤੀ ਜਾਂਦੀ ਹੈ। ਪਰ ਚੂਣੇ ਵੰਡ ਅਨੁਸਾਰ

ਕਿਸੇ ਮਰਦ ਦੀਆਂ ਜਿਤਨੀਆਂ ਤੀਵੀਆਂ ਹੋਣ, ਉਨ੍ਹਾਂ ਵਿਚ ਇਕੋ ਜਿਹੀ ਜਾਇਦਾਦ ਵੰਡੀ ਜਾਂਦੀ ਹੈ ਤੇ ਅਗੋਂ ਉਸ ਤੀਵੀਂ ਦੇ ਪੁੱਤਰ ਆਪੋ ਆਪਣਾ ਹਿੱਸਾ ਲੈ ਲੈਂਦੇ ਹਨ, ਜਿਵੇਂ ਜੇ ਇਕ ਤੀਵੀਂ ਦੀ ਕੁਖੋਂ ਚਾਰ ਪੁੱਤਰ ਹੋਣ ਤੇ ਦੂਜੀ (ਸੌਂਕਣ) ਦੀ ਕੁਖੋਂ ਦੋ ਬੱਚੇ ਹੋਣ ਤਾਂ ਚੂਣੇ ਵੰਡ ਅਨੁਸਾਰ ਇਕ ਤੀਵੀਂ ਦੇ ਚਾਰ ਬੱਚੇ ਅੱਧੀ ਜਾਇਦਾਦ ਦੇ ਅਧਿਕਾਰੀ ਹਨ ਤੇ ਬਾਕੀ ਅੱਧੀ ਜਾਇਦਾਦ ਦੇ ਦੂਜੀ ਔਰਤ ਦੇ ਦੋ ਬੱਚੇ। ਪਰ ਹੁਣ ਹਿੰਦੂ ਕੋਡ ਬਿਲ ਦੁਆਰਾ ਹਿੰਦੂਆਂ ਤੇ ਸਿੱਖਾਂ ਵਿਚ ਇਕ ਤੋਂ ਵਧੀਕ ਵਿਆਹ ਵਿਵਰਜਤ ਹੋ ਗਿਆ ਹੈ।

ਜੇ ਕੋਈ ਆਦਮੀ ਨਿਰਸੰਤਾਨ ਮਰ ਜਾਵੇ, ਤਾਂ ਉਸ ਦੀ ਜਾਇਦਾਦ ਦੀ ਹੱਕਦਾਰ ਜਦੋਂ ਤਕ ਉਸ ਦੀ ਵਿਧਵਾ ਤੀਵੀਂ ਜੀਊਂਦੀ ਰਹੇ, ਹੁੰਦੀ ਹੈ, ਪਰ ਉਸ ਦੇ ਮਰਨ ਉਪਰੰਤ ਉਸ ਦੇ ਪਤੀ ਦੇ ਭਰਾ ਉਸ ਦੀ ਜਾਇਦਾਦ ਦੇ ਵਾਰਸ ਮੰਨੇ ਜਾਂਦੇ ਹਨ। ਜੇ ਕੋਈ ਵਿਧਵਾ ਪੁਨਰ-ਵਿਆਹ ਕਰ ਲਏ ਤਾਂ ਫਿਰ ਉਹ ਪਤੀ ਦੀ ਜਾਇਦਾਦ ਦੀ ਹੱਕਦਾਰ ਨਹੀਂ ਸਮਝੀ ਜਾਂਦੀ। ਜੇ ਕਿਸੇ ਵਿਅਕਤੀ ਦੀ ਸੰਤਾਨ ਵਿਚ ਲੜਕਾ ਨਾ ਹੋਵੇ ਅਤੇ ਲੜਕੀਆਂ ਹੀ ਹੋਣ ਤਾਂ ਜਦੋਂ ਤਕ ਉਹ ਲੜਕੀਆਂ ਵਿਆਹੀਆਂ ਨਹੀਂ ਜਾਂਦੀਆਂ, ਆਪਣੀ ਪਿਉ ਦੀ ਜਾਇਦਾਦ ਦੀਆਂ ਹੱਕਦਾਰ ਹਨ; ਵਿਆਹ ਬਾਅਦ ਨਹੀਂ। ਕੁੜੀਆਂ ਦੇ ਵਿਆਹੇ ਜਾਣ ਪਿਛੋਂ ਉਸ ਜਾਇਦਾਦ ਦੇ ਹੱਕਦਾਰ ਮ੍ਰਿਤਕ ਦੇ ਭਰਾ-ਭਤੀਜੇ ਹੀ ਹੁੰਦੇ ਹਨ, ਪਰ ਇਹ ਵਿਰਾਸਤ ਦੀਆਂ ਸਭ ਪਰੰਪਰਾਵਾਂ ਵਿਚੋਂ ਹੁਣ ਹਿੰਦੂ ਕੋਡ ਬਿਲ ਰਾਹੀਂ ਤਬਦੀਲੀਆਂ ਲੈ ਆਉਂਦੀਆਂ ਗਈਆਂ ਹਨ।

## (ਵ-86) ਵਿਵਰਜਤ ਕਿਰਿਆ :

ਜਦੋਂ ਕੋਈ ਆਦਮੀ ਸਫ਼ਰ ਤੋਂ ਵਾਪਸ ਆਵੇ ਤਾਂ ਘਰ ਵਿਚ ਦਾਖ਼ਲ ਹੋਣ ਲਗਿਆਂ, ਉਸ ਦੇ ਸਰੀਰ ਉਤੇ ਪਾਣੀ ਦੇ ਛੱਟੇ ਮਾਰੇ ਜਾਂਦੇ ਹਨ। ਸਫ਼ਰ ਵਿਚ ਉਸ ਨੂੰ ਕਈ ਥਾਵਾਂ-ਕੁਥਾਵਾਂ ਵਿਚੋਂ ਲੰਘਣਾ ਪੈਂਦਾ ਹੈ, ਕਈ ਤਰ੍ਹਾਂ ਦੇ ਚੰਗੇ ਮੰਦੇ ਲੋਕਾਂ ਨਾਲ ਵਾਹ ਪੈਂਦਾ ਹੈ। ਜਲ ਦੇ ਛੱਟਿਆਂ ਨਾਲ ਮੰਦਾ ਪਰਛਾਵਾਂ ਤੇ ਹੋਰ ਜਾਦੂ-ਟੂਣੇ ਦਾ ਅਸਰ ਵੀ ਉੱਡ ਜਾਂਦਾ ਹੈ।

ਇਸੇ ਤਰ੍ਹਾਂ ਜਦੋਂ ਮਰਘਟ ਤੋਂ ਮ੍ਰਿਤਕ ਸਰੀਰ ਦਾ ਅੰਤਮ ਸੰਸਕਾਰ ਕਰ ਕੇ ਕੋਈ ਪ੍ਰਾਣੀ ਘਰ ਮੁੜਦਾ ਹੈ, ਤਾਂ ਵੀ ਉਸ ਦੇ ਸਰੀਰ ਉਤੇ ਪਾਣੀ ਦੇ ਛੱਟੇ ਮਾਰੇ ਜਾਂਦੇ ਹਨ ਤੇ ਫਿਰ ਬਰੂਹਾਂ ਟੱਪਣ ਦਿਤੀਆਂ ਜਾਂਦੀਆਂ ਹਨ।

ਜਦੋਂ ਗਲੀ ਮਹੱਲੇ ਜਾਂ ਪਿੰਡ ਵਿਚ ਕੋਈ ਮੌਤ ਹੋ ਜਾਵੇ, ਤਾਂ ਉਦੋਂ ਤਕ ਘਰ ਵਿਚ ਅੱਗ ਨਹੀਂ ਬਾਲੀ ਜਾਂਦੀ ਜਦੋਂ ਤਕ ਮ੍ਰਿਤਕ ਸਰੀਰ ਦਾ ਦਾਹ-ਕਰਮ ਨਾ ਕਰ ਲਿਆ ਜਾਵੇ। ਸ਼ਹਿਰਾਂ ਵਿਚ ਵੀ ਇਹ ਰਿਵਾਜ ਵੇਖਿਆ ਹੈ ਕਿ ਜਦੋਂ ਤਕ ਮ੍ਰਿਤਕ ਸਰੀਰ ਨੂੰ ਦਾਹ ਕਰਮ ਲਈ ਘਰੋਂ ਲੈ ਨਹੀਂ ਜਾਂਦੇ, ਮਹੱਲੇ ਦੇ ਲੋਕ ਘਰ ਅੱਗ ਨਹੀਂ ਬਾਲਦੇ। ਧਾਰਨਾ ਹੈ ਕਿ ਉਦੋਂ ਤਕ ਅੱਗ ਅਪਵਿਤਰ ਸਮਝੀ ਜਾਂਦੀ ਹੈ ਜਦੋਂ ਤਕ ਸਰੀਰ ਜਲ ਨਹੀਂ ਜਾਂਦਾ।

ਲੋਕ-ਧਾਰਨਾ ਅਨੁਸਾਰ ਪ੍ਰਦੇਸਾਂ ਵਿਚ ਜਾਣ ਵਾਲਾ ਪ੍ਰਾਣੀ ਅਪਵਿਤਰ ਹੋ ਜਾਂਦਾ ਹੈ ਤੇ ਉਸ ਨੂੰ ਪਵਿਤਰ ਕਰਨ ਲਈ ਲੰਮੀ ਕਿਰਿਆ ਕਰਨੀ ਪੈਂਦੀ ਹੈ। 'ਏਸ਼ਿਆਟਿਕ ਰੀਸਰਚ' (6,535) ਵਿਚ ਲਿਖਿਆ ਹੈ ਕਿ ਇਕ ਵਾਰ ਇਕ ਮਹਾਰਾਜੇ ਨੇ ਦੋ ਹਿੰਦੂ ਦੂਤ ਇੰਗਲੈਂਡ ਭੇਜੇ। ਜਦੋਂ ਉਹ ਵਾਪਸ ਮੁੜੇ ਤਾਂ ਮਲੇਛਾਂ ਵਿਚ ਰਹੇ ਹੋਣ ਕਰ ਕੇ ਉਨ੍ਹਾਂ ਨੂੰ ਅਪਵਿਤਰ ਸਮਝਿਆ ਗਿਆ। ਇਹ ਪਵਿਤਰਤ੍ਰਾ ਕੇਵਲ ਮੁੜ ਜਨਮ ਲੈਣ ਨਾਲ ਹੀ ਪ੍ਰਾਪਤ ਹੋ ਸਕਦੀ ਸੀ। ਉਨ੍ਹਾਂ ਦਾ ਉਦਾਰ ਕਰਨ ਲਈ ਪ੍ਰਕ੍ਰਿਤੀ ਦੀ ਮਾਦਾ ਸ਼ਕਤੀ ਦਾ ਪ੍ਰਤੀਕ ਇਕ ਸੋਨੇ ਦਾ ਬੁਤ, ਬਣਾਇਆ ਗਿਆ (ਜੋ ਤੀਵੀਂ ਜਾਂ ਗਊ ਦੀ ਸ਼ਕਲ ਦਾ ਬਣਾਇਆ ਜਾਂਦਾ ਹੈ)। ਇਸ ਬੁਤ ਵਿਚ ਉਦਾਰ ਹੋਣ ਵਾਲੇ ਪ੍ਰਾਣੀ ਨੂੰ ਬੰਦ ਕੀਤਾ ਜਾਂਦਾ ਹੈ ਤੇ ਯੂਨੀ ਰਾਹੀਂ ਬਾਹਰ ਕਢ ਕੇ, ਮੁੜ ਜਨਮ ਦਿਤਾ ਜਾਂਦਾ ਹੈ। ਕਿਉਂ ਜੋ ਸੋਨੇ ਦਾ ਬੁਤ ਮਹਿੰਗਾ ਪੈਂਦਾ ਹੈ ਇਸ ਲਈ ਅੱਜ ਕਲ੍ਹ ਕੇਵਲ ਯੂਨੀ ਬਣਾ ਕੇ ਹੀ ਪ੍ਰਾਣੀ ਨੂੰ ਉਸ ਵਿਚੋਂ ਕੱਢ ਕੇ ਨਵਾਂ ਜਨਮ ਦਿਤਾ ਜਾਂਦਾ ਹੈ।

ਖਾਣ ਪੀਣ ਸਬੰਧੀ ਰਹਿਤਾਂ :

ਕਿਸੇ ਸਾਹਮਣੇ ਖਾਣਾ ਪੀਣਾ ਚੰਗਾ ਨਹੀਂ ਸਮਝਿਆ ਜਾਂਦਾ। ਬੱਚੇ ਨੂੰ ਕਿਸੇ ਸਾਹਮਣੇ ਦੁੱਧ ਪਿਲਾਇਆ ਜਾਵੇ ਤਾਂ ਸ਼ੀਸ਼ੀ ਨੂੰ ਉਪਰੋਂ ਢੱਕ ਲਿਆ ਜਾਂਦਾ ਹੈ।

ਖਾਣ ਲਗਿਆਂ ਥਾਲ ਵਿਚ ਬਚ ਗਈਆਂ ਚੀਜ਼ਾਂ ਦਾ ਕਿਸੇ ਪ੍ਰਾਣੀ ਦੇ ਪੇਟ ਵਿਚ ਪਈਆਂ ਵਸਤੂਆਂ ਨਾਲ ਬੜਾ ਸਿਧਾ ਸਬੰਧ ਹੈ। ਇਸ ਬਚੀ ਹੋਈ ਖ਼ੁਰਾਕ ਰਾਹੀਂ ਉਸ ਪ੍ਰਾਣੀ ਨੂੰ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ, ਇਸੇ ਲਈ ਕਿਹਾ ਜਾਂਦਾ ਹੈ ਕਿ ਥਾਲੀ ਵਿਚ ਅੰਨ ਜੂਠਾ ਨਹੀਂ ਛੱਡਣਾ ਚਾਹੀਦਾ।

ਪੁਰਾਣੇ ਜ਼ਮਾਨੇ ਵਿਚ ਜੇ ਕਿਸੇ ਦੁਸ਼ਮਣ ਨੂੰ ਹਾਨੀ ਪਹੁੰਚਾਣੀ ਹੋਵੇ ਤਾਂ ਉਸ ਨੂੰ ਬਹੁਤ ਸਾਰੇ ਚਾਵਲ ਖਾਣ ਲਈ ਦੇ ਦਿਤੇ ਜਾਂਦੇ ਸਨ। ਬਚੇ ਹੋਏ ਸਾਰੇ ਚਾਵਲ ਕਿਸੇ ਤਲਾਬ ਵਿਚ ਸੁਟ ਦਿਤੇ ਜਾਂਦੇ। ਜੇ ਮੱਛੀਆਂ ਝੁਰਮਟ ਪਾ ਕੇ ਚਾਵਲਾਂ ਦੇ ਉਹ ਦਾਣੇ ਚਟਮ ਕਰ ਜਾਣ, ਤਾਂ ਉਸ ਪ੍ਰਾਣੀ ਨੂੰ ਕਾਫ਼ੀ ਹਾਨੀ ਪਹੁੰਚਦੀ ਹੈ।

**(ਵ-87) ਵੀਹਾਂ :**

ਪੰਜਾਬ ਦੇ ਪਿੰਡਾਂ ਵਿਚ, ਖ਼ਾਸ ਤੌਰ ਉਤੇ ਲਹਿੰਦੇ ਦੇ ਇਲਾਕੇ ਵਿਚ, ਵੀਹ ਦੀ ਇਕਾਈ ਨੂੰ ਆਧਾਰ ਬਣਾ ਕੇ ਗਿਣਤੀ ਕੀਤੀ ਜਾਂਦੀ ਹੈ। ਵੀਹਾਂ ਦੇ ਗੁਟ ਰਾਹੀਂ ਗਿਣਤੀ ਦਾ ਰਵਾਜ ਪ੍ਰਾਚੀਨ ਮਨੁੱਖ ਵਿਚ ਸੀ। ਪ੍ਰਾਚੀਨ ਮਨੁੱਖ ਹੱਥਾਂ ਤੇ ਪੈਰਾਂ ਦੀਆਂ ਉਂਗਲਾਂ ਦੀ ਮਦਦ ਰਾਹੀਂ ਗਿਣਤੀ ਕਰਦਾ ਸੀ ਤੇ ਇਸ ਨੂੰ ਅਸੀਂ ਮਨੁੱਖ ਦਾ ਮੁੱਢਲਾ ਤੇ ਮੌਲਿਕ ਗਿਣਤੀ ਦਾ ਢੰਗ ਕਹਿ ਸਕਦੇ ਹਾਂ। ਮਨੁੱਖ ਨੇ ਜਦੋਂ ਗਿਣਤੀ ਆਰੰਭੀ ਤਾਂ ਉਸ ਪਹਿਲਾਂ ਦੁਹਾਂ ਹੱਥਾਂ ਦੀਆਂ ਉਂਗਲਾਂ ਨੂੰ ਗਿਣਤੀ ਦਾ ਪੈਮਾਨਾ ਮਿਥਿਆ, ਹੌਲੇ ਹੌਲੇ ਵੱਡੀ ਗਿਣਤੀ ਲਈ ਉਸ ਹੱਥਾਂ ਦੇ ਨਾਲ ਪੈਰਾਂ ਦੀਆਂ ਉਂਗਲਾਂ ਨੂੰ ਵੀ ਗਿਣਤੀ ਦਾ ਸਾਧਨ ਬਣਾ ਲਿਆ। ਸੰਸਾਰ ਦੀਆਂ ਅਨੇਕਾਂ ਭਾਸ਼ਾਵਾਂ ਵਿਚ ਇਸ ਗੱਲ ਦੇ ਸਬੂਤ ਹਨ ਕਿ ਮੁੱਢ ਵਿਚ 20 ਤਕ ਅੰਕੜਿਆਂ ਦੇ ਹੀ ਮੌਲਿਕ ਨਾਂ ਸਨ, ਬਾਕੀ ਸ਼ਬਦ ਸਮਾਸ ਹਨ। ਦੱਖਣੀ ਅਮਰੀਕਾ ਦੀਆਂ ਕਈ ਸਥਾਨਕ ਭਾਸ਼ਾਵਾਂ ਵਿਚ 20 ਨਾਲ ਗਿਣਤੀ ਕਰਨ ਦਾ ਰਵਾਜ ਹੈ।

ਪੰਜਾਬੀ ਵਿਚ 20 ਲਈ ਕੋੜੀ ਸ਼ਬਦ ਵਰਤਿਆ ਜਾਂਦਾ ਹੈ। ਪੁਰਾਣੇ ਵਕਤਾਂ ਵਿਚ ਕੌਡੀਆਂ ਨੂੰ ਰੱਸੀ ਵਿਚ ਪਰੋ ਕੇ ਜੋ ਹਾਰ ਬਣਾਏ ਜਾਂਦੇ ਸਨ ਉਨ੍ਹਾਂ ਵਿਚ ਵੀਹ ਕੌਡੀਆਂ ਹੀ ਹੁੰਦੀਆਂ ਸਨ, ਇਸ ਲਈ ਹੌਲੇ ਹੌਲੇ 20 ਦੀ ਕੌਡੀ/ਕੋੜੀ ਪ੍ਰਸਿਧ ਹੋ ਗਈ। ਅਫ਼ਰੀਕਾ ਵਿਚ ਯੌਰੂਬਾ ਜਾਤੀ ਦੀ ਭਾਸ਼ਾ ਵਿਚ 40 ਲਈ ਜੋ ਸ਼ਬਦ ਵਰਤਿਆ ਜਾਂਦਾ ਹੈ ਉਸ ਦਾ ਭਾਵ ਰੱਸੀ ਹੈ, ਕਿਉਂ ਜੋ ਉਸ ਜਾਤੀ ਵਿਚ 40 ਕੌਡੀਆਂ ਦੇ ਹਾਰ ਬਨਾਉਣ ਦਾ ਰਵਾਜ ਹੈ।

ਪੰਜਾਬ ਦੇ ਪਿੰਡਾਂ ਵਿਚ ਜਦੋਂ ਖਲਵਾੜੇ ਤੋਲੇ ਜਾਂਦੇ ਹਨ ਤਾਂ 20 ਮਣ ਉਤੇ ਇਕ ਤੀਲਾ ਜਾਂ ਦਾਣਾ ਵੱਖ ਕਰ ਲਿਆ ਜਾਂਦਾ ਹੈ। ਇਸ ਤਰ੍ਹਾਂ 20 ਮਣ ਦੀ ਇਕਾਈ ਮਿਥ ਕੇ ਹਿਸਾਬ ਕੀਤਾ ਜਾਂਦਾ ਹੈ।

ਪੰਜਾਬ ਵਿਚ ਗਿਣਤੀ ਦੇ ਕਈ ਹੋਰ ਰੂਪ ਵੀ ਪ੍ਰਚਲਤ ਹਨ ਜਿਵੇਂ ਤੁਖਾਰੀ ਬਾਰਾਂ ਮਾਹ ਵਿਚ 'ਬੇਦਸ ਮਾਹਿ ਰੁਤੀ...' ਬੇਦਸ ਸ਼ਬਦ 12 ਲਈ ਵਰਤਿਆ ਗਿਆ ਹੈ। 'ਬੇ' ਫ਼ਾਰਸੀ ਅਖਰ ਮਾਲਾ ਦਾ ਦੂਜਾ ਅੱਖਰ ਹੈ ਤੇ ਦੋ ਅੰਕ ਵਲ ਸੰਕੇਤ ਕਰਦਾ ਹੈ। ਇਸ ਤਰ੍ਹਾਂ ਬੇਦਸ, (ਦੋ+ਦਸ) 12 ਬਣਿਆ।

**(ਵ-88) ਵੀਰਵਾਰ ਦਾ ਵਰਤ :**

ਇਹ ਵਰਤ ਬ੍ਰਹਸਪਤ ਗ੍ਰਹਿ ਦੇ ਕਰੋਧ ਨੂੰ ਸ਼ਾਂਤ ਕਰਨ ਲਈ ਰਖਿਆ ਜਾਂਦਾ ਹੈ। ਇਸ ਵਰਤ ਨਾਲ ਵਿੱਦਿਆ ਦੀ ਪ੍ਰਾਪਤੀ ਹੁੰਦੀ ਹੈ ਤੇ ਬੁੱਧੀ ਤੇਜ਼। ਇਸ ਦਿਨ ਭੋਜਨ ਕੇਵਲ ਪੀਲੀ ਵਸਤੂ ਦਾ ਕਰਨਾ ਚਾਹੀਦਾ ਹੈ ਅਤੇ ਉਹੋ ਵਸਤੂਆਂ ਦਾਨ ਵੀ ਕਰਨੀਆਂ ਚਾਹੀਦੀਆਂ ਹਨ। ਪੂਜਾ ਸਮੇਂ ਪੀਲੇ ਫੁੱਲ, ਪੀਲੇ ਕਪੜੇ, ਪੀਲਾ ਚੰਦਨ ਹੀ ਵਰਤਣਾ ਚਾਹੀਦਾ ਹੈ। ਇਹ ਵਰਤ ਸੱਤ ਦਿਨ ਲਗਾਤਾਰ ਰੱਖਣ ਨਾਲ ਕਾਮਨਾਵਾਂ ਦੀ ਪੂਰਤੀ ਹੁੰਦੀ ਹੈ। ਜੇ ਵੀਰਵਾਰ ਨੂੰ ਅਨੁਰਾਧਾ ਨਖਸ਼ਤਰ ਹੋਵੇ ਤਾਂ ਵਰਤ ਲਈ ਉੱਤਮ ਯੋਗ ਹੈ। ਇਸ ਵਰਤ ਦੇ ਮਹਾਤਮ ਬਾਰੇ ਇਕ ਕਥਾ ਪ੍ਰਚਲਤ ਹੈ :

ਇਕ ਸੌਦਾਗਰ ਦੀ ਪਤਨੀ ਬੜੀ ਕੰਜੂਸ ਸੀ। ਉਸ ਕਦੇ ਦਾਨ ਪੁੰਨ ਨਹੀਂ ਸੀ ਕੀਤਾ। ਇਕ ਵਾਰ ਇਕ ਸਾਧੂ ਉਸ ਦੇ ਬੂਹੇ ਭਿਛਿਆ ਮੰਗਣ ਲਈ ਆਇਆ ਤਾਂ ਉਹ ਵਿਹੜਾ ਪੋਚ ਰਹੀ ਸੀ। ਉਹ ਸਾਧੂ ਨੂੰ ਆਖਣ ਲੱਗੀ, "ਮੇਰਾ ਹੱਥ ਵਿਹਲਾ ਨਹੀਂ।" ਫਿਰ ਦੂਜੀ ਵਾਰ ਸਾਧੂ ਆਇਆ ਤਾਂ ਉਹ ਬੱਚਾ ਖਿਡਾ ਰਹੀ ਸੀ ਤੇ ਫਿਰ ਉਸ ਤੀਵੀਂ ਨੇ ਕਿਹਾ, "ਮੇਰਾ ਹੱਥ ਵਿਹਲਾ ਨਹੀਂ।" ਇਸ ਤਰ੍ਹਾਂ ਸਾਧੂ ਕਈ ਵਾਰ ਆਇਆ ਪਰ ਇਸਤ੍ਰੀ ਵਿਹਲੀ ਨਹੀਂ ਸੀ। ਉਹ ਸਾਧੂ ਨੂੰ ਕਹਿਣ ਲਗੀ, "ਤੂੰ ਜਦੋਂ ਆਉਂਦੈਂ ਮੈਂ ਵਿਹਲੀ ਨਹੀਂ ਹੁੰਦੀ।" ਸਾਧੂ ਕਹਿਣ ਲਗਾ "ਵਿਹਲੇ ਹੋਣ ਦੀ ਮੈਂ ਇਕ ਵਿਧੀ ਦਸਦਾ ਹਾਂ।" ਤੀਵੀਂ ਦੇ ਪੁਛਣ ਉਤੇ ਸਾਧੂ ਨੇ ਦਸਿਆ ਕਿ 'ਵੀਰਵਾਰ ਦੇ ਦਿਨ' ਘਰ ਦਾ ਸਾਰਾ ਗੰਦ ਸਾਫ਼ ਕਰ ਕੇ ਗਾਂ ਤੇ ਮੱਝ ਹੇਠ ਸੁਟ ਦਿਤਾ ਕਰੋ ਤੇ ਫਿਰ ਇਸ਼ਨਾਨ ਕਰੋ। ਘਰ ਦੇ ਮਰਦਾਂ ਨੂੰ ਕਹਿ ਦਿਉ ਕਿ ਉਹ ਵੀਰਵਾਰ ਜ਼ਰੂਰ 'ਖੋਰ' ਕਰਵਾਣ ਤੇ ਉਸ ਦਿਨ ਜਦੋਂ ਭੋਜਨ ਬਣ ਚੁਕੇ ਤਾਂ ਉਹ ਸਾਰਾ ਚੁਲ੍ਹੇ ਪਿਛੇ ਰਖੇ। ਸੰਧਿਆ ਵੇਲੇ ਚਿਰਾਕਾ ਦੀਵਾ ਬਾਲੇ। ਇਹ ਸਭ ਰਹਿਤ ਬਹਿਤ ਚਾਰ ਵੀਰਵਾਰ ਕਰਨ ਨਾਲ ਗ੍ਰਹਿਸਥ ਦੇ ਸਭ ਝੰਝਟਾਂ ਤੋਂ ਛੁਟਕਾਰਾ ਮਿਲ ਜਾਵੇਗਾ। ਫਿਰ ਤੂੰ ਮੈਨੂੰ ਭਿਖਸ਼ਾ ਦੇ ਦੇਵੀਂ। ਸਾਧੂ ਦੇ ਜਾਣ ਮਗਰੋਂ ਤੀਵੀਂ ਨੇ ਇਸੇ ਤਰ੍ਹਾਂ ਕੀਤਾ ਤੇ ਸਭ ਧਨ ਸੰਪਤੀ ਚੋਰ ਲੁਟ ਲੈ ਗਏ। ਖੇਤੀ ਨਸ਼ਟ ਹੋ ਗਈ। ਪਸ਼ੂ ਮਰ ਗਏ ਤੇ ਉਸ ਲਈ ਕੋਈ ਕੰਮ ਧੰਧਾ ਨਾ ਰਿਹਾ। ਉਹਾ ਸਾਧੂ ਭਿਖਿਆ ਮੰਗਣ ਲਈ ਇਕ ਵਾਰ ਫਿਰ ਆਇਆ ਤੇ ਤੀਵੀਂ ਭੁੱਬਾਂ ਮਾਰ ਕੇ ਰੋ ਪਈ ਤੇ ਖਿਮਾ ਮੰਗਣ ਲੱਗੀ। ਸਾਧੂ ਨੇ ਕਿਹਾ ਕਿ ਘਰ ਵਾਲੇ ਨੂੰ ਕਹਿ ਦੇ ਵੀਰਵਾਰ ਨੂੰ ਅਗੋਂ ਭੁਲ ਕੇ ਵੀ ਖੋਰ ਨਾ ਕਰਵਾਏ। ਵੀਰਵਾਰ ਸੂਰਜ ਚੜ੍ਹਨ ਤੋਂ ਪਹਿਲਾਂ ਜਾਗਣ, ਸੰਧਿਆ ਨੂੰ ਦੀਵਾ ਜਲਾਨ, ਤੇ ਵੀਰਵਾਰ ਦਾ ਵਰਤ ਰਖਣ। ਰਸੋਈ ਬਣਾ ਕੇ ਚੁਲ੍ਹੇ ਅਗੇ ਰਖਣ। ਮੰਗਤਿਆਂ ਨੂੰ ਅੰਨ ਦਾਨ ਕਰਨ। ਤੀਵੀਂ ਨੇ ਇੰਜ ਹੀ ਕੀਤਾ ਤੇ ਥੋਹੜੇ ਹੀ ਦਿਨਾਂ ਵਿਚ ਉਸ ਦੇ ਸਭ ਦੁਖ ਦਲਿਦਰ ਦੂਰ ਹੋ ਗਏ।

ਕਿਸੇ ਮਹੀਨੇ ਦੇ ਚਾਨਣ ਪੱਖ ਵਿਚ, ਜਿਸ ਦਿਨ ਅਨੁਰਾਧਾ ਨਖਸ਼ਤਰ ਵੀਰਵਾਰ ਨੂੰ ਹੋਵੇ, ਉਸ ਸ਼ੁਭ ਦਿਨ ਬ੍ਰਹਸਪਤ ਦੀ ਸੋਨੇ ਦੀ ਮੂਰਤੀ ਨੂੰ ਸੋਨੇ ਦੇ ਭਾਂਡੇ ਵਿਚ

ਸਥਾਪਿਤ ਕਰ ਕੇ, ਪੀਲੇ ਰੰਗ ਦੇ ਫੁੱਲਾਂ ਤੇ ਅੰਨ ਨਾਲ ਪੂਜਾ ਕਰ ਕੇ ਕਰਮੰਡਲ ਜਾਂ ਜੁੱਤੀ (ਪਾਦੁਕਾ) ਤੇ ਛੱਤਰ, ਅਰਪਣ ਕਰਨਾ ਚਾਹੀਦਾ ਹੈ। ਪੀਲੇ ਗਊ ਦੇ ਘਿਉ ਵਿਚ ਬਣਾਏ ਹੋਏ ਛੋਲਿਆਂ ਦੇ ਪਦਾਰਥਾਂ ਦਾ ਭੋਜਨ, ਬ੍ਰਾਹਮਣਾਂ ਨੂੰ ਕਰਵਾਣਾ ਚਾਹੀਦਾ ਹੈ ਤੇ ਖ਼ੁਦ ਵੀ ਉਹੋ ਹੀ ਭੋਜਨ ਕਰਨਾ ਚਾਹੀਦਾ ਹੈ। ਇਸ ਪ੍ਰਕਾਰ ਸੱਤ ਵਰਤ ਰਖਣ ਨਾਲ ਬ੍ਰਹਸਪਤੀ ਤੋਂ ਉਤਪੰਨ ਹੋਣ ਵਾਲੇ ਸਭ ਕਸ਼ਟ ਦੂਰ ਹੋ ਜਾਂਦੇ ਹਨ ਅਤੇ ਸਥਾਈ ਸੁੱਖ ਮਿਲਦੇ ਹਨ।

ਪੀਲੀਆਂ ਚੀਜ਼ਾਂ ਦਾ ਦਾਨ ਕਰਨ ਤੇ ਪੀਲੀਆਂ ਵਸਤੂਆਂ ਦਾ ਹੀ ਭੋਜਨ ਖਾਣ ਦਾ ਵਿਸ਼ੇਸ਼ ਮਹਾਤਮ ਹੈ।

### (ਵ-89) ਵੁਜ਼ੂ :

ਮੁਸਲਮਾਨ ਨਮਾਜ਼ ਪੜ੍ਹਨ ਤੋਂ ਪਹਿਲਾਂ ਜਾਂ ਕੋਈ ਪਵਿਤਰ ਕੰਮ ਕਰਨ ਵੇਲੇ, ਪਹਿਲਾਂ ਵੁਜ਼ੂ ਕਰਦੇ ਹਨ। ਵੁਜ਼ੂ ਧਾਰਮਿਕ ਰੀਤੀਆਂ ਅਨੁਸਾਰ ਹੱਥਾਂ ਪੈਰਾਂ ਨੂੰ ਧੋਣਾ ਹੁੰਦਾ ਹੈ। ਉਹ ਪਹਿਲਾਂ ਮੂੰਹ ਧੋਂਦੇ ਫਿਰ ਬਾਂਹ ਉੱਚੀ ਕਰ ਕੇ ਉਪਰੋਂ ਹਥੇਲੀ ਤੋਂ ਥੱਲੇ ਕੂਹਣੀ ਵਲ ਪਾਣੀ ਵਗਾਂਦੇ ਹਨ ਤੇ ਇਸ ਤਰ੍ਹਾਂ ਹੱਥਾਂ ਤੇ ਬਾਹਾਂ ਨੂੰ ਸਾਫ਼ ਕਰਦੇ ਹਨ। ਇਸ ਪਿਛੋਂ ਪੈਰ ਆਦਿਕ ਧੋਂਦੇ ਹਨ। ਇਸ ਨੂੰ 'ਵੁਜ਼ੂ' ਕਹਿੰਦੇ ਹਨ।

### (ਵ-90) ਵੇਦੀ :

ਵਿਆਹ ਦੀ ਰਸਮ ਲਈ ਹਿੰਦੂਆਂ ਵਿਚ ਵੇਦੀ ਗੱਡੀ ਜਾਂਦੀ ਹੈ। ਚਾਰ ਬਾਂਸ ਖੜੇ ਕਰ ਕੇ ਉਨ੍ਹਾਂ ਉਤੇ ਕਪੜਾ ਜਿਹਾ ਪਾ ਕੇ, ਉਪਰੋਂ ਢੱਕ ਦਿਤਾ ਜਾਂਦਾ ਹੈ। ਇਸ ਦੇ ਹੇਠਾਂ ਲਾੜ੍ਹਾ ਤੇ ਲਾੜ੍ਹੀ ਨੂੰ ਬੈਠਾ ਦਿਤਾ ਜਾਂਦਾ ਹੈ ਤੇ ਉਨ੍ਹਾਂ ਦਾ ਮੁਖ ਗੰਗਾ ਦਰਿਆ ਵਲ ਕੀਤਾ ਹੁੰਦਾ ਹੈ। ਫਿਰ ਬ੍ਰਾਹਮਣ ਗਣੇਸ਼ ਦੀ ਲਕੀਰ, ਨੌਂ ਗ੍ਰਹਿ ਤੇ ਸਵਾਸਤਿਕ ਬਣਾਉਂਦਾ ਹੈ। ਸਵਾਸਤਿਕ ਗਣੇਸ਼ ਦੀ ਪ੍ਰਤੀਨਿਧਤਾ ਕਰਦਾ ਹੈ, ਅਤੇ ਨੌਂ ਛੋਟੇ ਛੋਟੇ ਚੱਕਰ, ਜੋ ਉਸ ਦੇ ਸਾਹਮਣੇ ਕਰ ਕੇ ਬਣਾਏ ਜਾਂਦੇ ਹਨ, ਉਹ ਨੌਵਾਂ ਗ੍ਰਹਿਆਂ ਦੀ ਪ੍ਰਤੀਨਿਧਤਾ ਕਰਦੇ ਹਨ।

ਗਣੇਸ਼ ਨੂੰ ਪ੍ਰਗਟਾਂਦੇ ਸਵਾਸਤਿਕ ਦੀ ਰੇਖਾ ਅੰਦਰ, ਕੁਝ ਚੰਬੇ ਦੇ ਫੁੱਲ, ਚਾਵਲ, ਗੁੜ ਤੇ ਕੁਝ ਰੁਪਏ ਰਖੇ ਜਾਂਦੇ ਹਨ।

ਨੌਂ ਗ੍ਰਹਿਆਂ ਦੇ ਚੱਕਰਾਂ ਵਿਚ ਰੰਗ ਭਰੇ ਜਾਂਦੇ ਹਨ ਜੋ ਇਸ ਪ੍ਰਕਾਰ ਹਨ—ਕੰਗੂ, ਸੰਧੂਰ, ਗੁਲਾਬ, ਮਹਿੰਦੀ, ਹੁਰਮਚੀ, ਸਿਰਾਲਾ, ਹਲਦੀ ਰੰਗਾ (ਪੀਲਾ), ਮਟਿਆਲਾ ਤੇ ਕਾਸ਼ਨੀ (ਨੀਲਾ ਕਾਲਾ)। ਕਾਲਾ ਸਿਆਹ ਨਹੀਂ ਭਰਿਆ ਜਾਂਦਾ।

ਇਸ ਪਿਛੋਂ ਬ੍ਰਾਹਮਣ ਵੇਦੀ ਉਚਾਰਨ ਕਰਦਾ ਹੈ ਤੇ ਲਾੜ੍ਹਾ ਤੇ ਲਾੜ੍ਹੀ ਨੇ ਇਸੇ ਦੌਰਾਨ ਆਪਣੇ ਸੱਜੇ ਹੱਥ ਵਿਚ ਗੁੰਨ੍ਹੇ ਹੋਏ ਆਟੇ ਦਾ ਦੀਵਾ ਫੜਿਆ ਹੁੰਦਾ ਹੈ। ਲਾੜ੍ਹੇ ਦਾ ਹੱਥ ਲਾੜ੍ਹੀ ਦੇ ਹੱਥ 'ਤੇ ਟਿਕਿਆ ਹੁੰਦਾ ਹੈ। ਇਸ ਰਸਮ ਨੂੰ 'ਹਥਲੇਵਾ' ਜਾਂ 'ਹਥਮੇਲ' ਕਹਿੰਦੇ ਹਨ।

ਇਸੇ ਦੌਰਾਨ ਬ੍ਰਾਹਮਣ ਹਵਨ ਦੀ ਰਸਮ ਕਰਦਾ ਹੈ। ਤੇ ਇਕ ਲਕੜੀ ਦੀ ਡੋਲੀ ਨਾਲ ਅੱਗ ਵਿਚ ਘਿਉ, ਸ਼ਹਿਦ, ਖੰਡ, ਤਿਲ ਤੇ ਜੌਂ ਆਦਿ ਸੁਟਦਾ ਹੈ। ਜਦੋਂ ਵੇਦੀ ਦਾ ਉਚਾਰਨ ਸੰਪੂਰਨ ਹੋਣ ਲਗਦਾ ਹੈ ਤਾਂ ਜੋੜੀ ਗਣੇਸ਼ ਤੇ ਨੌਂ ਗ੍ਰਹਿਆਂ ਦੁਆਲੇ ਤਿੰਨ ਪ੍ਰਕਰਮਾ (ਲਾਵਾਂ) ਕਰਦੀ ਹੈ। ਲੜਕੀ ਦਾ ਪੱਲਾ ਲੜਕੇ ਦੇ ਪੱਲੇ ਨਾਲ ਬੱਝਾ ਹੁੰਦਾ ਹੈ। ਲਾਵਾਂ ਬਿਨਾਂ ਵੇਦੀ ਕੱਚੀ ਜਾਂ ਅੰਸ਼ ਪੂਰਨ ਸਮਝੀ ਜਾਂਦੀ ਹੈ। ਪਰ ਲਾਵਾਂ ਨਾਲ ਵੇਦੀ ਪੱਕੀ ਹੋ ਜਾਂਦੀ ਹੈ। ਲਾਵਾਂ ਦੇ ਦੌਰਾਨ ਕਈ ਥਾਈਂ (ਬਹਾਵਲਪੁਰ) ਬ੍ਰਾਹਮਣ ਲਾੜ੍ਹੀ ਨੂੰ ਸੱਤ ਚੂੜੀਆਂ ਦੰਦ-ਖੰਡ ਦੀ ਪਹਿਨਣ ਲਈ ਦੇਂਦਾ ਹੈ, ਬਾਕੀ ਬਾਅਦ ਵਿਚ ਕਿਸੇ ਵੇਲੇ ਵੀ ਪਹਿਨਣ ਲਈ ਦੇ ਦਿਤੀਆਂ ਜਾ ਸਕਦੀਆਂ ਹਨ। ਜਦੋਂ ਲਾਵਾਂ ਹੋ ਜਾਂਦੀਆਂ ਹਨ ਤਾਂ ਬ੍ਰਾਹਮਣ ਉਨ੍ਹਾਂ ਦੇ ਹੱਥ ਵੱਖ ਕਰ ਕੇ ਮੱਥੇ ਮਿਲਾ ਦੇਂਦਾ ਹੈ, ਇਸ ਰੀਤ ਨੂੰ 'ਸਿਰਮੇਲ' ਕਹਿੰਦੇ ਹਨ।

ਇਸ ਪਿਛੋਂ ਜੋੜੀ ਹੱਥ ਜੋੜ ਕੇ ਖੜੀ ਹੁੰਦੀ ਹੈ ਤੇ ਸੂਰਜ ਸਾਹਮਣੇ ਪ੍ਰਨਾਮ ਕਰਦੀ ਹੈ ਤੇ ਪ੍ਰਾਰਥਨਾ ਕਰਦੀ ਹੈ :

"ਸੂਰਜ ਭਗਵਾਨ ਦੇਵਤਾ ਤੂੰ ਸਾਖੀ ਹੈਂ।"

### (ਵ-91) ਵੇਲ :

(ੳ) ਉਹ ਨਕਦੀ ਜਾਂ ਸਾਮਗਰੀ, ਜੋ ਕਿਸੇ ਦੇ ਸਿਰ ਤੋਂ ਵਾਰ ਕੇ, ਢੋਲੀ ਅਥਵਾ ਲਾਗੀ, ਕੰਮੀਂ ਨੂੰ ਦਿਤੀ ਜਾਵੇ। ਪੱਛਮੀ ਪੰਜਾਬ ਵਿਚ ਵਿਆਹ ਦੇ ਸਬੰਧ ਵਿਚ ਗਾਨਾ ਤੇ ਮਾਈਏਂ ਦੀ ਰਸਮ ਕੀਤੀ ਜਾਂਦੀ ਹੈ ਤਾਂ ਬਿਰਾਦਰੀ ਤੇ ਭਾਈਚਾਰੇ ਦੇ ਜੋ ਲੋਕ ਇਨ੍ਹਾਂ ਰਸਮਾਂ ਵਿਚ ਸ਼ਾਮਲ ਹੁੰਦੇ ਹਨ, ਉਹ ਆਪਣੇ ਨਾਲ ਥੋੜੀ ਜਿਹੀ ਕਣਕ, ਘੜੋਲੀ ਵਿਚ ਪਾ ਕੇ ਲਿਆਉਂਦੇ ਹਨ। ਇਹ ਸਭ ਵਸਤੂਆਂ ਇਕ ਥਾਂ ਉਲਟਾ ਦਿਤੀਆਂ ਜਾਂਦੀਆਂ ਹਨ, ਇਸ ਕਣਕ ਨੂੰ 'ਵੇਲ' ਕਹਿੰਦੇ ਹਨ ਤੇ ਇਹ ਉਨ੍ਹਾਂ ਕੰਮੀਆਂ ਵਿਚ ਵੰਡ ਦਿਤੀ ਜਾਂਦੀ ਹੈ, ਜਿਹੜੇ ਵਿਆਹ ਦੇ ਦਿਨੀਂ ਘਰ ਦੇ ਸਾਰੇ ਕੰਮ ਕਰਦੇ ਹਨ, ਜਿਹਾ ਕਿ ਨਾਇਣ ਤੇ ਮਸੱਲਣ।

(ਅ) ਜਦੋਂ ਬਰਾਤ ਚਲਦੀ ਹੈ ਤਾਂ ਲਾੜ੍ਹੇ ਦੇ ਸਿਰ ਤੋਂ ਰੁਪਏ ਵਾਰ ਕੇ ਢੋਲੀ ਨੂੰ ਦਿਤੇ ਜਾਂਦੇ ਹਨ, ਇਸ ਰਕਮ ਨੂੰ ਵੀ 'ਵੇਲ' ਕਿਹਾ ਜਾਂਦਾ ਹੈ।

ਪੰਜਾਬ ਵਿਚ ਦੋ ਤਰ੍ਹਾਂ ਦੀਆਂ ਵੇਲਾਂ ਦਾ ਵਰਨਣ ਹੈ। ਕੌੜੀ ਵੇਲ ਤੇ ਅਮਰ ਵੇਲ। ਕੌੜੀ ਵੇਲ ਜਿਸ ਬ੍ਰਿਛ ਉਤੇ ਪਸਰਦੀ ਹੈ, ਉਹ ਬੜਾ ਵਧਦਾ ਫੁਲਦਾ ਹੈ। ਇਸ ਲਈ ਪੰਜਾਬੀ ਵਿਚ ਮੁਹਾਵਰਾ ਹੈ : 'ਕੌੜੀ ਵੇਲ ਵਾਂਗ ਵਧਣਾ।' ਅਮਰ ਵੇਲ ਜਿਸ ਬ੍ਰਿਛ ਉਤੇ ਚੜ੍ਹਦੀ, ਉਹ ਉਸ ਦਰਖ਼ਤ ਨੂੰ ਨਸ਼ਟ ਕਰ ਦੇਂਦੀ ਹੈ,ਪਰ ਆਪ ਵਧਦੀ ਫੁਲਦੀ ਰਹਿੰਦੀ ਹੈ।

(ਵ-92) **ਵੈਸ਼ਣੋ ਦੇਵੀ :**

ਵੈਸ਼ਣੋ ਦੇਵੀ ਦਾ ਮੰਦਰ, ਭਾਰਤ ਦੇ ਪ੍ਰਸਿਧ ਤੀਰਥਾਂ ਵਿਚੋਂ ਇਕ ਹੈ। ਜੰਮੂ ਸ਼ਹਿਰ ਤੋਂ 30 ਮੀਲਾਂ ਦੀ ਦੂਰੀ ਉਤੇ ਇਕ ਕਟਰਾ ਨਾਂ ਦਾ ਕਸਬਾ ਹੈ। ਇਥੋਂ ਡੇਢ ਕੁ ਮੀਲ ਉੱਤਰ-ਪੱਛਮ ਵਲ, ਤਿਰਕੁਟਾ ਪਰਬਤ ਵਿਚ ਭਗਵਤੀ ਵੈਸ਼ਣੋ ਦੇਵੀ ਦਾ ਗੁਫਾ-ਮੰਦਰ ਹੈ। ਇਹ ਗੁਫਾ 100 ਫ਼ੁਟ ਲੰਬੀ ਤੇ 4 ਫ਼ੁਟ ਚੌੜੀ ਹੈ। ਹੇਠਾਂ ਵਾਨ ਗੰਗਾ ਵਗਦੀ ਹੈ, ਜੋ ਕਟਰਾ ਤੋਂ ਇਕ ਮੀਲ ਦੂਰ ਹੈ।

ਵੈਸ਼ਣੋ ਦੇਵੀ ਦੇ ਮੰਦਰ ਦੇ ਨੇੜੇ ਦੇਵੀ ਨਾਲ ਸਬੰਧਿਤ ਕੁਝ ਹੋਰ ਅਸਥਾਨ ਵੀ ਹਨ। ਕਟਰਾ ਤੋਂ ਚਾਰ ਮੀਲ ਉਤੇ 'ਆਦਿ ਕੰਵਾਰੀ' ਦਾ ਸਥਾਨ ਹੈ ਜਿਥੇ ਵੈਸ਼ਣੋ ਦੇਵੀ ਰਹਿੰਦੀ ਸੀ ਇਥੇ ਇਕ ਛੋਟੀ ਜਿਹੀ ਗੁਫਾ ਹੈ ਜਿਸ ਦਾ ਨਾਂ ਗਰਭ ਜੂਨ ਹੈ।

ਵੈਸ਼ਣੋ ਦੇਵੀ ਦਾ ਇਹ ਮੰਦਰ ਬੜਾ ਪੁਰਾਣਾ ਹੈ। ਅਕਬਰ ਹਿੰਦੂਆਂ ਨੂੰ ਪ੍ਰਸੰਨ ਕਰਨ ਲਈ ਇਥੇ ਨੰਗੇ ਪੈਰੀਂ ਯਾਤ੍ਰਾ ਲਈ ਆਇਆ ਤੇ ਇਸ ਮੰਦਰ ਵਿਚ ਸੋਨੇ ਦਾ ਛੱਤਰ ਭੇਟ ਕੀਤਾ ਸੀ। ਇਸ ਘਟਨਾ ਦਾ ਜ਼ਿਕਰ ਲੋਕ-ਗੀਤਾਂ ਵਿਚ ਮਿਲਦਾ ਹੈ।

ਵੈਸ਼ਣੋ ਦੇਵੀ ਸਬੰਧੀ ਕਈ ਕਥਾਵਾਂ ਪ੍ਰਚਲਤ ਹਨ। ਇਕ ਕਥਾ ਅਨੁਸਾਰ ਭਗਵਤੀ ਵੈਸ਼ਣੋ ਕਟਰਾ ਤੋਂ ਤਿੰਨ ਮੀਲ ਦੂਰ 'ਆਦਿ ਕੰਵਾਰੀ' ਦੇ ਸਥਾਨ ਉਤੇ ਰਹਿੰਦੀ ਸੀ। ਇਕ ਅਸੁਰ ਜਿਸ ਦਾ ਨਾਂ ਭੈਰਵ ਸੀ, ਦੇਵੀ ਨਾਲ ਵਿਆਹ ਕਰਨਾ ਚਾਹੁੰਦਾ ਸੀ। ਵੈਸ਼ਣੋ ਦੇਵੀ ਇਸ ਰਾਖਸ਼ ਤੋਂ ਪਿੱਛਾ ਛੁਡਾਣ ਲਈ ਛੇ ਮੀਲ ਦੂਰ ਇਕ ਗੁਫਾ ਵਿਚ ਚਲੀ ਗਈ। ਪਰ ਰਾਖਸ਼ ਉਥੇ ਵੀ ਜਾ ਪਹੁੰਚਿਆ, ਤਾਂ ਭਗਵਤੀ ਨੇ ਉਸ ਦਾ ਸਿਰ ਕਟ ਦਿਤਾ। ਇਹੋ ਗੁਫਾ ਵੈਸ਼ਣੋ ਦੇਵੀ ਦਾ ਮੰਦਰ ਹੈ। ਗੁਫਾ-ਮੰਦਰ ਦੇ ਬਾਹਰ ਪਿਆ ਹੋਇਆ ਵੱਡਾ ਪੱਥਰ ਭੈਰਵ ਦਾ ਸਰੀਰ ਹੈ। ਇਸ ਗੁਫਾ-ਮੰਦਰ ਤੋਂ ਇਕ ਮੀਲ ਪਹਿਲਾਂ ਭੈਰਵ ਦਾ ਮੰਦਰ ਹੈ, ਜਿਥੇ ਉਸ ਦਾ ਸਿਰ ਕਟਿਆ ਦਸਿਆ ਜਾਂਦਾ ਹੈ। ਯਾਤਰੀ ਜਾਂਦੀ ਵਾਰੀ ਭੈਰਵ ਮੰਦਰ ਵਲ ਪਿੱਠ ਕਰ ਕੇ ਜਾਂਦੇ ਹਨ, ਪਰ ਵਾਪਸੀ 'ਤੇ ਇਸ ਮੰਦਰ ਦੇ ਦਰਸ਼ਨ ਕਰਦੇ ਹਨ।

(ਵ-93) **ਵੈਂਗਣ ਸ਼ਹਿਜ਼ਾਦੀ :**

ਪੰਜਾਬ ਦੀ ਇਕ ਪ੍ਰਸਿਧ ਲੋਕ-ਕਹਾਣੀ ਦੀ ਨਾਇਕਾ। ਵੈਂਗਣ ਇਕ ਸੁੰਦਰ ਸ਼ਹਿਜ਼ਾਦੀ ਸੀ, ਜੋ ਵੈਂਗਣ ਦੇ ਬੂਟੇ ਵਿਚੋਂ ਨਿਕਲੀ ਸੀ ਤੇ ਜਿਸ ਨੂੰ ਇਕ ਗ਼ਰੀਬ ਬ੍ਰਾਹਮਣ ਅਤੇ ਉਸ ਦੀ ਪਤਨੀ ਨੇ ਪਾਲਿਆ। ਰਾਜੇ ਦੀ ਰਾਣੀ ਨੇ ਜਦੋਂ ਵੈਂਗਣ ਸ਼ਹਿਜ਼ਾਦੀ ਨੂੰ ਵੇਖਿਆ, ਤਾਂ ਉਸ ਨੂੰ ਵੈਂਗਣ ਸ਼ਹਿਜ਼ਾਦੀ ਦੀ ਸੁੰਦਰਤਾ ਵੇਖ ਕੇ, ਉਸ ਨਾਲ ਈਰਖਾ ਹੋ ਗਈ ਤੇ ਉਸ ਨੂੰ ਜਾਦੂ ਟੂਣੇ ਨਾਲ ਮਾਰ ਦੇਣ ਦਾ ਨਿਸਚਾ ਕਰ ਲਿਆ। ਪਰ ਵੈਂਗਣ ਸ਼ਹਿਜ਼ਾਦੀ ਦੀ ਜਿੰਦ ਨੌ-ਲੱਖੇ ਹਾਰ ਵਿਚ ਸੀ, ਜੋ ਇਕ ਬਕਸੇ ਵਿਚ ਬੰਦ ਕਰ ਕੇ ਇਕ ਮੱਛੀ ਦੇ ਢਿੱਡ ਵਿਚ ਛੁਪਾਕੇ ਰਖਿਆ ਹੋਇਆ ਸੀ। ਵੈਂਗਣ ਸ਼ਹਿਜ਼ਾਦੀ ਦੀ ਜਿੰਦ ਨੂੰ ਲੱਭਣ ਲਈ ਰਾਣੀ ਨੇ ਆਪਣੇ ਸੱਤ ਪੁੱਤਰ ਵਾਰੋ ਵਾਰੀ ਮਰਵਾ ਲਏ ਤੇ ਅਖ਼ੀਰ ਨੌ-ਲੱਖਾ ਹਾਰ ਪ੍ਰਾਪਤ ਕਰ ਲਿਆ। ਜਿਉਂ ਹੀ ਰਾਣੀ ਨੇ ਨੌ-ਲੱਖਾ ਹਾਰ ਪ੍ਰਾਪਤ ਕੀਤਾ, ਵੈਂਗਣ ਸ਼ਹਿਜ਼ਾਦੀ ਮਰ ਗਈ। ਪਰ ਬ੍ਰਾਹਮਣ ਨੂੰ ਵੈਂਗਣ ਸ਼ਹਿਜ਼ਾਦੀ ਇਤਨੀ ਪਿਆਰੀ ਲਗਦੀ ਸੀ ਕਿ ਉਸ ਨੇ ਨਾ ਤਾਂ ਸ਼ਹਿਜ਼ਾਦੀ ਨੂੰ ਦਬਿਆ ਤੇ ਨਾ ਹੀ ਦਾਹ-ਸੰਸਕਾਰ ਕੀਤਾ ਸਗੋਂ ਇਕ ਅਹਾਤੇ ਵਿਚ ਉਸ ਨੂੰ ਜਿਉਂ ਦਾ ਤਿਉਂ ਲਿਟਾ ਦਿਤਾ। ਰਾਜੇ ਨੇ ਵੈਂਗਣ ਸ਼ਹਿਜ਼ਾਦੀ ਨੂੰ ਵੇਖਿਆ, ਉਸ ਨੂੰ ਇੰਜ ਲਗਿਆ ਜਿਵੇਂ ਸ਼ਹਿਜ਼ਾਦੀ ਘੂਕ ਸੁੱਤੀ ਪਈ ਹੋਵੇ। ਉਸ ਦਾ ਚਿਹਰਾ ਜੀਉਂਦਿਆਂ ਵਾਂਗ ਹੀ ਸਜੀਵ ਤੇ ਤੇਜ ਵਾਲਾ ਸੀ। ਰਾਜਾ ਉਸ ਦੇ ਸਰੀਰ ਕੋਲ ਬਹਿ ਕੇ ਰੋਜ਼ ਉਸ ਵਲ ਵੇਖਦਾ ਰਹਿੰਦਾ।

ਸਾਲ ਕੁ ਪਿਛੋਂ ਰਾਜੇ ਨੇ ਵੈਂਗਣ ਸ਼ਹਿਜ਼ਾਦੀ ਕੋਲ ਇਕ ਬੱਚਾ ਬੈਠਿਆ ਵੇਖਿਆ। ਉਸ ਬੱਚੇ ਨੇ ਦਸਿਆ ਕਿ ਉਸ ਦੀ ਮਾਂ, ਰਾਤ ਨੂੰ ਉਸ ਸਮੇਂ ਜੀਉ ਪੈਂਦੀ ਹੈ, ਜਦੋਂ ਰਾਣੀ ਗਲੇ ਵਿਚੋਂ ਨੌਲੱਖਾ ਹਾਰ ਲਾਹ ਕੇ ਕਿੱਲੀ ਨਾਲ ਟੰਗਦੀ ਹੈ। ਦਿਨੇ ਜਦੋਂ ਰਾਣੀ ਫਿਰ ਉਸ ਹਾਰ ਨੂੰ ਪਹਿਨ ਲੈਂਦੀ ਹੈ ਤਾਂ ਵੈਂਗਣ ਸ਼ਹਿਜ਼ਾਦੀ ਫਿਰ ਮੌਤ ਦੇ ਸੰਸਾਰ ਵਿਚ ਚਲੀ ਜਾਂਦੀ ਹੈ। ਰਾਜਾ ਉਸ ਨੌ-ਲੱਖੇ ਹਾਰ ਨੂੰ ਪ੍ਰਾਪਤ ਕਰ ਲੈਂਦਾ ਹੈ ਤੇ ਰਾਜਾ ਤੇ ਵੈਂਗਣ ਸ਼ਹਿਜ਼ਾਦੀ ਦੋਵੇਂ ਵਿਆਹ ਕਰਵਾ ਕੇ ਇਕੱਠੇ ਰਹਿਣ ਲਗਦੇ ਹਨ। ਰਾਣੀ ਨੂੰ ਰਾਜੇ ਨੇ ਇਕ ਅਜਿਹੇ ਤਲਾਬ ਵਿਚ ਸੁਟਵਾ ਦਿਤਾ, ਜਿਹੜਾ ਸੱਪਾਂ ਤੇ ਚੂਹਿਆਂ ਨਾਲ ਭਰਿਆ ਪਿਆ ਸੀ।

(ਵ-94) **ਵੈਤਰਣੀ :**

ਪੌਰਾਣਿਕ ਬ੍ਰਹਿਮੰਡ ਨਿਰਨੇ ਅਨੁਸਾਰ ਮਾਤ-ਲੋਕ ਤੇ ਯਮ ਦੀ ਨਗਰੀ ਵਿਚਕਾਰ ਵਗਦਾ ਇਕ ਦਰਿਆ, ਜੋ ਲਹੂ ਪਾਕ, ਮਿਝ ਤੇ ਗੰਦਗੀ ਨਾਲ ਭਰਿਆ ਹੋਇਆ ਹੈ ਤੇ ਜਿਸ ਨੂੰ ਪਾਰ ਕਰਨ ਲਈ ਜੀਵਾਤਮਾ ਨੂੰ ਬੜੀ ਕਠਿਨਾਈ ਵਿਚੋਂ ਦੀ ਲੰਘਣਾ ਪੈਂਦਾ ਹੈ। ਪੁਰਾਣਾਂ ਅਨੁਸਾਰ ਜੇ ਮਰਨ ਸਮੇਂ ਜੀਵ ਕਿਸੇ ਗਊ ਦੀ ਪੂਛਲ ਛੂਹ ਕੇ, ਉਸ ਨੂੰ ਕਿਸੇ ਬ੍ਰਾਹਮਣ ਨੂੰ ਦਾਨ ਕਰ ਦੇਵੇ, ਤਾਂ ਇਹ ਗਊ ਅਗਲੇ ਲੋਕ ਵਿਚ ਉਸ ਦੀ ਸਹਾਇਕ ਹੁੰਦੀ ਹੈ। ਜੀਵਾਤਮਾ ਇਸ ਗਊ ਦੀ ਪੂਛਲ ਪਕੜ ਕੇ ਨਦੀ ਪਾਰ ਕਰ ਸਕਦੀ ਹੈ। ਮਰਨ ਸਮੇਂ ਜੋ ਗਊ ਦਾਨ ਕੀਤੀ ਜਾਂਦੀ ਹੈ, ਉਸ ਨੂੰ ਵੀ ਵੈਤਰਣੀ ਕਹਿੰਦੇ ਹਨ। ਪੁਰਾਣਾਂ ਅਨੁਸਾਰ ਵੈਤਰਣੀ ਹਿੰਦੂਆਂ ਦੇ ਕਿਆਸੇ ਹੋਏ ਨਰਕਾਂ ਵਿਚੋਂ ਇਕ ਨਰਕ ਦਾ ਨਾਂ ਵੀ ਹੈ।

# ਅਨੁਕ੍ਰਮਣਿਕਾ

## ਜਿਲਦ 1

### ੳ


ੳ 9
ਉਸ਼ਟ ਲਸ਼ਟਕਾ ਨਿਆਇ 9
ਉਸਤਰਾ 9
ਉਸਤਾਦ 10
ਉਸਨ 10
ਉਸ਼ਨਸ 10
ਉਸਨਾ 10
ਉਸਮਾਨ (ਹਜ਼ਰਤ) 10
ਉਸ਼ਰ 11
ਉਸ਼ਿਜ਼ 11
ਉਸ਼ੀਨਰ 11
ਉਹੜ-ਪੁਹੜ 11
ਉਕਰਾਂ 11
ਉਕੜ-ਦੁਕੜ 11
ਉਕਾਬ 12
ਉਗ੍ਰ 12
ਉਗ੍ਰਸੈਨ 12
ਉਗ੍ਰਚੰਡਾ 12
ਉਗ੍ਰਚੰਡੀ 13
ਉਗ੍ਰਤਪ 13
ਉਗ੍ਰਤਾਰਾ 13
ਉਂਗਲ 13
ਉਂਗਲ ਸੌਦਾ 14
ਉਂਗਲ ਬੁੱਝਣਾ 14
ਉਗਾ 14
ਉੱਚ 15
ਉੱਚਸ਼੍ਰਵਾ 16
ਉੱਚ ਦਾ ਪੀਰ 16
ਉਚਾਟਨ 16
ਉੱਚੀ ਜ਼ਾਤ 16
ਉੱਚੀਆਂ ਉੱਚੀਆਂ ਢੇਰੀਆਂ 17
ਉਚੇ 17
ਉਛਾਲੀ 17
ਉਛਾੜ 17
ਉਜਲਾ ਫੁੱਲ 17
ਉਜਾਪਨ 17
ਉਜੂ 18
ਉਜੈਨ 18
ਉਠਾਅ ਦੀਆਂ ਰੋਟੀਆਂ 18
ਉਠਾਨ 18
ਉਠਾਲਾ 19
ਉਠਾਵਣੀ 19
ਉਡੰਤ 19
ਉਡਨ ਖਟੋਲਾ 19
ਉੱਡੀਂ ਵੇ ਤਿਲੀਅਰ ਕਾਗਾ 19
ਉਣਹੱਤ੍ਰਾ 20
ਉਣਿੰਜਾ 20
ਉਣਿੰਜਾ ਅਗਨੀਆਂ 20
ਉਣੇਤ 20
ਉਤਸ਼ਵ 20
ਉਤਸ਼ਵ-ਗੀਤ 20
ਉਤਕਲ 21
ਉਤੰਗ 21
ਉਤਨੂੰ 21
ਉਤੱਥ 21
ਉਤਪਤੀ ਸ੍ਰਿਸ਼ਟੀ ਦੀ 22
ਉਤਪਤੀ-ਕਥਾ 24
ਉੱਤਪਨਾ ਇਕਾਦਸ਼ੀ 25
ਉੱਤਭੁਜ 26

ਉੱਤਮ 26
ਉੱਤਮੌਜਸ 26
ਉੱਤਰ 26
ਉੱਤਰ ਦਿਸ਼ਾ 26
ਉੱਤਰ ਮੀਮਾਂਸਾ 27
ਉੱਤਰਾ 28
ਉੱਤਰਾਇਣ 28
ਉੱਤਰਾਖਾੜਾ ਨਛੱਤ੍ਰ 29
ਉਤਰਾਧੀ 29
ਉਤਰਾਨ 29
ਉੱਤਰਾਭਦ੍ਰਪਦਾ 29
ਉਤਾਨਪਾਦ 29
ਉਤਾਰ 30
ਉਤਾਰਣਾ 30
ਉਤਾਰਾ ਉਤਾਰਨਾ 30
ਉਤਾਰੇ ਦਾ ਮੰਤਰ 30
ਉੱਤੇ ਫੁੱਲਕਾਰੀ ਮੈਂ ਰਹਿੰਦੀ ਕੰਵਾਰੀ 31
ਉਥਾਰਾ 31
ਉਥੂ 31
ਉਦਕ ਕਰਮ ਸੰਸਕਾਰ 31
ਉਦੰਬਰ 31
ਉਦਯ 31
ਉੱਦਯਨ 31
ਉਦਯਨਾਥ 32
ਉਦ੍ਰਾਨਕ 32
ਉਦਰੇਵਾਂ 32
ਉਦਵਸੁ 32
ਉਦਾ ਦੇਵੀ 32
ਉਦਾਸੀ ਸੰਪ੍ਰਦਾਇ 32
ਉਦਾਸੀ ਬਾਣਾ 35
ਉਦਾਲਕ 35
ਉਦੇ 35
ਉਧਾਲਾ 35
ਉਧਾਲੂ ਟਿੱਲਾ 36
ਉੱਨ ਦਾ ਧਾਗਾ 36
ਉਨਮਨੀ 37
ਉਪਸੁੰਦ 37
ਉਪਹਾਸਜਨਕ ਤਰਕ 37
ਉਪ-ਗਇਆ 38
ਉਪਚਾਰ 38
ਉਪਜਾਇਕਤਾ ਦੀਆਂ ਰੀਤਾਂ 38
ਉਪਦੇਸ਼ 39
ਉਪਦੇਸ਼ਵਾਦ 39
ਉਪਨਯਨ 40
ਉਪਨਾਮ 41
ਉਪ-ਪੁਰਾਣ 42
ਉਪ-ਬੋਲੀ 43
ਉਪਮਨਯੂ 45
ਉਪਰਲੀ ਦੰਦੀ 42
ਉਪਰਿਚਰ 45
ਉਪਲ 44
ਉਪਵਾਸ 45
ਉਪਵੀਤੀ 46
ਉਪ-ਵੇਦ 46
ਉਪਾ 47
ਉਪਾਸ਼ਨਾ 46
ਉਪਾਖਿਆਨ 47
ਉਪਾਧੀ 48
ਉਪਾਰਣਾ 48
ਉਪੇਂਦਰ 48
ਉਫਕ 48
ਉਬਾ ਅਚਵਲ 48
ਉਬਾਸੀ 48
ਉੱਬੇਰਾਇ 49
ਉਬੋਹ 49
ਉੱਭਾ 49
ਉਮੱਤ 49
ਉਮਰ 49
ਉਮਰ ਅਯਾਰ 50
ਉਮਰ ਖ਼ਤਾਬ (ਹਜ਼ਰਤ) 50
ਉਮਰਾਉ 50
ਉੱਮੀਆਂ 50
ਉਰਸ 50
ਉਰਸਾ 51
ਉਰਧ ਤੱਪ 51
ਉਰਧ ਪੁੰਡ੍ਰ 51

ਉਰਧ ਬਾਹੂ 52
ਉਰਮਿਲਾ 52
ਉਰਵਸ਼ੀ 52
ਉਰਵਸ਼ੀ ਅਤੇ ਪਰੂਰਵ 53
ਉਲਸ 53
ਉਲਕਾ 53
ਉਲਟਾ ਦੱਬਣਾ 54
ਉਲਟਾ ਬੱਚਾ 54
ਉਲਟੀ ਮਾਲਾ ਫੇਰਨਾ 54
ਉਲਣ ਬੋਚੀ 54
ਉਲਾਹੁਣਾ 54
ਉੱਲੂ 55
ਉਲੂਕ 55
ਉਲੂਪੀ 55
ਉਲੇਹਾ 54

ਊਂ ਊਂ 56
ਊਸ਼ਾ 56
ਊਸ਼ਾ ਦੇਵੀ 56
ਊਠ 57
ਊਠਕ ਬੈਠਕ 58
ਊਡੇ 58
ਊਤ 58
ਊਤ ਨੂੰ ਊਤ 58
ਊਦੀਆਂ ਕਸੁੰਭੀਆਂ ਚੋਲੀਆਂ 59
ਊਦੀ ਨਗਰੀ 59
ਊਧੋ 60

ਓਅੰ 60
ਓਅੰਕਾਰ (ਓੰਕਾਰ) 61
ਓਹਰੀ 62
ਓਕਣਾ 62
ਓਗਰਾ 62
ਓਝਾ 62
ਓਟਲੀ 62
ਓਡ 63
ਓਪਤੀ 65
ਓਪਰਾ 65
ਓਮ 65
ਓਮਾ 66
ਓਮਾ ਪਤੀ 67
ਓੜ੍ਹਨੀ 66

## ਅ

ਅ 68

ਅਉਹੇਰਨ (ਅਵਹੇਰਨ) 68
ਅਉਘੜ 68
ਅਉਲ 68
ਅਉਲੀਆ 68

ਅੰਸ਼ 74
ਅੰਸ਼ (ਤੋਂ) ਅੰਸ਼ੀ 75
ਅਸਹਾਬੇ ਕਹਫ਼ 68
ਅਸਕਾਤ 69
ਅਸ਼ਟ ਸਾਖੀ 69
ਅਸ਼ਟ ਸਿੱਧੀਆਂ 69
ਅਸ਼ਟ ਗ੍ਰਹਿ 69
ਅਸ਼ਟਪਦੀ 70
ਅਸ਼ਟ ਪ੍ਰਵਾਹ 70
ਅਸ਼ਟ ਭੁਜੀ 70
ਅਸ਼ਟਮੀ 70
ਅਸ਼ਟ ਮੂਰਤਿ 70
ਅਸ਼ਟ ਲੋਕ 70
ਅਸ਼ਟਾਂਗ ਪ੍ਰਣਾਮ 71
ਅਸ਼ਟਾਂਗ ਯੋਗ 71
ਅਸ਼ਟਾਵਕ੍ਰ 72
ਅਸਤ੍ਰ 72
ਅਸਤਾਚਲ 72
ਅਸਤੀ 73
ਅਸਤੀਕ 73
ਅਸਤ੍ਰੋਤ੍ਰ 73

ਅਸਬਲ 73
ਅਸਥਾਈ 73
ਅਸਥੀਆਂ 74
ਅਸਥੀ ਸੰਚਿਆ 74

ਅੰਸ਼ ਦਾਨ 76

ਅਸਪਰਸ (ਅਪਰਸ) 77
ਅਸਪਿੰਡਾ 76
ਅਸਫੰਦ-ਬਾਸ਼ 77
ਅਸਫੰਦ-ਯਾਰ 77

ਅਸ਼ਮਕ 77
ਅਸਮੰਜਸ 77
ਅਸਮਾਨੀ ਬਿਜਲੀ 77

ਅਸਰ 78
ਅਸਰਾਈਲ 79
ਅਸਰਾਜ 78

ਅਸਲੀ ਜੱਟ 79
ਅਸਲੇ ਤੇ ਪੁੱਢੀ 80

ਅਸ਼੍ਵ 82
ਅਸ਼੍ਵਸੇਨ 82
ਅਸ਼੍ਵਕਰਣ 82
ਅਸ਼੍ਵਕੇਤੂ 82
ਅਸ਼੍ਵਤਰ 82
ਅਸ਼੍ਵਥਾਮਾ 82
ਅਸਵਦ (ਸੰਗੇ ਅਸਵਦ) 83
ਅਸ਼੍ਵਨੀ 83
ਅਸ਼੍ਵਨੀ ਕੁਮਾਰ 84
ਅਸ਼੍ਵਪਤੀ 84
ਅਸ਼੍ਵਮੁਖ 86
ਅਸ਼੍ਵਮੇਧ 84
ਅਸ਼੍ਵ-ਵਾਹਨ 86
ਅਸਵਾਰਾ ਸਾਹਿਬ 86

ਅੰਸ਼ਾ-ਅਵਤਾਰ 76
ਅਸਾ ਹਰਾ 86
ਅਸ਼ਿਕਨੀ 87
ਅਸਿਪਤ੍ਰ 87
ਅਸੀਸ 87
ਅਸੀਸੜੀਆਂ 87

ਅਸ਼ੁੱਧੀ 87
ਅਸ਼ੁਭ ਸਮਾਂ 88
ਅੰਸ਼ੁਮਾਨ 76
ਅਸੁਰ 90
ਅਸੁਰ ਦਾਨੋ 91
ਅਸੁਰ ਵਿਆਹ 90
ਅਸੁਰਾਂਤ 91

ਅੱਸੂ 91

ਅਸ਼ੋਕ ਬ੍ਰਿਛ 92
ਅਸ਼ੋਕ ਵਾਟਿਕਾ 93

ਅਹਿਣ ਉਡਾਣਾ 93
ਅਹਿਦ 93
ਅਹਿਮਦ ਸ਼ਾਹ ਅਬਦਾਲੀ 93
ਅਹਿਮਦ ਕਬੀਰ ਸੱਯਦ 93
ਅਹਿਮਦ ਚਿਸ਼ਤੀ ਸ਼ੇਖ 94
ਅਹਿਰਮਨ 94
ਅਹਿਰਾਵਣ 94
ਅਹਿਲਾਵਤ 94
ਅਹਿੱਲਿਆ 94
ਅਹਿਲੇ ਹਦੀਸ 96
ਅਹਿਲੇ ਕਿਤਾਬ 95

ਅਹੀ 96
ਅਹੀਪਤੀ 96
ਅਹੀਰ 96
ਅਹੂਤੀ 97
ਅਹੋਰੀ 97
ਅਹੋਈ 98
ਅਹੋਈ ਅਸ਼ਟਮੀ 98
ਅਹੋਈ ਦਾ ਵਰਤ 99

ਅੱਕ 99
ਅੰਕ 99
ਅਕਸ਼ 101
ਅਕਸਾ 101
ਅਕੱਢਣ 101
ਅੱਕਣਾ 101
ਅਕਤਾ 101
ਅਕੰਪਨ 102
ਅਕਬਰ 102

ਅਕ੍ਰੂਰ 103
ਅਕੌਲ ਖੂਹੀ 103
ਅਕਲ ਦਾੜ੍ਹ 103
ਅੱਕੜ ਬੱਕੜ 104
ਅਕਾਸ਼ਤੀ 104
ਅਕਾਸੁਰ 104
ਅਕਾਲਸਰ 104
ਅਕਾਲ ਤਖ਼ਤ 104
ਅਕਾਲ ਪੁਰਖ 104
ਅਕਾਲ ਬਾਂਗਾ 104
ਅਕਾਲ ਬੁੰਗਾ 104
ਅਕਾਲੀ ਲਹਿਰ 105
ਅਕੀਕਾ 105
ਅਕੁੰਭ 105
ਅਕੂਤੀ 105
ਅਕੋਤਰ 105
ਅੱਖ ਸਲਾਈ 106
ਅੱਖ ਮਚੋਲੀ 106
ਅਖੰਡ ਪਾਠ 106
ਅਖਤੀਜ (ਅਖੇਤੀਜ) 107
ਅਖ਼ਰੋਟ 108
ਅੱਖਾਂ 108
ਅਖਾਣ 108
ਅਖਾੜਾ 112
ਅਖੂਣੀ 112
ਅਖੇਤੀਜ 112
ਅਖੇ ਨੌਮੀ 112
ਅਖੇਬਟ 113
ਅਖੋਤ 113
ਅੱਗ 113
ਅੱਗ ਦੱਬਣਾ 114
ਅੱਗ 114
ਅੱਗ-ਸੰਕੇਤ 115
ਅਗਸਤ ਰਿਸ਼ੀ 115
ਅੰਗ-ਸਾਕ 117
ਅੰਗਣੀ 121
ਅਗੱਥ 121
ਅੰਗਦ 121
ਅੰਗਦਾ 121
ਅਗਨ ਅਸਤ੍ਰ 122
ਅਗਨ ਸਾਖੀ 122
ਅਗਨ ਕੁੰਡ 122
ਅਗਨ ਬਾਹੂ 122
ਅਗਨ ਬਾਣ 123
ਅਗਨਾਖ 123
ਅਗਨਾਯੀ 123
ਅਗਨੀ ਕੁਲ 123
ਅਗਨੀ ਦੇਵਤਾ 123
ਅਗਨੀਧਰਾ 124
ਅਗਨੀ ਪ੍ਰੀਖਿਆ 125
ਅਗਨੀ ਪੁਰਾਣ 126
ਅਗਨੀ ਪੂਜਾ 126
ਅਗਨੀਵੇਸ਼ 127
ਅੰਗ-ਪਰੰਗ 127
ਅੰਗ-ਪਿੰਡ 128
ਅੰਗ ਫੁਰਣੇ (ਫਰਕਣੇ) 128
ਅੰਗ ਭੰਗ ਕਰਨਾ 129
ਅੰਗ ਭਰਮ 129
ਅੰਗ ਮੇਲਣਾ 130
ਅਗੰਮ ਵਿੱਦਿਆ 130
ਅੰਗਰਖਾ 130
ਅਗਰਬਤੀ 130
ਅਗਰਵਾਲ 131
ਅਗਰੀ 131
ਅਗਰੋਹਾ 131
ਅੰਗਲੀ ਪਟੰਗਲੀ 132
ਅਗਵਾਣੀ 132
ਅਗਵਾਨੀ ਦੇਵੀ 132
ਅੰਗੜਾਈ ਲੈਣੀ 132
ਅਗਾੜੀ ਪਿਛਾੜੀ ਸਾਹਿਬ 132
ਅਗਿਆਤਵਾਸ 133
ਅੰਗਿਰਸ 133
ਅੰਗਿਰਾ 133
ਅੰਗੀਠਾ 133
ਅੰਗੂਠਾ 134
ਅੰਗੂਠਾ ਲੀਕਣਾ 135
ਅੰਗੂਠਾ ਵਿਖਾਣਾ 135
ਅੰਗੂਠੀ 135

ਅਗੋਚਰੀ 136
ਅਗੋਤੀ 136
ਅਘਾਸੁਰ 136
ਅਘੋਰ ਪੰਥ 136
ਅਚਯੁਤ (ਅਚੁਤ) ਗੋਤ੍ਰੀ 137
ਅਚਲ 137
ਅਚਲ ਵਟਾਲਾ 138
ਅਚਲਾ ਸਪਤਮੀ 138
ਅਚਲੇਸ਼ਵਰ 139
ਅਚਾਰਜੀ 139
ਅਛਤ 140
ਅਛਰਾ ਦੇਵੀ 140
ਅੱਛਰੀ 140
ਅਜ 140
ਅੰਜਨ 141
ਅੰਜਨਾ 142
ਅੰਜਨੀ 142
ਅੰਜਨੀ ਦੇਵੀ 142
ਅਜਪਾ ਜਾਪ 141
ਅਜਬ ਜਮਾਲ 142
ਅਜਮ ਸਾਛੀ 142
ਅਜਮੇਧ 142
ਅਜ਼ਰਾ 143
ਅਜ਼ਰਾਈਲ 143
ਅੰਜਲੀ 144
ਅੰਜਲੀ ਪ੍ਰਨਾਮ 144
ਅਜਵੈਣੀ 144
ਅੰਜੜੀ 144
ਅਜਾ ਇਕਾਦਸ਼ੀ 144
ਅਜਾਇਬ-ਉਲ-ਮਲੂਕ 144
ਅਜ਼ਾਜ਼ੀਲ 145
ਅਜਾਤ ਸ਼ਤਰੂ 145
ਅਜਾਤ ਪੰਥੀ 145
ਅਜ਼ਾਨ 145
ਅਜਾਮਲ 146
ਅਜੀਗਰੱਤ 146
ਅਜ਼ੀਜ਼ 146
ਅੱਜੂ 147
ਅਜੋਧਨ 147
ਅਟਕ 148
ਅਟਲ ਰਾਇ 148
ਅਟਵੀ ਦੇਵੀ 149
ਅਟਾ 149
ਅਟਾ-ਘਟਾ 149
ਅੱਟੀ 149
ਅੱਠ 149
ਅਠਸਠ (ਅਠਾਹਠ) ਤੀਰਥ 150
ਅੱਠਭੁਜੀ 150
ਅਠਮਾਹਾ 150
ਅਠਰਾਹ 150
ਅਠਵਾਂ 151
ਅਠਵਾਹਾ 151
ਅਠਵਾਣ 151
ਅੱਠਵਾਂ ਬੱਚਾ 152
ਅਠਵਾਰਾ 152
ਅਠਾਈ 152
ਅਠਾਹਠ 153
ਅਠਾਰਾਂ 153
ਅਠਾਰਾਂ ਭਾਰ 153
ਅਠੂਹਾਂ 153
ਅਠੋਤਰੀ 153
ਅੰਡਜ 154
ਅਡਣਸ਼ਾਹੀਏ 154
ਅੱਡਾ 154
ਅੱਡੀ ਛੜੱਪਾ 154
ਅੱਡੀ ਟੱਪਾ 154
ਅੱਡੀ ਠੂਠੀ 155
ਅੱਡੀ ਪਿਛੇ ਗੂੰਹ 155
ਅੱਡੀਆਂ ਘਸਾਣੀਆਂ 155
ਅਣਗਿਣਤ ਵਰ੍ਹਾ 155
ਅਣਦ 156
ਅਣਿਮਾ 156
ਅੰਤਕ 156
ਅੰਤਕਰ 156
ਅੰਤਕਾਲ 156
ਅੰਤਜ 156

ਅੰਤ ਦਾਨ 157
ਅੰਤਰਾ 157
ਅਤਰੀ 157
ਅਤਲ 158
ਅੱਤਾ 158
ਅੰਤਾਖਰੀ 158
ਅਤਿਕਾਯ 158
ਅਤਿਥੀ 158
ਅੰਤਿਮ੍ਰਿਤ 158
ਅੰਤੇਸ਼ਟੀ ਸੰਸਕਾਰ 158

ਅਥਰਵ 161
ਅਥਰਵ ਵੇਦ 161
ਅਥਵਾਸ 163
ਅਦਹਮ ਬਲਖ਼ੀ 163
ਅਦਨ 163
ਅੰਦਰ ਵੜੂਨੀ 164
ਅੰਦਲਾ 164
ਅਦਲੀ ਰਾਜਾ 164
ਅਦ੍ਰਿਸ਼ਟ ਕੂਟ 165
ਅਦ੍ਰਿਸ਼ਟ ਰਿਸ਼ੀ 165
ਅਦ੍ਰਿਕਸ਼ 165
ਅਦਿਤੀ 164
ਅਦੀਨਾ 165

ਅੱਧ-ਸਿਰ ਮੁੰਨਣ 165
ਅੱਧ-ਸੀਸੀ 166
ਅੰਧਕ 166
ਅੰਧ-ਕੂਪ 166
ਅੰਧ-ਗੱਭ 166
ਅੰਧ-ਤਮਿਸਰ 167
ਅੱਧ-ਪੰਧ 167
ਅੱਧ-ਮਾਰਗ 167
ਅੰਧ-ਮੁਨੀ 167
ਅਧਰਮ 168
ਅਧਵਾਣਾ 168
ਅੰਧ-ਵਿਸ਼ਵਾਸ਼ 168
ਅੱਧਾ-ਭਾਈ ਜਾਗਦਾ 169
ਅਧਿਕ ਅਨੂਪ ਦਈ 169
ਅਧਿਕ (ਜਾਂ ਪੁਰਸ਼ੋਤਮ) ਮਾਹ 170

ਅਧਿਰਥ 171
ਅੰਧੇਰ ਨਗਰੀ 171

ਅੰਨ 172
ਅੰਨ ਆਹਾਰ 173
ਅਨਸਾਰੀ 178
ਅਨਸੂਯਾ 178
ਅਨਹਦ ਸ਼ਬਦ 179
ਅੰਨ-ਕੂਟ 175
ਅਨੰਗ 179
ਅਨੰਗ ਸੈਨਾ 179
ਅਨੰਗ ਤੇਰਸ 180
ਅੰਨ ਚਟਾਣਾ 175
ਅਨੰਤ 180
ਅਨੰਤ ਚੌਦਸ 180
ਅਨੰਤ ਦੇਵ 182
ਅਨੰਤੀ 182
ਅਨੰਦ ਕਾਰਜ 182
ਅਨੰਦਪੁਰ ਸਾਹਿਬ 183
ਅਨੰਦੀ ਮਾਈ 185
ਅੰਨ ਦੇਵਤਾ 175
ਅਨਧਯਾ 185
ਅੰਨ ਪ੍ਰਾਸ਼ਨ 176
ਅੰਨਪੂਰਣਾ 177
ਅੰਨ ਬੰਨ੍ਹਣਾ 177
ਅਨਮਿਖ 185
ਅਨਮਿਤ੍ਰ 185
ਅਨਰਣਯ 185
ਅਨਲ 185
ਅਨਲ ਹੱਕ 186
ਅਨਵਾਰ ਸਹੇਲੀ 186
ਅੰਨ੍ਹਾ 186
ਅਨਾਇਤ ਵਲਾਇਤ 186
ਅਨਾਹਤ ਚਕਰ 188
ਅਨਾਹਤ ਨਾਦ 188
ਅੰਨ੍ਹਾ ਖੂਹ 187
ਅਨਾਮਿਕਾ 189
ਅਨਾਰਕਲੀ 189
ਅਨਾਰਾਂ ਸ਼ਹਿਜ਼ਾਦੀ 189

ਅਨਿਕ ਮੁਖੀ 190
ਅਨਿਰੁਧ 190
ਅਨਿਲ ਕੁਮਾਰ 191
ਅਨੁਸ਼ਠਾਨ 191
ਅਨੁਕਰਣੀ ਟੂਣਾ 191
ਅਨੁਮਤੀ 192
ਅਨੁਰਾਧਾ 192
ਅਨੁਰੂਪ ਤੋਂ ਅਨੁਰੂਪ 193
ਅਨੁਲੋਮ 193
ਅਨੂ 193
ਅਨੂਰਮਿ 193
ਅਪਸ਼ਗਨ 193
ਅਪਸਾਨ 193
ਅਪਸੁੰਦ 194
ਅਪੱਛਰਾਂ 194
ਅਪੱਛਰਾਂ ਕੁੰਡ 195
ਅਪਰਣਾ 195
ਅਪ੍ਰਤਿਹਤ ਗਤੀ 195
ਅਪਰਾ ਇਕਾਦਸ਼ੀ 195
ਅਪਰਾਜਿਤਾ 196
ਅਫਰੇਤ 196
ਅਫ਼ੀਮ 196
ਅੰਬ 197
ਅੰਬਸ਼ਠ 197
ਅੰਬਸ਼ਠ ਦੇਸ਼ (198
ਅਬਦਾਲ 198
ਅਬਦੁਲ ਕਰੀਮ 199
ਅਬਦੁਲ ਕਾਦਰ ਜੀਲਾਨੀ 200
ਅਬਦੁਲ ਖ਼ਾਲਕ 201
ਅਬਰਾਹੀਮ 202
ਅਬਰਾਹੀਮ ਅਧਮ 202
ਅੰਬਰੀਸ਼ (ਅੰਬਰੀਕ) 202
ਅਬਰੋਲ 202
ਅਬਲੀਸ 203
ਅਬੜਾ 203
ਅੰਬਾ 203
ਅੰਬਾ (ਰਾਜਾ) 203
ਅੰਬਾ ਕਪੀ 204
ਅੰਬਾ ਕੰਵਾਰ 205
ਅੰਬਾਲਵੀ ਕਬੱਡੀ 205
ਅੰਬਾਲਾ 205
ਅੰਬਾਲਿਕਾ 205
ਅੰਬਿਕ 205
ਅੰਬਿਕਾ 205
ਅੰਬਿਕਾ ਬਨ 206
ਅਬਿਚਲ ਨਗਰ 206
ਅਬੀਰ 206
ਅਬੂ-ਅਲ-ਹਸਨ ਅਲੀ ਬਿਨ ਉਸਮਾਨ 206
ਅਬੂ-ਅਲ-ਮੁਆਲੀ 207
ਅਬੂ ਸਹਮ 207
ਅਬੂ ਹੁਰੈ ਰਾਹ 207
ਅਬੂ ਜਹਲ 207
ਅਬੂ ਬਕਰ 207
ਅੰਬੋ 207
ਅਬੋਹਰ 208
ਅਭਾਖਿਆ 208
ਅਭਿਸੇਚ (ਅਭਿਖੇਕ) 209
ਅਭਿਜਿਤ 210
ਅਭਿਮੰਤ੍ਰਣ 211
ਅਭਿਮਨਯੂ 210
ਅਭਿਮਨਯੂ ਦੀ ਥੇਹ 210
ਅਭਿਮਾਨੀ 211
ਅਭਿਯੁਕਤ 211
ਅਭੀਚ 211
ਅਭੀਰ 211
ਅਮੰਬ੍ਰਿਆ ਦੇਵੀ 211
ਅਮਰ ਕੰਠ 212
ਅਮਰਤਵ 212
ਅਮਰ ਨਾਥ 212
ਅਮਰ ਫਲ 213
ਅਮਰ ਵਾਰੁਣੀ 213
ਅਮਰ ਵੇਲ 213
ਅਮਰਾਪੁਰੀ 213
ਅਮਰਾਵਤੀ 213
ਅਮਰੀਕ 214
ਅਮਰੇਸ਼ਵਰ 214

ਅਮਲ 214
ਅਮਲੀਆਂ ਦੀਆਂ ਬਾਤਾਂ 214
ਅਮਾਮ 214
ਅਮਾਲਨਾਮਾ 215
ਅਮਾਵਸ 215
ਅਮਿਤਾਸਜ 215
ਅੰਮ੍ਰਿਤ 215
ਅੰਮ੍ਰਿਤ ਸੰਸਕਾਰ 217
ਅੰਮ੍ਰਿਤਸਰ 217
ਅੰਮ੍ਰਿਤ ਕਥਾ 219
ਅੰਮ੍ਰਿਤਧਾਰੀ 219
ਅੰਮ੍ਰਿਤ ਫਲ 219
ਅੰਮ੍ਰਿਤ ਬਚਨ 219
ਅੰਮ੍ਰਿਤ ਵੇਲਾ 220
ਅੰਮ੍ਰਿਤਾ 220
ਅਮੀਨਗੜ੍ਹ 220
ਅਮੀਰ ਹਮਜ਼ਾ 221
ਅਮੀਰਾਂ ਸਾਹਿਬਾ (ਮਾਈ) 221
ਅਯਾਰ ਦਾਨਿਸ਼ 221
ਅਯੋਧਿਆ 221
ਅਰਸ਼ 221
ਅਰਗ 221
ਅਰਗਲ 221
ਅਰਘ 222
ਅਰਘਾ 222
ਅਰਚਾ 222
ਅਰਜਨ 223
ਅਰਜਨ ਚੁਲ੍ਹਾ 226
ਅਰਜਨ ਤੇ ਸੁਰਜਨ 226
(ਗੁਰੂ) ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ-ਤੱਤ 226
ਅਰੰਡਲ 242
ਅਰਣਯਾਣੀ 242
ਅਰਣੀ 242
ਅਰਥੀ 242
ਅਰਦ੍ਹਾ 243
ਅਰਧ ਉਰਧ 244
ਅਰਧ ਚੰਦ੍ਰਕਾ 244
ਅਰਧ ਚੰਦ੍ਰਾਇਣੀ 244
ਅਰਧ ਨਾਰੀਸ਼ੁਰ 244
ਅਰਫ਼ਾਤ 244
ਅਰਬ ਧਰਤੀ 244
ਅਰਵਾਹ 245
ਅਰੜ ਪੋਪੋ 245
ਅਰਾਈਂ 245
ਅਰਿਸ਼ਟ 246
ਅਰਿਸ਼ਟ ਨੇਮੀ 246
ਅਰਿ ਕੇਸੀ 246
ਅਰੁਣ 246
ਅਰੁਧੰਤੀ 246
ਅਰੁਧੰਤੀ ਤਾਰਾ 247
ਅਰੇਣ 247
ਅਰੋੲੇ 247
ਅਰੋਰ, ਅਰੋੜ 247
ਅਰੋੜਾ 248
ਅਲ 250
ਅਲਸਿਰਾਤ 250
ਅਲਸੀ ਦਾ ਫੁੱਲ 250
ਅਲਹਮਦ 250
ਅਲਹਾਮ 250
ਅਲਕ ਨੰਦਾ 250
ਅਲਕਾ 250
ਅਲਕਾਂ ਦਾ ਮੇਲਾ 251
ਅਲਕਾ ਪੁਰੀ 251
ਅਲੱਖ 251
ਅਲੱਖ ਗੀਰ 252
ਅਲੱਖ ਨਾਮੀ 252
ਅਲੱਖ ਨਿਰੰਜਨ 252
ਅਲਗੋਜ਼ਾ 253
ਅਲਤਾ 253
ਅਲਫ਼ 253
ਅਲਫ਼ ਲੈਲਾ 253
ਅਲਫ਼ੀ 254
ਅਲੰਬੁਸ਼ 254
ਅਲੰਬੁਸ਼ਾ 254
ਅੱਲੜ ਬੱਲੜ 255.

ਅੱਲਾ 255
ਅਲਾਅ ਪੈਣੀ 256
ਅਲਾਹਣੀਆਂ 257
ਅਲਾਹਨਾਮੀ 257
ਅੱਲਾ ਦੀਆਂ ਰੱਖਾਂ 256
ਅੱਲਾਦੀਨ 256
ਅੱਲਾਦੀਨ ਦਾ ਚਿਰਾਗ਼ 257
ਅਲਿਆਸ 259
ਅਲੀ 259
ਅਲੀ ਅਸਹਾਬ 259
ਅਲੀ ਅਕਬਰ 260
ਅਲੀ ਅਮੀਰ 260
ਅਲੀ ਹਮਦਾਨ ਬਾਬਾ 260
ਅਲੀ ਬਾਬਾ 261
ਅਲੀ ਮਖ਼ਦੂਮ ਹੁਜੇਵਰੀ 262
ਅਲੀ ਰੰਗਰੇਜ਼ 262
ਅਲੂਣਾ ਵਰਤ 262
ਅਲੋਪ ਖੂਹ 262
ਅਲੌਕਿਕ 263
ਅਵਤਾਰ 263
ਅਵੰਤਿਕਾ 266
ਅਵਦਾਨ 266
ਅਵਧੂਤ 267
ਅਵਧੂਤਨੀ 268
ਅਵਧੂਤੇਸ਼ਵਰ 268
ਅਵਾਜ਼ਾਂ 268
ਅਵਾਣ 269
ਅਵਾਣਕਾਰੀ 271
ਅਵੀਚੀ 272
ਅੜਾਉਣੀ 272

## ਜਿਲਦ 2

### ਆ

ਆਇਸ਼ਾਂ 273
ਆਇਣ 273
ਆਇਤ 273
ਆਈ ਪੰਥੀ 274
ਆਸੰਗ 274
ਆਸਤੀਕ 274
ਆਸਨ 275
ਆਸਨਧਾਰੀ 275
ਆਸ਼ਰਮ 276
ਆਸਾ ਪੂਰਨੀ 277
ਆਸਾ ਮੂਸੇ ਦਾ 276
ਆਸਾਰੋੜੀ 278
ਆਸ਼ਿਮ ਸ਼ਾਹ 278
ਆਹਮੋ ਸਾਹਮਣਾ ਵੱਟਾ 278
ਆਂਹਰ 278
ਆਹਲੂਵਾਲੀਆ 279
ਆਹੁਕ 279
ਆਹੂ ਖ਼ਾਤਿਫ਼ 279
ਆਹੂਜਾ 279
ਆਂਕਲ 282
ਆਕੜਾ ਬਾਕੜਾ 282
ਆਕਾ ਬਾਕਾ 279
ਆਕਾਸ਼ 279
ਆਕਾਸ਼ ਗੰਗਾ 280
ਆਕਾਸ਼ ਦੀਪ 281
ਆਕਾਸ਼ ਦੇਵੀ 281
ਆਕਾਸ਼ ਬਾਣੀ 281
ਆਖਯਾਨ 282
ਆਖ਼ਿਰੀ ਚਹਾਰ ਸ਼ੰਬਹ 283
ਆਗਨੇਯ 283
ਆਗਨੇਯੀ 284
ਆਗਿਆ ਭਈ ਅਕਾਲ ਕੀ 284

ਆਚਮਨ 284
ਆਂਟੜੇ ਮਨ ਮਾਂਟੜੇ 286
ਆਟਾ 284
ਆਟਾ ਭੁੜਕਣਾ 285
ਆਟੇ ਪਾਣੀ ਪਾਉਣਾ 286
ਆਟੇ-ਲੀਕ 285
ਆਡਾ ਟਿੱਕਾ 286
ਆਤਸ਼ਬਾਜ਼ੀ 286
ਆਤਣ 287
ਆਤਮ ਹੱਤਿਆ 287
ਆਤਮ ਦੇਵੀ 289
ਆਤਮਵਾਦ 289
ਆਤਮਾ 289
ਆਤੇ ਹੈਂ 291
ਆਦ 291
ਆਦਮ 292
ਆਦਮ ਸਹਾਬ 294
ਆਦਮ ਜਾਮ 294
ਆਦਮ (ਦਾ) ਟਿੱਲਾ 293
ਆਦਮ (ਦਾ) ਪੁਲ 293
ਆਦਮ ਬੋ 295
ਆਦਿ ਕਵੀ 295
ਆਦਿ ਕੁਮਾਰ 295
ਆਦਿ ਗ੍ਰੰਥ 295
ਆਦਿਤਯ 296
ਆਦਿ ਪੁਰਾਣ 295
ਆਦਿ ਬੁੱਧ 296
ਆਦਿ ਵਰਾਹ 296
ਆਦਿ ਵਾਸੀ 296
ਆਨਕ ਦੁੰਦੁਭੀ 297
ਆਨ ਚਨੇ ਮਨ ਮਾਨ ਚਨੇ 297
ਆਫ਼ਤ 297
ਆਬ ਆਬ ਕਰ ਮੋਇਓਂ 297
ਆਬੂ 298
ਆਬੇ-ਹਯਾਤ 298
ਆਮੀਨ 299
ਆਯ 299
ਆਰਸੀ 299
ਆਰਸੀ ਮਸੂਫ਼ 299
ਆਰਣੀ 299
ਆਰਤਾ 300
ਆਰਤੀ 300
ਆਰਯਕ 301
ਆਰਯ ਵਿਆਹ 301
ਆਰੀਆ ਸਮਾਜ 301
ਆਲਮਪੀਰ 303
ਆਲਮੇ ਬਰਜ਼ਖ਼ 304
ਆਲਾ 304
ਆਲੇ ਭੋਲੇ 304
ਆਂਵਲ ਇਕਾਦਸ਼ੀ 304
ਆਂਵਲਾ 305
ਆਵਾ 305
ਆਵਾਗੌਣ 306
ਆੜ੍ਹੀ ਚੁਣਨਾ 307
ਆੜ੍ਹੀ ਟੋਕ 309
ਆੜੂ 309
ਐਸ਼ਾਨੀ 309
ਐਸੇ ਨੂੰ ਤੈਸਾ 309
ਐਕ 309
ਐਤਵਾਰ 310
ਐਤਵਾਰ ਦਾ ਵਰਤ 310
ਐਰਾਵਤ 312
ਐਰਾਵਤੀ 312
ਐਰੀ 312
ਔਸ਼ਨਸ ਪੁਰਾਣ 313
ਔਂਸੀ 313
ਔਂਸੀ ਦੇਵੀ 313
ਔਘੜ 313
ਔਤ (ਔਂਤਰ) 313
ਔਤਰ-ਅਪੁਤਰਾ 315
ਔਤਰ ਦਿਉਤਾ 315
ਔਤਰਾ ਨਖੱਤਰਾ 315
ਔਲ 315
ਔਲਖ 316
ਔਲੇ 316

## ੲ


ੲ 317
ਇਸਹਾਕ 317
ਇਸ਼ਕ 318
ਇਸ਼ਟ ਦੇਵ 319
ਇਸ਼ਟੀ 325
ਇਸਤ੍ਰੀ 325
ਇਸਤ੍ਰੀ ਧਨ 327
ਇਸਤਿੰਜਾ 327
ਇਸ਼ਨਾਨ 327
ਇਸਬਗੋਲ 331
ਇਸਮ-ਇ-ਅਜ਼ਮ 330
ਇਸਮਾਈਲ 331
ਇਸਰਾਈਲ 331
ਇਸਰਾਫ਼ੀਲ 331
ਇਸਲਾਮ 332
ਇਸਲਾਮੀ (ਤੇ ਸੂਫ਼ੀ) ਬ੍ਰਹਿਮੰਡ ਸ਼ਾਸਤ੍ਰ 333
ਇੰਸ਼ਾ-ਅੱਲਾ 335
ਇਸਾਕ ਅਸਹਾਬ 336
ਇਕ 336
ਇਕ ਓਅੰਕਾਰ 336
ਇਕ ਸ਼ਬਦੀ 336
ਇਕਸ਼ਵਾਕੂ 336
ਇਕ ਸੌ ਅੱਠ 337
ਇਕ ਸੌ ਇਕ 337
ਇਕ ਸੌ ਯਾਰਾਂ 337
ਇਕ ਟੰਗਾ ਰਾਖਸ਼ 337
ਇਕਤਾਰਾ 338
ਇਕੱਤੀ 338
ਇਕ-ਤੁਕੀਆ 338
ਇਕਵੰਜਾ 339
ਇਕਵਾਸੀ ਰੋਟੀ 339
ਇਕੜ ਦੁਕੜ 339
ਇਕਾਸੀ 339
ਇਕਾਦਸ 339
ਇਕਾਦਸ਼ੀ 339
ਇਕਾਦਸ਼ੀ ਵਰਤ 341
ਇਕੀ 341
ਇਕੀ ਕੁਲਾਂ 342
ਇਕੀਵਾਂ 342
ਇਕੋਤਰ 342
ਇਕੋਤਰ ਸੌ 342
ਇਕੋਤਰੀ 343
ਇਖਰਾਜ 343
ਇੱਛਣਾ 343
ਇਛ ਪੁੰਨੀ 344
ਇਛਰਾਂ 344
ਇੱਛਾਧਾਰੀ 345
ਇਜ਼ਤ ਬੇਗ 345
ਇਜ਼ਨ 345
ਇੱਟ 345
ਇੱਟੀ ਡੰਡਾ 346
ਇਠਵਾਲ 346
ਇੱਡਾ 346
ਇੰਡੋ-ਯੋਰਪੀਅਨ ਮੱਤ 346
ਇਤਿਹਾਸਕ ਲੋਕ-ਗੀਤ 346
ਇੰਦਰ 349
ਇੰਦਰ ਸਭਾ 352
ਇੰਦਰ ਸ਼ੂਰ ਮਹਾਂ ਦਿਓ 353
ਇੰਦਰਸੇਨ 353
ਇੰਦਰਕੀਲ 353
ਇੰਦਰ ਜਾਲ 353
ਇੰਦ੍ਰਜੀਤ 353
ਇੰਦਰ-ਦਯੁਮਨ 354
ਇੰਦਰ ਦੀ ਸਖੀ 354
ਇੰਦਰ ਧਨੁਸ਼ 354
ਇੰਦਰ ਧਵਜ 354
ਇੰਦਰਪੁਰੀ 355
ਇੰਦਰ ਮਾਹਾ 355
ਇੰਦਰ ਮਾਲਾ 355
ਇੰਦਰ ਲੋਕ 355

ਇੰਦਰਾ ਇਕਾਦਸ਼ੀ 355
ਇੰਦ੍ਰਾਸਣ 356
ਇੰਦ੍ਰਾਣੀ 356
ਇੰਦ੍ਰਾਵਤੀ 356
ਇਦਰੀਸ 356
ਇੰਦਰੂ ਨਾਗ 357
ਇੰਦੁਜ 357
ਇੰਦੂਮਣੀ 357
ਇੰਦੂਮਤੀ 357
ਇਨਾਮ 357
ਇਫਰਾਹੀਮ 358
ਇਫਰੀਤ 358
ਇਬਨ ਯਮੀਨ 358
ਇਬਰਾਹੀਮ 358
ਇਬਰਾਹੀਮ ਅਧਮ 360
ਇਬਲੀਸ 361
ਇਮਾਮ 362
ਇਮਾਮ ਅਬੂ ਹਨੀਫ਼ਾ 363
ਇਮਾਮ ਅਲੀ 363
ਇਮਾਮ ਸ਼ਾਫ਼ੀ 363
ਇਮਾਮ ਹਸਨ 363
ਇਮਾਮ ਹੰਬਲ 363
ਇਮਾਮ ਹੁਸੈਨ 363
ਇਮਾਮਜ਼ਾਦੇ 363
ਇਮਾਮ ਜ਼ਾਮਨ ਦਾ ਰੁਪਿਆ 363
ਇਮਾਮ ਨਾਸਰ ਉੱਦੀਨ 364
ਇਮਾਮ ਬਾੜਾ 364
ਇਮਾਮ ਮਹਿਦੀ 365
ਇਮਾਮ ਮਾਲਿਕ 364
ਇਮਾਮੀਆਂ 365
ਇਮਾਮੋਂ ਕਾ ਪੇਕ 365
ਇਰਮ 366
ਇਰਾਵਤ 366
ਇਰਾਵਤੀ 366
ਇੱਲ 366
ਇਲਹਾਮ 367
ਇੱਲ ਪੂਜਾ 366
ਇੱਲ ਬਲਾ 366
ਇਲਯਾਸ ਮੇਹਤਰ 368
ਇਲਵਲ 368
ਇਲਵਿਲਾ 368
ਇਲਾ 368
ਇਲਾਵ੍ਰਤ 369
ਇੜਾ 369
ਈਸ਼ 369
ਈਸਟਰ 369
ਈਸਪ 370
ਈਸਪ ਦੀਆਂ ਨੀਤੀ-ਕਥਾਵਾਂ 371
ਈਸ਼ਵਰ 371
ਈਸਵੀ ਸੰਨ 371
ਈਸਾ 371
ਈਸਾਈ ਮੱਤ 373
ਈਸਾ ਖ਼ਾਨ 374
ਈਸ਼ਾਨ 375
ਈਸਾ ਬਨੀਆ 374
ਈਸਾ ਵਪਾਰੀ 375
ਈਚਣਾ ਪਰਮੀਚਣਾ 375
ਈਚੀ ਬੀਚੀ 376
ਈਦ 376
ਈਦੁਲ ਅਜ਼ੋਹਾ 377
ਈਦੁਲ ਕਬੀਰ 377
ਈਦੁਲ ਫ਼ਿਤਰ 377
ਈਦੇ-ਗ਼ਦੀਰ 377
ਈਮਾਨ 377
ਏਕੰਕਾਰ 378
ਏਕਪਰਣਾ 378
ਏਕਪਾਟਲਾ 378
ਏਕਮ 379
ਏਕਲਵਯ 379
ਏਕਾਸ਼ਟਕਾ 379
ਏਕਾਂਤਿਕ 379
ਏਕਾਦਸ਼ੀ 379
ਏਮੂਸ਼ 379
ਏਲਾ 380
ਏਲੋ 380

## ਸ


ਸ 381
ਸਉਣ ਸ਼ਾਸਤ੍ਰ 381
ਸੱਸ 382
ਸਸਕਾਰ 383
ਸੰਸਕਾਰ 383
ਸੰਸਕਾਰ ਗੀਤ 385
ਸੰਸਕ੍ਰਿਤੀ 385
ਸੰਸਾਰ 385
ਸੱਸੀ ਪੁੰਨੂੰ 386
ਸੱਸੀ ਦਾ ਥੌਲਰ 393
ਸੱਸੀ ਦੀ ਕਬਰ 393
ਸਹੱਸ ਭੱਗ ਗਾਮੀ 395
ਸਹੱਸ੍ਰਬਾਹੂ 395
ਸਹਾਨੁਭੂਤੀ ਟੂਣਾ 396
ਸਹਿਆ 396
ਸਹਿਗਲ 397
ਸਹਿਜ 397
ਸਹਿਜਧਾਰੀ ਸਿੱਖ 398
ਸ਼ਹਿਜ਼ਾਦਾ-ਸ਼ਹਿਜ਼ਾਦੀ 399
ਸਹਿਤੀ 400
ਸਹਿਤੀ ਮੁਰਾਦ 400
ਸ਼ਹਿਦ 401
ਸਹਿਦੇਵ 401
ਸ਼ਹਿਨਾਈ 401
ਸਹਿਬਾਲਾ 402
ਸ਼ਹਿਰ ਸਬਜ਼ 402
ਸ਼ਹਿਰ-ਜ਼ਨਾ (ਨਾਰੀ ਨਗਰ) 402
ਸਹਿਵਾਸਣੀ 402
ਸ਼ਹੀਦ 402
ਸ਼ਹੀਦ ਗੰਜ 405
ਸ਼ਹੀਦੀ 405
ਸ਼ਹੁ-ਸੁਹਾਗਣ 406
ਸਹੁਰਾ 406
ਸਹੁਰਾ ਘਰ 407
ਸਹੂ-ਬੱਗੀ 407
ਸਹੋੜ੍ਹ 408
ਸ਼ਕ 408
ਸੰਕਟ ਹਰ ਚਤੁਰਥੀ 409
ਸਕਟਾਸੁਰ 409
ਸੰਕਟਾ ਚੌਥ 410
ਸ਼ਕਤੀ 410
ਸ਼ਕਤ੍ਰੀ 412
ਸਕੰਦ 412
ਸਕੰਦ ਪੁਰਾਣ 413
ਸ਼ਕਰ 413
ਸ਼ੰਕਰ 413
ਸ਼ਕਰਗੰਜ 413
ਸ਼ੱਕਰ ਭੁੱਜੀ 413
ਸੰਕਰਾਂਤੀ 414
ਸੰਕਲਪ 414
ਸੰਕਲਪ ਕਰਨਾ 414
ਸੰਕਲਪ ਪਤ੍ਰ 414
ਸੱਕਾ 415
ਸੰਕੀਰਨ 416
ਸ਼ਕੁੰਤਲਾ 416
ਸ਼ਕੁੰਤਲਾ ਚੈਨ 417
ਸ਼ਕੁਨੀ 417
ਸਕੂਲਿਆ 418
ਸੰਕੇਤ-ਕਥਾਵਾਂ 418
ਸੰਖ 419
ਸੰਖ ਚਕਰ 420
ਸੰਖਚੂੜ 420
ਸੰਖਾਸੁਰ 420
ਸ ਖਿਅਕ ਕਥਾ 421
ਸੰਖਿਅਕ ਟੱਪੇ 421
ਸੰਖਿਆ-ਰੂੜ੍ਹੀ 420
ਸਖੀ ਸਰਵਰ 421
ਸਖੀ ਸਰਵਰ ਨਗਰ 428
ਸੰਖੂ ਨਾਗ 428

ਸੰਗ 428
ਸੱਗ-ਸਾਰ 428
ਸੰਗਸਾਰ 428
ਸੰਗਚਾ 440
ਸੰਗਟ ਦਿਉਤਾ 429
ਸਗਣ 429
ਸਗਣ-ਭਾਜੀ 430
ਸਗਣੂ 430
ਸੰਗ-ਤਰੋਟ 441
ਸੰਗਤੀ 430
ਸ਼ਗਨ 431
ਸ਼ਗਨ-ਅਪਸ਼ਗਨ 431
ਸ਼ਗਨ-ਹਲੂਫ਼ਾ 434
ਸ਼ਗਨ-ਚਿੱਠੀ 434
ਸ਼ਗਨ-ਪਿੰਨੀ 434
ਸ਼ਗਨ-ਮਨਾਉਣਾ 434
ਸੰਗਮ 435
ਸਗਰ 435
ਸੰਗਰਾਂਦ 437
ਸੰਗਰਾਂਦ ਦਾ ਵਰਤ 439
ਸੰਗਲ 441
ਸਗਲਾ 440
ਸੰਗਲੀ 441
ਸਗਾਈ 441
ਸੱਗੀ 441
ਸੰਗੀਤ 441
ਸੰਗੇ ਅਸਵਦ 441
ਸਗੋਤ੍ਰਾ 441
ਸੰਘੜ 441
ਸੰਘੜ ਚੌਥ 442
ਸੰਘਾਤ 442
ਸੰਘਾੜਾ 442
ਸੰਘੇ 442
ਸੰਘੇਰਾ 442
ਸੰਘੋਲ 442
ਸਚਖੰਡ 443
ਸੱਚ ਪ੍ਰਤੀ 443
ਸ਼ਚੀ 443
ਸੰਜਨਾ 444
ਸੰਜਯ 444
ਸੱਜ-ਵਿਆਹੀ 445
ਸੱਜਾ ਖੱਬਾ 445
ਸੰਜੀਵਨ 446
ਸੰਜੀਵਨ ਮੰਤ੍ਰ 446
ਸੰਜੀਵਨੀ ਬੂਟੀ 446
ਸੰਜੋਗ 446
ਸੰਜੋਗ ਖੋਲ੍ਹਣਾ 447
ਸੰਜੋਗਾ ਦੇਵੀ 447
ਸੰਝ 447
ਸੰਝਕਾਰਨੀ ਦੇਵੀ 447
ਸ਼ਟਲੀਆਂ 448
ਸ਼ਟਾਪੂ 448
ਸਟੱਵ ਦੇਵਤਾ 449
ਸੱਠ ਸੰਮਤੀ 449
ਸੱਠੀ 449
ਸੱਠੀ ਰਾਤ 450
ਸੰਡਾ ਮਰਕਾ 450
ਸਣ ਬੂਟੀ 450
ਸੱਤ 450
ਸੰਤ 452
ਸੱਤ ਆਸਮਾਨ 451
ਸੱਤ ਸਮੁੰਦਰੋਂ ਪਾਰ 452
ਸੱਤ ਸਰੋਵਰ 452
ਸੱਤਸਿਰਾ 452
ਸੱਤ ਸੁਹਾਗਣਾਂ 452
ਸੱਤ ਸੌ ਛਿਆਸੀ 453
ਖ਼ੱਤ ਕਪਾਹੀ 454
ਸੱਤ ਘਾਤਕ ਦੇਵੀਆਂ 454
ਸੱਤ ਤਾੜੀਆਂ 454
ਸ਼ੱਤਧਨਵ 455
ਸਤਧਨੂ 455
ਸੱਤ ਨਰੈਣ ਦੀ ਕਥਾ 455
ਸਤਨਾਜਾ 457
ਸਤਨਾਲਾ 458

ਸਤਭਿਖਾ 458
ਸਤ ਮਾਵਾਂ 458
ਸਤਮੀ 458
ਸੱਤਯ ਅਵਤਾਰ 458
ਸਤਯਭਾਮਾ 459
ਸਤਯਵਤੀ 459
ਸਤਯਵ੍ਰਤ 459
ਸਤਯਵਾਨ 459
ਸਤਰੰਗੀ ਪੀਂਘ 460
ਸ਼ਤਰੰਜ 460
ਸਤ੍ਰਾਜਿਤ 459
ਸਤ ਰਿਸ਼ੀ 460
ਸ਼ਤਰੂਘਨ 460
ਸਤਰੂਪਾ 460
ਸਤਲੁਜ 460
ਸਤਵਾਈ 461
ਸਤਵਾਂਸੀ 461
ਸਤਵਾਰਾ, ਸਤੋਵਾਰਾ 461
ਸਤਵਾਰਾ (ਕਾਵਿ ਰੂਪ) 462
ਸੱਤਾਈ 463
ਸਤਾਹਰੀ 464
ਸੰਤਾਨ 464
ਸੰਤਾਨ ਸਪਤਮੀ 466
ਸਤਾਨੰਦ 466
ਸੰਤਾਨ ਦੀ ਉਤਪੱਤੀ 466
ਸਤਿਆ 467
ਸਤਿਆਵਾਨ 467
ਸਤਿ ਸ੍ਰੀ ਅਕਾਲ 468
ਸਤਿਜੁਗ 468
ਸਤੀਆਂ 469
ਸਤੀ ਸਤਿਆਵਤੀ 474
ਸਤੀਤਵ 474
ਸਤੀ ਦੇਵੀ 468
ਸਤੂ 474
ਸਤੂਪ 475
ਸੰਤੋਸ਼ੀ ਮਾਤਾ 476
ਸਤੋੜ੍ਹ 478
ਸੱਥ 479
ਸੱਥਰ 480
ਸਥਾਨਕ (ਭੂਗੋਲਿਕ) ਟੱਪੇ 480
ਸਥਾਨਕ ਦੰਦ-ਕਥਾਵਾਂ 481
ਸਦ 481
ਸੰਦ 482
ਸਦਕੜੇ 483
ਸਦਕਾ 483
ਸੰਦਲਾ 483
ਸਦਾ 484
ਸ਼ਦਾਦ 484
ਸੰਧਉਰਾ 484
ਸਧਨਾ 485
ਸੰਧਲਾ 485
ਸੰਧਾਰਾ 486
ਸੰਧਿਆ 486
ਸੰਧੀ 486
ਸੰਧੂਰਨਾ 487
ਸੰਧੂ 487
ਸੰਧੂਰ 487
ਸਨਕਾਦਿਕ 488
ਸੰਨ ਚਾਲ੍ਹੀਏ ਦਾ 488
ਸੰਨਿਆਸ 488
ਸੰਨਿਆਸੀ 489
ਸਨਿਚਰ ਗ੍ਰਹਿ 491
ਸਨਿਚਰ ਦੇਵਤਾ 491
ਸਨਿਚਰ ਪੂਜਾ 491
ਸਨਿਚਰਵਾਰ 492
ਸਨਿਚਰਵਾਰ ਦਾ ਵਰਤ 493
ਸਨੇਹ ਕਮਾਰ 496
ਸਨੇਹਿਤ (ਸਨੇਤ) 496
ਸਨੋਬਰ 496
ਸਨੌਣੀ 496
ਸੱਪ 496
ਸੱਪ ਕੁੰਜ 496
ਸੰਪਟ ਪਾਠ 496
ਸਪਤ ਸਿੰਧੂ 496

ਸਪਤਪੁਰੀ 497
ਸਪਤਮੀ 497
ਸਪਤ ਰਿਸ਼ੀ 498
ਸਪਤ-ਰਿਸ਼ੀ ਸੰਮਤ 498
ਸਪਤਵਧ੍ਰੀ 498
ਸੰਪਾਤੀ 498
ਸਪਾਦਾ 499
ਸਪਿੰਡਕਰਣ 499
ਸਪੀਦੋ 499
ਸਫਟਿਕ 500
ਸਫਲਾ ਇਕਾਦਸ਼ੀ 500
ਸਫ਼ੈਦ ਦਿਓ 501
ਸਬਜ਼ ਪਰੀ 502
ਸਬਜ਼ਾ 502
ਸ਼ਬਦ 502
ਸੰਬਰ 503
ਸ਼ਬਰਾਤ 504
ਸ਼ਬਰੀ 504
ਸੰਬਲ 504
ਸਬਾਲਾ 504
ਸੰਬੂਕ 505
ਸਬੂਣੀ 505
ਸ਼ਬੇ ਸ਼ਹਾਦਤ 501
ਸ਼ਬੇ ਕਦਰ 502
ਸਭਰਵਾਲ 505
ਸਭਰਾਈ 505
ਸੰਭਲਪੁਰ 506
ਸੰਭਾਲਾ ਦੇਣਾ 506
ਸ਼ਮਸ 506
ਸ਼ਮਸ ਤਬਰੇਜ਼ 506
ਸ਼ਮਸਾ 506
ਸ਼ਮਸ਼ਾਨ 508
ਸੰਮਤ 509
ਸਮਤਾ 512
ਸੰਮਨ ਮੂਸਨ 513
ਸਮਾਧ 517
ਸਮਾਧੀ 518
ਸਮਾਨ 517
ਸ਼ੰਮੀ 518
ਸਮੀ ਗਰਭ 520
ਸ਼ਮੀ ਦੇਵੀ 520
ਸ਼ਮੀਰ 520
ਸਮੁੰਦਰ 520
ਸਮੁੰਦਰ ਟਾਪੂ 521
ਸਮੁੰਦਰ ਪਟੜਾ 521
ਸੱਯਦ 521
ਸੱਯਦ ਅਹਿਮਦ 522
ਸੱਯਦ ਕਾ ਥਾਨ 522
ਸੱਯਦ ਜਲਾਲ 522
ਸ਼ਯਨ ਇਕਾਦਸ਼ੀ 523
ਸਯਾਮੰਤਕ 523
ਸਰਸਵਤੀ ਦੇਵੀ 524
ਸਰਸਵਤੀ ਨਦੀ 525
ਸਰਹੰਦ 526
ਸਰਹੋਂ 528
ਸਰਕਪ 528
ਸਰਕੜਾ ਖੇਡਣਾ 528
ਸਰੰਗੀ 528
ਸਰਗੁਣ 529
ਸੈਰ਼ਘੀ ਖਾਣੀ 529
ਸਰਣਯੂ 529
ਸਰਦ ਪੂਰਨਮਾ 529
ਸਰਦਲ 530
ਸਰਦਵਤ 530
ਸਰੰਦਾ 530
ਸ੍ਰਧਾ 530
ਸਰਪ ਪੂਜਾ 534
ਸਰਪਮੇਧ 537
ਸਰਪ ਰਾਜਾ 537
ਸਰਪ ਲੋਕਧਾਰਾ 530
ਸਰਬੰਗੀ 537
ਸਰਬ ਮੰਗਲਾ 537
ਸਰਬਾਲਾ 537
ਸ਼ਰਭ 537
ਸਰਭੰਗ 537
ਸਰਮਦ 537
ਸਰਮਾ 538
ਸਰਮਿਸ਼ਠਾ 539
ਸਰਲੋਚਨਾ 539
ਸਰਵਚੇਤਨਵਾਦ 539
ਸਰਵਣ ਕੁਮਾਰ 539
ਸ੍ਰਵਣਤਬੀਜ 540
ਸ੍ਰਵਣ ਨਛਤ੍ਰ 540
ਸਰਵਰ 540
ਸ਼ਰਵਰੀ 540
ਸਰਵਰੀਆ 540
ਸ਼ਰ੍ਹਾ ਸੁਆਬ 540
ਸ਼ਰ੍ਹਾ ਜਵਾਬ 541
ਸਰੂੰਦਾ 541
ਸਰਾਧ 541
ਸਰਾਪ 544
ਸ਼ਰਾਬ 544
ਸਰਾਲ 544
ਸ਼ਰਾਵਣੀ 544
ਸ਼ਰਾੜ 544
ਸ੍ਰੀ 545
ਸ੍ਰੀ ਇਕ ਸੌ ਅੱਠ 546
ਸ੍ਰੀ ਸ਼ੈਲ 547
ਸ੍ਰੀ ਪੰਚਮੀ 547
ਸ੍ਰੀ ਪਾਂਡੇ 547
ਸ੍ਰੀ ਫਲ 547
ਸ੍ਰੀ ਵਤਸ 547
ਸ੍ਰੀ ਵਿੱਦਿਆ 547
ਸ਼ਰੀਂਹ 548
ਸ਼ਰੀਕਾ 548
ਸ਼ਰੀਣੀ 548
ਸਰੀਨ 548
ਸ੍ਰਤਿ ਪੰਚਮੀ 549
ਸਰੋਵਰ 549
ਸਰੌਂਦਾ 549
ਸ਼ਲਯ 550
ਸਲਵਾਨ 550
ਸਲਾਮ 550
ਸਲਾਮ ਸੰਮੀ 550
ਸਲਾਮੀ 550
ਸਲਾਰ ਮਸਊਦ 551
ਸਲਾਰਾ 551
ਸਲੇਟੀ 551
ਸ਼ਲੋਕ 551
ਸਲੋਚਨਾ 552

ਸਲੋਨੋ 552
ਸੁਧਾ 553
ਸਵਨ 552
ਸਵੰਬਰ 553
ਸਵਰਗ 553
ਸਵਰਣਾ 557
ਸਵਰਨਮਤੀ 557
ਸਵਾ 557
ਸਵਾਸਣੀ 557
ਸਵਾਸਤਿਕ 558
ਸੁਾਹਾ 560
ਸਵਾਂਕ 560
ਸਵਾਂਗ 560
ਸਵਾਣੀ 560
ਸਵਾਂਤ 560
ਸਵਾਂਤੀ ਬੂੰਦ 560
ਸਵਾਰੀ 560
ਸਵਾਰ ਸਵਾਰ 560
ਸਵਾਲ 560
ਸ੍ਵੇਤਕੇਤੂ 560

## ਜਿਲਦ 3

### ਸ

ਸਾਇਆ 561
ਸਾਇਤ 562
ਸਾਈਂ 562
ਸਾਈਂ ਦੀਆਂ ਰੱਖਾਂ 562
ਸਾਈਂ ਬਾਬਾ 562
ਸਾਂਸੀ 563
ਸਾਹ 575
ਸ਼ਾਹ ਉਸਮਾਨ ਗ਼ਾਜ਼ੀ 575
ਸ਼ਾਹ ਅਬਦੁਲ ਰਹਿਮਾਨ 576
ਸ਼ਾਹ ਸਫ਼ੈਦ 576
ਸ਼ਾਹ ਸ਼ਮਸ 576
ਸ਼ਾਹ ਚਿਰਾਗ਼ 576
ਸ਼ਾਹ ਜਮਾਲ 577
ਸ਼ਾਹ ਦਾ ਫ਼ਕੀਰ 577
ਸ਼ਾਹ ਦੀ ਢੇਰੀ 577
ਸ਼ਾਹ ਦੌਲਾ 578
ਸ਼ਾਹ ਦੌਲੇ ਦਾ ਚੂਹਾ 581
ਸ਼ਾਹ ਪਰੀ 581
ਸਾਹ ਪੀਵਣਾ ਸੱਪ 581
ਸ਼ਾਹ ਫ਼ਤਹ ਅਲੀ 582
ਸ਼ਾਹ ਬਹਿਰਾਮ 582
ਸ਼ਾਹ ਬਦਰ ਦੀਵਾਨ 582
ਸ਼ਾਹ ਬਰੀ ਲਤੀਫ਼ 582
ਸ਼ਾਹ ਮਦਾਰ 583
ਸ਼ਾਹ ਵਿਲਾਇਤ 585
ਸ਼ਾਹਣੀ ਕੌਲਾਂ 586
ਸ਼ਾਹਣੀ ਚਿੜੀ 587
ਸਾਹਨੀ 586
ਸਾਹਾ 588
ਸਾਹਾ ਚਿੱਠੀ 588
ਸਾਹਿਬ ਸਲਾਮਤ 589
ਸਾਹਿਬਾ 589
ਸਾਹਿਬਾਂ 590
ਸਾਹੀ 590
ਸ਼ਾਹੀ ਤੰਬੋਲ 590
ਸ਼ਾਹੂਕਾਰ 590
ਸਾਹੇ ਲਤ ਬੰਨ੍ਹਣਾ 590
ਸਾਕ 591
ਸਾਕਤ ਮੱਤ 591
ਸ਼ਾਕਨੀ 592
ਸਾਕੰਭਰੀ 592
ਸਾਕਲ 592
ਸਾਕਾ 592
ਸਾਖੀ 592
ਸ਼ਾਖੋਚਾਰ 594
ਸਾਗ 594
ਸਾਂਗ 595
ਸਾਗਰ 599
ਸਾਗਰ ਮੰਥਨ 599
ਸਾਂਗਲਾ 599
ਸਾਂਗਾ 599
ਸਾਚਨੀ 600
ਸਾਂਝੀ ਮਾਈ 600
ਸਾਂਟ 602
ਸਾਢ 602
ਸਾਢਸਤੀ 602
ਸਾਂਢੂ 602
ਸਾਢੇ ਚੁਹੱਤਰ 602
ਸਾਂਤ 602
ਸ਼ਾਂਤਨੂ 603
ਸਾਤਯਕੀ 603
ਸਾਤਵਾਹਨ 603
ਸ਼ਾਂਤਾ 604
ਸਾਂਦਲ ਬਾਰ 604
ਸ਼ਾਦੀ 604
ਸਾਧ ਸੰਤ 605
ਸਾਧੂ 607
ਸਾਨ੍ਹ (ਸਾਂਢ) 607
ਸਾਨ੍ਹ-ਸੰਧੂਰੀ 608
ਸਾਨ੍ਹਾ 608
ਸਾਂਬ 608
ਸ਼ਾਮ ਜੀ ਲਾਲ ਜੀ 610
ਸਾਮ ਵੇਦ 609
ਸਾਮੁਦ੍ਰਕ 611
ਸ਼ਾਮੋ ਨਾਰ 612
ਸਾਰਸੂਤ 613
ਸਾਰੰਗ 614
ਸਾਰਦਾ 614
ਸਾਰਦੂਲ 615
ਸਾਰਮੇਯਸ 615
ਸਾਲ 615
ਸ਼ਾਲ 616
ਸਾਲਗ੍ਰਾਮ 616
ਸ਼ ਲਵ 617
ਸਾਲਾ 617
ਸ਼ਾਲਿਹੋਤ੍ਰ 617
ਸਾਲਿਬਾਹਨ 617
ਸਾਲੀ 621
ਸਾਲੂ 621
ਸਾਲੂ ਆਰਤਾ 621
ਸਾਵਣ 621
ਸਾਵਣ ਬੀੜੇ 623
ਸਾਵਣ ਮਲ 623

ਸਾਵਰਣ 623
ਸਾਵਲ ਸ਼ਾਹ 623
ਸਾਂਵਲ ਸ਼ਾਹੀ 624
ਸ਼ਾਵਾ 624
ਸਾਵਿਤ੍ਰੀ 624
ਸਾਵਿਤ੍ਰੀ ਸਤਿਆਵਾਨ 625
ਸਾਵੀ 625
ਸਾਵੇਂ 624
ਸਾੜ੍ਹਸਤੀ 626
ਸਿਉਂਕ 627
ਸਿਆਣਾ 627
ਸਿਆਪਾ 628
ਸ਼ਿਆਮ 629
ਸਿਆਲ 629
ਸਿਆਲ ਸਿੰਙੀ 631
ਸਿਆਲਕੋਟ 631
ਸ਼ਿਸ਼ੂਪਾਲ 633
ਸ਼ਿਸ਼ੁਮਾਰ 633
ਸਿਹਰ 633
ਸਿਹਰਾ 634
ਸਿਹਰਾ (ਕਾਵਿ) 635
ਸਿਹਰਾ-ਬੰਦੀ 636
ਸਿੰਹਿਕਾ 633
ਸ਼ਿਕੰਜਾ 639
ਸਿਕੰਦਰ 636
ਸਿਕੰਦਰ ਬਿਰਾਹਿਮ ਦੀ ਕਥਾ 638
ਸਿਕਦਾਰਾ 639
ਸਿਕਲੀਗਰ 639
ਸਿਖੰਡਿਨੀ 648
ਸਿਖਿਆ 649
ਸ਼ਿੰਗਾਰ 649
ਸ਼ਿੰਗਾਰ ਪਟਾਰੀ 649
ਸ਼ਿੰਗਾਰ ਪੱਟੀ 649
ਸਿੰਗੀ 649
ਸਿੰਗੀ ਰਿਸ਼ੀ 649
ਸਿੰਘ ਸਭਾ ਲਹਿਰ 650
ਸਿੰਘ ਗਊ 651
ਸਿੰਘਗਤ (ਸਿੰਘਤ) 651
ਸਿੰਘ ਦੁਆਰ 651
ਸਿੰਘ ਰਾਸ਼ੀ 651
ਸਿੰਘਾਸਨ ਬਤੀਸੀ 652
ਸਿੰਙੀ 653
ਸਿੰਙੀ ਸਿੱਧਾਂ ਦੀ 654
ਸਿਜਦਾ 654
ਸਿਜਲ 654
ਸਿਟ 654
ਸਿੱਠ 654
ਸਿਠਣੀ 655
ਸਿਧ 656
ਸਿੱਧ 658
ਸਿੱਧਊਰਾ 658
ਸਿਧ ਸਿੰਘ 658
ਸਿਧ ਬਗਾਈ 659
ਸਿਧ ਬਾਵਾ ਸਰਸੁਤੀ ਨਾਥ 659
ਸਿਧਾਂਜਨ 659
ਸਿੱਧੀ 659
ਸਿੱਧੀਆਂ 660
ਸਿੱਧੂ 660
ਸਿੱਧੂ, ਸੰਧੂ 662
ਸਿੱਧੂ ਬਰਾੜ 662
ਸਿਪਾਹੀਆ 664
ਸਿਫਤਾਂ 663
ਸਿਫ਼ਾਤਾਂ 664
ਸਿੰਮਲ 664
ਸਿਯਾਰੀ 665
ਸਿਰ 665
ਸਿਰ ਸਪਰਸ਼ 667
ਸਿਰਸੁਖ 668
ਸਿਰਕਪ 669
ਸਿਰਕਪ ਸ਼ਾਹ 670
ਸਿਰ ਗੁੰਦੀ 670
ਸਿਰ ਠੋਕਣਾ 671
ਸਿਰ ਤੋੜਾ 671
ਸਿਰ ਦਾਉਣੀ 671
ਸਿਰਦੌਣ 671
ਸਿਰ ਨੁਹਾਉਣਾ 671
ਸਿਰਨਾਵਣੀ 672
ਸਿਰ ਫੁਲ (ਸੀਸ ਫੁਲ) 673
ਸਿਰਮੇਲ 673
ਸਿਰ ਮੇਲਣੀਆਂ 673
ਸਿਰਮੌਰ 673
ਸਿਰਯਾਲ 674
ਸਿਰਵੰਨਣਾ 674
ਸਿਰਵਰਤੀ 674
ਸਿਰ ਵਾਰਨਾ 675
ਸਿਰਾਤ 675
ਸਿਰੀ 675
ਸਿਰੋਪਾ 675
ਸਿਲਕੋਟ 676
ਸਿਲ ਪੂਜਾ 676
ਸਿਲਾ 676
ਸਿਲਾ ਬਾਬਾ ਸ੍ਰੀ ਚੰਦ 676
ਸਿਲੀਅਰ 677
ਸ਼ਿਵ 677
ਸ਼ਿਵ ਕੰਠੀ 681
ਸ਼ਿਵ ਚੌਂਤਰੀ 681
ਖਿਵ ਤੇਰਸ 682
ਸ਼ਿਵ ਪੁਰੀ 682
ਸ਼ਿਵ ਬਾਣ 682
ਸ਼ਿਵਰਾਤ੍ਰੀ 682
ਸ਼ਿਵ ਲਿੰਗ 684
ਸ਼ਿਵਾਲਾ 685
ਸ਼ਿਵੀ 685
ਸ਼ਿਵੇ 685
ਸਿੜ੍ਹੀ 685
ਸੀਸਗੰਜ 685
ਸੀਸਧਰਨ 686
ਸ਼ੀਸ਼ਾ 686
ਸ਼ੀਸ਼ਾ ਵਿਖਾਈ 686
ਸੀਹਰਫੀ 688
ਸ਼ੀਂਹ ਰਾਸ਼ੀ 687
ਸੀਤ ਪ੍ਰਸ਼ਾਦਿ 689
ਸੀਤਲ ਮੁਦਰਾ 690
ਸੀਤਲਾ 690
ਸੀਤਲਾ ਅਸ਼ਟਮੀ 692
ਸੀਤਲਾ ਸਪਤਮੀ 694
ਸੀਤਲਾ ਛਟੀ 693
ਸੀਤਾ 694
ਸੀਤਾ ਕੁੰਡ 697
ਸੀਤਾ ਦੇਵੀ 697

ਸੋਧਣੀ 697
ਸੀਮੰਤ ਸੰਸਕਾਰ 698
ਸੀਮਾ ਦਿਉਤਾ 698
ਸ਼ੀਰੀਂ ਫ਼ਰਹਾਦ 699
ਸ਼ੀਰੇ ਦਾ ਬਕਰਾ 702
ਸੀਲ ਦਈ 703
ਸੁਆ 704
ਸੁਆਂਤ 705
ਸੁਆਂਤੀ ਬੂੰਦ 706
ਸੁਆਲ 706
ਸੁਸ਼ਣ 706
ਸੁਸ਼ੇਨ 706
ਸੁਹਰਾਬ 706
ਸੁਹਾਗ 706
ਸੁਹਾਗ-ਸੂਤਰ 707
ਸੁਹਾਗਣ 708
ਸੁਹਾਗ ਗਾਨਾ 708
ਸੁਹਾਗ ਪਟਾਰੀ 708
ਸੁਹਾਗ ਪੁੜਾ 708
ਸੁਹਿਰਦ ਟੂਣਾ 709
ਸ਼ੁਕ-ਸਪੱਤਤੀ 709
ਸ਼ੁਕਦੇਵ 710
ਸੁਕੰਨਿਆ 711
ਸ਼ੁਕਰ ਗ੍ਰਹਿ 712
ਸ਼ੁਕਰਵਾਰ 713
ਸ਼ੁਕਰਵਾਰ ਦਾ ਵਰਤ 714
ਸ਼ੁਕਲ ਪੱਖ 715
ਸੁਕੇਸਰ 715
ਸੁਕੇਸ਼ੀ 716
ਸੁਕੇ ਹਰੇ ਹੋਣਾ 716
ਸੁਕੇਤ 716
ਸੁਖਣਾ 716
ਸੁਖਨ 716
ਸੁਖਾਵਤੀ 717
ਸੁਗ੍ਰੀਵ 718
ਸੁੰਘਣਾ 719
ਸੁਘੜ (ਰਾਜਾ) 719
ਸੁਘੜਾਂ 721
ਸੁਚੱਜੀ 722
ਸੁੱਚਾ ਸਿੰਘ ਸੂਰਮਾ 722
ਸੁਚਿੱਤ੍ਰਾ 724
ਸੁੱਚੇ ਮੂੰਹ 724
ਸੁੱਚੇ ਮੋਤੀ 724
ਸੁੰਢ 724
ਸੁਣਾਉਣੀ 725
ਸੁੱਥਣ ਪਾਟੀ 725
ਸੁੱਥਰੇ ਸ਼ਾਹ 725
ਸੁੱਥਰੇ ਸ਼ਾਹੀ ਫ਼ਕੀਰ 727
ਸੁੰਦ 728
ਸੁਦਯਮਨ 728
ਸੁਦਰਸ਼ਨ ਚੱਕਰ 728
ਸੁੰਦਰ ਮੁੰਦਰੀਏ 728
ਸੁੰਦਰਾਂ 728
ਸੁਦਾਮਾ 729
ਸੁਦੀ 729
ਸੁਧਰਮਾ 729
ਸੁੱਧੀ 730
ਸ਼ੁਨਹਸ਼ੇਫ 731
ਸੁੰਨਤ 730
ਸੁਨਾਸੀਰ 732
ਸੁਨਾਮ 732
ਸੁਨਿਆਰਾ 733
ਸੁਨੀਤੀ 734
ਸੁਨੇਹ ਕੁਮਾਰ 734
ਸੁਨੇਹੇ 735
ਸੁਨੇਤ 735
ਸੁਪਨੇ 736
ਸੁਪਨੇ ਵਿਚ ਮੋਹਿਤ ਹੋਣਾ 739
ਸੁਬਾਹ 740
ਸੁਬੁਧ 740
ਸ਼ੁਭ 740
ਸੁੰਭ ਤੇ ਨਿਸੁੰਭ 740
ਸੁਭਦਰਾ 741
ਸੁਭਰ 741
ਸੁਭਾ 741
ਸੁਮਨ ਬੁਕਮਨ 741
ਸੁਮਿਤ 741
ਸੁਮਿਤ੍ਰਾ 741
ਸੁਮੁੰਡ 742
ਸੁਮੇਰ 742
ਸੁਰਸਾ 743
ਸੁਰਖਾ 743
ਸੁਰਖ਼ਾਬ 743
ਸੁਰਗ ਟੁਕੜੀ 744
ਸੁਰਤਰੁ 744
ਸੁਰਤਾ ਪੰਡਤ 744
ਸੁਰਥ 745
ਸੁਰਭੀ 745
ਸੁਰਮਾ 746
ਸੁਰਮਾ ਪਵਾਈ 747
ਸੁਰਵਚਲਾ 747
ਸੁਰ-ਵਿਚਾਰ 747
ਸੁਰ-ਵਿਦਿਆ 748
ਸੁਰਾ 748
ਸੁਰਾਂ 748
ਸੁਰਾ ਗਊ 748
ਸੁਰੁਚੀ 749
ਸੁਲੱਖਣਾ 749
ਸੁਲਤਾਨ 749
ਸੁਲਤਾਨ ਇਬਰਾਹੀਮ 749
ਸੁਲਤਾਨ ਜ਼ਕਰੀਆ 749
ਸੁਲਤਾਨਪੁਰ ਲੋਧੀ 751
ਸੁਲਤਾਨ ਵਲੀ ਮੁਹੰਮਦ 750
ਸੁਲਤਾਨੀ 753
ਸੁਲੇਮਾਨ 753
ਸੁਵਾਸੰਤਕਾ 754
ਸੂਈ 755
ਸੂਸਕ (ਸੂਛਕ) 756
ਸੂਜੀ 756
ਸੂਹੀ 756
ਸੂਹੀ ਸਲਾਮ 756
ਸੂਹੀ ਦਾ ਮੇਲਾ 756
ਸੂਣਾ 757
ਸੂਤਕ 758
ਸੂਤਰ 759
ਸ਼ੂਦਰ 759
ਸੂਪਧਾਨੀ 759
ਸੂਪਨਖਾ 760
ਸੂਰ 760
ਸੂਰ ਕਰਨਾਇ 761

ਸੂਰਜ ਕਾਂਤ 769
ਸੂਰਜ ਕੁੰਡ 769
ਸੂਰਜ ਗ੍ਰਹਿਣ 769
ਸੂਰਜ ਦੇਵਤਾ 761
ਸੂਰਜ ਨਰਾਇਣ 770
ਸੂਰਜ ਪੂਜਾ 763
ਸੂਰਜ ਬਾਰੇ ਲੋਕਧਾਰਾ 766
ਸੂਰਜਮੁਖੀ 770
ਸੂਰਜ ਵੰਸ਼ 770
ਸੂਰਜ ਵਰਸ਼ 771
ਸੂਰਜੀ ਚਾਲ 772
ਸੂਰਯ-ਛਟੀ ਵਰਤ 772
ਸੂਲ ਮਰਨੀ ਆਂ 772
ਸੂਲੀ ਦਾ ਕੰਡਾ 773
ਸੇ 773
ਸ਼ੇਸ਼ਨਾਗ 773
ਸੇਹ 774
ਸ਼ੇਖ਼ 774
ਸ਼ੇਖ਼ ਹਸਨ 775
ਸ਼ੇਖ਼ ਚਿਲੀ 775
ਸ਼ੇਖ਼ ਟੀਹਰ 777
ਸ਼ੇਖ਼ ਨੇਕਾ 777
ਸ਼ੇਖ਼ੂਪੁਰਾ 777
ਸੇਖੋਂ 778
ਸੇਠੀ 778
ਸੇਂਦੂ ਬੀਰ 778
ਸ਼ੇਰ 779
ਸ਼ੇਰ ਅਤੇ ਬਕਰੀ 780
ਸ਼ੇਰਮੁਖਾ 781
ਸ਼ੇਰਮੇਲੂ 781
ਸੇਲਾ 781
ਸੇਲ੍ਹੀ 781
ਸੇਵਾ ਪੰਥੀ 782
ਸੇਵਾਲੜੀ 783
ਸੇਂਵੀਆਂ 783
ਸੈਂਚੀ 783
ਸੈਣ 783
ਸੈਣੀ 783
ਸੈਂਤ 784
ਸ਼ੈਤਾਨ 784
ਸੈਦ ਕਬੀਰ 784
ਸੈਦਪੁਰ 784
ਸੈਦਾ 784
ਸੈਫ਼ੀ 784
ਸੈਫ਼ੁਲ ਮਲੂਕ 785
ਸ਼ੈਬਧਾ 787
ਸੈਰ 787
ਸੋਹਣਾ ਤੇ ਜ਼ੈਨੀ 788
ਸੋਹਣੀ ਮਹੀਂਵਾਲ 789
ਸੋਹਣੀ ਦਾ ਛੰਨਾ 791
ਸੋਹਿਲਾ 791
ਸੋਕੜਾ 793
ਸੋਗ 793
ਸੋਂਚੀ 793
ਸੋਝਾ 793
ਸੋਟ 793
ਸੋਟੀ 794
ਸੋਢਲ ਦਾ ਮੇਲਾ 794
ਸੋਢੀ 795
ਸੋਂਧੀ 796
ਸੋਨ-ਚਿੜੀ 796
ਸੋਨ-ਚਿੜੀ ਵਿਖਾਉਣਾ 797
ਸੋਨ-ਪੰਛੀ 797
ਸੋਨਾ 797
ਸੋਨਾ ਗੁਜਰੀ 798
ਸੋਨੇ ਦੇ ਵਾਲਾਂ ਵਾਲੀ ਮੁੰਦਰੀ 798
ਸੋਫ 799
ਸੋਮ ਦੇਵਤਾ 799
ਸੋਮਰਸ 799
ਸੋਮਵੰਸ਼ 800
ਸੋਮਵਤੀ ਅਮਾਵਸ 800
ਸੋਮਵਾਰ 801
ਸੋਮਵਾਰ ਦਾ ਵਰਤ 802
ਸੋਰਠ ਬੀਜਾ 803
ਸੋਲਹਾ 803
ਸੋਲਾਂ 803
ਸੋਲਾਂ ਸ਼ਿੰਗਾਰ 803
ਸੌ 804
ਸੌਂਹ 804
ਸੌਂਕਣ 804
ਸੌਂਚੀ 806
ਸੌਣ 806
ਸੌਣ ਦਿਸ਼ਾ 806
ਸੌਦਾਗਰ 806
ਸੌਭਰੀ 807
ਸੌਭਾ 807
ਸੌਰੀਆ 808
ਸੌਲੀ 808

## ਜਿਲਦ 4

### ਹ

ਹ 809
ਹਊਆ 809
ਹਈਆ 809
ਹਈ ਸ਼ਾਬਾ 809
ਹੱਸ 810
ਹੰਸ 810
ਹੰਸ ਰਾਜਕੁਮਾਰ 811
ਹੱਸਣਾ ਤੇ ਰੋਣਾ 812
ਹੱਸਣੀ ਖੇਡਣੀ ਮਾਤਾ 814
ਹਸਤ 814
ਹਸਤ ਊਚ 814
ਹਸਤ ਗ੍ਰਹਿਣ 815
ਹਸਨ ਅਬਦਾਲ 815
ਹਸਨ ਹੁਸੈਨ 816
ਹਸਨ ਦਰੀਯਾ 818
ਹੰਸਨ ਬੀਰ 819
ਹਸ਼ਰ 819
ਹਸਲੀ 819
ਹੰਸਾ ਅਵਤਾਰ 819
ਹੰਸਾ ਰਾਜਕੁਮਾਰੀ 819
ਹੰਸਾ ਰਿਸ਼ੀ 820
ਹਸਾਵਣੀ 821
ਹੱਸੀ 822
ਹੱਸੂ ਤੇਲੀ 822

ਹੱਕ ਨਿਆਂ ਦੀ ਕਮਾਈ 822
ਹਕਾਇਤ 824
ਹਕੀਕਤ ਰਾਏ 824
ਹੰਗਾਮਾ 824
ਹੱਜ 825
ਹਜ਼ਰਤ ਸ਼ਾਹ ਸਲਾਮ 828
ਹਜ਼ਰਤ ਬੰਦਗੀ ਸ਼ਾਹ 828
ਹਜ਼ਰਾਤ 828
ਹਜ਼ਾਰੀ 829
ਹਜ਼ੂਰ ਸਾਹਿਬ 829
ਹੱਟੜੀ 829
ਹੱਠ ਯੋਗ 829
ਹੱਡਲ 830
ਹਣਵੰਤਰ 829
ਹੱਤਿਆਰਾ 830
ਹੱਥ 830
ਹੱਥ ਸਫਲਾ 833
ਹੱਥ ਕੰਗਣਾ 833
ਹੱਥ ਕਟੋਰਾ 833
ਹੱਥ ਫੁਲ 833
ਹੱਥ ਭਰਾ 833
ਹੱਥ ਲਵਾਨਾ 833
ਹੱਥ ਲੇਵਾ 833
ਹੱਥਾ 833
ਹਥੌਲਾ 833
ਹੰਦਾ 833
ਹਦੀਆ ਕੁਰਾਨ 834
ਹਦੀਸ 834
ਹਨੂਮਾਨ 834
ਹਨੂਮਾਨ ਪੂਜਾ 837
ਹਬੋਛੀ 838
ਹਮਦ 838
ਹਮੀਰ 839
ਹਮੇਲ 839
ਹੱਯਗ੍ਰੀਵ 840
ਹੱਯਾਤੀ ਦਾ ਦੀਵਾ 841
ਹੱਯਾਤੀ ਦਾ ਪੰਛੀ 840
ਹੱਯਾਤੀ ਦਾ ਰੁੱਖ 841
ਹਰ ਹਰ ਮਹਾਂਦੇਵ 841
ਹਰਨ ਮੁਨਾਰਾ 841
ਹਰਨਾਕਸ਼ 841
ਹਰਨਾਖਸ਼ 842
ਹਰਮਲ 842
ਹਰੜ 843
ਹਰੜ ਪੋਪੋ 843
ਹਰਾ ਰੰਗ 843
ਹਰਿ 843
ਹਰਿਆ 843
ਹਰਿਆਣਾ 844
ਹਰਿਆਲੀ ਦੇਵੀ 856
ਹਰਿ ਹਰਿ ਛੇਤ੍ਰ 856
ਹਰਿ ਕੀ ਪੌੜੀ 856
ਹਰਿ ਚੰਦਉਰੀ 857
ਹਰਿਤਸ 858
ਹਰਿਦੁਆਰ 858
ਹਰਿਵਾਸਰ 859
ਹਰੀ 859
ਹਰੀਸ਼ ਚੰਦ੍ਰ 859
ਹਰੀਸ਼ ਚੰਦੀ 861
ਹਰੀਹਰ 861
ਹਰੀ ਚੰਦ 862
ਹਰੀਤਾਲਕਾ ਵਰਤ 862
ਹਰੀਪੁਰ 862
ਹਰੀਵਲਭਾ ਇਕਾਦਸ਼ੀ 863
ਹੱਲ 863
ਹਲਦੀ 865
ਹਲਵਾ 865
ਹਲਾਲ 865
ਹਲੂਫ਼ਾ 866
ਹਵਨ 866
ਹੱਵਾ 866
ਹੜ੍ਹ 867
ਹੜ੍ਹਤ 868
ਹੜਦੌੜ 868
ਹੜੱਪਾ 869
ਹੜੱਪਾ ਸੰਸਕ੍ਰਿਤੀ 869
ਹੜੰਬਾ 876
ਹਾ ਹਾ ਹੂ ਹੂ 876
ਹਾਂ 876
ਹਾਸ 876
ਹਾਸ਼ਮ ਦੇਵ 876
ਹਾਕਣੀ 877
ਹਾਜੀ 877
ਹਾਜੀ ਗੁਲਗੁ 877
ਹਾਂਝਲ 878
ਹਾਠ 878
ਹਾਡਾ 878
ਹਾਂਡਾ 878
ਹਾਤਮਤਾਈ 878
ਹਾਥੀ 880
ਹਾਦਿਤਾ 877
ਹਾਦੀਆ 881
ਹਾਫ਼ਿਜ਼ 881
ਹਾਫ਼ਿਜ਼ ਸ਼ਾਹ ਜ਼ਮਾਨ 881
ਹਾਬੜੀ 883
ਹਾਬੀਲ 883
ਹਾਰਨੀ 883
ਹਾਰੂੰ ਅਲ ਰਸ਼ੀਦ 883
ਹਾਰੂਤ ਮਾਰੂਤ 884
ਹਾਲ 885
ਹਾਲਾ 885
ਹਾਵੀਆ 886
ਹਾੜ 886
ਹਾੜ ਬੋਲਣਾ 886
ਹਾੜੰਬਾ 887
ਹਿਕਾਇਤ 887
ਹਿੰਗਲਾਜ 888
ਹਿਚਕੀ 889
ਹਿਜਰੀ ਸੰਨ 889
ਹਿੰਡੋਲਾ 889
ਹਿਤ ਉਪਦੇਸ਼ 890
ਹਿੱਥ ਖੇਡਣਾ 890
ਹਿਮਾਚਲ ਪ੍ਰਦੇਸ਼ 891
ਹਿਰਣਯ-ਕਸ਼ਿਪ 904
ਹਿਰਣਯ-ਗਰਭ 904
ਹਿਰਨ 904
ਹਿੜੰਬਾ 905
ਹੀਜੜਾ 905
ਹੀਬੋ ਨਾਚ 905
ਹੀਮੜੀ 905

ਹੀਰ ਰਾਂਝਾ 906
ਹੀਰ ਦਾ ਮਕਬਰਾ 914
ਹੀਰਨ 915
ਹੀਰਾ 915
ਹੀਰਾ ਹਿਰਨ 916
ਹੀਰੀਆਂ 917
ਹੀਰੋ ਤੇ ਲੈਂਡਰ 917
ਹੁਸਨ ਬਾਨੋ 917
ਹੁਸੈਨ ਖ਼ਾਨ ਦੀ ਵਾਰ 918
ਹੁਸੈਨੀ ਦੋਹੜੇ 919
ਹੁਸੈਨੀ ਬ੍ਰਾਹਮਣ 919
ਹੁਕਾਈ 920
ਹੁੱਕਾ ਪਾਣੀ 920
ਹੁੰਗਾਰਾ 920
ਹੁੱਜਰਾ 920
ਹੁਤਮਾ 921
ਹੁੱਬ ਦਾ ਤਾਅਵੀਜ਼ 921
ਹੁਮਾ 921
ਹੁਰਮਾ ਦੇਵੀ 921
ਹੁਲੇ ਹੁਲਾਰੇ 922
ਹੂਰ 922
ਹੇਹਰ 9·3
ਹੇਤੁਕੀ ਕਥਾ 923
ਹੇਮ ਕੁੰਟ 923
ਹੇਮ ਪੁਸ਼ਪ 925
ਹੇਮੜੀ 925
ਹੇਰਾ (ਹੇਹਰਾ) 925
ਹੇਰੂ 926
ਹੇਲ੍ਹੀ 926
ਹੇਹਯ 926
ਹੈਕਲਾ 926
ਹੈਗ੍ਰੀਵ 926
ਹੈਜ਼ 926
ਹੈਦਰ ਸ਼ੇਖ਼ 927
ਹੋਈ ਦਾ ਵਰਤ 927
ਹੋਕਾ 928
ਹੋਡੀ 928
ਹੋਡੀ ਦੀ ਗੜੀ 931
ਹੋਣੀ 932
ਹੋਤ 932
ਹੋਲਰ 932
ਹੋਲਾਂ 933
ਹੋਲਾ ਮਹੱਲਾ 932
ਹੋਲਿਕਾ 933
ਹੋਲੀ 934
ਹੌਜ਼ ਕੌਸਰ 937
ਹੌਲ ਦਿਲੀ 937

## ਕ

ਕ 938
ਕੰਸ 938
ਕਸ਼ਟਵਾਰ 939
ਕਸੂਤਰਾ 939
ਕੱਸ਼ਯਪ 9:9
ਕੱਸਰ 940
ਕੱਸਰ (ਜਾਤੀ) 940
ਕਸਲੇਟੀ 941
ਕਸਾਈ 941
ਕਸੀਦਾ 941
ਕਸੀਦਾਕਾਰੀ 942
ਕਸੁੰਭੜਾ 942
ਕਸੂਰ 943
ਕਹਾ 944
ਕਹਾਣਾ 944
ਕਹਾਣੀ 944
ਕਹਾਰ 944
ਕਹਾਵਤ 944
ਕਹਿ ਮੁਕਰਨੀ 945
ਕਹਿਰੋੜ, ਕਰੋੜ 945
ਕਹੂਤ 946
ਕੰਕਰ ਇਸ਼ਨਾਨਮ 947
ਕੱਕੜ 947
ਕੱਕਾ 947
ਕਕਾਰ 948
ਕੱਖਾਈ 948
ਕੰਗਣ 948
ਕੰਗਣੀ 948
ਕੰਗਰ 948
ਕੰਗਰੋੜ ਦੱਬਣਾ 948
ਕੱਚ 949
ਕੱਚ ਸੱਚ 949
ਕੱਚਕੜਾ 949
ਕਚਕੋਲ 949
ਕੰਚਨ 950
ਕੰਚਨ ਫੁੱਲ 950
ਕੱਚਾ ਘੜਾ 950
ਕੱਚਾ ਮਸਾਣ 950
ਕੱਚੀ ਸੌਂਹ 950
ਕੱਚੀ ਕਿ ਪੱਕੀ 950
ਕੱਚੀ ਤੰਦੀਂ ਘੜਾ ਭਰਨਾ 951
ਕੱਚੀ ਪਿੰਨੀ 951
ਕੱਚੀ ਭਾਜੀ 951
ਕੱਚੀ ਲੱਸੀ 952
ਕੱਛ (ਕੁਰਮਾ) ਅਵਤਾਰ 952
ਕੰਜਕ 953
ਕੰਜਕਾਂ ਬਿਠਾਉਣਾ 953
ਕੰਜਰ 954
ਕੰਜਰੀ ਨਚਾਣਾ 955
ਕੱਜਲਾ 955
ਕੱਜਲੀ 956
ਕਜ਼ਾ ਉਮਰੀ 956
ਕੰਜੀ 956
ਕੰਜੂ ਚੰਚਲੋ 9 6
ਕਟਾਸ 957
ਕਟਾਰਾ 958
ਕੱਟੇ ਦੀ ਪੂਜਾ 958
ਕਟੋਰਾ ਘੁੰਮਾਵਣਾ 958
ਕੰਠਸਿਰੀ 958
ਕਠਪੁਤਲੀ 959
ਕੰਠਲਾ 959
ਕੰਠਾ 959
ਕੰਡੂ 959
ਕੰਢੀ 959
ਕਣਕ 959
ਕਣਵ 959
ਕਣ ਵੰਡਣਾ 960
ਕਣੀ 960
ਕੱਤਕ 960

ਕੱਤਕ ਦੀ ਬੀਮਾਰੀ 961
ਕੱਤਕ ਪੂਰਨਮਾ 961
ਕੱਤਣੀ 962
ਕਤਲ ਦੀ ਰਾਤ 963
ਕਤੇਬ 963
ਕਥਾ 963
ਕਥਾ ਸਰਿਤ ਸਾਗਰ 964
ਕਥਾ ਕਾਵਿ 966
ਕਥਾ ਚੱਕਰ 966
ਕਥਾ ਪਰੰਪਰਾ 968
ਕਥਾਨਿਕ ਰੂੜ੍ਹੀਆਂ 981
ਕਦੰਬ 987
ਕਦਮਾਂ ਦਾ ਮੇਲਾ 988
ਕਦਮਾਂ ਦਾ ਰੁਪਿਆ 988
ਕਦਰੂ 988
ਕੰਦਲਾ 989
ਕੱਦੂ ਕੱਚਾ ਕਿ ਪੱਕਾ 989
ਕੰਦੂਰੀ 989
ਕੰਧ 989
ਕੰਧ ਚਿਤ੍ਰ 990
ਕੰਧ ਮਾਰ 990
ਕੰਧਲੀ 990
ਕੰਧਾ ਦੇਣਾ 991
ਕੰਧੋਲਾ 991
ਕੰਨ 991
ਕੰਨ ਖਜੂਰਾ 992
ਕਨਖਲ 992
ਕੰਨ ਛੇਦਣਾ 992
ਕੰਨ ਪਾਟੇ ਜੋਗੀ 993
ਕੰਨ ਫੁੱਲ 1013
ਕਨਾਗਤ 1013
ਕੰਨਾ ਮੰਨਾ ਕੁੱਰਰ 1013
ਕੰਨਿਆਂ ਕੁਮਾਰੀ 1013
ਕੰਨਿਆਂ ਦਾਨ 1014
ਕੰਨਿਆਂ ਰਾਸ਼ੀ 1015
ਕਨੇਰ 1015
ਕਨੇਰਾ 1015
ਕਨੈਤ 1015
ਕਪੜ ਛਾਣ 1015
ਕਪੜਿਆਂ ਦੀ ਭਾਜੀ 1016
ਕਪਾਹ 1017
ਕਪਾਹੀ 1019
ਕਪਾਲ ਕਿਰਿਆ 1019
ਕਪਾਲਧਾਰੀ 1019
ਕਪਾਲ ਮੋਚਨ 1019
ਕਪਿਲ 1020
ਕਪਿਲ ਵਸਤੂ 1021
ਕਪਿਲਾ ਗਊ 1021
ਕਪੂਰ 1021
ਕਪੂਰਥਲਾ 1021
ਕੱਫਨੀ 1021
ਕਬੱਡੀ 1021
ਕਬੰਧ 1024
ਕਬਰ 1024
ਕੰਬਲੀ 1025
ਕਬੂਤਰ 1026
ਕੰਬੋ 1027
ਕੰਬੋਜ ਦੇਸ਼ 1028
ਕੰਮ ਸੌਂਪਣੇ 1028
ਕਮਰ 1030
ਕਮਰੀ ਵਰ੍ਹਾ 1030
ਕਮਲ 1030
ਕਮਲਾ 1030
ਕਮਾਦ 1031
ਕਮਾਲਦੀ ਮੌਜਦੀ 1031
ਕਮਾਲੀਆ ਅਤੇ ਜਲਾਲੀਆ 1032
ਕੰਮੀ ਕਮੀਨ 1033
ਕਰਹਲਾ 1034
ਕਰਕ ਰਾਸ਼ੀ 1034
ਕਰਘਾ 1035
ਕਰਣ 1035
ਕਰਣ ਦੀ ਥੇਹ 1036
ਕਰਣ ਪਿਸਾਚੀ 1036
ਕਰਣ ਫੁੱਲ 1036
ਕਰਣਵੇਧ ਸੰਸਕਾਰ 1036
ਕਰਤਾਰਪੁਰ ਸਾਹਿਬ 1036
ਕਰਦਮ 1038
ਕਰਨਾਲ 1038
ਕਰਬਲਾ 1038
ਕਰਮ 1038
ਕਰਮ ਸਾਖੀ 1040
ਕਰਮ ਕਾਂਡ 1040
ਕਰਵਾ ਚੌਥ 1042
ਕਰਵੇ ਚੌਥ ਦੀ ਕਥਾ 1044
ਕਰਵੇ ਦੇ ਗੀਤ 1044
ਕਰੜੀ ਧਰਤੀ 1044
ਕਰਾਮਾਤ 1044
ਕਰਿਆਲਾ 1045
ਕਰੀਚਣੀ 1047
ਕਰੀਰ 1047
ਕਰੂਆ 1047
ਕਰੂਆ ਚੌਥ 1047
ਕਰੂਲਾ 1047
ਕਰੇਵਾ 1048
ਕਰੋਪੀ 1048


## ਜਿਲਦ 5

### ਕ


ਕਲੂ 1049
ਕੱਲੂ ਤੇ ਨਾਰਦ 1050
ਕਲੱਸ਼ 1050
ਕਲੱਹ 1051
ਕਲੰਕ 1051
ਕਲਕੀ ਅਵਤਾਰ 1052
ਕਲਗਾ 1053
ਕਲਗੀ 1053
ਕਲਜੋਗਣਾਂ 1054
ਕਲਪ 1054
ਕਲਪਨਾ 1056
ਕਲਪ ਬ੍ਰਿਛ 1055
ਕਲਪਵਾਸ 1055
ਕਲਬੂਤ 1056
ਕਲਮ 1056
ਕਲਮਾ 1057
ਕੱਲਰ ਕਹਾਰ 1057
ਕੱਲਰੀ ਭੋਇੰ 1057

ਕਲਾਨੌਰ 1057
ਕਲਾਮ 1058
ਕਲਾਲ 1058
ਕਲਿਆਣ 1058
ਕਲਿਜੁਗ 1059
ਕਲੀ 1059
ਕਲੀਆਂ 1059
ਕਲੀਰਾ 1060
ਕਲੇਸ਼ਵਰ ਮੰਦਰ 1060
ਕਲੇਜਾ ਖਾਣੀ 1060
ਕਵੱਚ 1061
ਕੰਵਲ ਫੁੱਲ 1061
ਕੰਵਾਰ ਕੋਠਾ 1061
ਕੰਵਾਰੀ 1061
ਕੱਵਾਲੀ 1062
ਕਵੀਸ਼ਰੀ 1062
ਕੜਾ 1070
ਕੜਾ ਵਾਹੁਣਾ 1071
ਕੜਾਹ 1071
ਕੜਾਹ ਪ੍ਰਸ਼ਾਦਿ 1071
ਕੜਾਹੀ 1071
ਕੜਾਹੀ ਦੀ ਖੁਰਚਣ 1072
ਕਾਂ 1073
ਕਾਂ-ਬਨੇਰੇ 1073
ਕਾਅਬਾ 1073
ਕਾਇਥ 1074
ਕਾਈ 1075
'ਕਾਸ਼ਤੀ 1075
ਕਾਂਸ਼ੀ 1075
ਕਾਹਨ 1077
ਕਾਹਨ-ਗੁਜਰੀ ਦਾ ਝੇੜਾ 1077
ਕਾਹਨੀ 1077
ਕਾਹਲ 1077
ਕਾਹਲੋਂ 1078
ਕਾਹੀ ਕਾ ਮੇਲਾ 1078
ਕਾਕੜਾ 1079
ਕਾਗ-ਭਸੁੰਡ 1078
ਕਾਂਗੜਾ 1079
ਕਾਂਗੜੇ 1088
ਕਾਚ-ਮਾਚ 1088
ਕਾਛਲ 1088
ਕਾਛ 1089
ਕਾਜ 1089
ਕਾਜ ਘਨੇਤਰ 1089
ਕਾਜ਼ੀ 1089
ਕਾਜ਼ੀ-ਕੋਟਲੇ ਦੀ ਮਾਰ 1090
ਕਾਂਜੀ 1090
ਕਾਟੀ 1090
ਕਾਟੋ 1090
ਕਾਠ 1090
ਕਾਠ-ਕੱਠੂਆ 1091
ਕਾਠੋ ਸ਼ਹਿਜ਼ਾਦੀ 1091
ਕਾਨਾ 1104
ਕਾਪੜੀਆ 1092
ਕਾਪਾਲਿਕ 1092
ਕਾਫ਼ੀ 1092
ਕਾਬੀਨ 1093
ਕਾਬੀਲ 10'4
ਕਾਮ ਕੰਦਲਾ 1094
ਕਾਮਕਾ ਇਕਾਦਸ਼ੀ 1096
ਕਾਮਣ 1097
ਕਾਮਦਾ ਅਥਵਾ ਫਲਦਾ ਇਕਾਦਸ਼ੀ 1097
ਕਾਮਦੇਵ 1098
ਕਾਮਧੇਨੁ 1099
ਕਾਮਰੂਪ (ਕਿੱਸਾ) 1099
ਕਾਮਰੂਪ ਦੇਸ਼ 1103
ਕਾਮਲੋ ਦੀ ਜੈ ਦਿਆ 1103
ਕਾਮ ਵਾਸ਼ਨਾ 1104
ਕਾਰ 1104
ਕਾਰਕਾ 1105
ਕਾਰਣ-ਕਾਰਜ ਸਬੰਧ 1106
ਕਾਰਤਿਕੇਯ 1105
ਕਾਰੂੰ 1107
ਕਾਲ 1108
ਕਾਲ 1109
ਕਾਲ ਸੂਤਰ 1109
ਕਾਲ ਕਲਿੱਚੀ 1110
ਕਾਲ ਕੂਟ 1109
ਕਾਲ ਦਾ ਸੰਕਲਪ 1110
ਕਾਲ ਦਿਓ ਤੇ ਕਬੀਰੂ 1110
ਕਾਲ ਦੀ ਤਲਵਾਰ 1110
ਕਾਲਨੇਮੀ 1111
ਕਾਲ ਪੀਹੜੀ 1111
ਕਾਲ ਭੈਰਵ 1112
ਕਾਲਮੁੱਖੀ 1112
ਕਾਲ ਯਵਨ 1112
ਕਾਲ ਰਾਤਰੀ 1113
ਕਾਲਾ 1113
ਕਾਲਾ ਜਾਦੂ 1114
ਕਾਲਾ ਮਿਹਰ 1114
ਕਾਲੀ ਕਮਲੀ ਵਾਲੇ ਮੌਲਾ 1115
ਕਾਲੀ ਦੇਵੀ 1116
ਕਾਲੀ ਨਾਗ ਕਾਲੀਆ 1115
ਕਾਲੀ ਪੋਸ਼ 1118
ਕਾਲੂ ਬਲਾ 1118
ਕਾਲੇ ਜੋੜੇ ਤੇ ਕਾਲੇ ਘੋੜੇ 1118
ਕਾਵਾਂ ਠੂੰਗਾ (ਕਾਵਾਂ ਘੋੜੀ) 1118
ਕਾਵਿ ਕਥਾਵਾਂ 1119
ਕਿਆਮਤ 1125
ਕ੍ਰਿਸ਼ਨ 1126
ਕ੍ਰਿਸ਼ਨ ਪੱਖ 1132
ਕ੍ਰਿਸ਼ਨ ਲੀਲਾ 1132
ਕਿਸਬਤਨਾਮਾ 1135
ਕਿੱਸਾ 1132
ਕਿਸਾਸ 1135
ਕਿੱਕਰ 1135
ਕਿੱਕਲੀ 1136
ਕਿੰਗ 1136
ਕ੍ਰਿੱਤ ਯੁੱਗ 1139
ਕਿਥੇ ਪੈਣੀ 1137
ਕਿੰਨਰ 1137
ਕਿਬਲਾ 1137
ਕਿਬਲਾ-ਏ-ਆਲਮ 1137
ਕਿਰਨ 1138
ਕਿਰਨ ਮਕਿਰਨੀ 1138
ਕਿਰਲ ਕਾਂਗਾ 1138
ਕਿਰੜਾਕੀ 1139
ਕਿਰਾੜ 1138
ਕਿਰਿਆ ਕਰਮ 1138

ਕਿਲ 1139
ਕੀਮਾ ਮਲਕੀ 1139
ਕੀਰਤਪੁਰ 1139
ਕੀਲ 1140
ਕੀਲਣਾ 1140
ਕੀੜ 1140
ਕੀੜ ਕੜਾਂਗਾ 1141
ਕੀੜਗਰਾਮ 1140
ਕੀੜੀ 1141
ਕੀੜੀਆਂ ਦੇ ਭੌਣ 1142
ਕੁਆਰ ਹਲੂਫਾ 1142
ਕੁਆਰ ਗੰਦਲ 1142
ਕੁਆਰ ਧੋਤੀ 1142
ਕੁਆਰੀ ਰੋਟੀ 1142
ਕੁਸ਼ਤੀ 1143
ਕੁਸਪਾਤੀ 1143
ਕੁਸ਼ਲ ਗੋਤਰ 1143
ਕੁਸ਼ਲਿਆ 1144
ਕੁੱਸਾ 1144
ਕੁੱਕਨਸ 1144
ਕੁੰਗੀ (ਕੰਗਿਆਰੀ) 1145
ਕੁੰਗੂ 1145
ਕੁਚੱਜੀ 1145
ਕੁਚੀਲ 1145
ਕੁੰਜ ਗਲੀ 1146
ਕੁੱਠਾ 1146
ਕੁੰਡਲ 1146
ਕੁੰਡਲੀ 1146
ਕੁਤਬਾ 1146
ਕੁੱਤਾ 1146
ਕੁੱਤੀ ਦੀ ਪੂਜਾ 1147
ਕੁੱਤੀ 1148
ਕੁੱਦਣਾ ਬਕਰਾ 1148
ਕੁੰਦਰੀ 1148
ਕੁੱਦੀ 1148
ਕੁਨਾਲ-ਤਖਸ਼ਿਲਾ 1148
ਕੁਨੇਤਰ 1149
ਕੁਬਜਾਂ 1149
ਕੁਬੇਰ 1149
ਕੁੰਭ 1150
ਕੁੰਭਕਰਨ 1151
ਕੁੰਭਕਾਰੀ 1152
ਕੁੰਭ ਪੂਰਨਾ 1153
ਕੁੰਭ ਰਾਸ਼ੀ 1154
ਕੁੰਭ ਵਿਆਹ 1154
ਕੁੰਭੀ ਨਰਕ 1154
ਕੁਮਾਰੀ ਪੂਜਾ 1154
ਕੁਰਸੀਨਾਮਾ 1154
ਕੁਰਹਿਤਾਂ 1157
ਕੁਰਖੇਤਰ 1154
ਕੁਰਨਿਸ਼ 1157
ਕੁਰਲ 1155
ਕੁਰਾ 1156
ਕੁਰਾ ਕੱਢਣਾ 1156
ਕੁਰਾਨ ਸ਼ਰੀਫ਼ 1156
ਕੁਰਾਨ ਦਾ ਮੇਲਾ 1156
ਕੁੱਲ ਖਵਾਨੋ 1157
ਕੁੱਲ ਦਾ ਮੇਲਾ 1157
ਕੁੱਲ ਦੇਵਤਾ 1157
ਕੁੱਲ ਦੇਵੀ 1157
ਕੁੱਲ ਪੱਤਰਾ 1157
ਕੁੱਲ ਪ੍ਰੋਹਤ 1158
ਕੁੱਲੀ ਸਰਾਧ 1158
ਕੁੱਲੂ 1158
ਕੁਵਲੀਆ ਪੀੜ 1159
ਕੁੜਮਾਈ 1159
ਕੁੜੀਆਂ ਵਿਚ ਮੁੰਡਾ 1163
ਕੁੜੀਮਾਰ 1164
ਕੂਆ ਪੂਜਣਾ 1165
ਕੂਰਮ ਅਵਤਾਰ 1165
ਕੂਰਮ ਪੁਰਾਣ 1165
ਕੇਸ਼ਾਂਤ ਸੰਸਕਾਰ 1166
ਕੇਸਰ 1166
ਕੇਸਰੀ ਬਾਣਾ 1167
ਕੇਸ਼ ਲੋਚਨ 1165
ਕੇਸ਼ਵ 1167
ਕੇਸੀ 1167
ਕੇਕੱਦੀ 1167
ਕੇਟੱਬ 1167
ਕੇਤੂ 1167
ਕੇਦਾਰਨਾਥ 1168
ਕੈਸ 1168
ਕੈਂਸੀ 1168
ਕੈਂਚੀ 1168
ਕੈਂਚੀ ਖੜਕਾਣੀ 1169
ਕੈਂਠਾ 1169
ਕੈਦੋ 1169
ਕੋਇਲ 1169
ਕੋਹ 1169
ਕੋਹ ਕਾਫ 1170
ਕੋਹ ਤੂਰ 1170
ਕੋਹ ਨੂਰ 1170
ਕੋਹੜ 1171
ਕੋਕਰੀ 1172
ਕੋਕਲਾ 1172
ਕੋਕਾ 1172
ਕੋਕਿਲਾਂ ਰਾਣੀ 1172
ਕੋਖਿਲਾਂ ਦਾ ਧੌਲਰ 1173
ਕੋਕਿਲਾ ਵਰਤ 1173
ਕੋਕੋ 1174
ਕੋਛੜ 1174
ਕੋਟਲਾ ਛਪਾਕੀ 1174
ਕੋਠਵਾਲ 1175
ਕੋਠੀ ਆਟਾ 1175
ਕੋਠੇ ਉਸਾਰਨਾ 1175
ਕੋਠੇ ਚੜ੍ਹਨਾ ਨਿਸ਼ੇਧ 1176
ਕੋਰਾ ਘੜਾ 1176
ਕੋਲੀ-ਰੀ-ਦਿਆਲੀ 1176
ਕੌਡਾ 1176
ਕੌਡੀ 1176
ਕੌਲ ਡੰਡਾ 1177
ਕੌੜਾ 1177
ਕੌੜਾ ਵੱਟਾ 1177


## ਖ


ਖੱਸ਼ਟੀ 1178
ਖੱਸ਼ਟੀ ਦੇਵੀ 1178
ਖਹਿਰਾ 1178

ਖੱਖਾ 1178
ਖੱਗ 1178
ਖੰਘ 1179
ਖੰਜਕਾ, ਖੰਜਰੀ 1179
ਖ਼ਜ਼ਾਨਾ 1179
ਖਜੂਰ 1179
ਖੱਟ 1179
ਖੱਟ ਕਰਮ 1180
ਖੱਟਕ ਨਾਚ 1181
ਖੱਟਰ 1182
ਖਟੋਕ 1182
ਖੱਟੀ ਰੋਟੀ 1183
ਖੰਡ-ਸ਼ੱਕਰ 1183
ਖੰਡ-ਪੂੜਾ 1183
ਖੱਡਾ ਚੀਰਾ 1183
ਖੜੁੱਕਣਾ ਖੇਡਣਾ 1184
ਖਣ 1184
ਖਤਨਾ 1184
ਖਤਿਊਰਾ 1184
ਖ਼ਦੀਜਾ 1185
ਖੰਨਾ 1185
ਖੱਪਰ 1185
ਖੱਫਣ 1186
ਖੱਫਣੀ 1186
ਖੱਬਲ 1186
ਖੱਬਾ-ਸੱਜਾ ਵਿਚਾਰਨ 1186
ਖੰਭੜੀ 1186
ਖੰਮ੍ਹਣੀ 1186
ਖਰ 1186
ਖਰਚਾਮ 1187
ਖਰ-ਦੂਖਣ 1187
ਖਰਬਾਹਨੀ 1187
ਖਰ-ਮੋਹਰਾ 1188
ਖਰਲ 1187
ਖਰੂੰਡ ਬਲਾਉਣਾ 1188
ਖਰੂੰਢ ਧੁੱਖਣਾ 1188
ਖਰੈਤ, ਖੈਰ 1188
ਖੱਲਰਾ 1188
ਖੱਲਾ 1188
ਖ਼ਵਾਜਾ ਖਿਜ਼ਰ 1188
ਖ਼ਵਾਜਾ ਮੁਈਨੁੱਦ-ਦੀਨ ਚਿਸ਼ਤੀ 1188
ਖੜਤਾਲ 1189
ਖੜਾ ਸਿਆਪਾ 1190
ਖੜਾਵਾਂ 1190
ਖਾਇਕ 1190
ਖ਼ਾਕ ਦਾ ਪੁਤਲਾ 1190
ਖਾਕੀ 1190
ਖਾਕੀ ਸਹਾਬ 1190
ਖ਼ਾਨ 1190
ਖ਼ਾਨਗਾਹ 1191
ਖ਼ਾਨ ਘੋੜੀ 1191
ਖ਼ਾਨਾਬਦੋਸ਼ 1191
ਖਾਰਾ 1192
ਖਾਰੇ ਚੜ੍ਹਨਾ 1192
ਖਾਰੇ ਦੇ ਗੀਤ 1193
ਖਾਰੇ ਬਦਲਣਾ 1193
ਖਾਰੇ ਲੰਘਾਈ 1193
ਖਾਰੇ ਲੁਹਾਈ 1193
ਖਿਉੜੇ 1194
ਖਿਆਹ 1194
ਖਿਚੜੀ 1194
ਖਿਚੜੀ ਚੌਂਕਾ 1194
ਖਿਜ਼ਰ 1194
ਖਿਡਾਵਾ 1195
ਖਿਡੌਣਾ 1195
ਖਿੱਤੀ 1196
ਖਿਦੋ-ਖੂੰਡੀ 1196
ਖਿਦੋ ਖੇਹਨੂੰ 1196
ਖਿਦੋ ਪੱਟੀ 1196
ਖਿੰਧੋਲਾ 1196
ਖਿਲਤ 1196
ਖੀਊੜੇ 1197
ਖੀਰ 1197
ਖੀਰ ਸਾਗਰ 1197
ਖੀਰ ਚਟਾਈ 1197
ਖੀਰਾ 1197
ਖੀਵਾ 1197
ਖੁਸਰਾ 1198
ਖੁਸਰਿਆਂ ਦਾ ਨਾਚ 1198
ਖੁਖਰੈਣ 1198
ਖੁੱਡ ਕੌਂਚੂ 1199
ਖ਼ੁਤਬਾ 1199
ਖੁਰਲੀ 1199
ਖੁਲ੍ਹ ਸਮ ਸਮ 1199
ਖੁੱਲਰ 1199
ਖੂਹ 1199
ਖੂਹਣੀ 1200
ਖ਼ੂਨੀ ਹਨੇਰੀ 1201
ਖ਼ੂਨੀ ਮੁਰਕੀ 1201
ਖੇਸ 1201
ਖੇਹਨੂੰ 1201
ਖੇਡਣ ਵੇਲਾ 1202
ਖੇਡਣਾ (ਖੇਲ੍ਹਣਾ) 1202
ਖੇਡਾਂ 1201
ਖੇਤਰਪਾਲ 1203
ਖੇਤਰੀ 1203
ਖੇੜਾ ਦਿਉਤਾ 1204
ਖੇੜਾ ਪਤੀ 1204
ਖ਼ੈਰ ਮੁਬਾਰਕ 1204
ਖੇਰਾਮੂਰਤੀ 1204
ਖੋਸਲਾ 1205
ਖੋਸਾ 1205
ਖੋਖਰ 1205
ਖੋਖਰਾਇਣ 1206
ਖੋਖਰੈਣ 1206
ਖੋਖੀ 1206
ਖੋਜ-ਕਥਾ-ਰੂੜ੍ਹੀ 1207
ਖੋਜਦਾਰ 1206
ਖੋਜਾ 1206
ਖੋਜੀ 1208
ਖੋਟ 1208
ਖੋਤਾ 1208
ਖੋਤੇ ਚੜ੍ਹਾਉਣਾ 1209
ਖੋਪਰੀ 1210
ਖੋਪਾ 1210
ਖੋੜ 1210
ਖੋਰ 1210

## ਗ


ਗਊ 1211
ਗਊ-ਗ੍ਰਾਸ 1212
ਗਊ ਜੁਆਲਣਾ 1212
ਗਊ ਮਣਸਣੀ 1212
ਗਊ-ਮੁਖਾ 1212
ਗਊ-ਲੋਕ 1212
ਗਹਿਰ ਗੰਭੀਰੀਏ 1213
ਗਹੀਰਾ 1213
ਗੱਖੜ 1213
ਗਗਨ ਦਮਾਮਾ 1214
ਗੱਗੜ 1214
ਗੰਗਾ 1214
ਗੰਗਾ ਇਸ਼ਨਾਨ 1217
ਗੰਗਾ ਤੇਲੀ 1217
ਗੰਗਾ ਦਸ਼ਹਿਰਾ 1217
ਗੰਗਾ ਮਾਲਾ ਚੜ੍ਹਾਣਾ 1218
ਗਜ 1218
ਗਜਮੇਧ 1218
ਗਜ ਮੋਤੀ 1219
ਗਜਰਾ 1219
ਗਜਾਸੁਰ 1218
ਗੰਜੀਚਾਰਾ 1219
ਗੰਜੀ ਬਾਰ 1219
ਗਟ 1219
ਗਠ 1219
ਗਠ ਪਾਉਣਾ 1219
ਗਡ 1219
ਗੰਡ 1220
ਗੰਡਕੀ 1220
ਗੰਡਗੜ 1220
ਗੰਡ ਦਾ ਥੇਹ 1221
ਗੰਡਾ 1221
ਗੱਡੀ 1221
ਗਡੀਰਾ ਟੰਗਣਾ 1222
ਗੰਢ 1222
ਗੰਢ ਘਲਣਾ 1223
ਗੰਢ ਚਿਤਰਾਵਾ 1223
ਗੰਢ ਫੇਰਨਾ 1223
ਗੰਢ ਭੇਜਣਾ 1223
ਗੰਢੜ 1223
ਗਣ 1223
ਗਣੇਸ਼ 1223
ਗਣੇਸ਼-ਅੰਨ 1226
ਗਣੇਸ਼-ਗੱਦੀ 1226
ਗਣੇਸ਼ ਗੀਤਾ 1226
ਗਣੇਸ਼ ਚੱਕਰ 1226
ਗਣੇਸ਼ ਚੌਥ 1227
ਗਣੇਸ਼ ਦਾ ਚੱਕਰ 1227
ਗਣੇਸ਼ ਪੁਰਾਣ 1228
ਗਣੇਸ਼ ਪੂਜਾ 1228
ਗਣੇਸ਼ ਮੰਦਰ 1228
ਗਣੇਸ਼ੀ 1228
ਗਦਾ 1228
ਗਦਾਸੁਰ 1229
ਗੰਦਾਲ 1229
ਗੱਦੀ ਕਬੀਲਾ 1229
ਗੰਦੌੜਾ 1229
ਗੰਧਕ 1229
ਗੰਧ-ਮਾਦਨ 1229
ਗੰਧ-ਮ੍ਰਿਗ 1229
ਗੰਧਰਵ 1229
ਗੰਧਰਵ ਨਗਰੀ 1230
ਗੰਧਰਵ ਵਿਆਹ 1230
ਗੰਧਰਵ ਵੇਦ 1230
ਗਧੀਲਾ, ਗੰਧੀਲਾ 1230
ਗਨਕਾ 1230
ਗੰਨਾ 1231
ਗੱਪ 1231
ਗਪੋੜ ਸੰਖ 1231
ਗਯ 1232
ਗਯਾ 1232
ਗਯਾਲ 1233
ਗਰਦਨੀ 1233
ਗਰੁਬੜਾ 1233
ਗਰਭਦਾਨ 1233
ਗਰਭਵਤੀ 1233
ਗਰਭਾਧਾਨ ਸੰਸਕਾਰ 1234
ਗਰਾਹੀ ਦੇਣਾ 1235
ਗ੍ਰਹਿ 1235
ਗ੍ਰਹਿ ਕੁੰਡਲੀ 1236
ਗ੍ਰਹਿ ਗੋਚਰ 1236
ਗ੍ਰਹਿ ਚੜ੍ਹਨਾ 1236
ਗ੍ਰਹਿਣ 1236
ਗ੍ਰਹਿ ਪੂਜਾ 1237
ਗਰਿਮਾ 1239
ਗਰੀਬ ਦਾਸੀਏ 1239
ਗਰੁੜ 1239
ਗਰੁੜ ਗੰਗਾ 1240
ਗਰੁੜ ਦੁਗਾਰ 1240
ਗਰੁੜ ਪੁਰਾਣ 1240
ਗਰੁੜ ਪੂਜਾ 1240
ਗਰੁੜਾਰੀ 1240
ਗਰੇਵਾਲ 1241
ਗਲ ਪੱਲੂ ਤੇ ਮੂੰਹ ਘਾਹ 1241
ਗਲਮਾਨ, ਗਿਲਮਾਨ 1241
ਗਲੇਈ 1241
ਗਵ੍ਹਾਤੜੀ 1241
ਗਵਾਲਾ ਟਿੱਲਾ 1241
ਗੜ੍ਹ 1241
ਗੜ੍ਹ ਸ਼ੰਕਰ 1241
ਗੜ੍ਹ ਗੰਗਾ 1242
ਗੜ੍ਹ ਦਿਵਾਲਾ 1242
ਗੜਬੜ ਚੌਥ 1242
ਗੜੀਅਲ, ਗੂੜੀਅਲ 1242
ਗੜ੍ਹਤੀ, ਗੁੜ੍ਹਤੀ 1242
ਗਾਉਣ 1242
ਗਾਉਦੁਮ 1242
ਗਾਇਤਰੀ ਦੇਵੀ 1243
ਗਾਇਤਰੀ ਮੰਤ੍ਰ 1243
ਗਾਹਟੀ ਖੇਡਣਾ 1243
ਗਾਹਲੜੀ 1243
ਗਾਹਲਾਂ 1243
ਗਾਗਰ 1244
ਗਾਂਗਾ ਤੇਲੀ 1244
ਗਾਚੀ 1245
ਗ਼ਾਜ਼ੀ 1245
ਗ਼ਾਜ਼ੀ ਮੀਆਂ 1245

ਗਾਂਡੀਵ 1245
ਗਾਥਾ 1246
ਗਾਂਧਾਰੀ 1246
ਗਾਧੀ ਦੇ ਗੀਤ 1246
ਗਾਨਾ 1246
ਗਾਨਾ ਪੈਣਾ 1247
ਗਾਨਾ ਬੰਨ੍ਹਣਾ 1247
ਗਾਨੀ 1247
ਗਾਨੇ ਦੇ ਗੀਤ 1247
ਗਾਮਾਸ਼ਾਹੀ 1247
ਗਾਰਗੀ 1247
ਗਾਰੜੀ 1247
ਗਾਲ੍ਹ ਬੁਲਾਉਣਾ 1247
ਗਾਲਵ 1248
ਗਾਲਾ ਚੱਕੀ 1248
ਗਾੜ੍ਹਾਂ 1248
ਗਾੜ੍ਹਾ ਦੇਵੀ 1249
ਗਿਆਰਵੀਂ ਦਾ ਪੀਰ 1249
ਗਿਆਰਾਂ 1249
ਗਿਟੀਆਂ 1250
ਗਿੱਦੜ 1250
ਗਿੱਦੜ ਸਿੰਗੀ 1250
ਗਿੱਦੜ ਗਿੱਦੜੀ ਦਾ ਵਿਆਹ 1250
ਗਿੱਧ 1250
ਗਿਰਗਿਟ 1250
ਗਿਰਧਰ 1250
ਗਿਰ-ਮਾਹਾ 1251
ਗਿਲ 1251
ਗਿਲਮਾਨ 1252
ਗਿਲਾਈ 1252
ਗੀਗਾ 1252
ਗੀਟੀ ਛੁਪਾਣਾ 1252
ਗੀਟੇ ਖੇਡਣਾ 1253
ਗੀਤ 1253
ਗੁਹਰਾਲੀ 1253
ਗੁਹਾਝਣੀ 1253
ਗੁੱਗਲ 1253
ਗੁੱਗਾ ਨੌਮੀ 1253
ਗੁੱਗੇ (ਦੇ) ਗੀਤ 1254
ਗੱਗ੍ਹੇ ਦੀ ਘੋੜੀ 1254
ਗੁੱਗੇ ਦੀ ਚੌਕੀ 1255
ਗੁੱਗੇ ਦੀ ਛੜੀ 1255
ਗੁਜਰਾਤ 1255
ਗੁਜਰਾਲ 1256
ਗੁਜਰਾਂਵਾਲਾ 1256
ਗੁੱਜਰੀ 1256
ਗੁੱਝਾ 1256
ਗੁੱਝੀ ਬੋਲੀ 1257
ਗੁਟਕਾ 1257
ਗੁੱਡਾ 1257
ਗੁੱਡਾ ਗੁੱਡੀ ਪਿਟਣਾ 1257
ਗੁੱਡਾ ਬੰਨ੍ਹਣਾ 1258
ਗੁੱਡਾ ਗੁੱਡੀ ਦਾ ਵਿਆਹ 1258
ਗੁਣਾਢੇ 1258
ਗੁੱਤ 1259
ਗੁੱਥੀ ਹੱਥ ਦੇਣਾ 1259
ਗੁੱਪ 1259
ਗੁਪਤ ਦਾਨ 1259
ਗੁਪਤ ਵਾਰਤਾਲਾਪ ਸੁਣਨਾ 1259
ਗੁਪਤਾ 1260
ਗੁਫਾ ਵਾਲਾ ਤਲਾਬ 1260
ਗੁੰਮਟੀ 1260
ਗੁਰਗਲਾ 1260
ਗੁਰਜਕਾਰ 1260
ਗੁਰ ਦੱਛਣਾ 1260
ਗੁਰ ਦੀਖਿਆ 1260
ਗੁਰ ਪੂਰਣਮਾ 1260
ਗੁਰਬੰਸ 1261
ਗੁਰ-ਮੰਤਰ 1261
ਗੁਰਾਹਾ (ਕਸਬਾ) 1261
ਗੁਰਾਹਾ (ਕਬੀਲਾ) 1261
ਗੁਰੂ ਦੀ ਸਹੁੰ 1262
ਗੁਰੂ ਪੀਰ ਦਾ ਖੋਟ 1262
ਗੁਲਕਾਰੀ 1262
ਗੁਲਗੁਨਾ 1262
ਗੁਲ ਫੱਕਾ 1262
ਗੁਲੂਰਾ 1262
ਗੁੱਲੀ ਡੰਡਾ 1262
ਗੁੱਲੂ ਸ਼ਾਹ ਦਾ ਮੇਲਾ 1262
ਗੁਲੇਰ 1262
ਗੁਲੇਲ 1263
ਗੁਲੇਲੀ 1263
ਗੁੜ 1263
ਗੁੜ ਪੂਣੀ 1263
ਗੁੜਾਈ 1264
ਗੂੰਹ-ਗੜੁੱਥੀ 1264
ਗੂੰਹ-ਤੜਿਕੀ 1264
ਗੂੰਗੀ ਕੌਡੀ 1264
ਗੂਠੜਾ 1264
ਗੂਢਾਰਥ ਕਥਾ 1264
ਗੂਲ 1264
ਗੇਂਡੀ 1264
ਗੇਰੂ 1265
ਗੇਂਡਾ 1265
ਗੋਇੰਦਰ 1265
ਗੋਹ 1265
ਗੋਹਾ 1265
ਗੋਹਾ ਗਾਲ੍ਹੀ ਖੇਡਣਾ 1265
ਗੋਕਲ 1265
ਗੋਖਰੂ, ਗੋਖੜੂ 1265
ਗੋਗਾ 1266
ਗੋਗੀ 1266
ਗੋਘਨ 1266
ਗੋਜਰ 1266
ਗੋਜੀ 1266
ਗੋਟੀ 1266
ਗੋਠ ਮਾਰਨਾ 1266
ਗੋਡਾ 1266
ਗੋਡਾ ਭੀਮ ਸੈਨ 1266
ਗੋਤ ਕੁਨਾਲਾ 1267
ਗੋਤਰ 1267
ਗੋਤਰਾਚਾਰ 1267
ਗੋਦ ਹਰੀ ਕਰਨਾ 1268
ਗੋਦ ਭਰਨੀ 1268
ਗੋਦ ਲੈਣਾ 1268
ਗੋਦਾਵਰੀ 1268
ਗੋਧੂਲੀ 1268
ਗੋਨਾ 1268
ਗੋਪ ਅਸ਼ਟਮੀ 1269
ਗੋਪੀਆਂ 1269

ਗੋਪੀ ਚੰਦ 1269
ਗੋਪੀ ਚੰਦਨ 1271
ਗੋਬਰ 1271
ਗੋਬਰ ਗਣੇਸ਼ 1271
ਗੋਰਖ ਹਟੜੀ 1271
ਗੋਰਜਾਂ 1271
ਗੋਰਵਾ 1272
ਗੋਰਾ 1272
ਗੋਰਾ ਬਾਦਲ 1272
ਗੋਲਕ ਰੱਖਣਾ 1273
ਗੋਲਾ 1273
ਗੋਲਾ ਰੱਖਣਾ 1273
ਗੋਲੀ 1273
ਗੋਵਰਧਨ 1273
ਗੋਵਰਧਨ ਪੂਜਾ 1273
ਗੌਣ 1274
ਗੌਣੀਮਾਰ 1274
ਗੌਤਮ 1274
ਗੌਤਮੀ 1274
ਗੌਤਮੀ ਜ਼ਿਲਾ 1274
ਗੌੜ 1274

## ਘ

ਘਊ 1275
ਘਈ 1275
ਘਸ 1275
ਘੱਕਾ ਕੋਟਲੀ 1275
ਘਗਰਾ 1275
ਘਗਰੀ ਦਾ ਸਾਕ 1275
ਘੰਗੋਟਾ 1275
ਘੱਘਰ 1275
ਘਟੋਤਕੱਚ 1276
ਘੰਡਾ-ਹੇੜਾ 1276
ਘੰਦੋਲਾ 1276
ਘਨ 1276
ਘਰ 1276
ਘਰ-ਜੁਆਈ 1276
ਘਰਵਾਲ 1276
ਘਰੜ 1277
ਘਰੋਂਧੀ, ਘਰੂੰਡੀ 1277
ਘਰੋਂਧਾ 1277
ਘੜਮਸ ਘੋੜੀ 1277
ਘੜਾ 1277
ਘੜਾ ਘੜੋਲੀ 1278
ਘੜਾ ਫੋੜਨਾ 1278
ਘੜਿਆਲ 1278
ਘੜੋਲੀ ਭਰਨੀ 1278
ਘਾਹ 1279
ਘਾਟ 1279
ਘਾਟੀ ਚੰਦਰਮਾ 1279
ਘਾਟੇ ਦੇ ਦਿਨ 1280
ਘਿਉ 1280
ਘਿਉਰ 1280
ਘਿਰਥ 1280
ਘੁਆਂਗੜੇ 1280
ਘੁੰਗਟ ਬਾਗ਼ 1280
ਘੁੰਗਣੀਆਂ 1281
ਘੁੰਗਰਾਲ 1281
ਘੁੰਗਰੂ 1281
ਘੁੰਗਰੂ ਬੋਲਣਾ 1281
ਘੁੱਗੀ 1281
ਘੁੱਗੂ 1281
ਘੁੱਗੂ ਘਾਂਗੜੇ 1282
ਘੁੱਗੂ ਘੋੜੇ 1282
ਘੁੰਡ 1282
ਘੁੰਡ ਉਤਾਰਨਾ 1282
ਘੁੰਡ ਚੁਕਾਈ 1282
ਘੁੰਮਣ 1283
ਘੁੰਮਣ ਵਾਟੀ 1283
ਘੁੰਮਰ 1284
ਘੁੰਮਾਈਆਂ 1284
ਘੁਮਾਟਣੀਆਂ 1284
ਘੁੰਮਿਆਰ 1284
ਘੁਰਾੜੇ 1284
ਘੁੜਨਾਲ 1284
ਘੁੜਾਮ 1285
ਘੂੰ ਘੂੰ ਚਰਖੜਿਆ 1285
ਘੂੰਆਂ 1285
ਘੂਕ ਵੇ ਚਰਖੇ ਘੂਕ 1285
ਘੂਰੇਈ 1286
ਘੂਲ 1286
ਘੇਸੂ 1286
ਘੇਬ 1286
ਘੇਬੇ 1287
ਘੇਰ ਘੁਮੰਡ 1287
ਘੇਰਨੀ 1287
ਘੋਗਾ 1287
ਘੋਲ ਪਿਲਾਉਣਾ 1287
ਘੋੜ ਸੂਲ 1287
ਘੋੜਾ 1287
ਘੋੜਾ ਘੁੰਮਣਾ 1289
ਘੋੜਾ ਫੇਰਨਾ 1289
ਘੋੜੀ ਹੇਠੋਂ ਲੰਘਣਾ 1290
ਘੋੜੀ ਚੜ੍ਹਨਾ 1290
ਘੋੜੀ ਟੱਪਾ 1290
ਘੋੜੀ ਦੀ ਸਵਾਰੀ 1290
ਘੋੜੀ ਦੀਆਂ ਰੀਤਾਂ 1291
ਘੋੜੀ ਦੇ ਗੀਤ 1291
ਘੋੜੇਵਾਹ 1292

# ਜਿਲਦ 6

## ਚ

ਚਸ਼ਮਾ 1293
ਚਸ਼ਮਾ ਬਾਬਾ ਸ੍ਰੀ ਚੰਦ 1293
ਚਹੁੰ-ਘੜੀਆ ਮਹੂਰਤ 1293
ਚਹੁੰ-ਧਾਮੀ 1294
ਚੱਕ 1294
ਚੱਕ ਪੂਜਣਾ 1294
ਚਕਮਕ 1295
ਚੱਕਰ 1295
ਚੱਕਰਚੂੰਡਾ 1295
ਚੱਕਰ-ਤੀਰਥ 1295
ਚੱਕਰਧਾਰੀ 1295
ਚਕਰਵਰਤੀ 1296
ਚਕਰਾਂਕਿਤ 1296
ਚਕਰੀ 1296

ਚੱਕਲੱਠੀ 1296
ਚੱਕਲੀ 1296
ਚਕਵਾ 1296
ਚੱਕੀ ਚੂੰਗ 1296
ਚੱਕੀ ਰਾਹਾ 1297
ਚਕੇਰੀ 1297
ਚਕੋਰ 1297
ਚੱਚਾਲੀ 1298
ਚਚੂੰਧਰ (ਛਛੂੰਦਰ) 1298
ਚੱਟੂ-ਮੋਹਲਾ ਦੀ ਕਥਾ 1298
ਚੱਠ 1298
ਚੱਠਾ 1298
ਚੰਡ 1299
ਚੰਡਕਾ 1299
ਚੰਡਾਲ 1299
ਚੰਡੀ ਦੇਵੀ 1299
ਚੰਡੀ ਪਾਠ 1299
ਚੰਡੋਲ 1299
ਚੰਡੋਲਾ 1300
ਚੱਢਾ 1300
ਚਤੁਰਥੀ 1300
ਚੰਦ ਕੌਡਾਂ 1300
ਚੰਦਨ 1300
ਚੰਦਨ ਸ਼ਹਿਜ਼ਾਦੀ 1300
ਚੰਦਨਹਾਰ 1301
ਚੰਦਨਹਾਰੀ 1301
ਚੰਦਰਹਾਸ 1301
ਚੰਦਰ ਕਲਾ 1301
ਚੰਦ੍ਰਕਾ 1302
ਚੰਦ੍ਰਕਾਂਤ 1302
ਚੰਦਰ ਗ੍ਰਹਿਣ 1302
ਚੰਦਰਧਰ 1302
ਚੰਦਰ ਬ੍ਰਤ (ਵਰਤ) 1302
ਚੰਦਰ ਬਦਨ 1302
ਚੰਦਰ ਬਦਰ 1303
ਚੰਦਰ ਭਾਗਾ 1303
ਚੰਦਰਭਾਨ 1303
ਚੰਦਰਮਾ 1303
ਚੰਦਰਮੁਖੀ 1304
ਚੰਦਰਲੇਖਾ 1305
ਚੰਦਰ ਲੋਕ 1305
ਚੰਦਰ ਵੰਸ਼ 1305
ਚੰਦਰ ਵਰਸ਼ 1305
ਚੰਦਰਾਇਣ ਵਰਤ 1306
ਚੰਦ੍ਰਾਵਲ 1306
ਚੰਦਾਨੀ 1307
ਚੰਦੀ 1307
ਚੰਦੇਲ 1307
ਚੰਦੋਆ 1307
ਚੰਦੋਰੀ 1307
ਚੰਨ (ਕਾਵਿ ਰੂਪ) 1307
ਚੰਨ (ਚੰਦ੍ਰਮਾ) 1308
ਚੰਨ-ਪੂਜਾ 1309
ਚੰਨ-ਮਿੱਥ 1310
ਚਨਾਰ ਪੀਰ 1312
ਚਨਿਓਟ 1312
ਚੰਨਿਆਂ 1313
ਚੱਪਣੀ 1313
ਚੰਪਾਕਲੀ 1313
ਚੰਬਾ 1313
ਚੰਬਾਵਤੀ 1313
ਚਮਗਿੱਦੜ 1314
ਚਰਖ-ਪੂਜਾ 1314
ਚਰਖਾ 1314
ਚਰਖੇ ਮਰੋੜੀ 1315
ਚਰਣਾਮ੍ਰਿਤ 1315
ਚਰਨ ਚੌਂਕ 1315
ਚਰਨ ਧੂੜ 1315
ਚਰਨ-ਪਾਹੁਲ 1317
ਚਰਿਤ੍ਰ, ਚਲਿਤ੍ਰ 1317
ਚਲ੍ਹੀਹਾ 1318
ਚਲ੍ਹੀਹਾ ਦੇਣਾ 1319
ਚਵਰ (ਚੌਰ) 1319
ਚਾਹਲੀਆ 1319
ਚਾਹਿਲ 1320
ਚਾਕ 1320
ਚਾਕੂ 1320
ਚਾਚਰ 1321
ਚਾਤ੍ਰਿਕ 1321
ਚਾਦਰ ਅੰਦਾਜ਼ੀ 1321
ਚਾਦਰ ਚਾੜ੍ਹਨਾ 1321
ਚਾਨਣ ਪੱਖ 1321
ਚਾਬ 1322
ਚਾਰ 1322
ਚਾਰ (ਸੰਖਿਆ) 1322
ਚਾਰ ਜ਼ਾਤੀ 1323
ਚਾਰ ਯਾਰ 1323
ਚਾਲੀ ਅਬਦਾਲ 1323
ਚਾਵਲ 1323
ਚਿੱਕੜ ਬਰਾਦਰੀ 1324
ਚਿਕਾੜਾ 1324
ਚਿੱਚਰਾ 1324
ਚਿੱਟਾ ਬਾਜ਼ 1324
ਚਿੱਠੀਆਂ ਘਤਾਵਣ 1324
ਚਿੰਤਪੂਰਨੀ 1325
ਚਿਤਰਨੀ 1325
ਚਿੱਪੀ 1325
ਚਿੱਬਰੀ 1325
ਚਿਮਟਾ 1325
ਚਿਰਚਿਟਾ 1325
ਚਿਰਾਗੀ 1325
ਚਿਲਾ 1325
ਚਿੜਵੇ 1326
ਚਿੜੀ 1326
ਚਿੜੀ ਚੜੂੰਗਾ 1326
ਚਿੜੀ ਪੌਂਚਾ 1327
ਚੀਕਾ 1327
ਚੀਕੂ 1327
ਚੀਚ ਛੱਲਾ 1327
ਚੀਚ ਵਹੁਟੀ 1327
ਚੀਚੋ ਚੀਚ ਘੰਦੋਲੀਆਂ 1327
ਚੀਂਜੋ ਤਰਪ 1328
ਚੀਣਾ 1328
ਚੀਮਾ 1328
ਚੀਰ, ਚੀਰਾ 1328
ਚੀਰ ਸੰਸਕਾਰ 1329
ਚੀਰ ਪੜ 1329
ਚੀਰੀ 1329
ਚੀਲਕ 1329
ਚੁੱਕ 1330

ਚੁੱਗ 1330
ਚੁੱਗਲ 1330
ਚੁੰਗਾ 1330
ਚੁਟਕਲਾ 1330
ਚੁਟਕੀ ਮਾਰਨਾ 1330
ਚੁਟਾਹਲਾ 1330
ਚੁੰਨੀ 1330
ਚੁੰਨੀ ਚਾੜ੍ਹਨਾ 1330
ਚੁਪੀਤੀ 1331
ਚੁੱਲ੍ਹ 1331
ਚੁੱਲ੍ਹਾ 1331
ਚੁੱਲੀ 1332
ਚੁੱਲੀ ਦੇਣਾ 1332
ਚੁੱਲੀਆਂ ਲੈਣੀਆਂ 1332
ਚੁਵਰ੍ਹੀ 1332
ਚੁੜੇਲ 1332
ਚੂਹਾ 1334
ਚੂਚਕ 1334
ਚੂੜਕਰਣ ਸੰਸਕਾਰ 1334
ਚੂੰਡਾ 1335
ਚੂੰਡਾ ਵੰਡ 1335
ਚੂਰਮਾ 1335
ਚੂਰਾ 1335
ਚੂਰੀ 1335
ਚੂਰੀ ਦੇਣੀ 1336
ਚੂੜਾ 1336
ਚੂੜੀਆਂ 1336
ਚੂੜੇ ਦੇ ਗੀਤ 1336
ਚੇਤਰ 1336
ਚੇਲ 1336
ਚੇਲਕੀ 1337
ਚੇਲੜੀ 1337
ਚੇਲਾ 1337
ਚੋਆ 1337
ਚੋਟ 1338
ਚੋਪ 1338
ਚੋਪੜਾ 1338
ਚੋਭਾ ਝਾੜਨਾ 1338
ਚੋਰ ਛਾਲ 1338
ਚੋਰ ਦੀ ਦਾਹੜੀ ਵਿਚ ਤਿਨਕਾ 1338
ਚੋਰ ਭੁਲਾਈ 1338
ਚੋਲ 1339
ਚੋਲਾ ਸਾਹਿਬ 1339
ਚੋਲਾ ਪਹਿਨਾਣਾ 1340
ਚੋਲੀ ਪੰਥ 1340
ਚੌਸਨ 1340
ਚੌਸਰ 1341
ਚੌਕ 1341
ਚੌਕ ਉਲੰਘਣਾ 1341
ਚੌਕਡ 1341
ਚੌਕ ਪੂਰਨਾ 1341
ਚੌਕ ਫੂੱਲ 1341
ਚੌਕ ਵਧਾਣਾ 1341
ਚੌਕੜ 1341
ਚੌਕਾ 1342
ਚੌਕਾ ਨਵਾਂ ਕਰਨਾ 1342
ਚੌਕੀ 1342
ਚੌਕੀ ਚੜ੍ਹਨਾ 1342
ਚੌਕੇ ਚੜ੍ਹਨਾ 1343
ਚੌਕੇ ਪਾਉਣਾ 1343
ਚੌਖੰਡੂ 1343
ਚੌਤਾਰਾ 1343
ਚੌਥਾ 1343
ਚੌਥਾ ਵਰ੍ਹਾ (ਸੁੱਖ ਦਾ ਵਰ੍ਹਾ) 1343
ਚੌਦਸ 1343
ਚੌਧਰਾਣੀ 1343
ਚੌਧਰੀ 1344
ਚੌਧਵੀਂ ਦਾ ਚੰਨ 1344
ਚੌਪੜ 1344
ਚੌਮਾਸਾ 1345
ਚੌਮਾਸੀ (ਚੱਤਰਮਾਸੀ) ਵਰਤ 1345
ਚੌਮੁਖੀਆ ਦੇਵੀ 1345
ਚੌਮੁੰਡਾ ਦੇਵੀ 1346
ਚੌਰਾਸੀ 1346
ਚੌਰਾਸੀ ਅੰਕ 1346

## ਛ

ਛਈ 1347
ਛੱਕ 1347
ਛੱਕਵਾਰੀ 1347
ਛੱਕਾ 1347
ਛੱਛ 1348
ਛੱਜ 1348
ਛੱਜਕਰਣ 1348
ਛੱਜ ਕੁਟਣਾ 1348
ਛੱਜਲੀ 1349
ਛੱਜੂ ਭਗਤ 1349
ਛੱਟਤਿਲਾ ਇਕਾਦਸ਼ੀ 1349
ਛੱਟਾ ਮਾਰਨਾ 1350
ਛੱਟੀ 1350
ਛੱਟੀਆਂ ਖੇਡਣਾ 1351
ਛੱਟੀਆਂ ਝੇਲਣਾ 1351
ਛੱਟੀ ਦੇਵੀ 1351
ਛਣਕੰਗਣ 1351
ਛਣਛਣ 1351
ਛੱਤ-ਮਕਾਨ ਪਿੰਡ 1351
ਛੱਤਰ 1351
ਛੱਤਰੀ 1352
ਛੱਤੀ 1352
ਛੱਤੀ ਜੁੱਗ 1352
ਛੱਤੀ ਟੱਕੇ 1352
ਛੱਤੀ ਪਖੰਡ 1352
ਛੱਤੀ ਭੋਜਨ 1353
ਛੱਤੇ 1353
ਛੰਦ 1353
ਛੰਨਾ ਖੇਡਣਾ 1353
ਛਨਿਛਰ 1354
ਛਨਿਛਰਵਾਰ 1354
ਛੰਨੀਆਂ 1354
ਛਪਣ ਛੋਤ 1355
ਛੱਪੜ 1355
ਛੱਬਾ 1355
ਛੱਬੀ ਦੀ ਚੁੰਨੀ 1355
ਛਬੀਲ 1355
ਛਬੇਲ ਦਾਸ 1355
ਛਬੇਲ ਪੰਥ 1355
ਛੰਭ 1355
ਛਮਕ 1356
ਛਮਕਣ ਮੌਲੀ 1356
ਛਮਕਾਂ ਖੇਡਣੀਆਂ 1356

ਛੱਮਛਰੀ 1356
ਛੱਮਾਸ 1356
ਛਮਾਹਾ ਬੱਚਾ 1356
ਛਮਾਹੀ 1356
ਛੱਲਾ 1356
ਛੱਲਾ ਬਵਾਸੀਰ 1357
ਛਲਾਵਾ 1357
ਛੱਲੀ 1357
ਛਲੇਡਾ 1357
ਛਲੱਟੀ ਉਤਾਰਨਾ 1358
ਛੜੱਪਾ 1358
ਛੜਾ 1358
ਛੜੀ 1358
ਛਾਉਂ ਛੁਡਾਵਣੀ 1358
ਛਾਇਆ 1359
ਛਾਇਆ ਉਤਾਰਨੀ 1359
ਛਾਇਆ ਸ਼ਾਸਤ੍ਰੀ 1360
ਛਾਇਆ ਦਾਨ 1360
ਛਾਇਆ ਪਾਤਰ 1360
ਛਾਇਆ ਪੁਰਸ਼ 1360
ਛਾਈ 1360
ਛਾਹ ਵੇਲਾ 1361
ਛਾਂਗਾ 1361
ਛਾਛ-ਕਾਮਨੀ 1361
ਛਾਣਨੀ ਉਤਾਰਨਾ 1361
ਛਾਣਨੀ ਭਰਨਾ 1361
ਛਾਤੀਆਂ 1361
ਛਾਤੀ 'ਤੇ ਬੋਝ 1361
ਛਾਪ 1362
ਛਾਪੇ 1362
ਛਿਹਰਟਾ 1362
ਛਿੱਕ 1362
ਛਿੰਗ (ਛਿੰਘ) ਤਵੀਤ 1362
ਛਿੱਛਲੀ ਤਾਰਨੀ 1362
ਛਿੰਜ 1362
ਛਿੱਤਰਾਂ ਦੀ ਮਾਲਾ 1363
ਛਿੱਬੀਆਂ ਦੇਣਾ 1363
ਛਿੱਲਾ (ਸ਼ਿਲਾ) 1363
ਛੁਹਣ-ਛੁਹਾਈ 1363
ਛੁਹਾਣੀ 1363
ਛੁਹਾਰਾ 1363
ਛੁੱਟੜ 1363
ਛੁਰੀ 1364
ਛੁਰੀਮਾਰ 1364
ਛੂ 1364
ਛੂਈ ਮੂਈ 1364
ਛੂਛੱਕ 1364
ਛੂਣੀ 1364
ਛੂਣੀ ਭੰਨਣੀ 1365
ਛੇਜ 1365
ਛੇ-ਜ਼ਾਤੀ 1365
ਛੇ-ਮੁਖਾ 1365
ਛੈਣੇ 1365
ਛੋਟੀ ਗਊ 1365
ਛੋਟੀ ਦਿਵਾਲੀ 1366
ਛੋਤ 1366
ਛੋਪੇ 1366
ਛੋਲੀ 1366

## ਜ

ਜਈ 1367
ਜੱਸ 1367
ਜੱਜੀ 1367
ਜਹੰਨਮ 1367
ਜਹਾਦ 1367
ਜਹਾਨੀਆਂ ਪੀਰ 1367
ਜ਼ਹਿਰ 1368
ਜ਼ਹਿਰ ਮੁਹਰਾ 1368
ਜ਼ਕਰੀਆ 1368
ਜ਼ਕੜੀਆਂ ਖੇਡਣਾ 1368
ਜ਼ਕਾਤ 1368
ਜੱਖ 1369
ਜੱਖ ਪੂਜਾ 1369
ਜੱਗ 1371
ਜਗਦੰਬਾ 1371
ਜਗਨ ਨਾਥ 1371
ਜੰਗਮ 1372
ਜਗਰਾਉਂ 1373
ਜਗਰਾਤਾ 1373
ਜੱਗਾ 1373
ਜਗਾਧਰੀ 1374
ਜੱਗੀ 1374
ਜਗੌਟਾ 1374
ਜਜਮਾਨ 1374
ਜਜਮਾਨੀ 1374
ਜਜ਼ੀਆ 1375
ਜੰਞ 1376
ਜੰਞ ਕੋਲ੍ਹਣੀ 1376
ਜੰਞ ਬੰਨ੍ਹਣੀ 1376
ਜਟਕੀ 1376
ਜਟਾਸੁਰ 1377
ਜਟਾਧਾਰੀ 1377
ਜਟਾਯੂ 1377
ਜਠੇਰੇ 1377
ਜੰਡ 1378
ਜੰਡ ਸਾਹਿਬ 1378
ਜੰਡ-ਖੜੰਗ 1379
ਜੰਤਰ 1379
ਜੰਤਰੀ 1380
ਜੰਦਰਾ 1380
ਜੰਧਰੀ 1380
ਜਨ 1380
ਜਨਕ 1380
ਜਨਮ ਅਸ਼ਟਮੀ 1381
ਜਨਮ ਕੁੰਡਲੀ 1381
ਜਨਮ ਪੱਤਰੀ 1381
ਜਨਮੇਜਾ 1381
ਜਨੇਰ 1382
ਜੱਫਲ ਕੌਡੀ 1382
ਜਬਰਾਈਲ 1382
ਜਬੂਰ 1382
ਜਮ 1382
ਜ਼ਮ ਜ਼ਮ 1383
ਜਮਦੀਪਕ 1383
ਜਮਦੂਜ 1383
ਜਮਦੂਤ 1383
ਜਮਪੁਰੀ 1383
ਜ਼ਮੀਨ 1384
ਜ਼ਮੀਨ 'ਤੇ ਸੌਣਾ 1384
ਜਮੂਰਾ 1384

ਜਲ-ਸਮਾਧ 1384
ਜਲ ਚੜ੍ਹਾਉਣਾ 1384
ਜਲ ਜੋਗਨੀ 1385
ਜਲ-ਦਾਨ (ਜਲੋਤਸਰਗ) 1385
ਜਲਦਾਨੀ 1385
ਜਲੰਧਰ ਦੈਂਤ 1385
ਜਲ ਪਰੀ 1386
ਜਲ ਪ੍ਰਵਾਹ 1386
ਜਲ ਪ੍ਰੀਖਿਆ 1386
ਜਲ ਪੂਜਾ 1387
ਜਲ ਭਰਨਾ 1389
ਜਲ ਮੂੰਹ ਲਗਾਣਾ 1389
ਜਲ ਲਾਵਾਂ 1390
ਜਲਵਾ ਪੂਜਨ 1390
ਜਲਾਲੀ 1390
ਜਲਾਲੀ ਸੰਪਰਦਾਇ 1391
ਜਲੂਸ 1391
ਜਵਾ 1392
ਜਵਾਈ 1392
ਜਵਾਸਾਂ 1392
ਜਵਾਬਨਾਮਾ 1392
ਜਵਾਰਾ 1392
ਜਵਾਲਾ ਦੇਵੀ 1392
ਜਵਾਲਾਮੁਖੀ 1392
ਜੜ੍ਹ ਸਾੜਾ 1393
ਜੜ੍ਹ ਪੂਜਾ 1393
ਜੜ੍ਹੀ ਮਸਾਣ 1396
ਜ਼ਾਹਿਰ ਪੀਰ 1396
ਜ਼ਾਹਿਰ ਪੀਰ ਦਾ ਝੰਡਾ 1396
ਜਾਗ 1397
ਜਾਗੋ 1397
ਜਾਤ ਕਰਮ ਸੰਸਕਾਰ 1397
ਜਾਤਰਾ ਬੀਜ 1398
ਜਾਦੂ-ਟੂਣਾ 1399
ਜਾਦੂ ਦੀਆਂ ਵਸਤੂਆਂ 1405
ਜਾਨਵਰ ਆਸ਼ਕ 1405
ਜਾਨਵਰਾਂ ਬਾਰੇ ਭਰਮ-ਵਹਿਮ 1406
ਜਾਪ ਦਾਨ 1407
ਜਾਂਬਵਤ 1407
ਜਾਮ 1408
ਜਾਮੇ ਜਮ 1408
ਜਾਲ (ਜ਼ਾਹਿਰ) ਪੀਰ 1408
ਜਿਊਣਾ ਮੌੜ 1408
ਜ਼ਿਆਰਤ 1409
ਜਿਸਤ ਟਾਂਕ 1409
ਜਿਹਲਮ 1409
ਜ਼ਿਕਰ 1410
ਜਿਗਰਥੋਰ 1410
ਜਿੰਦ ਪੀਰ 1410
ਜ਼ਿੰਦਾ ਸ਼ਾਹ ਮਦਾਰ 1410
ਜ਼ਿੰਦਾ ਕਲਿਆਨ 1410
ਜਿੰਦੂਆ 1411
ਜਿੰਨ 1411
ਜੀ 1412
ਜੀਉ 1413
ਜੀਉੜਾ 1413
ਜੀਊਣ ਬੂਟੀ 1413
ਜੀਣ-ਪਟਾ 1413
ਜੀਵਾਤਮਾ 1413
ਜੁਗ 1414
ਜੁਗਨੀ 1414
ਜੁੱਬਾ ਸ਼ਰੀਫ਼ 1414
ਜੁਮਾ 1414
ਜੁਮੇਰਾਤ 1415
ਜੂਨਾ ਟਿੱਕਾ 1415
ਜੂਨ ਪਰਖਣਾ 1415
ਜੇਘੜ 1415
ਜੇਠ 1415
ਜੇਠਾ 1416
ਜੇਯਾ ਇਕਾਦਸ਼ੀ 1416
ਜੈਕਾਰਾ 1416
ਜੈਜੋ 1416
ਜੈ ਦੇਵਾ 1416
ਜੈ ਮਾਲਾ 1416
ਜੋਹਰੀ 1416
ਜੋਗਣੀਆਂ, ਕਲਜੋਗਣੀਆਂ 1417
ਜੋਗਨਿੰਦਰਾ 1417
ਜੋਗਮਾਯਾ 1417
ਜੋਗਾ ਪੀਰ 1418
ਜੋਗਾ ਰਲਾ 1418
ਜੋਤ ਸਰੂਪ 1418
ਜੋਤਸ਼ੀ 1418
ਜੋਤ ਜਗਾਉਣਾ 1419
ਜੋਤਰਲਿੰਗ 1420
ਜੋਤਿਸ਼ ਵਿਦਿਆ 1420
ਜੋਤੀ 1422
ਜੋਤੀਸਰ 1422
ਜੋਤੀ ਸਰੂਪ 1422
ਜੋਧੜ 1422
ਜੋਧਾ ਵੀਰਾ ਪੂਰਬਾਣੀ 1422
ਜੋੜਾ 1423
ਜੋੜੇ ਝਾੜਨਾ 1423
ਜੋੜੇ ਭਾਈ 1423
ਜੋਂ 1423
ਜੌਹਰ 1424


## ਝ


ਝਉਲਾ ਵੇਖਣਾ 1425
ਝੱਖੜ 1425
ਝੰਗ 1425
ਝੱਗਾਰਾ 1425
ਝੰਗੜ 1426
ਝੱਗਾ ਪਹਿਨਣਾ 1426
ਝਗੜਾ 1426
ਝੱਜਾ 1426
ਝੰਜੋਟੀ 1426
ਝੱਝਰੋ 1426
ਝਟਕਾ 1427
ਝੰਡ 1427
ਝੰਡ ਫੂਕ 1427
ਝੰਡੀਆਂ 1427
ਝਨਾਂ 1428
ਝਬੇਲ 1428
ਝਲਾਈ 1428
ਝੜੀ 1428
ਝਾਂਜਰ 1428
ਝਾਟਾ 1428
ਝਾ ਬਿੱਲੀਆਂ 1428
ਝਾੜ-ਫੂਕ 1429
ਝਾੜਾ 1429
ਝਾੜੂ 1429

ਝਿੱਲੜੀਆਂ 1430
ਝਿੱਲੀ 1430
ਝਿੜੀ ਦਾ ਮੇਲਾ 1430
ਝੀਉਰ 1430
ਝੀਂਡ-ਫੂਕ 1431
ਝੁੰਗਾ 1431
ਝੁਝੂਆ 1431
ਝੁੰਡਾ ਮਾਰਨਾ 1431
ਝੁਮਕਾ 1431
ਝੁੰਮਰ 1432
ਝੁਲਕਾ 1432
ਝੁੱਲਣਾ 1432
ਝੋਟੰਡਾ 1432
ਝੋਕ 1432
ਝੋਲ ਸੁਟਣੀ 1433
ਝੋਲੀ 1433
ਝੋਲੀ ਪਾਉਣਾ 1433

## ਟ

ਟਊਆ 1434
ਟਹਿਣੀ ਫੇਰਨਾ 1434
ਟਕ ਦੇਸ਼ 1434
ਟੱਕ ਲਾਉਣਾ 1434
ਟੱਕਾ 1434
ਟਟਹਿਣਾ 1435
ਟਟੀਹਰੀ 1435
ਟੰਡਨ 1435
ਟੱਪਾ 1436
ਟੱਬਰ 1436
ਟੱਮਕ 1436
ਟਮਕੀਰਾ 1436
ਟਰੂ 1436
ਟੱਲੀ 1436
ਟਾਹਣਾਂ 1437
ਟ ਹਰ 1437
ਟਾਹਲੀ 1437
ਟਾਹਲੀ ਸਾਹਿਬ 1437
ਟਾਂਕ ਛਤਰੀ 1437
ਟਾਂਕ ਜਿਸਤ 1437
ਟਾਕੀ 1438
ਟਾਡ 1438
ਟਾਂਡਾ 1438
ਟਾਂਡਾ ਉਰਮੁੜ 1438
ਟਾਪੂ 1438
ਟਿਕਟਿਕੀ 1438
ਟਿਕੜੀ 1439
ਟਿੱਕਾ 1439
ਟਿੱਕਾ ਸਾਹਿਬ 1439
ਟਿੱਕਾ ਭਈਆ ਦੂਜ 1439
ਟਿੱਕੀ ਛੱਕਾ 1439
ਟਿੱਕੇ ਦੀ ਰਸਮ 1440
ਟਿੰਡਾਂ 1440
ਟਿਪਰੀ ਨਾਚ 1440
ਟਿੱਬੀ ਸਾਹਿਬ 1440
ਟਿਲਵਾ ਟਿਲਵੀ 1441
ਟਿੱਲਾ 1440
ਟਿੱਲਾ ਬਾਲ ਗੁੰਦਾਈ 1441
ਟੀਚਾ 1442
ਟੀਟਣਾ 1442
ਟੁੱਕਰ ਫੇਰਨਾ 1442
ਟੁੱਟਦੇ ਤਾਰੇ 1442
ਟੂੰਡਾ ਅਸਰਾਜ 1442
ਟੂਣਾ-ਟੱਪਾ 1442
ਟੇਕ 1442
ਟੇਕਲਾ 1443
ਟੇਟਕਾ 1443
ਟੇਵਾ 1443
ਟੋਕਰੀ ਕਾ ਨੇਗ 1443
ਟੋਟਕਾ 1443
ਟੋਟਮ (ਗੋਤਰ ਚਿੰਨ੍ਹ) ਦੀ ਪੂਜਾ 1444
ਟੋਭਾ 1447
ਟੋਰਨ (ਤੋਤਾ) ਚਟਕਾਰਨਾ 1447
ਟੋਰਨਾ 1448
ਟੋਰ 1448

## ਠ

ਠੱਗ 1449
ਠੱਗ-ਦੇਉ 1449
ਠੱਗ-ਨੀਰ 1450
ਠੱਗ-ਬੂਟੀ 1450
ਠੱਟਾ, ਠੱਠੀ 1450
ਠੱਠੇ 1450
ਠੰਢਾ ਪੋਖਾ 1450
ਠੰਢਾ ਮਹੀਨਾ 1450
ਠੰਢੀ ਕੜਾਹੀ 1450
ਠੰਢੀ ਦੇਗੀ 1450
ਠੱਪਾ 1450
ਠਾਕਣਾ 1451
ਠਾਕਣੀ 1451
ਠਾਕਰ 1451
ਠਾਕਾ 1451
ਠਾਣੇਪਤੀ 1452
ਠੀਕਰਾ ਭੰਨਣਾ 1452
ਠੀਕਰੀਆਂ ਖੇਡਣੀਆਂ 1452
ਠੀਕਰੀ ਦੀ ਰੀਤ 1452
ਠੀਕਰੀ ਪਹਿਰਾ 1452

## ਡ

ਡਉਂ 1453
ਡਸਕਾ 1453
ਡਹਨ ਵਿਛਾਣਾ 1453
ਡਹਰ 1453
ਡਹਾ 1453
ਡਹੀਂਡੀ ਚੜ੍ਹਾਉਣਾ 1454
ਡੱਕ 1454
ਡੱਕਾ ਸਿਟਣਾ 1454
ਡੱਕਾ ਤੋੜਨਾ 1454
ਡਖਣਾ 1454
ਡੰਗੇ ਦਾ ਮੰਤਰ 1454
ਡੰਗੋਤਰੇ 1454
ਡਠਲੀ 1455
ਡੰਡ 1455
ਡੰਡਕੜੇ ਖੇਡਣਾ 1455
ਡੱਡ ਟਪੌਸੀ 1455
ਡੰਡ ਤਾਲ 1455
ਡੰਡਾ ਡੁਕ 1456
ਡੰਡਾ ਡੁਕਣਾ 1456
ਡੰਡਾ ਡੋਲੀ 1456
ਡੰਡਾ ਪਕੜਨਾ 1456
ਡੰਡਾ ਪੜਾਗੜਾ 1456
ਡੰਡੀ 1456

ਡੰਡੀ ਚੋਰਣ 1456
ਡੱਡੂ ਭੰਨਣਾ 1457
ਡੰਡੌਤ 1457
ਡਢਵਾਲ 1457
ਡਢੇੜ੍ਹਾ 1457
ਡਫ 1457
ਡਫਲ ਕੌਡਾ 1457
ਡਬੀਆਂ ਮਾਰਨਾ 1457
ਡਮਠਾਲ ਦਾ ਆਸ਼ਰਮ 1457
ਡਰਨਾ 1458
ਡਾਉਂ 1458
ਡਾਕਣੀ 1458
ਡਾਕ ਬੰਗਲਾ 1458
ਡਾਲਣਾ 1458
ਡਾਲ ਮੰਗਣਾ 1458
ਡਾਲੀ 1458
ਡਿਕ ਡਿਕ ਡੋ ਡੋ 1458
ਡਿਚ ਵੱਟਾ 1458
ਡੀਹਰ 1459
ਡੀਲਾ 1459
ਡੁਗਰ ਪੂਜਾ 1459
ਡੂਬਣਾ 1459
ਡੂਮ 1459
ਡੂੰਮਾਂ ਦਾ ਕਾਂ 1459
ਡੇਹਰਾ ਬਾਬਾ ਨਾਨਕ 1459
ਡੇਕ 1460
ਡੇਢ ਲਾਲ 1460
ਡੇਲਾ ਚੁਣਨਾ 1460
ਡੇਣ 1461
ਡੋਡਾ 1461
ਡੋਰਾ 1461
ਡੋਰੀਆ 1461
ਡੋਰੂ 1461
ਡੋਲਾ ਉਡਣਾ 1462
ਡੋਲੀ 1462
ਡੋਲੀ ਦੇ ਗੀਤ 1462

## ਢ

ਢਉਆ 1463
ਢਈਆ 1463
ਢਈਆ ਕਾਤਕੀ 1463
ਢਹਾ 1463
ਢੱਗਾ 1463
ਢੰਗਾ 1463
ਢਡ 1464
ਢਮਕੀਰੀ 1464
ਢੱਲਾ 1464
ਢਾਈ 1464
ਢਾਈ ਸਿਰਾ 1464
ਢਾਈ ਘਰੇ ਖੱਤ੍ਰੀ 1464
ਢਾਈ ਦਿਨ ਦੀ ਪਾਤਸ਼ਾਹੀ 1464
ਢਾਹ ਮਾਰਨਾ 1465
ਢਾਕ ਪਲਾਸ 1465
ਢਾਕੇ ਦੀ ਮਲਮਲ 1465
ਢਾਂਡਰੀ 1466
ਢਾਡੂ 1466
ਢਾਢ 1466
ਢਾਲ-ਤਲਵਾਰੀ 1466
ਢਾਵਾਂ 1466
ਢੀਂਗੜਾ 1466
ਢੁਕਾਅ 1466
ਢੁੱਚਰਾਂ 1467
ਢੂੰਡੀਆ 1467
ਢੇਡੂ 1467
ਢੇਰਨੀ 1467
ਢੇਰੀ ਲਿਪਣਾ 146
ਢੇਲਾ ਚੌਥ 1467
ਢੋਲ 1467

## ਤ

ਤਸ਼ਹੁੱਦ 1468
ਤਸਟਾਂ 1468
ਤਸਬੀਹ 1468
ਤਸਲੀਮ 1468
ਤਸਵੀਰੇ ਇਸ਼ਕ 1469
ਤਸੀਹਾ 1469
ਤਹਿਤੋੜ ਪਰਾਉਂਠਾ 1469
ਤਹਿਮਤ 1469
ਤਹੂਰ (ਸ਼ਰਾਬ) 1469
ਤਹੋੜ 1469
ਤਕਸ਼ਕ 1470
ਤਕਬੀਰ ਦਾ ਨਾਹਰਾ 1470
ਤਕੀਆ 1470
ਤਖਤ ਸੁਲੇਮਾਨੀ 1470
ਤਖਤ ਹਜ਼ਾਰਾ 1470
ਤਖਤ ਚੜ੍ਹਨਾ 1470
ਤਖਤੀ 1471
ਤਖੱਲੁਸ 1471
ਤੱਗ, ਤੱਗਾ 1471
ਤੰਗਲੀ 1471
ਤੱਜਣਾ 1471
ਤਣੀ ਬੰਨ੍ਹਣੀ 1471
ਤੰਤ੍ਰ 1471
ਤੰਤ੍ਰ-ਮੰਤ੍ਰ 1472
ਤੱਤਾ ਲੋਹਾ ਚੱਟਣਾ 1472
ਤੱਤੀ 'ਵਾ 1472
ਤਤੋਲਾ 1472
ਤੰਦ ਤੋੜਨਾ 1472
ਤੰਦ ਮਰੋੜਨਾ 1472
ਤੰਦਾਰਾ 1473
ਤੰਦੀ 1473
ਤੰਦੀਰੀ 1473
ਤੰਦੂਆ 1473
ਤੰਦੂਰ 1473
ਤਨਖਾਹ 1473
ਤਨਖਾਹਨਾਮਾ 1474
ਤਨਖਾਹੀਆ 1474
ਤਪਤ ਮੁਦਰਾ 1474
ਤਪਾਵਸ 1474
ਤਬਕ 1474
ਤਬਰੇਜ਼ 1475
ਤਬਲਾ 1475
ਤਬੁਰਕ 1475
ਤਬ੍ਰਤ 1475
ਤੰਬੂਰ 1475
ਤੰਬੋਲ 1475
ਤਮੀਮ ਅਨੁਸਾਰੀ 1475
ਤਯਮੱਮ 1476
ਤ੍ਰਗ 1476
ਤਰਜ਼ 1476
ਤਰਪਣ 1477
ਤਰਬਿਕਣਾ 1477
ਤ੍ਰਯੋਦਸ਼ੀ ਵਰਤ 477
ਤ੍ਰਰਵੇਂਧਾ 1477

ਤ੍ਰਾਟਕ 147
ਤਰਿਆ'ਠੀ ਵਿਆਹ 1476
ਤਲਾ 1477
ਤਲਾਕ 1478
ਤਲਾਕ ਦੀ ਰਸਮ 1478
ਤਲੀਆਂ ਖੇਡਣਾ 1 79
ਤਵ-ਪ੍ਰਸਾਦਿ 1479
ਤਵਾ 1479
ਤਵੀਤ 1479
ਤਵੀਤੜੀਆਂ 1480
ਤਾਊਸ 1481
ਤਾਸ਼ 1481
ਤਾਸ਼ਾ 1481
ਤਾਕ 1481
ਤਾਜ਼ੀਆ 1481
ਤਾਟੰਕ 1481
ਤਾਂਡਵ 1481
ਤਾਂਤਰੀ 1482
ਤਾਂਬੜ 1482
ਤਾਰਕ 1482
ਤਾਰਕਾ 1482
ਤਾਰਾ 1482
ਤਾਰਾ ਇਸ਼ਨਾਨ 1482
ਤਾਰਾ ਚੜ੍ਹਨਾ 1482
ਤਾਰਾ ਟੁਟਣਾ 1483
ਤਾਰਾ ਡੁਬਣਾ 1483
ਤਾਰਾ ਪੇਸ਼ਾਨੀ 1483
ਤਾਰਾ ਲੰਮਾ 1483
ਤਾਰੇ 1483
ਤਾਰੇ ਵਿਖਾਣਾ 14 4
ਤਾਵੀਜ਼ਾਤ ਕਾਦਰੀ 1484
ਤਾੜ ਗਾ 14 4
ਤਾੜੀਆਂ 1484
ਤਿਉਹਾਰ 1485
ਤਿਉਰ 1490
ਤਿਉੜ 1490
ਤਿਹਾਜੂ 1490
ਤਿਹਾੜਾ 1490
ਤਿਹੌਲਾ 1490
ਤਿੰਗੜ 1490
ਤਿਟੰਗੀ ਦੌੜ 1490
ਤਿਣਕਾ ਤੋੜਨਾ 1490
ਤਿੱਤਰ 1490
ਤਿੱਤਲੀ 1491
ਤਿੱਥ 1491
ਤਿੰਨ (ਅੰਕ) 1491
ਤਿੰਨ ਸੌ ਸੱਠ ਅੰਕ 1492
ਤਿੰਨ ਰਿਣ 1492
ਤ੍ਰਿਆ ਚਰਿੱਤਰ 1493
ਤ੍ਰਿਸ਼ੰਕੂ 1493
ਤ੍ਰਿਸਿਰਾ 1493
ਤ੍ਰਿਸ਼ੂਲ 1493
ਤ੍ਰਿਕਾਲ ਸੰਧਿਆ 1494
ਤ੍ਰਿਕਾਲ ਦਰਸ਼ੀ 1494
ਤ੍ਰਿਕੁਟੀ 1494
ਤ੍ਰਿਖਲ 1494
ਤ੍ਰਿਖਲ ਸ਼ਾਂਤੀ 1495
ਤ੍ਰਿਗਰਤ 1495
ਤ੍ਰਿੰਞਣ 1495
ਤ੍ਰਿੰਞਣ ਦੇ ਗੀਤ 1496
ਤ੍ਰਿਪਿਟਕ 149
ਤ੍ਰਿਪੁਸ਼ਕਰ ਯੋਗ 1497
ਤ੍ਰਿਪੰਡ 1497
ਤ੍ਰਿਮੂੰਹ 1497
ਤਿਰਮੂੰਹੀਂ 1497
ਤ੍ਰਿਮੂਰਤੀ 1498
ਤ੍ਰਿਲਕ 1498
ਤ੍ਰਿਲੋਚਨ 1498
ਤਿਰਵੰਧਾ 1498
ਤ੍ਰਿਵਿਕ੍ਰਮ 1498
ਤ੍ਰਿਵੇਣੀ 1498
ਤ੍ਰਿਵੇਦੀ 1498
ਤਿਰੜ 1499
ਤਿਰੌਂਦਾ, ਤਿਰੌਂਜ਼ਾ 1499
ਤਿਲ 1499
ਤਿਲ ਸੰਕਰਾਂਤੀ 1500
ਤਿਲਕ 1500
ਤਿਲਕਲਾ 1501
ਤਿਲ-ਚਾਉਲੀ 1501
ਤਿਲ-ਦਿਤ੍ਰੀ 1501
ਤਿਲ-ਚੋਲੀ 1502
ਤਿਲ-ਪੱਤਰਾ 1502
ਤਿਲ-ਮੇਥਰੇ 1502
ਤਿਲ-ਰੋੜੀ 1502
ਤਿਲ-ਵੱਟਣਾ 1502
ਤਿਲ ਵੇਤਰੇ 1503
ਤਿਲੜਾ 1503
ਤਿਲਾਂਜਲੀ 1503
ਤੀਸਮਾਰ ਖ਼ਾਂ 1503
ਤੀਹਾਂ 1503
ਤੀਜ 1504
ਤੀਜਾ 1504
ਤੀਜੋ 1504
ਤੀਰ 1504
ਤੀਰਥੰਕਰ 1505
ਤੀਲਾ, ਤੀਲੀ 1505
ਤੀਲਾ ਤੋੜਨਾ 1505
ਤੀਲਾ ਫੇਰਨਾ 1505
ਤੁੱਕ 1505
ਤੁਕਬੰਦੀ 1505
ਤੁਕਮਾ 1506
ਤੁੰਗਲ 1506
ਤੁਰਕ ਮੰਤ੍ਰ 1506
ਤੁਰ੍ਹੀ 1506
ਤੁਰੀਆ ਅਵਸਥਾ 1506
ਤੁਲਸੀ 1506
ਤੁਲੰਬਾ 1507
ਤੁਲਾ 1508
ਤੁਲ੍ਹਾ 1508
ਤੁਲਾ ਦਾਨ 1508
ਤੁਲਾ ਰਾਸ਼ੀ 1508
ਤੂਤ 1509
ਤੂਤੀ 1509
ਤੂਤੀਨਾਮਾ 1509
ਤੂਬਾ 1509
ਤੂੰਬਾ 1509
ਤੂਰ 1509
ਤੂਲ 1510
ਤੇਈਆ ਤਾਪ 1510
ਤੇਜ-ਪੱਤਰ 1510
ਤੇਜਾ ਜੀ 1510

ਤ੍ਰੇਤਰ 1511
ਤੇਰ੍ਹਵਾਂ 1511
ਤੇਰ੍ਹਵਾਂ ਨਹਾਉਣਾ 1511
ਤੇਰ੍ਹਵਾਂ ਮਹੀਨਾ 1512
ਤੇਰ੍ਹਵੀਂ ਸਦੀ 1512
ਤੇਲ 1512
ਤੇਲ ਕਟੋਰੀ 1512
ਤੇਲ ਚੜ੍ਹਾਉਣਾ 1513
ਤੇਲ ਚੁਆਈ 1513
ਤੇਲ ਦੀ ਤਪਦੀ ਕੜਾਹੀ 1513
ਤੇਲ ਪਾਉਣਾ 1513
ਤੇਲ ਭੇਜਣਾ 1514
ਤੇਲ ਮੇਟ 1514
ਤੇਲੜ 1514
ਤੇਲਾ 1514
ਤੇਲੀ 1514
ਤੇਲੀਆ 1514
ਤੇਲੀਆ ਰਾਜਾ 1514
ਤੋਸ਼ਾ 1514
ਤੋਕ 1514
ਤੋਤਕੜਾ 1515
ਤੋਤਲਾ ਮਾਈ 1515
ਤੋਤੜੇ 1515
ਤੋਤਾ 1515
ਤੋਰਨ 1516
ਤੌਕ 1516
ਤੌਬਾ 1516
ਤੌਰਤੇ 1516
ਤੌੜਾ 1516

## ਥ

ਥੱਡਾ 1517
ਥਣ ਸ਼ਰੀਕ 1517
ਥਣ ਚੁੰਘਾਣਾ 1517
ਥਣ-ਧੁਆਈ 1517
ਥੰਬ 1518
ਥੰਮ 1518
ਥੰਮ ਸਾਹਿਬ 1518
ਥੰਮਾ 1518
ਥੱਲੇ ਲਾਹੁਣਾ 1518
ਥੜ੍ਹਾ ਸਾਹਿਬ 1518
ਥੜ੍ਹੇ ਪਾਉਣਾ 1519
ਥਾਨਾਪਤੀ 1519
ਥਾਨੇਸਰ 1519
ਥਾਪੜਾ 1520
ਥਾਪਾ 1520
ਥਾਲ 1520
ਥਾਲੀ ਫੇਰਨਾ 1521
ਥਾਲੀ ਵਜਾਉਣਾ 1521
ਥਾਲੀਆਂ ਵਟਾਣਾ 1521
ਥਾਲੀਆ ਵਿਛਾਣੀਆਂ 1522
ਥਾਵਰ 1522
ਥਿਗੜੀ 1522
ਥਿਰਮਾ 1522
ਥੁੱਕ 1522
ਥੋਮ 1523
ਥੋਗੀ 1523

## ਦ

ਦਸ 1524
ਦਸ ਅਸਟ 1524
ਦਸ ਗਾਤ੍ਰਾ 1524
ਦਸਤਗੀਰ 1525
ਦਸਤਬੰਦ 1525
ਦਸਤਾਨ 15 5
ਦਸਤਾਰਬੰਦੀ 1525
ਦਸਤੀ 1525
ਦਸਨਾਮੀ 1526
ਦਸ ਪੁਰਬ 1526
ਦਸਯੂ 1526
ਦਸਰਥ 1526
ਦਸ ਲਖਸ਼ਣੀ ਪੁਰਬ 1526
ਦਸਵੰਧ 1527
ਦਸਵੀਂ ਦਾ ਸਰਾਧ 1527
ਦਸਾਹਾ 1527
ਦਸਾਵਤਾਰ ਵਰਤ 1528
ਦਸੂਆ 1528
ਦਸੂਰਾ 1528
ਦਸੌਂਧ 1528
ਦਸੌਂਧੀਆ 1528
ਦਹਸਿਰ 1529
ਦਹਾ 1529
ਦਹਿਆ 1529
ਦਹੀ 1529
ਦਖਸ਼ਣਾ 1529
ਦਖਸ਼ਾਇਣ 1529
ਦੱਖਣ ਦਿਸ਼ਾ 1529
ਦਗਰਾ 1529
ਦੱਛ 1530
ਦੰਡੀ 1530
ਦੱਤਾਤ੍ਰੇਯ 1530
ਦੰਦ 1530
ਦੰਦ-ਕਥਾ 1531
ਦੰਦ-ਖੰਡ 1536
ਦਧੀਚ 1537
ਦਫਨ ਕਰਨਾ 1537
ਦੱਬ 1537
ਦੱਬਣ ਦੇਣ 1537
ਦੱਮ 1537
ਦੱਮ ਦਰੂਦ 1537
ਦਮ ਮਦਾਰ 1538
ਦਮੜੀ 1538
ਦਮੜੀ ਵਾਲਾ ਪੀਰ 1538
ਦਰਸ਼ਨ ਭੇਟ 1538
ਦਰਬ 1538
ਦਰਿਆ 1539
ਦਰਿਆਈ 15.9
ਦਰਿਆ ਸਾਹਿਬ 153
ਦਰਿਆ ਸੇਵਕ 1539
ਦਰਿਆ ਦਾਸ 1540
ਦਰੂਦ 1540
ਦਰੋਖਾ ਪੀਰ 1540
ਦਰੋਜਾ 1540
ਦਰੋਪਦੀ 1540
ਦਰੋਪਦੀ ਅਗਨ-ਉਤਸਵ 1541
ਦਰੋਪਦੀ ਕੁੰਡ 1541
ਦਲਿਦਰ ਹੂੰਜਣਾ 1542
ਦਲ੍ਹੀਜ 1542
ਦਲ੍ਹੀਜੀਂ ਬੈਠਣਾ 1542
ਦਾਉਣੀ 1542

ਦਾਊ 1542
ਦਾਊਦ 1542
ਦਾਊਦ ਜਹਾਨੀਆ 1542
ਦਾਇਆ 1543
ਦਾਈ 1543
ਦਾਈ ਛੂਛੜੇ 1543
ਦਾਈਆ ਦੁੱਕੜ 1543
ਦਾਸ 1543
ਦਾਹ ਸੰਸਕਾਰ 1544
ਦਾਹਾ 1544
ਦਾਹਾ ਧੋਣਾ 1544
ਦਾਜ 1544
ਦਾਜ ਵਿਖਾਈ 1544
ਦਾਣੇ ਦਾਣੇ ਤੇ ਮੋਹਰ 1544
ਦਾਤ 1544
ਦਾਤਨ 1545
ਦਾਤਨ ਸਾਹਿਬ 1545
ਦਾਤ੍ਰੀ ਵਿਆਹ 1545
ਦਾਦਕੇ ਨਾਨਕੇ 1545
ਦਾਦ ਪਿਊਤ 1546
ਦਾਨਵ 1546
ਦਾਬੜ 1546
ਦਾਬੜਾ 1546
ਦਾਮ 1546
ਦਾਮਨੀ 1546
ਦਾਮੋਦਰ 1546
ਦਾਰੀਆ 1546
ਦਾਲ ਚਾਵਲ 1546
ਦਾਵਣ ਟੁਕਣਾ 1546
ਦਾੜ੍ਹ ਦਰਦ 1546
ਦਾੜ੍ਹੀ 1547
ਦਿਉ ਉਠਨ ਇਕਾਦਸ਼ੀ 1547
ਦਿਉ ਸੌਨੀ ਇਕਾਦਸ਼ੀ 1547
ਦਿਉ ਚੰਨ ਦੀ ਵਾਰ 1548
ਦਿਉਤ ਸਿੱਧ 1548
ਦਿਉਰ ਨੂੰ ਗੋਦ ਬਿਠਾਣ 1548
ਦਿਆਲ ਭਵਨ ਪੰਥੀ 1548
ਦਸ਼ਾ ਸੂਲ 1549
ਦਸ਼ਾਵਾਂ 1549
ਦਹਲ 1549
ਦਿਗਜ 1549
ਦਿਗਦਾਹ 1550
ਦਿਗਪਤੀ 1550
ਦਿਗਪਾਲ 1550
ਦਿਨ 1550
ਦਿਨ ਵਾਧੇ ਘਾਟੇ ਤੇ 1551
ਦਿਲ ਖ਼ਰਸ਼ੈਦ 1552
ਦਿਲ ਖ਼ੁਰਮ 1552
ਦਿਵਾਨੇ 1552
ਦੀਗਰ ਦੀ ਨਿਮਾਜ਼ 1552
ਦੀਨ ਪਨਾਹ 1552
ਦੀਪਦਾਨ 1553
ਦੀਪਮਾਲਾ 1553
ਦੀਵਾ 1553
ਦੀਵਾ ਤਾਰਨਾ 1555
ਦੀਵਾ ਵਟੀ 1555
ਦੁਆ 1555
ਦੁਆ ਖ਼ੈਰ 1555
ਦੁਆਠੀ 1555
ਦੁਆਦਸ 1555
ਦੁਆਦਸ਼ੀ 1555
ਦੁਆਬਾ 1555
ਦੁਸਹਿਰਾ 1555
ਦੁਸ਼ਯੰਤ 1556
ਦੁਸਰ 1556
ਦੁਸ਼ਾਸਨ 1556
ਦੁੱਖ-ਭੰਜਨ ਨਾਥ 1557
ਦੁੱਖ-ਭੰਜਨੀ ਸਾਹਿਬ 1557
ਦੁੱਗਲ 1557
ਦੁੱਧ 1557
ਦੁੱਧ ਛੁਡਾਉਣਾ 1558
ਦੁੱਧ ਪਿਲਾਣਾ 1558
ਦੁੱਬ ਘਾਹ 1558
ਦੁੱਬ ਟੁੰਗਣਾ 1558
ਦੁਰ 1558
ਦੁਰਗਾ 1559
ਦੁਰਗਾ ਉਪਾਸ਼ਕ 1559
ਦੁਰਗਾ ਅਸ਼ਟਮੀ 1559
ਦੁਰਗਾ ਸਪਤਸ਼ਤੀ 1559
ਦੁਰਗਾ ਨੌਮੀ 1559
ਦੁਲਦੁਲ 1559
ਦੁਲੜੀ 1560
ਦੁਲ੍ਹਾ 1560
ਦੁਲ੍ਹਾ ਭੱਟੀ 1560
ਦੂਆ 1560
ਦੂਣੀ ਦੇ ਟੱਪੇ 1560
ਦੂਧੀਆ ਰਸਤਾ 1561
ਦੇਉ ਕਾਜ 1561
ਦੇਉਟਣੀ ਇਕਾਦਸ਼ੀ 1561
ਦੇਈ 1561
ਦੇਸਵਾਲ 1561
ਦੇਹਰਾ 1561
ਦੇਹਰੀ 1562
ਦੇਹਲ 1562
ਦੇਹੂ ਪੂਜਣਾ 1562
ਦੇਗ ਤੇਗ ਫ਼ਤਹ 1562
ਦੇਗ ਫਿਰਨੀ 1562
ਦੇਵ ਉਠਾਨ 1562
ਦੇਵਕ 1563
ਦੇਵ ਕਾਜ 1563
ਦੇਵਕੀ 1563
ਦੇਵ ਧੰਮੀ 1563
ਦੇਵ-ਨਿੰਦਰਾ ਇਕਾਦਸ਼ੀ 1563
ਦੇਵਯਾਨੀ 1564
ਦੇਵਰਾਤ 1564
ਦੇਵੀ ਕਾ ਦਾਣਾ 1564
ਦੇਵੀ ਕੀ ਕੜਾਹੀ 1564
ਦੇਵੀ ਦਵਾਲਾ 1565
ਦੇਰਾ 1565
ਦੈਵੀ ਪ੍ਰੀਖਿਆ 1565
ਦੋਸਰੀ 1565
ਦੋਹਤਰਾ 1565
ਦੋਹੜਾ 1566
ਦੋਹਾ ਜਾਂ ਦੋਹਿਰਾ 1567
ਦੋਹਾਜੇ ਮੁੰਨਣ 1567
ਦੋਘੜ 1567
ਦੋਜ਼ਖ 1567
ਦੋ-ਜਨਮਾ 1567
ਦੋਦ 1568
ਦੋਦਾ 1568
ਦੋਧਣ ਦਾਹੀ 1368

ਦੋ ਪਤਰਾ 1568
ਦੋ ਬੈਂਤੀ 1568
ਦੋਲਾ 1569
ਦੋਣੀ 1569
ਦੋਲੇ ਸ਼ਾਹ 1569
ਦੋਲੇ ਸ਼ਾਹ ਦਾ ਚੂਹਾ 1569

## ਧ

ਧੱਕ ਮਕੌੜਾ 1570
ਧੱਜ 1570
ਧੱਜਾ 1570
ਧਣਕ ਰੋਗ 1570
ਧਤੂਰਾ 1571
ਧਨੰਤਰ, ਧਨਵੰਤਰੀ 1571
ਧਨ ਤੇਰਸ 1571
ਧਨ ਰਾਸ਼ੀ 1572
ਧਨੁਸ਼ 1572
ਧਮੱਕੜਾ 1572
ਧਮ੍ਹਾਣ 1573
ਧਮਾਰ 1573
ਧਮਾਲ 1573
ਧਮਾਲ ਖੇਡਣਾ 1573
ਧਮੂੜੀ 1573
ਧ੍ਰਸ ਕੰਜਕਾ 1573
ਧ੍ਰਿਜਗੜ 1574
ਧਰਣ ਪੈਣਾ 1574
ਧਰਣੀ ਦੇਵੀ 1574
ਧਰਣੀਧਰ 1574
ਧਰਤ 1574
ਧਰਤੀ ਦਾ ਨੇਤਰ 1574
ਧਰਤੀ ਮਾਤਾ 1574
ਧਰਮ 1576
ਧਰਮ ਸੰਤ 1577
ਧਰਮਸਾਲਾ 1577
ਧਰਮਰਾਜ 1577
ਧਰੀਸ 1577
ਧਰੂ ਤਾਰਾ 1577
ਧਰੂ ਭਗਤ 1577
ਧ੍ਰੇਕ 1582
ਧਰੇਲ 15770
ਧਰੇਵਾ 1578
ਧੜੀ 1578
ਧਾਗਾ 1578
ਧਾਗਾ ਕਰਵਾਣਾ 1579
ਧਾਗੇ ਦੀ ਗੀਤ 1579
ਧਾਨੁਕ 1579
ਧਾਮ 1579
ਧਾਲੀਵਾਲ 1579
ਧਿਆਣਾ 1580
ਧਿਆਣੀ 1580
ਧ੍ਰਿਤਰਾਸ਼ਟਰ 1580
ਧ੍ਰਿਲਰੀ 1580
ਧੀਗੀ ਦੇਣੀ 1580
ਧੁੱਪ ਛਾਉਂ 1580
ਧੁੰਮਸ ਲੁੱਡੀ 1580
ਧੂਣੀ 1 81
ਧੂਪ, ਧੂਫ 1581
ਧੂਮਕੇਸ 1581
ਧੂਮਕੇਤ 1581
ਧੂਮ੍ਰਲੋਚਨ 1581
ਧੂਮ੍ਰਵਰਣ 1581
ਧੇਤੇ ਪੁਤਰੇਤੇ 1582
ਧੇਨਕ 1582
ਧੌਲ 1582
ਧੌਲ ਰਾਜਾ 1582

## ਨ

ਨੱਅਤ 1583
ਨਈਵੇਦ 1583
ਨਸ਼ੇ 1583
ਨਕਸ਼ 1584
ਨੱਕ-ਕੰਨ ਕੱਟਣੇ 1584
ਨੱਕ ਦੇ ਗਹਿਣੇ 1584
ਨਕਲਾਂ 1585
ਨਕਾਲ 1585
ਨੱਕੀ ਪੂਰ 1585
ਨਕੀਰ 1586
ਨਛੱਤ੍ਰ 1586
ਨਜ਼ਰ 1588
ਨਜ਼ਰ ਬੱਟੂ 1589
ਨੱਟ 1589
ਨੰਤ (ਅਨੰਤ) 1590
ਨੰਤੀ 1590
ਨੱਥ 1590
ਨੱਥ ਸੁਰਾ 1591
ਨੱਥ ਪਾਉਣੀ 1591
ਨੰਦ 1591
ਨੰਦਨ 1591
ਨੰਦਨੀ 1591
ਨੰਦੀ (ਬਲਦ) 1591
ਨੰਦੀ ਜੋਤਿਸ਼ 1592
ਨੰਦੀ ਦੇਵੀ 1592
ਨੰਦੀ-ਮੁਖਾ ਸਰਾਧ 1592
ਨਦੌਣ 1592
ਨਫਲ 1592
ਨਮਾਜ਼ 1592
ਨਮੋ ਨਾਰਾਇਣ 1593
ਨਰਸਿੰਘ ਅਵਤਾਰ 1593
ਨਰਸਿੰਹ ਚਤੁਰਦਸ਼ੀ 1594
ਨਰਕ 1594
ਨਰਕਾਸੁਰ 1596
ਨਰਕਾਸੁਰ ਚੌਦਸ 1596
ਨਰ ਦਰਿਆ 1597
ਨਰ ਬਲੀ 1597
ਨਰਾਇਣ ਬਲੀ 1597
ਨਰੂਲਾ 1597
ਨਰੇਲ ਅਕਬਰ ਸ਼ਾਹ 1597
ਨਰੋਏ 1598
ਨੱਲ ਤੇ ਦਮਯੰਤੀ 1598
ਨਲਾ ਕੱਢਣਾ 1599
ਨਵ-ਖੰਡ 1599
ਨਵਾਂ ਅੰਨ 1600
ਨਵਾਂ ਸਾਲ 1600
ਨਵਾਂ ਖੂਹ 1600
ਨਵਾਂ ਚੰਨ 1601
ਨਵਾਫਲ 1601
ਨਵਾਂ ਭਾਂਡਾ 1502
ਨ੍ਹਾਈ ਧੋਈ 1602
ਨਾਈਪਾਲ 1602
ਨਾਸਾਂ 1602
ਨਾਹਰ 1602

ਨਾਗ 1603
ਨਾਗ ਕੂਲਾਂ 1603
ਨਾਗ ਗੋਤ 1603
ਨਾਗ ਦੌਣ 16·3
ਨਾਗਨੀਆ 1604
ਨਾਗ ਪੰਚਮੀ 1604
ਨਾਗਪਾਲ 1605
ਨਾਗ ਮਣੀ 1605
ਨਾਗ ਮਾਹਾ 1605
ਨਾਗਰ 1605
ਨਾਗ ਰਾਜ 1605
ਨਾਗ ਲੋਕ 1605
ਨਾਂਗੀ (ਨਾਨਕੀ) ਪੰਥ 1605
ਨਾਂਗੇ 1606
ਨਾਚ 1606
ਨਾਚੀ 1606
ਨਜਾਤੁਲ ਮੋਮਨੀਨ 1606
ਨਾਟ 1606
ਨਾਤਾ 1606
ਨਾਤੀਆ ਮਾਹੀਆ 1607
ਨਾਥ ਸੇਵਕ 1607
ਨਾਥਾਂ ਦੇ ਪੰਥ 1607
ਨਾਦਰਸ਼ਾਹ 1608
ਨਾਦਰ ਕੁਲੀ 1608
ਨਾਨਕਸਰ 1609
ਨਾਨਕ ਚੱਕ 1609
ਨਾਨਕ ਵਾਲੀ (ਨਾਨਕੀ ਛੱਕ) 1609
ਨਾਨਕੀ ਵਿਰਸਾ 1610
ਨਾਭ ਕੰਵਲ 1610
ਨਾਮਕਰਣ ਸੰਸਕਾਰ 1610
ਨਾਮ ਤੇ ਨਾਮੀ 1611
ਨਾਰੰਗ 1613
ਨਾਰਦ 1613
ਨਾਰਾਇਣ 1613
ਨਾਰੀਅਲ 1613
ਨਾਰੂ 1614
ਨਾਰੋਵਾਲ 1614
ਨਾੜੂਆ ਕੱਟਣਾ 1614
ਨਿਉਂਦਾ 1·15
ਨਿਉਰੀ 1615
ਨਿਉਲੀ ਕਰਮ 1615
ਨਿਆਈ 1615
ਨਿਆਜ਼ 1615
ਨਿਸਕਰਮਣ 1616
ਨਿਸਰਨਾ 1616
ਨਿਸ਼ਾਨ 1616
ਨਿਸ਼ਾਨ ਸਾਹਿਬ 1616
ਨਿਸੁੰਭ 1616
ਨਿਹਕਲੰਕ 1617
ਨਿਕਾਹ 1617
ਨਿਕਾਹਨਾਮਾ 1618
ਨਿਕੁੰਭ 1618
ਨਿਗਾਹਾ ਪੀਰ 1618
ਨਿਛ 1618
ਨਿਧੀ 1619
ਨਿੰਬਾਰਕ 1619
ਨਿੰਬੂ 1619
ਨਿੰਮ 1619
ਨਿਮਕ 1620
ਨਿਮਾਣੀ ਇਕਾਦਸ਼ੀ 1620
ਨਿਮੀ 1620
ਨਿਯੋਗ 1620
ਨਿਰਜਲ ਇਕਾਦਸ਼ੀ 1621
ਨਿਰਮਲੇ 1622
ਨਿਰਾਹਾਰ ਵਰਤ 1622
ਨਿਵਲ ਦਈ 1622
ਨੀਲਕ 1623
ਨੀਲ ਕੰਠ 1623
ਨੀਲ ਦਾ ਪੌਦਾ 1623
ਨੀਲਮ ਪਰੀ 1623
ਨੀਲਾ ਘੋੜਾ 1623
ਨੀਲਾ ਧਾਗਾ 1624
ਨੀਲੀ 1624
ਨੀਲੇ ਘੋੜੇ ਵਾਲਾ 1624
ਨੁਕਲ 1624
ਨੂਹ 1624
ਨੂਹ ਦਾ ਬੇੜਾ 1625
ਨੂਣ ਮਿਹਾਣੀ 1625
ਨੂਪਰ 1625
ਨੂਰ ਖ਼ਾਨ ਚੰਧੜ 1626
ਨੂਰਪੁਰ 1626
ਨੂਰਾ 1626
ਨੂਰਾਂ ਤੇ ਰਾਠੀ 1626
ਨੇਚੀ 1627
ਨੈਣਾਂ ਦਾ ਮੇਲਾ 1627
ਨੈਣਾਂ ਦੇਵੀ 1628
ਨੌਂ 1628
ਨੌਂ ਕੰਨਿਆਂ 1628
ਨੌਂ ਗ੍ਰਹਿ 1629
ਨੌਗਜ਼ਾ 1629
ਨੌਟੰਕੀ 1630
ਨੌਂ ਨਾਥ 1632
ਨੌਬਾਤ ਚੁਕਣਾ 1632
ਨੌਲਖਾ ਹਾਰ 1632

## ਜਿਲਦ 7

### ਪ

ਪਉੜੀ 1633
ਪਊਆ 1633
ਪਇਆਣ 1633
ਪਸ਼ਕੌਰਾ (ਪੇਸ਼ਕਾਰਾ) 1633
ਪਸਤਾਨਾ (ਪੌਤਰਾ) 1633
ਪਸਰੂਰ 1634
ਪਸਲੀ 1634
ਪਸਾਉੜੀ (ਪਰੋਸਾ) 1634
ਪਸਾਹੁਣਾ 1634
ਪਸੀਨਾ 1634
ਪਸ਼ੂ ਕਹਾਣੀਆਂ 1635
ਪਸ਼ੂ ਧਨ 1636
ਪਸ਼ੂਪਤੀ 1636
ਪਸ਼ੂ ਭਾਖਾ 1636
ਪਸ਼ੂ ਲੋਕਧਾਰਾ 1637
ਪਹਾੜ 1642
ਪਹਿਲੀ ਗਰਾਹੀ 1642
ਪਹਿਲੀ ਰੋਟੀ 16·2
ਪਹੁੰਚੀ 1642
ਪਹੇਆ 1642
ਪਹੇਚਾ 1643
ਪਕੜ 1643
ਪੱਕੀ ਥਾਂ 1643
ਪੱਕੀ ਰਸੋਈ 1644

ਪੱਖ 1644
ਪਖਾਵਜ 1644
ਪੱਖੀਵਾਲ 1644
ਪੱਗ-ਚਿੰਨ੍ਹ 1645
ਪੱਗ-ਪਾਹੁਲ 1645
ਪੱਗ ਬੰਨ੍ਹਣੀ 1646
ਪੱਗ ਵਟਾਣੀ 1646
ਪੱਗ ਵੇਡ 1646
ਪੱਗ ਵਲ 1647
ਪੰਘੂਰ 1647
ਪੰਚ ਅੰਨ 1647
ਪੰਚ ਆਹੂਤ 1647
ਪੰਚ ਇਸ਼ਨਾਨਾ 1647
ਪੰਚਜਨ 1648
ਪੰਚਾਮ੍ਰਿਤ 1648
ਪੰਚਾਰਕੀ 1648
ਪੰਜ ਹਜ਼ਾਰੀ 1648
ਪੰਜ ਕਲਿਆਨ 1648
ਪੰਜ ਕਲਿਆਨੀ 1648
ਪੰਜ ਗੱਭ 1649
ਪੰਜ ਜਾਤੀ 1649
ਪੰਜ ਨਦ 1649
ਪੰਜ ਨਮਾਜ਼ਾਂ 1649
ਪੰਜ ਪੜੋਪੀ 1650
ਪੰਜ ਪੀਰ 1650
ਪੰਜ ਭੀਖਮਾ 1651
ਪੰਜਕ (ਪੰਚਕ) 1651
ਪੰਜਵਾਂ ਨਹਾਉਣਾ 1652
ਪੰਜਾ 1652
ਪੰਜਾ ਸਾਹਿਬ 1653
ਪੰਜਾਬ 1653
ਪੰਜੀਰੀ 1662
ਪੰਜੇਬ 1663
ਪਟਕਾ 1663
ਪਟਰਾਨੀ 1663
ਪਟੜੀ 1663
ਪਟੜੀ ਪੂਜਣਾ 1663
ਪਟੀ 1663
ਪਟੋਲਾ 1663
ਪਠੜੀ 1663
ਪਠਾਨ 1663
ਪਠਾਨਕੋਟ 1663
ਪਠਾਨੀਆ 1664
ਪੱਤਰ ਪੂਜਣਾ 1664
ਪੱਤਰੀ 1664
ਪੱਤਲ 1664
ਪੱਤਲ ਕਾਵਿ 1664
ਪੱਤਲ ਛੁਡਾਉਣਾ 1665
ਪੱਤਲ ਬੰਨ੍ਹਣਾ 1665
ਪੱਤਲ ਭੇਜਣਾ 1665
ਪੱਤਾ (ਪੱਤਰ) 1665
ਪੱਤਾ ਕੱਟਣਾ 1666
ਪਤਾਸਾ 1666
ਪੱਤੀ 1666
ਪਤੀ ਦਾ ਨਾਉਂ 1666
ਪੱਥਰ ਚੌਥ 1667
ਪੱਥਰ ਪੂਜਾ 1667
ਪਦਮਨੀ ਇਕਾਦਸ਼ੀ 1667
ਪਦਮਾ ਇਕਾਦਸ਼ੀ 1668
ਪਪੀਹਾ 1668
ਪ੍ਰਸੰਗ 1668
ਪ੍ਰਸਤਲਾ 1670
ਪਰਸ਼ੁਰਾਮ 1670
ਪਰਸ਼ੁਰਾਮ ਜੈਯੰਤੀ 1671
ਪ੍ਰਸੂਤ ਗੀਤ 1671
ਪ੍ਰਹਲਾਦ 1671
ਪ੍ਰਹਿਲਾਦਪੁਰੀ ਮੰਦਰ 1672
ਪਰਕਰਮਾ 1672
ਪਰਚਾਵਣੀ 1673
ਪਰਛਾਵਾਂ 1673
ਪ੍ਰਜਾਪਤੀ 1674
ਪਰਦੱਖਣਾ 1674
ਪਰਦੁਮਨ 1674
ਪਰਨਾਲਾ ਇਸ਼ਨਾਨ 1675
ਪਰਨਾਲਾ ਬੰਨ੍ਹਣਾ 1675
ਪ੍ਰਬੋਧਨੀ ਇਕਾਦਸ਼ੀ 1675
ਪ੍ਰਮਾਣ ਕਥਾ 1676
ਪ੍ਰਲੈ 1676
ਪਰੀ 1677
ਪਰੀ ਕਥਾ 1679
ਪ੍ਰੇਤ 1680
ਪ੍ਰੇਤ ਸਰਾਧ 1681
ਪ੍ਰੇਤ ਸ਼ਿਲਾ 1681
ਪ੍ਰੇਤ ਕਥਾ 1681
ਪ੍ਰੇਤ ਕਰਮ 1682
ਪ੍ਰੇਤ ਚਿੰਮੜਨਾ 1682
ਪ੍ਰੇਤ ਤਰਪਣ 1682
ਪ੍ਰੇਤ ਪੱਖ 1682
ਪ੍ਰੇਤ ਪਾਲ 1682
ਪ੍ਰੇਤ ਪਿੰਡ 1683
ਪ੍ਰੇਤ-ਰੂਹ ਕੱਢਣੀ 1683
ਪ੍ਰੇਤ ਲੋਕ 1684
ਪਰੇਵਾ 1684
ਪ੍ਰੋਹਿਤ 1684
ਪਲੰਘ ਪੀੜ੍ਹਾ 1684
ਪੱਲਾ ਝਾੜ 1684
ਪੱਲਾ ਪਾਉਣਾ 1685
ਪਲੀਤਾ ਸਾੜਨਾ 1685
ਪਾਇਲ 1685
ਪਾਈ 1685
ਪਾਸੀ 1685
ਪਾਹੁਚਾ 1686
ਪਾਟੀ ਚਿੱਠੀ 1686
ਪਾਠ 1686
ਪਾਂਡਵ 1686
ਪਾਂਡੂ 1687
ਪਾਣੀ 1687
ਪਾਣੀ ਗ੍ਰਹਿਣ 1688
ਪਾਣੀ ਚਖਾਣਾ 1688
ਪਾਣੀ ਦਾ ਤਰੌਕਾ 1688
ਪਾਣੀ ਦੇਣਾ 1689
ਪਾਣੀ ਪਿਲਾਵਣਾ 1689
ਪਾਣੀ ਵਾਰਨਾ 1689
ਪਾਤ 1690
ਪਾਤਕ 1690
ਪਾਤਾਲ 1690
ਪਾਤੀ 1691
ਪਾਨੀਪਤ 1691
ਪਾਪ-ਅੰਕੁਸ਼ਾ ਇਕਾਦਸ਼ੀ 1691
ਪਾਪ-ਗ੍ਰਹਿ 1692
ਪਾਪ-ਮੋਚਨੀ ਇਕਾਦਸ਼ੀ 1692

ਪਾਰਸ 1692
ਪਾਰਸਨਾਥ 1692
ਪਾਰਜਾਤ 1693
ਪਾਰਬਤੀ 1693
ਪਿਆਊ 1693
ਪਿਆਜ਼ੀ 1693
ਪਿਸਾਚ 1693
ਪਿਸਾਚ-ਲੋਕ 1 94
ਪਿੰਗਲ 1694
ਪਿੰਗਲਾ (ਰਾਣੀ) 1694
ਪਿੰਗਲਾ (ਵੇਸਵਾ) 1694
ਪਿਛਲ ਖੁਰੀ 1694
ਪਿਛਲ ਪੈਰੀ 1694
ਪਿੰਜੌਰ 1695
ਪਿੱਠੂ 1695
ਪਿੰਡ 1695
ਪਿੰਡ ਭਰਾਉਣਾ 1696
ਪਿੰਡ ਵਲਣਾ 1696
ਪਿੰਡਾਂ ਦੇ ਨਾਉਂ 1696
ਪਿੰਡੀ 1697
ਪਿੰਡੀ ਦਾ ਨੇਹਾ 1697
ਪਿੰਡੋਂ ਬਾਹਰੇ ਵਿਆਹ 1697
ਪਿੱਤਰ 1697
ਪਿੱਤਰ ਤਰਪਣ 1698
ਪਿੱਤਰ ਤੀਰਥ 1698
ਪਿੱਤਰ ਪੱਖ 1698
ਪਿੱਤਰ ਪੂਜਾ 1699
ਪਿੱਤਰ-ਵਿਸਰਜਨੀ ਅਮਾਵਸ 1700
ਪਿੱਪਲ (ਪਿੱਪਲ ਪੂਜਾ) 1700
ਪਿੱਪਲ ਪੱਤਰਾ 1701
ਪਿਪੜ ਪੜ੍ਹਨਾ 1701
ਪੀਂਘ ਝੂਟਾ 1701
ਪੀਚ ਬਕਰੀ 1701
ਪੀਠ-ਸਥਾਨ 1702
ਪੀਤਾਂਬਰ 1702
ਪੀਤੋ ਵਾਲਾ ਖੂਹ 1702
ਪੀਪੂ ਬੁਲਾਉਣਾ 1703
ਪੀਰ 1703
ਪੀਰ ਅਦਲ 1703
ਪੀਰ ਸਾਬਿਰ ਸ਼ਾਹ 1704
ਪੀਰ ਕਟਾਲ 1704
ਪੀਰ ਕਾਇਆ ਨਾਥ 1705
ਪੀਰ ਕੌਡੀ 1705
ਪੀਰ ਖਾਨਾ 1706
ਪੀਰ ਗੁਲਾਮ ਰਸੂਲ 1706
ਪੀਰ ਜਹਾਨੀਆ 1706
ਪੀਰ ਦੀ ਘੋੜੀ 1706
ਪੀਰ ਬੰਨੂ ਸ਼ਾਹ 1707
ਪੀਰ ਭਾਈ 1707
ਪੀਰ ਮਖੱਡ 1707
ਪੀਲੂ ਪਲੂੰਘੜਾ 1707
ਪੀਲੀ ਚਿੱਠੀ 1707
ਪੀੜ੍ਹਾ 1707
ਪੁਆਂਦ 1708
ਪੁਸ਼ਕਰ 1708
ਪੁਸ਼ਪਕ 1708
ਪੁਸ਼ਪ ਦੰਤ 1709
ਪੁਸ਼ਪਾਂਜਲੀ 1709
ਪੁਸ਼ਾਕਾ 1709
ਪੁਖਰਾਜ 1709
ਪੁੱਗਣਾ 1709
ਪੁਜਾਰੀ 1710
ਪੁੱਠ 1710
ਪੁੱਠ ਪੈਰੀਂ 1710
ਪੁੱਠਾ ਜੰਮਿਆ ਬੱਚਾ 1710
ਪੁੱਠਾ ਤਵਾ 1710
ਪੁੱਠੀ ਮਾਲਾ ਫੇਰਨਾ 1710
ਪੁੱਠੀ ਰੰਨ 1710
ਪੁੱਠੇ ਸਿੱਧੇ ਹੱਥ 1711
ਪੁੰਡਰ 1711
ਪੁੰਡਰੀਕ 1711
ਪੁੱਤਰ 1711
ਪੁੱਤਰਦਾ ਇਕਾਦਸ਼ੀ 1711
ਪੁਤ੍ਰਿਕਾ 1712
ਪੁਤਲਾ (ਤਸੀਹੇ ਦੇਣੇ) 1712
ਪੁਤਲੀ 1712
ਪੁੰਨ 1714
ਪੁਨਹਚਰਣ 1714
ਪੁੰਨ ਦਾ ਸਾਕ 1714
ਪੁੰਨ ਦਾਨ 1714
ਪੁਨਰ ਵਿਆਹ 1714
ਪੁਨਰ ਵਿਆਹ(ਮੁਸਲਮਾਨਾਂ 'ਚ) 1715
ਪੁੰਨਿਆਂ 1715
ਪੁੰਨੂ 1715
ਪੁਰਸਿਰਾਤ (ਪੁਰਸਲਾਤ) 1715
ਪੁਰਸ਼ੋਤਮ 1716
ਪੁਰਮੰਡਲ 1716
ਪੁਰਾ 1717
ਪੁਰੀ 1717
ਪੁਰੂ 1717
ਪੁਲਸਰਾਤ 1717
ਪੁਲ੍ਹਾਣਾ 1717
ਪੁੜਾ 1717
ਪੁੜੀ ਪਾਉਣਾ 1717
ਪੁੜੀ ਬੰਨ੍ਹਣਾ 1718
ਪੁ ਨਰਕ 1718
ਪੂਛਲ ਵਾਲਾ ਤਾਰਾ 1718
ਪੂਜ 1718
ਪੂਜਨੀ 1718
ਪੂਣੀ ਸ਼ਗਨ 1718
ਪੂਤਨਾ 1718
ਪੂਰਨ ਭਗਤ 1719
ਪੂਰਨ ਦਾ ਖੂਹ 1719
ਪੂਰਨ ਦਾ ਭੋਰਾ 1720
ਪੂਰਨਮਾਸ਼ੀ 1720
ਪੇਸ਼ਕਾਰਾ 1720
ਪੇਸੀ 1720
ਪੇਟ 1720
ਪੇਟ ਘਰੋੜੀ ਦਾ 1720
ਪੇਟਾ ਚਾੜ੍ਹਨਾ 1721
ਪੇਟੀ ਖੁਲ੍ਹਾਣਾ 1721
ਪੇਲਣਾ 1721
ਪੇੜਾ ਪੀਠੀ 1721
ਪੇੜੇ 1721
ਪੇੜੇ ਦੇਣੇ 1721
ਪੈਗ਼ੰਬਰ 1721
ਪੈਂਚਕਾ 1721
ਪੈਂਡਾ ਲੀਕਣਾ 1722
ਪੈਂਤਰਾ 1722
ਪੈਂਦੜ 1722

ਪੈਰ 1722
ਪੈਰਗਲਾ 1722
ਪੈਰ ਚੱਕਣੇ 1723
ਪੈਰ ਛੂਹਣੇ 1723
ਪੈਰਾਂ ਦੀ ਝਾਂਜਰ 1723
ਪੈਰੀਂ ਪਵਾਈ 1723
ਪੈਰੀਂ ਪੈਣਾ 1723
ਪੋਸਤੀ 1723
ਪੋਹ 1723
ਪੋਹੀਆ 1724
ਪੱਖਾ 1724
ਪੱਖੀ 1725
ਪੋਤੜਾ 1725
ਪੌਲ੍ਹੀ 1725
ਪੰਛੀ 1725
ਪੱਟਾ 1725
ਪੌਣ ਪ੍ਰੀਛਾ 1725
ਪੌ-ਬਾਰਾਂ 1726
ਪੌਣ ਬੂਟੀ 1726
ਪੌੜੀ 1726

## ਫ

ਫਸਲ 1727
ਫਸਲੀ ਸੰਮਤ 1729
ਫਸੀਲ 1729
ਫਕੜ 1729
ਫੱਕਾ ਤਲੀ 1729
ਫਕੀਰ 1730
ਫੱਗਣ 1730
ਫਗਵਾੜਾ 1731
ਫੱਟਕੜੀ 1731
ਫੰਡਰ ਪਸ਼ੂ 1731
ਫਣੀਅਰ 1731
ਫਤਹ 1732
ਫਤਹ ਦਰਸ਼ਨ 1732
ਫਤੂਹੀ 1732
ਫੱਫਾਕੁਟਣੀ 1732
ਫਰਊਨ 1733
ਫਰਹਾਦ 1733
ਫਰਿਸ਼ਤਾ 1733
ਫਰੀਦਾਬਾਦ 1734
ਫਰੂਆ 1734
ਫਲਗੂ 1734
ਫਲ ਜ਼ੀਰਾ 1734
ਫਲ੍ਹਾ 1734
ਫਲਾਹਾਰ ਵਰਤ 1734
ਫਲਿਤ ਜੋਤਿਸ਼ 1734
ਫੱਲੀ 1735
ਫੜੂਹਾ 1735
ਫੜੂਕਾ 1735
ਫੜੇਲੀ 1735
ਫਾਹੁੜੀ 1735
ਫਾਗ 1735
ਫਾਡੀ 1735
ਫਾਤਮਾ ਬੀਬੀ 1736
ਫਾਤਿਹਾ 1736
ਫਾਲ ਪ੍ਰੀਛਿਆ 1737
ਫਿੰਡ ਖੁੰਡੀ 1737
ਫੀਲ ਨਾਥ 1737
ਫੁੱਲ 1737
ਫੁੱਲ : ਫੁੱਲ ਤਵੀਤ 1737
ਫੁੱਲਕਾਰੀ 1738
ਫੁੱਲਕਾਰੀ ਦੇ ਗੀਤ 1740
ਫੁੱਲਖਾ 1740
ਫੁੱਲ ਚੜ੍ਹਾਉਣਾ 1740
ਫੁੱਲ ਚੁੱਗਣੇ 1741
ਫੁੱਲਝੜੀਆਂ 1741
ਫੁੱਲ ਫੂਕਣਾ 1742
ਫੁੱਲਾਹ 1742
ਫੜਕਣਾ 1742
ਫੇਰੇ 1742

## ਬ

ਬਸੰਤ ਪੰਚਮੀ 1743
ਬਸੰਤ ਰੁੱਤ 1744
ਬਸੰਤਰ ਦੇਵਤਾ 1744
ਬਸੰਤੀ 1744
ਬਸੰਤੀ ਗਿੱਧਾ 1745
ਬਸੰਤੀ ਚੋਲਾ 1745
ਬਸਰਾ 1745
ਬੰਸ ਲੋਚਨ 1745
ਬੰਸਾਵਲੀ 1745
ਬੱਸੀ 1745
ਬਸੇਰਾ 1746
ਬਹੱਤਰ 1746
ਬਹਾਦਰੀਆਂ 1746
ਬਹਿੰਦਾ ਖੜਣਾ 1746
ਬਹਿਰੂ 1746
ਬਹਿਲ 1746
ਬਹਿਲੀਮਾ 1747
ਬਹੀ ਜਵਾਰੀ 1747
ਬਹੁ-ਕੰਤੀ ਪ੍ਰਥਾ 1747
ਬਹੁੱਟਾ 1747
ਬਹੁ-ਪਤਨੀ ਪ੍ਰਥਾ 1747
ਬਹੁ-ਰੂਪਣੀ 1748
ਬਹੁ-ਰੂਪੀਆ 1748
ਬਹੁਲ 1749
ਬਹੁਲਾ 1749
ਬਹੁਲਾ ਚੌਦਸ 1749
ਬਹੇਰਾ 1749
ਬਕੱਰਾ 1750
ਬੱਕਲੀਆਂ 1750
ਬਕਾਸੁਰ 1750
ਬਕੀ 1751
ਬਖਤਮਲ 1751
ਬਖੂਹਾ 1751
ਬਗਲਾ 1751
ਬਗਲਾ ਮੁਖੀ 1751
ਬਗਲੀ 1751
ਬੱਗਾ ਸ਼ੇਰ 1751
ਬੱਘ-ਨਖੀ 1752
ਬਘਿਆੜੀ 1752
ਬਘੇਲ 1752
ਬਚਨ 1752
ਬੱਚੇ ਦਾ ਪੁਨਰ-ਜਨਮ 1753
ਬੱਚੇ ਨੂੰ ਦੱਬਣਾ 1753
ਬੰਜਰ 1754
ਬਜਰੰਗ ਬਲੀ 1754
ਬੱਜਰਬਟਾ, ਬਜਰਬੱਟੂ 1754
ਬਜਰੇਸ਼ਵਰੀ ਦੇਵੀ (ਵਾਗੀਸ਼ਵਰੀ) ਦਾ ਮੰਦਰ 1754
ਬਜਵਾਰਾ 1754

ਬੱਟ-ਸਾਵਿਤ੍ਰੀ ਵਰਤ 1754
ਬੱਟਾ-ਸੱਟਾ 1755
ਬਟਾਲਾ 1755
ਬਟੇਰਾ 1755
ਬਟੇਰੀ, ਬਟੇਹਰੀ 1756
ਬੱਤਰੀ 1756
ਬੱਤਰੀ ਧਾਰਾਂ 1756
ਬੱਤੀ ਸੁਲੱਖਣਾ 1756
ਬੱਤੀਆਂ ਧੁਖਾਣੀਆਂ 1756
ਬਦਸੀਸ 1756
ਬਦ-ਨਜ਼ਰ 1757
ਬੰਦਰ 1758
ਬਦਰੂਹ 1758
ਬੱਦਲ 1759
ਬੰਦੀ-ਛੋੜ 1760
ਬਦੂ 1760
ਬੱਧੜ 1760
ਬੰਧਾ 1760
ਬਧਾਵਾ, (ਵਧਾਵਾ) 1761
ਬੰਧੇਜ 1761
ਬਨਸੱਤਾ 1761
ਬਨ ਨੌਤਨਾ 1761
ਬਨਬੀਰ 1762
ਬਨਵਾੜਾ 1762
ਬੰਨੇ ਦਾ ਭਾਈ 1762
ਬਨੋ-ਉਤਸਰਗ 1762
ਬਬੂਲ 1763
ਬ੍ਰਹਮਾ 1763
ਬ੍ਰਹਮ ਪੂਜਾ 1764
ਬ੍ਰਹਮ ਲੋਕ 1765
ਬ੍ਰਹਮ ਵਿਆਹ 1765
ਬਰਕਤ 1765
ਬਰਾਤ 1765
ਬਰਾਦਰੀ 1766
ਬਰੋਠੀ 1766
ਬੱਲ 1767
ਬਲੱਖ 1767
ਬਲਾਕ 1767
ਬਲਾਵਾ ਲੈਣੀਆ 1767
ਬਲੀ 1768
ਬਵੱਟਾ 1768
ਬਵਾਸੀਰ 1768
ਬੜਾ ਤੀਰਥ ਹਰੀਪੁਰਾ 1768
ਬਾਸ਼ਕ ਨਾਗ 1769
ਬਾਸੀਅੜਾ 1769
ਬਾਂਹ 1769
ਬਾਂਹ ਫੜਨੀ 1769
ਬਾਹਠ 1769
ਬਾਹਰ ਵਧਾਉਣਾ 1769
ਬਾਹਰਾ 1770
ਬਾਹਰੀ 1770
ਬਾਹਿੜਾ 1771
ਬਾਹੀ 1771
ਬਾਹੀ ਤਾਹੀ 1771
ਬਾਕ 1771
ਬਾਗ 1771
ਬਾਂਗ 1771
ਬਾਗਾਂ ਵਾਲੀ 1772
ਬਾਗੜੀ 1772
ਬਾਘ 1772
ਬਾਘ ਨਖਾ 1772
ਬਾਘ ਬੱਚਾ 1772
ਬਾਘਾ ਨਾਚ 1773
ਬਾਜਵਾ 1773
ਬਾਜ਼ੀਗਰ 1773
ਬਾਜ਼ੂਬੰਦ 1774
ਬਾਟੀ 1774
ਬਾਣ ਗੰਗਾ 1774
ਬਾਣੀਆਂ 1774
ਬਾਣੀਏਂ ਦਾ ਪਾਣੀ 1774
ਬਾਤਾਂ (ਲੋਕ-ਕਹਾਣੀਆਂ) 1774
ਬਾਂਦਰ ਕੀਲਾ 1778
ਬਾਂਧਨ 1778
ਬਾਬਾ ਅਟੱਲ 1778
ਬਾਬਾ ਸਾਂਗ 1778
ਬਾਬਾ ਸਿੱਧ ਸੋ 1779
ਬਾਬਾ ਸ਼ਿਬੂਨ 1779
ਬਾਬਾ ਹੱਸੂ 1779
ਬਾਬਾ ਗੁਲਾੜ ਸਾਹ 1779
ਬਾਬਾ ਪਰਮਾਨੰਦ 1780
ਬਾਬਾ ਫਤੂ 1780
ਬਾਬਾ ਫਰੀਦ ਗੋਦੜ 1780
ਬਾਬਾ ਬੋਲਾ 1780
ਬਾਬਾ ਭੂਪਤ 1780
ਬਾਬਾ ਮੰਨਣ 1781
ਬਾਬਾ ਮਾਗਾ 1781
ਬਾਬਾ ਮੀਣਾ 1781
ਬਾਬਾ ਲਾਲ 1781
ਬਾਬਾ ਲਾਲ ਦਰਿਆਈ 1781
ਬਾਬਾ ਲਾਲ ਦਿਆਲ 1781
ਬਾਂਬੀਆ 1782
ਬਾਬੂ 1782
ਬਾਬੇ ਦੀ ਬੇਰ 1782
ਬਾਮੇ ਦੀ ਸਮਾਧ 1782
ਬਾਤ 1782
ਬਾਰ ਰੁਕਾਈ 1782
ਬਾਰਾਂ 1783
ਬਾਰਾਂ ਤਿਲਕ 1783
ਬਾਰਾਂ ਮਾਂਹ 1783
ਬਾਰਾਂ ਵਫ਼ਾਤਾਂ 1785
ਬਾਰੀ ਹੱਥ ਪੁਆਉਣਾ 1785
ਬਾਲਕਾ (ਉਦਾਸੀ) ਗੀਤ 1785
ਬਾਲਨਾਥ ਦਾ ਟਿੱਲਾ 1786
ਬਾਲਾ 1786
ਬਾਲੀ 1786
ਬਾਲੂ ਬਲਾਕਾ 1787
ਬਾਲੋ 1787
ਬਾਵਨ ਬੀਰ 1787
ਬਾਵਲਾ ਕੁੱਤਾ 1787
ਬਾਵਲੀ 1787
ਬਾਵਾ ਜਿਤਾ 1788
ਬਾਵੇ 1788
ਬਿਉਰ 1788
ਬਿਆਸ 1789
ਬਿਆਸੇ ਵਾਲਾ ਪਿੱਪਲ 1789
ਬਿਸ਼ਨਪਦੇ 1789
ਬਿਸ਼ਨੋਈ 1789
ਬਿਸਮਿੱਲਾ 1791
ਬਿਸਾਖਾ 1791
ਬਿਹੰਗਮ 1791

ਬਿਹਾ 1792
ਬਿਹਿੰਦਾ 1792
ਬਿਕਰਮੀ ਸੰਮਤ 1792
ਬਿਗਾਰ 1793
ਬਿਚੀ 1793
ਬਿਛੂਆ 1794
ਬਿੱਛੂ ਕਟੇ ਦਾ ਮੰਤਰ 1793
ਬਿਜਲੀ 1794
ਬਿਜੂ 1794
ਬਿੰਡਾ 1795
ਬਿੱਦ 1795
ਬਿੱਦ ਖਟੋਲਾ 1795
ਬਿੱਦਰ 1795
ਬਿੰਦਰਾਬਨ 1795
ਬਿਦਾ 1796
ਬਿੰਦੀ 1796
ਬਿੰਦੂ ਬੰਧਣਾ 1796
ਬਿੰਦੋਆ 1796
ਬਿੱਧ ਮਾਤਾ 1796
ਬਿਭੂਤ 1797
ਬਿਭੂਤੀ 1797
ਬਿਲ 1797
ਬਿਲਿਆਣੀ ਦਾ ਫੁੱਲ 1797
ਬਿੱਲੀ 1797
ਬਿੱਲੀ ਸ਼ੀਂਹ ਪੜ੍ਹਾਇਆ 1798
ਬਿੱਲੀ ਦੇ ਗਲ ਟੱਲੀ 1798
ਬਿੱਲੀ ਮਾਸੀ 1798
ਬੀਸਾ ਜੰਤਰ 1799
ਬੀਜ ਮੰਤ੍ਰ 1799
ਬੀਨ 1799
ਬੀਬੀਆਂ ਦਾ ਭੋਜਨ ਕਰਨਾ 1799
ਬੀਬੀ ਜਵਿੰਦੀ 1799
ਬੀਬੀ ਬਾਈ ਦੀ ਪੀਂਘ 1799
ਬੀਰ 1799
ਬੀਰ ਬਹੁਟੀ 1800
ਬੀਰ ਬਤਾਲ 1800
ਬੀਰਬਲ 1800
ਬੀਰਬਲੀ 1800
ਬੀਰ ਬੇਤਾਲੀ 1800
ਬੀਰ ਬੈਰਾਗੀ 1800
ਬੀਰ ਭਦ੍ਰ 1801
ਬੀੜ ਭੋਜਨ 1801
ਬੀੜਾ 1801
ਬੀੜੇ ਦਾ ਮੇਲਾ 1801
ਬੁਹਾਰੀ 1801
ਬੁੱਖਾਰ 1801
ਬੁਗੱਤੀ 1802
ਬੁਜਲੀ 1802
ਬੁੰਜਾਹੀ (ਬੁਵਿੰਜਾਈ) 1802
ਬੁਝਾਰਤ 1803
ਬੁਝਾਵਲ ਕਥਾ 1809
ਬੁੱਢ ਮਰਨਾ 1811
ਬੁੱਢੀ ਮਾਈ ਦਾ ਝਾਟਾ 1811
ਬੁੱਢੀ ਮਾਈ ਦਾ ਮਜ਼ਾਰ 1812
ਬੁੰਦਾ 1812
ਬੁੱਧ ਗ੍ਰਹਿ 1812
ਬੁੱਧਵਾਰ 1812
ਬੁੱਧਵਾਰ ਦਾ ਵਰਤ 1813
ਬੁਰ 1813
ਬੁਰਾ 1813
ਬਰਾਕ 1814
ਬੁਲਾਕ 1814
ਬੂਜਲੀ 1814
ਬੂਬਨਾ ਜਲਾਲ 1814
ਬੇਈਂ 1814
ਬੇਸਰ 1814
ਬੇਹੀ ਦੀ ਰੋਟੀ 1814
ਬੇਣ 1814
ਬੇਤਾਲ 1815
ਬੇਤਾਲ ਪਚੀਸੀ 1815
ਬੇਦਾਦ ਨਗਰੀ 1815
ਬੇਦੀ (ਵੇਦੀ) 1815
ਬੇਦੀ 1815
ਬੇਨਵਾ 1815
ਬੇਰ 1816
ਬੇਰ ਸਾਹਿਬ 1816
ਬੇਲੂਆ 1816
ਬੇਵਰ (ਬਿਉਰ) 1817
ਬੇੜੂ (ਬਾਇੜ) ਬੰਨ੍ਹਣੀ 1817
ਬੇੜੀ ਘੋੜੀ 1817
ਬੇੜੀ ਦੀ ਕੜੀ 1817
ਬੇੜੀ ਦੀ ਘਾਸੀ 1817
ਬੇੜੀ ਬੰਨ੍ਹਣਾ 1817
ਬੈਆ, ਬਇਆ 1817
ਬੈਕੁੰਠ 1818
ਬੈਕੁੰਠ ਚੌਦਸ 1818
ਬੈਖਰ 1818
ਬੈਂਗਣ 1819
ਬੈਜੂ ਬਾਵਰਾ 1819
ਬੈਠਕ ਦੇਣਾ 1819
ਬੈਠਕ ਮੌਲਾ ਅਲੀ 1819
ਬੈਂਤ 1819
ਬੈਤਰਨੀ 1820
ਬੈਤੁਲ ਅਕਸਾ 1820
ਬੈਤੁਲ ਅਤੀਕ 1820
ਬੈਤੁਲ ਮਾਮੂਰ 1820
ਬੈਰਾਗਣ 1820
ਬੈਰਾਗੀ 1821
ਬੈਰਾਗੀ ਭਗਵਾਨ ਜੀ 1822
ਬੋਹਣੀ 1822
ਬੋਹੜ 1822
ਬੋਹੀਆ 1823
ਬੋਗਬੰਦ 1823
ਬੋਘੂ ਵਜਾਣਾ 1823
ਬੋਡਾ 1823
ਬੋਦਲਾ 1823
ਬੋਦੀ ਵਾਲਾ ਤਾਰਾ 1824
ਬੋਧੀ ਖੂਹ 1824
ਬੋਰ 1824
ਬੋਲ 1824
ਬੋਲੀ 1825
ਬੋੜਾ ਖੂਹ 1826

**ਭ**

ਭਉਣ 1827
ਭਉਰੀ 1827
ਭਈਆ ਦੂਜ 1827
ਭਸਮ 1828
ਭਸਮਾਸੁਰ 1829
ਭਸੀਣ 1829
ਭਹੋੜਾ ਚੜ੍ਹਨਾ 1829
ਭੱਗ 1829
ਭੰਗ 1829

ਭਗਤ 1829
ਭਗਤ ਪੰਥੀ 1830
ਭੱਗਤੀਆ 1830
ਭੱਗ ਦੇਵਤਾ 1831
ਭੰਗੜਾ 1831
ਭੰਗੀ 1832
ਭੰਗੀ 1833
ਭਗੀਰਥ 1833
ਭਗੌਤੀ 1833
ਭੱਟ 1833
ਭੱਟਕਈਆ 1834
ਭੰਡ 1834
ਭੰਡਾ ਭੰਡਾਰੀਆ 1834
ਭੰਡਾਰੀ 1835
ਭੱਤਾ 1835
ਭੱਦਣ, ਭਦੂ 1835
ਭੱਦਰ 1836
ਭਦ੍ਰਕਾਲੀ 1836
ਭੰਬਰ ਤਾਰੇ ਖੇਡਣਾ 1836
ਭੰਬੀਰੀ 1836
ਭਰਤੀ ਦੇ ਗੀਤ 1837
ਭਰਥਰੀ ਹਰੀ 1837
ਭਰਮ ਵਹਿਮ 1838
ਭਰਾਈ 1838
ਭਰਾਵਾਂ ਦਾ ਵਿਸ਼ਵਾਸਘਾਤ 1838
ਭੱਲਾ 1838
ਭਵੱਟੇ 1838
ਭੰਵਰਾ 1839
ਭੜਭੂੰਜਾ 1839
ਭਾਈ ਪੰਚਮੀ 1839
ਭਾਈ ਫੇਰੂ 1839
ਭਾਈ ਬਹਿਲੋ 1839
ਭਾਈ ਬਿਧੀ ਚੰਦ 1839
ਭਾਈ ਮੰਝ ਜੀ 1840
ਭਾਗਵਤ ਪੁਰਾਣ 1840
ਭਾਗੀਰਤ 1840
ਭਾਜੀ 1840
ਭਾਟ 1841
ਭਾਟ੍ਰੜੇ 1841
ਭਾਨ 1841
ਭਾਬੜੇ 1841
ਭਾਬੀ 1842
ਭਾਮ 1842
ਭਿਛਿਆ 1842
ਭਿੱਟ 1842
ਭਿਰਗੂ 1842
ਭੀਸ਼ਮ ਅਸ਼ਟਮੀ ਵਰਤ 1843
ਭੀਸ਼ਮਸਰ 1844
ਭੀਸ਼ਮਾ ਦੇ ਦੀਵੇ 1844
ਭੀਲਣੀ 1844
ਭੁੱਗੇ ਦਾ ਵਰਤ 1844
ਭੁੰਜੇ ਸੌਣਾ 1845
ਭੂੱਟਾ ਵਾਹਣ 1845
ਭੂੱਲਰ 1845
ਭੂਚਾਲ 1845
ਭੂਤ ਜ਼ਿਲਾ 1846
ਭੂਤ ਨਾਥ ਦਾ ਮੰਦਰ 1846
ਭੂਤ ਪ੍ਰੇਤ 1846
ਭੂਮੀਆ 1847
ਭੇਟਾ ਦੇਵੀ ਦੀਆਂ 1848
ਭੈਰਵ ਅਸ਼ਟਮੀ 1848
ਭੋਹਰਾ 1849
ਭੋਗ ਬਿਲਾਸ 1849
ਭੋਗ ਭਰਨੇ ਕੀ 1849
ਭੋਛਣ 1850
ਭੋਜਕੀ 1850
ਭੋੜੇ ਚੜ੍ਹਨਾ 1850

## ਮ

ਮਉਲੀ 1851
ਮਈਅਤ 1851
ਮਈਆ 1851
ਮਸਜਿਦ 1851
ਮਸਤਕ 1852
ਮਸਤਾਨੀ ਫ਼ਕੀਰ 1852
ਮਸਲੇ 1852
ਮਸਾਣ 1853
ਮਸਾਣੀ 1853
ਮਸਿਆ 1853
ਮਹਰ 1854
ਮਹਰਾਵਣ 1854
ਮਹਲਾ 1854
ਮਹੱਲਾ 1855
ਮਹਾ ਕਲਪ 1855
ਮਹਾਕਾਲ 1855
ਮਹਾਜਨ 1855
ਮਹਾਤਮ 1855
ਮਹਾਪ੍ਰਲਯ 1857
ਮਹਾਰਾਜਾ ਰਣਜੀਤ ਸਿੰਘ 1857
ਮਹਾ ਲਖਸ਼ਮੀ ਵਰਤ 1857
ਮਹਾਵਰੁਣੀ 1858
ਮਹਿਖਾਸੁਰ 1858
ਮਹਿੰਘ 1858
ਮਹਿਤਮ 1859
ਮਹਿੰਦਰੂ 1859
ਮਹਿੰਦੀ 1860
ਮਹਿਮੂਦ ਦਾ ਟੱਟੂ 1860
ਮਹੀਨਾ 1860
ਮਹੀਵਾਲ 1861
ਮਹੂਰਤ 1861
ਮਹੇਸ਼ 1861
ਮਹੇਸ਼ ਨੌਮੀ 1861
ਮਹੇਸ਼ਵਰੀ 1861
ਮਹੋਛਾ 1862
ਮਹੋਦਰ 1862
ਮਕਬਰਾ ਤੇ ਸਮਾਧ 1862
ਮਕਰ 1863
ਮਕਰ ਸੰਕਰਾਂਤੀ 1863
ਮਕਰ ਕੁੰਡਲਾ 1863
ਮਕਰ ਕੇਤੂ 1864
ਮਕਰ ਰਾਸ਼ੀ 1864
ਮੱਕੜ 1864
ਮਕੜੀ ਦਾ ਜਾਲਾ 1864
ਮੱਕਾ 1864
ਮਖ਼ਦੂਮ ਹਾਜੀ 1864
ਮਖ਼ਦੂਮ ਜਹਾਨੀਆ 1865
ਮਖਿਆਰੀ 1865
ਮਖੇਰਨਾ 1865
ਮੰਗ 1865
ਮੰਗਲ 1866
ਮੰਗਲ ਸੂਤਰ 1866
ਮੰਗਲ ਕਲਸ਼ 1866

ਮੰਗਲ ਗ੍ਰਹਿ ਦੀ ਉਪਾਸਨਾ 1866
ਮੰਗਲ ਭਾਸ਼ਣ 1866
ਮੰਗਲਵਾਰ ਦਾ ਵਰਤ 1867
ਮੰਗਲੀਕ 1868
ਮਘਰ 1868
ਮਚਕੁੰਦ 1868
ਮੱਛ 1868
ਮਛੰਦਰ ਨਾਥ 1869
ਮਛਲੀ 1869
ਮੱਛੀ 1869
ਮੱਛੀ ਪਾਣੀ 1869
ਮਜ਼ਹਬੀ 1870
ਮਜਨੂੰ 1870
ਮਜ਼ਾਰ 1871
ਮੰਜੀਆਂ 1871
ਮੰਜੇ ਉਤੇ ਮਿਤ੍ਰੂ 1871
ਮੱਠ ਨਾਥ ਸਾਹਿਬ 1871
ਮਠਿਆਈ ਦੀ ਭਾਜੀ 1872
ਮੰਡਪ 1872
ਮੰਡਲ 1872
ਮੰਡੇ ਫੇਰਨਾ 1873
ਮਣਸਣਾ 1873
ਮਣਕੇ 1873
ਮਣੀ 1873
ਮਤੱਸਯ ਪੁਰਾਣ 1873
ਮੰਤਰ 1874
ਮੰਤ੍ਰਕ ਗਰਭ 1874
ਮੰਤ੍ਰੀ ਹੋਈ ਡੋਰੀ 1875
ਮਥਰਾ 1875
ਮੱਥਾ ਸੁੰਘਣਾ (ਚੁੰਮਣਾ) 1875
ਮੱਥਾ ਟੇਕਣਾ 1875
ਮੱਥੇ ਲਗਾਵਣ 1875
ਮਦਖੂਲਾ 1876
ਮੰਦਰ ਦਾ ਘੰਟਾ 1876
ਮੰਦਰ ਮਹਾਤਮਾ 1876
ਮਦਾਰ 1876
ਮਦਾਰੀ 1877
ਮਧਾਣੀ 1877
ਮਧਾਣੀ ਦਾ ਫੁੱਲ 1877
ਮਧ 1877
ਮਧੂ ਮਾਲਤੀ 1877
ਮਨਸਾ ਦੇਵੀ 1878
ਮਨਹਾ 1878
ਮਨਹਾਸ 1878
ਮੰਨਣੀ ਆਮਾਵਸ 1879
ਮੰਨਤੀ ਤੁਲਾ 1879
ਮਨਿਆਰ 1879
ਮਨੁੱਖ 1879
ਮਨੁੱਖੀ ਬਲੀ 1880
ਮਨੂ 1880
ਮਮਿਆਈ 1881
ਮਯ 1881
ਮਰਸੀਆ 1881
ਮਰਕਾ 1881
ਮਰਘਟ 1881
ਮਰਣੀ ਕਰਣੀ ਘਾਟ 1881
ਮਰਵਾਹਾ 1881
ਮਰੀਚੀ 1881
ਮਰੀ ਮਾਈ 1881
ਮਰੁੰਡਿਆਂ ਦੀ ਰਸਮ 1882
ਮਰੁਤ 1882
ਮਲਊਨ 1882
ਮਲਕ 1883
ਮਲਕਮੁਰੀਦ ਤੇ ਚੰਦ੍ਰਹੜਾਸੋਹੀਆ1883
ਮਲੰਗ 1883
ਮਲਮਾਸ 1884
ਮਲਾਂ, ਮਲ੍ਹਾ 1884
ਮਲਾਹ 1884
ਮਲ੍ਹੀ 1884
ਮਲ੍ਹੀ ਗੋਤ 1884
ਮਲੇਛ 1884
ਮੜ੍ਹਾ 1885
ਮਾਈਆਂ ਪੈਣਾ 1885
ਮਾਈ ਪੰਜਾਬ ਕੌਰ 1886
ਮਾਈ ਪਾਕਦਾਮਨ 1886
ਮਾਈ ਮਾਈ ਕੀ ਢੂੰਡਦੀ 1886
ਮਾਹ 1886
ਮਾਂਹਗਾ 1887
ਮਾਹਤੋਂ ਜਾਂ ਮਾਹਤਨ 1887
ਮਾਹਲ ਅਤੇ ਕਥਾ-ਚੱਕਰ 1888
ਮਾਹੀਆ 1890
ਮਾਹੀਆ ਬਾਲੋ 1891
ਮਾਖਿਉਂ 1891
ਮਾਖੋਂ 1891
ਮਾਂਗ 1892
ਮਾਗਧ 1892
ਮਾਂਗ ਪਟੀ 1892
ਮਾਘ 1892
ਮਾਘ ਇਸ਼ਨਾਨ 1892
ਮਾਘ ਪੂਰਨਮਾ 1893
ਮਾਘੀ ਦਾ ਮੇਲਾ 1893
ਮਾਛੀ ਤੇ ਮੱਛੀ 1893
ਮਾਝਾ 1894
ਮਾਂਝੀ 1894
ਮਾਂਡਵ 1894
ਮਾਣਕ 1894
ਮਾਣਕਿਆਲਾ 1894
ਮਾਤਰ ਨੌਮੀ 1895
ਮਾਤਰਾ 1895
ਮਾਤਾ ਰਾਣੀ 1895
ਮਾਤਾ ਰਾਣੀ ਦੀਆਂ ਮਟੀਆਂ 1896
ਮਾਦ੍ਰੀ 1896
ਮਾਂਦਰੀ 1897
ਮਾਧਵ 1897
ਮਾਧਵਾਨਲ 1897
ਮਾਧਵੀ 1897
ਮਾਨ 1897
ਮਾਨਸ 1898
ਮਾਨਸਰੋਵਰ 1898
ਮਾਨਵੀਕਰਣ 1898
ਮਾਮੂ ਸ਼ਾਹ 1898
ਮਾਯਾ 1898
ਮਾਯਾ ਮੋਹ 1900
ਮਾਯਾਵਤੀ 1900
ਮਾਰ ਅਸ਼ਕ 1900
ਮਾਰਕੰਡਾ 1901
ਮਾਰਕੰਡੇ ਪੁਰਾਣ 1901
ਮਾਰਤੰਡ 1902
ਮਾਰੀਚ 1902
ਮਾਰੂ, ਮਾਰਵਾਣੀ 1902
ਮਾਲਦੇ 1902
ਮਾਲਵਾ 1902

ਮਾਲਾ 1902
ਮਾਲੀ 1904
ਮਾੜੀ 1905
ਮਾੜੀ ਪਬੀਆ 1905
ਮਿਆਨ 1905
ਮਿਆਨ ਭਾਈ 1905
ਮਿਸ਼ਕਾਤ 1905
ਮਿਸ਼ਰ 1905
ਮਿਸ਼ਰਾਣੀ 1905
ਮਿਹਤਰ 1905
ਮਿਹਰ ਮਿੱਠਾ 1906
ਮਿਹਰਾ 1906
ਮਿਹਰਾਬ 1906
ਮਿੰਜਰਾਂ ਦਾ ਮੇਲਾ 1906
ਮਿੱਟੀ 1906
ਮਿੱਟੀ ਖਾਣੀ 1907
ਮਿੱਟੀ ਦਾ ਬਾਵਾ 1907
ਮਿੱਟੀ ਲੈਣੀ 1907
ਮਿੱਠਾ ਬੋਹੀਆ 1907
ਮਿੱਠੂ 1908
ਮਿੱਠੇ 1908
ਮਿਥੁਨ ਰਾਸ਼ੀ 1908
ਮਿੰਧਲ ਬਾਨੀ 1908
ਮਿੰਬਰ 1908
ਮ੍ਰਿਗਸ਼ਿਰਾ 1909
ਮ੍ਰਿਗਛਾਲ 1909
ਮ੍ਰਿਗਤ੍ਰਿਸ਼ਨਾ (ਮ੍ਰਿਗਜਲੀ) 1909
ਮਿਰਗੀ 1909
ਮਿਰਚ 1909
ਮਿਰਜ਼ਾ ਇਜ਼ਤ ਬੇਗ 1910
ਮਿਰਜ਼ਾ ਸਾਹਿਬਾਂ 1910
ਮਿਰਜ਼ੇ ਦੀ ਦਰਗਾਹ 1911
ਮ੍ਰਿਤਕ ਪ੍ਰਾਣੀ 1911
ਮਿਰਦੰਗ 1912
ਮਿਰਾਸੀ 1912
ਮਿਰਾਜ 1914
ਮਿਲਣੀ 1914
ਮੀਆਂ 1915
ਮੀਆਂ ਬਰਖ਼ੁਰਦਾਰ 1915
ਮੀਆਂ ਬੀਬੀ 1915
ਮੀਆਂ ਮਲੂਕ 1916
ਮੀਆਂ ਮਿੱਠੂ 1916
ਮੀਆਂ ਵਲੀ ਸਾਹਿਬ 1917
ਮੀਂਹ ਠਾਕਣਾ 1917
ਮੀਂਹ ਤੇ ਬਿਜਲੀ 1917
ਮੀਂਹ ਵਰਜਣਾ 1918
ਮੀਂਹਾਂ ਸਾਹਿਬ 1918
ਮੀਢੀਆਂ ਖੁਲ੍ਹਣੀਆਂ 1919
ਮੀਣਾ 1919
ਮੀਨਤਨ 1920
ਮੀਨ ਰਾਸ਼ੀ 1920
ਮੀਨਾ ਬਜ਼ਾਰ 1920
ਮੀਰ ਭੱਜੀ 1920
ਮੀਰ ਮਿਰਾਸੀ 1920
ਮੀਰਾਂ ਹਯਾਤ 1920
ਮੁਸਲਮਾਣੀ 1921
ਮੁਸਲਾ 1921
ਮੁਸਲੀ 1921
ਮੁਹਰਮ 1921
ਮੁਹਰਮ (ਮਹੀਨਾ) 1922
ਮੁਹਾਠ 1922
ਮੁਹਾਠ ਪਕੜਨੀ 1922
ਮੁਹਾਠ ਵਿਚ ਤੇਲ ਚੋਣਾ 1922
ਮੁਹਾਰਾ 1923
ਮੁਹੀਅਲ 1923
ਮੁਕਟ 1924
ਮੁਕਤਸਰ 1924
ਮੁਕਲਾਵਾ 1924
ਮੁਕਾਣ 1924
ਮੁਖਲਿਸ਼ਵਰ ਮੰਦਰ 1925
ਮੁਜਰਾ 1925
ਮੁਜਾਵਰ 1926
ਮੁੱਠ 1926
ਮੁੰਡ 1926
ਮੁੰਡਮਾਲਾ 1926
ਮੁੰਡਲੀਕ 1926
ਮੁੜਬੰਨਾ 1926
ਮੁੰਦਣਾ 1927
ਮੁੰਦ੍ਰਕਾ 1927
ਮੁੰਦਰ ਛੋੜ 1927
ਮੁੰਦ੍ਰਾ 1927
ਮੁੰਦਰੀ 1927
ਮੁਨਾਰਪਟਾ 1927
ਮੁਰ ਦੰਤ 1927
ਮੁਰਲੀ 1927
ਮੁਰਾਦ 1928
ਮੁਰਾਰੀ 1928
ਮੁਲਤਾਨ 1928
ਮੁੱਲਾ 1930
ਮੁੜਾ (ਮੜੇ) 1930
ਮੂਸੇ ਦੀ ਵਾਰ 1930
ਮੂੰਹ ਚਿਤਾਰਨਾ 1931
ਮੂੰਹ ਚਲੀ 1931
ਮੂੰਹ ਛੁੜਾਵਨ 1931
ਮੂੰਹ ਛੋੜ 1931
ਮੂੰਹ ਝੁਠਲਾਣਾ 1931
ਮੂੰਹ ਢਕਣਾ 1931
ਮੂੰਹ ਤਿਨਕਾ ਲੈਣਾ 1932
ਮੂੰਹ ਮਿੱਠਾ ਕਰਨਾ 1932
ਮੂੰਹ ਵਿਖਾਈ 1932
ਮੂੰਹ ਵਿਚ ਘਾਹ 1932
ਮੂੰਹੀਂ 1932
ਮੂਲ ਨਖਸ਼ਤਰ 1932
ਮੂਲਾ (ਕਿਰਾੜ) 1933
ਮੂਲਾ (ਕੁੰਗੀ) 1933
ਮੂਲਾ (ਬੱਚਾ) 1933
ਮੇਅਰਾਜ 1933
ਮੇਅਰਾਜਨਾਮਾ 1933
ਮੇਹਰ ਮੰਗੇ ਕੀ ਮਾੜੀ 1933
ਮੇਹਰਾ 1933
ਮੇਖ ਰਾਸ਼ੀ 1934
ਮੇਖਲਾ 1934
ਮੇਂਗੀ 1934
ਮੇਘਨਾਦ 1934
ਮੇਚਾ ਭੇਜਣਾ 1935
ਮੇਂਢੀਆਂ ਖੋਲ੍ਹਣਾ 1935
ਮੇਦਨੀ 1935
ਮੇਨਕਾਂ 1935
ਮੇਰੂ (ਸੁਮੇਰ) ਪਰਬਤ 1935

ਮੇਲ 1936
ਮੇਲੀ 1936
ਮੇਲੇ ਅਤੇ ਤਿਉਹਾਰ 1936
ਮੈਨਵਤੀ 1953
ਮੈਨਾ 1953
ਮੈਨਾਵੰਤੀ 1953
ਮੈਲਾ ਵੇਸ 1953
ਮੋਹਿਨੀ 1953
ਮੋਹਿਨੀ ਇਕਾਦਸ਼ੀ 1954
ਮੋਖਸ਼ ਇਕਾਦਸ਼ੀ 1954
ਮੋਤਸਿਰੀ 1954
ਮੋਤੀ 1954
ਮੋਤੀਆ 1955
ਮੋਤੀਚੂਰ 1955
ਮੋਨੀ ਮਸਿਆ 1955
ਮੋਰ 1955
ਮੋਰ ਗੋਤ 1956
ਮੋਰਛਲ 1956
ਮੋਰਹੇ (ਮੋਰੜੇ) 1956
ਮੋਲਾਦ-ਉਲ-ਨਬੀ 1956
ਮੋਲਾਦਾਂ 1956
ਮੌਲੀ 1956


## ਜਿਲਦ 8

### ਯ


ਯਸ਼ੋਧਾ 1957
ਯਹੂਦ 1957
ਯਕੂਬ (ਯਾਕੂਬ) 1957
ਯਖਸ਼ 1958
ਯੰਤਰ 1958
ਯੰਤ੍ਰੀ 1958
ਯਦੂ 1958
ਯਮ 1958
ਯਮ ਕਿੰਕਰ 1959
ਯਮ ਦੂਜ 1959
ਯਮਨਾ 1960
ਯਮ ਪੂਜਾ 1960
ਯਮ ਲੋਕ 1960
ਯਮ ਲੋਕ ਤੋਂ ਪੁਨਰ ਵਾਪਸੀ 1960
ਯਮੀ 1960
ਯਵਨ 1961
ਯਾਸੀਨ 1961
ਯਾਕੂਬ ਖ਼ਾਨ ਵੜਾਇਚ 1961
ਯਾਦਵ 1961
ਯੁਗ 1961
ਯੁਗਾਦਿ 1962
ਯੂਸਫ 1962
ਯੂਨਸ 1963
ਯੋਗ ਨਿਦ੍ਰਾ 1964
ਯੋਗਨੀ 1964
ਯੋਗਨੀ ਇਕਾਦਸ਼ੀ 1964
ਯੋਗ ਮ ਯਾ 1964
ਯੋਗਾਸਨ 1965
ਯੋਜਨ 1965


### ਰ


ਰਸਾਇਣ 1966
ਰੱਸੀ ਟੱਪਾ 1966
ਰਸੂਲ 1966
ਰਸੂਲੀਆ 1966
ਰਹਿਤਨਾਮਾ 1966
ਰਹਿਲਾ 1967
ਰਕਤਬੀਜ 1967
ਰਕਾਅਤ 1967
ਰੱਖ 1968
ਰੱਖੜੀ 1968
ਰੰਗ 1969
ਰੰਗਪੁਰ 1969
ਰੰਘੜ, ਰੰਗੜ 1969
ਰਘੂ 1969
ਰੱਜਬ 1969
ਰੰਡਾ 1970
ਰੱਤ ਜਾਗਾ 1970
ਰਤਨ 1970
ਰਤਨ ਚੌਕ 1971
ਰਤੀ 1971
ਰੱਥ ਸਪਤਮੀ 1971
ਰਬਾਬ 1971
ਰਬਾਬੀ 1971
ਰਬੀ-ਉਲ-ਅਵਲ 1971
ਰੰਭਾ 1971
ਰੰਭਾ ਇਕਾਦਸ਼ੀ 1971
ਰਮਜ਼ਾਨ 1972
ਰਮਲ 1973
ਰਲੀ ਪੂਜਾ 1973
ਰਵਾਲਸਰ 1974
ਰਾਇ ਕਮਾਲ ਦੀ ਤੇ ਮੌਜਦੀ 1974
ਰਾਈ ਵਾਰਨਾ 1974
ਰਾਏ ਜੱਜ ਕੀ ਵਾਰ 1974
ਰਾਸ਼ੀ ਮੰਡਲ ਜਾਂ ਚੱਕਰ 1975
ਰਾਹੂ ਕੇਤੂ 1975
ਰਾਹੋਨ 1975
ਰਾਕਾ 1976
ਰਾਖਸ਼ 1976
ਰਾਜਸੂਯ 1977
ਰਾਜ ਕਰੇਗਾ ਖ਼ਾਲਸਾ 1977
ਰਾਜ ਜੋਗ 1977
ਰਾਜ ਬੀਬੀ 1978
ਰਾਜਾ 1978
ਰਾਜਾ ਜਗਦਿਉ 1979
ਰਾਜਾ ਤੇ ਨੌਕਰ 1980
ਰਾਜਾ ਨੀਲ ਪੁੰਵਰ 1980
ਰਾਜਾ ਬੁੱਟਾ ਦੀ ਵਾਰ 1981
ਰਾਜਾ ਭੋਜ 1981
ਰਾਜਾ ਮੰਗੋ ਬਕਰੀ 1984
ਰਾਂਝਾ 1985
ਰਾਝੂ ਫ਼ਲਮੋ 1985
ਰਾਠਾਚਾਰੀ 1986
ਰਾਣਾ ਕੈਲਾਸਦੇਉ ਮਾਲਦੇਉ 1986
ਰਾਣੀ ਚੰਦ ਕਿਰਨ ਤੇ ਰਾਜਾ ਚਤਰ ਮੁਕਟ 1986
ਰਾਣੀ ਚੰਬਿਆਲੀ 1987
ਰਾਣੀ ਦਾ ਤਲਾਅ 1987
ਰਾਤ 1988
ਰਾਤ ਕੱਤਣੀ 1988
ਰਾਤ ਜਗਾਉਣਾ 1988
ਰਾਧਾ 1988
ਰਾਧਾ ਅਸ਼ਟਮੀ 1988
ਰਾਫ਼ਜ਼ੀ 1989
ਰਾਮਸੇਤੂ 1989

ਰਾਮਕਾਰ 1989
ਰਾਮਕੁੰਡ 1989
ਰਾਮਚੌਕ 1989
ਰਾਮਜ਼ਨੀ 1990
ਰਾਮਤੀਰਥ 1990
ਰਾਮਦਾਸੀਏ 1990
ਰਾਮ ਨਾਮ ਸਤਿ 1990
ਰਾਮ ਨੌਮੀ 1990
ਰਾਮ ਰਾਏ ਪੰਥ 1990
ਰਾਮ ਲੀਲਾ 1990
ਰਾਵਣ 1991
ਰਾਵੀ 1992
ਰਿਸ਼ੀ 1992
ਰਿਸ਼ੀ ਪੰਚਮੀ 1992
ਰਿਹਾਣ 1993
ਰਿੱਛ 1993
ਰਿਣ ਮੋਚਨ 1993
ਰੀਠਾ 1993
ਰੀਠਾ ਸਾਹਿਬ 1993
ਰੀਤ 1994
ਰੀਤਾਂ ਚੜ੍ਹਨਾ 1994
ਰੁਸੇਵਾਂ 1994
ਰੁਕਮਣੀ 1994
ਰੁਖ਼ਸਤੀ 1995
ਰੁਦ੍ਰ 1995
ਰੁਦ੍ਰ ਲੋਕ 1995
ਰੁਦ੍ਰਾਖ 1995
ਰੁਪਿਆਂ ਦੀ ਦੇਗ 1995
ਰੁਪਿਆ ਫੜਾਉਣਾ 1995
ਰੂਪ ਚੌਦਸ 1996
ਰੋਰੂ ਦੀ ਯਾਦਗਾਰ 1996
ਰੋਸ਼ਨੀ ਦਾ ਮੇਲਾ 1996
ਰੋਹਿਣੀ 1997
ਰੋਕਾ 1997
ਰੋਗ 1997
ਰੋਜ਼ਾ 1997
ਰੋਜ਼ਨਾਮਾ 1998
ਰੋਜ਼ੇ ਹਸ਼ਰ 1998
ਰੋਜ਼ੇ ਮੀਸਾਕ 1998
ਰੋਟ 1999
ਰੋਟੀ ਖਾਵਣ 1999
ਰੋਟੀ ਬੇਟੀ ਦੀ ਸਾਂਝ 1999
ਰੋੜਾ ਜਲਾਲੀ 1999
ਰੋਪਣਾ 2000


## ਲ


ਲੱਸੀ 2001
ਲਸੂੜਾ 2002
ਲਹਿੰਗਾ 2002
ਲਕੜੀ 2002
ਲਕੜੀ ਦੇ ਪਿੰਜਰੇ 2002
ਲੱਖਣ 2003
ਲੱਖਦਾਤਾ 2003
ਲੱਖਾ ਲਹਿਰੀ 2003
ਲਗਨ 2003
ਲੰਗਰ 2005
ਲਛਮਣ 2005
ਲਛਮਣ ਜਤੀ 2005
ਲਛਮੀ ਦੇਵੀ 2005
ਲੱਛੀ 2006
ਲਟ 2006
ਲਟੂ 2006
ਲੱਠੜ, ਲਾਠੜ 2006
ਲੱਡੂ 2007
ਲੱਤਾ ਓਢਣ 2007
ਲੱਦਾ, ਲੇਦਾ 2007
ਲੱਪ ਦੇਣਾ 2007
ਲੱਪੀ 2007
ਲੰਬ (ਘਾਹ) 2008
ਲੰਬ ਵਾਲਾ ਸਾਲ 2008
ਲੱਲਾ ਬਹਿਲੀਮਾ 2008
ਲਲ੍ਹੀ ਛੱਟ 2008
ਲਲੀ ਤੋਪ 2009
ਲਵ 2009
ਲਵਣ (ਲਵਣਾਸੁਰ) 2009
ਲਾਹਲੜੀ 2009
ਲਾਹਿਲ 2009
ਲਾਹੌਲ ਤੇ ਸਪਿਤੀ 2009
ਲਾਹੌਲ ਪੜ੍ਹਨਾ 2011
ਲਾਖਾ ਸੁਤਰ 2011
ਲਾਗੀ 2011
ਲਾਚਾ 2012
ਲਾਜਾ 2012
ਲਾਟਾ ਵਾਲੀ ਮਾਈ 2012
ਲਾਬੂ ਲਗਾਣਾ 2012
ਲਾਲ ਹਨੇਰੀ 2012
ਲਾਲ ਕਚੌਰੀ 2012
ਲਾਲ ਕਿਤਾਬ 2013
ਲਾਲ ਬੇਗ 2013
ਲਾਲ ਰੰਗ 2014
ਲਾਲਾਂ ਵਾਲਾ ਪੀਰ 2015
ਲਾਲੀ 2015
ਲਾਲੀ ਸ਼ਾਹ 2015
ਲਾਵਾਂ 2015
ਲਿਸ਼ਕ-ਮਾਰ 2016
ਲਿੰਗਮ 2016
ਲਿੰਗਰੀ ਪੀਰ 2016
ਲਿੱਪੀ ਦੀਆਂ ਤੁਕਾਂ 2016
ਲਿਲਾਰੀ 2017
ਲੀਲਾ 2017
ਲੁਕਣਮੀਟੀ 2017
ਲੁਕਮਾਨ 2018
ਲੁਕਾਂਜਣ 2020
ਲੁਘੀ 2020
ਲੁੰਜਿਤ 2020
ਲੁਟਮਾਰ 2020
ਲੁੱਡਣ 2020
ਲੁੱਡੀ 2020
ਲੁਬਾਣਾ 2020
ਲੁਬਾਣਾ (ਜਾਤੀ) 2020
ਲੂਈ 2023
ਲੂਣ 2023
ਲੂਣਾ 2023
ਲੂਤ 2024
ਲੂਨੀ 2024
ਲੇਹਾ 2024
ਲੇਹੀ 2024
ਲੇਵਾ ਧੁਖਾਣਾ 2024
ਲੈਲਾ 2025
ਲੈਲਾਤ-ਅਲ-ਕਦਰ 2025
ਲੈਲਾਤ-ਅਲ-ਬਰਾ 2025

ਲੋਹੜੀ 2025
ਲੋਹਾ 2027
ਲੋਹਾਰ 2027
ਲੋਹਾਰੀ 2028
ਲੋਕ-ਸੰਗੀਤ ਅਤੇ ਕਾਵਿ-ਰੂਪ 2028
ਲੋਕ-ਸਾਹਿੱਤ ਦਾ ਮਹੱਤਵ 2034
ਲੋਕ-ਕਹਾਣੀਆਂ 2047
ਲੋਕ-ਕਲਾ 2047
ਲੋਕ-ਗੀਤ 2052
ਲੋਕ-ਧਰਮ 2056
ਲੋਕ-ਧਾਰਾ ਤੇ ਸਾਹਿੱਤ 2064
ਲੋਕ-ਧਾਰਾ (ਫ਼ੋਕਲੋਰ) ਦਾ ਨਾਮ ਕਰਣ 2066
ਲੋਕ-ਧਾਰਾ ਦੀ ਦੇਣ 2067
ਲੋਕ-ਨਾਚ—ਗਿੱਧਾ 2073
ਲੋਕ-ਨਾਟ—ਰਾਸ ਲੀਲਾ 2074
ਲੋਕ-ਮਨ ਤੇ ਕਾਵਿ-ਸੰਸਕਾਰ 2075
ਲੋਟਾ 2079
ਲੋਟਾ (ਸਾਜ਼) 2079
ਲੋਹ 2079
ਲੋਹ ਕਲਮ 2079
ਲੌਂਗ 2079
ਲੌਢਾ ਵੇਲਾ 2080
ਲੌਂਦ 2080

## ਵ

ਵੰਸ਼ 2081
ਵਹਾਬੀ 2081
ਵਹਿਤਰਨੀ ਧੇਨੂ 2081
ਵਹੀ 2081
ਵਹੀ ਪੂਜਨ 2082
ਵੱਛੇ ਦੀ ਪੂਛ ਫੜਨੀ 2082
ਵਜਰੇਸ਼ਵਰੀ ਦੇਵੀ ਦਾ ਮੰਦਰ 2082
ਵਜ਼ੀਫ਼ਾ 2082
ਵੰਝਲੀ 2083
ਵਟਣਾ 2083
ਵਟਣਾ ਮਲਣਾ 2083
ਵਟਵਾਣੀ 2084
ਵਟੋ ਸਟਾ 2084
ਵੱਡਾ ਐਤਵਾਰ 2084
ਵਡੇਰਾ 2084
ਵਣਜਾਰਾ (ਬਨਜਾਰਾ) 2084
ਵਦੀ 2085
ਵਦੀ ਤੀਜ 2085
ਵ[illegible]ਵਾ ਲਿਆਉਣਾ 2085
ਵਧਾਵੇ (ਵਧਾਵੜੇ) 2085
ਵਧੋਂ ਮਹਾਰਾਜ 2086
ਵਬਾਈ ਰੋਗ 2086
ਵਰਜਿਤ ਕੰਮ 2086
ਵਰਜਿਤ ਖੂਹ 2086
ਵਰਜਿਤ ਦਿਸ਼ਾ 2087
ਵਰਜਿਤ ਬ੍ਰਿਛ 2087
ਵਰਜਿਤ ਵਣ 2087
ਵਰਣ 2087
ਵਰਤ 2088
ਵਰਤਨ ਭਾਜੀ 2089
ਵਰਾਹਾ 2090
ਵੜੀ (ਵੜੀ ਸੂਹੀ) 2091
ਵਰੀਣਾ 2091
ਵਰੂਥਿਨੀ ਇਕਾਦਸ਼ੀ 2091
ਵਰ੍ਹੇ ਗੰਢ 2091
ਵਰ੍ਹੇ ਗੰਢ ਸੂਤਰ 2092
ਵਲੀ 2092
ਵਲੀ ਕੰਧਾਰੀ ਦੀ ਖ਼ਾਨਗਾਹ 2092
ਵੜ ਟੁਕਣਾ ਨਿਸ਼ੇਧ 2092
ਵਾਸੁਕ (ਬਾਸੁਕ) ਨਾਗ 2092
ਵਾਸੂ 2092
ਵਾਹ 2093
ਵਾਹਣ 2093
ਵਾਹਰ 20[illegible]
ਵਾਹੀ ਖੇਤੀ ਸਬੰਧੀ ਭਰਮ-ਵਹਿਮ 2093
ਵਾਕਦਾਨ 2094
ਵਾਗ ਫੜਾਈ 2094
ਵਾਚ 2094
ਵਾਮਨ ਦੁਵਾਦਸ਼ੀ 2094
ਵਾਮ ਮਾਰਗੀ 2095
ਵਾਰ 2095
ਵਾਰ ਸ਼ਮਸੁਦੀਨ 2095
ਵਾਰ ਰਾਜਾ ਭੱਟਾ 2095
ਵਾਰ ਕਰਨਾ 2095
ਵਾਲਮੀਕੀ 2096
ਵਾ-ਵਰੋਲੇ 2096
ਵਿਆਸ 2096
ਵਿਆਹ ਦੀਆਂ ਰਸਮਾਂ 2097
ਵਿਆਹ ਬਾਦ ਪਹਿਲੀ ਮਾਹਵਾਰੀ2103
ਵਿਸ ਕੰਨਿਆਂ 2104
ਵਿਸ਼ਨੂੰ 2105
ਵਿਸ਼ਨੂੰ ਉਪਾਸ਼ਕ, ਵੈਸ਼ਨੋ 2105
ਵਿਸ਼ਨੂੰ ਪੁਰਾਣ 2106
ਵਿਸ਼ਵਕਰਮਾ 2106
ਵਿਸਾਖ 2107
ਵਿਸਾਖ ਇਸ਼ਨਾਨ 2107
ਵਿਸਾਖ ਸੁਦੀ ਤਿੰਨ 2107
ਵਿਸਾਖ ਦੀ ਸੰਗਰਾਂਦ 2107
ਵਿਸਾਖਾ 2107
ਵਿਸਾਖੀ 2107
ਵਿਸਾਖੀ (ਬਲਦਾਂ ਦੀ ਦੌੜ) 2108
ਵਿਹੁ ਦੇਣਾ 2108
ਵਿਹੁ ਪ੍ਰੀਖਿਆ 2108
ਵਿਹਿਮ 2108
ਵਿਕਰਮ 2109
ਵਿਜ 2110
ਵਿਜੇ ਇਕਾਦਸ਼ੀ 2110
ਵਿਜੇ ਦਸ਼ਮੀ 2110
ਵਿਠਲ (ਬਿਠਲ) 2110
ਵਿੰਦਣਾ 2110
ਵਿਦਿਆਰੰਭ ਸੰਸਕਾਰ 2111
ਵਿਦੁਰ 2111
ਵਿਦੈਗੀ 2112
ਵ੍ਰਿੰਦਾ 2112
ਵਿਰਾਸਤ 2112
ਵਿਦਰਜਤ ਕਿਰਿਆ 2113
ਵੀਹਾਂ 2114
ਵੀਰਵਾਰ ਦਾ ਵਰਤ 2114
ਵੁਜ਼ੂ 2115
ਵੇਦੀ 2115
ਵੇਲ 2115
ਵੈਸ਼ਨੋ ਦੇਵੀ 2116
ਵੈਂਗਣ ਸ਼ਹਿਜ਼ਾਦੀ 2116
ਵੈਤਰਣੀ 2116

# ਪੰਜਾਬੀ ਲੋਕਧਾਰਾ

## ਵਿਸ਼ਵ ਕੋਸ਼

੪

ਵਣਜਾਰਾ ਬੇਦੀ